
ਗੁਰੂ ਦੇ ਸ਼ੇਰ

ਡਾ. ਹਰਜਿੰਦਰ ਸਿੰਘ 'ਦਿਲਗੀਰ'



GURU DE SHER

(Life of more than 200 martyrs of Guru period Including their family-trees)

by Dr. Harjinder Singh 'Dilgeer'
Ph.D., M.Phil., L.L.B., Adi Granth Acharya,
M.A. (Philosophy, Punjabi, English), Dip. G.Phil.

ISBN: 81-7601-437-0
First Edition : June 2001
250-00

ਪ੍ਰਕਾਸ਼ਕ:-

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। (ਇੰਡੀਆ)
ਫੋਨ : 542346, 547974, 557973
ਫੈਕਸ : 91-183-542346
E.Mail : csjs@jla.vsnl.net.in
Web site: www . csjs.com

Printed in India

ਛਾਪਕ : ਜੀਵਨ ਪ੍ਰਿੰਟਰਜ਼ ਅੰਮ੍ਰਿਤਸਰ। ਫੋਨ : 705003

ਸਮਰਪਣ

ਇਹ ਪੁਸਤਕ

ਡਾਕਟਰ ਜਸਬੀਰ ਸਿੰਘ ਸਰਨਾ ਦੇ ਨਾਂ

ਡਾਕਟਰ ਹਰਜਿੰਦਰ ਸਿੰਘ 'ਦਿਲਗੀਰ'

ਡਾਕਟਰ ਹਰਜਿੰਦਰ ਸਿੰਘ 'ਦਿਲਗੀਰ' ਲਿਖਤ ਪੁਸਤਕਾਂ

ਪੰਜਾਬੀ

ਸ੍ਰੀ ਅਕਾਲ ਤਖ਼ਤ ਸਾਹਿਬ

ਸ਼੍ਰੋਮਣੀ ਅਕਾਲੀ ਦਲ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ

ਅਨੰਦਪੁਰ ਸਾਹਿਬ (ਪੰਜਾਬੀ ਤੇ ਹਿੰਦੀ)

ਅਨੰਦਪੁਰ ਸਾਹਿਬ – ਲਾਈਟ ਐਂਡ ਸਾਊਂਡ (ਪੰਜਾਬੀ ਤੇ ਅੰਗਰੇਜ਼ੀ)

ਸਿੱਖ ਹਾਈਜੈਕਰ

ਸਿੱਖ ਜੁਝਾਰਵਾਦ ਤੇ ਹੋਰ ਲੇਖ

ਸਿੱਖ ਕਲਚਰ

ਅਕਾਲੀ ਲਹਿਰ ਦਾ ਕਲਾਮ

ਸਿੱਖ ਮਸਲੇ

ਸਿੱਖ ਕੌਣ ਹਨ?

1955 ਦਾ ਪੰਜਾਬੀ ਸੂਬਾ ਮੋਰਚਾ (400 ਤਸਵੀਰਾਂ ਸਣੇ)

ਗੁਰੂ ਦੇ ਸ਼ੇਰ

ਕੀਰਤਪੁਰ ਸਾਹਿਬ ਦਾ ਇਤਿਹਾਸ

ਦੁਨੀਆਂ ਨਿੱਕੀ ਜਿਹੀ – ਸਫ਼ਰਨਾਮਾ (ਆ ਰਹੀ ਹੈ)

ਸਿੱਖ ਜਥੇਬੰਦੀਆਂ (ਆ ਰਹੀ ਹੈ)

ਗੁਰੂ ਘਰ ਦੇ ਲਾਸਾਨੀ ਸੇਵਾਦਾਰ (ਆ ਰਹੀ ਹੈ)

ਦਿਲਗੀਰੀਆਂ – ਪੰਜਾਬੀ ਤੇ ਉਰਦੂ ਗ਼ਜ਼ਲਾਂ (ਆ ਰਹੀ ਹੈ)

English

Akal Takhat Sahib

Who Are the Sikhs (also in French)

The Sikh Reference Book (Encyclopaedia)

The Sikhs Struggle for Sovereignty

Japuji Sahib (forth coming)

The Sikh Culture (forth coming)

हिन्दी

ऐमरजैन्सि के अत्याचार

अनंदपुर साहिब का इतिहास

सिख कौन हैं?

सिख सभियाचार (छपाई अधीन)

Who are the Sikhs ਜਲਦੀ ਹੀ ਸਪੈਨਿਸ਼, ਜਰਮਨ, ਡੱਚ, ਜਪਾਨੀ, ਥਾਈ, ਚੀਨੀ ਤੇ ਹੋਰ ਭਾਸ਼ਾਵਾਂ ਵਿਚ ਵੀ ਆ ਰਹੀ ਹੈ।

ਤਤਕਰਾ

ਪੇਸ਼ਕਾਰੀ

ਸਿੱਖ ਕੌਮ ਜੁਝਾਰੂਆਂ, ਸ਼ਹੀਦਾਂ, ਮੁਰੀਦਾਂ, ਹਠੀਆਂ, ਤਪੀਆਂ ਦੀ ਕੌਮ ਹੈ। ਸੱਚ ਆਖਣਾ ਅਤੇ ਸੱਚ ਬੋਲਣ ਦੀ ਕੀਮਤ ਤਾਰਨ ਵਾਸਤੇ ਹਰ ਵੇਲੇ ਤਿਆਰ ਰਹਿਣਾ ਸਿੱਖ ਕੌਮ ਨੇ ਆਪਣੇ ਬਾਨੀ ਗੁਰੂ ਨਾਨਕ ਸਾਹਿਬ ਤੋਂ ਸਿੱਖਿਆ ਸੀ। ਸੱਚ, ਹੱਕ, ਇਨਸਾਫ਼, ਧਰਮ ਵਾਸਤੇ ਜਾਨ ਕੁਰਬਾਨ ਕਰ ਦੇਣ ਦਾ ਸਬਕ ਤਿੰਨ ਗੁਰੂ ਸਾਹਿਬਾਨ (ਗੁਰੂ ਅਰਜਨ ਸਾਹਿਬ, ਗੁਰੂ ਤੇਗ ਬਹਾਦਰ ਸਾਹਿਬ, ਗੁਰੂ ਗੋਬਿੰਦ ਸਿੰਘ ਸਾਹਿਬ) ਨੇ ਆਪ ਸ਼ਹੀਦੀਆਂ ਦੇ ਕੇ ਸਿਖਾਇਆ ਸੀ। ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਤਾਂ ਖ਼ਾਲਸਾ ਅਖਵਾਉਣ ਵਾਲੇ ਵਾਸਤੇ ਖੰਡੇ ਦੀ ਪਾਹੁਲ ਦੇ ਨਾਲ ਮੁੱਢਲੀ ਸ਼ਰਤ ਹੀ 'ਗੁਰੂ ਨੂੰ ਸਿਰ ਭੇਟ ਕਰਨਾ' ਰੱਖ ਦਿੱਤੀ ਸੀ। ਇਕ ਸਿੱਖ ਦਾ ਸਿਰ, ਉਸ ਦੀ ਜਾਨ, ਦਿਲ, ਰੂਹ ਤੇ ਜਿਸਮ ਸਭ ਗੁਰੂ ਦੇ ਹਨ। ਸਿੱਖ ਦੀ ਇਸ ਸਾਰਾ ਕੁਝ ਨਾਲ ਕੋਈ ਪਕੜ ਨਹੀਂ। ਇਸ ਜਜ਼ਬੇ ਕਰ ਕੇ ਸਿੱਖ ਸਿਰ ਤਲੀ 'ਤੇ ਰੱਖ ਕੇ ਜੂਝਣ ਵਾਸਤੇ ਹਮੇਸ਼ਾ ਤਿਆਰ ਰਹਿੰਦਾ ਹੈ।

ਜਦੋਂ ਵੀ ਗੁਰੂ ਸਾਹਿਬ ਨੇ ਆਵਾਜ਼ ਦਿੱਤੀ ਹੈ ਜਾਂ ਸਿੱਖ ਨੇ ਮਹਿਸੂਸ ਕੀਤਾ ਹੈ ਕਿ ਧਰਮ ਵਾਸਤੇ ਜਾਨ ਦੇਣ ਦੀ ਲੋੜ ਹੈ ਤਾਂ ਉਸ ਨੇ ਬਿਨਾਂ ਝਿਜਕ, ਇਕ ਦਮ, ਸਾਰਾ ਕੁਝ ਵਿੱਚੇ ਛੱਡ ਕੇ ਸਭ ਤੋਂ ਮੂਹਰੇ ਹੋ ਕੇ ਆਪਣਾ ਸਿਰ ਹਾਜ਼ਿਰ ਕੀਤਾ ਹੈ। ਇਹ ਜਜ਼ਬਾ ਅੱਜ (2001 ਵਿਚ) ਵੀ ਉਵੇਂ ਹੀ ਕਾਇਮ ਹੈ ਜਿਵੇਂ ਗੁਰੂ ਸਾਹਿਬ ਦੇ ਵੇਲਿਆਂ ਵਿਚ ਸੀ। ਗੁਰੂ ਸਾਹਿਬ ਦੇ ਵੇਲੇ ਕਈ ਪਰਿਵਾਰਾਂ ਨੇ ਤਾਂ ਦਰਜਨਾਂ-ਦਰਜਨਾਂ ਕੁਰਬਾਨੀਆਂ ਦਿੱਤੀਆਂ। ਹੋਰ ਤਾਂ ਹੋਰ ਇਕ-ਇਕ ਦਿਨ ਵਿਚ ਇਕ-ਇਕ ਘਰ ਦੇ ਕਈ-ਕਈ ਜੀਅ ਸ਼ਹੀਦ ਹੋਏ ਅਤੇ ਅਗਲੇ ਹੀ ਦਿਨ ਫਿਰ ਸਭ ਤੋਂ ਮੂਹਰੇ ਹੋ ਕੇ ਮੈਦਾਨ ਵਿਚ ਡਟੇ ਹੋਏ ਸਨ। ਅਜਿਹੇ ਪਰਿਵਾਰਾਂ ਵਿਚ ਸਭ ਤੋਂ ਅੱਗੇ ਭਾਈ ਬੱਲੂ-ਭਾਈ ਮਨੀ ਸਿੰਘ ਪਰਮਾਰ-ਰਾਜਪੂਤ ਪਰਿਵਾਰ ਹੈ ਜਿਸ ਦੇ 51 ਤੋਂ ਵੱਧ ਜੀਅ ਸ਼ਹੀਦ ਹੋਏ ਸਨ। ਭਾਈ ਸੁਖੀਆ ਮਾਂਡਨ ਰਾਠੌਰ-ਰਾਜਪੂਤ ਪਰਿਵਾਰ ਦੇ 26, ਚੌਹਾਨ ਪਰਿਵਾਰ ਦੇ 14 ਸਿੰਘਾਂ ਨੇ ਸ਼ਹੀਦੀਆਂ ਦਿੱਤੀਆਂ ਸਨ। ਇਨ੍ਹਾਂ ਤੋਂ ਇਲਾਵਾ 20 ਤੋਂ ਵੱਧ ਬ੍ਰਾਹਮਣ ਵੀ ਗੁਰੂ-ਘਰ ਵਾਸਤੇ ਕੁਰਬਾਨ ਹੋਏ ਸਨ।

ਇਨ੍ਹਾਂ ਵਿਚੋਂ ਬਹੁਤੇ ਸ਼ਹੀਦ ਨਾਮਵਰ ਯੋਧੇ, ਦਲੇਰ ਖਾੜਕੂ ਅਤੇ ਬਹਾਦਰ ਜੁਝਾਰੂ ਸਨ। ਉਨ੍ਹਾਂ ਨੇ ਕਈ-ਕਈ ਹਮਲਾਵਰ ਫ਼ੌਜੀਆਂ ਨੂੰ ਮੌਤ ਦੇ ਘਾਟ ਉਤਾਰਨ ਮਗਰੋਂ

ਸ਼ਹੀਦੀਆਂ ਹਾਸਿਲ ਕੀਤੀਆਂ ਸਨ। ਆਫਰੀਨ ਹਨ ਇਹ "ਗੁਰੂ ਦੇ ਸ਼ੇਰ" ਜਿਨ੍ਹਾਂ ਸਿੱਖ ਕੌਮ ਦੇ ਮਹਲ ਦੀਆਂ ਨੀਹਾਂ ਨੂੰ ਆਪਣੇ ਖ਼ੂਨ ਨਾਲ ਸਿੰਜਿਆ।

"ਗੁਰੂ ਦੇ ਸ਼ੇਰ" ਕਿਤਾਬ ਵਿਚ ਸ਼ਹੀਦਾਂ ਦੀਆਂ ਜੀਵਨੀਆਂ ਹਨ। ਇਸ ਵਿਚ ਉਹੀ ਸ਼ਹੀਦ ਸ਼ਾਮਿਲ ਕੀਤੇ ਗਏ ਹਨ ਜਿਨ੍ਹਾਂ ਨੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਹੋਏ ਸਨ ਪਰ ਇਸ ਦਾ ਮਤਲਬ ਇਹ ਨਹੀਂ ਕਿ 1621 ਤੋਂ 1734 ਤਕ ਸਿਰਫ਼ ਏਨੇ ਸਿੰਘ ਹੀ ਸ਼ਹੀਦ ਹੋਏ ਸਨ। ਦਰਅਸਲ ਇਸ ਕਾਲ ਵਿਚ ਹੋਰ ਵੀ ਸੈਂਕੜੇ ਤੇ ਸ਼ਾਇਦ ਹਜ਼ਾਰਾਂ ਸਿੰਘ ਸ਼ਹੀਦ ਹੋਏ ਹੋਣਗੇ ਜਿਨ੍ਹਾਂ ਦੀ ਤਫ਼ਸੀਲ ਇਸ ਨਿਮਾਣੀ ਕਲਮ ਨੂੰ ਨਹੀਂ ਮਿਲ ਸਕੀ। ਵਰਨਾ ਇਹ ਹਰਗਿਜ਼ ਨਹੀਂ ਸੀ ਹੋ ਸਕਦਾ ਕਿ ਇਹ ਕਲਮ ਕਿਸੇ ਇਕ ਵੀ ਸ਼ਹੀਦ ਨੂੰ ਨਜ਼ਰ-ਅੰਦਾਜ਼ ਕਰ ਦੇਂਦੀ। ਵਾਹਿਗੁਰੂ ਕਰੇ ਕਿ ਹੋਰ ਸਮੱਗਰੀ ਤੇ ਸੋਮੇ ਲੱਭਣ ਤਾਂ ਜੋ ਹਰ ਇਕ ਸ਼ਹੀਦ ਦੀ ਜ਼ਿੰਦਗੀ ਤ੍ਵਾਰੀਖ਼ ਵਿਚ ਪੇਸ਼ ਕੀਤੀ ਜਾ ਸਕੇ।

ਇਸ ਕਿਤਾਬ ਵਿਚ ਗੁਰੂ ਹਰਿਗੋਬਿੰਦ ਸਾਹਿਬ ਤੋਂ ਦਸਵੇਂ ਨਾਨਕ ਤਕ ਦੇ ਸਿੱਖਾਂ ਦਾ ਜ਼ਿਕਰ ਹੈ। ਇਕ ਲੇਖਕ ਗੁਰੂ ਨਾਨਕ ਸਾਹਿਬ ਦੇ ਸਿੱਖ ਭਾਈ ਤਾਰੂ ਪੋਪਟ ਦੀ ਸ਼ਹੀਦੀ ਦਾ ਜ਼ਿਕਰ ਵੀ ਕਰਦਾ ਹੈ। ਸ਼ਾਇਦ ਸਿੱਖ ਪੰਥ ਦੇ ਪਹਿਲੇ ਸ਼ਹੀਦ ਉਹੀ ਸਨ। ਜੰਗ ਦੇ ਮੈਦਾਨ ਦੀਆਂ ਸ਼ਹੀਦੀਆਂ ਦਾ ਮੁੱਢ 27 ਸਤੰਬਰ 1621 ਨੂੰ ਬੱਝਾ ਸੀ।

"ਗੁਰੂ ਦੇ ਸ਼ੇਰ" ਕਿਤਾਬ ਲਿਖਣ ਵਾਸਤੇ ਮੈਨੂੰ ਸਭ ਤੋਂ ਵੱਧ ਪ੍ਰੇਰਣਾ ਗਿਆਨੀ ਗਰਜਾ ਸਿੰਘ ਜੀ ਤੋਂ ਮਿਲੀ ਜਿਨ੍ਹਾਂ "ਸ਼ਹੀਦ ਬਿਲਾਸ" ਕਿਤਾਬ ਪੰਥ ਦੀ ਭੇਟ ਕੀਤੀ ਅਤੇ ਨਾਲ ਹੀ ਸਿੱਖ ਤ੍ਵਾਰੀਖ਼ ਦੇ ਸਭ ਤੋਂ ਕੀਮਤੀ ਸੋਮੇ "ਭੱਟ ਵਹੀਆਂ" ਦੀ ਦੱਸ ਪਾਈ। ਜੇ ਉਹ ਭੱਟ ਵਹੀਆਂ ਦਾ ਰਾਹ ਨਾ ਦੱਸਦੇ ਤਾਂ ਹਥਲੀ ਕਿਤਾਬ ਹਰਗਿਜ਼ ਤਿਆਰ ਨਾ ਹੁੰਦੀ। ਗਿਆਨੀ ਗਰਜਾ ਸਿੰਘ ਜੀ ਨੂੰ ਮੇਰਾ 'ਕਲਮੀ ਸਲਾਮ' ਪੁੱਜੇ। ਕੁਝ ਲੇਖਕ "ਭੱਟ ਵਹੀਆਂ" 'ਤੇ ਅਕੀਦਾ ਨਹੀਂ ਰੱਖਦੇ। ਪਰ ਉਨ੍ਹਾਂ ਦੇ ਬਹਾਨੇ ਬੇਮਾਅਨਾ ਹਨ। ਦਰਅਸਲ ਇਨ੍ਹਾਂ ਵਿਚੋਂ ਬਹੁਤੇ ਮਿਹਨਤ ਨਹੀਂ ਕਰਨਾ ਚਾਹੁੰਦੇ ਤੇ ਭੱਟ ਵਹੀਆਂ ਚੋਖੀ ਮਿਹਨਤ, ਤਨਕੀਹ ਤੇ ਖੋਜ ਮੰਗਦੀਆਂ ਹਨ। ਚਲੋ ਜੇ ਇਕ ਵਾਰ ਇਹ ਮੰਨ ਵੀ ਲਿਆ ਜਾਵੇ ਕਿ ਇਹ ਵਹੀਆਂ ਪੂਰੀ ਤਰ੍ਹਾਂ ਮੌਕੇ 'ਤੇ ਨਹੀਂ ਸਨ ਲਿਖੀਆਂ ਗਈਆਂ ਤੇ ਕੁਝ ਸਾਲ ਮਗਰੋਂ ਤਿਆਰ ਹੋਈਆਂ ਸਨ, ਪਰ ਏਨਾ ਤਾਂ ਜ਼ਰੂਰ ਹੈ ਕਿ ਇਹ ਘਟੋ-ਘਟ ਸਤਾਰਵੀਂ ਤੇ ਅਠਾਰਵੀਂ ਸਦੀ ਦੀਆਂ ਤਾਂ ਹਨ। ਜੇ ਸੰਤੋਖ ਸਿੰਘ (1843) ਤੇ ਗਿਆਨੀ ਗਿਆਨ ਸਿੰਘ (1890-99) ਸੋਮਿਆਂ ਵਜੋਂ ਕਬੂਲ ਹਨ ਤਾਂ ਭੱਟ ਵਹੀਆਂ ਉਨ੍ਹਾਂ ਤੋਂ ਤਾਂ ਕਿਤੇ ਪੁਰਾਣੀਆਂ ਹਨ। ਇਸ ਦਾ ਜਵਾਬ ਇਨ੍ਹਾਂ ਲੇਖਕਾਂ ਕੋਲ ਕੋਈ ਨਹੀਂ। ਚਲੋ ਉਹ ਜਾਣਨ!

ਮੈਂ ਸ਼ੁਕਰਗੁਜ਼ਾਰ ਹਾਂ ਉਨ੍ਹਾਂ ਸਾਰਿਆਂ ਦਾ ਜਿਨ੍ਹਾਂ ਨੇ ਇਸ ਕਿਤਾਬ ਦੀ ਤਿਆਰੀ ਅਤੇ ਛਪਾਈ ਦੌਰਾਨ ਆਪਣਾ ਮਿਲਵਰਤਣ ਦਿੱਤਾ ਜਾਂ ਆਪਣੀ ਮੁਹੱਬਤ ਜਾਂ ਜਜ਼ਬਾਤ ਦਾ ਇਜ਼ਹਾਰ ਕੀਤਾ।

ਸ. ਅਜੀਤ ਸਿੰਘ ਬੇਦੀ ਤੇ ਭੈਣ ਗੁਰਬਚਨ ਕੌਰ ਬੇਦੀ (ਸਾਊਥਾਲ, ਇੰਗਲੈਂਡ), ਡਾਕਟਰ ਸੇਵਾ ਸਿੰਘ (ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ), ਡਾ. ਸੁਖਪ੍ਰੀਤ ਸਿੰਘ ਉਦੋਕੇ, ਸ. ਸੁਰਜੀਤ ਸਿੰਘ (ਜੰਮੂ), ਸ. ਵਰਿਆਮ ਸਿੰਘ ਤੇ ਸ. ਜੋਗਿੰਦਰ ਸਿੰਘ (ਮੀਤ ਸਕੱਤਰ ਸ਼੍ਰੋ: ਕਮੇਟੀ) ਤੇ ਇਸ ਤੋਂ ਇਲਾਵਾ ਸਿੱਖ ਇਤਿਹਾਸ ਰੀਸਰਚ ਬੋਰਡ ਦੇ ਸਟਾਫ਼ 'ਚੋਂ ਬੀਬੀ ਪਰਮਜੀਤ ਕੌਰ, ਬੀਬੀ ਰਵਿੰਦਰ ਕੌਰ, ਬੀਬੀ ਸਿਮਰਜੀਤ ਕੌਰ, ਸ. ਕਿਰਪਾਲ ਸਿੰਘ ਰੀਸਰਚ ਸਕਾਲਰ, ਸ. ਬਲਰਾਜ ਸਿੰਘ, ਬੀਬੀ ਸੁਖਵਿੰਦਰ ਕੌਰ ਲਾਇਬਰੇਰੀਅਨ, ਸ. ਕੁੰਦਨ ਸਿੰਘ ਸੇਵਾਦਾਰ ਦਾ ਵੀ ਬੜਾ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਵੱਖ-ਵੱਖ ਮੌਕਿਆਂ 'ਤੇ ਚੋਖਾ ਮਿਲਵਰਤਣ ਦਿੱਤਾ। ਉਨ੍ਹਾਂ ਸਾਰਿਆਂ ਤੋਂ ਮੁਆਫ਼ੀ ਦਾ ਤਲਬਗਾਰ ਹਾਂ ਜਿਨ੍ਹਾਂ ਦਾ ਜ਼ਿਕਰ ਕਰਨਾ ਭੁੱਲ ਗਿਆ ਹੋਵਾਂਗਾ।

ਮੇਰੀ ਇਹ ਕਿਤਾਬ ਇਨ੍ਹਾਂ ਸਾਰੇ ਸ਼ਹੀਦਾਂ, ਅਣਜਾਣੇ ਸ਼ਹੀਦਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਵਾਸਤੇ ਦਿਲੋਂ ਪੇਸ਼ ਕੀਤੀ ਅਕੀਦਤ ਹੈ। ਮੈਂ ਜਾਂ ਸਾਰੀ ਸਿੱਖ ਕੌਮ ਇਨ੍ਹਾਂ ਦਾ ਕਰਜ਼ਾ ਨਹੀਂ ਉਤਾਰ ਸਕਦੀ। ਇਨ੍ਹਾਂ ਸ਼ਹੀਦਾਂ ਜਾਂ ਉਨ੍ਹਾਂ ਦੇ ਪਰਿਵਾਰਾਂ ਨੇ ਕਦੇ ਇਨ੍ਹਾਂ ਕੁਰਬਾਨੀਆਂ ਦਾ ਮੁੱਲ ਵੱਟਣ ਦੀ ਕੋਸ਼ਿਸ਼ ਨਹੀਂ ਕੀਤੀ। ਅਜਿਹੇ ਸਾਦਿਕ ਪਰਿਵਾਰਾਂ ਅਤੇ ਪੰਥ ਸੇਵਕਾਂ ਅੱਗੇ ਮੇਰਾ ਸਿਰ ਝੁਕਦਾ ਹੈ। (ਇਸ ਦੇ ਮੁਕਾਬਲੇ ਵਿਚ ਅੱਜ ਦੇ ਕਈ ਸ਼ਹੀਦਾਂ ਦੇ ਪਰਿਵਾਰ ਤਾਂ ਦੌਲਤ, ਅਹੁਦਾ ਅਤੇ ਸਨਮਾਨ ਹਾਸਿਲ ਕਰਨ ਵਾਸਤੇ ਹਾਬੜੇ ਹੋਏ ਪੈਂਦੇ ਹਨ। ਵਾਹਿਗੁਰੂ ਮਿਹਰ ਕਰਨ!)

ਇਸ ਕਿਤਾਬ ਨੂੰ ਲੋਕਾਂ ਤਕ ਪਹੁੰਚਾਉਣ ਵਾਸਤੇ ਪਬਲਿਸ਼ਰ ਦਾ ਵੀ ਸ਼ੁਕਰਗੁਜ਼ਾਰ ਹਾਂ। ਵੀਹਵੀਂ ਸਦੀ ਵਿਚ ਤਿਆਰ ਹੋਈ ਆਪਣੀ ਇਸ ਆਖ਼ਰੀ ਕਿਤਾਬ ਨੂੰ ਪਾਠਕਾਂ ਦੀ ਕਚਹਿਰੀ ਵਿਚ ਪੇਸ਼ ਕਰਨ ਦਾ ਮਾਣ ਹਾਸਿਲ ਕਰਦਾ ਹੋਇਆ....

1-1-2001

ਡਾ. ਹਰਜਿੰਦਰ ਸਿੰਘ ਦਿਲਗੀਰ

ਸ਼ਹੀਦੀਆਂ ਦੀ ਤਾਰੀਖ਼ਾਵਲੀ

ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਦੀਆਂ ਸ਼ਹੀਦੀਆਂ

੨੭ ਸਤੰਬਰ 1621	ਰੁਹੀਲਾ	ਭਾਈ ਨਾਨੂ, ਮਥਰਾ ਭੱਟ, ਅਤੇ ਪਰਾਗਾ, ਕਿਸ਼ਨਾ, ਜਗਨਾ,
3 ਅਕਤੂਬਰ 1621		ਕਲਿਆਣਾ, ਮੋਲਕ/ਮਲੂਕਾ, ਜੱਟੂ, ਸਕਤੂ, ਪਰਸ ਰਾਮ, ਸੁੰਦਰ।
13 ਅਪ੍ਰੈਲ 1634 (17 ਵਿਸਾਖ 1691) ਕੁਝ ਲੇਖਕ ਗਲਤੀ ਨਾਲ 15 ਅਪ੍ਰੈਲ ਲਿਖ ਗਏ ਹਨ	ਗੁਰੂ ਦਾ ਚੱਕ (ਅੰਮ੍ਰਿਤਸਰ) :	ਭਾਈ ਕੀਰਤ ਭੱਟ ਬੱਲੂ, ਸਿੰਘਾ ਪੁਰੋਹਤ, ਪਿਰਾਣਾ, ਭਾਨੂੰ, ਪੈੜਾ, ਮੋਹਨ, ਗੁਪਾਲ, ਤਖਤੂ, ਸਾਂਈ ਦਾਸ, ਅਨੰਤਾ, ਭਗਤੂ, ਤਿਰਲੋਕਾ, ਜੈਤਾ, ਤੋਤਾ, ਨਿਹਾਲੂ, ਨੰਦਾ।
16 ਦਸੰਬਰ 1634	ਮਹਿਰਾਜ:	ਭਾਈ ਜੇਠਾ, ਸੁਖੀਆ ਮਾਂਡਨ।
26 ਤੋਂ 28 ਅਪ੍ਰੈਲ 1635	ਕਰਤਾਰਪੁਰ (ਜਲੰਧਰ):	ਭਾਈ ਅਮੀਆ, ਫਤੇ ਚੰਦ/ਫੱਤਾ, ਮਾਧੋ, ਲੱਖੂ, ਕਿਸ਼ਨਾ।
29 ਅਪ੍ਰੈਲ 1635	ਫਗਵਾੜਾ:	ਭਾਈ ਜੱਗੂ, ਸੁਹੇਲਾ, ਦਾਸਾ।

ਗੁਰੂ ਤੇਗ ਬਹਾਦਰ ਸਾਹਿਬ ਦੇ ਵੇਲੇ ਦੀਆਂ ਸ਼ਹੀਦੀਆਂ

11 ਨਵੰਬਰ 1675	ਚਾਂਦਨੀ ਚੋਕ ਦਿੱਲੀ:	ਭਾਈ ਦਿਆਲ ਦਾਸ, ਮਤੀ ਦਾਸ, ਸਤੀ ਦਾਸ।

ਗੁਰੂ ਗੋਬਿੰਦ ਸਿੰਘ ਸਾਹਿਬ ਦੇ ਵੇਲੇ ਦੀਆਂ ਸ਼ਹੀਦੀਆਂ

18 ਸਤੰਬਰ 1688	ਭੰਗਾਣੀ (ਹਿਮਾਚਲ):	ਭਾਈ ਊਦਾ, ਜੀਤ ਮੱਲ, ਸੰਗੋ ਸ਼ਾਹ, ਹਠੀ ਚੰਦ।
19/20 ਮਾਰਚ 1691) (22 ਚੇਤ ਨੂੰ ਸ਼ੁਕਰਵਾਰ 20 ਮਾਰਚ ਸੀ ਪਰ ਭੱਟ ਵਹੀਆਂ ਵਿਚ ਵੀਰਵਾਰ ਹੈ, ਸੋ ਜਾਂ ਤਾਂ ਤਾਰੀਖ਼ 19 ਮਾਰਚ ਹੈ, ਜਾਂ ਦਿਨ ਸ਼ੁਕਰਵਾਰ ਹੈ)	ਨਦੌਣ (ਹਿਮਾਚਲ):	ਭਾਈ ਸੋਹਨ ਚੰਦ, ਮੂਲ ਚੰਦ ਨਿੱਝਰ।
19/20 ਫ਼ਰਵਰੀ 1696	ਗੁਲੇਰ (ਹਿਮਾਚਲ):	ਭਾਈ ਹਨੂਮੰਤ, ਸੰਗਤ ਰਾਇ/ ਸੰਗਤੀਆ ਦਰਸੋ।

(23 ਫੱਗਣ ਨੂੰ ਬੁੱਧਵਾਰ ਸੀ ਅਤੇ
19 ਫ਼ਰਵਰੀ ਸੀ ਪਰ ਭੱਟ ਵਹੀਆਂ
ਵਿਚ ਦਿਨ ਵੀਰਵਾਰ ਹੈ ਜੋ 24 ਫੱਗਣ
੨੦ ਫ਼ਰਵਰੀ ਨੂੰ ਹੈ)

29 ਅਗਸਤ 1700)	ਤਾਰਾ ਗੜ੍ਹ (ਨੇੜੇ ਅਨੰਦਪੁਰ):	ਭਾਈ ਈਸ਼ਰ ਸਿੰਘ, ਕਲਿਆਣ ਸਿੰਘ, ਮੰਗਤ ਸਿੰਘ।
30 ਅਗਸਤ 1700)	ਫ਼ਤਹਿ ਗੜ੍ਹ : (ਉਦੋਂ ਸਹੋਟਾ) ਹੁਣ ਅਨੰਦਪੁਰ:	ਭਾਈ ਭਗਵਾਨ ਸਿੰਘ, ਜਵਾਹਰ ਸਿੰਘ, ਨੰਦ ਸਿੰਘ।
31 ਅਗਸਤ 1700	ਅਗੰਮਗੜ੍ਹ : (ਨੇੜੇ ਅਨੰਦਪੁਰ):	ਭਾਈ ਬਾਘ ਸਿੰਘ, ਘਰਬਾਰਾ ਸਿੰਘ।
1 ਸਤੰਬਰ 1700)	ਲੋਹਗੜ੍ਹ (ਅਨੰਦਪੁਰ):	ਭਾਈ ਕੁਸ਼ਾਲ ਸਿੰਘ, ਆਲਮ ਸਿੰਘ ਚੌਰ-ਬਰਦਾਰ, ਸੁੱਖਾ ਸਿੰਘ, ਦਿਆਲ ਸਿੰਘ।
8 ਅਕਤੂਬਰ 1700	ਨਿਰਮੋਹਗੜ੍ਹ (ਨੇੜੇ ਕੀਰਤਪੁਰ):	ਭਾਈ ਸਾਹਿਬ ਸਿੰਘ, ਸੂਰਤ ਸਿੰਘ, ਦੇਵਾ ਸਿੰਘ, ਅਨੂਪ ਸਿੰਘ, ਸਰੂਪ ਸਿੰਘ, ਮਥਰਾ ਸਿੰਘ।
13 ਅਕਤੂਬਰ 1700	ਨਿਰਮੋਹਗੜ੍ਹ:	ਭਾਈ ਰਾਮ ਸਿੰਘ ਕਸ਼ਮੀਰੀ, ਹਿੰਮਤ ਸਿੰਘ, ਮੋਹਰ ਸਿੰਘ।
14 ਅਕਤੂਬਰ 1700	ਨਿਰਮੋਹਗੜ੍ਹ:	ਭਾਈ ਅਜੀਤ/ਜੀਤਾ ਸਿੰਘ, ਨੇਤਾ ਸਿੰਘ, ਕੇਸਰਾ ਸਿੰਘ, ਗੋਕਲ ਸਿੰਘ।

(ਭੱਟ ਵਹੀਆਂ ਵਿਚ ਨਿਰਮੋਹਗੜ੍ਹ ਦੀ ਲੜਾਈ ਸੱਤ ਕੱਤਕ, ਬਾਰਾਂ ਕੱਤਕ ਤੇ ਤੇਰਾਂ ਕੱਤਕ ਦੀ ਹੈ। ਉਥੇ ਇਹ ਦਿਨ ਤਰਤੀਬਵਾਰ ਮੰਗਲਵਾਰ, ਐਤਵਾਰ ਅਤੇ ਸੋਮਵਾਰ ਹਨ ਜੋ 8, 13 ਅਤੇ 14 ਕੱਤਕ ਨੂੰ ਸਨ। ਸੋ ਜਾਂ ਤਾਂ ਵਾਰ ਦਾ ਭੁਲੇਖਾ ਹੈ ਜਾਂ ਤਾਰੀਖ਼ ਦੀ ਗ਼ਲਤੀ। ਮੈਂ ਵਾਰ ਦੇ ਹਿਸਾਬ ਨਾਲ ਤਾਰੀਖ਼ ਲਿਖੀ ਹੈ। ਇਉਂ ਹੀ ਕਲਮੋਟ ਦੀ ਲੜਾਈ ਵੀ 19 ਕੱਤਕ, ਪਰ ਐਤਵਾਰ, ਨੂੰ ਦੱਸੀ ਹੈ ਜੋ 20 ਅਕਤੂਬਰ ਨੂੰ ਬਣਦਾ ਹੈ।)

20 ਅਕਤੂਬਰ 1700	ਕਲਮੋਟ:	ਭਾਈ ਜੀਵਨ ਸਿੰਘ।
16 ਜਨਵਰੀ 1704	ਅਨੰਦਪੁਰ:	ਭਾਈ ਹੇਮ ਸਿੰਘ, ਕਾਹਨ ਸਿੰਘ।

ਅਨੰਦਪੁਰ ਸਾਹਿਬ ਅਤੇ ਚਮਕੌਰ ਦੇ ਚਾਲ੍ਹੀ ਮੁਕਤੇ

6 ਦਸੰਬਰ 1705	ਭੱਖੀਆਂ ਪਿੰਡ:	ਭਾਈ ਜੀਵਨ ਸਿੰਘ, ਬੀਬੀ ਭਿੱਖਾਂ।
	ਸ਼ਾਹੀ ਟਿੱਬੀ:	ਭਾਈ ਉਦੈ ਸਿੰਘ।
7 ਦਸੰਬਰ 1705	ਚਮਕੌਰ:	ਸਾਹਿਬਜ਼ਾਦਾ ਅਜੀਤ ਸਿੰਘ ਸਾਹਿਬਜ਼ਾਦਾ ਜੁਝਾਰ ਸਿੰਘ।
7 ਦਸੰਬਰ 1705	ਚਮਕੌਰ:	ਭਾਈ ਮਦਨ ਸਿੰਘ, ਕਾਠਾ/ਕੋਠਾ ਸਿੰਘ, ਸ਼ੇਰ ਸਿੰਘ, ਨਾਹਰ ਸਿੰਘ, ਅਨਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ, ਦਾਨ ਸਿੰਘ, ਨਾਨੂੰ ਸਿੰਘ, ਆਲਮ ਸਿੰਘ ਨੱਚਣਾ, ਬੀਰ ਸਿੰਘ, ਮੋਹਰ ਸਿੰਘ, ਅਮੋਲਕ ਸਿੰਘ, ਕਿਰਪਾ ਸਿੰਘ ਦੱਤ, ਸਨਮੁਖ ਸਿੰਘ, ਮੁਕੰਦ ਸਿੰਘ, ਮੁਕੰਦ ਸਿੰਘ (ਦੂਜਾ), ਸਾਹਿਬ ਸਿੰਘ ਪਿਆਰਾ, ਮੋਹਕਮ ਸਿੰਘ ਪਿਆਰਾ, ਹਿੰਮਤ ਸਿੰਘ ਪਿਆਰਾ, ਦੇਵਾ ਸਿੰਘ ਮੁਕਤਾ, ਰਾਮ ਸਿੰਘ ਮੁਕਤਾ, ਟਹਿਲ ਸਿੰਘ ਮੁਕਤਾ, ਈਸ਼ਰ ਸਿੰਘ ਮੁਕਤਾ, ਫ਼ਤਹਿ ਸਿੰਘ ਮੁਕਤਾ, ਜਵਾਹਰ ਸਿੰਘ, ਕੀਰਤ ਸਿੰਘ, ਸ਼ਾਮ ਸਿੰਘ, ਸੁੱਖਾ ਸਿੰਘ, ਕੇਸਰਾ ਸਿੰਘ, ਲਾਲ ਸਿੰਘ ਪਿਸ਼ੌਰੀਆ, ਹੁਕਮ ਸਿੰਘ, ਖ਼ਜ਼ਾਨ ਸਿੰਘ, ਬਖ਼ਸ਼ਿਸ਼ ਸਿੰਘ, ਗੁਰਬਖ਼ਸ਼ੀਸ਼ ਸਿੰਘ, ਅਨੰਦ ਸਿੰਘ, ਧੰਨਾ ਸਿੰਘ, ਬੁੱਢਾ ਸਿੰਘ।
8 ਦਸੰਬਰ 1705	ਚਮਕੌਰ:	ਭਾਈ ਸੰਤ ਸਿੰਘ ਬੰਗੇਸ਼ਰੀ, ਸੰਗਤ ਸਿੰਘ ਛਾਬੜਾ ਤੇ ਹੋਰ ਸ਼ਹੀਦ।
8 ਦਸੰਬਰ 1705	ਕੋਟਲਾ ਨਿਹੰਗ:	ਭਾਈ ਬਚਿਤਰ ਸਿੰਘ।

ਮੁਕਤਸਰ ਦੇ ਚਾਲ੍ਹੀ ਮੁਕਤੇ

29 ਦਸੰਬਰ 1705	ਖਿਦਰਾਣੇ ਦੀ ਢਾਬ (ਮੁਕਤਸਰ):	ਭਾਈ ਰਾਏ ਸਿੰਘ ਮੁਲਤਾਨੀ, ਮਹਾਂ ਸਿੰਘ, ਸੀਤਲ ਸਿੰਘ, ਸੁੰਦਰ ਸਿੰਘ ਝੰਲੀਆਂ ਵਾਲਾ, ਬੂੜ ਸਿੰਘ, ਭਾਗ ਸਿੰਘ ਝਬਾਲ, ਦਿਲਬਾਗ ਸਿੰਘ ਝਬਾਲ, ਘਰਬਾਰਾ ਸਿੰਘ, ਗੰਡਾ ਸਿੰਘ, ਨਿਧਾਨ ਸਿੰਘ ਵੜੈਚ, ਸੁਲਤਾਨ ਸਿੰਘ ਵੜੈਚ, ਖ਼ੁਸ਼ਹਾਲ ਸਿੰਘ ਭੱਲਾ, ਦਰਬਾਰੀ ਸਿੰਘ, ਘਰਬਾਰੀ ਸਿੰਘ, ਜਾਦੋ ਸਿੰਘ, ਕੇਸੋ ਸਿੰਘ।
17 ਮਾਰਚ 1707	ਬਘੌਰ (ਰਾਜਸਥਾਨ):	ਭਾਈ ਮਾਨ ਸਿੰਘ ਰਾਠੌਰ।
2 ਅਪ੍ਰੈਲ 1708	ਚਿਤੌੜ (ਰਾਜਸਥਾਨ):	ਭਾਈ ਮਾਨ ਸਿੰਘ, ਪਾਲਿਤ ਜ਼ੋਰਾਵਰ ਸਿੰਘ।
6 ਤੇ 12 ਅਪ੍ਰੈਲ 1709	ਗੁਰੂ ਦਾ ਚੱਕ (ਅੰਮ੍ਰਿਤਸਰ):	ਭਾਈ ਨਗਾਹੀਆ ਸਿੰਘ, ਹਾਠੂ ਸਿੰਘ, ਕਰਨ ਸਿੰਘ, ਮੋਹਰ ਸਿੰਘ, ਛਬੀਲ ਸਿੰਘ, ਗੁਰਮੁਖ ਸਿੰਘ, ਜੀਤ ਸਿੰਘ।
13 ਮਈ 1710	ਚਪੜ-ਚਿੜੀ (ਸਰਹਿੰਦ):	ਭਾਈ ਸੰਗਰਾਮ ਸਿੰਘ, ਮਹਿਬੂਬ ਸਿੰਘ, ਫ਼ਤਹਿ ਸਿੰਘ, ਬਜਰ ਸਿੰਘ।
20 ਨਵੰਬਰ 1710	ਸਰਹਿੰਦ:	ਭਾਈ ਸੁੱਖਾ ਸਿੰਘ ਬੰਗੇਸ਼ਰੀ, ਲਾਲ ਸਿੰਘ।
10 ਸਤੰਬਰ 1711	ਸਾਂਬਾ (ਜੰਮੂ):	ਭਾਈ ਮਾਹੀ ਸਿੰਘ, ਦਰਗਾਹੀ ਸਿੰਘ।
11 ਅਕਤੂਬਰ 1711	ਆਲੋਵਾਲ (ਲਾਹੌਰ):	ਭਾਈ ਸਹਿਜ ਸਿੰਘ, ਡੋਗਰ ਸਿੰਘ, ਹੀਰਾ ਸਿੰਘ, ਦਿਆਲ ਸਿੰਘ, ਕੇਸੋ ਸਿੰਘ ਭੱਟ, ਹਰੀ ਸਿੰਘ, ਦੇਸਾ ਸਿੰਘ, ਨਰਬਦ ਸਿੰਘ, ਤਾਰਾ ਸਿੰਘ, ਸੇਵਾ ਸਿੰਘ, ਦੇਵਾ ਸਿੰਘ, ਜੇਠਾ ਸਿੰਘ ਚੌਹਾਨ, ਜੇਠਾ ਸਿੰਘ ਪਰਮਾਰ,

		ਹਰੀ ਸਿੰਘ, ਰੂਪ ਸਿੰਘ, ਪ੍ਰਸੰਨ ਸਿੰਘ, ਅਨੂਪ ਸਿੰਘ, ਕਿਹਰ ਸਿੰਘ, ਚੰਨਣ ਸਿੰਘ, ਧਰਮ ਸਿੰਘ॥
28 ਦਸੰਬਰ 1711	ਬਿਲਾਸਪੁਰ (ਹਿਮਾਚਲ):	ਭਾਈ ਕੇਸੋ ਸਿੰਘ, ਬਾਘ ਸਿੰਘ।
22 ਜੂਨ 1713	ਸਢੌਰਾ:	ਭਾਈ ਅਲਬੇਲ ਸਿੰਘ, ਮੌਹਰ ਸਿੰਘ, ਸੈਣਾ ਸਿੰਘ।
9 ਜੂਨ 1716	ਮਹਿਰੌਲੀ (ਦਿੱਲੀ):	ਬਾਬਾ ਬੰਦਾ ਸਿੰਘ, ਭੁਝੰਗੀ ਅਜੈ ਸਿੰਘ, ਭਾਈ ਭਗਵੰਤ ਸਿੰਘ ਬੰਗੇਸ਼ਰੀ, ਬਾਜ਼ ਸਿੰਘ, ਕੁਇਰ ਸਿੰਘ, ਸ਼ਾਮ ਸਿੰਘ, ਨਾਹਰ ਸਿੰਘ, ਸ਼ੇਰ ਸਿੰਘ, ਅਲਬੇਲ ਸਿੰਘ, ਰਾਮ ਸਿੰਘ ਪਰਮਾਰ, ਆਲੀ ਸਿੰਘ, ਮਾਲੀ ਸਿੰਘ, ਗੁਲਾਬ ਸਿੰਘ ਬਖ਼ਸ਼ੀ, ਰਾਇ ਸਿੰਘ ਹਜ਼ੂਰੀ।
14 ਜਨਵਰੀ 1723	ਡੱਲ-ਵਾਂ:	ਭਾਈ ਤਾਰਾ ਸਿੰਘ ਡੱਲ-ਵਾਂ।
3 ਜਨਵਰੀ 1724	ਦਿੱਲੀ:	(ਮਾਮਾ) ਕ੍ਰਿਪਾਲ ਸਿੰਘ, ਭਾਈ ਚੋਪਾ ਸਿੰਘ, ਸਾਹਿਬ ਸਿੰਘ।
24 ਜੂਨ 1734	ਲਾਹੌਰ:	ਭਾਈ ਮਨੀ ਸਿੰਘ, ਆਲਮ ਸਿੰਘ ਰਾਠੌਰ, ਗੁਲਜ਼ਾਰ ਸਿੰਘ, ਸੰਗਤ ਸਿੰਘ, ਰਣ ਸਿੰਘ, ਜਗਤ ਸਿੰਘ, ਚਿਤਰ ਸਿੰਘ, ਗੁਰਬਖਸ਼ ਸਿੰਘ, ਭੂਪਤ ਸਿੰਘ, ਕੀਰਤ ਸਿੰਘ, ਅਉਲੀਆ ਸਿੰਘ, ਮੋਹਕਮ ਸਿੰਘ ਓਹਰੀ, ਸਰਧਾ ਸਿੰਘ, ਗੁਰਮੁਖ ਸਿੰਘ, ਸੰਤ ਸਿੰਘ, ਕਾਨ੍ਹ ਸਿੰਘ, ਚੈਨ ਸਿੰਘ।

ਕੁਝ ਹੋਰ ਸ਼ਹੀਦੀਆਂ ਦੀ ਤਾਰੀਖ਼ਾਵਲੀ

18 ਜਨਵਰੀ 1735	ਲਾਹੌਰ:	ਭਾਈ ਹਕੀਕਤ ਸਿੰਘ (ਹਕੀਕਤ ਰਾਏ), ਅਰਜਨ ਸਿੰਘ ਵਧਾਵਣ।

27 ਜੁਲਾਈ 1739	ਨੂਰਦੀਨ ਦੀ ਸਰਾਂ :	ਭਾਈ ਬੋਤਾ ਸਿੰਘ, ਗਰਜਾ ਸਿੰਘ।
1740	(ਅੰਮ੍ਰਿਤਸਰ):	ਭਾਈ ਬਾਘੜ ਸਿੰਘ
2 ਜੁਲਾਈ 1745	ਲਾਹੌਰ:	ਭਾਈ ਤਾਰੂ ਸਿੰਘ, ਸੁਬੇਗ ਸਿੰਘ ਸ਼ਾਹਬਾਜ਼ ਸਿੰਘ, ਮਹਿਤਾਬ ਸਿੰਘ ਮੀਰਾਂ ਕੋਟ।
10 ਮਾਰਚ 1746....)	ਕਾਹਨੂੰਵਾਨ ਦੀ ਛੰਭ:	ਛੋਟਾ ਘੱਲੂਘਾਰਾ (7 ਤੋਂ 10 ਹਜ਼ਾਰ)
30 ਅਪ੍ਰੈਲ 1746	ਕਠੂਆ (ਜੰਮੂ):	ਭਾਈ ਇੰਦਰ ਸਿੰਘ, ਮਿਤ ਸਿੰਘ, ਭੀਮ ਸਿੰਘ, ਮਿਹਰ ਸਿੰਘ।
11 ਨਵੰਬਰ 1757	ਅੰਮ੍ਰਿਤਸਰ:	ਬਾਬਾ ਦੀਪ ਸਿੰਘ ਤੇ ਹਜ਼ਾਰਾਂ ਹੋਰ
27 ਮਾਰਚ 1758	ਸਰਹਿੰਦ:	ਭਾਈ ਹਾਠੂ ਸਿੰਘ
5 ਫਰਵਰੀ 1762	ਕੁੱਪਰੋਹੀੜਾ,	ਵੱਡਾ ਘੱਲੂਘਾਰਾ (30 ਤੋਂ 40 ਹਜ਼ਾਰ)
1 ਦਸੰਬਰ 1764	ਅਕਾਲ ਤਖ਼ਤ ਸਾਹਿਬ:	ਜਥੇਦਾਰ ਗੁਰਬਖ਼ਸ਼ ਸਿੰਘ ਤੇ 30 ਹੋਰ।
14 ਮਾਰਚ 1822	ਨੌਸ਼ਹਿਰਾ:	ਅਕਾਲੀ ਫੂਲਾ ਸਿੰਘ।
30 ਅਪ੍ਰੈਲ 1837	ਜਮਰੌਦ:	ਜਰਨੈਲ ਹਰੀ ਸਿੰਘ ਨਲਵਾ।
10 ਫਰਵਰੀ 1846	ਸਭਰਾਓ :	ਜਰਨੈਲ ਸ਼ਾਮ ਸਿੰਘ ਅਟਾਰੀਵਾਲਾ।
5 ਜੁਲਾਈ 1856	ਸਿੰਘਾਪੁਰ:	ਭਾਈ ਮਹਾਰਾਜ ਸਿੰਘ।

ਭਾਈ ਨਾਨੂ

ਸਿੱਖ ਕੌਮ ਦੇ ਪਹਿਲੇ ਸ਼ਹੀਦਾਂ ਵਿਚ ਭਾਈ ਨਾਨੂ ਦਾ ਜ਼ਿਕਰ ਸੁਨਹਿਰੀ ਲਫ਼ਜ਼ਾਂ ਵਿਚ ਲਿਖਿਆ ਮਿਲਦਾ ਹੈ। ਭਾਈ ਨਾਨੂ 3 ਅਕਤੂਬਰ 1621 ਦੇ ਦਿਨ ਰੁਹੀਲਾ (ਹੁਣ ਹਰਿਗੋਬਿੰਦਪੁਰ) ਦੀ ਲੜਾਈ ਵਿਚ ਜੂਝਦੇ ਸ਼ਹੀਦ ਹੋਏ ਸਨ। ਉਨ੍ਹਾਂ ਨੇ ਇਸ ਲੜਾਈ ਵਿਚ ਸਿੱਖ ਤਵਾਰੀਖ਼ ਵਿਚ ਚੰਦੂ ਨਾਂ ਦੇ ਬਦਨਾਮ ਦੁਸ਼ਟ ਦੇ ਪੁੱਤਰ ਕਰਮ ਚੰਦ ਨੂੰ ਆਹਮੋ-ਸਾਹਮਣੀ ਲੜਾਈ ਵਿਚ ਮਾਰਿਆ ਸੀ। ਇਸ ਲੜਾਈ ਵਿਚ ਚੰਦੂ ਦੇ ਇਕ ਰਿਸ਼ਤੇਦਾਰ ਕਾਨ੍ਹੇ ਦਾ ਪੁੱਤਰ ਭਗਵਾਨ ਦਾਸ ਘੇਰੜ ਤੇ ਉਸ ਦਾ ਪੁੱਤਰ ਰਤਨ ਚੰਦ ਵੀ ਆਪ ਦੇ ਹੱਥੋਂ ਮਾਰਿਆ ਗਿਆ ਸੀ।

ਭਾਈ ਨਾਨੂ ਭਾਈ ਮੂਲਾ ਦੇ ਪੁੱਤਰ, ਭਾਈ ਰਾਓ ਦੇ ਪੋਤਰੇ ਤੇ ਭਾਈ ਚਾਹੜ ਦੇ ਪੜਪੋਤੇ ਸਨ। ਆਪ ਪਰਮਾਰ-ਰਾਜਪੂਤ ਖ਼ਾਨਦਾਨ ਨਾਲ ਸਬੰਧ ਰੱਖਦੇ ਸਨ। ਰੁਹੀਲਾ ਦੀ ਲੜਾਈ ਵੇਲੇ ਆਪ ਦਾ ਪਰਿਵਾਰ ਅਲੀਪੁਰ (ਜ਼ਿਲ੍ਹਾ ਮੁਜ਼ੱਫ਼ਰਗੜ੍ਹ, ਪਾਕਿਸਤਾਨ) ਵਿਚ ਰਹਿ ਰਿਹਾ ਸੀ। ਭਾਈ ਨਾਨੂ ਭਾਈ ਮਨੀ ਸਿੰਘ ਦੇ ਦਾਦੇ ਭਾਈ ਬੱਲੂ ਦਾ ਛੋਟਾ ਭਰਾ ਸੀ। (ਭਾਈ ਬੱਲੂ ਆਪ ਵੀ ਮਗਰੋਂ 13 ਅਪ੍ਰੈਲ 1634 ਦੇ ਦਿਨ ਅੰਮ੍ਰਿਤਸਰ ਦੀ ਲੜਾਈ ਵਿਚ ਸ਼ਹੀਦ ਹੋਏ ਸਨ)।

ਭਾਈ ਨਾਨੂ ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਦੇ ਪ੍ਰਮੁਖ ਸਿੱਖਾਂ ਵਿਚੋਂ ਇਕ ਸਨ। ਉਹ ਗੁਰੂ ਦਾ ਚੱਕ (ਅੰਮ੍ਰਿਤਸਰ) ਵਿਚ ਅਕਸਰ ਆਉਂਦੇ ਰਹਿੰਦੇ ਸਨ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਫ਼ੌਜ ਬਣਾਈ ਸੀ ਤਾਂ ਆਪ ਆਪਣੇ ਕਈ ਸਾਥੀਆਂ ਤੇ ਰਿਸ਼ਤੇਦਾਰਾਂ ਸਮੇਤ ਇਸ ਵਿਚ ਸ਼ਾਮਲ ਹੋਏ ਸਨ। ਭਾਈ ਨਾਨੂ ਇਕ ਬਹਾਦਰ ਤੇ ਜੰਗਜੂ ਜੁਝਾਰੂ ਸਨ। 27 ਸਤੰਬਰ 1621 ਦੇ ਦਿਨ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਰੁਹੀਲਾ ਦੀ ਥੇਹ 'ਤੇ ਗੁਰੂ ਅਰਜਨ ਸਾਹਿਬ ਵਲੋਂ ਵਸਾਏ ਨਗਰ 'ਗੋਬਿੰਦਪੁਰ' ਵਿਚ ਦੀਵਾਨ ਸਜਾ ਰਹੇ ਸਨ ਤਾਂ ਭਗਵਾਨਾ ਘੇਰੜ ਅਤੇ ਚੰਦੂ ਦੇ ਪੁੱਤਰ ਕਰਮ ਚੰਦ ਨੇ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ। ਇਸ ਲੜਾਈ ਵਿਚ ਹੋਰਨਾਂ ਦੇ ਨਾਲ-ਨਾਲ ਭਾਈ ਨਾਨੂ ਵੀ ਜੀਅ ਜਾਨ ਨਾਲ ਸਭ ਤੋਂ ਮੂਹਰੇ ਹੋ ਕੇ ਲੜੇ। ਇਸ ਹੱਥੋ-ਹੱਥ ਲੜਾਈ ਵਿਚ ਭਗਵਾਨਾ ਘੇਰੜ ਮਾਰਿਆ ਗਿਆ ਅਤੇ ਇਸ ਦਾ ਪੁੱਤਰ ਰਤਨ ਚੰਦ ਜ਼ਖ਼ਮੀ ਹੋ ਗਿਆ। ਛੇਵੇਂ ਦਿਨ ਰਤਨ ਤੇ ਚੰਦੂ ਦੇ ਪੁੱਤਰ ਕਰਮ ਚੰਦ ਨੇ ਜਲੰਧਰ ਤੋਂ ਮੁਗ਼ਲ ਫ਼ੌਜਾਂ ਨੂੰ ਨਾਲ ਲਿਆ ਕੇ ਇਕ ਵਾਰ ਫੇਰ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ।

ਤ੍ਵਾਰੀਖ਼ ਦੱਸਦੀ ਹੈ ਕਿ 3 ਅਕਤੂਬਰ ਦੇ ਦਿਨ ਹੋਈ ਇਸ ਲੜਾਈ ਵਿਚ ਭਾਈ ਨਾਨੂ ਨੇ ਹਮਲਾਵਰਾਂ ਦੇ ਖ਼ੂਬ ਆਹੂ ਲਾਹੇ। ਹਮਲਾਵਰ ਫ਼ੌਜਾਂ ਦੇ ਦੋਵੇਂ ਆਗੂ ਰਤਨ

ਚੰਦ ਤੇ ਕਰਮ ਚੰਦ ਆਪ ਜੀ ਦੀ ਤਲਵਾਰ ਦਾ ਸ਼ਿਕਾਰ ਹੋਏ। ਕਈ ਘੰਟਿਆਂ ਦੀ ਲੜਾਈ ਵਿਚ ਆਪ ਨੇ ਬਹੁਤ ਸਾਰੇ ਹਮਲਾਵਰ ਫ਼ੌਜੀਆਂ ਦੀਆਂ ਸਿਰੀਆਂ ਲਾਹੀਆਂ ਤੇ ਅਖ਼ੀਰ ਵਿਚ ਆਪ ਵੀ ਸ਼ਹੀਦ ਹੋ ਗਏ। ਭਾਈ ਨਾਨੂ ਬਾਰੇ "**ਭੱਟ ਵਹੀ ਮੁਲਤਾਨੀ ਸਿੰਧੀ**" ਵਿਚ ਇੰਞ ਜ਼ਿਕਰ ਮਿਲਦਾ ਹੈ:

"ਨਾਨੂ ਬੇਟਾ ਮੂਲੇ ਕਾ, ਪੋਤਾ ਰਾਊ ਕਾ, ਪੜਪੋਤਾ ਚਾਹੜ ਕਾ, ਬੰਸ ਬੀਝੇ ਕਾ, ਬੰਝਰਊਤ, ਸਾਲ ਸੋਲਾਂ ਸੈ ਅਠੱਤ੍ਰਾ, ਕੱਤਕ ਪ੍ਰਵਿਸ਼ਟੇ ਤੀਜ ਕੇ ਦਿਹੁੰ, ਗ੍ਰਾਮ ਰੁਹੀਲਾ ਪਰਗਣਾ ਬਟਾਲਾ ਕੇ ਮਲ੍ਹਾਨ, ਗੁਰੂ ਕਾ ਬਚਨ ਪਾਇ ਰਤਨਾ ਬੇਟਾ ਭਗਵਾਨੇ ਕਾ, ਕਰਮਾ ਬੇਟਾ ਚੰਦੂ ਕਾ, ਬਾਸੀ ਕਲਾਨੌਰ, ਕੋ ਮਾਰ ਕੇ ਮਰਾ। ਗੈਲੋਂ ਮਥਰਾ, ਬੇਟਾ ਭਿਖੇ ਕਾ, ਪੋਤਾ ਰਈਏ ਕਾ, ਪੜਪੋਤਾ ਨਰਸੀ ਕਾ, ਬੰਸ ਭਗੀਰਥ ਕਾ, ਕੋਸ਼ਿਸ਼ ਗੋਤ੍ਰ ਗੌੜ ਬ੍ਰਾਹਮਣ, ਪਰਾਗਾ ਬੇਟਾ ਗੌਤਮ ਕਾ, ਭਾਰਗਵ ਗੋਤ੍ਰ, ਛਿੱਬਰ ਬ੍ਰਾਹਮਣ, ਹੋਰ ਰਣ ਜੁਝੰਤੇ ਗੁਰੂ ਕੇ ਜੋਧੇ ਸਾਮ੍ਹੇ ਮਾਥੇ ਰਣ ਮੇਂ ਜੂਝ ਕਰ ਮਰੇ।"

(ਭੱਟ ਵਹੀ, ਮੁਲਤਾਨੀ ਸਿੰਧੀ, ਖਾਤਾ ਬੰਝਰਊਤੋਂ ਕਾ)

ਗੁਰੂ ਹਰਿਗੋਬਿੰਦ ਸਾਹਿਬ ਦੀ ਤਵਾਰੀਖ਼ ਵਿਚ ਕਈ ਥਾਂਈਂ ਭਾਈ ਨਾਨੂ ਤੇ ਕੁਝ ਥਾਂਈਂ ਭਾਈ ਨਾਨੋ ਦਾ ਜ਼ਿਕਰ ਵੀ ਆਉਂਦਾ ਹੈ। ਨਾਨੂ ਤੇ ਨਾਨੋ ਦੋ ਵੱਖ-ਵੱਖ ਸ਼ਖ਼ਸ ਨਹੀਂ ਸਨ ਤੇ ਇਹ ਹਰਫ਼ਾਂ ਦਾ ਫ਼ਰਕ ਸਿਰਫ਼ ਭੁਲੇਖੇ ਕਰ ਕੇ ਪਿਆ ਲਗਦਾ ਹੈ।

'**ਗੁਰਬਿਲਾਸ ਪਾਤਿਸ਼ਾਹੀ ਛੇਵੀਂ**' ਵਿਚ ਭਾਈ ਨਾਨੂ (ਨਾਨੋ) ਦਾ ਜ਼ਿਕਰ ਚੈਪਟਰ 14 ਵਿਚ ਇੰਞ ਮਿਲਦਾ ਹੈ:

ਗੁਰੂ ਸੂਰ ਬਾਂਕੇ। ਗਿਨੋ ਨਾਮ ਤਾ ਕੇ।
ਜਟੂ ਸੂਰ ਜਾਨੋ। ਕਲਯਾਨਾ, ਸੁ ਨਾਨੋ॥ 66॥
. . . .
ਚਲਾ ਸੁ ਨਾਨੋ ਧਾਇ ਕਲਯਾਨਾ ਕ੍ਰੋਧ ਭਰਿ।
ਜਗਨਾ ਕ੍ਰਿਸ਼ਨਾ ਸੂਰ ਸੁ ਮੋਲਕ ਹਰਖ ਧਰਿ।
ਪਾਂਚੋ ਗੁਰ ਕੇ ਸੂਰ ਚਲੇ ਰਿਸ ਧਾਰਿ ਕੈ।
ਸੈਨਾ ਲੀਨੀ ਸੰਗਿ ਸੁ ਪਰੇ ਵੰਗਾਰਿ ਕੈ।
ਪਰੇ ਚਪਲ ਰਿਸ ਧਾਰਿ ਬਿਦਾਰੇ ਕੁੰਭ ਗਜ।
ਬਹੁ ਸੈਨਾ ਹਤ ਕੀਨ ਬਚਾ ਜੋ ਜਾਤ ਭਜਿ॥ 107॥
. . . .
ਗਏ ਭਾਗ ਮੂੰਜੀ। ਜਿਨੈ ਥੋਰ ਪੂੰਜੀ।
ਕਰਾ ਜੁਧ ਭਯਾਨਾ। ਸੁ ਨਾਨੋ ਹਤਾਨਾ॥ 112॥

ਭਾਈ ਮਥਰਾ ਭੱਟ

ਭਾਈ ਮਥਰਾ ਨੇ 3 ਅਕਤੂਬਰ 1621 ਦੇ ਦਿਨ ਰੁਹੀਲਾ ਦੀ ਲੜਾਈ ਵਿਚ ਸ਼ਹੀਦੀ ਜਾਮ ਪੀਤਾ ਸੀ। ਭਾਈ ਮਥਰਾ ਭੱਟ ਭਾਈ ਭੀਖਾ ਭੱਟ ਦੇ ਪੁੱਤਰ ਅਤੇ ਭਾਈ ਰਈਆ ਦੇ ਪੋਤਰੇ ਸਨ। ਇਹ ਕੌਸ਼ਿਸ਼ ਗੌੜ ਬ੍ਰਾਹਮਣ ਖ਼ਾਨਦਾਨ ਨਾਲ ਸਬੰਧ ਰੱਖਦੇ ਸੀ। ਭੱਟ ਬੜੇ ਵਧੀਆ ਕਵੀ ਵੀ ਸਨ ਅਤੇ ਜਜਮਾਨਾਂ ਦੀ ਪ੍ਰੋਹਤੀ ਦਾ ਕੰਮ ਵੀ ਕਰਦੇ ਸਨ। ਆਪਣੇ ਜਜਮਾਨਾਂ ਦੇ ਖ਼ੁਸ਼ੀ ਅਤੇ ਗ਼ਮੀਂ ਦੇ ਮੌਕਿਆਂ ਤੇ ਹਾਜ਼ਰ ਹੋ ਕੇ ਮੁਬਾਰਕਾਂ ਦੇਣਾ ਅਤੇ ਲੋਕਾਂ ਤੋਂ ਇਨਾਮ ਲੈਣਾ ਉਨ੍ਹਾਂ ਦਾ ਰੁਜ਼ਗਾਰ ਸੀ। ਇਨ੍ਹਾਂ ਨੇ ਆਪਣੀਆਂ-ਆਪਣੀਆਂ ਵਹੀਆਂ ਵੀ ਬਣਾਈਆਂ ਹੋਈਆਂ ਸਨ। ਇਨ੍ਹਾਂ ਵਹੀਆਂ ਵਿਚ ਉਹ ਆਪਣੇ ਜਜਮਾਨਾਂ ਦੇ ਨਾਂ, ਸਿਰਨਾਂਵੇਂ ਅਤੇ ਕੁਰਸੀਨਾਮੇ ਦਰਜ ਕਰਦੇ ਰਹਿੰਦੇ ਸਨ। ਜਦੋਂ ਕੋਈ ਖ਼ਾਸ ਘਟਨਾ ਵਾਪਰਦੀ ਤਾਂ ਉਹ ਉਸ ਦਾ ਵੇਰਵਾ ਨਾਲੋਂ-ਨਾਲ ਦਰਜ ਕਰੀ ਜਾਂਦੇ ਸਨ। ਜਦੋਂ ਕਿਸੇ ਜਜਮਾਨ ਦਾ ਖ਼ਾਸ ਦਿਨ-ਦਿਹਾੜਾ ਹੁੰਦਾ ਤਾਂ ਇਸ ਸਮਾਗਮ ਦੇ ਮੌਕੇ 'ਤੇ ਉਹ ਉਸ ਦੇ ਖ਼ਾਨਦਾਨ ਦੇ ਕੁਰਸੀਨਾਮੇ ਅਤੇ ਉਨ੍ਹਾਂ ਦੇ ਵੱਡੇ ਵਡੇਰਿਆਂ ਦੇ ਕਾਰਨਾਮਿਆਂ ਨੂੰ ਸੁਣਾ ਕੇ ਉਨ੍ਹਾਂ ਨੂੰ ਖ਼ੁਸ਼ ਕਰਦੇ। ਇਸ ਬਦਲੇ ਉਨ੍ਹਾਂ ਨੂੰ ਇਨਾਮ ਮਿਲਿਆ ਕਰਦਾ ਸੀ। ਭਾਈ ਮਥਰਾ ਭੱਟ ਦੇ ਵੱਡੇ ਵਡੇਰੇ ਗੁਰੂ ਅਮਰਦਾਸ ਸਾਹਿਬ ਵੇਲੇ ਸਿੱਖ ਪੰਥ ਵਿਚ ਸ਼ਾਮਲ ਹੋਏ ਸਨ। ਗੁਰੂ ਅਰਜਨ ਸਾਹਿਬ ਵੇਲੇ ਤਾਂ ਉਹ ਗੁਰੂ ਦਰਬਾਰ ਵਿਚ ਹੀ ਹਾਜ਼ਰ ਰਹਿੰਦੇ ਸਨ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਫ਼ੌਜ ਬਣਾਈ ਤਾਂ ਰਾਜਪੂਤਾਂ ਤੇ ਖਤਰੀਆਂ ਦੇ ਨਾਲ-ਨਾਲ ਬ੍ਰਾਹਮਣ ਵੀ ਫ਼ੌਜ ਵਿਚ ਭਰਤੀ ਹੋਏ।

ਭੱਟ ਪਰਿਵਾਰ ਵਿਚੋਂ ਭੀਖਾ ਭੱਟ ਦਾ ਪਰਿਵਾਰ ਗੁਰੂ ਘਰ ਵਿਚ ਖ਼ਾਸ ਥਾਂ ਰਖਦਾ ਸੀ। ਗੁਰੂ ਗ੍ਰੰਥ ਸਾਹਿਬ ਵਿਚ ਇਸ ਪਰਿਵਾਰ ਦੇ ਕਈ ਸ਼ਾਇਰਾਂ ਦੀ ਬਾਣੀ ਸ਼ਾਮਲ ਹੈ ਅਤੇ ਭਾਈ ਮਥਰਾ ਭੱਟ ਦੇ ਆਪਣੇ ਵੀ ਸੱਤ ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੇ ਹੋਏ ਸਨ। ਇਨ੍ਹਾਂ ਸਲੋਕਾਂ ਵਿਚ ਭਾਈ ਮਥਰਾ ਭੱਟ ਨੇ ਗੁਰੂ ਰਾਮਦਾਸ ਸਾਹਿਬ ਤੇ ਗੁਰੂ ਅਰਜਨ ਸਾਹਿਬ ਦੀ ਸ਼ਖ਼ਸੀਅਤ ਦਾ ਬਿਆਨ ਕੀਤਾ ਹੋਇਆ ਹੈ।

ਗੁਰੂ ਹਰਿਗੋਬਿੰਦ ਸਾਹਿਬ ਦੀ ਪਹਿਲੀ ਲੜਾਈ ਰੁਹੀਲਾ ਪਿੰਡ (ਹੁਣ ਹਰਿਗੋਬਿੰਦਪੁਰ) ਵਿਚ 27 ਸਤੰਬਰ ਤੇ ਤਿੰਨ ਅਕਤੂਬਰ 1621 ਦੇ ਦਿਨ ਹੋਈ ਸੀ। ਤਿੰਨ ਅਕਤੂਬਰ ਦੀ ਲੜਾਈ ਵਿਚ ਹੋਰਨਾਂ ਦੇ ਨਾਲ-ਨਾਲ ਭਾਈ ਮਥਰਾ ਭੱਟ ਨੇ ਵੀ ਲੜਾਈ ਵਿਚ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ ਅਤੇ ਇਸ ਲੜਾਈ ਵਿਚ ਉਸ ਨੇ ਸ਼ਹੀਦੀ ਜਾਮ ਵੀ ਪੀਤਾ। ਇਸ ਲੜਾਈ ਵਿਚ ਉਸ ਨੇ ਹੋਰਨਾਂ ਤੋਂ ਇਲਾਵਾ ਮੁਗ਼ਲ

ਜਰਨੈਲਾਂ ਬੈਰਮ ਖਾਂ ਤੇ ਈਮਾਮ ਬਖਸ਼ ਨੂੰ ਵੀ ਮਾਰਿਆ ਸੀ। ਇਸ ਸਬੰਧੀ ਇਕ ਅੰਦਰਾਜ **ਭੱਟ ਵਹੀਆਂ** ਵਿਚ ਇਸ ਤਰ੍ਹਾਂ ਮਿਲਦਾ ਹੈ।

''ਨਾਨੂ ਬੇਟਾ ਮੂਲੇ ਕਾ, ਪੋਤਾ ਰਾਉ ਕਾ, ਪੜਪੋਤਾ ਚਾਹੜ ਕਾ, ਬੰਸ ਬੀਝੇ ਕਾ, ਬੰਝਰਊਂਤ, ਸਾਲ ਸੋਲਾਂ ਸੈ ਅਠੱਤ੍ਰਾ, ਕੱਤਕ ਪ੍ਰਵਿਸ਼ਟੇ ਤੀਜ ਕੇ ਦਿਹੁੰ, ਗਾਮ ਰੁਹੀਲਾ ਪਰਗਣਾ ਬਟਾਲਾ ਕੇ ਮਲ੍ਹਾਨ, ਗੁਰੂ ਕਾ ਬਚਨ ਪਾਇ ਰਤਨਾ ਬੇਟਾ ਭਗਵਾਨੇ ਕਾ, ਕਰਮਾ ਬੇਟਾ ਚੰਦੂ ਕਾ, ਬਾਸੀ ਕਲਾਨੌਰ ਕੋ ਮਾਰ ਕੇ ਮਰਾ। ਗੈਲੋਂ ਮਥਰਾ, ਬੇਟਾ ਭਿਖੇ ਕਾ, ਪੋਤਾ ਰਈਦੇ ਕਾ, ਪੜਪੋਤਾ ਨਰਸੀ ਕਾ, ਬੰਸ ਭਗੀਰਥ ਕਾ, ਕੋਸ਼ਿਸ਼ ਗੋਤ੍ਰ ਗੌੜ ਬ੍ਰਾਹਮਣ, ਪਰਾਗਾ ਬੇਟਾ ਗੌਤਮ ਕਾ, ਭਾਰਗਵ ਗੋਤ੍ਰ, ਛਿੱਬਰ ਬ੍ਰਾਹਮਣ, ਹੋਰ ਰਣ ਜੂਝੰਤੇ ਗੁਰੂ ਕੇ ਜੋਧੇ ਸਾਮ੍ਹੇ ਮਾਥੇ ਰਣ ਮੇਂ ਜੂਝ ਕਰ ਮਰੇ।''

(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਬੰਝਰਊਂਤੋ ਕਾ)

''ਗੁਰਬਿਲਾਸ ਪਾਤਿਸਾਹੀ ਛੇਵੀਂ'' ਦਾ ਲੇਖਕ ਭਾਈ ਮਥਰਾ ਦਾ ਜ਼ਿਕਰ ਇਨ੍ਹਾਂ ਲਫ਼ਜ਼ਾਂ ਵਿਚ ਕਰਦਾ ਹੈ:

*ਜਟੂ ਗਿਰਾ ਦੇਖਿ ਗੁਰ ਸੁਾਮੀ। **ਮਥਰਾ** ਸੂਰ ਪਠਯੋ ਬਲ ਧਾਮੀ।*

. . . .

*ਗੁਰ ਚਰਨਨ ਕਾ ਧਯਾਨੁ ਧਰਿ **ਮਥਰਾ** ਭਯੋ ਸੁਚੇਤ।*
ਤੇਗ ਹਾਥ ਗਹਿ ਤਬ ਹਨੀ ਕੀਨੋ ਤੁਰਕ ਅਚੇਤ॥ 96॥
***ਮਥਰਾ** ਤਬ ਰਣ ਸੋਭਈ ਬੈਰਮ ਖਾਂ ਕੋ ਮਾਰਿ।*
ਰਣ ਥੰਭਾ ਜਨੁ ਹੈ ਬਨਾ ਮਨੋ ਸੋਭ ਤ੍ਰਿਪੁਰਾਰਿ॥ 97॥

. . . .

*ਖਾਨ ਬੂੰਦਾ ਕੀਨੀ ਰਿਸ ਧਾਰੀ। **ਮਥਰਾ** ਦੇਖਿ ਕ੍ਰੋਧ ਧਰਿ ਭਾਰੀ।*
ਨਿਜ ਬਾਨਨ ਸੋਂ ਬਾਨ ਕਟਾਨੇ। ਭਯੋ ਤੂੰਨ ਖਾਲੀ ਨਿਜ ਜਾਨੇ॥ 100॥
ਢਾਲ ਅਸਿ ਗਹਿ ਪਰਾ ਵੰਗਾਰੀ। ਅਤਿ ਬਲ ਸੋਂ ਬਹੁ ਸੈਨ ਸੰਘਾਰੀ।
ਇਮਾਮ ਬਖ਼ਸ਼ ਕਾ ਅਸੁ ਹਤਾਨਾ। ਘਾਇਲ ਭਯੋ ਸੂਰ ਬਲਵਾਨਾ॥ 101॥
ਸੈਨ ਮਲੇਛੀ ਸਭ ਹਨੀ ਸ੍ਰੀ ਗੁਰ ਕੇ ਪ੍ਰਤਾਪੁ।
ਦੋਊ ਸੂਰ ਤਬ ਹਤ ਪਰੇ ਮਾਰ ਮਾਰ ਕਰ ਜਾਪੁ॥ 102॥

(ਹੋਰ ਤਫ਼ਸੀਲ ਵਾਸਤੇ ਦੇਖੋ: ''ਭੱਟਾਂ ਦਾ ਕੁਰਸੀਨਾਮਾ'' ਅਤੇ ''ਭਾਈ ਭੀਖਾ ਭੱਟ'')

ਭਾਈ ਪਰਾਗਾ

ਭਾਈ ਪਰਾਗਾ (ਪਰਾਗ ਦਾਸ) ਸਿੱਖ ਤਵਾਰੀਖ਼ ਦੇ ਪਹਿਲੇ ਪੜਾਅ ਦੇ ਸ਼ਹੀਦਾਂ ਵਿਚੋਂ ਇਕ ਸਨ। ਆਪ ਰੁਹੀਲਾ (ਹੁਣ ਹਰਿਗੋਬਿੰਦਪੁਰ) ਵਿਚ, 3 ਅਕਤੂਬਰ 1621 ਦੇ ਦਿਨ, ਭਗਵਾਨ ਦਾਸ ਘੇਰੜ ਤੇ ਚੰਦੂ ਦੇ ਪੁੱਤਰ ਕਰਮ ਚੰਦ ਵਲੋਂ ਲਿਆਂਦੀ ਫ਼ੌਜ ਨਾਲ ਲੜਦੇ ਹੋਏ ਸ਼ਹੀਦ ਹੋਏ ਸਨ।

ਭਾਈ ਪਰਾਗ ਦਾਸ ਭਾਈ ਗੌਤਮ ਦੇ ਸਪੁੱਤਰ ਸਨ। ਆਪ ਭਾਰਗਵ-ਬ੍ਰਾਹਮਣ ਪਰਿਵਾਰ ਨਾਲ ਸਬੰਧ ਰੱਖਦੇ ਸਨ। ਭਾਈ ਗੌਤਮ ਗੁਰੂ ਨਾਨਕ ਸਾਹਿਬ ਵੇਲੇ ਸਿੱਖ ਧਰਮ ਵਿਚ ਸ਼ਾਮਿਲ ਹੋਏ ਸਨ। ਗੁਰੂ ਨਾਨਕ ਸਾਹਿਬ ਨਾਲ ਆਪ ਦਾ ਮੇਲ ਗੁਰੂ ਸਾਹਿਬ ਦੀ ਇਕ ਉਦਾਸੀ ਵੇਲੇ ਹੋਇਆ ਸੀ। ਗੁਰੂ ਸਾਹਿਬ ਨੇ ਆਪ ਨੂੰ ਇਕ "ਮੰਜੀ" ਬਖ਼ਸ਼ੀ ਹੋਈ ਸੀ। ਆਪ ਨੇ ਸਾਰੇ ਪੋਠੋਹਾਰ ਵਿਚ ਗੁਰਸਿੱਖੀ ਦਾ ਬਹੁਤ ਪ੍ਰਚਾਰ ਕੀਤਾ। (ਆਪ ਦੀ ਯਾਦਗਾਰ ਪਿੰਡ ਕਰਿਆਲਾ, ਪਾਕਿਸਤਾਨ ਵਿਚ ਬਣੀ ਹੋਈ ਸੀ।)

ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਫ਼ੌਜ ਬਣਾਈ ਤਾਂ ਭਾਈ ਪਰਾਗ ਦਾਸ ਆਪਣੇ ਕਈ ਸਾਥੀਆਂ ਸਣੇ ਉਸ ਵਿਚ ਸ਼ਾਮਿਲ ਹੋਏ ਸਨ। ਜਦੋਂ ਗੁਰੂ ਸਾਹਿਬ ਨੇ ਇਸ ਸਾਰੀ ਫ਼ੌਜ ਨੂੰ ਪੰਜ ਜਰਨੈਲਾਂ ਦੀ ਜਥੇਦਾਰੀ ਵਿਚ ਜਥੇਬੰਦ ਕੀਤਾ ਤਾਂ ਇਨ੍ਹਾਂ ਪੰਜਾਂ ਜਰਨੈਲਾਂ ਵਿਚ ਭਾਈ ਪਰਾਗ ਦਾਸ ਵੀ ਸ਼ਾਮਿਲ ਸਨ। ਆਪ ਨੇ ਸਿੱਖ ਫ਼ੌਜੀਆਂ ਨੂੰ ਸੁਚੱਜੀ ਸਿਖਲਾਈ ਦਿੱਤੀ। 27 ਸਤੰਬਰ 1621 ਦੇ ਦਿਨ ਜਦੋਂ ਭਗਵਾਨ ਦਾਸ ਘੇਰੜ ਤੇ ਕਰਮ ਚੰਦ ਨੇ ਰੁਹੀਲਾ 'ਤੇ ਹਮਲਾ ਕੀਤਾ ਤਾਂ ਆਪ ਅੱਗੇ ਵੱਧ ਕੇ ਲੜੇ ਤੇ ਹੱਥੋ-ਹੱਥੀ ਲੜਾਈ ਵਿਚ ਹਮਲਾਵਰਾਂ ਦੇ ਖ਼ੂਬ ਆਹੂ ਲਾਹੇ। ਅਖ਼ੀਰ ਕਈ ਸਾਥੀ ਮਰਵਾ ਕੇ ਅਤੇ ਬੁਰੀ ਤਰ੍ਹਾਂ ਹਾਰ ਖਾ ਕੇ ਹਮਲਾਵਰ ਮੈਦਾਨ ਛੱਡ ਗਏ।

ਛੇ ਦਿਨ ਮਗਰੋਂ ਚੰਦੂ ਤੇ ਮੁਗ਼ਲਾਂ ਦੀ ਸਾਂਝੀ ਫ਼ੌਜ ਨੇ ਫੇਰ ਹਮਲਾ ਕਰ ਦਿੱਤਾ। 3 ਅਕਤੂਬਰ 1621 ਦੇ ਦਿਨ ਲੜਾਈ ਵਿਚ ਵੀ ਭਾਈ ਪਰਾਗ ਦਾਸ ਬੜੀ ਬਹਾਦਰੀ ਨਾਲ ਲੜੇ ਤੇ ਦੁਸ਼ਮਣਾਂ ਨੂੰ ਪਾਰ ਬੁਲਾਉਂਦੇ ਹੋਏ ਆਪ ਵੀ ਸ਼ਹੀਦੀ ਜਾਮ ਪੀ ਗਏ।

ਭਾਈ ਪਰਾਗ ਦਾਸ ਦੇ ਵਾਰਿਸਾਂ ਨੇ ਵੀ ਗੁਰੂ ਘਰ ਦੀ ਬੜੀ ਸੇਵਾ ਕੀਤੀ। ਆਪ ਦਾ ਪੋਤਾ (ਦੀਵਾਨ) ਦਰਗਹ ਮੱਲ ਗੁਰੂ ਹਰਿ ਰਾਇ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਵੇਲੇ ਤਕ ਗੁਰੂ ਘਰ ਦਾ ਦੀਵਾਨ (ਵਜ਼ੀਰ) ਰਿਹਾ। ਆਪ ਦਾ ਪੜਪੋਤਾ ਭਾਈ ਧਰਮ ਸਿੰਘ ਆਪ' ਤੋਂ ਮਗਰੋਂ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਦੀਵਾਨ ਰਿਹਾ। ਗੁਰੂ ਤੇਗ ਬਹਾਦਰ ਸਾਹਿਬ ਨਾਲ ਸ਼ਹੀਦ ਹੋਣ ਵਾਲੇ ਭਾਈ ਮਤੀ ਦਾਸ ਤੇ ਭਾਈ

ਸਤੀ ਦਾਸ, ਦੋਵੇਂ ਭਾਈ ਪਰਾਗ ਦਾਸ ਦੇ ਪੜਪੋਤੇ ਸਨ।

ਭਾਈ ਪਰਾਗ ਦਾਸ ਬਾਰੇ "**ਭੱਟ ਵਹੀ ਮੁਲਤਾਨੀ ਸਿੰਧੀ**' ਵਿਚ ਇੰਞ ਜ਼ਿਕਰ ਆਉਂਦਾ ਹੈ:

"ਨਾਨੂ ਬੇਟਾ ਮੂਲੇ ਕਾ, ਪੋਤਾ ਰਾਉ ਕਾ, ਪੜਪੋਤਾ ਚਾਹੜ ਕਾ, ਬੰਸ ਬੀਝੇ ਕਾ, ਬੰਝਰਉਤ, ਸਾਲ ਸੋਲਾਂ ਸੈ ਅਠੱਤ੍ਰਾ, ਕੱਤਕ ਪ੍ਰਵਿਸ਼ਟੇ ਤੀਜ ਕੇ ਦਿਹੁੰ, ਗਾਮ ਰੁਹੀਲਾ ਪਰਗਣਾ ਬਟਾਲਾ ਕੇ ਮਲ੍ਹਾਨ, ਗੁਰੂ ਕਾ ਬਚਨ ਪਾਇ ਰਤਨਾ ਬੇਟਾ ਭਗਵਾਨੇ ਕਾ, ਕਰਮਾ ਬੇਟਾ ਚੰਦੂ ਕਾ, ਬਾਸੀ ਕਲਾਨੌਰ, ਕੋ ਮਾਰ ਕੇ ਮਰਾ। ਗੈਲੋਂ ਮਥਰਾ, ਬੇਟਾ ਭਿਖੇ ਕਾ, ਪੋਤਾ ਰਈਏ ਕਾ, ਪੜਪੋਤਾ ਨਰਸੀ ਕਾ, ਬੰਸ ਭਗੀਰਥ ਕਾ, ਕੋਸ਼ਿਸ਼ ਗੋਤ੍ਰ ਗੌੜ ਬ੍ਰਾਹਮਣ, *ਪਰਾਗਾ ਬੇਟਾ ਗੌਤਮ ਕਾ, ਭਾਰਗਵ ਗੋਤ੍ਰ, ਛਿੱਬਰ ਬ੍ਰਾਹਮਣ, ਹੋਰ ਰਣ ਜੂਝੰਤੇ ਗੁਰੂ ਕੇ ਜੋਧੇ ਸਾਮ੍ਹੇ ਮਾਥੇ ਰਣ ਮੇਂ ਜੂਝ ਕਰ ਮਰੇ।*"

(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਬੰਝਰਉਤੋਂ ਕਾ)

ਭਾਈ ਕਿਸ਼ਨਾ

ਭਾਈ ਕਿਸ਼ਨਾ ਗੁਰੂ ਹਰਿਗੋਬਿੰਦ ਸਾਹਿਬ ਦੀ ਫ਼ੌਜ ਦੇ ਇਕ ਪ੍ਰਮੁਖ ਸਿਪਾਹੀ ਸਨ। ਉਹ ਬੜੇ ਬਹਾਦਰ ਤੇ ਜੋਸ਼ੀਲੇ ਜਵਾਨ ਸਨ। ਰੁਹੀਲਾ (ਹਰਿਗੋਬਿੰਦਪੁਰ) ਦੀ ਲੜਾਈ ਵਿਚ ਉਨ੍ਹਾਂ ਨੇ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ। 27 ਸਤੰਬਰ 1621 ਦੀ ਪਹਿਲੇ ਦਿਨ ਦੀ ਲੜਾਈ ਵਿਚ ਉਹ ਭਗਵਾਨ ਦਾਸ ਘੇਰੜ ਦੀ ਫ਼ੌਜ ਦੇ ਖ਼ਿਲਾਫ਼ ਡਟ ਕੇ ਲੜੇ। ਇਸ ਤੋਂ ਛੇ ਦਿਨ ਮਗਰੋਂ 3 ਅਕਤੂਬਰ ਦੇ ਦਿਨ ਭਗਵਾਨਾ ਘੇਰੜ ਦਾ ਪੁੱਤਰ ਜਲੰਧਰ ਤੋਂ ਮੁਗ਼ਲ ਸੂਬੇਦਾਰ ਨੂੰ ਵੀ ਚੜ੍ਹਾ ਲਿਆਇਆ। ਇਸ ਦਿਨ ਵਿਚ ਵੀ ਸਿੱਖਾਂ ਨੇ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ। ਇਸ ਦਿਨ ਦੀ ਲੜਾਈ ਦੇ ਸ਼ੁਰੂ ਵਿਚ ਭਾਈ ਜੱਟੂ ਤੇ ਮਥਰਾ ਨੇ ਬਹੁਤ ਸਾਰੇ ਮੁਗ਼ਲ ਸਿਪਾਹੀ ਮਾਰ ਦਿੱਤੇ। ਕੁਝ ਚਿਰ ਮਗਰੋਂ ਮੁਗ਼ਲ ਜਰਨੈਲ ਨੇ ਆਪਣੇ ਜਵਾਨਾਂ ਨੂੰ ਇਕੱਠਿਆਂ ਕੀਤਾ ਅਤੇ ਦੋਬਾਰਾ ਹਮਲੇ ਵਾਸਤੇ ਉਕਸਾਇਆ। ਉਧਰ ਸਿੱਖ ਫ਼ੌਜਾਂ ਦੇ ਪੰਜ ਮੁਖੀ ਆਗੂ ਵੀ ਡਟ ਕੇ ਅੱਗੇ ਆਏ। ਇਹ ਪੰਜ ਸਨ: ਭਾਈ ਨਾਨੋ/ਨਾਨੂ, ਕਲਿਆਣਾ, ਜਗਨਾ, ਕਿਸ਼ਨਾ, ਮੋਲਕ/ਮਲੂਕਾ।

ਭਾਈ ਜੱਟੂ, ਮਥਰਾ, ਨਾਨੂ ਤੇ ਮੋਲਕ ਦੀ ਸ਼ਹੀਦੀ ਮਗਰੋਂ ਭਾਈ ਕਿਸ਼ਨਾ ਨੇ ਸਿੱਖ ਫ਼ੌਜਾਂ ਦੀ ਵਾਗਡੋਰ ਸੰਭਾਲੀ। ਆਪਣੇ ਸਾਥੀਆਂ ਦੀ ਸ਼ਹੀਦੀ ਦਾ ਉਨ੍ਹਾਂ ਦੇ ਦਿਲ ਵਿਚ ਬੜਾ ਰੋਹ ਸੀ। ਉਨ੍ਹਾਂ ਨੇ ਬੜੀ ਤੇਜ਼ੀ ਨਾਲ ਤਲਵਾਰ ਵਾਹੁਣੀ ਸ਼ੁਰੂ ਕਰ ਦਿੱਤੀ। ਕੁਝ ਹੀ ਪਲਾਂ ਵਿਚ ਉਨ੍ਹਾਂ ਨੇ ਮੁਗ਼ਲ ਫ਼ੌਜਾਂ ਦੇ ਮੁਖੀ ਨਬੀ ਬਖ਼ਸ਼ ਦੇ ਭਰਾ ਕਰੀਮ ਬਖ਼ਸ਼

ਨੂੰ ਮਾਰ ਦਿੱਤਾ। ਇਸ ਮਗਰੋਂ ਉਨ੍ਹਾਂ ਨੇ ਹੋਰ ਵੀ ਕਈ ਮੁਗਲ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰਿਆ। ਇਹ ਸਾਰਾ ਕੁਝ ਉਨ੍ਹਾਂ ਨੇ ਬੜੇ ਥੋੜ੍ਹੇ ਵਕਤ ਵਿਚ ਹੀ ਕਰ ਲਿਆ ਪਰ ਛੇਤੀ ਹੀ ਆਪ ਵੀ ਸ਼ਹੀਦ ਹੋ ਗਏ।

ਭਾਈ ਕਿਸ਼ਨਾ ਦਾ ਜ਼ਿਕਰ "**ਗੁਰਬਿਲਾਸ ਪਾਤਿਸਾਹੀ ਛੇਵੀਂ**" ਵਿਚ ਇੰਞ ਆਉਂਦਾ ਹੈ:-

ਚਲਾ ਸੁ ਨਾਨੋ ਧਾਇ ਕਲਯਾਣਾ ਕ੍ਰੁਧ ਭਰਿ।
*ਜਗਨਾ **ਕ੍ਰਿਸ਼ਨਾ** ਸੂਰ ਸੁ ਮੋਲਕ ਹਰਖ ਧਰਿ।*
ਪਾਂਚੋ ਗੁਰ ਕੇ ਸੂਰ ਚਲੇ ਰਿਸ ਧਾਰਿ ਕੈ।
ਸੈਨਾ ਲੀਨੀ ਸੰਗਿ ਸੁ ਪਰੇ ਵੰਗਾਰਿ ਕੈ।
ਪਰੇ ਚਪਲ ਰਿਸ ਧਾਰਿ ਬਿਦਾਰੇ ਕੁੰਭ ਗਜ।
ਬਹੁ ਸੈਨ ਹਤ ਕੀਨ ਬਚਾ ਜੋ ਜਾਤ ਭਜਿ॥ 107॥

. . . .

*ਇਤ ਤੇ ਦੌਰਯੋ **ਕ੍ਰਿਸ਼ਨਾ** ਜੋਧਾ।*
ਲੀਏ ਹਾਥ ਸੈਹਥੀ ਧਰਿ ਕ੍ਰੋਧਾ।
ਆਵਤ ਹਨੀ ਤਾਹਿ ਉਰ ਮਾਹੀ।
ਕਰੀਮ ਬਖਸ਼ ਕੇ ਪ੍ਰਾਨ ਉਡਾਹੀ॥ 126॥
ਸ਼ਾਹ ਪੁਤ੍ਰ ਕੋ ਮਾਰਿ ਕੈ ਸੈਨਾ ਹਨੀ ਅਪਾਰ।
***ਕ੍ਰਿਸ਼ਨਾ** ਰਣ ਜੂਝਤ ਭਯੋ ਗਯੋ ਸੁਰਗ ਤਤਕਾਰ॥ 127॥*

ਅਜਿਹਾ ਜਾਪਦਾ ਹੈ ਕਿ ਗੁਰੂ ਸਾਹਿਬ ਦੀ ਫੌਜ ਵਿਚ ਕਿਸ਼ਨਾ ਨਾਂ ਦੇ ਦੋ ਸਿੱਖ ਸਨ। ਭੱਟ ਵਹੀਆਂ ਵਿਚ ਇਕ ਹੋਰ ਕਿਸ਼ਨਾ ਦਾ ਜ਼ਿਕਰ ਆਉਂਦਾ ਹੈ ਜੋ 27 ਅਪ੍ਰੈਲ 1635 ਦੇ ਦਿਨ ਕਰਤਾਰਪੁਰ (ਜਲੰਧਰ) ਦੀ ਲੜਾਈ ਵਿਚ ਸ਼ਹੀਦ ਹੋਏ ਸਨ। ਇਹ ਕਿਸ਼ਨਾ ਭਾਈ ਕਉਲੇ (ਕੌਲ ਜੀ) ਦੇ ਪੁੱਤਰ, ਭਾਈ ਅੰਬੀਏ ਦੇ ਪੋਤੇ ਤੇ ਭਾਈ ਉਦੇ ਕਰਨ ਦੇ ਪੜਪੋਤੇ ਸਨ ਅਤੇ ਚੋਹਾਨ-ਰਾਜਪੂਤ ਖ਼ਾਨਦਾਨ ਨਾਲ ਸਬੰਧ ਰੱਖਦੇ ਸਨ।

ਭਾਈ ਜਗਨਾ

ਭਾਈ ਜਗਨਾ ਛੇਵੇਂ ਪਾਤਿਸ਼ਾਹ ਦੇ ਵੇਲੇ ਦੇ ਇਕ ਪ੍ਰਮੁੱਖ ਸਿੱਖ ਸਨ। ਜਦੋਂ ਗੁਰੂ ਸਾਹਿਬ ਨੇ ਫ਼ੌਜ ਬਣਾਈ ਤਾਂ ਭਾਈ ਜਗਨਾ ਵੀ ਉਸ ਵਿਚ ਸ਼ਾਮਿਲ ਹੋਏ। ਰੁਹੀਲਾ (ਹਰਿਗੋਬਿੰਦਪੁਰ) ਦੀ ਲੜਾਈ ਵਿਚ ਉਨ੍ਹਾਂ ਨੇ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ। 27 ਸਤੰਬਰ 1621 ਦੀ ਪਹਿਲੇ ਦਿਨ ਦੀ ਲੜਾਈ ਵਿਚ ਉਹ ਭਗਵਾਨ ਦਾਸ ਘੇਰੜ ਦੀ ਫ਼ੌਜ ਦੇ ਖ਼ਿਲਾਫ਼ ਡਟ ਕੇ ਲੜੇ। 3 ਅਕਤੂਬਰ ਦੇ ਦਿਨ ਭਗਵਾਨਾ ਘੇਰੜ ਦਾ ਪੁੱਤਰ ਜਲੰਧਰ ਤੋਂ ਮੁਗ਼ਲ ਸੂਬੇਦਾਰ ਨੂੰ ਚੜ੍ਹਾ ਲਿਆਇਆ। ਇਸ ਲੜਾਈ ਵਿਚ ਵੀ ਸਿੱਖਾਂ ਨੇ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ। ਇਸ ਦਿਨ ਦੀ ਲੜਾਈ ਦੇ ਸ਼ੁਰੂ ਵਿਚ ਭਾਈ ਜੱਟੂ ਤੇ ਮਥਰਾ ਨੇ ਬਹੁਤ ਸਾਰੇ ਮੁਗ਼ਲ ਸਿਪਾਹੀ ਮਾਰ ਦਿੱਤੇ। ਕੁਝ ਚਿਰ ਮਗਰੋਂ ਮੁਗ਼ਲ ਜਰਨੈਲ ਨੇ ਆਪਣੇ ਜਵਾਨਾਂ ਨੂੰ ਇਕੱਠਿਆਂ ਕੀਤਾ ਅਤੇ ਦੋਬਾਰਾ ਹਮਲੇ ਵਾਸਤੇ ਉਕਸਾਇਆ। ਉਧਰ ਸਿੱਖ ਫ਼ੌਜਾਂ ਦੇ ਪੰਜ ਮੁਖੀ ਆਗੂ ਵੀ ਡਟ ਕੇ ਅੱਗੇ ਆਏ। ਇਹ ਪੰਜ ਸਨ: ਭਾਈ ਨਾਨੋ/ਨਾਨੂ, ਕਲਿਆਣਾ, **ਜਗਨਾ**, ਕਿਸ਼ਨਾ, ਮੋਲਕ/ਮਲੂਕਾ।

ਭਾਈ ਜੱਟੂ, ਮਥਰਾ ਭੱਟ, ਨਾਨੂ, ਮੋਲਕ ਤੇ ਕਿਸ਼ਨਾ ਦੀ ਸ਼ਹੀਦੀ ਮਗਰੋਂ ਉਨ੍ਹਾਂ ਨੇ ਸਿੱਖ ਫ਼ੌਜਾਂ ਦੀ ਅਗਵਾਈ ਸੰਭਾਲੀ। ਉਧਰ ਮੁਗ਼ਲ ਫ਼ੌਜਾਂ ਦੀ ਕਮਾਨ ਮੁਹੰਮਦ ਯਾਰ ਕੋਲ ਸੀ। ਭਾਈ ਜਗਨਾ ਤੀਰ ਚਲਾਉਣ 'ਚ ਬੜੀ ਮੁਹਾਰਤ ਰੱਖਦੇ ਸਨ। ਉਨ੍ਹਾਂ ਦਾ ਤੇ ਮੁਹੰਮਦ ਯਾਰ ਦਾ ਤੀਰ ਚਲਾਣ ਦਾ ਮੁਕਾਬਲਾ ਹੋਇਆ। ਤੀਰ ਮੁੱਕਣ ਮਗਰੋਂ ਉਨ੍ਹਾਂ ਦੋਹਾਂ ਨੇ ਤਲਵਾਰਾਂ ਸੂਤ ਲਈਆਂ। ਤਲਵਾਰ ਚਲਾਉਣ 'ਚ ਵੀ ਦੋਵੇਂ ਬੜੇ ਮਾਹਿਰ ਸਨ। ਇਸ ਹੱਥੋ-ਹੱਥ ਲੜਾਈ ਵਿਚ ਦੋਹਾਂ ਨੂੰ ਤਲਵਾਰਾਂ ਦੇ ਬੜੇ ਫੱਟ ਲੱਗੇ ਸਨ। ਇਸ ਦੇ ਬਾਵਜੂਦ ਦੋਵੇਂ ਲੜਦੇ ਰਹੇ। ਅਖ਼ੀਰ ਭਾਈ ਜਗਨਾ ਨੇ ਮੁਹੰਮਦ ਯਾਰ ਨੂੰ ਖ਼ਤਮ ਕਰ ਦਿੱਤਾ ਹੈ ਛੇਤੀ ਹੀ ਆਪ ਵੀ ਸ਼ਹੀਦ ਹੋ ਗਏ। **'ਗੁਰਬਿਲਾਸ ਪਾਤਸ਼ਾਹੀ ਛੇਵੀਂ'** ਵਿਚ ਆਪ ਦਾ ਜ਼ਿਕਰ ਇੰਞ ਆਉਂਦਾ ਹੈ:

*ਪਿਰਾਗਾ ਮਥਰਾ ਸੂਰ ਭਨ **ਜਗਨਾ** ਜੋਧ ਅਪਾਰ।*
ਪਰਸ ਰਾਮ ਮੋਲਕ ਬਡੋ ਸਕਤੂ ਸਤ੍ਰ ਸੰਘਾਰ॥ 67॥

. . . .

ਚਲਾ ਸੁ ਨਾਨੋ ਧਾਇ ਕਲਧਾਰਾ ਕ੍ਰੋਧ ਭਰਿ।
***ਜਗਨਾ** ਕ੍ਰਿਸ਼ਨਾ ਸੂਰ ਸੁ ਮੋਲਕ ਹਰਖ ਧਰਿ।*
.. ॥ 107 ॥

ਦੇਖ ਮੁਹੰਮਦਯਾਰ ਸੁ ਧਾਯੋ। ਸ਼ਸਤਰ ਅਸਤ੍ਰ ਧਰਿ ਸੂਰ ਕਹਾਯੋ।
ਇਹ ਤੇ ਜਗਨਾ ਸੂਰ ਰਿਸਾਨਾ। ਤਕ ਤਕ ਹਨੇ ਤਾਹਿ ਤਨ ਬਾਨਾ॥ 128॥
ਦੁਹਿ ਦਿਸ ਖ਼ਾਨ ਬਰਖ ਬਹੁ ਹੋਵੈ। ਖਗ ਚਪਲਾ ਤਿਹ ਮੈ ਛਬਿ ਸੋਹੈ।
ਸੂਏ ਦੂਹੁ ਸੈਨਾ ਹਤ ਭਾਰੀ। ਰਹੇ ਦੋਇ ਸੂਰੇ ਬਲਕਾਰੀ॥ 129॥
ਦੋਊ ਬੀਰ ਕੋਪੇ। ਰਣੰ ਪਾਵ ਰੋਪੇ।
ਆਪੇ ਆਪ ਬਾਹੈਂ। ਰਣੰ ਜੀਤ ਚਾਹੈਂ॥ 130॥
ਦੂਹੂੰ ਘਾਇ ਲਾਗੇ। ਹਸੈਂ ਰੁਦ੍ਰ ਪਾਗੇ।
ਦੋਊ ਬੀਰ ਬਾਂਕੇ। ਸੁ ਆਛੇ ਨਿਸਾਂਕੇ॥ 131॥
ਨਭੰ ਯਾਨ ਆਯੋ। ਕਿਸੂ ਨਾਹਿ ਭਾਯੋ।
ਰਚੇ ਜੁਧ ਮਾਹੀ। ਕਹੇ ਜੁਧ ਬਾਹੀਂ॥ 132॥
ਦੂਹੂੰ ਪ੍ਰਾਨ ਤਯਾਗੇ। ਸੁਆਮੰ ਨਿਜਾਗੇ॥ 133॥

ਭਾਈ ਕਲਿਆਣਾ

ਭਾਈ ਕਲਿਆਣਾ ਪੰਜਵੇਂ ਤੇ ਛੇਵੇਂ ਪਾਤਿਸ਼ਾਹ ਦੇ ਵੇਲੇ ਦੇ ਇਕ ਪ੍ਰਮੁਖ ਸਿੱਖ ਸਨ। ਉਹ ਬਿੰਦਰਾਓ (ਬਿੰਦਰਾ?) ਖਤਰੀ ਪਰਿਵਾਰ ਨਾਲ ਸਬੰਧ ਰੱਖਦੇ ਸਨ। 27 ਸਤੰਬਰ ਤੇ 3 ਅਕਤੂਬਰ 1621 ਦੀ ਲੜਾਈ ਵਿਚ ਰੁਹੀਲਾ (ਹਰਿਗੋਬਿੰਦਪੁਰ) ਵਿਚ ਉਨ੍ਹਾਂ ਨੇ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ। 27 ਸਤੰਬਰ 1621 ਦੀ ਪਹਿਲੇ ਦਿਨ ਦੀ ਲੜਾਈ ਵਿਚ ਉਹ ਭਗਵਾਨ ਦਾਸ ਘੇਰੜ ਦੀ ਫ਼ੌਜ ਦੇ ਖਿਲਾਫ਼ ਡਟ ਕੇ ਲੜੇ। 3 ਅਕਤੂਬਰ ਦੇ ਦਿਨ ਭਗਵਾਨਾ ਘੇਰੜ ਦਾ ਪੁੱਤਰ ਜਲੰਧਰ ਤੋਂ ਮੁਗ਼ਲ ਸੂਬੇਦਾਰ ਨੂੰ ਚੜ੍ਹਾ ਲਿਆਇਆ। ਇਸ ਲੜਾਈ ਵਿਚ ਵੀ ਸਿੱਖਾਂ ਨੇ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ। ਇਸ ਦਿਨ ਦੀ ਲੜਾਈ ਦੇ ਸ਼ੁਰੂ ਵਿਚ ਭਾਈ ਜੱਟੂ ਤੇ ਮਥਰਾ ਨੇ ਬਹੁਤ ਸਾਰੇ ਮੁਗ਼ਲ ਸਿਪਾਹੀ ਮਾਰ ਦਿੱਤੇ। ਕੁਝ ਚਿਰ ਮਗਰੋਂ ਮੁਗ਼ਲ ਜਰਨੈਲ ਨੇ ਆਪਣੇ ਜਵਾਨਾਂ ਨੂੰ ਇਕੱਠਿਆਂ ਕੀਤਾ ਅਤੇ ਦੋਬਾਰਾ ਹਮਲੇ ਵਾਸਤੇ ਉਕਸਾਇਆ। ਉਧਰ ਸਿੱਖ ਫ਼ੌਜਾਂ ਦੇ ਪੰਜ ਮੁਖੀ ਆਗੂ ਵੀ ਡਟ ਕੇ ਅੱਗੇ ਆਏ। ਇਹ ਪੰਜ ਸਨ: ਭਾਈ ਨਾਨੋ/ਨਾਨੂ,

ਕਲਿਆਣਾ, ਜਗਨਾ, ਕਿਸ਼ਨਾ, ਮੋਲਕ/ਮਲੂਕਾ। **'ਗੁਰ ਬਿਲਾਸ ਪਾਤਿਸਾਹੀ ਛੇਵੀਂ'** ਵਿਚ ਇਸ ਦਾ ਜ਼ਿਕਰ ਇੰਞ ਮਿਲਦਾ ਹੈ:

*ਚਲਾ ਸੁ ਨਾਨੋ ਧਾਇ **ਕਲਿਆਨਾ** ਕ੍ਰੋਧ ਭਰਿ।*
ਜਗਨਾ ਕ੍ਰਿਸ਼ਨਾ ਸੂਰ ਸੁ ਮੋਲਕ ਹਰਖ ਧਰਿ।
ਪਾਂਚੋ ਗੁਰ ਕੇ ਸੂਰ ਚਲੇ ਰਿਸ ਧਾਰਿ ਕੈ।
ਸੈਨਾ ਲੀਨੀ ਸੰਗਿ ਸੁ ਪਰੇ ਵੰਗਾਰਿ ਕੈ।
ਪਰੇ ਚਪਲ ਰਿਸ ਧਾਰਿ ਬਿਦਾਰੇ ਕੁੰਭ ਗਜ।
ਬਹੁ ਸੈਨਾ ਹਤ ਕੀਨ ਬਚਾ ਜੋ ਜਾਤ ਭਜਿ॥107॥

ਭਾਈ ਜੱਟੂ, ਮਥਰਾ, ਨਾਨੋ ਅਤੇ ਮੋਲਕ/ਮਲੂਕਾ ਦੀ ਸ਼ਹੀਦੀ ਮਗਰੋਂ ਭਾਈ **ਕਲਿਆਣਾ** ਨੇ ਸਿੱਖ ਫ਼ੌਜਾਂ ਦੀ ਵਾਗਡੋਰ ਸੰਭਾਲੀ। ਉਨ੍ਹਾਂ ਦੀ ਕਮਾਨ ਹੇਠ ਸਿੱਖ ਫ਼ੌਜਾਂ ਨੇ ਅਲੀ ਬਖ਼ਸ਼ ਮੁਹੰਮਦ ਯਾਰ ਅਤੇ ਹੋਰ ਬਹੁਤ ਸਾਰੇ ਮੁਗ਼ਲ ਜਰਨੈਲ ਤੇ ਸਿਪਾਹੀ ਮਾਰ ਮੁਕਾਏ। ਇਹ ਵੇਖ ਕੇ ਮੁਗਲ ਵੀ ਰੋਹ ਵਿਚ ਆਏ। ਮੁਗਲ ਜਰਨੈਲ ਨਬੀ ਬਖ਼ਸ਼, ਜੋ ਜਲੰਧਰ ਦੇ ਸੂਬੇਦਾਰ ਦਾ ਪੁੱਤਰ ਸੀ ਤੇ ਤਲਵਾਰ ਦਾ ਬੜਾ ਧਨੀ ਸੀ, ਭਾਈ **ਕਲਿਆਣਾ** ਵਲ ਆਇਆ। ਦੋਹਾਂ ਵਿਚ ਖ਼ੂਬ ਜੰਗ ਹੋਈ। ਅਖ਼ੀਰ ਨਬੀ ਬਖ਼ਸ਼ ਦੀ ਤਲਵਾਰ ਭਾਈ **ਕਲਿਆਣਾ** ਦੇ ਸਿਰ ਵਿਚ ਵੱਜੀ ਤੇ ਉਹ ਉਥੇ ਹੀ ਡਿਗ ਪਿਆ। ਪਰ ਉਨ੍ਹਾਂ ਨੇ ਡਿਗਦੇ ਡਿਗਦੇ ਨਬੀ ਬਖ਼ਸ਼ 'ਤੇ ਇਕ ਭਰਪੂਰ ਵਾਰ ਕੀਤਾ ਤੇ ਉਸ ਨੂੰ ਵੀ ਉਥੇ ਹੀ ਢੇਰੀ ਕਰ ਦਿੱਤਾ।

ਭਾਈ ਕਲਿਆਣਾ ਦੀ ਸ਼ਹੀਦੀ ਨੂੰ **''ਗੁਰਬਿਲਾਸ ਪਾਤਸ਼ਾਹੀ ਛੇਵੀਂ'** ਦਾ ਲੇਖਕ ਇਨ੍ਹਾਂ ਲਫ਼ਜ਼ਾਂ ਵਿਚ ਪੇਸ਼ ਕਰਦਾ ਹੈ:

ਕੜਾ ਕੜੀ ਬਾਹੇ ਕ੍ਰਿਪਾਨਾ। ਗਿਰ ਗਿਰ ਪਰਤ ਸੂਰ ਬਲਵਾਨਾ॥ 123॥
ਬਡੋ ਪੁਤ੍ਰ ਤਬ ਖਾਨ ਰਿਸਾਯੋ। ਨਬੀ ਬਖਸ਼ ਜਿਹ ਨਾਮ ਕਹਾਯੋ।
*ਆਣਤ ਹਲੀ ਤੇਗ ਤਬ ਭਾਰੀ। **ਕਲਯਾਣੇ** ਕੇ ਸੀਸ ਮਝਾਰੀ॥ 124॥*
ਗਿਰਤ ਤਾਂਹਿ ਅਸ ਤੇਗ ਚਲਾਈ। ਨਬੀ ਬਖਸ਼ ਕੇ ਪ੍ਰਾਨ ਗਵਾਈ।

ਭਾਈ ਮੋਲਕ/ਮਲੂਕਾ

ਭਾਈ ਮੋਲਕ/ਮਲੂਕਾ ਛੇਵੇ ਪਾਤਿਸ਼ਾਹ ਦੀ ਫ਼ੋਜ ਦੇ ਬਹਾਦਰ ਸਿਪਾਹੀ ਸਨ। ਰੁਹੀਲਾ (ਹਰਿਗੋਬਿੰਦਪੁਰ) ਦੀ ਲੜਾਈ ਵਿਚ ਉਨ੍ਹਾਂ ਨੇ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ। 27 ਸਤੰਬਰ 1621 ਦੀ ਪਹਿਲੇ ਦਿਨ ਦੀ ਲੜਾਈ ਵਿਚ ਉਹ ਭਗਵਾਨ ਦਾਸ ਘੇਰੜ ਦੀ ਫ਼ੋਜ ਦੇ ਖ਼ਿਲਾਫ਼ ਡਟ ਕੇ ਲੜੇ। 3 ਅਕਤੂਬਰ ਦੇ ਦਿਨ ਭਗਵਾਨਾ ਘੇਰੜ ਦਾ ਪੁੱਤਰ ਜਲੰਧਰ ਤੋਂ ਮੁਗ਼ਲ ਸੂਬੇਦਾਰ ਨੂੰ ਚੜ੍ਹਾ ਲਿਆਇਆ। ਇਸ ਦਿਨ ਦੀ ਲੜਾਈ ਦੇ ਸ਼ੁਰੂ ਵਿਚ ਭਾਈ ਜੱਟੂ ਤੇ ਮਥਰਾ ਨੇ ਬਹੁਤ ਸਾਰੇ ਮੁਗ਼ਲ ਸਿਪਾਹੀ ਮਾਰ ਦਿੱਤੇ। ਕੁਝ ਚਿਰ ਮਗਰੋਂ ਮੁਗ਼ਲ ਫ਼ੋਜ ਦੇ ਮੁਖੀ ਨੇ ਆਪਣੇ ਜਵਾਨਾਂ ਨੂੰ ਇਕੱਠਿਆਂ ਕੀਤਾ ਅਤੇ ਦੋਬਾਰਾ ਹਮਲੇ ਵਾਸਤੇ ਉਕਸਾਇਆ। ਉਧਰ ਸਿੱਖ ਫ਼ੌਜਾਂ ਦੇ ਪੰਜ ਜਰਨੈਲ ਭਾਈ ਨਾਨੂ/ਨਾਨੋ, ਕਲਿਆਣਾ, ਜਗਨਾ, ਕਿਸ਼ਨਾ, **ਮੋਲਕ/ਮਲੂਕਾ** ਵੀ ਮੁਕਾਬਲੇ ਵਾਸਤੇ ਡਟ ਗਏ।

ਭਾਈ ਨਾਨੂ ਤੇ ਉਨ੍ਹਾਂ ਦੇ ਸਾਥੀਆਂ ਨੇ ਮੁਗ਼ਲ ਫ਼ੋਜਾਂ ਦਾ ਡਟ ਕੇ ਮੁਕਾਬਲਾ ਕੀਤਾ। ਭਾਈ ਨਾਨੂ ਨੇ ਖ਼ੂਬ ਤਲਵਾਰ ਵਾਹੀ। ਉਨ੍ਹਾਂ ਨੇ ਮੁਗ਼ਲ ਸਿਪਾਹੀਆਂ ਦੀਆਂ ਲਾਸ਼ਾਂ ਦੇ ਢੇਰ ਲਗਾ ਦਿੱਤੇ ਤੇ ਅਖ਼ੀਰ ਆਪ ਵੀ ਸ਼ਹੀਦ ਹੋ ਗਏ। ਭਾਈ ਨਾਨੂ ਦੀ ਸ਼ਹੀਦੀ ਵੇਖ ਕੇ ਭਾਈ **ਮੋਲਕ** ਬੜੇ ਰੋਹ ਵਿਚ ਆਏ। ਭਾਈ **ਮੋਲਕ** ਤੇ ਉਨ੍ਹਾਂ ਦੇ ਸਾਥੀਆਂ ਨੇ ਮੁਗ਼ਲ ਫ਼ੌਜਾਂ ਦੇ ਖ਼ੂਬ ਆਹੂ ਲਾਹੇ। ਭਾਈ **ਮੋਲਕ** ਦੀ ਤਲਵਾਰ ਨੇ ਬਹੁਤ ਸਾਰੇ ਮੁਗ਼ਲ ਸਿਪਾਹੀਆਂ ਦੀਆਂ ਧੌਣਾਂ ਲਾਹੀਆਂ। ਇਨ੍ਹਾਂ ਵਿਚੋਂ ਪ੍ਰਮੁੱਖ ਮੁਗ਼ਲ ਜਰਨੈਲ ਬਲਵੰਡ ਸੀ। ਅਖ਼ੀਰ ਲੜਦੇ-ਲੜਦੇ ਭਾਈ **ਮੋਲਕ** ਆਪ ਵੀ ਸ਼ਹੀਦੀ ਜਾਮ ਪੀ ਗਏ। **"ਗੁਰਬਿਲਾਸ ਪਾਤਿਸ਼ਾਹੀ ਛੇਵੀਂ"** ਦਾ ਲੇਖਕ ਭਾਈ **ਮੋਲਕ** (ਮਲੂਕਾ) ਦੀ ਬਹਾਦਰੀ ਦਾ ਜ਼ਿਕਰ ਇੰਝ ਕਰਦਾ ਹੈ:-

*ਤਬੈ ਕੋਪ ਕੈ **ਮੋਲਕੰ** ਤੇਗ ਝਾਰੀ। ਹਤਾ ਏਕ ਦੀਵਾਨ ਸੈਨਾ ਹਤਾਰੀ।*
*ਬਲਵੰਡ ਮਾਰਯੋ ਸੁ ਜੋਧਾ ਅਪਾਰੀ। ਧਨੰ **ਮੋਲਕੰ** ਸੂਰ ਭਾਖੈ ਬਲਾਰੀ॥ 113॥*
*ਮਹਾ ਘੋਰ ਸੰਗ੍ਰਾਮ **ਮੋਲਕੰ** ਹਤਾਯੋ। ਨਭੰ ਸੁੰਦਰੀ ਲੈ ਚਲੀ ਸੂਰ ਭਾਯੋ।*

ਭਾਈ ਜੱਟੂ

ਭਾਈ ਜੱਟੂ ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਦੇ ਪ੍ਰਮੁੱਖ ਸਿੱਖਾਂ ਵਿਚੋਂ ਇਕ ਸੀ। ਉਹ ਇਕ ਬਹੁਤ ਬਹਾਦਰ, ਤਾਕਤਵਰ ਅਤੇ ਜੋਸ਼ੀਲਾ ਸਿੱਖ ਸੀ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਫ਼ੌਜ ਬਣਾਈ ਤਾਂ ਉਹ ਬਹੁਤ ਸਾਰੇ ਸਾਥੀਆਂ ਸਣੇ ਫ਼ੌਜ ਵਿਚ ਸ਼ਾਮਿਲ ਹੋਇਆ:

ਗੁਰੂ ਸੂਰ ਬਾਂਕੇ। ਗਿਨੋ ਨਾਮ ਤਾਂ ਕੇ।
***ਜੱਟੂ** ਸੂਰ ਜਾਨੋ। ਕਲਯਾਨਾ ਸੁ ਨਾਨੋ॥ 66॥*

27 ਸਤੰਬਰ ਦੇ ਦਿਨ ਰੁਹੀਲਾ (ਹਰਿਗੋਬਿੰਦਪੁਰ) ਵਿਚ ਭਗਵਾਨਾ ਘੇਰੜ ਅਤੇ ਚੰਦੂ ਦੇ ਪੁੱਤਰ ਕਰਮ ਚੰਦ ਨੇ ਗੁਰੂ ਹਰਿਗੋਬਿੰਦ ਸਾਹਿਬ 'ਤੇ ਹਮਲਾ ਕਰ ਦਿੱਤਾ ਪਰ ਬੁਰੀ ਤਰ੍ਹਾਂ ਹਾਰ ਖਾਧੀ। ਇਸ ਲੜਾਈ ਵਿਚ ਭਾਈ **ਜੱਟੂ** ਨੇ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ। 3 ਅਕਤੂਬਰ ਨੂੰ ਭਗਵਾਨਾ ਘੇਰੜ ਤੇ ਚੰਦੂ ਦਾ ਪੁੱਤਰ ਮੁਗਲਾਂ ਨੂੰ ਵੀ ਰੁਹੀਲਾ 'ਤੇ ਚੜ੍ਹਾ ਲਿਆਏ। ਇਸ ਲੜਾਈ ਵਿਚ ਵੀ ਭਾਈ **ਜੱਟੂ** ਨੇ ਕਮਾਲ ਦਾ ਜੰਗ ਕੀਤਾ।

ਭਾਈ **ਜੱਟੂ** ਦਾ ਮੁਕਾਬਲਾ ਮੁਗਲਾਂ ਦੇ ਆਗੂ ਮੁਹੰਮਦ ਖਾਨ ਨਾਲ ਹੋਇਆ। ਮੁਹੰਮਦ ਖਾਨ ਅਤੇ **ਜੱਟੂ** ਨੇ ਪਹਿਲਾਂ ਤਾਂ ਤੀਰਾਂ ਨਾਲ ਮੁਕਾਬਲਾ ਕੀਤਾ। ਮੁਗਲ ਜਰਨੈਲ ਦੇ ਚਲਾਏ ਤੀਰ ਨੂੰ ਭਾਈ **ਜੱਟੂ** ਹਵਾ ਵਿਚ ਹੀ ਤੋੜ ਦਿੰਦਾ ਸੀ। **ਜੱਟੂ** ਨੇ ਤੀਰ ਚਲਾ-ਚਲਾ ਕੇ ਬਹੁਤ ਸਾਰੇ ਮੁਗਲ ਫੌਜੀ ਮਾਰ ਦਿੱਤੇ। ਬਹੁਤ ਸਾਰੇ ਮੁਗਲ ਫ਼ੌਜੀ ਮਰਦੇ ਵੇਖ ਕੇ ਮੁਗਲਾਂ ਨੇ ਵੀ ਤੀਰ ਚਲਾਣੇ ਸ਼ੁਰੂ ਕਰ ਦਿੱਤੇ ਅਤੇ ਬਹੁਤ ਸਾਰੇ ਸਿੱਖਾਂ ਨੂੰ ਵੀ ਸ਼ਹੀਦ ਕਰ ਦਿੱਤਾ। ਤੀਰ ਮੁੱਕਣ ਮਗਰੋਂ ਤਲਵਾਰਾਂ ਨਾਲ ਲੜਾਈ ਸ਼ੁਰੂ ਹੋ ਗਈ। ਜੱਟੂ ਦਾ ਮੁਕਾਬਲਾ ਮੁਗਲ ਜਰਨੈਲ ਮੁਹੰਮਦ ਨਾਲ ਹੋਇਆ। ਮੁਹੰਮਦ ਵੀ ਇਕ ਮੰਨਿਆ ਪਰਮੰਨਿਆ ਜਰਨੈਲ ਸੀ। ਦੋਵੇਂ ਇਕ ਦੂਜੇ 'ਤੇ ਲਗਾਤਾਰ ਵਾਰ ਕਰਦੇ ਰਹੇ। ਅਖ਼ੀਰ ਦੋਹਾਂ ਦੀਆਂ ਤਲਵਾਰਾਂ ਨੇ ਆਪਣਾ-ਆਪਣਾ ਨਿਸ਼ਾਨਾ ਮਾਰ ਲਿਆ ਤੇ ਦੋਵੇਂ ਲੜਦੇ-ਲੜਦੇ ਆਪਣੀ ਜਾਨ 'ਤੇ ਖੇਡ ਗਏ।

ਭਾਈ **ਜੱਟੂ** ਦੀ ਲੜਾਈ ਦਾ ਖ਼ੂਬਸੂਰਤ ਜ਼ਿਕਰ "**ਗੁਰਬਿਲਾਸ ਪਾਤਸ਼ਾਹੀ ਛੇਵੀਂ**' ਵਿਚ ਇੰਞ ਕੀਤਾ ਮਿਲਦਾ ਹੈ:

ਤਬੈ ਸੁ ਕੋਪ ਓਪ ਦੈ ਵਜ਼ੀਰ ਬਾਨ ਮਾਰਜੇ।
***ਜੱਟੂ** ਸੁ ਸੂਰ ਦੇਖਿ ਕੈ ਨਭੰ ਸੁ ਕਾਟ ਡਾਰਜੇ।*

ਜੱਟੂ ਸੁ ਬਾਨ ਮਾਰਿ ਕੈ ਹਨੀ ਸੁ ਸੈਨ ਤਾਸ ਕੀ।
ਮਚਾ ਸੁ ਜੁਧ ਭਾਰ ਯੋਂ ਡਰੀ ਸੁ ਸੈਨ ਪਾਸਿ ਕੀ॥ 84 ॥
ਜਬੈ ਸੁ ਸੈਨ ਤਾਸ ਕੀ ਦਈ ਜੱਟੂ ਸੰਘਾਰਿ ਕੈ।
ਰਹਾ ਸੁ ਏਕ ਸੂਰਮਾ ਮਹੰਮਦੰ ਪੁਕਾਰਿ ਕੈ।
ਪਰਾ ਵਜ਼ੀਰ ਦੌਰਿ ਕੈ ਅਨੇਕ ਬਾਨ ਮਾਰਯੰ।
ਹਨੇ ਸੁ ਸੂਰ ਸੰਗਿ ਜੇ ਤਬੈ ਜੱਟੂ ਹੰਕਾਰਯੰ ॥ 85 ॥
ਦੋਊ ਸੁ ਸੂਰ ਭਾਰਯੰ ਧਏ ਸੁ ਤੇਗ ਹਾਥ ਕੈ।
ਸੁ ਤੇਗ ਜੁਧ ਧਾਰੀਯੰ ਸਭੀ ਸੁ ਅੰਗ ਮਾਥ ਕੈ।
ਪਰੇ ਪ੍ਰਿਥੀ ਸੁ ਮੂਰਛਾ ਉਠੇ ਸੁ ਧਾਰਿ ਕ੍ਰੁਧ ਕੋ ॥86 ॥
ਇਹ ਬਿਧ ਦੋਊ ਸੂਰ ਕਰਿ ਕ੍ਰੁਧਾ। ਦੋਇ ਘਰੀ ਕੀਨੋ ਬਡ ਜੁਧਾ।
ਮੁਹੰਮਦ ਤਮਕ ਤੇਗ ਕੀ ਭਾਰੀ। ਜੱਟੂ ਤੇਗ ਤਾਹਿ ਪੈ ਡਾਰੀ॥87 ॥
ਦੁਹੂ ਜੁਧ ਕੀਨੋ ਤਬ ਭਾਰੀ। ਧੰਨੁ ਧੰਨੁ ਸਭ ਸੈਨ ਪੁਕਾਰੀ।
ਦੋਊ ਗਿਰੇ ਜੂਝ ਰਣ ਧਾਮਾ। ਗਏ ਸੁਰਗ ਕਰਿ ਪੂਰਨ ਕਾਮਾ॥ 88 ॥

ਭਾਈ ਸਕਤੂ ਅਤੇ ਭਾਈ ਪਰਸ ਰਾਮ

ਭਾਈ **ਸਕਤੂ** ਅਤੇ ਭਾਈ **ਪਰਸ ਰਾਮ** ਛੇਵੇਂ ਪਾਤਸ਼ਾਹ ਦੇ ਵੇਲੇ ਦੇ ਪ੍ਰਮੁੱਖ ਸਿੱਖਾਂ ਵਿਚੋਂ ਇਕ ਸਨ। ਆਪ ਦੋਵੇਂ ਰੁਹੀਲਾ (ਹਰਿਗੋਬਿੰਦਪੁਰ) ਦੀ ਲੜਾਈ ਵਿਚ ਬੜੀ ਬਹਾਦਰੀ ਨਾਲ ਲੜੇ। ਇਹ ਲੜਾਈ 27 ਸਤੰਬਰ ਤੇ 3 ਅਕਤੂਬਰ 1621 ਨੂੰ, ਦੋ ਦਿਨ, ਹੋਈ ਸੀ। ਆਪ ਦੁਸ਼ਮਣਾਂ ਦੇ ਆਹੂ ਲਾਹੁੰਦੇ ਅਖੀਰ ਸ਼ਹੀਦੀ ਜਾਮ ਪੀ ਗਏ।

'ਗੁਰਬਿਲਾਸ ਪਾਤਸ਼ਾਹੀ ਛੇਵੀਂ' ਦਾ ਲੇਖਕ ਭਾਈ **ਸਕਤੂ** ਦੀ ਬਹਾਦਰੀ ਦਾ ਜ਼ਿਕਰ ਇਝ ਕਰਦਾ ਹੈ:

ਪਿਰਾਗਾ ਮਥਰਾ ਸੂਰ ਭਨ ਜਗਨਾ ਜੋਧ ਅਪਾਰ।
ਪਰਸ ਰਾਮ ਮੋਲਕ ਬਡੋ **ਸਕਤੂ** ਸਤ੍ਰੂ ਸੰਘਾਰ॥ 67 ॥

ਪਰਸ ਰਾਮ ਸਕਤੂ ਤਬੈ ਬਿਨਤੀ ਕਰੀ ਅਪਾਰ।
ਮਹਾਰਾਜ ਆਗਯਾ ਕਰੋ ਤਵ ਬਲ ਸਤ੍ਰੂ ਸੰਘਾਰ॥ 155॥
ਗੁਰੂ ਕੀਨ ਆਗਯਾ। ਦਲੇ ਪ੍ਰੇਮ ਪਾਗਯਾ।
ਕਛੂ ਸੈਨ ਲੀਨੀ। ਨਹੀ ਸੰਕ ਕੀਨੀ॥ 156॥
ਦੁ ਸੂਏ ਸੁ ਸੈਨਾ। ਕਰੈ ਲਾਲ ਨੈਨਾ।
ਤਬੈ ਬਾਨ ਡਾਰੇ। ਕਈ ਸੂਰ ਮਾਰੇ॥ 157॥
ਸੁ ਲੋਥੰ ਕਿਨਾਰਾ। ਬਹੀ ਲੋਹ ਧਾਰਾ। ਸਿਵਾ ਗੀਤ ਗਾਵੈ। ਕਿ ਮੁੰਡੰ ਬਨਾਵੈ॥ 158॥
ਕਹੂ ਬਾਜ ਮਾਰੇ। ਕਹੂ ਪੇਟ ਫਾਰੇ। ਕਹੂ ਹੂਹ ਛੂਟੰ। ਕਹੁ ਸੀਸ ਫੂਟੰ॥ 159॥
ਨਦੀ ਸ੍ਰੋਣ ਪੂਰੰ। ਫਿਰੇ ਗੈਣ ਹੂਰੰ। ਛਿਦੰ ਦੇਹ ਲਾਗੇ। ਫਿਰੈ ਸੂਰ ਭਾਗੇ॥ 160॥
ਕਾਗੜਦੰ ਕੋਪੀ ਸਾਗੜਦੰ ਸੈਨਾ।
ਤਾਗੜਦੰ ਤਯਾਗਾ ਜੋ ਬਾਗੜਦੰ ਚੈਨਾ।
ਛਾਗੜਦੰ ਛੋਰੇ ਤਾਗੜਦੰ ਤੀਰੰ।
ਮਾਗੜਦੰ ਮਾਰੇ ਦਾਗੜਦੰ ਬੀਰੰ॥ 161॥
ਫਾਗੜਦੰ ਫੀਲੰ ਛਾਗੜਦੰ ਛੁੱਟੇ। ਗਾਗੜਦੰ ਸੂਰੰ ਜਾਗੜਦੰ ਜੁੱਟੇ।
ਬਾਗੜਦੰ ਬਾਜੇ ਨਾਗੜਦੰ ਨਗਾਰੇ। ਜਾਗੜਦੰ ਜੋਧਾ ਮਾਗੜਦੰ ਮਾਰੇ॥ 162॥
ਇਹ ਬਿਧਿ ਸੈਨ ਸੰਘਾਰ ਕਰਿ ਘਨੇ ਘਰਨ ਕੋ ਗਾਰ।
ਪਰਸ ਰਾਮ ਸਕਤੂ ਤਬੈ ਪਰੇ ਧਰਨ ਮੁਰਛਾਰ॥ 163॥
ਚੜੰ ਬਿਮਾਨ ਜੋਧੇ ਤਬੈ ਧਰੇ ਦੇਵ ਤਨ ਰੂਪ।
ਦਿਖਿ ਬਿਧੀਆ ਬਿਸਮੈ ਭਯੋ ਮਨਹੁ ਇੰਦ੍ਰ ਵਰ ਭੂਪ॥ 164॥

ਭਾਈ ਸੁੰਦਰ

ਭਾਈ **ਸੁੰਦਰ** ਛੇਵੇਂ ਪਾਤਸ਼ਾਹ ਦੇ ਵੇਲੇ ਦੇ ਪ੍ਰਮੁੱਖ ਸਿੱਖਾਂ ਵਿਚੋਂ ਇਕ ਸਨ। ਆਪ ਰੁਹੀਲਾ (ਹਰਿਗੋਬਿੰਦਪੁਰ) ਦੀ ਲੜਾਈ ਵਿਚ ਬੜੀ ਬਹਾਦਰੀ ਨਾਲ ਲੜੇ। ਇਹ ਲੜਾਈ 27 ਸਤੰਬਰ ਤੇ 3 ਅਕਤੂਬਰ 1621, ਦੋ ਦਿਨ, ਹੋਈ ਸੀ। ਆਪ ਦੁਸ਼ਮਣਾਂ ਦੇ ਆਹੂ ਲਾਹੁੰਦੇ ਅਖ਼ੀਰ ਸ਼ਹੀਦੀ ਜਾਮ ਪੀ ਗਏ।

ਭਾਈ ਕੀਰਤ ਭੱਟ

ਭਾਈ **ਕੀਰਤ ਭੱਟ** ਭਾਈ ਭਿੱਖਾ ਭੱਟ ਦੇ ਸਪੁੱਤਰ, ਭਾਈ ਰਈਆ ਦੇ ਪੋਤੇ ਅਤੇ ਭਾਈ ਨਰਸੀ ਦੇ ਪੜਪੋਤੇ ਸਨ। ਆਪ 13 ਅਪ੍ਰੈਲ 1634 ਦੀ ਲੜਾਈ ਵਿਚ ਗੁਰੂ ਦਾ ਚੱਕ (ਅੰਮ੍ਰਿਤਸਰ) ਵਿਚ ਹਮਲਾਵਰਾਂ ਦੁਸ਼ਮਣਾਂ ਦੇ ਆਹੂ ਲਾਹੁੰਦੇ ਹੋਏ ਸ਼ਹੀਦ ਹੋ ਗਏ ਸਨ।

ਭਾਈ **ਕੀਰਤ ਭੱਟ** ਗੁਰੂ ਅਰਜਨ ਸਾਹਿਬ ਦੇ ਵੇਲੇ ਦੇ ਪ੍ਰਮੁੱਖ ਸਿੱਖਾਂ ਵਿਚੋਂ ਇਕ ਸਨ। ਆਪ ਕੋਸ਼ਿਸ਼-ਗੋੜ ਬ੍ਰਾਹਮਣ ਪਰਿਵਾਰ ਨਾਲ ਸੰਬੰਧ ਰੱਖਦੇ ਸਨ। ਇਕ ਤਵਾਰੀਖੀ ਸੋਮੇ ਮੁਤਾਬਿਕ ਆਪ ਉਨ੍ਹੀਂ ਦਿਨੀਂ ਸੁਲਤਾਨਪੁਰ (ਜ਼ਿਲਾ ਕਪੂਰਥਲਾ) ਦੇ ਵਾਸੀ ਸਨ ਅਤੇ ਅਕਸਰ ਗੁਰੂ ਦਾ ਚੱਕ (ਅੰਮ੍ਰਿਤਸਰ) ਆਉਂਦੇ ਜਾਂਦੇ ਰਹਿੰਦੇ ਸਨ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਫ਼ੌਜ ਬਣਾਈ ਤਾਂ ਆਪ ਨੇ ਵੀ ਫ਼ੌਜੀ ਸਿਖਲਾਈ ਹਾਸਿਲ ਕੀਤੀ। ਆਪ ਕਲਮ ਦੇ ਨਾਲ-ਨਾਲ ਸ਼ਸਤਰ ਚਲਾਉਣ ਵਿਚ ਵੀ ਬੜੇ ਮਾਹਿਰ ਸਨ।

13 ਅਪ੍ਰੈਲ 1634 ਦੇ ਦਿਨ, ਜਿਸ ਵੇਲੇ ਗੁਰੂ ਹਰਿਗੋਬਿੰਦ ਸਾਹਿਬ ਆਪਣੀ ਬੇਟੀ ਬੀਬੀ ਵੀਰੋ ਦੇ ਵਿਆਹ ਦੀਆਂ ਤਿਆਰੀਆਂ ਵਿਚ ਰੁੱਝੇ ਹੋਏ ਸਨ, ਮੁਰਤਜ਼ਾ ਖਾਂ (ਇਹ ਉਹ ਮੁਰਤਜ਼ਾ ਖਾਂ ਨਹੀਂ ਸੀ ਜੋ 1606 ਵਿਚ ਲਾਹੌਰ ਦਾ ਸੂਬੇਦਾਰ ਸੀ ਅਤੇ ਜਿਸ ਨੇ ਗੁਰੂ ਅਰਜਨ ਸਾਹਿਬ ਨੂੰ ਤਸੀਹੇ ਦੇਣ ਦੇ ਹੁਕਮ ਦੀ ਤਾਮੀਲ ਕੀਤੀ ਸੀ) ਨੇ ਗੁਰੂ ਦਾ ਚੱਕ 'ਤੇ ਹਮਲਾ ਕਰ ਦਿੱਤਾ। ਭਾਵੇਂ ਉਸ ਵੇਲੇ ਸਿੱਖ ਫ਼ੌਜ ਲੜਾਈ ਵਾਸਤੇ ਜ਼ਰਾ ਵੀ ਤਿਆਰ ਨਹੀਂ ਸੀ ਫਿਰ ਵੀ ਉਨ੍ਹਾਂ ਨੇ ਮੁਗ਼ਲਾਂ ਦੇ ਖ਼ੂਬ ਆਹੂ ਲਾਹੇ। ਇਸ ਮੌਕੇ 'ਤੇ ਭਾਈ **ਕੀਰਤ ਭੱਟ** ਵੀ ਦਿਲੋ-ਜਾਨ ਤੋਂ ਜੂਝ ਕੇ ਲੜੇ ਅਤੇ ਕਈ ਮੁਗ਼ਲ ਫ਼ੌਜੀਆਂ ਨੂੰ ਮੌਤ ਦੇ ਘਾਟ ਉਤਾਰਿਆ। ਇਸ ਲੜਾਈ ਵਿਚ ਕਈ ਸਿੰਘ ਵੀ ਸ਼ਹੀਦ ਹੋਏ। ਇਨ੍ਹਾਂ ਵਿਚ ਭਾਈ **ਕੀਰਤ ਭੱਟ** ਵੀ ਸੀ।

ਜਿਹਾ ਕਿ ਉਪਰ ਜ਼ਿਕਰ ਕੀਤਾ ਗਿਆ ਹੈ ਭਾਈ **ਕੀਰਤ ਭੱਟ** ਇਕ ਵਧੀਆ ਸ਼ਾਇਰ ਵੀ ਸਨ। ਉਨ੍ਹਾਂ ਦੇ ਕਲਾਮ ਨੂੰ ਗੁਰੂ ਅਰਜਨ ਸਾਹਿਬ ਨੇ ਆਪਣੀ ਮਨਜ਼ੂਰੀ ਦੀ ਮੋਹਰ ਲਾਈ ਸੀ। ਇਸ ਦਾ ਸਬੂਤ ਇਸ ਗੱਲ ਤੋਂ ਮਿਲ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਦਰਜ ਕਰਨ ਵੇਲੇ ਭਾਈ **ਕੀਰਤ ਭੱਟ** ਦੇ ਅੱਠ ਸਲੋਕ ਵੀ ਸ਼ਾਮਿਲ ਕੀਤੇ ਸਨ। ਭਾਈ **ਕੀਰਤ ਭੱਟ** ਦੇ ਅੱਠਾਂ ਵਿਚੋਂ ਚਾਰ ਸਲੋਕ ਗੁਰੂ ਅਮਰ ਦਾਸ ਸਾਹਿਬ ਦੀ ਸ਼ਖ਼ਸੀਅਤ ਬਾਰੇ ਹਨ ਅਤੇ ਚਾਰ ਸਲੋਕ ਗੁਰੂ ਰਾਮ ਦਾਸ ਸਾਹਿਬ ਦੀ ਸ਼ਖ਼ਸੀਅਤ ਨੂੰ ਬਿਆਨ ਕਰਦੇ ਹਨ।

ਕ਼ਾਦੀ **ਕੀਰਤ ਭੱਟ** ਦੀ ਸ਼ਹੀਦੀ ਦਾ ਜ਼ਿਕਰ "**ਭੱਟ ਵਹੀ ਮੁਲਤਾਨੀ ਸਿੰਧੀ**' ਵਿਚ ਇਨ੍ਹਾਂ ਲਫ਼ਜ਼ਾਂ ਨਾਲ ਆਇਆ ਹੈ:

'ਬਲੂ ਬੇਟਾ ਮੂਲੇ ਕਾ ਪੋਤਾ ਰਾਊ ਕਾ, ਪੜਪੋਤਾ ਚਾਹੜ ਕਾ ਰਦਉਤ ਜਲ੍ਹਾਨਾ, ਸਾਲ ਸੋਲਾਂ ਸੈ ਇਕਾਨਮੇ ਵਿਸਾਖ ਪ੍ਰਵਿਸ਼ਟੇ ਸਤਾਰਾਂ, ਗੁਰੂ ਚੱਕ ਕੇ ਮਲਾਨ ਗੁਰੂ ਕਾ ਬਚਨ ਪਾਇ ਸਾਮ੍ਹੇ ਮਾਥੇ ਰਣ ਮੇਂ ਮੁਰਤਜ਼ਾ ਖਾਂ ਕੋ ਮਾਰ ਕੇ ਮਰਾ। *ਗੈਲੋਂ ਕੀਰਤ ਬੇਟਾ ਭਿਖੇ ਕਾ ਪੋਤਾ ਰਦੀਏ ਕਾ, ਪੜਪੋਤਾ ਨਰਸੀ ਕਾ ਕੋਸ਼ਿਸ਼ ਗੋਤ੍ਰ ਬ੍ਰਾਹਮਣ ਮਾਰਾ ਗਿਆ।*

(ਭੱਟ ਵਹੀ ਮੁਲਤਾਨੀ ਸਿੰਧੀ)

ਭਾਈ ਬੱਲੂ

(ਭਾਈ ਮਨੀ ਸਿੰਘ ਦਾ ਦਾਦਾ) ਭਾਈ **ਬੱਲੂ** ਭਾਈ ਮੂਲਾ ਦੇ ਪੁੱਤਰ ਅਤੇ ਭਾਈ ਰਾਓ ਦੇ ਪੋਤਰੇ ਸਨ। ਆਪ ਰਾਜਪੂਤਾਂ ਦੇ ਪਰਮਾਰ ਖ਼ਾਨਦਾਨ ਨਾਲ ਸਬੰਧ ਰੱਖਦੇ ਸਨ। ਇਨ੍ਹਾਂ ਦਾ ਪਿਛੋਕੜ ਹਿਮਾਚਲ ਦੀ ਰਿਆਸਤ ਨਾਹਨ ਸੀ। ਇਹ 16ਵੀਂ ਸਦੀ ਵਿਚ ਨਾਹਨ ਤੋਂ ਰਿਆਸਤ ਮੁਲਤਾਨ ਵਿਚ ਚਲੇ ਗਏ ਸਨ ਤੇ ਇੱਥੋਂ ਦੇ ਇਕ ਪਿੰਡ ਅਲੀਪੁਰ, ਜ਼ਿਲ੍ਹਾ ਮੁਜ਼ੱਫਰਗੜ੍ਹ (ਜੋ ਹੁਣ ਪਾਕਿਸਤਾਨ ਵਿਚ ਹੈ) ਰਹਿਣ ਲੱਗ ਪਏ ਸਨ। ਭਾਈ ਮੂਲਾ ਗੁਰੂ ਘਰ ਦੇ ਬੜੇ ਵੱਡੇ ਸ਼ਰਧਾਲੂ ਸਨ। ਭਾਈ ਮੂਲਾ ਦੇ 14 ਪੁੱਤਰ ਸਨ ਇਨ੍ਹਾਂ ਵਿਚੋਂ ਬੱਲੂ ਸਭ ਤੋਂ ਵੱਡੇ ਸਨ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਫੌਜ ਬਣਾਈ ਤਾਂ ਭਾਈ **ਬੱਲੂ** ਵੀ ਉਸ ਵਿਚ ਸ਼ਾਮਿਲ ਹੋਏ। ਭਾਈ ਬੱਲੂ ਦਾ ਗੁਰੂ ਹਰਿਗੋਬਿੰਦ ਸਾਹਿਬ ਨਾਲ ਬੜਾ ਪਿਆਰ ਸੀ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਰਹੇ ਸਨ ਤਾਂ ਭਾਈ ਬੱਲੂ ਅਕਸਰ ਗਵਾਲੀਅਰ ਜਾਇਆ ਕਰਦੇ ਸਨ। ਅਕਤੂਬਰ 1619 ਵਿਚ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾ ਹੋ ਕੇ ਗੋਇੰਦਵਾਲ ਪਹੁੰਚੇ ਤਾਂ ਭਾਈ ਬੱਲੂ ਉਨ੍ਹਾਂ ਸਿਖਾਂ ਵਿਚੋਂ ਇਕ ਸਨ ਜਿਹੜੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਮਿਲਣ ਵਾਸਤੇ ਸਭ ਤੋਂ ਪਹਿਲਾਂ ਪੁੱਜੇ। 28 ਜਨਵਰੀ 1620 ਦੇ ਦਿਨ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਦੀ ਮੁਗ਼ਲ ਬਾਦਸ਼ਾਹ ਜਹਾਂਗੀਰ ਨਾਲ ਕਲਾਨੌਰ (ਜ਼ਿਲ੍ਹਾ ਗੁਰਦਾਸਪੁਰ) ਵਿਚ ਮੁਲਾਕਾਤ ਹੋਈ ਤਾਂ ਭਾਈ **ਬੱਲੂ** ਵੀ ਗੁਰੂ ਸਾਹਿਬ ਦੇ ਨਾਲ ਸਨ। ਇਸ ਸੰਬੰਧ ਵਿਚ ਇਕ

ਇੰਦਰਾਜ ਇਸ ਤਰ੍ਹਾਂ ਮਿਲਦਾ ਹੈ:-

'ਗੁਰੂ ਹਰਿਗੋਬਿੰਦ ਮਹਲ ਛਟਾ, ਬੇਟਾ ਗੁਰੂ ਅਰਜਨ ਜੀ ਕਾ, ਬਾਸੀ ਚੱਕ ਗੁਰੂ ਪਰਗਣਾ ਨਿਝਰਿਆਲਾ, ਗਢ ਗੁਆਲੀਅਰ ਸੇ ਬੰਧਨ ਮੁਕਤ ਹੋਇ ਗਾਮ ਕਲਾਨੌਰ ਪਰਗਣਾ ਬਟਾਲਾ ਮੇਂ ਆਏ। ਬਾਦਸ਼ਾਹ ਜਹਾਂਗੀਰ ਕੇ ਗੈਲ ਸੰਮਤ ਸੋਲਾਂ ਸੈ ਛਿਹੱਤਰ ਫਲਗੁਨ ਪ੍ਰਵਿਸ਼ਟੇ ਪਹਿਲੀ ਸੰਗ੍ਰਾਂਦ ਕੇ ਦਿਹੁੰ। ਗੁਰੂ ਜੀ ਦਾ ਆਨਾ ਸੁਣਿ ਬਾਬਾ ਬੁੱਢਾ ਬੇਟਾ ਬਾਬਾ ਸੁੱਘਾ ਰੰਧਾਵੇ ਕਾ, ਗੁਰਦਾਸ ਬੇਟਾ ਈਸ਼ਰਦਾਸ ਭੱਲੇ ਕਾ, ਬੱਲੂਰਾਇ ਬੇਟਾ ਮੂਲਚੰਦ ਜਲ੍ਹਾਨੇ ਕਾ, ਪਦਮਰਾਇ ਬੇਟਾ ਕੌਲਦਾਸ ਹਜਾਵਤ ਕਾ, ਹੋਰ ਸਿੱਖ ਫ਼ਕੀਰ ਆਏ।

(ਭੱਟ ਵਹੀ ਤਲਾਉਂਢਾ ਪਰਗਣਾ ਜੀਂਦ)

ਜਦੋਂ ਗੁਰੂ ਹਰਿਗੋਬਿੰਦ ਸਾਹਿਬ ਆਪਣੇ ਤਾਏ ਪ੍ਰਿਥੀ ਚੰਦ ਦੀ ਮੁਕਾਣ ਤੇ ਹੇਹਰ ਪਿੰਡ ਗਏ ਤਾਂ ਵੀ ਭਾਈ ਬੱਲੂ ਆਪ ਦੇ ਨਾਲ ਹੀ ਸਨ। ਭੱਟ ਵਹੀ ਵਿਚ ਇਸ ਬਾਰੇ ਇੰਵ ਲਿਖਿਆ ਮਿਲਦਾ ਹੈ:

"ਗੁਰੂ ਹਰਿਗੋਬਿੰਦ ਜੀ ਮਹਲਾ ਛਟਾ.....ਤਾਊ ਗੁਰੂ ਪ੍ਰਿਥੀਚੰਦ ਕੀ ਮੁਕਾਣ ਦੇਣ ਗੋਇੰਦਵਾਲ ਸੇ ਗਾਮ ਹੇਹਰ ਪਰਗਣਾ ਪੱਟੀ, ਗੁਰੂ ਮੇਹਰਬਾਨ ਕੇ ਘਰ ਆਏ, ਸਾਲ ਸੋਲਾਂ ਸੈ ਸਤੱਤਰ, ਪੋਖ ਪ੍ਰਵਿਸ਼ਟੇ ਅਠਾਈ, ਦਿਹੁੰ ਸ਼ੁਕਰਵਾਰ ਕੋ। ਸਾਥ ਅਰਜਾਨੀ ਸਾਹਿਬ ਬੇਟਾ ਗੁਰੂ ਮੋਹਰੀ ਜੀ ਦਾ ਪੋਤਾ ਗੁਰੂ ਅਮਰਦਾਸ ਮਹਲੇ ਤੀਜੇ ਕਾ, ਬਾਬਾ ਬੁੱਢਾ ਜੀ ਰਾਮਦਾਸ ਬੇਟਾ ਸੁੱਘੇ ਰੰਧਾਵੇ ਕਾ, ਗੁਰਦਾਸ ਬੇਟਾ ਈਸ਼ਵਰਦਾਸ ਭੱਲੇ ਕਾ, ਬੱਲੂ ਬੇਟਾ ਮੂਲੇ ਜਲ੍ਹਾਨੇ ਪੰਵਾਰ ਕਾ ਆਇਆ।"

(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਜਲ੍ਹਾਨੋਂ ਕਾ)

ਜਦੋਂ ਗੁਰੂ ਹਰਿਗੋਬਿੰਦ ਸਾਹਿਬ 28 ਜਨਵਰੀ 1620 ਦੇ ਦਿਨ ਗੁਰੂ ਦਾ ਚੱਕ (ਅੰਮ੍ਰਿਤਸਰ) ਪੁੱਜੇ ਤਾਂ ਵੀ ਭਾਈ **ਬੱਲੂ** ਆਪਦੇ ਨਾਲ ਸਨ। **ਭੱਟ ਵਹੀ ਤਲਾਉਂਢਾ** ਮੁਤਾਬਿਕ:

"ਗੁਰੂ ਹਰਿਗੋਬਿੰਦ ਜੀ ਮਹਲ ਛਟਾ ਬੇਟਾ ਗੁਰੂ ਅਰਜਨ ਜੀ ਕਾ, ਸੰਮਤ ਸੋਲਾਂ ਸੈ ਸਤੱਤ੍ਰਾ ਮਾਘ ਪ੍ਰਵਿਸ਼ਟੇ ਪਹਿਲੀ, ਕੇ ਦਿਹੁੰ ਹੇਹਰ ਨਗਰੀ ਸੇ ਚਲ ਗਾਮ ਗੁਰੂ ਕੇ ਚੱਕ, ਪਰਗਣਾ ਨਿਝਰਿਆਲਾ ਆਏ, ਗੈਲੇਂ ਗੁਰੂ ਅਰਜਾਨੀ ਸਾਹਿਬ ਬੇਟਾ ਗੁਰੂ ਮੋਹਰੀ ਜੀ ਕਾ, ਗੁਰੂ ਮੇਹਰਬਾਨ ਬੇਟਾ ਗੁਰੂ ਪ੍ਰਿਥੀ ਚੰਦ ਜੀ ਕਾ, ਬਾਬਾ ਬੁੱਢਾ ਰਾਮਦਾਸ ਬੇਟਾ ਸੁੱਘੇ ਰੰਧਾਵੇ ਕਾ, ਗੁਰਦਾਸ ਬੇਟਾ ਈਸ਼ਰਦਾਸ ਭੱਲੇ ਕਾ, **ਬੱਲੂ ਰਾਇ ਬੇਟਾ ਮੂਲਚੰਦ ਜਲ੍ਹਾਨੇ ਕਾ,** ਕੌਲ ਜੀ ਦਾਸ ਬੇਟਾ ਅੰਬੀਏ ਹਜਾਵਤ ਕਾ, ਹੋਰ ਸਿਖ ਫਕੀਰ ਆਏ। ਗੁਰੂ ਜੀ ਕੇ ਆਨੇ ਕੀ ਖੁਸ਼ੀ ਮੇਂ ਦੀਪਮਾਲਾ ਕੀ ਗਈ। ਹਰਿਮੰਦਰ ਸਾਹਿਬ ਜੀ ਮੇਂ ਦੀਆ ਬਾਤੀ ਕੀ ਸੇਵਾ ਗੁਰੂ ਮੇਹਰਬਾਨ ਕੀ ਲਾਈ। ਗੁਰੂ ਜੀ ਤੀਜੇ ਦਿਹੁੰ 'ਗੁਰੂ ਚੱਕ' ਸੇ ਵਿਦਾ ਹੋਇ

ਗੋਇੰਦਵਾਲ ਮੇਂ ਆਇ ਬਿਰਾਜੇ।"

(ਭੱਟ ਵਹੀ ਤਲਊਂਢਾ, ਪਰਗਣਾ ਜੀਂਦ)

1621 ਤੋਂ 1635 ਦੇ ਵਿਚਕਾਰ ਗੁਰੂ ਹਰਿਗੋਬਿੰਦ ਸਾਹਿਬ ਨੂੰ ਚਾਰ ਵੱਡੀਆਂ ਲੜਾਈਆਂ ਲੜਨੀਆਂ ਪਈਆਂ। ਇਨ੍ਹਾਂ ਲੜਾਈਆਂ ਵਿਚ ਗੁਰੂ ਸਾਹਿਬ ਦੇ ਸ਼ਰਧਾਲੂ ਸਿੱਖਾਂ ਨੇ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ। 13 ਅਪ੍ਰੈਲ 1634 ਦੇ ਦਿਨ ਜਦੋਂ ਮੁਰਤਜ਼ਾ ਖਾਂ ਦੀ ਅਗਵਾਈ ਵਿਚ ਗੁਰੂ ਕਾ ਚੱਕ (ਅੰਮ੍ਰਿਤਸਰ) 'ਤੇ ਹਮਲਾ ਕੀਤਾ ਤਾਂ ਹੋਰਨਾਂ ਦੇ ਨਾਲ ਭਾਈ ਬੱਲੂ ਵੀ ਡੱਟ ਕੇ ਲੜੇ। ਭਾਈ ਬੱਲੂ ਨੇ ਮੁਗਲ ਜਰਨੈਲਾਂ ਦਾਦੂ, ਜਲ੍ਹਾ ਅਤੇ ਮੁਰਤਜ਼ਾ ਖਾਂ ਨੂੰ ਆਹਮੋ-ਸਾਹਮਣੀ ਲੜਾਈ ਵਿਚ ਮਾਰ ਦਿੱਤਾ। ਇਸ ਤੋਂ ਇਲਾਵਾ ਉਸ ਨੇ ਹੋਰ ਬਹੁਤ ਸਾਰੇ ਮੁਗਲ ਫ਼ੌਜੀਆਂ ਨੂੰ ਵੀ ਪਾਰ ਬੁਲਾਇਆ ਅਤੇ ਖ਼ੂਬ ਬਹਾਦਰੀ ਦੇ ਜੌਹਰ ਦਿਖਾ ਕੇ ਆਪਣੀ ਸ਼ਹੀਦੀ ਹਾਸਲ ਕੀਤੀ। ਇਸ ਸਬੰਧ ਵਿਚ ਭੱਟ ਵਹੀਆਂ ਵਿਚ ਇਕ ਇੰਦਰਾਜ ਇਸ ਤਰ੍ਹਾਂ ਮਿਲਦਾ ਹੈ:

"ਬੱਲੂ ਬੇਟਾ ਮੂਲੇ ਕਾ ਪੋਤਾ ਰਾਊ ਕਾ, ਪੜਪੋਤਾ ਚਾਹੜ ਕਾ ਰਦਉੱਤ ਜਲ੍ਹਾਨਾ, ਸਾਲ ਸੋਲਾਂ ਸੈ ਇਕਾਨਮੇ ਵਿਸਾਖ ਪ੍ਰਵਿਸ਼ਟੇ ਸਤਾਰਾਂ, ਗੁਰੂ ਚੱਕ ਕੇ ਮਲ੍ਹਾਨ ਗੁਰੂ ਕਾ ਬਚਨ ਪਾਇ ਸਾਮ੍ਹੇ ਮਾਥੇ ਰਣ ਮੇਂ ਮੁਰਤਜ਼ਾ ਖਾਂ ਕੋ ਮਾਰ ਕੇ ਮਰਾ। ਗੈਲੋਂ ਕੀਰਤ ਬੇਟਾ ਭਿਖੇ ਕਾ ਪੋਤਾ ਰਈਏ ਕਾ, ਪੜਪੋਤਾ ਨਰਸੀ ਕਾ ਕੌਸ਼ਿਸ਼ ਗੋਤ੍ਰ ਗੌੜ ਬ੍ਰਾਹਮਣ ਮਾਰਾ ਗਿਆ।"

(ਭੱਟ ਵਹੀ ਮੁਲਤਾਨੀ ਸਿੰਧੀ)

ਸ਼ਹੀਦੀ ਵੇਲੇ ਭਾਈ ਬੱਲੂ ਦੀ ਉਮਰ 74 ਸਾਲ ਸੀ। (ਆਪ ਦਾ ਜਨਮ 2 ਅਪ੍ਰੈਲ 1560 ਨੂੰ ਹੋਇਆ ਸੀ) ਏਨੀ ਉਮਰ ਦੇ ਬਾਵਜੂਦ ਉਨ੍ਹਾਂ ਨੇ ਲੜਾਈ 'ਚ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ ਸਨ।

ਭਾਈ ਸਿੰਘਾ ਪੁਰੋਹਤ

ਭਾਈ **ਸਿੰਘਾ ਪੁਰੋਹਤ** ਦਾ ਨਾਂ ਸਿੱਖ ਤਵਾਰੀਖ ਦੀ ਇਕ ਅਹਿਮ ਘਟਨਾ ਨਾਲ ਜੁੜਿਆ ਹੋਇਆ ਹੈ। ਅਪਰੈਲ 1634 ਵਿਚ ਗੁਰੂ ਹਰਿਗੋਬਿੰਦ ਸਾਹਿਬ ਆਪਣੀ ਬੇਟੀ ਬੀਬੀ ਵੀਰੋ ਦੇ ਵਿਆਹ ਦੀਆਂ ਤਿਆਰੀਆਂ ਵਿਚ ਰੁੱਝੇ ਹੋਏ ਸਨ। ਬਾਰਾਤ ਆਉਣ ਤੋਂ ਇਕ ਦਿਨ ਪਹਿਲਾਂ ਮੁਗਲ ਫ਼ੌਜਾਂ ਨੇ ਮੁਰਤਜ਼ਾ ਖਾਂ ਦੀ ਅਗਵਾਈ ਵਿਚ ਗੁਰੂ ਦਾ ਚੱਕ

(ਅੰਮ੍ਰਿਤਸਰ) 'ਤੇ ਹਮਲਾ ਕਰ ਦਿੱਤਾ। ਸਿੱਖਾਂ ਨੂੰ ਇਸ ਹਮਲੇ ਦੀ ਖ਼ਬਰ ਅਗਾਊਂ ਹੋ ਗਈ। ਇਸ ਕਰ ਕੇ ਉਨ੍ਹਾਂ ਨਗਰ ਤੋਂ ਬਾਹਰ, ਖਾਲਸਾ ਕਾਲਜ ਵਾਲੀ ਜਗਹ ਦੇ ਨੇੜੇ, ਮੋਰਚੇ ਲਾ ਦਿੱਤੇ।

ਇਕ ਪਾਸੇ ਤਾਂ ਸਿੱਖਾਂ ਦੇ ਕੁਝ ਜਥਿਆਂ ਨੇ ਮੁਗ਼ਲ ਫ਼ੌਜਾਂ ਦਾ ਰਾਹ ਡੱਕ ਲਿਆ ਤੇ ਦੂਜੇ ਪਾਸੇ ਕੁਝ ਸਿੱਖ ਗੁਰੂ ਸਾਹਿਬ ਦੇ ਪਰਿਵਾਰਾਂ ਨੂੰ ਗੁਰੂ ਦਾ ਚੱਕ ਤੋਂ ਦੂਰ ਮਹਿਫ਼ੂਜ਼ ਜਗਹ ਵੱਲ ਲਿਜਾਣ ਲੱਗ ਪਏ। ਥੋੜ੍ਹੀ ਹੀ ਦੇਰ ਵਿਚ ਮੁਗ਼ਲ ਫ਼ੌਜਾਂ ਨੇ ਨਗਰ ਨੂੰ ਕਈ ਪਾਸਿਆਂ ਤੋਂ ਘੇਰਾ ਪਾ ਲਿਆ। ਇਸ ਦੇ ਨਾਲ ਹੀ ਘਮਸਾਣ ਦੀ ਲੜਾਈ ਸ਼ੁਰੂ ਹੋ ਗਈ। ਇਸ ਵੇਲੇ ਤਕ ਗੁਰੂ ਘਰ ਦੇ ਸਾਰੇ ਮੈਂਬਰ ਝਬਾਲ ਪਹੁੰਚਾਏ ਜਾ ਚੁੱਕੇ ਸਨ। ਪਰ ਬੀਬੀ ਵੀਰੋ, ਜਿਸ ਦਾ ਵਿਆਹ ਹੋਣਾ ਸੀ, ਉਹ ਅਜੇ ਗੁਰੂ ਦਾ ਚੱਕ ਵਿਚ ਹੀ ਸੀ। ਕਿਉਂਕਿ ਉਹ ਇਕੱਲੀ ਵਖਰੇ ਕਮਰੇ ਵਿਚ ਸੀ, ਇਸ ਕਰ ਕੇ ਭਾਜੜ ਵਿਚ ਉਸ ਵੱਲ ਕਿਸੇ ਦਾ ਖ਼ਿਆਲ ਹੀ ਨਾ ਗਿਆ। ਪਰ ਜਦੋਂ ਸਿੱਖਾਂ ਨੂੰ ਇਸ ਦਾ ਪਤਾ ਲੱਗਾ ਤਾਂ ਉਨ੍ਹਾਂ ਵਿਚੋਂ ਭਾਈ ਸਿੰਘਾ ਪੁਰੋਹਤ ਤੇ ਭਾਈ ਬਾਬਕ ਨੇ ਮੁਸਲਮਾਨੀ ਰੂਪ ਧਾਰ ਕੇ ਬੀਬੀ ਵੀਰੋ ਨੂੰ ਲਭ ਕੇ ਲੈ ਆਂਦਾ। ਭਾਈ ਸਿੰਘਾ ਨੇ ਬੀਬੀ ਵੀਰੋ ਨੂੰ ਘੋੜੇ 'ਤੇ ਬਿਠਾਇਆ ਅਤੇ ਦੁਸ਼ਮਣਾਂ ਦਾ ਘੇਰਾ ਤੋੜਦਾ ਹੋਇਆ ਝਬਾਲ ਪਹੁੰਚ ਗਏ। ਬੀਬੀ ਵੀਰੋ ਨੂੰ ਉੱਥੇ ਛੱਡਣ ਮਗਰੋਂ ਭਾਈ ਸਿੰਘਾ ਵਾਪਿਸ ਅੰਮ੍ਰਿਤਸਰ ਆ ਗਏ ਅਤੇ ਲੜਾਈ ਵਿਚ ਸ਼ਾਮਿਲ ਹੋ ਗਏ।

ਲੜਾਈ ਵਿਚ ਭਾਈ ਸਿੰਘਾ ਨੇ ਬਹੁਤ ਸਾਰੇ ਮੁਗ਼ਲ ਸਿਪਾਹੀ ਪਾਰ ਬੁਲਾਏ। ਇਸ ਮੌਕੇ 'ਤੇ ਸਿੱਖਾਂ ਤੇ ਮੁਗ਼ਲਾਂ ਵਿਚ ਗਹਿ-ਗਚ ਲੜਾਈ ਹੋਈ। ਮੁਗ਼ਲਾਂ ਦੀਆਂ ਲਾਸ਼ਾਂ ਦੇ ਢੇਰ ਲਗੇ ਵੇਖ ਕੇ ਮੁਗ਼ਲ ਕਮਾਂਡਰ ਸਯਦ ਨੇ ਕਈ ਸਾਥੀਆਂ ਸਣੇ ਭਾਈ ਸਿੰਘਾ 'ਤੇ ਹਮਲਾ ਬੋਲ ਦਿੱਤਾ। ਭਾਈ ਸਿੰਘਾ ਨੇ ਇਨ੍ਹਾਂ ਸਾਰਿਆਂ ਦਾ ਮੁਕਾਬਲਾ ਡੱਟ ਕੇ ਕੀਤਾ। ਅਖ਼ੀਰ ਉਸ ਸਯਦ ਨਾਲ ਹੱਥੋ-ਹੱਥ ਲੜਾਈ ਵਿਚ ਸਯਦ ਤੇ ਭਾਈ ਸਿੰਘਾ ਦੋਵੇਂ ਮਾਰੇ ਗਏ।

ਭਾਈ ਸਿੰਘਾ ਦੀ ਸ਼ਹੀਦੀ ਦਾ ਜ਼ਿਕਰ "**ਗੁਰ ਬਿਲਾਸ ਪਾਤਿਸ਼ਾਹੀ ਛੇਵੀਂ**' ਵਿਚ ਇੰਵ ਮਿਲਦਾ ਹੈ:-

*ਤਬੈ ਕੋਪ ਕੈ ਆਪ **ਸਿੰਘਾ** ਪਠਾਯੋ। ਲਏ ਪਾਂਚ ਸੈ ਸੂਰ ਖੇਤੰ ਸੁ ਆਯੋ।*
*ਭਯੋ ਜੁਧ ਭਾਰੀ ਹਨੀ ਤਾਸ ਸੈਨਾ। ਹਨੀ **ਸਿੰਘ** ਸੈਨਾ ਸੁ ਸੱਯਦ ਰਿਸੈਨਾ॥ 172 ॥*
ਹਨੀ ਸੈਨ ਦੋਊ ਬਚਯੋ ਸੂਰ ਨਾਹੀ। ਸੁ ਭੂ ਦੇਵ ਸੱਯਦ ਸੁ ਘਾਵੈਂ ਚਲਾਹੀ।
*ਗਿਰੇ ਭੂਮ ਮੱਧੰ ਦੁਹੂ ਪ੍ਰਾਨ ਤਯਾਗੇ। ਗਯੋ **ਸਿੰਘਾ** ਸੁਰਗੰ ਪ੍ਰਭੂ ਪ੍ਰੇਮ ਪਾਗੇ॥ 173 ॥*

(ਗੁਰਬਿਲਾਸ ਪਾਤਸ਼ਾਹੀ ਛੇਵੀਂ, ਚੈਪਟਰ 10)

ਇਸ ਲੜਾਈ ਵਿਚ ਸ਼ਹੀਦ ਹੋਣ ਵਾਲੇ ਇਨ੍ਹਾਂ 13 ਸਿੱਖਾਂ ਦਾ ਸਸਕਾਰ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਹੱਥੀਂ ਕੀਤਾ ਸੀ:

*ਪਿਰਾਣਾ ਭਾਨੂੰ ਸੂਰ ਅਪਾਰੀ। **ਸਿੰਘਾ** ਬੀਰ ਹਤ ਜੁੱਧ ਮਝਾਰੀ।*
ਤਬ ਸਿਸਕਾਰ ਸਭਨ ਕਾ ਕੀਨੋ। ਮਨਬਾਂਛਤ ਵਰੁ ਸਭ ਕੋ ਦੀਨੋ॥ 6॥

(ਗੁਰਬਿਲਾਸ ਪਾਤਸ਼ਾਹੀ ਛੇਵੀਂ, ਚੈਪਟਰ 11)

ਭਾਈ ਸਿੰਘਾ ਦੇ ਸਪੁੱਤਰ ਭਾਈ ਜਾਤੀ ਮਲ/ਮਲਕ ਵੀ ਅੰਮ੍ਰਿਤਸਰ (ਤੇ ਮਗਰੋਂ ਕਰਤਾਰਪੁਰ ਦੀ ਲੜਾਈ, ਜੋ 27 ਤੋਂ 29 ਅਪਰੈਲ 1635 ਨੂੰ ਹੋਈ ਸੀ) ਵਿਚ ਦਿਲੋ-ਜਾਨ ਤੋਂ ਲੜੇ ਸੀ। ਜਦੋਂ ਗੁਰੂ ਸਾਹਿਬ ਕਰਤਾਰਪੁਰ ਛੱਡ ਕੇ ਕੀਰਤਪੁਰ ਚਲੇ ਗਏ ਤਾਂ ਭਾਈ ਜਾਤੀ ਮਲਕ ਤੇ ਉਸ ਦਾ ਪਰਿਵਾਰ ਵੀ ਗੁਰੂ ਸਾਹਿਬ ਦੇ ਨਾਲ ਹੀ ਚਲੇ ਗਏ। ਭਾਈ ਜਾਤੀ ਮਲਿਕ ਨੇ 1643 ਵਿਚ ਕੀਰਤਪੁਰ ਸਾਹਿਬ ਵਿਖੇ ਹੀ ਚੜ੍ਹਾਈ ਕੀਤੀ। ਮਰਨ ਤੋਂ ਪਹਿਲਾਂ ਉਸ ਨੇ ਆਪਣੇ ਪੁੱਤਰ ਦਯਾ ਰਾਮ ਦੀ ਬਾਂਹ ਗੁਰੂ ਜੀ ਦੇ ਹੱਥ ਫੜਾ ਦਿੱਤੀ ਸੀ। ਮਗਰੋਂ ਇਹ ਭਾਈ ਦਯਾ ਰਾਮ (ਪੁਰੋਹਤ) ਗੁਰੂ ਗੋਬਿੰਦ ਸਿੰਘ ਜੀ ਦਾ ਨਜ਼ਦੀਕੀ ਸਾਥੀ ਬਣਿਆ ਅਤੇ ਅਖੀਰ ਤਕ ਉਨ੍ਹਾਂ ਦੀ ਸੇਵਾ ਕਰਦਾ ਰਿਹਾ।

ਭਾਈ ਪਿਰਾਣਾ

ਭਾਈ **ਪਿਰਾਣਾ** ਗੁਰੂ ਅਰਜਨ ਸਾਹਿਬ ਦੇ ਵੇਲੇ ਸਿੱਖ ਧਰਮ ਵਿਚ ਸ਼ਾਮਿਲ ਹੋਏ ਸਨ। ਪਿਰਾਣਾ ਪਹਿਲੋਂ ਸਖੀ ਸਰਵਰ ਨੂੰ ਮੰਨਦੇ ਸਨ ਤੇ ਉਨ੍ਹਾਂ ਨੇ ਆਪਣੇ ਘਰ ਵਿਚ ਸਰਵਰ ਦਾ ਥਾਂ ਬਣਾਇਆ ਹੋਇਆ ਸੀ। ਭਾਈ **ਪਿਰਾਣਾ** ਤੇ ਭਾਈ ਮੰਝ ਦੋਵੇਂ ਇਕੱਠੇ ਗੁਰੂ ਅਰਜਨ ਸਾਹਿਬ ਕੋਲ ਆਏ ਸਨ ਤੇ ਸਿੱਖ ਧਰਮ ਵਿਚ ਸ਼ਾਮਿਲ ਹੋਣ ਦੀ ਖ਼ਾਹਿਸ਼ ਜ਼ਾਹਿਰ ਕੀਤੀ ਸੀ। ਗੁਰੂ ਜੀ ਨੇ ਉਨ੍ਹਾਂ ਨੂੰ ਆਖਿਆ ਕਿ ਸਿੱਖੀ 'ਤੇ ਸਿੱਖੀ ਨਹੀਂ ਟਿਕ ਸਕਦੀ, ਉਨ੍ਹਾਂ ਨੂੰ ਸਖੀ ਸਰਵਰ ਜਾਂ ਸਿੱਖ ਪੰਥ ਵਿਚੋਂ ਇਕ ਚੁਣਨਾ ਪਵੇਗਾ। ਸੋ ਜੇ ਉਹ ਸਰਵਰ ਤੇ ਅਕੀਦਾ ਛੱਡ ਦੇਣਗੇ ਤਾਂ ਹੀ ਉਹ ਸਿੱਖੀ ਵਿਚ ਸ਼ਾਮਿਲ ਹੋ ਸਕਣਗੇ। ਸਿੱਖੀ ਵਿਚ ਸ਼ਾਮਿਲ ਹੋਣ ਮਗਰੋਂ ਭਾਈ ਮੰਝ ਤੇ ਭਾਈ ਪਿਰਾਣਾ ਨੇ ਸਿੱਖ ਪੰਥ ਦੀ ਬੜੀ ਸੇਵਾ ਕੀਤੀ। 1606 ਵਿਚ ਜਦੋਂ ਗੁਰੂ ਅਰਜਨ ਸਾਹਿਬ ਗ੍ਰਿਫ਼ਤਾਰੀ ਦੇਣ ਵਾਸਤੇ 'ਗੁਰੂ ਦਾ ਚੱਕ' (ਅੰਮ੍ਰਿਤਸਰ) ਤੋਂ ਲਾਹੌਰ ਵੱਲ ਚਲੇ ਤਾਂ ਹੋਰਾਂ ਤੋਂ ਇਲਾਵਾ ਭਾਈ ਪਿਰਾਣਾ ਵੀ ਗੁਰੂ ਸਾਹਿਬ ਦੇ ਨਾਲ ਸਨ।

ਜਦੋਂ ਛੇਵੇਂ ਪਾਤਿਸ਼ਾਹ ਨੇ ਫ਼ੌਜ ਬਣਾਈ ਤਾਂ ਭਾਈ ਪਿਰਾਣਾ ਤੇ ਉਨ੍ਹਾਂ ਦੇ ਇਲਾਕੇ ਦੇ ਬਹੁਤ ਸਾਰੇ ਨੌਜਵਾਨ ਇਸ ਫ਼ੌਜ ਵਿਚ ਸ਼ਾਮਿਲ ਹੋਏ। ਗੁਰੂ ਸਾਹਿਬ ਨੇ ਫ਼ੌਜ ਨੂੰ ਪੰਜ ਜਰਨੈਲਾਂ ਦੀ ਅਗਵਾਈ ਵਿਚ ਜਥੇਬੰਦ ਕੀਤਾ। ਉਨ੍ਹਾਂ ਨੇ ਪੰਜਾਂ ਵਿਚੋਂ ਇਕ ਜੱਥੇ ਦਾ ਜਰਨੈਲ ਭਾਈ ਪਿਰਾਣਾ ਨੂੰ ਵੀ ਬਣਾਇਆ।

ਜਦੋਂ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਕਿਲ੍ਹੇ ਵਿਚ ਨਜ਼ਰਬੰਦ ਰਹੇ ਤਾਂ ਭਾਈ ਪਿਰਾਣਾ ਸਾਲ ਵਿਚ ਘਟੋ-ਘਟ ਦੋ ਵਾਰ ਗੁਰੂ ਸਾਹਿਬ ਨੂੰ ਮਿਲਣ ਵਾਸਤੇ ਜਾਂਦਾ ਰਿਹਾ। ਗੁਰੂ ਸਾਹਿਬ ਦੀ ਰਿਹਾਈ ਮਗਰੋਂ ਭਾਈ ਪਿਰਾਣਾ ਹਮੇਸ਼ਾ ਗੁਰੂ ਸਾਹਿਬ ਦੇ ਨਾਲ ਹੀ ਰਿਹਾ। ਜਦੋਂ ਮਾਤਾ ਗੰਗਾ ਨੇ ਚੜ੍ਹਾਈ ਕੀਤੀ ਤਾਂ ਉਨ੍ਹਾਂ ਦੀ ਅਰਥੀ ਨੂੰ ਮੋਢਾ ਦੇਣ ਵਾਲੇ ਮੁਖੀ ਸਿੱਖਾਂ ਵਿਚੋਂ ਭਾਈ ਪਿਰਾਣਾ ਵੀ ਸਨ:

ਸਾਈਦਾਸ ਗੁਰ ਏਕ ਦਿਸ ਬਿਧੀਆ ਜੇਠਾ ਆਨ।
ਪਿਰਾਣਾ *ਪੈੜਾ ਕੰਧ ਧਰਿ ਬਹੁ ਛਬਿ ਬਨੀ ਬਿਬਾਨ॥ 1000॥*

(ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਚੈਪਟਰ 9)

ਅੰਮ੍ਰਿਤਸਰ ਦੀ ਲੜਾਈ ਵਿਚ ਭਾਈ ਪਿਰਾਣਾ ਨੇ ਬਹੁਤ ਸਾਰੇ ਮੁਗ਼ਲ ਸਿਪਾਹੀਆਂ ਨੂੰ ਆਪਣੀ ਤਲਵਾਰ ਦੇ ਭੇਟ ਕੀਤਾ। ਉਨ੍ਹਾਂ ਦੇ ਜਿਸਮ ਤੇ ਤਲਵਾਰਾਂ ਦੇ ਬਹੁਤ ਸਾਰੇ ਫੱਟ ਲੱਗੇ ਹੋਏ ਸਨ। ਅਖ਼ੀਰ ਦੁਸ਼ਮਣਾਂ ਦੇ ਆਹੂ ਲਾਹੁੰਦੇ ਭਾਈ ਪਿਰਾਣਾ ਆਪ ਵੀ ਸ਼ਹੀਦ ਹੋ ਗਏ। ਇਹ ਲੜਾਈ 13 ਅਪਰੈਲ 1634 ਦੇ ਦਿਨ ਹੋਈ ਸੀ।

ਭਾਈ ਪਿਰਾਣਾ ਦੇ ਜੂਝਣ ਤੇ ਸ਼ਹੀਦੀ ਦਾ ਜ਼ਿਕਰ **"ਗੁਰਬਿਲਾਸ ਪਾਤਸ਼ਾਹੀ ਛੇਵੀਂ"** ਦੇ ਚੈਪਟਰ 10 ਵਿਚ ਇੰਞ ਲਿਖਿਆ ਮਿਲਦਾ ਹੈ:

ਸਭੈ ਤੇਗ ਮਾਰੈ। ਨ ਸੰਕਾ ਬਿਚਾਰੈ।
ਪਿਰਾਣਾ *ਰਿਸਾਯੋ। ਤੁਰੰਗ ਨਚਾਯੋ॥ 177॥*
ਲਗੇ ਘਾਣ ਅੰਗੰ। ਹਨੇ ਦੁਸ਼ਟ ਜੰਗੰ।
ਬਡੀ ਸੈਨ ਗਾਹੀ। ਰਜੌਤੀ ਨਿਬਾਹੀ॥ 178॥
ਗੱਜੀ ਰੈਣਿ ਕਾਲੀ। ਹੱਸੀ ਖਪਰਾਲੀ।
ਕਟੂ ਬਾਜ ਮਾਰੇ। ਸੁ ਗਾਜੀ ਕਰਾਰੇ॥ 179॥
ਕਰਯੋ ਜੁੱਧ ਸੁਧੰ। ਡ਼ਿਗ ਭੂਮਿ ਮੱਧੰ॥
ਨਭੰ ਬਾਨ ਆਯੋ। ***ਪਿਰਾਣਾ*** *ਸਿਧਾਯੋ॥ 180॥*

ਭਾਈ ਭਾਨੂੰ

ਰਾਜਮਹਲ ਕਸਬੇ ਦਾ ਵਾਸੀ ਭਾਈ ਭਾਨੂੰ ਬਹਿਲ ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਦੇ ਇਕ ਪ੍ਰਮੁਖ ਸਿੱਖ ਸਨ। ਭਾਈ ਭਾਨੂੰ ਬੜੇ ਤਕੜੇ ਜੁੱਸੇਵਾਲੇ, ਬਹਾਦਰ ਤੇ ਜੋਸ਼ੀਲੇ ਸਿੱਖ ਸਨ। ਇਸ ਦੇ ਨਾਲ ਹੀ ਉਹ ਗੁਰੂ ਸਾਹਿਬ, ਗੁਰਬਾਣੀ ਅਤੇ ਧਰਮ ਵਿਚ ਬੜਾ ਅਕੀਦਾ ਰੱਖਦੇ ਸਨ।

ਅਪਰੈਲ 1634 ਵਿਚ ਗੁਰੂ ਹਰਿਗੋਬਿੰਦ ਸਾਹਿਬ ਅੰਮ੍ਰਿਤਸਰ ਵਿਚ ਸਨ। ਉਹ ਆਪਣੀ ਬੇਟੀ ਵੀਰੋ ਦੇ ਵਿਆਹ ਦੀਆਂ ਤਿਆਰੀਆਂ ਵਿਚ ਰੁਝੇ ਹੋਏ ਸਨ। ਇਸ ਵੇਲੇ ਭਾਈ ਭਾਨੂੰ ਵੀ ਵਿਆਹ ਵਿਚ ਹਿੱਸਾ ਲੈਣ ਵਾਸਤੇ ਉਚੇਚੇ ਤੌਰ 'ਤੇ ਪੁੱਜੇ ਹੋਏ ਸਨ। 13 ਅਪਰੈਲ 1634 ਦੇ ਦਿਨ ਮੁਗਲ ਫ਼ੌਜ ਨੇ ਅਚਾਨਕ ਅੰਮ੍ਰਿਤਸਰ 'ਤੇ ਹਮਲਾ ਕਰ ਦਿੱਤਾ। ਇਸ ਲੜਾਈ ਵਿਚ ਭਾਈ ਭਾਨੂੰ ਵੀ ਦਿਲੋਂ-ਜਾਨ ਤੋਂ ਜੂਝ ਕੇ ਲੜੇ। ਭਾਈ ਭਾਨੂੰ ਨੇ ਜੰਗ ਵਿਚ ਖ਼ੂਬ ਖੰਡਾ ਖੜਕਾਇਆ। ਉਨ੍ਹਾਂ ਨੇ ਮੁਗਲ ਜਰਨੈਲ ਸ਼ਮਸ ਖਾਨ ਸਣੇ ਬਹੁਤ ਸਾਰੇ ਮੁਗਲ ਸਿਪਾਹੀ ਪਾਰ ਬੁਲਾ ਦਿੱਤੇ। ਸ਼ਮਸ ਖਾਨ ਨਾਲ ਹੋਈ ਹੱਥੋ-ਹੱਥ ਗਹਿ-ਗੱਚ ਲੜਾਈ ਵਿਚ ਭਾਈ ਭਾਨੂੰ ਆਪ ਵੀ ਸ਼ਹੀਦ ਹੋ ਗਏ। ਭਾਈ ਭਾਨੂੰ ਦੇ ਜੂਝਣ ਦਾ ਦ੍ਰਿਸ਼ "**ਗੁਰ ਬਿਲਾਸ ਪਾਤਿਸਾਹੀ ਛੇਵੀ**' ਦੇ ਚੈਪਟਰ 11 ਵਿਚ ਇੰਞ ਪੇਸ਼ ਕੀਤਾ ਗਿਆ ਹੈ:

ਚਲਯੋ ਸੂਰ ਭਾਨੂ ਮਹਾ ਰੋਸ ਧਾਰਾ।
ਲਯੋ ਢਾਲ ਖੰਡਾ ਸੁ ਤੀਖਾ ਦੁਧਾਰਾ।
ਗੁਰੂ ਕੀ ਸੁ ਆਗਯਾ ਲਈ ਸਾਥਿ ਸੈਨਾ।
ਕੁਪਯੋ ਬੀਰ ਐਸਾ ਮਨੋ ਹੈ ਤ੍ਰਿਨੈਨਾ॥ 159॥
ਭਯੋ ਜਾਇ ਠਾਢਾ ਤਹਾਂ ਜੁੱਧ ਮਧੰ।
ਕੁਪੇ ਖਾਨ ਸਾਰੇ ਦਿਖਾ ਬੀਰ ਸੁਧੰ।
ਤਿਸੇ ਸਾਮੁਹੇ ਬੀਰ ਭਾਜੇ ਪਠਾਣੰ।
ਦਈ ਸਾਥ ਸੈਨਾ ਹਜੂਰੰ ਜੁਆਣੰ॥ 160॥
ਕੁਪਯੋ ਬੀਰ ਖਾਨੂ। ਲਯੋ ਘੇਰ ਭਾਨੂ।
ਸੰਭਾਰੀ ਕ੍ਰਿਪਾਣੰ। ਹਨੇ ਤਾਸ ਜੁਆਣੰ॥ 161॥
ਸੁ ਭਾਨੂ ਸੰਭਾਰਾ। ਸੁ ਖੰਡਾ ਦੁਧਾਰਾ।
ਨਿਰਭੈ ਤੇਗ ਬਾਹੈ। ਦਊ ਜੀਤ ਰਾਹੈ॥ 162॥.....

ਤੁਬੈ ਪਠਾਨ ਕੋਪਯੰ। ਸੰਭਾਰ ਪੈਰ ਰੋਪਯੰ।
ਸੁ ਭਾਨ ਸੂਰ ਭਾਰੀਯੰ। ਖੰਡਾ ਸੁ ਢਾਲ ਧਾਰੀਯੰ॥ 168 ॥
ਤੁਬੈ ਕੋਪ ਕੈ ਭਾਨੂ ਖੰਡਾ ਚਲਾਯੋ।
ਲਗਯੋ ਖਾਨ ਸੀਸੰ ਸੁ ਹੂਰੰ ਲੁਭਾਯੋ।
ਤੁਬੈ ਭਾਨੂ ਕੋ ਖੈਂਚ ਕੈ ਤੇਗ ਮਾਰੀ।
ਜੁਝੇ ਬੀਰ ਦੋਊ ਸੁ ਆਪੰ ਮਝਾਰੀ॥ 169 ॥
ਪਠਾਨ ਜਬੈ ਜੂਝਤ ਭਯੋ ਸਹਸ ਸੂਰ ਕੇ ਸਾਥਿ।
ਸਯਦ ਤਬ ਆਵਤ ਭਯੋ ਲੀਏ ਸਹਸ ਭਟ ਸਾਥਿ॥ 170 ॥
ਕ੍ਰਿਪਾ ਸਿੰਧੁ ਤਬ ਐਸ ਦਿਖਿ ਭਾਨੂ ਚਰਿਤ ਬਿਸਾਲ।
ਖਾਨ ਸਹਸ ਸੰਗ ਮਾਰ ਕੈ ਮੁਕਤਿ ਭਯੋ ਤਤਕਾਲ॥ 171 ॥

ਭਾਈ ਪੈੜਾ

ਭਾਈ ਪੈੜਾ ਚੰਡਾਲੀਆ ਇਕ ਰਾਜਪੂਤ ਵਣਜਾਰੇ ਸਨ। ਉਹ ਗੁਰੂ ਅਰਜਨ ਸਾਹਿਬ ਵੇਲੇ ਸਿੱਖ ਪੰਥ ਵਿਚ ਸ਼ਾਮਿਲ ਹੋਏ ਸਨ। ਜਦੋਂ ਗੁਰੂ ਅਰਜਨ ਸਾਹਿਬ ਨੇ "ਗੁਰੂ ਦਾ ਚੱਕ' (ਅੰਮ੍ਰਿਤਸਰ) ਵਸਾਇਆ ਤਾਂ ਭਾਈ ਪੈੜਾ ਨੇ ਬੜੀ ਸ਼ਰਧਾ ਨਾਲ ਸੇਵਾ ਵਿਚ ਹਿੱਸਾ ਲਿਆ। ਜਦੋਂ ਗੁਰੂ ਅਰਜਨ ਸਾਹਿਬ ਦੀ ਗ੍ਰਿਫਤਾਰੀ ਹੋਈ ਤਾਂ ਭਾਈ ਪੈੜਾ ਵੀ ਗੁਰੂ ਸਾਹਿਬ ਦੇ ਨਾਲ ਹੀ ਸਨ। ਮਗਰੋਂ ਜਦੋਂ ਛੇਵੇਂ ਨਾਨਕ ਗੁਰੂ ਹਰਿਗੋਬਿੰਦ ਸਾਹਿਬ ਨੇ ਫ਼ੌਜ ਬਣਾਈ ਤਾਂ ਭਾਈ ਪੈੜਾ ਇਸ ਵਿਚ ਸ਼ਾਮਿਲ ਹੋ ਗਏ। ਉਨ੍ਹਾਂ ਹਰ ਤਰ੍ਹਾਂ ਦੇ ਸ਼ਸਤਰ ਚਲਾਉਣ ਦੀ ਸਿਖਿਆ ਹਾਸਿਲ ਕੀਤੀ। ਭਾਈ ਪੈੜਾ ਗੁਰੂ ਸਾਹਿਬ ਵਲੋਂ ਨਾਮਜ਼ਦ ਕੀਤੇ ਗਏ ਪੰਜ ਮੁਖ ਜਰਨੈਲਾਂ ਵਿਚੋਂ ਇਕ ਸਨ।

ਬਿਧੀਆ **ਪੈੜਾ** ਔਰ ਪਿਰਾਣਾ। ਚੌਥੇ ਜੇਠਾ ਕਹੋਂ ਬਖਾਣਾ।
ਸਹਸ ਸਹਸ ਤਾਬਿਆ ਇਨ ਦੀਏ। ਚਾਰੋਂ ਸਿੱਖ ਸੈਨਾਨੀ ਕੀਏ॥ 77 ॥

(ਗੁਰਬਿਲਾਸ ਪਾਤਸ਼ਾਹੀ ਛੇਵੀਂ, ਚੈਪਟਰ 8)

ਭਾਈ ਪੈੜਾ ਗੁਰੂ ਹਰਿਗੋਬਿੰਦ ਸਾਹਿਬ ਦੇ ਖ਼ਾਸ ਦਰਬਾਰੀਆਂ ਵਿਚੋਂ ਇਕ ਸਨ। ਗੁਰੂ ਸਾਹਿਬ ਦੀ ਮਾਤਾ ਗੰਗਾ ਦੇ ਸਸਕਾਰ ਵੇਲੇ ਮਾਤਾ ਜੀ ਦੀ ਅਰਥੀ ਨੂੰ ਮੋਢਾ ਦੇਣ ਵਾਲਿਆਂ ਵਿਚੋਂ ਵੀ ਉਹ ਇਕ ਸੀ:

ਸਾਂਈਦਾਸ ਗੁਰ ਏਕ ਦਿਸ, ਬਿਧੀਆ ਜੇਠਾ ਆਨ।
ਪਿਰਾਣਾ ਪੈੜਾ ਕੰਧ ਧਰਿ ਬਹੁ ਛਬਿ ਬਨੀ ਬਿਬਾਨ॥ 1000॥

(ਗੁਰਬਿਲਾਸ ਪਾਤਸ਼ਾਹੀ ਛੇਵੀਂ, ਚੈਪਟਰ 9)

13 ਅਪ੍ਰੈਲ 1634 ਦੇ ਦਿਨ ਜਦੋਂ ਮੁਗ਼ਲ ਫ਼ੌਜਾਂ ਨੇ ਅੰਮ੍ਰਿਤਸਰ 'ਤੇ ਹਮਲਾ ਕੀਤਾ ਤਾਂ ਆਪ ਉਸ ਦਿਨ ਉੱਥੇ ਹੀ ਸਨ। ਆਪ ਨੇ ਬੜੇ ਸੁਚੱਜੇ ਤਰੀਕੇ ਨਾਲ ਸਿੱਖ ਫ਼ੌਜਾਂ ਦੀ ਅਗਵਾਈ ਕੀਤੀ ਤੇ ਬੜੀ ਬਹਾਦਰੀ ਨਾਲ ਲੜੇ। ਆਪ ਦੀ ਤਲਵਾਰ ਨੇ ਕਈ ਮੁਗ਼ਲ ਸਿਪਾਹੀਆਂ ਦੇ ਸਿਰ ਲਾਹੇ। ਇਸ ਲੜਾਈ ਵਿਚ ਆਪਣੀ ਬਹਾਦਰੀ ਦੇ ਜੌਹਰ ਦਿਖਾਂਦੇ ਹੋਏ ਭਾਈ ਪੈੜਾ ਆਪ ਸ਼ਹੀਦ ਹੋ ਗਏ। ਇਸ ਸ਼ਹੀਦੀ ਦਾ ਜ਼ਿਕਰ **ਗੁਰਬਿਲਾਸ ਪਾਤਸ਼ਾਹੀ ਛੇਵੀਂ** ਦਾ ਲੇਖਕ ਇੰਞ ਕਰਦਾ ਹੈ :

*ਸਾਂਈ ਦਾਸ **ਪੈੜਾ** ਬਲੀ ਭਗਤੂ ਸੂਰ ਅਪਾਰ।*
ਅਨੰਤਾ ਬਲੀ ਅਨੰਤ ਥਾ, ਹਮਰੋ ਪ੍ਰੇਮ ਪਿਆਰ॥ ੧੩॥
ਨਿਹਾਲੂ ਤਖਤੂ ਏ ਬਡ ਸੂਰੇ। ਮੋਹਨ ਗੋਪਾਲਾ ਪ੍ਰਣ ਕੇ ਪੂਰੇ।
ਏ ਮਮ ਤੇਰਹ ਸੂਰ ਅਪਾਰੇ। ਮਮ ਨਮਿਤ ਇਹ ਸੁਰਗ ਸਿਧਾਰੇ॥ ੧੪॥

ਭਾਈ ਮੋਹਨ ਗੁਪਾਲ (ਮੋਹਨ ਤੇ ਗੁਪਾਲ)

ਭਾਈ ਮੋਹਨ ਤੇ ਭਾਈ ਗੁਪਾਲਾ ਗੁਰੂ ਅਰਜਨ ਸਾਹਿਬ ਦੇ ਵੇਲੇ ਪ੍ਰਮੁਖ ਸਿੱਖ ਸਨ। ਉਹ ਗੁਰੂ ਹਰਿਗੋਬਿੰਦ ਸਾਹਿਬ ਵੇਲੇ ਵੀ ਅਕਸਰ ਅੰਮ੍ਰਿਤਸਰ ਆਉਂਦੇ ਰਹਿੰਦੇ ਸਨ। ਜਦੋਂ ਗੁਰ ਹਰਿਗੋਬਿੰਦ ਸਾਹਿਬ ਨੇ ਫ਼ੌਜ ਬਣਾਈ ਤਾਂ ਉਹ ਵੀ ਇਸ ਵਿਚ ਸ਼ਾਮਿਲ ਹੋਏ। ਉਨ੍ਹਾਂ ਵੱਖ ਵੱਖ ਤਰ੍ਹਾਂ ਦੇ ਸ਼ਸਤਰ ਚਲਾਉਣ ਦੀ ਸਿਖਿਆ ਲਈ।

13 ਅਪਰੈਲ 1634 ਦੇ ਦਿਨ ਜਦੋਂ ਮੁਗ਼ਲ ਫ਼ੌਜਾਂ ਨੇ ਅੰਮ੍ਰਿਤਸਰ 'ਤੇ ਹਮਲਾ ਕੀਤਾ ਭਾਈ ਮੋਹਨ ਤੇ ਭਾਈ ਗੁਪਾਲਾ ਸਭ ਤੋਂ ਮੂਹਰੇ ਹੋ ਕੇ ਲੜੇ 'ਤੇ ਕਈ ਮੁਗ਼ਲ

ਸਿਪਾਹੀਆਂ ਨੂੰ ਮਾਰ ਕੇ ਸ਼ਹੀਦੀ ਹਾਸਿਲ ਕੀਤੀ। ਉਨ੍ਹਾਂ ਦੀ ਬਹਾਦਰੀ ਦਾ ਜ਼ਿਕਰ **"ਗੁਰ ਬਿਲਾਸ ਪਾਤਸ਼ਾਹੀ ਛੇਵੀਂ"** 'ਚ ਇੰਞ ਆਉਂਦਾ ਹੈ:

ਨਿਹਾਲੂ ਤਖਤੂ ਏ ਬਡ ਸੂਰੇ ਮੋਹਨ ਗੁਪਾਲਾ ਪ੍ਰਣ ਕੇ ਪੂਰੇ।

----॥ 14 ॥ (ਚੈਪਟਰ 11)

ਇਹ ਵੀ ਖ਼ਿਆਲ ਕੀਤਾ ਜਾਂਦਾ ਹੈ ਕਿ ਮੋਹਨ ਤੇ ਗੁਪਾਲ ਦੋ ਵੱਖ-ਵੱਖ ਸਿੱਖ ਨਹੀਂ ਸਨ ਤੇ ਇਕੋ ਜਣੇ ਦਾ ਨਾਂ ਹੀ ਮੋਹਨ-ਗੋਪਾਲ ਸੀ। ਉਞ **ਗੁਰਬਿਲਾਸ ਪਾਤਸਾਹੀ ਛੇਵੀਂ** ਵਿਚ ਇਹ ਦੋਵੇਂ ਨਾਂ ਹਮੇਸ਼ਾ ਇਕੱਠੇ ਹੀ ਆਏ ਹਨ। ਪਰ ਦੂਜੇ ਪਾਸੇ **ਗੁਰਬਿਲਾਸ ਪਾਤਸ਼ਾਹੀ ਛੇਵੀ** ਵਿਚ ਹੋਰ ਕਈ ਨਾਂ ਵੀ ਜੋੜੀਆਂ ਵਜੋਂ ਹੀ ਪੇਸ਼ ਕੀਤੇ ਹੋਏ ਹਨ ਜਿਵੇਂ: **ਪਰਸ ਰਾਮ ਤੇ ਸਕਤ** (ਚੈਪਟਰ 14, ਛੰਦ 155, 163) ਤੇ ਕਈ ਹੋਰ ਵੀ। ਇਸ ਕਰਕੇ ਇਹ ਗੱਲ ਯਕੀਨ ਨਾਲ ਨਹੀਂ ਕਹੀ ਜਾ ਸਕਦੀ ਕਿ **ਮੋਹਨ ਗੁਪਾਲਾ** ਇਕੋ ਬੰਦੇ ਦਾ ਨਾਂ ਸੀ। ਮੇਰੀ ਨਿਗਾਹ ਵਿਚ ਇਹ ਦੋ ਸਿੱਖ ਵਖਰੇ-ਵਖਰੇ ਸਨ।

ਭਾਈ ਤਖਤੂ

ਭਾਈ ਤਖਤੂ ਗੁਰੂ ਅਰਜਨ ਸਾਹਿਬ ਦੇ ਵੇਲੇ ਇਕ ਪ੍ਰਮੁਖ ਸਿੱਖ ਸਨ। ਉਹ ਗੁਰੂ ਹਰਿਗੋਬਿੰਦ ਸਾਹਿਬ ਵੇਲੇ ਵੀ ਅਕਸਰ ਅੰਮ੍ਰਿਤਸਰ ਆਉਂਦੇ ਰਹਿੰਦੇ ਸਨ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਫ਼ੌਜ ਬਣਾਈ ਤਾਂ ਭਾਈ ਤਖਤੂ ਵੀ ਇਸ ਵਿਚ ਸ਼ਾਮਿਲ ਹੋਏ। ਉਨ੍ਹਾਂ ਵੱਖ ਵੱਖ ਤਰ੍ਹਾਂ ਦੇ ਸ਼ਸਤਰ ਚਲਾਉਣ ਦੀ ਸਿਖਿਆ ਲਈ। ਹੌਲੀ ਹੌਲੀ ਉਹ ਸਿੱਖ ਫ਼ੌਜ ਦੇ ਇਕ ਅਹਿਮ ਜਰਨੈਲ ਬਣ ਗਏ।

13 ਅਪਰੈਲ 1634 ਦੇ ਦਿਨ ਜਦੋਂ ਮੁਗਲ ਫ਼ੌਜਾਂ ਨੇ ਅੰਮ੍ਰਿਤਸਰ 'ਤੇ ਹਮਲਾ ਕੀਤਾ ਭਾਈ ਨਿਹਾਲੂ ਸਭ ਤੋਂ ਮੂਹਰੇ ਹੋ ਕੇ ਲੜੇ ਤੇ ਕਈ ਮੁਗਲ ਸਿਪਾਹੀਆਂ ਨੂੰ ਮਾਰ ਕੇ ਸ਼ਹੀਦੀ ਹਾਸਿਲ ਕੀਤੀ। ਭਾਈ ਤਖਤੂ ਦੀ ਸ਼ਹੀਦੀ ਬਾਰੇ **ਗੁਰਬਿਲਾਸ ਪਾਤਸ਼ਾਹੀ ਛੇਵੀਂ** ਵਿਚ ਇੰਞ ਜ਼ਿਕਰ ਆਉਂਦਾ ਹੈ:

ਨਿਹਾਲੂ ਤਖਤੂ ਏ ਬਡ ਸੂਰੇ। ਮੋਹਨ ਗੁਪਾਲਾ ਪ੍ਰਣ ਕੇ ਪੂਰੇ।
ਏ ਮਮ ਤੇਰਹ ਸੂਰ ਅਪਾਰੇ। ਮਮ ਨਿਮਿਤ ਇਹ ਸੁਰਗ ਸਿਧਾਰੇ ॥ 14 ॥ (ਚੈਪਟਰ 11)

ਅਜਿਹਾ ਜਾਪਦਾ ਹੈ ਕਿ ਭਾਈ ਤਖਤੂ ਗੁਰੂ ਹਰਿਗੋਬਿੰਦ ਸਾਹਿਬ ਦੇ ਖ਼ਾਸ ਸਿੱਖਾਂ ਵਿਚੋਂ ਇਕ ਸਨ। **ਗੁਰਬਿਲਾਸ ਤੇ ਸੂਰਜ ਪ੍ਰਕਾਸ਼** ਵਿਚ ਪੈਂਦੇ ਖਾਂ ਅਤੇ ਕੌਲਾਂ ਨੂੰ ਛੱਡ ਦੇਣ ਵਾਸਤੇ ਗੁਰੂ ਸਾਹਿਬ ਨੂੰ ਅਰਜ਼ ਕਰਨ ਵਾਸਤੇ ਜਾਣ ਵਾਲੇ ਪੰਜ ਸਿੱਖਾਂ ਵਿਚ ਭਾਈ

ਤਖ਼ਤੂ ਵੀ ਇਕ ਸਨ।

(ਗੁਰਬਿਲਾਸ ਪਾਤਸ਼ਾਹੀ ਛੇਵੀਂ, ਚੈਪਟਰ 9 ਬੰਦ 1122,1134,1143)।

(ਨੋਟ: ਇਸ ਦਾ ਜ਼ਿਕਰ ਕਰਨ ਦਾ ਮਤਲਬ ਇਹ ਨਹੀ ਕਿ ਗੁਰ ਬਿਲਾਸ ਅਤੇ ਸੂਰਜ ਪ੍ਰਕਾਸ਼ ਵਿਚ ਗੁਰੂ ਸਾਹਿਬ ਤੇ ਕੋਲਾਂ ਬਾਰੇ ਲਿਖੀਆਂ ਗੱਲਾਂ ਨੂੰ ਇਹ ਲੇਖਕ ਕਬੂਲ ਕਰਦਾ ਹੈ)।

ਭਾਈ ਸਾਂਈਂ ਦਾਸ

ਭਾਈ ਸਾਂਈਂ ਦਾਸ ਗੁਰੂ ਅਰਜਨ ਸਾਹਿਬ ਦੇ ਵੇਲੇ ਦੇ ਇਕ ਪ੍ਰਮੁਖ ਸਿੱਖ ਸਨ। ਉਹ ਗੁਰੂ ਹਰਿਗੋਬਿੰਦ ਸਾਹਿਬ ਵੇਲੇ ਵੀ ਅਕਸਰ ਅੰਮ੍ਰਿਤਸਰ ਆਉਂਦੇ ਰਹਿੰਦੇ ਸਨ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਫ਼ੌਜ ਬਣਾਈ ਤਾਂ ਭਾਈ ਸਾਂਈਂ ਦਾਸ ਵੀ ਇਸ ਵਿਚ ਸ਼ਾਮਿਲ ਹੋਏ। ਉਨ੍ਹਾਂ ਵੱਖ ਵੱਖ ਤਰ੍ਹਾਂ ਦੇ ਸ਼ਸਤਰ ਚਲਾਉਣ ਦੀ ਸਿਖਿਆ ਲਈ।

13 ਅਪਰੈਲ 1634 ਦੇ ਦਿਨ ਜਦੋਂ ਮੁਗ਼ਲ ਫ਼ੌਜਾਂ ਨੇ ਗੁਰੂ ਦਾ ਚੱਕ (ਅੰਮ੍ਰਿਤਸਰ) 'ਤੇ ਹਮਲਾ ਕੀਤਾ ਤਾਂ ਭਾਈ ਸਾਂਈਂ ਦਾਸ ਸਭ ਤੋਂ ਮੂਹਰੇ ਹੋ ਕੇ ਲੜੇ ਤੇ ਕਈ ਮੁਗ਼ਲ ਸਿਪਾਹੀਆਂ ਨੂੰ ਮਾਰ ਕੇ ਅਖ਼ੀਰ ਸ਼ਹੀਦੀ ਹਾਸਿਲ ਕੀਤੀ।

ਅੰਮ੍ਰਿਤਸਰ ਦੀ ਇਸ ਲੜਾਈ ਵਿਚ ਸ਼ਹੀਦ ਹੋਣ ਵਾਲਿਆਂ ਵਿਚੋਂ 13 ਅਹਿਮ ਜਰਨੈਲਾਂ ਦਾ ਜ਼ਿਕਰ "**ਗੁਰ ਬਿਲਾਸ ਪਾਤਸ਼ਾਹੀ ਛੇਵੀਂ**" ਦੇ ਲੇਖਕ ਨੇ ਚੈਪਟਰ 11 ਵਿਚ ਕੀਤਾ ਹੈ। ਭਾਈ ਸਾਂਈ ਦਾਸ ਵੀ ਇਨ੍ਹਾਂ ਵਿਚੋਂ ਇਕ ਹਨ:

*"**ਸਾਂਈ** ਦਾਸ ਪੈੜਾ ਬਲੀ, ਭਗਤੂ ਸੂਰ ਅਪਾਰ।*
ਅਨੰਤਾ ਬਲੀ ਅਨੰਤ ਥਾ ਹਮਰੋ ਪ੍ਰੇਮ ਪਿਆਰ॥ 13॥

ਏ ਮਮ ਤੇਰਹ ਸੂਰ ਅਪਾਰੇ।
ਮਮ ਨਿਮਿਤ ਇਹ ਸੁਰਗ ਸਿਧਾਰੇ॥ 14॥

ਭਾਈ ਅਨੰਤਾ

ਭਾਈ ਅਨੰਤਾ ਗੁਰੂ ਅਰਜਨ ਸਾਹਿਬ ਦੇ ਵੇਲੇ ਸਿੱਖ ਪੰਥ ਵਿਚ ਸ਼ਾਮਿਲ ਹੋਏ ਸੀ। ਜਦੋਂ ਛੇਵੇਂ ਪਾਤਿਸ਼ਾਹ ਨੇ ਫ਼ੌਜ ਬਣਾਈ ਤਾਂ ਉਨ੍ਹਾਂ ਨੇ ਆਪਣੇ ਆਪ ਨੂੰ ਇਸ ਵਿਚ ਸ਼ਾਮਿਲ ਹੋਣ ਵਾਸਤੇ ਪੇਸ਼ ਕੀਤਾ। ਇਕ ਸੋਮੇ ਮੁਤਾਬਿਕ ਇਕ ਵਾਰੀ ਉਨ੍ਹਾਂ ਨੇ ਸ਼ਰਾਰਤ ਨਾਲ ਇਕ ਕਾਂ ਨੂੰ ਪੱਥਰ ਮਾਰਿਆ ਜਿਸ ਨਾਲ ਕਾਂ ਲੰਗੜਾ ਹੋ ਗਿਆ। ਇਸ ਤੇ ਗੁਰੂ ਸਾਹਿਬ ਉਨ੍ਹਾਂ ਤੋਂ ਨਾਰਾਜ਼ ਹੋ ਗਏ। ਭਾਈ ਅਨੰਤਾ ਨੇ ਇਸ ਗੱਲ 'ਤੇ ਦਿਲੋਂ ਅਫ਼ਸੋਸ ਜ਼ਾਹਿਰ ਕੀਤਾ ਅਤੇ ਭਾਈ ਬਿਧੀ ਚੰਦ ਰਾਹੀਂ ਗੁਰੂ ਜੀ ਤੋਂ ਭੁੱਲ ਬਖ਼ਸ਼ਵਾਈ।

13 ਅਪਰੈਲ 1634 ਦੇ ਦਿਨ ਜਦੋਂ ਮੁਗ਼ਲ ਫ਼ੌਜਾਂ ਨੇ ਅੰਮ੍ਰਿਤਸਰ 'ਤੇ ਹਮਲਾ ਕਰ ਦਿੱਤਾ ਤਾਂ ਭਾਈ ਅਨੰਤਾ ਹਮਲਾਵਰ ਫ਼ੌਜਾਂ ਦੇ ਖ਼ਿਲਾਫ਼ ਡਟ ਕੇ ਲੜੇ ਅਤੇ ਮੁਗ਼ਲਾਂ ਦੇ ਆਹੂ ਲਾਹੁੰਦੇ ਹੋਏ ਸ਼ਹੀਦੀ ਜਾਮ ਪੀ ਗਏ। "**ਗੁਰਬਿਲਾਸ ਪਾਤਿਸਾਹੀ ਛੇਵੀਂ**' ਵਿਚ ਉਨ੍ਹਾਂ ਬਾਰੇ ਇਹ ਲਫ਼ਜ਼ ਲਿਖੇ ਮਿਲਦੇ ਹਨ:

'ਅਨੰਤਾ ਬਲੀ ਅਨੰਤ ਥਾ ਹਮਰੋ ਪ੍ਰੇਮ ਪਿਆਰ॥ 13॥ (ਚੈਪਟਰ 11)

ਗੁਰੂ ਹਰਿਗੋਬਿੰਦ ਸਾਹਿਬ ਦੇ ਖ਼ਾਸ ਸਿੱਖਾਂ ਵਿਚ ਇਕ ਭਾਈ ਅਨੰਤਾ (ਪੁੱਤਰ ਭਾਈ ਕੂਕੋ ਵਧਾਵਨ) ਹੋਰ ਵੀ ਹੋਏ ਹਨ ਜੋ ਗੁਰੂ ਸਾਹਿਬ ਕੋਲ, ਮਗਰੋਂ, ਕੀਰਤਪੁਰ ਸਾਹਿਬ ਵਿਚ ਆਉਂਦੇ ਜਾਂਦੇ ਵੀ ਰਹੇ ਸਨ। ਹੋ ਸਕਦਾ ਹੈ ਕਿ ਕਾਂ ਨੂੰ ਪੱਥਰ ਮਾਰਨ ਵਾਲੀ ਕਹਾਣੀ ਭਾਈ ਅਨੰਤਾ ਵਧਾਵਨ ਦੇ ਨਾਲ ਸਬੰਧ ਰਖਦੀ ਹੋਵੇ।

ਭਾਈ ਭਗਤੂ

ਭਾਈ ਭਗਤੂ ਗੁਰੂ ਅਰਜਨ ਸਾਹਿਬ ਦੇ ਵੇਲੇ ਇਕ ਪ੍ਰਮੁਖ ਸਿੱਖ ਸਨ। ਉਹ ਗੁਰੂ ਹਰਿਗੋਬਿੰਦ ਸਾਹਿਬ ਵੇਲੇ ਵੀ ਅਕਸਰ ਅੰਮ੍ਰਿਤਸਰ ਆਉਂਦੇ ਰਹਿੰਦੇ ਸਨ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਫ਼ੌਜ ਬਣਾਈ ਤਾਂ ਭਾਈ ਭਗਤੂ ਵੀ ਇਸ ਵਿਚ ਸ਼ਾਮਿਲ ਹੋਏ। ਉਨ੍ਹਾਂ ਵੱਖ ਵੱਖ ਤਰ੍ਹਾਂ ਦੇ ਸ਼ਸਤਰ ਚਲਾਉਣ ਦੀ ਸਿਖਿਆ ਲਈ।

13 ਅਪਰੈਲ 1634 ਦੇ ਦਿਨ ਜਦੋਂ ਮੁਗ਼ਲ ਫ਼ੌਜਾਂ ਨੇ ਅੰਮ੍ਰਿਤਸਰ 'ਤੇ ਹਮਲਾ ਕੀਤਾ ਤਾਂ ਭਾਈ ਭਗਤੂ ਉਸ ਵੇਲੇ ਅੰਮ੍ਰਿਤਸਰ ਵਿਚ ਹੀ ਸਨ। ਭਾਵੇਂ ਇਸ ਹਮਲੇ ਵੇਲੇ

ਉੱਥੇ ਗਿਣਤੀ ਦੇ ਸਿੱਖ ਸਨ ਪਰ ਉਨ੍ਹਾਂ ਨੇ ਮੁਗਲ ਫ਼ੌਜਾਂ ਦਾ ਡਟ ਕੇ ਟਾਕਰਾ ਕੀਤਾ। ਭਾਈ ਭਗਤੂ ਸਭ ਤੋਂ ਮੂਹਰੇ ਹੋ ਕੇ ਲੜੇ ਤੇ ਕਈ ਮੁਗਲ ਸਿਪਾਹੀਆਂ ਨੂੰ ਮਾਰ ਕੇ ਅਖੀਰ ਸ਼ਹੀਦੀ ਹਾਸਿਲ ਕੀਤੀ।

ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦਾ ਲੇਖਕ ਇਸ ਲੜਾਈ ਵਿਚ ਸ਼ਹੀਦ ਹੋਣ ਵਾਲੇ ਜਿਨ੍ਹਾਂ ਖ਼ਾਸ ਸਿੱਖਾਂ ਜਰਨੈਲਾਂ ਦਾ ਜ਼ਿਕਰ ਕਰਦਾ ਹੈ ਉਨ੍ਹਾਂ ਵਿਚ ਭਾਈ ਭਗਤੂ ਵੀ ਸ਼ਾਮਿਲ ਸਨ। ਉਹ ਭਾਈ ਭਗਤਾ ਨੂੰ ਵੱਡਾ ਸੂਰਬੀਰ ਲਿਖਦਾ ਹੈ:

*ਸਾਂਈ ਦਾਸ ਪੈੜਾ ਬਲੀ, **ਭਗਤੂ** ਸੂਰ ਅਪਾਰ॥*
ਅਨੰਤਾ ਬਲੀ ਅਨੰਤ ਥਾ, ਹਮਰੋ ਪ੍ਰੇਮ ਪਿਆਰ॥ 13॥ (ਚੈਪਟਰ 11)

ਭਾਈ ਤਿਰਲੋਕਾ

ਭਾਈ ਤਿਰਲੋਕਾ ਗੁਰੂ ਅਰਜਨ ਸਾਹਿਬ ਦੇ ਵੇਲੇ ਦੇ ਇਕ ਅਹਿਮ ਸਿੱਖ ਸਨ। ਉਹ ਗ਼ਜ਼ਨੀ ਦੇ ਬਾਦਸ਼ਾਹ ਦੀ ਫ਼ੌਜ ਵਿਚ ਉੱਚੇ ਅਹੁਦੇ 'ਤੇ ਤਾਈਨਾਤ ਸਨ। **ਗੁਰ ਬਿਲਾਸ ਪਾਤਸ਼ਾਹੀ ਛੇਵੀਂ** ਮੁਤਾਬਿਕ ਉਨ੍ਹਾਂ ਨੂੰ 50 ਰੁਪੈ ਰੋਜ਼ਾਨਾ ਤਨਖ਼ਾਹ ਮਿਲਦੀ ਸੀ। (ਉਂਞ ਇਹ ਰਕਮ ਮੰਨਣ ਵਾਲੀ ਨਹੀਂ ਜਾਪਦੀ) ਕਹਾਣੀ ਮੁਤਾਬਿਕ ਇਕ ਵਾਰ ਉਹ ਸ਼ਿਕਾਰ ਕਰ ਰਹੇ ਸਨ ਤਾਂ ਉਨ੍ਹਾਂ ਹੱਥੋਂ ਇਕ ਹਿਰਨੀ ਮਾਰੀ ਗਈ। ਇਸ ਹਿਰਨੀ ਦੇ ਢਿੱਡ ਵਿਚ ਬੱਚਾ ਸੀ। ਹਿਰਨੀ ਦੇ ਮਰਨ ਨਾਲ ਬੱਚਾ ਵੀ ਤੜਫ-ਤੜਫ ਕੇ ਮਰ ਗਿਆ। ਉਨ੍ਹਾਂ ਦੇ ਦਿਲ ਵਿਚ "ਦਇਆ" ਕਰਨ ਦੀ ਗੁਰ-ਸਿਖਿਆ ਘਰ ਕਰੀ ਬੈਠੀ ਸੀ। ਉਨ੍ਹਾਂ ਨੂੰ ਇਸ ਸਿਖਿਆ ਕਰ ਕੇ ਹਿਰਨੀ ਦਾ ਬੱਚਾ ਮਰਨ 'ਤੇ ਬੜਾ ਰੰਜ ਹੋਇਆ। ਇਸ ਦੇ ਪਛਤਾਵੇ ਵਜੋਂ ਉਨ੍ਹਾਂ ਨੇ ਆਪਣੀ ਮਿਆਨ ਵਿਚ ਲੋਹੇ ਦੀ ਥਾਂ ਲੱਕੜ ਦੀ ਤਲਵਾਰ ਪਾ ਲਈ। ਉਨ੍ਹਾਂ ਦੀ ਇਸ ਕਾਰਵਾਈ ਦੀ ਸ਼ਿਕਾਇਤ ਕਿਸੇ ਦੋਖੀ ਨੇ ਗ਼ਜ਼ਨੀ ਦੇ ਹਾਕਮ ਨੂੰ ਕਰ ਦਿੱਤੀ। ਸਾਖੀ ਮੁਤਾਬਿਕ ਜਦੋਂ ਹਾਕਮ ਨੇ ਪੜਤਾਲ ਕੀਤੀ ਤਾਂ ਉਸ ਨੂੰ ਭਾਈ ਤਿਰਲੋਕੇ ਦੀ ਤਲਵਾਰ ਲੋਹੇ ਦੀ ਹੀ ਨਜ਼ਰ ਆਈ। ਇਸ ਮਗਰੋਂ ਤਿਰਲੋਕੇ ਨੇ ਨੌਕਰੀ ਛੱਡ ਦਿਤੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਕੋਲ 'ਗੁਰੂ ਦਾ ਚੱਕ' (ਅੰਮ੍ਰਿਤਸਰ) ਚਲਾ ਗਿਆ।

ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਫ਼ੌਜ ਬਣਾਈ ਤਾਂ ਭਾਈ ਤਿਰਲੋਕਾ ਵੀ ਉਸ ਵਿਚ ਸ਼ਾਮਿਲ ਹੋ ਗਿਆ। ਹੁਣ ਉਹ 'ਗੁਰੂ ਦਾ ਚੱਕ' ਵਿਚ ਹੀ ਰਹਿਣ ਲੱਗ ਪਿਆ। ਉਹ ਗੁਰੂ ਸਾਹਿਬ ਦੇ ਖ਼ਾਸ ਦਰਬਾਰੀ ਸਿੱਖਾਂ ਵਿਚੋਂ ਇਕ ਜਾਣਿਆ ਜਾਣ ਲੱਗ ਪਿਆ। **ਗੁਰ ਬਿਲਾਸ ਪਾਤਸ਼ਾਹੀ ਛੇਵੀ** ਦੀ ਇਕ ਸਾਖੀ ਮੁਤਾਬਿਕ ਜਦੋਂ ਗੁਰੂ ਸਾਹਿਬ ਦੀ ਮਾਤਾ ਕੌਲਾਂ ਤੇ ਪੈਂਦੇ ਖਾਂ ਨਾਲ ਵਧੇਰੇ ਨੇੜਤਾ ਦਾ ਚਰਚਾ ਚਲਿਆ ਤਾਂ ਸਿੱਖਾਂ ਨੇ ਗੁਰੂ ਸਾਹਿਬ ਨੂੰ ਇਨ੍ਹਾਂ ਦੋਹਾਂ ਤੋਂ ਦੂਰ ਰਖਣ ਵਾਸਤੇ ਪੰਜ ਸਿੱਖਾਂ ਨੂੰ ਗੁਰੂ ਸਾਹਿਬ ਕੋਲ ਭੇਜਣ ਦਾ ਫ਼ੈਸਲਾ ਕੀਤਾ। ਇਨ੍ਹਾਂ ਪੰਜਾਂ ਸਿੱਖਾਂ ਵਿਚ **ਭਾਈ ਤਿਰਲੋਕਾ** ਵੀ ਸ਼ਾਮਿਲ ਸਨ।

ਇਸ ਘਟਨਾ ਤੋਂ ਕੁਝ ਸਾਲ ਮਗਰੋਂ ਜਦੋਂ 13 ਅਪਰੈਲ 1634 ਦੇ ਦਿਨ ਮੁਗ਼ਲ ਫ਼ੌਜਾਂ ਨੇ ਗੁਰੂ ਦਾ ਚੱਕ 'ਤੇ ਹਮਲਾ ਕਰ ਦਿੱਤਾ ਤਾਂ ਭਾਈ ਤਿਰਲੋਕਾ ਨੇ ਹਮਲਾਵਰ ਫ਼ੌਜਾਂ ਦਾ ਡੱਟ ਕੇ ਮੁਕਾਬਲਾ ਕੀਤਾ। ਉਨ੍ਹਾਂ ਨੇ ਕਈ ਮੁਗ਼ਲ ਸਿਪਾਹੀਆਂ ਨੂੰ ਮਾਰ ਮੁਕਾਇਆ ਅਤੇ ਅਖ਼ੀਰ ਆਪ ਵੀ ਸ਼ਹੀਦੀ ਹਾਸਿਲ ਕੀਤੀ। ਇਸ ਦਾ ਜ਼ਿਕਰ **ਗੁਰਬਿਲਾਸ ਪਾਤਸ਼ਾਹੀ ਛੇਵੀਂ** ਦਾ ਲੇਖਕ ਇੰਞ ਕਰਦਾ ਹੈ;

ਭਾਈ ਜੈਤਾ ਜੀਤ ਮਲੇਛਨ ਕੋ,
ਭਾਈ ਪਿਰਾਣਾ ਸੁ ਪ੍ਰੇਮ ਕੇ ਬੀਚ ਸਮਾਏ।
*ਭਾਈ ਤੋਤਾ **ਤਿਲੋਕਾ** ਥੇ ਸੂਰ ਬਡੇ,*
ਮਮ ਹੇਤਿ ਇਨੇ ਨਿਜ ਦੇਹ ਗਵਾਏ॥ 12॥ (ਚੈਪਟਰ 11)

ਭਾਈ ਜੈਤਾ

ਭਾਈ ਜੈਤਾ ਤੇ ਭਾਈ ਸੀਗਾਰੂ ਬੜੇ ਬਹਾਦਰ ਤੇ ਪਰਉਪਕਾਰੀ ਸਿੱਖ ਸਨ। ਉਹ ਗੁਰੂ ਅਰਜਨ ਸਾਹਿਬ ਵੇਲੇ ਸਿੱਖ ਪੰਥ ਵਿਚ ਸ਼ਾਮਿਲ ਹੋਏ ਸਨ। "ਸਿੱਖਾਂ ਦੀ ਭਗਤਮਾਲਾ" ਦੇ ਲੇਖਕ ਮੁਤਾਬਿਕ ਉਨ੍ਹਾਂ ਦੇ ਇਕ ਸਵਾਲ ਵਿਚ ਗੁਰੂ ਅਰਜਨ ਸਾਹਿਬ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ **"ਅਸੀਂ ਸ਼ਸਤਰ ਪਕੜਨੇ ਹੈਨ ਸੋ ਗੁਰੂ ਹਰਿਗੋਬਿੰਦ ਦਾ ਰੂਪ ਧਾਰ ਕਰ ਪਕੜਨੇ ਹਨ। ਸਮਾਂ ਕਲਜੁਗ ਦਾ ਵਰਤਨਾ ਹੈ। ਸ਼ਸਤਰਾਂ ਦੀ ਵਿਦਿਆ ਕਰ ਮੀਰ ਦੀ ਮੀਰੀ ਖਿਚ ਲੈਣੀ ਹੈ ਤੇ ਸ਼ਬਦ ਦੀ ਪ੍ਰੀਤ ਸਮਝ ਕਰ ਪੀਰ ਦੀ ਪੀਰੀ ਲੈ ਲੈਣੀ ਹੈ। ਤੁਸਾਂ ਛੇਵੀਂ ਪਾਤਸ਼ਾਹੀ ਦੇ ਹਜ਼ੂਰ ਰਹਿਣਾ।"**

ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਫ਼ੌਜ ਬਣਾਈ ਤਾਂ ਭਾਈ ਜੈਤਾ ਇਸ ਵਿਚ ਸ਼ਾਮਿਲ ਹੋਏ। ਆਪ ਰੁਹੀਲਾ ਦੀ ਲੜਾਈ ਵਿਚ ਬਹਾਦਰੀ ਨਾਲ ਲੜੇ ਫਿਰ 13 ਅਪਰੈਲ 1634 ਦੇ ਦਿਨ ਜਦੋਂ ਮੁਗ਼ਲ ਫ਼ੌਜਾਂ ਨੇ ਅੰਮ੍ਰਿਤਸਰ 'ਤੇ ਹਮਲਾ ਕੀਤਾ ਤਾਂ ਵੀ

ਆਪ ਦਿਲੋ-ਜਾਨ ਨਾਲ ਲੜੇ ਤੇ ਹਮਲਾਵਰ ਫ਼ੌਜਾਂ ਦੇ ਖ਼ੂਬ ਆਹੂ ਲਾਹੇ। ਉਹ ਆਪ ਵੀ ਇਸ ਲੜਾਈ ਵਿਚ ਸ਼ਹੀਦੀ ਜਾਮ ਪੀ ਗਏ। **ਗੁਰ ਬਿਲਾਸ ਪਾਤਿਸਾਹੀ ਛੇਵੀਂ** ਵਿਚ ਆਪ ਦੀ ਸ਼ਹੀਦੀ ਦਾ ਜ਼ਿਕਰ ਇਨ੍ਹਾਂ ਲਫ਼ਜ਼ਾਂ ਵਿਚ ਆਉਂਦਾ ਹੈ:

__ਭਾਈ ਜੈਤਾ__ ਜੀਤ ਮਲੇਛਨ ਕੋ, ਭਾਈ ਪਿਰਾਣਾ ਸੁ ਪ੍ਰੇਮ ਕੇ ਬੀਚ ਸਮਾਏ।

(ਚੈਪਟਰ 11, ਛੰਦ 12)

ਭਾਈ ਤੋਤਾ

ਭਾਈ ਤੋਤਾ ਗੁਰੂ ਅਰਜਨ ਸਾਹਿਬ ਦੇ ਵੇਲੇ ਦੇ ਇਕ ਪ੍ਰਮੁਖ ਸਿੱਖ ਸਨ। ਉਹ ਗੁਰੂ ਹਰਿਗੋਬਿੰਦ ਸਾਹਿਬ ਵੇਲੇ ਵੀ ਅਕਸਰ ਅੰਮ੍ਰਿਤਸਰ ਆਉਂਦੇ ਰਹਿੰਦੇ ਸਨ। ਜਦੋਂ ਗੁਰ ਹਰਿਗੋਬਿੰਦ ਸਾਹਿਬ ਨੇ ਫ਼ੌਜ ਬਣਾਈ ਤਾਂ ਭਾਈ ਤੋਤਾ ਵੀ ਇਸ ਵਿਚ ਸ਼ਾਮਿਲ ਹੋਏ। ਉਨ੍ਹਾਂ ਵੱਖ ਵੱਖ ਤਰ੍ਹਾਂ ਦੇ ਸ਼ਸਤਰ ਚਲਾਉਣ ਦੀ ਸਿਖਿਆ ਲਈ।

13 ਅਪਰੈਲ 1634 ਦੇ ਦਿਨ ਜਦੋਂ ਮੁਗ਼ਲ ਫ਼ੌਜਾਂ ਨੇ ਅੰਮ੍ਰਿਤਸਰ 'ਤੇ ਹਮਲਾ ਕੀਤਾ ਤਾਂ ਭਾਈ ਤੋਤਾ ਸਭ ਤੋਂ ਮੂਹਰੇ ਹੋ ਕੇ ਲੜੇ ਤੇ ਕਈ ਮੁਗ਼ਲ ਸਿਪਾਹੀਆਂ ਨੂੰ ਮਾਰ ਕੇ ਅਖ਼ੀਰ ਸ਼ਹੀਦੀ ਹਾਸਿਲ ਕੀਤੀ।

__ਭਾਈ ਤੋਤਾ__ ਤਿਲੋਕਾ ਥੇ ਸੂਰ ਬਡੇ ਮਮ ਹੇਤਿ ਇਨੈ ਨਿਜ ਦੇਹ ਗਵਾਏ ॥ 12 ॥

(ਗੁਰਬਿਲਾਸ ਪਾਤਸ਼ਾਹੀ ਛੇਵੀਂ, ਚੈਪਟਰ 11)

ਭਾਈ ਨਿਹਾਲੂ

ਭਾਈ ਨਿਹਾਲੂ ਗੁਰੂ ਹਰਿਗੋਬਿੰਦ ਸਾਹਿਬ ਵੇਲੇ ਦੇ ਪ੍ਰਮੁਖ ਸਿੱਖ ਸਨ। ਜਦੋਂ ਗੁਰੂ ਸਾਹਿਬ ਨੇ ਫ਼ੌਜ ਬਣਾਈ ਤਾਂ ਭਾਈ ਨਿਹਾਲੂ ਵੀ ਇਸ ਵਿਚ ਸ਼ਾਮਿਲ ਹੋਏ। ਉਨ੍ਹਾਂ ਵੱਖ-

ਵੱਖ ਤਰ੍ਹਾਂ ਦੇ ਸ਼ਸਤਰ ਚਲਾਉਣ ਦੀ ਸਿਖਿਆ ਲਈ। ਭਾਈ ਨਿਹਾਲੂ ਹੌਲੀ-ਹੌਲੀ ਗੁਰੂ ਸਾਹਿਬ ਦੇ ਖ਼ਾਸ ਦਰਬਾਰੀਆਂ ਵਿਚੋਂ ਇਕ ਬਣ ਗਏ। **ਗੁਰ ਬਿਲਾਸ ਪਾਤਸ਼ਾਹੀ ਛੇਵੀਂ** ਮੁਤਾਬਿਕ ਇਕ ਵਾਰ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਦੇ ਮਾਤਾ ਕੌਲਾਂ ਅਤੇ ਪੈਂਦੇ ਖ਼ਾਂ ਨਾਲ ਸਬੰਧ ਵੱਧ ਗਏ ਤਾਂ ਕੁਝ ਸਿੱਖਾਂ ਨੇ ਗੁਰੂ ਸਾਹਿਬ ਨੂੰ ਇਨ੍ਹਾਂ ਦੋਹਾਂ ਤੋਂ ਹਟਾਉਣ ਵਾਸਤੇ ਮਤਾ ਕੀਤਾ। ਉਨ੍ਹਾਂ ਇਹ ਵੀ ਫ਼ੈਸਲਾ ਕੀਤਾ ਕਿ ਪੰਜ ਸਿੱਖ ਗੁਰੂ ਸਾਹਿਬ ਕੋਲ ਅਰਜ਼ ਕਰਨ ਵਾਸਤੇ ਭੇਜੇ ਜਾਣ। ਇਨ੍ਹਾਂ ਪੰਜਾਂ ਵਿਚ ਭਾਈ ਨਿਹਾਲੂ ਵੀ ਸ਼ਾਮਿਲ ਸਨ:

ਤਿਹ ਪਾਚੋ ਕੇ ਨਾਮ ਸੁਨਾਇ। ਕਿਸ਼ਨਾ, ਤੀਰਥ, ਤਖਤੂ ਗਾਇ।
ਨਿਹਾਲੂ ਔਰ ਤਿਲੋਕਾ ਜਾਨੋ। ਦਯਾਸਿੰਘੁ ਗੁਰ ਪ੍ਰੇਮੀ ਮਾਨੋ॥ 22॥

(ਗੁਰਬਿਲਾਸ ਪਾਤਸ਼ਾਹੀ ਛੇਵੀਂ, ਚੈਪਟਰ 9)

ਜਦੋਂ 13 ਅਪਰੈਲ 1634 ਦੇ ਦਿਨ ਮੁਗ਼ਲ ਫ਼ੌਜਾਂ ਨੇ ਗੁਰੂ ਦਾ ਚੱਕ 'ਤੇ ਹਮਲਾ ਕੀਤਾ ਤਾਂ ਭਾਈ ਨਿਹਾਲੂ ਸਭ ਤੋਂ ਮੂਹਰੇ ਹੋ ਕੇ ਲੜੇ। ਉਨ੍ਹਾਂ ਕਈ ਮੁਗ਼ਲ ਸਿਪਾਹੀਆਂ ਨੂੰ ਮਾਰ ਮੁਕਾਇਆ ਅਤੇ ਅਖ਼ੀਰ ਆਪ ਵੀ ਸ਼ਹੀਦੀ ਜਾਮ ਪੀਤਾ:

ਨਿਹਾਲੂ ਤਖਤੂ ਏ ਬਡ ਸੂਰੇ। ਮੋਹਨ ਗੁਪਾਲਾ ਪ੍ਰਣ ਕੇ ਪੂਰੇ।
ਏ ਮਮ ਤੇਰਹ ਸੂਰ ਅਪਾਰੇ। ਮਮ ਨਿਮਿਤ ਇਹ ਸੁਰਗ ਸਿਧਾਰੇ॥ 14॥

(ਗੁਰਬਿਲਾਸ ਪਾਤਸ਼ਾਹੀ ਛੇਵੀਂ, ਚੈਪਟਰ 11)

ਭਾਈ ਨੰਦਾ

ਭਾਈ ਨੰਦਾ ਸੰਘੇੜਾ ਇਕ ਸ਼ਰਧਾਵਾਨ ਕਿਸਾਨ ਸਨ। ਉਹ ਗੁਰੂ ਅਰਜਨ ਸਾਹਿਬ ਦੇ ਵੇਲੇ ਸਿੱਖ ਧਰਮ ਵਿਚ ਸ਼ਾਮਿਲ ਹੋਏ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਫ਼ੌਜ ਬਣਾਈ ਤਾਂ ਆਪ ਉਸ ਵਿਚ ਸ਼ਾਮਿਲ ਹੋਏ ਅਤੇ ਵੱਖ-ਵੱਖ ਸ਼ਸਤਰ ਚਲਾਉਣ ਦੀ ਸਿਖਿਆ ਹਾਸਿਲ ਕੀਤੀ।

13 ਅਪਰੈਲ 1634 ਦੇ ਦਿਨ ਜਦੋਂ ਮੁਗ਼ਲ ਫ਼ੌਜਾਂ ਨੇ ਅੰਮ੍ਰਿਤਸਰ 'ਤੇ ਹਮਲਾ ਕੀਤਾ ਤਾਂ ਭਾਈ ਨੰਦਾ ਉਸ ਵੇਲੇ ਉਥੇ ਹਾਜ਼ਿਰ ਸਨ। ਉਹ ਬੜੀ ਬਹਾਦਰੀ ਨਾਲ ਮੁਗ਼ਲਾਂ ਦੇ ਖ਼ਿਲਾਫ਼ ਲੜੇ। ਇਸ ਮੌਕੇ 'ਤੇ ਲੜਦਿਆਂ-ਲੜਦਿਆਂ ਉਨ੍ਹਾਂ ਦੀ ਤਲਵਾਰ

ਟੁੱਟ ਗਈ। ਉਹ ਇਸ ਦੇ ਬਾਵਜੂਦ ਜੂਝਦੇ ਰਹੇ। ਉਨ੍ਹਾਂ ਮੁਗਲ ਜਰਨੈਲ ਮਿਰਜ਼ਾ ਬੇਗ ਨੂੰ ਜੱਫਾ ਪਾ ਕੇ ਢਾਹ ਲਿਆ ਪਰ ਦੁਸ਼ਮਣਾਂ ਦੇ ਵਾਰ ਨਾਲ ਸ਼ਹੀਦ ਹੋ ਗਏ।

ਭਾਈ ਨੰਦਾ ਅਨੰਦ ਕਰੋ ਮਨ ਮੈ ਮਮ ਤਯਾਗ ਕਹੋ ਕਿਹ ਹੇਤਿ ਸਿਧਾਏ।

(ਚੈਪਟਰ 11, ਛੰਦ 12, ਗੁਰਬਿਲਾਸ ਪਾਤਸ਼ਾਹੀ ਛੇਵੀਂ)

ਭਾਈ ਜੇਠਾ

ਭਾਈ ਜੇਠਾ ਗੁਰੂ ਅਰਜਨ ਸਾਹਿਬ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਦੇ ਪ੍ਰਮੁੱਖ ਸਿੱਖ ਸਨ। ਭਾਈ ਜੇਠਾ ਗੁਰੂ ਅਰਜਨ ਸਾਹਿਬ ਦੇ ਦਰਬਾਰੀ ਸਿੱਖ ਸਨ। ਜਦੋਂ ਗੁਰੂ ਅਰਜਨ ਸਾਹਿਬ ਗ੍ਰਿਫਤਾਰ ਹੋਏ ਤਾਂ ਭਾਈ ਜੇਠਾ ਵੀ ਉਨ੍ਹਾਂ ਦੇ ਨਾਲ ਹੀ ਸੀ। ਉਨ੍ਹਾਂ ਗੁਰੂ ਸਾਹਿਬ ਦੀ ਸ਼ਹੀਦੀ ਆਪਣੇ ਅੱਖੀਂ ਵੇਖੀ ਤੇ ਸਾਰਾ ਹਾਲ ਅੰਮ੍ਰਿਤਸਰ ਆ ਕੇ ਬਿਆਨ ਕੀਤਾ ਆਪ ਗੁਰੂ ਹਰਿਗੋਬਿੰਦ ਸਾਹਿਬ ਵੇਲੇ ਵੀ ਗੁਰੂ ਘਰ ਦੀ ਸੇਵਾ ਕਰਦੇ ਰਹੇ। ਜਦੋਂ ਛੇਵੇਂ ਪਾਤਸ਼ਾਹ ਨੇ ਫ਼ੌਜ ਬਣਾਈ ਤਾਂ ਆਪ ਨੂੰ ਜਰਨੈਲ ਥਾਪਿਆ ਗਿਆ।

ਜਦੋਂ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਕਿਲ੍ਹੇ ਵਿਚ ਕੈਦ ਸਨ ਤਾਂ ਬਾਬਾ ਬੁੱਢਾ, ਭਾਈ ਗੁਰਦਾਸ ਤੇ ਹੋਰਾਂ ਦੇ ਨਾਲ ਨਾਲ ਭਾਈ ਜੇਠਾ ਵੀ ਅਕਸਰ ਗਵਾਲੀਅਰ ਆਇਆ-ਜਾਇਆ ਕਰਦੇ ਸਨ। ਗੁਰੂ ਸਾਹਿਬ ਦੀ ਰਿਹਾਈ ਤੋਂ ਮਗਰੋਂ ਵੀ ਭਾਈ ਜੇਠਾ ਉਨ੍ਹਾਂ ਦੇ ਨਾਲ ਨਾਲ ਹੀ ਰਹੇ।

ਭਾਈ ਜੇਠਾ ਸਿੱਖ ਫ਼ੌਜ ਦੇ ਮੁਖ ਪੰਜ ਜਰਨੈਲਾਂ ਵਿਚੋਂ ਇਕ ਸਨ। ਉਹ ਬੜੇ ਬਹਾਦਰ, ਹੌਸਲੇ ਵਾਲੇ ਤੇ ਦਲੇਰ ਇਨਸਾਨ ਸਨ। ਉਹ ਸ਼ਸਤਰ ਚਲਾਉਣ, ਖ਼ਾਸ ਕਰ ਕੇ ਤੀਰ ਤੇ ਤਲਵਾਰ, ਦੇ ਧਨੀ ਸਨ। ਉਨ੍ਹਾਂ ਨੇ ਗੁਰੂ ਸਾਹਿਬ 'ਤੇ ਹੋਏ ਹਰ ਹਮਲੇ ਵਿਚ ਮੂਹਰੇ ਹੋ ਕੇ ਦੁਸ਼ਮਣਾਂ ਦਾ ਟਾਕਰਾ ਕੀਤਾ। ਦਸੰਬਰ 1634 ਵਿਚ ਗੁਰੂ ਸਾਹਿਬ ਮਹਿਰਾਜ ਦੇ ਨੇੜੇ-ਤੇੜੇ ਪ੍ਰਚਾਰ ਕਰ ਰਹੇ ਸਨ ਤਾਂ ਲੱਲਾ ਬੇਗ ਤੇ ਕਮਰ ਬੇਗ ਦੀ ਅਗਵਾਈ ਵਿਚ ਮੁਗਲ ਫ਼ੌਜਾਂ ਨੇ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ। ਇਸ ਮੌਕੇ 'ਤੇ

ਦੋਹਾਂ ਧਿਰਾਂ ਵਿਚ ਗਹਿ-ਗੱਚ ਲੜਾਈ ਹੋਈ। 16 ਦਸੰਬਰ 1634 ਦੇ ਦਿਨ ਹੋਈ ਲੜਾਈ ਵਿਚ ਹੋਰਨਾਂ ਤੋਂ ਇਲਾਵਾ ਜਰਨੈਲ ਭਾਈ ਜੇਠਾ ਵੀ ਜੀਅ ਜਾਨ ਤੋਂ ਜੂਝੇ। ਉਨ੍ਹਾਂ ਨੇ ਪਹਿਲੋਂ ਤੀਰਾਂ ਨਾਲ ਤੇ ਫੇਰ ਤਲਵਾਰ ਨਾਲ ਆਪਣੀ ਬਹਾਦਰੀ ਦੇ ਜੌਹਰ ਦਿਖਾਏ। ਇਸ ਦੌਰਾਨ ਭਾਈ ਜੇਠਾ ਅਤੇ ਮੁਗਲ ਜਰਨੈਲ ਕਾਸਮ ਬੇਗ ਵਿਚ ਘਮਸਾਣ ਦੀ ਲੜਾਈ ਹੋਈ। ਲੰਬੇ ਚਿਰ ਦੀ ਮੁਠਭੇੜ ਮਗਰੋਂ ਕਾਸਮ ਬੇਗ ਮਾਰਿਆ ਗਿਆ। ਇਸ ਜੰਗ ਵਿਚ ਭਾਈ ਜੇਠਾ ਨੇ ਕਈ ਮੁਗਲਾਂ ਨੂੰ ਮੌਤ ਦੇ ਘਾਟ ਉਤਾਰਿਆ ਤੇ ਅਖੀਰ ਆਪ ਵੀ ਸ਼ਹੀਦੀ ਪਾਈ। **"ਗੁਰ ਬਿਲਾਸ ਪਾਤਿਸ਼ਾਹੀ ਛੇਵੀਂ"** ਵਿਚ ਆਪ ਦੀ ਲੜਾਈ ਨੂੰ ਕਾਫੀ ਵੇਰਵੇ ਨਾਲ ਬਿਆਨ ਕੀਤਾ ਗਿਆ ਹੈ। ਉਸ ਵਿਚੋਂ ਇਹ ਵੀ ਪਤਾ ਲੱਗਦਾ ਹੈ ਕਿ ਸ਼ਹੀਦੀ ਵੇਲੇ ਆਪ ਕਾਫੀ ਬਜ਼ੁਰਗ ਹੋ ਚੁੱਕੇ ਸਨ ਤੇ ਆਪ ਦੀ ਦਾੜ੍ਹੀ ਪੂਰੀ ਸਫ਼ੇਦ ਸੀ।

ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦਾ ਲਿਖਾਰੀ ਭਾਈ ਜੇਠਾ ਦੀ ਸ਼ਹੀਦੀ ਦਾ ਜ਼ਿਕਰ ਇੰਞ ਕਰਦਾ ਹੈ:

ਕਾਸਮ ਬੇਗ ਸੈਨਾ ਪਠੀ ਅਪਨੀ ਸਪਤ ਹਜਾਰ।
__ਜੇਠੇ__ ਪਠੇ ਸੁ ਪਾਂਚ ਸੈ ਅਪਨੇ ਸੂਰ ਬਲਾਰ॥ 586 ॥
ਦੁ ਸੂਏ ਬਲਾਰੀ॥ ਕਰੈ ਮਾਰ ਮਾਰੀ।
ਕਹੈਂ ਬਾਨ ਮਾਰੈਂ। ਮਨੋ ਆਬ ਧਾਰੈਂ॥ 587 ॥

. . . .

ਕਾਸਮ ਬੇਗ ਤੀਰ ਬਹੁ ਮਾਰੈ। __ਭਾਈ ਜੇਠਾ__ ਮਗਿ ਹਨ ਡਾਰੈ।
ਤਾਕ ਤੀਰ ਤਾ ਕੇ ਅੰਗਿ ਲਾਵੈ। ਬੇਧ ਤਾਹਿ ਤਨ ਪਾਰ ਪਰਾਵੈ॥ 594 ॥

. . . .

ਜਿਉ ਧੁਬੀਆ ਸਰਤਾ ਤਟੰ ਪਟ ਪਟ ਸਾਥਿ ਪਛਾਰ।
ਤਿਉ ਕਾਸਮ ਗਹਿ ਜਾਂਘ ਤੇ __ਜੇਠੇ__ ਭੂਮਿ ਪਟਕਾਰ॥598॥
ਮਾਰ ਮਾਰ ਚਹੁ ਦਿਸ ਬਕੈ ਸੈਨਾ ਚਾਰਿ ਹਜਾਰ।
__ਜੇਠਾ__ ਮਧਿ ਬਿਰਾਜ ਇਉਂ ਮਨੋ ਸੰਭ ਤ੍ਰਿਪੁਰਾਰਿ॥ 605 ॥

. . . .

ਤਾਗੜਦੰ ਤੀਰੰ ਮਾਗੜਦੰ ਮਾਰੇ। ਬਾਗੜਦੰ ਬੰਦੂਕ ਨੇਜਾ ਡਾਰਾਰੇ॥ 606 ॥
ਜਾਗੜਦੰ __ਜੇਠਾ__ ਧਾਗੜਦੰ ਧਾਵੈ। ਚਾਗੜਦੰ ਚੱਕੰ ਸਮੰ ਸੋਭ ਪਾਵੈ।

. . . .

ਦੀਪਕ ਸਮ __ਜੇਠਾ__ ਭਯੋ ਤੁਰਕ ਪਤੰਗ ਸਮਾਨ।
ਲਰਤ ਮਰਤ ਛਿਨ ਬਿਲਮ ਨਹਿ ਆਹਵ ਭਯੋ ਭਜਾਨ॥ 609 ॥

. . . .

ਟੂਟ ਤੇਗ ਲਗ ਤੇਗ ਸੋਂ ਬੇਗ ਲਲਾ ਬਿਸਮਾਇ।
ਸ਼ਾਸਤ੍ਰ ਹੀਨ ਦਿਖਿ ਤਾਹਿ ਕਉ **ਜੇਠੇ** ਤੇਗ ਤਜਾਇ॥ 615॥
ਕੀਯੇ ਮੁਸ਼ਟ ਜੁੱਧੰ। ਦੋਊ ਬੀਰ ਸੁੱਧੰ। ਦੋਊ ਬੀਰ ਧੀਰੰ। ਨ ਸ਼ੰਕਾ ਸਰੀਰੰ॥ 616॥
ਪਰੈ ਮੁਰਛੈ ਕੈ। ਲਰੇ ਖੇਮ ਕੈ ਕੈ। ਭਯੋ ਜੁਧ ਭਾਰੀ। ਸੁਰੰ ਧੰਨੁ ਸਾਰੀ॥ 617॥

. . . .

ਹੁਇ ਸੁਚੇਤ **ਜੇਠਾ** ਉਠਾ ਛਾਤੀ ਮੁਸ਼ਟ ਪ੍ਰਹਾਰ।
ਬੇਗ ਲਲਾ ਤਬ ਹੀ ਹਨੀ ਤਮਕ ਕੀਨਿ ਤਰਵਾਰ ॥ 619॥
ਗੁਰੂ ਨਾਮ ਕਹਿ ਭਯੋ ਦੁਖੰਡਾ। ਭਗਤ ਸਿੰਘ **ਜੇਠਾ** ਬਲਵੰਡਾ।
ਬੇਗ ਲਲਾ ਦਿਖਿ ਬਿਸਮੈ ਧਾਰੀ। ਰੋਮ ਰੋਮ ਗੁਰ ਨਾਮ ਉਚਾਰੀ॥ 620॥
ਖਰ ਮਾਨਕ ਆਯੋ ਨਭ ਯਾਨਾ। ਗਾਵਤ ਸੁੰਦਰੀ ਮੰਗਲ ਨਾਨਾ।
ਜੇਠਾ ਚੜ ਗੁਰਧਾਮ ਮਧਾਰਾ। ਬੇਗ ਲਲਾ ਸਭ ਚਰਿਤ ਨਿਹਾਰਾ॥ 621॥

(ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਚੈਪਟਰ 19)

ਭਾਈ ਸੁਖੀਆ ਮਾਂਡਨ

ਭਾਈ ਸੁਖੀਆ ਭਾਈ ਮਾਂਡਨ ਦੇ ਬੇਟੇ, ਭਾਈ ਊਦਾ ਦੇ ਪੋਤੇ ਤੇ ਭਾਈ ਨਾਥੂ ਦੇ ਪੜਪੋਤੇ ਸਨ। ਆਪ ਰਾਠੌਰ-ਰਾਜਪੂਤ ਪਰਿਵਾਰ ਨਾਲ ਸਬੰਧ ਰੱਖਦੇ ਸਨ। ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਆਪ ਸੋਧਰਾ (ਜ਼ਿਲ੍ਹਾ ਵਜ਼ੀਰਾਬਾਦ-ਪਾਕਿਸਤਾਨ) ਵਿਚ ਰਹਿ ਰਹੇ ਸਨ। ਆਪ ਪਹਿਲੋਂ ਖੈਰਪੁਰ (ਜ਼ਿਲ੍ਹਾ ਮੁਜ਼ੱਫਰਗੜ੍ਹ, ਜੋ ਮੁਲਤਾਨੋਂ 120 ਕਿਲੋਮੀਟਰ ਦੂਰ ਹੈ) ਵਿਚ ਵੀ ਰਹਿੰਦੇ ਰਹੇ ਸਨ।

ਭਾਈ ਸੁਖੀਆ ਦੀ ਭਾਈ ਮਨੀ ਸਿੰਘ ਪਰਿਵਾਰ ਨਾਲ ਕੁੜਮਾਚਾਰੀ ਸੀ। ਆਪ ਭਾਈ ਮਨੀ ਸਿੰਘ ਦੇ ਸੱਕੇ ਫੁਫੜ ਸਨ। ਆਪ ਦੀ ਸਰਦਾਰਨੀ ਬੀਬੀ ਮਲੂਕੀ ਭਾਈ ਮਨੀ ਸਿੰਘ ਦੀ ਸੱਕੀ ਭੂਆ ਸੀ ਅਤੇ ਭਾਈ ਬੱਲੂ ਸ਼ਹੀਦ ਦੀ ਬੇਟੀ ਸੀ।

ਭਾਈ ਸੁਖੀਆ 16 ਦਸੰਬਰ 1634 ਦੇ ਦਿਨ ਮਹਿਰਾਜ ਵਿਚ ਲੱਲਾ ਬੇਗ ਦੀ ਅਗਵਾਈ ਵਿਚ ਗੁਰੂ ਸਾਹਿਬ 'ਤੇ ਹਮਲਾਵਰ ਹੋਈਆਂ ਫੌਜਾਂ ਨਾਲ ਦੋ-ਹੱਥ ਕਰਦੇ ਹੋਏ ਸ਼ਹੀਦ ਹੋਏ ਸਨ। ਸ਼ਹੀਦ ਹੋਣ ਤੋਂ ਪਹਿਲਾਂ ਆਪ ਨੇ ਮੁਗ਼ਲ ਫ਼ੌਜ ਦੇ ਇਕ ਮੁਖੀ ਇਬਰਾਹੀਮ ਖਾਂ ਅਤੇ ਹੋਰ ਬਹੁਤ ਸਾਰੇ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਭਾਈ ਸੁਖੀਆ ਆਪਣੇ ਪਰਿਵਾਰ ਵਿਚੋਂ ਸ਼ਹੀਦ ਹੋਣ ਵਾਲੇ ਸ਼ਾਇਦ ਪਹਿਲੇ ਸ਼ਖ਼ਸ ਸਨ ਪਰ ਆਪ ਦੇ ਪਰਿਵਾਰ ਵਿਚੋਂ ਕਈ ਹੋਰ ਜਣੇ ਵੀ ਗੁਰੂ ਹਰਿਗੋਬਿੰਦ ਸਾਹਿਬ ਦੀ ਫ਼ੌਜ ਵਿਚ ਸ਼ਾਮਿਲ ਸਨ ਅਤੇ ਰੁਹੀਲਾ ਤੇ ਅੰਮ੍ਰਿਤਸਰ ਦੀਆਂ ਲੜਾਈਆਂ ਵਿਚ ਆਪਣੇ ਜੌਹਰ ਦਿਖਾ ਚੁੱਕੇ ਸਨ। ਇਨ੍ਹਾਂ ਵਿਚ ਭਾਈ ਸੁਖੀਆ ਦੇ ਪਿਤਾ ਭਾਈ ਮਾਂਡਨ ਤੇ ਭਰਾ ਭਾਈ ਬਿਹਾਰੀ 27 ਸਤੰਬਰ 1621 ਦੇ ਦਿਨ ਰੁਹੀਲਾ ਦੀ ਲੜਾਈ ਵਿਚ ਸਭ ਤੋਂ ਮੂਹਰਲੀ ਕਤਾਰ ਵਿਚ ਲੜੇ ਸਨ। ਉਨ੍ਹਾਂ ਨੇ ਹਮਲਾਵਰ ਫ਼ੌਜ ਦੇ ਆਗੂ ਭਗਵਾਨਾ ਘੇਰੜ ਨੂੰ ਮੌਤ ਦੇ ਘਾਟ ਉਤਾਰਿਆ ਸੀ ਅਤੇ ਉਸ ਦੇ ਪੁੱਤਰ ਰਤਨ ਚੰਦ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕੀਤਾ ਸੀ।

ਭਾਈ ਸੁਖੀਆ ਤੋਂ ਬਾਅਦ ਵੀ ਇਸ ਪਰਿਵਾਰ ਦੇ ਹੋਰ ਵੀ ਕਈ ਜਣੇ ਗੁਰੂ ਸਾਹਿਬ ਦੀ ਫ਼ੌਜ ਵਿਚ ਸ਼ਾਮਿਲ ਹੁੰਦੇ ਰਹੇ। ਭਾਈ ਸੁਖੀਆ ਦਾ ਪੋਤਾ ਭਾਈ ਦੇਵਾ ਸਿੰਘ (ਪੁੱਤਰ ਭਾਈ ਤੇਗਾ) 8 ਅਕਤੂਬਰ 1700 ਦੇ ਦਿਨ ਨਿਰਮੋਹਗੜ੍ਹ ਦੀ ਲੜਾਈ ਵਿਚ ਸ਼ਹੀਦ ਹੋਇਆ ਸੀ। ਉਸ ਦੇ ਇਕ ਪੋਤੇ ਭਾਈ ਬਜਰ ਸਿੰਘ (ਪੁੱਤਰ ਭਾਈ ਰਾਮਾ) ਨੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਸ਼ਸਤਰ ਵਿਦਿਆ ਦਿੱਤੀ ਸੀ। ਇਹ ਭਾਈ ਬਜਰ ਸਿੰਘ ਚਪੜ ਚਿੜੀ ਦੀ ਲੜਾਈ ਵਿਚ 13 ਮਈ 1710 ਦੇ ਦਿਨ ਸ਼ਹੀਦ ਹੋਇਆ ਸੀ। ਭਾਈ ਬਜਰ ਸਿੰਘ ਦੇ ਤਿੰਨ ਹੋਰ ਭਰਾਵਾਂ ਨੇ ਵੀ ਸ਼ਹੀਦੀ ਜਾਮ ਪੀਤੇ ਸਨ। ਭਾਈ ਜੀਤਾ ਸਿੰਘ ਤੇ ਭਾਈ ਨੇਤਾ ਸਿੰਘ 13 ਅਕਤੂਬਰ 1700 ਦੇ ਦਿਨ ਨਿਰਮੋਹਗੜ੍ਹ ਵਿਚ ਸ਼ਹੀਦ ਹੋਏ ਸਨ। ਭਾਈ ਉਦੈ ਸਿੰਘ ਨੇ 1734 ਵਿਚ ਭਾਈ ਮਨੀ ਸਿੰਘ ਨਾਲ ਸ਼ਹੀਦੀ ਜਾਮ ਪੀਤਾ ਸੀ। ਭਾਈ ਸੁਖੀਆ ਦੀ ਪੜਪੋਤੀ ਬੀਬੀ ਭਿੱਖਾਂ (ਪੁੱਤਰੀ ਭਾਈ ਬਜਰ ਸਿੰਘ) ਭਾਈ ਆਲਮ ਸਿੰਘ ਨੱਚਣਾ ਦੀ ਸਿੰਘਣੀ ਸੀ। ਬੀਬੀ ਭਿੱਖਾਂ 6 ਦਸੰਬਰ 1705 ਦੇ ਦਿਨ ਸ਼ਾਹੀ ਟਿੱਬੀ ਦੇ ਨੇੜੇ ਝੱਖੀਆਂ ਦੀ ਜੂਹ ਵਿਚ, ਭਾਈ ਜੀਵਨ ਸਿੰਘ (ਜੈਤਾ) ਦੇ ਮੋਢੇ ਨਾਲ ਮੋਢਾ ਜੋੜ ਕੇ ਲੜੀ ਤੇ ਸ਼ਹੀਦ ਹੋਈ ਸੀ। ਇਸ ਪਰਿਵਾਰ ਵਿਚੋਂ, ਅਗਲੀਆਂ ਪੀੜ੍ਹੀਆਂ ਵਿਚੋਂ, ਭਾਈ ਹਿੰਮਤ ਸਿੰਘ, ਭਾਈ ਸੇਵਾ ਸਿੰਘ, ਭਾਈ ਮਾਨ ਸਿੰਘ, ਭਾਈ ਮੋਹਰ ਸਿੰਘ, ਭਾਈ ਕਾਹਨ ਸਿੰਘ ਅਤੇ ਕਈ ਹੋਰ ਸਿੰਘਾਂ ਨੇ ਵੀ ਵੱਖ ਵੱਖ ਮੌਕਿਆਂ ਤੇ ਸ਼ਹੀਦੀ ਜਾਮ ਪੀਤੇ।

ਭਾਈ ਸੁਖੀਆ ਬਾਰੇ '**ਭੱਟ ਵਹੀ ਮੁਲਤਾਨੀ ਸਿੰਧੀ**' ਵਿਚ ਉਦਾਨਿਆਂ ਦੇ ਖਾਤੇ ਵਿਚ ਇਹ ਇੰਦਰਾਜ ਮਿਲਦਾ ਹੈ:

'ਸੁਖਾ ਬੇਟਾ ਮਾਂਡਨ ਕਾ, ਪੋਤਾ ਉਦੈ ਕਾ, ਪੜਪੋਤਾ ਨਾਥੂ ਕਾ, ਉਦਾਨਾ, ਸਾਲ ਸੋਲਾਂ ਸੇ ਇਕਾਨਵੇਂ, ਪੋਖ ਪ੍ਰਵਿਸਟੇ ਸਤਾਰਾਂ, ਮੰਗਲਵਾਰ ਕੇ ਦਿਹੁੰ, ਮਰਾਝ ਕੇ ਮਲ੍ਹਾਨ, ਗੁਰੂ ਕੇ ਹੁਕਮ ਗੈਲ ਸਾਮ੍ਹੇ ਮਾਥੇ ਜੂਝ ਕਰਿ ਮਰਾ।'

(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਉਦਾਨੋਂ ਕਾ।)

(ਹੋਰ ਤਫ਼ਸੀਲ ਵਾਸਤੇ ਵੇਖੋ: ਭਾਈ ਸੁਖੀਆ ਮਾਂਡਨ ਦਾ ਕੁਰਸੀਨਾਮਾ)

ਭਾਈ ਅਮੀਆ

ਭਾਈ ਅਮੀਆ, ਭਾਈ ਫੱਤੇ ਚੰਦ (ਫੱਤਾ) ਦੇ ਛੋਟੇ ਭਰਾ, ਭਾਈ ਧਰਮਾ ਦੇ ਪੁੱਤਰ, ਭਾਈ ਭੋਜੇ ਦੇ ਪੋਤੇ ਤੇ ਭਾਈ ਰਣ ਮਲ ਦੇ ਪੜਪੋਤੇ ਸਨ। ਆਪ 26 ਅਪਰੈਲ 1635 ਦੇ ਦਿਨ ਕਰਤਾਰਪੁਰ (ਜਲੰਧਰ) ਦੀ ਲੜਾਈ ਵਿਚ ਸ਼ਹੀਦ ਹੋਏ ਸਨ। ਭਾਈ ਰਣ ਮਲ ਦਾ ਪਿਤਾ, ਭਾਈ ਰਾਮਾ ਦਾ ਭਰਾ ਭਾਈ ਊਦਾ ਭਾਈ ਮਾਂਡਨ ਦਾ ਪਿਤਾ ਸੀ। ਇਹ ਰਾਠੌਰ ਜ਼ਾਤ ਦੇ ਰਾਜਪੂਤ ਸਨ। ਇਹ ਸਾਰੇ ਵੱਖ-ਵੱਖ ਸਮਿਆਂ ਵਿਚ ਖ਼ੈਰਪੁਰ (ਜ਼ਿਲ੍ਹਾ ਮੁਜ਼ੱਫਰਗੜ੍ਹ, ਜੋ ਮੁਲਤਾਨ ਤੋਂ 120 ਕਿਲੋਮੀਟਰ ਦੂਰ ਹੈ), ਸੋਧਰਾ (ਜ਼ਿਲ੍ਹਾ ਵਜ਼ੀਰਾਬਾਦ) ਤੇ ਲਾਡਵਾ (ਹਰਿਆਣਾ) ਵਿਚ ਵੀ ਰਹਿੰਦੇ ਰਹੇ ਸਨ। ਇਹ ਪਰਿਵਾਰ ਗੁਰੂ ਅਰਜਨ ਸਾਹਿਬ ਵੇਲੇ ਸਿੱਖ ਪੰਥ ਵਿਚ ਸ਼ਾਮਿਲ ਹੋਇਆ ਸੀ।

ਭਾਈ ਫੱਤੇ ਚੰਦ, ਉਸ ਦੇ ਭਰਾ ਭਾਈ ਅਮੀਆ ਤੇ ਭਾਈ ਜੱਗੂ ਗੁਰੂ ਹਰਿਗੋਬਿੰਦ ਸਾਹਿਬ ਦੀ ਫ਼ੌਜ ਦੇ ਮੁਖੀ ਸਿਪਾਹੀਆਂ ਵਿਚੋਂ ਸਨ। ਇਨ੍ਹਾਂ ਤਿੰਨਾਂ ਨੇ ਗੁਰੂ ਸਾਹਿਬ 'ਤੇ ਹੋਏ ਕਈ ਹਮਲਿਆਂ ਵੇਲੇ ਆਪਣੀ ਬਹਾਦਰੀ ਦੇ ਜੋਹਰ ਦਿਖਾਏ ਸਨ।

26 ਅਪਰੈਲ 1635 ਦੇ ਦਿਨ ਜਦੋਂ ਪੈਂਦੇ ਖਾਂ ਨੇ ਮੁਗ਼ਲ ਫ਼ੌਜਾਂ ਨੂੰ ਕਰਤਾਰਪੁਰ (ਜਲੰਧਰ) 'ਤੇ ਚੜ੍ਹਾ ਲਿਆਂਦਾ ਤਾਂ ਗੁਰੂ ਹਰਿਗੋਬਿੰਦ ਸਾਹਿਬ ਕੋਲ ਬਹੁਤ ਸਾਰੇ ਸਿੱਖ ਸਿਪਾਹੀ ਹਾਜ਼ਿਰ ਸਨ। ਇਸ ਵੇਲੇ, ਮੁਗ਼ਲ ਫ਼ੌਜਾਂ ਦੀ ਗਿਣਤੀ ਭਾਵੇਂ ਬਹੁਤ ਜ਼ਿਆਦਾ ਸੀ, ਪਰ ਸਿੱਖ ਸਿਪਾਹੀ ਵੀ ਗਿਣਤੀ ਵਿਚ ਕਾਫ਼ੀ ਸਨ। ਸਿੱਖ ਇਸ ਮੌਕੇ 'ਤੇ ਜੀਅ ਜਾਨ ਤੋਂ ਲੜੇ ਅਤੇ ਪੈਂਦੇ ਖਾਂ ਅਤੇ ਮੁਗ਼ਲ ਫ਼ੌਜਾਂ ਦੇ ਖ਼ੂਬ ਆਹੂ ਲਾਹੇ। ਇਸ ਲੜਾਈ ਵਿਚ ਸੈਂਕੜੇ ਮੁਗ਼ਲ ਸਿਪਾਹੀ ਮਾਰੇ ਗਏ (ਕਈ ਸੋਮੇ ਇਹ ਗਿਣਤੀ ਹਜ਼ਾਰਾਂ ਵਿਚ ਦੱਸਦੇ ਹਨ)। ਇਸ ਮੌਕੇ ਤੇ ਬਹੁਤ ਸਾਰੇ ਸਿੱਖਾਂ ਨੇ ਵੀ ਸ਼ਹੀਦੀ ਜਾਮ ਪੀਤੇ। ਸ਼ਹੀਦ ਹੋਣ ਵਾਲੇ ਬਹਾਦਰ ਸਿੱਖ ਸੂਰਬੀਰਾਂ ਵਿਚ ਭਾਈ ਅਮੀਆ ਵੀ ਸ਼ਾਮਿਲ ਸਨ। ਭਾਈ ਅਮੀਆ ਦੇ ਨਾਲ ਉਨ੍ਹਾਂ ਦਾ ਭਰਾ ਭਾਈ ਫੱਤੇ ਚੰਦ ਵੀ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਲੜਿਆ ਤੇ ਸ਼ਹੀਦ ਹੋਇਆ ਸੀ। ਆਪ ਜੀ ਦੀ ਸ਼ਹੀਦੀ ਦਾ ਜ਼ਿਕਰ **"ਭੱਟ ਵਹੀ ਮੁਲਤਾਨੀ ਸਿੰਧੀ'** ਵਿਚ ਰਮਾਨਿਆਂ ਦੇ ਖਾਤੇ ਵਿਚ ਇਨ੍ਹਾਂ ਲਫ਼ਜ਼ਾਂ ਵਿਚ ਦਰਜ ਹੈ:

"ਫੱਤਾ ਬੇਟਾ ਧਰਮਾ ਕਾ, *ਅਮੀਆ ਬੇਟਾ ਧਰਮਾ ਕਾ,* ਪੋਤੇ ਭੋਜੇ ਕੇ, ਪੜਪੋਤੇ ਰਣ ਮੱਲ ਕੇ, ਰਮਾਣੇ, ਗੁਰੂ ਕਾ ਹੁਕਮ ਪਾਇ, ਕਰਤਾਰਪੁਰ ਕੇ ਮਲ੍ਹਾਨ ਪਰਗਣਾ ਜਲੰਧਰ, ਸਾਲ ਸੋਲਾਂ ਸੈ ਬਾਨਮੇਂ ਬੈਸਾਖ ਪ੍ਰਵਿਸ਼ਟੇ ਉੱਨਤੀਸ ਐਤਵਾਰ ਕੇ ਦਿਹੁੰ, ਰਣ ਜੂਝੰਤੇ ਸੂਰਿਓਂ ਗੈਲ ਸਾਹਵੇਂ ਮਾਥੇ ਜੂਝ ਕਰਿ ਸੁਆਸ ਦੀਏ।

(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਰਮਾਣੋਂ ਕਾ)

ਭਾਈ ਅਮੀਆ ਦੇ ਦਾਦਾ ਭਾਈ ਭੋਜਾ ਦੇ ਭਰਾ ਭਾਈ ਗੋਦੜੀਆ ਦਾ ਪੁੱਤਰ ਭਾਈ ਧੂੜਾ ਵੀ ਗੁਰੂ ਸਾਹਿਬ ਦੀ ਫੌਜ ਵਿਚ ਸ਼ਾਮਿਲ ਸੀ। ਉਹ 28 ਸਤੰਬਰ 1621 ਦੇ ਦਿਨ ਰੁਹੀਲਾ ਦੀ ਲੜਾਈ ਵਿਚ ਜੂਝਦਾ ਬੁਰੀ ਤਰ੍ਹਾਂ ਜ਼ਖਮੀ ਹੋਇਆ ਸੀ। ਇਸ ਸਬੰਧੀ ਇਕ ਇੰਦਰਾਜ "**ਭੱਟ ਵਹੀ ਮੁਲਤਾਨੀ ਸਿੰਧੀ**' ਵਿਚ ਇੰਞ ਮਿਲਦਾ ਹੈ...

"ਮਾਂਡਨ ਬੇਟਾ ਊਦੇ ਕਾ, ਪੋਤਾ ਨਾਥੂ ਕਾ, ਪੜਪੋਤਾ ਜਲ੍ਹੇ ਕਾ, ਬਿਹਾਰੀ ਬੇਟਾ ਮਾਂਡਨ ਕਾ, ਉਦਾਨੇ, *ਧੂੜਾ ਬੇਟਾ ਗੋਦੜੀਏ ਕਾ, ਪੋਤਾ ਰਣਮਲ ਕਾ, ਪੜਪੋਤਾ ਰਾਮਾ ਕਾ, ਰਮਾਣਾ, ਗ੍ਰਾਮ* ਰੁਹੀਲਾ, ਪਰਗਣਾ ਬਟਾਲਾ, ਭਗਵਾਨਾ ਬੇਟਾ ਕਾਨੇ ਕਾ ਘੇਰੜ ਗੋਤਰ ਖਤਰੀ ਕੇ ਸਾਥ ਜੂਝ ਕਰ ਘਾਇਲ ਹੁਏ। ਸੋਲਾਂ ਸੈ ਅਠਤੱਰਾਂ ਅਸੁਜ ਪ੍ਰਵਿਸ਼ਟੇ ਅਠਾਈ ਕੋ ਭਗਵਾਨਾ ਘੇਰੜ ਮਾਰਾ। ਇਸ ਕਾ ਬੇਟਾ ਰਤਨ ਚੰਦ ਘਾਇਲ ਹੋਆ।" ਇਸ ਸ਼ਹੀਦੀ ਦਾ ਜ਼ਿਕਰ "**ਭੱਟ ਵਹੀ ਕਰਸਿੰਧੂ**" ਦੇ ਸਫ਼ਾ 137 'ਤੇ ਵੀ ਮਿਲਦਾ ਹੈ।

(ਹੋਰ ਤਫ਼ਸੀਲ ਵਾਸਤੇ ਵੇਖੋ: ਭਾਈ ਧਰਮਾ ਦਾ ਕੁਰਸੀਨਾਮਾ)

ਭਾਈ ਫੱਤੇ ਚੰਦ (ਫੱਤਾ)

ਭਾਈ ਫੱਤੇ ਚੰਦ ਭਾਈ ਧਰਮਾ ਦੇ ਪੁੱਤਰ, ਭਾਈ ਭੋਜਾ ਦੇ ਪੋਤੇ ਤੇ ਭਾਈ ਰਣ ਮਲ ਦੇ ਪੜਪੋਤੇ ਸਨ। ਭਾਈ ਰਣ ਮਲ ਭਾਈ ਰਾਮਾ ਦਾ ਪੁੱਤਰ ਸੀ। ਭਾਈ ਰਣ ਮਲ ਦੇ ਪਿਤਾ ਭਾਈ ਰਾਮਾ ਦਾ ਭਰਾ ਭਾਈ ਊਦਾ ਭਾਈ ਮਾਂਡਨ ਦਾ ਪਿਤਾ ਸੀ। ਇਹ ਰਾਠੌਰ ਜ਼ਾਤ ਦੇ ਰਾਜਪੂਤ ਸਨ। ਇਹ ਸਾਰੇ ਵੱਖ-ਵੱਖ ਸਮਿਆਂ ਵਿਚ ਖ਼ੈਰਪੁਰ (ਜ਼ਿਲ੍ਹਾ ਮੁਜ਼ੱਫ਼ਰਗੜ੍ਹ, ਜੋ ਮੁਲਤਾਨ ਤੋਂ 120 ਕਿਲੋਮੀਟਰ ਦੂਰ ਹੈ), ਸੋਧਰਾ (ਜ਼ਿਲ੍ਹਾ ਵਜ਼ੀਰਾਬਾਦ), ਲਾਡਵਾ (ਹਰਿਆਣਾ) ਵਿਚ ਰਹਿੰਦੇ ਰਹੇ ਸਨ।

ਭਾਈ ਫੱਤੇ ਚੰਦ, ਉਸ ਦੇ ਭਰਾ ਭਾਈ ਅਮੀਆ ਤੇ ਭਾਈ ਜੱਗੂ ਗੁਰੂ ਹਰਿਗੋਬਿੰਦ ਸਾਹਿਬ ਦੀ ਫ਼ੌਜ ਦੇ ਮੁਖੀ ਸਿਪਾਹੀਆਂ ਵਿਚ ਸ਼ਾਮਿਲ ਸਨ। ਇਨ੍ਹਾਂ ਤਿੰਨਾਂ ਨੇ ਗੁਰੂ ਸਾਹਿਬ 'ਤੇ ਹੋਏ ਹਮਲਿਆਂ ਵਿਚ ਆਪਣੀ ਬਹਾਦਰੀ ਦੇ ਜੌਹਰ ਦਿਖਾਏ ਸਨ। 26 ਅਪ੍ਰੈਲ 1635 ਦੇ ਦਿਨ 'ਜਦੋਂ ਪੈਂਦੇ ਖਾਂ ਨੇ ਮੁਗ਼ਲ ਫ਼ੌਜਾਂ ਨੂੰ ਕਰਤਾਰਪੁਰ (ਜਲੰਧਰ) ਤੇ ਚੜ੍ਹਾ ਲਿਆਂਦਾ ਤਾਂ ਗੁਰੂ ਹਰਿਗੋਬਿੰਦ ਸਾਹਿਬ ਕੋਲ ਬਹੁਤ ਸਾਰੇ ਸਿੱਖ ਸਿਪਾਹੀ

ਹਾਜ਼ਿਰ ਸਨ। ਇਸ ਕਰ ਕੇ, ਮੁਗ਼ਲ ਫ਼ੌਜਾਂ ਦੀ ਗਿਣਤੀ, ਭਾਵੇਂ ਬਹੁਤ ਸੀ ਪਰ ਸਿੱਖ ਸਿਪਾਹੀ ਵੀ ਗਿਣਤੀ ਵਿਚ ਕਾਫ਼ੀ ਸਨ। ਸਿੱਖ ਇਸ ਮੌਕੇ ਤੇ ਜੀਅ ਜਾਨ ਤੋਂ ਲੜੇ ਅਤੇ ਪੈਂਦੇ ਖ਼ਾਂ ਅਤੇ ਮੁਗ਼ਲ ਫ਼ੌਜਾਂ ਦੇ ਖ਼ੂਬ ਆਹੂ ਆਹੇ। ਇਸ ਲੜਾਈ ਵਿਚ ਸੈਂਕੜੇ ਮੁਗ਼ਲ ਸਿਪਾਹੀ ਮਾਰੇ ਗਏ (ਕਈ ਸੋਮੇ ਇਹ ਗਿਣਤੀ ਹਜ਼ਾਰਾਂ ਵਿਚ ਦੱਸਦੇ ਹਨ)।

ਇਸ ਮੌਕੇ 'ਤੇ ਬਹੁਤ ਸਾਰੇ ਸਿੱਖ ਫ਼ੌਜੀਆਂ ਨੇ ਵੀ ਸ਼ਹੀਦੀ ਜਾਮ ਪੀਤੇ। ਸ਼ਹੀਦ ਹੋਣ ਵਾਲੇ ਬਹਾਦਰ ਸਿੱਖ ਸੂਰਬੀਰਾਂ ਵਿਚ ਭਾਈ ਫੱਤਾ ਵੀ ਸ਼ਾਮਿਲ ਸਨ। ਆਪ ਦੀ ਸ਼ਹੀਦੀ 26 ਅਪਰੈਲ 1635 ਦੇ ਦਿਨ ਹੋਈ।

ਭਾਈ ਫੱਤੇ ਚੰਦ ਦੇ ਨਾਲ ਉਨ੍ਹਾਂ ਦੇ ਭਰਾ ਭਾਈ ਅਮੀਆ ਵੀ ਮੋਢੇ ਨਾਲ ਮੋਢਾ ਜੋੜ ਕੇ ਲੜੇ ਤੇ ਸ਼ਹੀਦ ਹੋਏ ਸਨ। ਆਪ ਜੀ ਦੀ ਸ਼ਹੀਦੀ ਦਾ ਜ਼ਿਕਰ **'ਭੱਟ ਵਹੀ ਮੁਲਤਾਨੀ ਸਿੰਧੀ'** ਵਿਚ ਰਮਾਨਿਆਂ ਦੇ ਖਾਤੇ ਵਿਚ ਇਨ੍ਹਾਂ ਲਫ਼ਜ਼ਾਂ ਵਿਚ ਦਰਜ ਹੈ:

'ਫੱਤਾ ਬੇਟਾ ਧਰਮਾ ਕਾ, ਅਮੀਆ ਬੇਟਾ ਧਰਮਾ ਕਾ, ਪੋਤੇ ਭੋਜੇ ਕੇ ਪੜਪੋਤੇ ਰਣ ਮੱਲ ਕੇ ਰਮਾਣੇ, ਗੁਰੂ ਕਾ ਹੁਕਮ ਪਾਇ ਕਰਤਾਰ ਪੁਰ ਕੇ ਮਲ੍ਹਾਨ ਪਰਗਣਾ ਜਲੰਧਰ ਸਾਲ ਸੋਲਾਂ ਸੈ ਬਾਨਮੇਂ ਬੈਸਾਖ ਪ੍ਰਵਿਸ਼ਟੇ ਉਨੱਤੀਸ ਐਤਵਾਰ ਕੇ ਦਿਹੁੰ ਰਣ ਜੂਝੰਤੇ ਸੂਰਿਓਂ ਗੈਲ ਸਾਹਵੇਂ ਮਾਥੇ ਜੂਝ ਕਰਿ ਸੁਆਸ ਦੀਏ।

(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਰਮਾਣੋਂ ਕਾ)

(ਹੋਰ ਤਫ਼ਸੀਲ ਵਾਸਤੇ ਵੇਖੋ: "ਭਾਈ ਅਮੀਆ" ਅਤੇ "ਭਾਈ ਧਰਮਾ ਦਾ ਕੁਰਸੀਨਾਮਾ")

ਭਾਈ ਮਾਧੋ

ਭਾਈ ਮਾਧੋ ਭਾਈ ਬੱਲੂ ਦੇ ਪੁੱਤਰ, ਭਾਈ ਮੂਲੇ ਦੇ ਪੋਤੇ ਤੇ ਭਾਈ ਰਾਓ ਦੇ ਪੜਪੋਤੇ ਸਨ। ਭਾਈ ਮਨੀ ਸਿੰਘ ਆਪ ਦੇ ਸੱਕੇ ਭਤੀਜੇ ਸਨ। ਆਪ ਪਰਮਾਰ-ਰਾਜਪੂਤ ਪਰਿਵਾਰ ਨਾਲ ਸਬੰਧ ਰਖਦੇ ਸਨ। ਆਪ ਦਾ ਪਰਿਵਾਰ ਪੰਜਵੀਂ ਪਾਤਸ਼ਾਹੀ ਦੇ ਵੇਲੇ ਤੋਂ ਗੁਰੂ ਘਰ ਨਾਲ ਜੁੜਿਆ ਹੋਇਆ ਸੀ। ਜਦੋਂ ਛੇਵੀਂ ਪਾਤਸ਼ਾਹੀ ਨੇ ਫ਼ੌਜ ਬਣਾਈ ਤਾਂ ਭਾਈ ਮਾਧੋ ਵੀ ਹੋਰਨਾਂ ਦੇ ਨਾਲ ਇਸ ਫ਼ੌਜ ਵਿਚ ਸ਼ਾਮਿਲ ਹੋਏ।

ਭਾਈ ਮਾਧੋ ਬੜੇ ਬਹਾਦਰ ਤੇ ਜਾਂਬਾਜ਼ ਜਵਾਨ ਸਨ। ਆਪ ਨੇ ਅੰਮ੍ਰਿਤਸਰ ਤੇ

ਮਹਿਰਾਜ ਦੀ ਲੜਾਈ ਵਿਚ ਵੀ ਬਹਾਦਰੀ ਦਿਖਾਈ ਸੀ ਤੇ ਬਹੁਤ ਸਾਰੇ ਮੁਗ਼ਲ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰਿਆ ਸੀ। 26 ਅਪਰੈਲ 1635 ਦੇ ਦਿਨ ਜਦੋਂ ਪੈਂਦੇ ਖਾਂ ਜਲੰਧਰ ਦੇ ਨਵਾਬ ਦੀਆਂ ਫ਼ੌਜਾਂ ਨੂੰ ਕਰਤਾਰਪੁਰ 'ਤੇ ਚੜ੍ਹਾ ਲਿਆਇਆ ਤਾਂ ਸਿੱਖ ਫ਼ੌਜਾਂ ਨੇ ਉਨ੍ਹਾਂ ਦਾ ਡਟ ਕੇ ਮੁਕਾਬਲਾ ਕੀਤਾ। ਇਸ ਮੌਕੇ ਤੇ ਭਾਈ ਮਾਧੋ ਨੇ ਵੀ ਆਪਣੀ ਬਹਾਦਰੀ ਦੇ ਜੌਹਰ ਦਿਖਾਏ। ਭਾਈ ਮਾਧੋ ਤੇ ਭਾਈ ਨਠੀਆ ਦਾ ਮੁਕਾਬਲਾ ਅਸਮਾਨ ਖਾਂ ਝਾਂਗੜੀ ਤੇ ਉਸ ਦੇ ਸਾਥੀਆਂ ਨਾਲ ਹੋਇਆ। ਹੱਥੋ-ਹੱਥ ਲੜਾਈ ਵਿਚ ਭਾਈ ਮਾਧੋ ਨੇ ਕਈ ਮੁਗ਼ਲ ਸਿਪਾਹੀ ਮਾਰ ਦਿੱਤੇ ਤੇ ਅਖ਼ੀਰ ਆਪ ਵੀ ਸ਼ਹੀਦ ਹੋ ਗਏ। ਉਨ੍ਹਾਂ ਦੇ ਭਰਾ ਭਾਈ ਨਠੀਆ ਵੀ ਇਸ ਲੜਾਈ ਵਿਚ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ।

ਭਾਈ ਮਾਧੋ ਦਾ ਜ਼ਿਕਰ **"ਭੱਟ ਵਹੀ ਮੁਲਤਾਨੀ ਸਿੰਧੀ"** ਵਿਚ ਇੰਝ ਮਿਲਦਾ ਹੈ:

'ਨਠੀਆ ਬੱਲੂ ਕਾ, ਮਾਧੋ ਬੱਲੂ ਕਾ ਪੋਤੇ ਮੂਲੇ ਕੇ, ਪੜਪੋਤੇ ਰਾਊ ਕੇ, ਬੰਝਰਉਤ, ਸਾਲ ਸੋਲਾਂ ਸੈ ਬਾਨਮੇ ਵੈਸਾਖ ਪ੍ਰਵਿਸ਼ਟੇ ਇਕਤੀਸ ਮੰਗਲਵਾਰ ਕੇ ਦਿਹੁੰ, ਕਰਤਾਰਪੁਰ ਕੇ ਮਲ੍ਹਾਨ ਪਰਗਣਾ ਜਲੰਧਰ, ਗੁਰੂ ਕਾ ਹੁਕਮ ਪਾਇ ਅਸਮਾਨ ਖ਼ਾਂ ਝਾਂਗੜੀ ਗੈਲ ਭਿੜੇ, ਤੀਨ ਪਹਰ ਘੋਰ ਜੁੱਧ ਹੂਆ। ਗੁਰੂ ਕੇ ਪਾਲਿਤ ਪੈਂਦੇ ਖ਼ਾਂ ਨੇ ਗੁਰੂ 'ਤੇ ਵਾਰ ਕੀਆ ਜੋ ਖਾਲੀ ਗਿਆ। ਗੁਰੂ ਜੀ ਕੇ ਪਰਤਾਮੇ ਵਾਰ ਸੇ ਪੈਂਦੇ ਖ਼ਾਂ ਮਾਰਾ ਗਿਆ। ਗੁਰੂ ਕੀ ਜੀਤ ਹੂਈ। ਭਾਈ ਮਾਧੋ ਰਣਭੂਮੀ ਮੇਂ ਸਾਮ੍ਹੇ ਮਾਥੇ ਜੂਝ ਕਰਿ ਮਰਾ, ਨਠੀਆ ਗੁਰੂ ਕਾ ਜੋਧਾ, ਕਈ ਰਣ ਜੂਝੰਤੇ ਸੂਰਿਓਂ ਗੈਲ ਲੜ ਕੇ ਘਾਇਲ ਹੋਆ।'

(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਬੰਝਰਉਤ ਜਲ੍ਹਾਨੋਂ ਕਾ)

ਭਾਈ ਲੱਖੂ

ਭਾਈ ਲੱਖੂ ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਦੇ ਇਕ ਪ੍ਰਮੁੱਖ ਸਿੱਖ ਸਨ। ਉਹ ਗੁਰੂ ਸਾਹਿਬ ਦੀ ਫ਼ੌਜ ਦੇ ਇਕ ਬਹਾਦਰ ਸਿਪਾਹੀ ਵੀ ਸਨ। ਉਹ ਗੁਰੂ ਸਾਹਿਬ ਦੀਆਂ ਲੜਾਈਆਂ ਵਿਚ ਮੂਹਰਲੀ ਕਤਾਰ ਵਿਚ ਹੋ ਕੇ ਲੜਦੇ ਹੁੰਦੇ ਸਨ। 26 ਅਪਰੈਲ 1635 ਦੇ ਦਿਨ ਜਦੋਂ ਪੈਂਦੇ ਖ਼ਾਂ ਦੇ ਲਿਆਂਦੇ ਜਲੰਧਰ ਦੇ ਸੂਬੇਦਾਰ ਕੁਤਬ ਖ਼ਾਨ ਨੇ ਗੁਰੂ ਹਰਿਗੋਬਿੰਦ ਸਾਹਿਬ 'ਤੇ ਕਰਤਾਪੁਰ ਵਿਚ ਧਾਵਾ ਬੋਲ ਦਿੱਤਾ ਤਾਂ ਭਾਈ ਲੱਖੂ ਬੜੀ ਬਹਾਦਰੀ ਨਾਲ ਲੜਿਆ। ਭਾਈ ਲੱਖੂ ਨੇ ਬਹੁਤ ਸਾਰੇ ਮੁਗ਼ਲ ਫ਼ੌਜੀਆਂ ਨੂੰ ਪਾਰ

ਬੁਲਾਇਆ।

ਇਸ ਲੜਾਈ ਵਿਚ ਭਾਈ ਲੱਖੂ ਦਾ ਜੱਥਾ ਸਭ ਤੋਂ ਅੱਗੇ ਹੋ ਕੇ ਲੜ ਰਿਹਾ ਸੀ। ਲੜਾਈ ਦੌਰਾਨ ਕੁਤਬ ਖਾਨ ਨੇ ਭਾਈ ਜੀ 'ਤੇ ਤਲਵਾਰ ਦਾ ਵਾਰ ਕੀਤਾ। ਇਸ ਨਾਲ ਭਾਈ ਜੀ ਦੀ ਧੌਣ ਕੱਟੀ ਗਈ ਤੇ ਉਹ ਸ਼ਹੀਦ ਹੋ ਗਏ। ਭਾਈ ਲੱਖੂ ਦਾ ਜ਼ਿਕਰ "**ਗੁਰਬਿਲਾਸ ਪਾਤਿਸਾਹੀ ਛੇਵੀ**" ਵਿਚ ਇਨ੍ਹਾਂ ਲਫ਼ਜ਼ਾਂ ਵਿਚ ਕੀਤਾ ਗਿਆ ਮਿਲਦਾ ਹੈ।

ਜਪੁਜੀ ਭੋਗ ਜਬੈ ਗੁਰ ਪਾਯੋ। ਐਸ ਸ੍ਰੀ ਮੁਖਿ ਬੈਨ ਅਲਾਯੋ।
*ਪਠੋ ਸੂਰ ਸੈਨਾ ਕਛੁ ਦੈ ਕੈ, **ਲੱਖੂ ਬੀਰ** ਜਾਇ ਸੁਖ ਪੈ ਕੈ॥ 554॥*
*ਗੁਰ ਆਇਸ ਜਾਤੀ ਮੱਲ ਪਾਈ। **ਲੱਖੂ** ਬਲੀ ਪਠਾ ਸਮਝਾਈ।*
ਅਮੀ ਮਿਹਰਸੰਗ ਪੁਨ ਦੋ ਸੂਰੇ। ਸੈਨ ਪਾਂਚ ਸੈ ਦੈ ਪੂਣ ਪੂਰੇ॥ 555॥

. . . .

ਆਰੂੰ ਬੀਰ ਸੁ ਮੁੰਡ ਪਰੋਏ। ਸਮੁਹਿ ਸਾਰ ਜੋ ਜੂਝਤ ਜੋਏ।
ਇਹ ਬਿਧਿ ਭਯੋ ਘੋਰ ਸੰਗ੍ਰਾਮਾ। ਪਹੁਚੇ ਸੂਰ ਸੁਰ ਕੇ ਧਾਮਾ॥ 607॥
ਕੁਤਬ ਖਾਨ ਕੀ ਸੈਨ ਹਨ ਔਰ ਸੈਨ ਬਹੁ ਮਾਰਿ।
*ਕੁਤਬਖਾਨ ਸੋਂ ਜੁਝਿ ਕੇ **ਲੱਖੂ ਬੀਰ** ਅਪਾਰ॥ 608॥*
*ਕੁਤਬਖਾਨ ਅਸ ਖਗ ਚਲਾਯੋ। **ਲੱਖੂ** ਗੁਰ ਕੇ ਧਾਮ ਸਿਧਾਓ।*

(ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਚੈਪਟਰ 20)

*ਅਮੀ ਮਿਹਰਸੰਗ **ਲਖੂ** ਆਦਿ। ਗੁਰੁ ਸੂਰੇ ਜੂਝੇ ਅਹਿਲਾਦਿ।*
ਕੀਯੋ ਦਾਹ ਨਿਜ ਧਾਮ ਪਠਾਏ। ਜਾ ਤੇ ਬਹੁਰਿ ਨ ਆਵਨ ਪਾਏ॥ 12॥

(ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਚੈਪਟਰ 21)

ਭਾਈ ਮਿਹਰ ਚੰਦ

ਭਾਈ ਮਿਹਰ ਚੰਦ ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਦੇ ਖ਼ਾਸ ਸਿੱਖਾਂ ਵਿਚੋਂ ਇਕ ਸਨ। ਜਦੋਂ ਛੇਵੇਂ ਨਾਨਕ ਨੇ ਫ਼ੌਜ ਬਣਾਈ ਤਾਂ ਆਪ ਵੀ ਉਸ ਵਿਚ ਸ਼ਾਮਿਲ ਹੋ ਗਏ। ਆਪ ਨੇ ਗੁਰੂ ਸਾਹਿਬ ਦੀਆਂ ਲੜਾਈਆਂ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ।

26 ਅਪਰੈਲ 1635 ਦੇ ਦਿਨ ਜਦੋਂ ਪੈਂਦੇ ਖਾਂ ਦੇ ਲਿਆਂਦੇ ਹੋਏ ਸੂਬੇਦਾਰ ਕੁਤਬ ਖਾਂ ਨੇ ਕਰਤਾਰਪੁਰ ਵਿਚ ਸਿੱਖਾਂ 'ਤੇ ਹਮਲਾ ਕਰ ਦਿੱਤਾ ਤਾਂ ਭਾਈ ਮਿਹਰ ਚੰਦ ਜੀਅ-

ਜਾਨ ਤੋਂ ਮੁਗ਼ਲ ਫ਼ੌਜਾਂ ਨਾਲ ਲੜੇ। ਆਪ ਨੇ ਬਹੁਤ ਸਾਰੇ ਹਮਲਾਵਰ ਸਿਪਾਹੀ ਮਾਰ ਦਿੱਤੇ ਅਤੇ ਅਖ਼ੀਰ ਆਪ ਵੀ ਸ਼ਹੀਦੀ ਹਾਸਿਲ ਕੀਤੀ।

ਭਾਈ ਮਿਹਰ ਚੰਦ ਦੀ ਸ਼ਹੀਦੀ ਦਾ ਜ਼ਿਕਰ **ਗੁਰਬਿਲਾਸ ਪਾਤਸ਼ਾਹੀ ਛੇਵੀਂ** ਦਾ ਲੇਖਕ ਇਸ ਤਰ੍ਹਾਂ ਕਰਦਾ ਹੈ:

ਗੁਰ ਆਇਸ ਜਾਤੀ ਮਲ ਪਾਈ। ਲੱਖੂ ਬਲੀ ਪੱਠਾ ਸਮਝਾਈ।
*ਅਮੀ **ਮਿਹਰਸਸਿ** ਪੁਨ ਦੋ ਸੂਰੇ। ਸੈਨ ਪਾਂਚ ਸੈ ਦੈ ਪ੍ਰਣ ਪੂਰੇ॥ 555॥*

....

*ਕੁਤਬਖਾਨ ਲਰਹੈ ਬਿਬ ਓਰਾ। ਲੱਖੂ ਅਮੀ **ਮਿਹਰਸਸਿ** ਜੋਰਾ*
ਪੁਤ ਵਕੀਲ ਕਾਲੇ ਖਾਂ ਜੋਧਾ। ਬਿਧੀ ਚੰਦ ਸੋਂ ਲਰ ਧਰਿ ਕ੍ਰੋਧਾ॥ 569॥

....

ਕੁਤਬਖਾਨ ਅਸ ਖਗ ਚਲਾਯੋ। ਲੱਖੂ ਗੁਰ ਕੇ ਧਾਮ ਸਿਧਾਯੋ।
*ਕਾਲੇ ਖਾਂ ਰਿਸ ਮਾਰੇ ਬਾਨਾ। ਅਮੀ **ਮਿਹਰਸਸਿ** ਤਜੇ ਪ੍ਰਾਨਾ॥ 609॥*

(ਗੁਰ ਬਿਲਾਸ ਪਾਤਸਾਹੀ ਛੇਵੀਂ ਚੈਪਟਰ 20)

*ਅਮੀ **ਮਿਹਰਸਸਿ** ਲਖੂ ਆਦਿ। ਗੁਰ ਸੂਰੇ ਜੂਝੇ ਅਹਿਲਾਦ।*
ਕੀਯੋ ਦਾਹ ਨਿਜ ਧਾਮ ਪਠਾਏ। ਜਾ ਤੇ ਬਹੁਰਿ ਨ ਆਵਨ ਪਾਏ॥ 12॥

(ਗੁਰਬਿਲਾਸ ਪਾਤਸ਼ਾਹੀ ਛੇਵੀਂ, ਚੈਪਟਰ 21)

ਭਾਈ ਕਿਸ਼ਨਾ

ਭਾਈ ਕਿਸ਼ਨਾ ਨੇ 27 ਅਪਰੈਲ 1635 ਦੇ ਦਿਨ ਕਰਤਾਰਪੁਰ (ਜਲੰਧਰ) ਦੀ ਲੜਾਈ ਵਿਚ ਸ਼ਹੀਦੀ ਜਾਮ ਪੀਤਾ ਸੀ।

ਭਾਈ ਕਿਸ਼ਨਾ ਭਾਈ ਕੋਲਦਾਸ (ਕਉਲਾ) ਦੇ ਸਪੁੱਤਰ, ਭਾਈ ਅੰਬੀਆ ਦੇ ਪੋਤੇ ਤੇ ਭਾਈ ਉਦੈ ਕਰਨ ਦੇ ਪੜਪੋਤੇ ਸਨ। ਆਪ ਚੌਹਾਨ-ਰਾਜਪੂਤ ਪਰਿਵਾਰ ਨਾਲ ਸਬੰਧ ਰਖਦੇ ਸਨ। ਭਾਈ ਉਦੈ ਕਰਨ ਦਾ ਪਰਿਵਾਰ ਗੁਰੂ ਅਰਜਨ ਸਾਹਿਬ ਦੇ ਵੇਲੇ ਤੋਂ ਹੀ ਗੁਰੂ ਘਰ ਨਾਲ ਜੁੜਿਆ ਹੋਇਆ ਸੀ। ਭਾਈ ਕਿਸ਼ਨਾ ਦੇ ਭਰਾ ਪਦਮਾ ਤੇ ਪਿਤਾ ਕੋਲ

ਦਾਸ ਅਕਸਰ ਛੇਵੇਂ ਪਾਤਸ਼ਾਹ ਨਾਲ ਹੀ ਰਿਹਾ ਕਰਦੇ ਸਨ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ 'ਚੋਂ ਰਿਹਾ ਹੋ ਕੇ ਪਹਿਲੀ ਵਾਰੀ ਅੰਮ੍ਰਿਤਸਰ ਆਏ ਤਾਂ ਭਾਈ ਕੋਲ ਦਾਸ ਵੀ ਉਨ੍ਹਾਂ ਦੇ ਨਾਲ ਹੀ ਸਨ। ਜਦੋਂ ਗੁਰੂ ਸਾਹਿਬ ਨੇ ਫ਼ੌਜ ਬਣਾਈ ਤਾਂ ਭਾਈ ਪਦਮਾ, ਭਾਈ ਕਿਸ਼ਨਾ, ਭਾਈ ਪਦਮਾ ਦੇ ਸਪੁੱਤਰ ਭਾਈ ਜਗੂ ਵੀ ਇਸ ਫ਼ੌਜ ਵਿਚ ਸ਼ਾਮਿਲ ਹੋਏ। ਭਾਈ ਕਿਸ਼ਨਾ ਨੇ ਅੰਮ੍ਰਿਤਸਰ ਤੇ ਮਹਿਰਾਜ ਦੀ ਲੜਾਈ ਵਿਚ ਆਪਣੀ ਬਹਾਦਰੀ ਦੇ ਖ਼ੂਬ ਜੋਹਰ ਦਿਖਾਏ ਸਨ।

26 ਅਪਰੈਲ 1635 ਦੇ ਦਿਨ ਪੈਂਦੇ ਖਾਂ ਨੇ ਮੁਗਲ ਸਿਪਾਹੀਆਂ ਨੂੰ ਲੈ ਕੇ ਕਰਤਾਰਪੁਰ 'ਤੇ ਹਮਲਾ ਕਰ ਦਿੱਤਾ। ਇਹ ਲੜਾਈ ਤਿੰਨ ਦਿਨ ਚੱਲੀ। ਭਾਈ ਕਿਸ਼ਨਾ ਇਸ ਲੜਾਈ ਵਿਚ ਮੂਹਰੇ ਹੋ ਕੇ ਲੜਿਆ। ਦੂਜੇ ਦਿਨ 27 ਅਪਰੈਲ ਨੂੰ ਦੋਬਾਰਾ ਲੜਾਈ ਹੋਈ। ਇਸ ਲੜਾਈ ਵਿਚ ਵੀ ਭਾਈ ਕਿਸ਼ਨਾ ਸਭ ਤੋਂ ਅੱਗੇ ਹੋ ਕੇ ਲੜਿਆ। ਉਸ ਨੇ ਕਈ ਹਮਲਾਵਰਾਂ ਨੂੰ ਮਾਰਿਆ ਤੇ ਆਪ ਵੀ ਸ਼ਹੀਦੀ ਹਾਸਿਲ ਕੀਤੀ।

ਭਾਈ ਕਿਸ਼ਨਾ ਬਾਰੇ "**ਭੱਟ ਵਹੀ ਮੁਲਤਾਨੀ ਸਿੰਧੀ** (ਖਾਤਾ ਹਜਾਵਤੋਂ ਕਾ)" ਵਿਚ ਇਹ ਇੰਦਰਾਜ ਮਿਲਦਾ ਹੈ:

'ਕਿਸ਼ਨਾ ਬੇਟਾ ਕਊਲੇ ਕਾ, ਪੋਤਾ ਅੰਬੀਏ ਕਾ, ਪੜਪੋਤਾ ਉਦੈਕਰਨ ਕਾ, ਬਤਸ ਗੋਤਰ ਚਾਹਮਾਨ ਆਠ ਮੇ ਸੇ ਕੁਰਾ ਹਜਾਵਤ ਆਖਿਆਨਾ, ਸਾਲ ਸੋਲਾਂ ਸੈ ਬਾਨਮੇਂ ਬੈਸਾਖ ਪ੍ਰਵਿਸ਼ਟੇ ਤੀਸ ਸੋਮਵਾਰ ਕੇ ਦਿਹੁੰ, ਗੁਰੂ ਕਾ ਹੁਕਮ ਪਾਇ ਕਰਤਾਰਪੁਰ ਕੇ ਮਲ੍ਹਾਨ ਪਰਗਣਾ ਜਲੰਧਰ, ਸਾਮ੍ਹੇ ਮਾਥੇ ਜੂਝ ਕਰਿ ਮਰਾ, ਆਗੇ ਗੁਰੂ ਭਾਣੇ ਕਾ ਖਾਵਿੰਦ, ਗੁਰੂ ਕੀ ਗਤਿ ਗੁਰੂ ਜਾਣੇ।'

(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਹਜਾਵਤੋਂ ਕਾ)

ਭਾਈ ਜੱਗੂ

ਭਾਈ ਜੱਗੂ 29 ਅਪਰੈਲ 1635 ਦੇ ਦਿਨ ਫਗਵਾੜੇ ਵਿਚ ਸ਼ਹੀਦ ਹੋਏ ਸਨ। ਭਾਈ ਜੱਗੂ ਭਾਈ ਧਰਮੇ ਦੇ ਸਪੁੱਤਰ, ਭਾਈ ਭੋਜੇ ਦੇ ਪੋਤੇ ਤੇ ਭਾਈ ਰਣ ਮਲ ਦੇ

ਪੜਪੋਤੇ ਸਨ। ਆਪ ਰਾਠੌਰ-ਰਾਜਪੂਤ ਪਰਿਵਾਰ ਨਾਲ ਸਬੰਧ ਰੱਖਦੇ ਸਨ। ਜਦੋਂ ਆਪ ਸ਼ਹੀਦ ਹੋਏ ਤਾਂ ਆਪ ਦਾ ਪਰਿਵਾਰ ਲਾਡਵਾ (ਜ਼ਿਲ੍ਹਾ ਕੁਰਖੇਤਰ) ਵਿਚ ਰਹਿ ਰਿਹਾ ਸੀ।

ਭਾਈ ਜੱਗੂ ਇਕ ਬਹਾਦਰ ਤੇ ਨਿਡਰ ਨੌਜਵਾਨ ਸਨ। ਆਪ ਗੁਰੂ ਸਾਹਿਬ ਦੀ ਫੌਜ ਦੇ ਇਕ ਬੀਰ ਸਿਪਾਹੀ ਸਨ। ਕਰਤਾਰਪੁਰ ਦੀ ਲੜਾਈ (26 ਤੋਂ 28 ਅਪਰੈਲ 1635) ਵਿਚ ਵੀ ਆਪ ਨੇ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ ਸਨ। ਇਸ ਲੜਾਈ ਵਿਚ ਆਪ ਨੇ ਬਹੁਤ ਸਾਰੇ ਹਮਲਾਵਰ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰਿਆ ਸੀ। 29 ਅਪਰੈਲ ਦੀ ਸਵੇਰ ਨੂੰ ਜਦੋਂ ਗੁਰੂ ਸਾਹਿਬ ਨੇ ਕੀਰਤਪੁਰ ਜਾਣ ਦਾ ਫ਼ੈਸਲਾ ਕੀਤਾ ਤਾਂ ਆਪ ਵੀ ਗੁਰੂ ਜੀ ਦੇ ਨਾਲ ਚਲ ਪਏ। ਰਸਤੇ ਵਿਚ ਆਪ ਫਗਵਾੜੇ ਵਿਚੋਂ ਲੰਘ ਰਹੇ ਸਨ ਤਾਂ ਮੁਗਲ ਫ਼ੌਜਾਂ ਨੇ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ। ਇਸ ਮੌਕੇ 'ਤੇ ਭਾਈ ਜੱਗੂ ਡੱਟ ਕੇ ਲੜੇ ਅਤੇ ਬਹੁਤ ਸਾਰੇ ਮੁਗਲ ਫ਼ੌਜੀਆਂ ਨੂੰ ਆਪਣੀ ਤਲਵਾਰ ਦੀ ਭੇਟ ਚੜ੍ਹਾਇਆ। ਅਖ਼ੀਰ ਉਹ ਜੂਝਦੇ-ਜੂਝਦੇ ਆਪ ਵੀ ਵਾਹਿਗੁਰੂ ਦੀ ਦਰਗਹ ਵਿਚ ਜਾ ਬਿਰਾਜੇ।

ਭਾਈ ਜੱਗੂ ਦੀ ਸ਼ਹੀਦੀ ਦਾ ਜ਼ਿਕਰ ਭੱਟ ਵਹੀਆਂ ਵਿਚ ਇੰਞ ਮਿਲਦਾ ਹੈ:

".......ਜੱਗੂ ਬੇਟਾ ਧਰਮੇ ਕਾ, ਪੋਤਾ ਭੋਜੇ ਕਾ ਰਮਾਣਾ, ਵਾਸੀ ਲਾਡਵਾ, ਪਰਗਨਾ ਥਾਨੇਸਰ, ਸਾਲ ਸੋਲਾਂ ਸੈ ਬਾਨਮੇਂ ਜੇਠ ਮਾਸ ਕੀ ਸੰਕ੍ਰਾਂਤ ਦਿਹੁੰ ਬੁਧਵਾਰ, ਫਗਵਾੜਾ ਕੇ ਮਲ੍ਹਾਨ, ਪਰਗਣਾ ਜਲੰਧਰ, ਪਾਛੈ ਆ ਰਹੀ ਤੁਰਕ ਫ਼ੌਜ ਗੈਲ ਸਾਮ੍ਹੇ ਮਾਥੇ ਜੂਝ ਕਰਿ ਮਰੈ।''

(ਭੱਟ ਵਹੀ ਤਲਉਂਢਾ, ਪਰਗਣਾ ਜੀਂਦ, ਖਾਤਾ ਰਮਾਣੋਂ ਕਾ)

ਭਾਈ ਸੁਹੇਲਾ

ਭਾਈ ਸੁਹੇਲਾ ਭਾਈ ਬੱਲੂ ਦੇ ਸਭ ਤੋਂ ਛੋਟੇ ਸਪੁੱਤਰ, ਭਾਈ ਮੂਲੇ ਦੇ ਪੋਤਰੇ ਤੇ ਭਾਈ ਰਾਓ ਦੇ ਪੜਪੋਤੇ ਸਨ। ਆਪ 29 ਅਪਰੈਲ 1635 ਦੇ ਦਿਨ ਫਗਵਾੜੇ ਵਿਚ ਉਦੋਂ ਸ਼ਹੀਦ ਹੋਏ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਕਰਤਾਰਪੁਰ ਦੀ ਲੜਾਈ ਮਗਰੋਂ

ਕੀਰਤਪੁਰ ਜਾ ਰਹੇ ਸਨ ਤੇ ਫਗਵਾੜੇ ਵਿਚ ਮੁਗਲ ਫ਼ੌਜ ਦੇ ਇਕ ਦਸਤੇ ਨੇ ਉਨ੍ਹਾਂ 'ਤੇ ਅਚਾਨਕ ਹਮਲਾ ਕਰ ਦਿੱਤਾ ਸੀ।

ਭਾਈ ਸੁਹੇਲਾ ਭਾਈ ਮਨੀ ਸਿੰਘ ਦੇ ਚਾਚਾ ਸਨ। ਉਹ ਇਕ ਬਹਾਦਰ ਜੰਗਜੂ ਅਤੇ ਨਿਡਰ ਨੌਜਵਾਨ ਸਨ। ਆਪ ਗੁਰੂ ਸਾਹਿਬ ਦੀ ਫ਼ੌਜ ਦੇ ਇਕ ਬੀਰ ਸਿਪਾਹੀ ਸਨ। ਕਰਤਾਰਪੁਰ ਦੀ ਲੜਾਈ (26 ਤੋਂ 28 ਅਪਰੈਲ 1635) ਵਿਚ ਵੀ ਆਪ ਨੇ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ ਸਨ। ਇਸ ਲੜਾਈ ਵਿਚ ਆਪ ਨੇ ਬਹੁਤ ਸਾਰੇ ਹਮਲਾਵਰ ਸਿਪਾਹੀਆਂ ਨੂੰ ਮੌਤ ਦੀ ਘਾਟ ਉਤਾਰਿਆ ਸੀ। 29 ਅਪਰੈਲ ਦੀ ਸਵੇਰ ਨੂੰ ਜਦੋਂ ਗੁਰੂ ਸਾਹਿਬ ਨੇ ਕੀਰਤਪੁਰ ਜਾਣ ਦਾ ਫ਼ੈਸਲਾ ਕੀਤਾ ਤਾਂ ਆਪ ਵੀ ਗੁਰੂ ਜੀ ਦੇ ਨਾਲ ਗਏ ਸਨ। ਰਸਤੇ ਵਿਚ ਆਪ ਫਗਵਾੜੇ ਵਿਚੋਂ ਲੰਘ ਰਹੇ ਸਨ ਤਾਂ ਮੁਗਲ ਫ਼ੌਜਾਂ ਨੇ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ। ਇਸ ਮੌਕੇ 'ਤੇ ਭਾਈ ਸੁਹੇਲਾ ਡੱਟ ਕੇ ਲੜੇ ਅਤੇ ਬਹੁਤ ਸਾਰੇ ਮੁਗਲ ਫ਼ੌਜੀਆਂ ਨੂੰ ਆਪਣੀ ਤਲਵਾਰ ਦਾ ਨਿਸ਼ਾਨਾ ਬਣਾਇਆ। ਅਖ਼ੀਰ ਉਹ ਜੂਝਦੇ-ਜੂਝਦੇ ਆਪ ਵੀ ਵਾਹਿਗੁਰੂ ਦੀ ਦਰਗਹ ਵਿਚ ਜਾ ਬਿਰਾਜੇ।

ਆਪ ਦੀ ਸ਼ਹੀਦੀ ਬਾਰੇ '**ਭੱਟ ਵਹੀ ਤਲਉਢਾ** ਵਿਚ ਇਹ ਇੰਦਰਾਜ ਮਿਲਦਾ ਹੈ:

"ਦਾਸਾ ਬੇਟਾ ਬੱਲੂ ਕਾ, *ਸੁਹੇਲਾ ਬੇਟਾ ਬੱਲੂ ਕਾ, ਪੋਤੇ ਮੂਲੇ ਕੇ, ਪੜਪੋਤੇ ਰਈਆ ਕੇ, ਜਲ੍ਹਾਨੇ*, ਜਗੂ ਬੇਟਾ ਧਰਮੇ ਕਾ, ਪੋਤਾ ਭੋਜੇ ਕਾ, ਰਮਾਣਾ, ਵਾਸੀ ਲਾਡਵਾ, ਪਰਗਨਾ ਥਾਨੇਸਰ, ਸਾਲ ਸੋਲਾਂ ਸੈ ਬਾਨਮੇਂ, ਜੇਠ ਮਾਸ ਕੀ ਸੰਕ੍ਰਾਂਤ, ਦਿਹੁੰ ਬੁਧ ਵਾਰ ਫਗਵਾੜਾ ਕੇ ਮਲ੍ਹਾਨ, ਪਰਗਣਾ ਜਲੰਧਰ, ਪਾਛੈ ਆ ਰਹੀ ਤੁਰਕ ਫ਼ੌਜ ਗੈਲ ਸਾਮ੍ਹੇ ਮਾਥੇ ਜੂਝ ਕਰਿ ਮਰੇ।"

(ਭੱਟ ਵਹੀ ਤਲਾਉਢਾ, ਪਰਗਣਾ ਜੀਂਦ, ਖਾਤਾ ਰਮਾਣੋਂ ਕਾ)

ਭਾਈ ਦਾਸਾ

"ਭੱਟ ਵਹੀ ਤਲਉਢਾ ਪਰਗਣਾ ਜੀਂਦ, ਖਾਤਾ ਰਮਾਨੋਂ ਕਾ' ਵਿਚ ਇਕ "ਭਾਈ ਦਾਸਾ ਬੇਟਾ ਬੱਲੂ ਕਾ' ਦੀ ਸ਼ਹੀਦੀ ਦਾ ਜ਼ਿਕਰ ਹੈ। ਇਹ ਸ਼ਹੀਦੀ ਫਗਵਾੜਾ ਵਿਚ 29 ਅਪਰੈਲ 1635 ਦੇ ਦਿਨ ਉਦੋਂ ਹੋਈ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਕਰਤਾਰਪੁਰ

ਦੀ ਜੰਗ ਤੋਂ ਮਗਰੋਂ ਕੀਰਤਪੁਰ ਵਲ ਜਾ ਰਹੇ ਸਨ ਤਾਂ ਮੁਗ਼ਲ ਫ਼ੌਜ ਦੇ ਇਕ ਦਸਤੇ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਭੱਟ ਵਹੀ ਵਿਚ ਇਸ ਸਬੰਧੀ ਇੰਞ ਲਿਖਿਆ ਮਿਲਦਾ ਹੈ:

''ਦਾਸਾ ਬੇਟਾ ਬੱਲੂ ਕਾ, ਸੁਹੇਲਾ ਬੇਟਾ ਬੱਲੂ ਕਾ, ਪੋਤੇ ਮੂਲੇ ਕੇ, ਪੜਪੋਤੇ ਰਈਆ ਕੇ, ਜਲ੍ਹਾਨੇ, ਜੱਗੂ ਬੇਟਾ ਧਰਮੇ ਕਾ ਪੋਤਾ ਭੋਜੇ ਕਾ, ਰਮਾਣਾ, ਵਾਸੀ ਲਾਡਵਾ, ਪਰਗਣਾ ਥਾਨੇਸਰ, ਸਾਲ ਸੋਲਾਂ ਸੈ ਬਾਨਮੇਂ ਜੇਠ ਮਾਸ ਕੀ ਸੰਕ੍ਰਾਂਤ ਦਿਹੁੰ ਬੁਧਵਾਰ, ਫਗਵਾੜਾ ਕੇ ਮਲ੍ਹਾਨ, ਪਰਗਣਾ ਜਲੰਧਰ, ਪਾਛੈ ਆ ਰਹੀ ਤੁਰਕ ਫ਼ੌਜ ਗੈਲ ਸਾਮ੍ਹੇ ਮਾਥੇ ਜੂਝ ਕਰਿ ਮਰੇ।''

(ਭੱਟ ਵਹੀ ਤਲਉਂਢਾ, ਪਰਗਣਾ ਜੀਂਦ, ਖਾਤਾ ਰਮਾਨੇ ਕਾ)

ਭਾਈ ਬੱਲੂ ਦੇ 12 ਪੁੱਤਰ ਸਨ: ਮਲੂਕਾ, ਮਾਈ ਦਾਸ, ਰੁੜ੍ਹੀਆ, ਰੂਪੀਆ, ਜੈਮਲ, ਬੀਰੀਆ, ਨਠੀਆ, ਨੇਤਾ, ਸਾਹੂ, ਸੁੰਦਰ, ਮਾਧੋ, ਰਈਆ ਤੇ ਸੁਹੇਲਾ। ਇਨ੍ਹਾਂ ਵਿਚ ''ਦਾਸਾ'' ਨਾਂ ਦਾ ਕੋਈ ਬੱਚਾ ਨਹੀਂ ਸੀ। ਅਜਿਹਾ ਜਾਪਦਾ ਹੈ ਕਿ ਨਾਂ ਦੇ ਹਿੰਦਸਿਆਂ ਤੋਂ ਭੁਲੇਖਾ ਲੱਗਾ ਹੈ ਤੇ ਅਸਲ ਨਾਂ ਭਾਈ ਬੱਲੂ ਦੇ ਕਿਸੇ ਹੋਰ ਬੱਚੇ ਦਾ ਹੋਣਾ ਹੈ। ਇਹ ''ਦਾਸਾ'' ਭਾਈ ਮਾਈਦਾਸ (ਪਿਤਾ ਭਾਈ ਮਨੀ ਸਿੰਘ) ਵੀ ਨਹੀਂ ਹੋ ਸਕਦਾ ਕਿਉਂਕਿ ਭਾਈ ਮਨੀ ਸਿੰਘ ਦਾ ਜਨਮ 1644 ਦਾ ਹੈ ਤੇ ਫਗਵਾੜੇ ਦੀ ਲੜਾਈ 1635 ਦੀ ਹੈ।

ਭਾਈ ਦਿਆਲ ਦਾਸ

ਭਾਈ ਦਿਆਲ ਦਾਸ ਭਾਈ ਮਾਈ ਦਾਸ ਦੇ ਸਪੁੱਤਰ, ਭਾਈ ਬੱਲੂ ਦੇ ਪੋਤੇ ਤੇ ਭਾਈ ਮੂਲੇ ਦੇ ਪੜਪੋਤੇ ਸਨ। ਆਪ ਪਰਮਾਰ-ਰਾਜਪੂਤ ਪਰਿਵਾਰ ਨਾਲ ਸਬੰਧ ਰਖਦੇ ਸਨ। ਆਪ ਨੂੰ 11 ਨਵੰਬਰ 1675 ਦੇ ਦਿਨ ਚਾਂਦਨੀ ਚੌਕ ਦਿੱਲੀ ਵਿਚ ਦੇਗ ਵਿਚ ਉਬਾਲ ਕੇ ਸ਼ਹੀਦ ਕਰ ਦਿੱਤਾ ਗਿਆ ਸੀ। (ਆਪ ਭਾਈ ਮਨੀ ਸਿੰਘ ਦੇ ਵੱਡੇ ਭਰਾ ਸਨ)।

ਭਾਈ ਦਿਆਲ ਦਾਸ ਤੇ ਉਨ੍ਹਾਂ ਦਾ ਪਰਿਵਾਰ ਗੁਰੂ ਘਰ ਦਾ ਬੜਾ ਸਾਦਿਕ ਸੀ। ਇਹ ਪਰਿਵਾਰ ਗੁਰੂ ਅਰਜਨ ਸਾਹਿਬ ਦੇ ਵੇਲੇ ਤੋਂ ਸਿੱਖੀ ਨਾਲ ਜੁੜਿਆ ਹੋਇਆ ਸੀ। ਇਸ ਪਰਿਵਾਰ ਨੇ ਸਿੱਖ ਕੌਮ ਵਾਸਤੇ ਕਈ ਦਰਜਨ ਸ਼ਹੀਦੀਆਂ ਦਿੱਤੀਆਂ।

ਭਾਈ ਦਿਆਲ ਦਾਸ ਗੁਰੂ ਤੇਗ ਬਹਾਦਰ ਸਾਹਿਬ ਦੇ ਬਹੁਤ ਨਜ਼ਦੀਕੀ ਸਾਥੀ ਸਨ। ਗੁਰੂ ਸਾਹਿਬ ਜਿੱਥੇ ਵੀ ਜਾਂਦੇ ਸਨ ਭਾਈ ਦਿਆਲ ਦਾਸ ਉਨ੍ਹਾਂ ਦੇ ਨਾਲ ਹੀ ਰਹਿੰਦੇ ਸਨ। ਭਾਈ ਦਿਆਲ ਦਾਸ ਦਾ ਨਾਂ ਗੁਰੂ ਸਾਹਿਬ ਦੇ ਕਈ ਹੁਕਮਨਾਮਿਆਂ ਵਿਚ ਮਿਲਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਜਦੋਂ 1656 ਵਿਚ ਅਸਾਮ, ਬੰਗਾਲ, ਬਿਹਾਰ ਦੇ ਮਿਸ਼ਨਰੀ ਦੌਰੇ ਤੇ ਗਏ ਤਾਂ ਵੀ ਭਾਈ ਦਿਆਲ ਦਾਸ ਉਨ੍ਹਾਂ ਦੇ ਨਾਲ ਸਨ। 1665 ਵਿਚ ਜਦੋਂ ਗੁਰੂ ਸਾਹਿਬ ਨੂੰ ਧਮਤਾਨ ਤੋਂ ਗ੍ਰਿਫ਼ਤਾਰ ਕੀਤਾ ਗਿਆ ਤਾਂ ਵੀ ਆਪ ਗੁਰੂ ਜੀ ਦੇ ਨਾਲ ਹੀ ਸਨ। ਆਪ ਗੁਰੂ ਸਾਹਿਬ ਦੇ ਨਾਲ ਹੀ ਦੋ ਮਹੀਨੇ ਬੰਦੀਖਾਨੇ ਵਿਚ ਰਹੇ। ਇਸ ਮਗਰੋਂ ਜਦੋਂ ਗੁਰੂ ਸਾਹਿਬ ਦੋਬਾਰਾ ਅਸਾਮ ਵੱਲ ਗਏ ਤਾਂ ਵੀ ਭਾਈ ਦਿਆਲ ਦਾਸ ਉਨ੍ਹਾਂ ਦੇ ਨਾਲ ਸਨ। 1675 ਵਿਚ ਜਦੋਂ ਗੁਰੂ ਸਾਹਿਬ ਕਸ਼ਮੀਰੀ ਬ੍ਰਾਹਮਣਾਂ ਦੀ ਫ਼ਰਿਆਦ ਲੈ ਕੇ ਔਰੰਗਜ਼ੇਬ ਨੂੰ ਮਿਲਣ ਵਾਸਤੇ ਦਿੱਲੀ ਵੱਲ ਚਲੇ ਤਾਂ ਵੀ ਭਾਈ ਦਿਆਲ ਦਾਸ ਗੁਰੂ ਜੀ ਦੇ ਨਾਲ ਸੀ। ਅਜਿਹਾ ਜਾਪਦਾ ਹੈ ਕਿ ਭਾਈ ਦਿਆਲ ਦਾਸ ਹਮੇਸ਼ਾ ਹੀ ਗੁਰੂ ਸਾਹਿਬ ਦੇ ਅੰਗ-ਸੰਗ ਰਹੇ ਸਨ।

11 ਨਵਬੰਰ 1675 ਦੇ ਦਿਨ ਸ਼ਹੀਦ ਕਰਨ ਤੋਂ ਪਹਿਲਾਂ ਭਾਈ ਦਿਆਲ ਦਾਸ ਨੂੰ ਕਈ ਦਿਨ ਜਿਸਮਾਨੀ ਤਸ਼ੱਦਦ ਦਾ ਸ਼ਿਕਾਰ ਹੋਣਾ ਪਿਆ। ਇਸ ਦੌਰਾਨ ਭਾਵੇਂ ਆਪ ਜਿਸਮਾਨੀ ਤੌਰ ਤੇ ਕਮਜ਼ੋਰ ਹੋ ਚੁੱਕੇ ਸਨ ਪਰ ਆਪ ਦਾ ਜਿਗਰਾ ਕਾਇਮ ਸੀ। 11 ਨਵੰਬਰ ਨੂੰ ਗੁਰੂ ਤੇਗ ਬਹਾਦਰ ਸਾਹਿਬ ਦੇ ਨਾਲ ਹੀ ਆਪ ਨੂੰ ਵੀ ਸ਼ਹੀਦ ਕੀਤੇ ਜਾਣ ਦਾ ਫਤਵਾ ਜਾਰੀ ਕੀਤਾ ਗਿਆ ਸੀ। ਉਸ ਦਿਨ ਸਭ ਤੋਂ ਪਹਿਲਾਂ ਆਪ ਨੂੰ ਸ਼ਹੀਦ ਕੀਤੇ ਜਾਣ ਦਾ ਫ਼ੈਸਲਾ ਕੀਤਾ ਗਿਆ। ਜਦੋਂ ਆਪ ਨੂੰ ਦੇਗ ਵਿਚ ਬੰਦ ਕਰ ਕੇ ਉਬਾਲ ਕੇ ਸ਼ਹੀਦ ਕਰਨ ਦਾ ਹੁਕਮ ਜਾਰੀ ਹੋਇਆ ਤਾਂ ਵੀ ਆਪ ਅਡੋਲ ਰਹੇ ਤੇ ਆਪਣੇ ਪਿਆਰੇ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਅੱਖਾਂ ਸਾਹਵੇਂ ਸ਼ਹੀਦੀ ਜਾਮ ਪੀ ਗਏ।

ਭਾਈ ਦਿਆਲ ਦਾਸ ਦੀ ਸ਼ਹੀਦੀ ਸਬੰਧੀ ਭੱਟ ਵਹੀਆਂ 'ਚ ਇਕ ਇੰਦਰਾਜ ਇੰਵ ਮਿਲਦਾ ਹੈ : ''*ਦਿਆਲ ਦਾਸ ਮਾਈ ਦਾਸ ਕਾ, ਪੋਤਾ ਬੱਲੂ ਕਾ, ਪੜਪੋਤਾ ਮੂਲੇ ਕਾ,* ਚੰਦਰਵੰਸੀ ਭਾਰਦਵਾਜੀ, ਗੋਤਰ ਪੰਵਾਰ, ਬੰਸ ਬੀਝੇ ਕਾ ਬੰਝਰਉਤ ਜਲਹਾਨਾ, ਗੁਰੂ ਗੈਲੋਂ, ਮਗਹਰ ਸੁਦੀ ਪੰਚਮੀ ਸੰਮਤ ਸਤਰਾਂ ਸੈ ਬੱਤੀਸ ਕੋ ਦਿੱਲੀ ਚਾਂਦਨੀ ਚੌਕ ਕੇ ਮਲਹਾਨ ਸ਼ਾਹੀ ਹੁਕਮ ਗੈਲ ਮਾਰਾ ਗਿਆ। ਗੈਲੋਂ ਮਤੀ ਦਾਸ ਸਤੀ ਦਾਸ ਬੇਟੇ ਹੀਰਾ ਨੰਦ ਕੇ ਪੋਤੇ ਲਖੀ ਦਾਸ ਕੇ ਪੜਪੋਤੇ ਪਰਾਗੇ ਕੇ, ਬੰਸ ਗੌਤਮ ਕਾ ਸਾਰਸੁਤੀ ਭਾਰਗਵ ਗੋਤੇ ਛਿਬਰ ਬ੍ਰਾਹਮਨ ਮਾਰੇ ਗਏ।''

(ਭੱਟ ਵਹੀ ਮੁਲਤਾਨੀ ਸਿੰਧੀ)

(ਹੋਰ ਤਫ਼ਸੀਲ ਵਾਸਤੇ ਵੇਖੋ; ਭਾਈ ਬੱਲੂ ਦਾ ਕੁਰਸੀਨਾਮਾ)

ਭਾਈ ਦਿਆਲ ਦਾਸ ਸਿਰਫ਼ ਆਪ ਹੀ ਸ਼ਹੀਦ ਨਹੀਂ ਹੋਏ ਬਲਕਿ ਉਨ੍ਹਾਂ ਦੇ

ਪਰਿਵਾਰ ਵਿਚੋਂ ਹੋਰ ਵੀ ਬਹੁਤ ਜਣਿਆਂ ਨੇ ਸ਼ਹੀਦੀਆਂ ਪਾਈਆਂ। ਆਪ ਦੇ ਬੇਟੇ ਭਾਈ ਕਲਿਆਨ ਸਿੰਘ ਨੇ 29 ਅਗਸਤ 1700 ਦੇ ਦਿਨ ਤਾਰਾਗੜ੍ਹ ਦੀ ਲੜਾਈ ਵਿਚ ਸ਼ਹੀਦੀ ਪਾਈ। ਆਪ ਦੇ ਦੂਜੇ ਬੇਟੇ ਭਾਈ ਮਥਰਾ ਸਿੰਘ 8 ਅਕਤੂਬਰ 1700 ਦੇ ਦਿਨ ਨਿਰਮੋਹਗੜ੍ਹ ਵਿਚ ਸ਼ਹੀਦ ਹੋਏ।

ਭਾਈ ਮਤੀ ਦਾਸ

ਭਾਈ ਮਤੀ ਦਾਸ ਭਾਈ ਹੀਰਾ ਨੰਦ ਦੇ ਸਪੁੱਤਰ, ਭਾਈ ਦਵਾਰਕਾ ਦਾਸ ਦੇ ਪੋਤੇ ਤੇ ਸ਼ਹੀਦ ਭਾਈ ਪਰਾਗ ਦਾਸ (ਪਰਾਗਾ) ਦੇ ਪੜਪੋਤੇ ਸਨ। ਆਪ ਪਿੰਡ ਕਰਿਆਲਾ (ਜ਼ਿਲਾ ਜਿਹਲਮ, ਪਾਕਿਸਤਾਨ) ਦੇ ਵਾਸੀ ਸਨ। ਆਪ ਛਿੱਬਰ-ਬ੍ਰਾਹਮਣ ਪਰਿਵਾਰ ਨਾਲ ਸਬੰਧ ਰੱਖਦੇ ਸਨ। ਆਪ ਦਾ ਪਰਿਵਾਰ ਗੁਰੂ ਰਾਮ ਦਾਸ ਸਾਹਿਬ ਦੇ ਵੇਲੇ ਤੋਂ ਹੀ ਸਿੱਖੀ ਨਾਲ ਜੁੜਿਆ ਹੋਇਆ ਸੀ। ਆਪ ਦੇ ਪੜਦਾਦੇ ਭਾਈ ਪਰਾਗ ਦਾਸ (ਪਰਾਗਾ) ਗੁਰੂ ਹਰਿਗੋਬਿੰਦ ਸਾਹਿਬ ਵੇਲੇ ਸਿੱਖ ਫ਼ੌਜ ਦੇ ਪੰਜ ਮੁਖ ਜਰਨੈਲਾਂ ਵਿਚੋਂ ਇਕ ਸਨ। ਭਾਈ ਪਰਾਗ ਦਾਸ 3 ਅਕਤੂਬਰ 1621 ਦੇ ਦਿਨ ਰੁਹੀਲਾ ਦੀ ਲੜਾਈ ਵਿਚ ਸ਼ਹੀਦ ਹੋ ਗਏ ਸਨ। ਭਾਈ ਪਰਾਗ ਦਾਸ ਦੇ ਦੋਹਾਂ ਪੜਪੋਤਿਆਂ, ਭਾਈ ਮਤੀ ਦਾਸ ਤੇ ਭਾਈ ਸਤੀ ਦਾਸ, ਦਾ ਗੁਰੂ ਤੇਗ ਬਹਾਦਰ ਸਾਹਿਬ ਨਾਲ ਬੜਾ ਪਿਆਰ ਸੀ। ਉਹ ਅਕਸਰ ਗੁਰੂ ਸਾਹਿਬ ਨਾਲ ਹੀ ਰਿਹਾ ਕਰਦੇ ਸਨ। ਭਾਈ ਮਤੀ ਦਾਸ ਸਿੱਖ ਧਰਮ ਦੇ ਇਕ ਚੰਗੇ ਵਿਦਵਾਨ ਵੀ ਸਨ ਤੇ ਕਈ ਵਾਰੀ ਸ਼ਬਦਾਂ ਦੀ ਕਥਾ ਵੀ ਕਰਿਆ ਕਰਦੇ ਸਨ। ਭਾਈ ਦਿਆਲ ਦਾਸ ਤੋਂ ਬਾਅਦ ਭਾਈ ਮਤੀ ਦਾਸ ਦੂਜੇ ਅਜਿਹੇ ਸ਼ਖ਼ਸ ਸਨ ਜਿਨ੍ਹਾਂ ਨੂੰ ਗੁਰੂ ਸਾਹਿਬ ਦੀ ਸਭ ਤੋਂ ਵੱਧ ਸੰਗਤ ਕਰਨ ਦਾ ਮਾਣ ਮਿਲਿਆ ਸੀ।

1665 ਵਿਚ ਜਦੋਂ ਗੁਰੂ ਸਾਹਿਬ ਨੂੰ ਧਮਤਾਨ ਤੋਂ ਗ੍ਰਿਫ਼ਤਾਰ ਕੀਤਾ ਗਿਆ ਤਾਂ ਭਾਈ ਮਤੀ ਦਾਸ ਵੀ ਆਪ ਦੇ ਨਾਲ ਸਨ। ਆਪ ਉਦੋਂ ਵੀ ਗੁਰੂ ਜੀ ਦੇ ਨਾਲ ਹੀ ਦੋ ਮਹੀਨੇ ਬੰਦੀਖਾਨੇ 'ਚ ਰਹੇ। ਦਸੰਬਰ 1665 ਵਿਚ ਜਦੋਂ ਗੁਰੂ ਤੇਗ ਬਹਾਦਰ ਸਾਹਿਬ ਅਸਾਮ, ਬੰਗਾਲ, ਬਿਹਾਰ ਦੇ ਦੌਰੇ 'ਤੇ ਗਏ ਤਾਂ ਹੋਰਨਾਂ ਦੇ ਨਾਲ ਭਾਈ ਮਤੀ ਦਾਸ ਵੀ ਆਪ ਦੇ ਨਾਲ ਸਨ। ਇੰਞ ਹੀ ਜੁਲਾਈ 1675 ਵਿਚ ਜਦੋਂ ਗੁਰੂ ਸਾਹਿਬ

ਗ੍ਰਿਫ਼ਤਾਰ ਕਰ ਕੇ ਨਵੰਬਰ ਵਿਚ ਦਿੱਲੀ ਲਿਆਂਦੇ ਗਏ ਤਾਂ ਵੀ ਭਾਈ ਮਤੀ ਦਾਸ ਗੁਰੂ ਸਾਹਿਬ ਦੇ ਨਾਲ ਸਨ। ਭਾਈ ਮਤੀ ਦਾਸ ਨੂੰ ਮੁਗ਼ਲਾਂ ਨੇ ਬੱਸੀ ਪਠਾਣਾਂ (ਸਰਹਿੰਦ) ਅਤੇ ਦਿੱਲੀ ਵਿਚ ਬੰਦੀਖਾਨੇ ਵਿਚ ਬੜੇ ਤਸੀਹੇ ਦਿੱਤੇ।

ਗੁਰੂ ਤੇਗ ਬਹਾਦਰ ਦਾ ਸਾਥੀ ਹੋਣ ਕਰ ਕੇ ਅਤੇ ਇਸਲਾਮ ਧਾਰਨ ਨਾ ਕਰਨ 'ਤੇ ਮੁਗ਼ਲ ਕਾਜ਼ੀ ਨੇ ਭਾਈ ਦਿਆਲ ਦਾਸ, ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਨੂੰ ਕਤਲ ਕਰਨ ਦਾ ਫ਼ਤਵਾ ਜਾਰੀ ਕਰ ਦਿਤਾ। ਸਭ ਤੋਂ ਪਹਿਲਾਂ ਭਾਈ ਦਿਆਲ ਦਾਸ ਨੂੰ ਦੇਗ ਵਿਚ ਉਬਾਲਿਆ ਗਿਆ। ਇਸ ਮਗਰੋਂ ਆਪ ਦੇ ਜਿਸਮ ਨੂੰ ਆਰੇ ਨਾਲ ਦੋ ਟੋਟੇ ਕਰਨ ਦਾ ਹੁਕਮ ਜਾਰੀ ਕੀਤਾ ਗਿਆ। ਇਹ ਘਟਨਾ 11 ਨਵੰਬਰ 1675 ਦੀ ਹੈ। ਆਪ ਨੂੰ ਉਸ ਦਿਨ ਦੁਪਹਿਰ ਵੇਲੇ ਚਾਂਦਨੀ ਚੌਕ ਦਿੱਲੀ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਅੱਖਾਂ ਦੇ ਸਾਹਮਣੇ ਆਰੇ ਨਾਲ ਚੀਰ ਕੇ ਸ਼ਹੀਦ ਕਰ ਦਿੱਤਾ ਗਿਆ। ਆਪ ਨੇ ਸ਼ਹੀਦੀ ਵੇਲੇ ਉਫ਼ ਤਕ ਨਾ ਕੀਤੀ ਤੇ ਵਾਹਿਗੁਰੂ ਦਾ ਜਾਪ ਕਰਦੇ ਰਹੇ। ਆਪ ਤੋਂ ਮਗਰੋਂ ਆਪ ਦੇ ਭਰਾ ਭਾਈ ਸਤੀ ਦਾਸ ਨੂੰ ਵੀ ਸ਼ਹੀਦ ਕਰ ਦਿੱਤਾ ਗਿਆ। ਆਪ ਦੀ ਸ਼ਹੀਦੀ ਸਬੰਧੀ ਇਕ ਇੰਦਰਾਜ ਭੱਟ ਵਹੀਆਂ ਵਿਚ ਇੰਵ ਮਿਲਦਾ ਹੈ:

"ਦਿਆਲ ਦਾਸ ਬੇਟਾ ਮਾਈ ਦਾਸ ਕਾ, ਪੋਤਾ ਬੱਲੂ ਰਾਓ ਕਾ... ਗੁਰੂ ਤੇਗ ਬਹਾਦਰ ਗੈਲੋਂ ਸਾਲ ਸਤਰਾਂ ਸੈ ਬਤੀਸ ਮਗਹਰ ਸੁਦੀ ਪੰਚਮੀ ਵੀਰਵਾਰ ਕੇ ਦਿਹੁੰ ਦਿਲੀ ਚਾਂਦਨੀ ਚੌਕ ਕੇ ਮਲ੍ਹਾਨ, ਸ਼ਾਹੀ ਹੁਕਮ ਗੈਲ ਮਾਰਾ ਗਿਆ। ਸਾਥ ਮਤੀ ਦਾਸ, ਸਤੀ ਦਾਸ ਬੇਟੇ ਹੀਰਾ ਮੱਲ ਕੇ ਪੋਤੇ ਦਵਾਰਕਾ ਦਾਸ ਕੇ ਭਾਰਗ ਗੋਤਰੇ ਛਿਬਰ ਬ੍ਰਾਹਮਣ ਮਾਰੇ ਗਏ।" *ਭੱਟ ਵਹੀ ਤਲਉਂਢਾ ਪਰਗਣਾ ਜੀਂਦ*

(ਹੋਰ ਤਫ਼ਸੀਲ ਵਾਸਤੇ ਵੇਖੋ: ਭਾਈ ਗੋਤਮ ਛਿਬਰ ਦਾ ਕੁਰਸੀਨਾਮਾ)

ਭਾਈ ਸਤੀ ਦਾਸ

ਭਾਈ ਸਤੀ ਦਾਸ ਭਾਈ ਹੀਰਾ ਨੰਦ ਦੇ ਸਪੁੱਤਰ, ਭਾਈ ਦਵਾਰਕਾ ਦੇ ਪੋਤੇ ਅਤੇ ਸ਼ਹੀਦ ਭਾਈ ਪਰਾਗ ਦਾਸ (ਪਰਾਗਾ) ਦੇ ਪੜਪੋਤੇ ਸਨ। ਆਪ ਛਿੱਬਰ-ਬ੍ਰਾਹਮਣ ਖ਼ਾਨਦਾਨ ਨਾਲ ਸਬੰਧ ਰਖਦੇ ਸਨ। ਆਪ ਦਾ ਪਰਿਵਾਰ ਗੁਰੂ ਰਾਮ ਦਾਸ ਸਾਹਿਬ ਦੇ ਵੇਲੇ ਸਿੱਖ ਪੰਥ ਨਾਲ ਜੁੜਿਆ ਸੀ। ਆਪ ਦੇ ਪੜਦਾਦਾ ਭਾਈ ਪਰਾਗ ਦਾਸ ਗੁਰੂ

ਹਰਿਗੋਬਿੰਦ ਸਾਹਿਬ ਦੀ ਫ਼ੌਜ ਦੇ ਪੰਜ ਮੁੱਖੀ ਜਰਨੈਲਾਂ ਵਿਚੋਂ ਸਨ। ਭਾਈ ਪਰਾਗ ਦਾਸ 3 ਅਕਤੂਬਰ 1621 ਦੇ ਦਿਨ ਰੁਹੀਲਾ (ਹਰਿਗੋਬਿੰਦ) ਦੀ ਲੜਾਈ ਵਿਚ ਸ਼ਹੀਦ ਹੋਏ ਸਨ। ਇਹ ਛਿੱਬਰ ਪਰਿਵਾਰ ਪਿੰਡ ਕਰਿਆਲਾ (ਜ਼ਿਲ੍ਹਾ ਜਿਹਲਮ, ਪਾਕਿਸਤਾਨ) ਵਿਚ ਰਿਹਾ ਕਰਦਾ ਸੀ।

ਭਾਈ ਸਤੀ ਦਾਸ ਗੁਰੂ ਤੇਗ ਬਹਾਦਰ ਸਾਹਿਬ ਦੇ ਬੜੇ ਸਾਦਿਕ ਤੇ ਸੇਵਾਦਾਰ ਸਨ। ਉਨ੍ਹਾਂ ਦਾ ਗੁਰੂ ਸਾਹਿਬ ਨਾਲ ਬੜਾ ਪਿਆਰ ਸੀ। ਆਮ ਤੌਰ ਤੇ ਜਿੱਥੇ ਵੀ ਗੁਰੂ ਸਾਹਿਬ ਜਾਂਦੇ ਸਨ ਭਾਈ ਸਤੀ ਦਾਸ ਵੀ ਉਨ੍ਹਾਂ ਦੇ ਨਾਲ ਰਿਹਾ ਕਰਦੇ ਸਨ। ਭਾਈ ਸਤੀ ਦਾਸ ਬੜੇ ਚੰਗੇ ਰਸੋਈਏ ਵੀ ਸਨ। ਗੁਰੂ ਤੇਗ ਬਹਾਦਰ ਸਾਹਿਬ ਦਾ ਖਾਣਾ ਅਕਸਰ ਉਹੀ ਬਣਾਇਆ ਕਰਦੇ ਸਨ। ਭਾਈ ਦਿਆਲ ਦਾਸ ਤੇ ਭਾਈ ਮਤੀ ਦਾਸ (ਉਨ੍ਹਾਂ ਦੇ ਹੀ ਭਰਾ) ਤੋਂ ਬਾਅਦ ਭਾਈ ਸਤੀ ਦਾਸ ਅਜਿਹੇ ਸ਼ਖ਼ਸ ਸਨ ਜਿਨ੍ਹਾਂ ਨੂੰ ਗੁਰੂ ਤੇਗ ਬਹਾਦਰ ਸਾਹਿਬ ਦੇ ਬਹੁਤ ਨੇੜੇ ਰਹਿਣ ਦਾ ਸ਼ਰਫ਼ ਹਾਸਿਲ ਹੋਇਆ ਸੀ।

1665 ਵਿਚ ਜਦੋਂ ਗੁਰੂ ਤੇਗ ਬਹਾਦਰ ਸਾਹਿਬ ਨੂੰ ਧਮਤਾਨ ਤੋਂ ਗ੍ਰਿਫ਼ਤਾਰ ਕੀਤਾ ਗਿਆ ਤਾਂ ਆਪ ਗੁਰੂ ਜੀ ਦੇ ਨਾਲ ਹੀ ਸਨ। ਆਪ ਗੁਰੂ ਸਾਹਿਬ ਦੇ ਨਾਲ ਹੀ ਦੋ ਮਹੀਨੇ ਬੰਦੀਖਾਨੇ ਵਿਚ ਰਹੇ। ਇਸ ਮਗਰੋ ਜਦੋਂ ਗੁਰੂ ਸਾਹਿਬ ਅਸਾਮ, ਬੰਗਾਲ, ਬਿਹਾਰ ਦੇ ਦੌਰੇ ਤੇ ਗਏ ਤਾਂ ਆਪ ਵੀ ਉਨ੍ਹਾਂ ਦੇ ਨਾਲ ਹੀ ਗਏ। ਆਪ 1670 ਵਿਚ ਪੰਜਾਬ ਵਾਪਿਸ ਆਏ। ਜੁਲਾਈ 1675 ਵਿਚ ਜਦੋਂ ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕਰ ਕੇ ਚਾਰ ਮਹੀਨੇ ਬਸੀ ਪਠਾਣਾਂ (ਸਰਹਿੰਦ) ਕੈਦ ਵਿਚ ਰਖਿਆ ਗਿਆ ਤਾਂ ਆਪ ਵੀ ਨਾਲ ਹੀ ਸਨ। ਉਥੇ ਆਪ ਨੂੰ ਬੜੇ ਤਸੀਹੇ ਦਿੱਤੇ ਗਏ। ਨਵੰਬਰ 'ਚ ਆਪ ਨੂੰ ਦਿੱਲੀ ਲਿਜਾਇਆ ਗਿਆ।

11 ਨਵੰਬਰ 1675 ਦੇ ਦਿਨ ਕਾਜ਼ੀ ਨੇ ਭਾਈ ਸਤੀ ਦਾਸ ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਾਥ ਦੇਣ ਅਤੇ ਇਸਲਾਮ ਕਬੂਲ ਨਾ ਕਰਨ ਕਰ ਕੇ ਮੌਤ ਦਾ ਫ਼ਤਵਾ ਜਾਰੀ ਕੀਤਾ। ਆਪ ਨੂੰ ਰੂੰ ਵਿਚ ਲਪੇਟ ਕੇ ਜਿਊਂਦਿਆਂ ਸਾੜ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਸਤੀ ਦਾਸ ਦੀ ਸ਼ਹੀਦੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੇ ਅੱਖੀਂ ਵੇਖੀ ਅਤੇ ਆਖਿਆ, "ਇਨ੍ਹਾਂ ਸਿੱਖਾਂ ਦੀ ਸ਼ਹਾਦਤ ਨੇ ਤੁਰਕ ਰਾਜ ਦੀਆਂ ਜੜ੍ਹਾਂ ਖੋਖਲੀਆਂ ਕਰ ਦਿੱਤੀਆਂ ਹਨ। ਇਹ ਰਾਜ ਜ਼ਿਆਦਾ ਸਮਾਂ ਨਹੀਂ ਰਹੇਗਾ। ਜਦ ਤਕ ਜ਼ਮੀਨ ਤੇ ਅਸਮਾਨ, ਚੰਦ ਤੇ ਸੂਰਜ ਕਾਇਮ ਹਨ, ਇਨ੍ਹਾਂ ਸ਼ਹੀਦਾਂ ਦਾ ਨਾਂ ਦੁਨੀਆਂ ਵਿਚ ਰੌਸ਼ਨ ਰਹੇਗਾ।"

ਭਾਈ ਸਤੀ ਦਾਸ ਦੀ ਸ਼ਹੀਦੀ ਸਬੰਧੀ ਇੰਦਰਾਜ **ਭੱਟ ਵਹੀ ਮੁਲਤਾਨੀ ਸਿੰਧੀ** ਅਤੇ **ਭੱਟ ਵਹੀ ਤਲਉਂਢਾ**, ਪਰਗਣਾ ਜੀਂਦ ਵਿਚ ਮਿਲਦਾ ਹੈ। ਵੇਖੋ: "ਭਾਈ ਦਿਆਲ ਦਾਸ" ਅਤੇ "ਭਾਈ ਮਤੀ ਦਾਸ"।

ਹੋਰ ਤਫ਼ਸੀਲ ਵਾਸਤੇ ਵੇਖੋ: "ਭਾਈ ਗੌਤਮ ਛਿਬਰ ਦਾ ਕੁਰਸੀਨਾਮਾ"।

ਭਾਈ ਊਦਾ

ਭਾਈ ਊਦਾ ਭਾਈ ਖੇਮਾ ਚੰਦਨੀਆਂ ਦੇ ਬੇਟੇ, ਭਾਈ ਧਰਮਾ ਦੇ ਪੋਤੇ ਅਤੇ ਭਾਈ ਭੋਜਾ ਦੇ ਪੜਪੋਤੇ ਸਨ। ਆਪ ਰਾਠੌਰ-ਰਾਜਪੂਤ ਪਰਿਵਾਰ ਨਾਲ ਸਬੰਧ ਰੱਖਦੇ ਸਨ। ਆਪ ਦਾ ਪਰਿਵਾਰ ਗੁਰੂ ਅਰਜਨ ਸਾਹਿਬ ਦੇ ਵੇਲੇ ਤੋਂ ਸਿੱਖੀ ਨਾਲ ਜੁੜਿਆ ਹੋਇਆ ਸੀ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਫ਼ੌਜ ਬਣਾਈ ਤਾਂ ਇਸ ਪਰਿਵਾਰ 'ਚੋ ਕਈ ਜਣੇ ਇਸ ਫ਼ੌਜ ਵਿਚ ਸ਼ਾਮਿਲ ਹੋਏ ਸਨ। ਆਪ ਦੇ ਦੋ ਤਾਏ (ਭਾਈ ਫੱਤੇ ਚੰਦ ਤੇ ਭਾਈ ਜੱਗੂ) ਤੇ ਇਕ ਚਾਚਾ (ਭਾਈ ਅਮੀਆ) ਕਰਤਾਰਪੁਰ ਤੇ ਫਗਵਾੜੇ ਦੀਆਂ ਲੜਾਈਆਂ ਵਿਚ ਅਪਰੈਲ 1635 ਵਿਚ ਸ਼ਹੀਦ ਹੋਏ ਸਨ।

ਭਾਈ ਊਦਾ ਦੀ ਗੁਰੂ ਤੇਗ ਬਹਾਦਰ ਸਾਹਿਬ ਨਾਲ ਬੜੀ ਮੁਹੱਬਤ ਸੀ। ਉਹ 'ਚੱਕ ਨਾਨਕੀ' ਅਕਸਰ ਆਉਂਦੇ ਰਹਿੰਦੇ ਸਨ। 25 ਮਈ 1675 ਦੇ ਦਿਨ ਜਦੋਂ ਭਾਈ ਕਿਰਪਾ ਰਾਮ ਦੱਤ ਦੇ ਨਾਲ ਕਸ਼ਮੀਰ ਦੇ 16 ਬ੍ਰਾਹਮਣ ਗੁਰੂ ਤੇਗ ਬਹਾਦਰ ਸਾਹਿਬ ਕੋਲ ਆ ਫ਼ਰਿਆਦੀ ਹੋਏ ਤਾਂ ਗੁਰੂ ਸਾਹਿਬ ਨੇ ਉਨ੍ਹਾਂ ਦੀ ਮਦਦ ਵਾਸਤੇ ਔਰੰਗਜ਼ੇਬ ਨੂੰ ਮਿਲਣ ਦਾ ਫ਼ੈਸਲਾ ਕੀਤਾ। 8 ਜੁਲਾਈ ਨੂੰ ਗੁਰੂ ਗੋਬਿੰਦ (ਸਿੰਘ) ਸਾਹਿਬ ਨੂੰ ਗੁਰਗੱਦੀ ਸੌਂਪ ਕੇ ਗੁਰੂ ਤੇਗ ਬਹਾਦਰ ਸਾਹਿਬ ਚੱਕ ਨਾਨਕੀ ਤੋਂ ਦਿੱਲੀ ਵਾਸਤੇ ਚਲ ਪਏ। ਇਕ ਸੋਮੇ ਮੁਤਾਬਿਕ ਆਪ ਦੇ ਨਾਲ ਭਾਈ ਦਿਆਲ ਦਾਸ, ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਗੁਰਦਿੱਤਾ ਤੇ ਭਾਈ ਊਦਾ ਵੀ ਤਿਆਰ ਹੋ ਗਏ ਗੁਰੂ ਸਾਹਿਬ, ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਗੁਰੂ ਸਾਹਿਬ ਦੇ ਨਾਲ ਮਲਕਪੁਰ ਰੰਘੜਾਂ ਵਿਚ ਠਹਿਰੇ ਅਤੇ ਭਾਈ ਗੁਰਦਿੱਤਾ ਤੇ ਭਾਈ ਊਦਾ ਸਿੱਧੇ ਦਿੱਲੀ ਵੱਲ ਚਲ ਪਏ ਇਕ ਹੋਰ ਸੋਮੇ ਮੁਤਾਬਿਕ ਭਾਈ ਗੁਰਦਿਤਾ ਅਤੇ ਭਾਈ ਊਦਾ ਮਗਰੋਂ ਦਿੱਲੀ ਗਏ ਸਨ। ਗੁਰੂ ਸਾਹਿਬ ਦੀ ਸ਼ਹੀਦੀ ਮਗਰੋਂ ਜਦੋਂ ਭਾਈ ਜੈਤਾ (ਜੀਵਨ ਸਿੰਘ) ਗੁਰੂ ਸਾਹਿਬ ਦਾ ਸੀਸ ਲੈ ਕੇ ਦਿੱਲੀ ਤੋਂ ਕੀਰਤਪੁਰ ਗਿਆ ਤਾਂ ਭਾਈ ਊਦਾ ਵੀ ਉਨ੍ਹਾਂ ਦੇ ਨਾਲ ਗਏ।

ਇਸ ਸਬੰਧ ਵਿਚ **ਭੱਟ ਵਹੀ ਮੁਲਤਾਨੀ ਸਿੰਧੀ** ਵਿਚ ਇਹ ਇੰਦਰਾਜ ਮਿਲਦਾ ਹੈ:

''ਜੈਤਾ ਬੇਟਾ ਆਗਿਆ ਕਾ, ਨਾਨੂ ਬੇਟਾ ਬਾਘੇ ਕਾ, ਊਦਾ ਬੇਟਾ ਖੇਮੇ ਕਾ, ਗੁਰੂ ਕਾ ਸੀਸ ਪਾਇ ਕੀਰਤਪੁਰ ਪਰਗਨਾ ਕਹਿਲੂਰ ਆਏ। ਸਾਲ ਸਤਾਰਾਂ ਸੈ ਬੱਤੀਸ, ਮੱਗਹਰ ਸੁਦੀ ਦਸਮੀ ਕੇ ਦਿੰਹੁ। ਗਿਆਰਸ ਕੋ ਦਾਗ ਦੀਆ ਮਾਖੋਵਾਲ ਮੇ, ਆਗੇ ਗੁਰੂ ਕੀ ਗਤਿ ਗੁਰੂ ਜਾਨੇ। ਗੁਰੂ ਆਪ ਭਾਣੇ ਕਾ ਖਾਬਿੰਦ ਹੈ।''

(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਉਦਾਨਿਓ ਕਾ)

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਫ਼ੌਜ ਬਣਾਈ ਤਾਂ ਭਾਈ ਊਦਾ ਵੀ ਫ਼ੌਜ ਵਿਚ ਸ਼ਾਮਿਲ ਹੋਏ। 1685 ਵਿਚ ਗੁਰੂ ਸਾਹਿਬ ਨੇ ਜਦੋਂ ਪਾਉਂਟਾ ਵਸਾਇਆ ਤਾਂ ਭਾਈ ਊਦਾ ਵੀ ਗੁਰੂ ਸਾਹਿਬ ਕੋਲ ਚਲੇ ਗਏ। ਆਪ ਉੱਥੇ ਕਾਫ਼ੀ ਦੇਰ ਰਹੇ। 18 ਸਤੰਬਰ 1688 ਦੇ ਦਿਨ ਜਦੋਂ ਗੜ੍ਹਵਾਲ ਦੇ ਰਾਜੇ ਫ਼ਤਿਹ ਸ਼ਾਹ ਨੇ ਗੁਰੂ ਸਾਹਿਬ 'ਤੇ ਹਮਲਾ ਕੀਤਾ ਤੇ ਭੰਗਾਣੀ ਵਿਚ ਲੜਾਈ ਹੋਈ ਤਾਂ ਭਾਈ ਊਦਾ ਤੇ ਹੋਰ ਸਿੰਘਾਂ ਨੇ ਫ਼ਤਹਿ ਸ਼ਾਹ ਦੀਆਂ ਫ਼ੌਜਾਂ ਦਾ ਡੱਟ ਕੇ ਮੁਕਾਬਲਾ ਕੀਤਾ। ਦੁਸ਼ਮਣਾਂ ਦੇ ਆਹੂ ਲਾਹੁੰਦੇ ਭਾਈ ਊਦਾ ਇਸ ਲੜਾਈ ਵਿਚ ਸ਼ਹੀਦੀ ਜਾਮ ਪੀ ਗਏ ਇਸ ਵੇਲੇ ਆਪ ਦੀ ਉਮਰ 42 ਸਾਲ ਦੀ ਸੀ। **ਭੱਟ ਵਹੀ ਕਰਸਿੰਧੂ** ਦੇ ਸਫ਼ਾ 151 ਉੱਤੇ 14-6-1646 ਦੇ ਦਿਨ ਭਾਈ ਊਦਾ ਦੇ ਜਨਮ ਦਾ ਜ਼ਿਕਰ ਹੈ। ਇਸ ਖ਼ੁਸ਼ੀ ਵਿਚ ਭਾਈ ਖੇਮੇ ਨੇ ਭੱਟਾਂ ਨੂੰ ਇਕ ਘੋੜਾ ਦਾਨ ਵਜੋਂ ਦਿੱਤਾ ਸੀ।

ਆਪ ਦੀ ਸ਼ਹੀਦੀ ਬਾਰੇ **ਭੱਟ ਵਹੀ ਮੁਲਤਾਨੀ ਸਿੰਧੀ** ਵਿਚ ਇੰਝ ਜ਼ਿਕਰ ਮਿਲਦਾ ਹੈ:-

''*ਊਦੀਆ ਬੇਟਾ ਖੇਮੇ ਚੰਦਨੀਏ ਕਾ ਪੋਤਾ ਧਰਮੇ ਕਾ, ਪੜਪੋਤਾ ਭੋਜੇ ਕਾ, ਸੂਰਜ ਬੰਸੀ ਗੋਤਮ* ਗੋਤਰਾ ਰਾਠੌਰ ਰਮਾਣਾ, ਗੁਰੂ ਕੀ ਬੂਆ ਕੇ ਬੇਟੇ ਸੰਗੋਸ਼ਾਹ, ਜੀਤ ਮਲ ਬੇਟੇ ਸਾਧੂ ਕੇ, ਪੋਤੇ ਧਰਮੇ ਖੋਸਲੇ ਖਤਰੀ ਕੇ ਗੈਲ ਰਨ ਭੂਮੀ ਮੇਂ ਆਏ। ਸਾਲ ਸਤਰਾਂ ਸੈ ਪੈਂਤਾਲੀਸ ਅਸੂਜ ਪ੍ਰਵਿਸ਼ਟੇ ਅਠਾਰਾਂ, ਭੰਗਾਣੀ ਕੇ ਮਲ੍ਹਾਨ, ਜਮਨਾ ਗਿਰੀ ਕੇ ਮਧਿਆਨ ਰਾਜ ਨਾਹਨ, ਏਕ ਘਰੀ ਦਿਹੁੰ ਖਲੇ ਜੂਝੰਤੇ ਸੂਰਿਓਂ ਗੈਲ ਸਾਮ੍ਹੇ ਮਾਥੇ ਜੂਝ ਕਰ ਮਰਾ। ਗੈਲੋਂ ਹਠੀ ਚੰਦ ਬੇਟਾ ਮਾਈ ਦਾਸ ਕਾ...ਜਲ੍ਹਾਨਾ ਬਲਊਤ ਮਾਰਾ ਗਿਆ।''

(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਰਮਾਣਿਓਂ ਕਾ)

ਇਸ ਸ਼ਹੀਦੀ ਦਾ ਜ਼ਿਕਰ ''ਭੱਟ ਵਹੀ ਭਾਦਸੋਂ' ਦੇ ਸਫ਼ਾ 24 'ਤੇ ਵੀ ਮਿਲਦਾ ਹੈ।

ਭਾਈ ਊਦਾ ਭਾਈ ਰਣ ਮਲ ਦੇ ਬੰਸ ਵਿਚੋਂ ਸਨ। ਇਹ ਪਰਿਵਾਰ ਲਾਡਵਾ (ਜ਼ਿਲ੍ਹਾ ਕੁਰਖੇਤਰ) ਵਿਚ ਰਹਿੰਦੇ ਰਹੇ ਸਨ। ਭਾਈ ਸੁਖੀਆ ਮਾਂਡਨ ਵੀ ਇਨ੍ਹਾਂ ਦੇ ਬੰਸ ਨਾਲ ਹੀ ਸਬੰਧ ਰਖਦੇ ਸਨ। ਭਾਈ ਮਨੀ ਸਿੰਘ ਪਰਿਵਾਰ ਨਾਲ ਵੀ ਇਨ੍ਹਾਂ ਦੀ ਦੂਰ-ਨੇੜੇ ਦੀ ਰਿਸ਼ਤੇਦਾਰੀ ਸੀ।

ਹੋਰ ਤਫ਼ਸੀਲ ਵਾਸਤੇ ਵੇਖੋ: ਭਾਈ ਧਰਮਾ ਰਾਠੌਰ ਦਾ ਕੁਰਸੀਨਾਮਾ

ਭਾਈ ਜੀਤ ਮੱਲ

ਭਾਈ ਜੀਤ ਮੱਲ ਭਾਈ ਸਾਧੂ ਦੇ ਪੁੱਤਰ ਤੇ ਭਾਈ ਧਰਮਾ ਖੋਸਲਾ ਦੇ ਪੋਤੇ ਸਨ। ਆਪ ਦੀ ਮਾਤਾ ਬੀਬੀ ਵੀਰੋ ਗੁਰੂ ਹਰਿਗੋਬਿੰਦ ਸਾਹਿਬ ਦੀ ਬੇਟੀ ਸੀ। ਭਾਈ ਜੀਤ ਮੱਲ ਨੇ ਭੰਗਾਣੀ ਦੀ ਲੜਾਈ ਜਿਹੜੀ 18 ਸੰਤਬਰ 1688 ਦੇ ਦਿਨ ਹੋਈ ਵਿਚ ਸ਼ਹੀਦੀ ਹਾਸਿਲ ਕੀਤੀ ਸੀ।

ਭਾਈ ਜੀਤ ਮੱਲ ਗੁਰੂ ਸਾਹਿਬ ਕੋਲ ਚੱਕ ਨਾਨਕੀ ਵਿਚ ਵੀ ਰਹਿੰਦੇ ਸਨ ਅਤੇ ਜਦੋਂ ਅਪਰੈਲ 1685 ਵਿਚ ਗੁਰੂ ਸਾਹਿਬ ਨੇ ਪਾਉਂਟਾ ਵਸਾਇਆ ਤਾਂ ਆਪ ਵੀ ਗੁਰੂ ਸਾਹਿਬ ਦੇ ਨਾਲ ਰਹੇ।

ਜਦੋਂ 18 ਸਤੰਬਰ 1688 ਦੇ ਦਿਨ ਗੜ੍ਹਵਾਲ ਦੇ ਰਾਜੇ ਫ਼ਤਹਿ ਸ਼ਾਹ ਨੇ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ ਅਤੇ ਭੰਗਾਣੀ ਵਿਚ ਗਹਿਗੱਚ ਲੜਾਈ ਹੋਈ ਤਾਂ ਇਸ ਮੌਕੇ 'ਤੇ ਜੀਤ ਮੱਲ ਨੇ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ। ਬਚਿਤਰ ਨਾਟਕ ਵਿਚ ਭਾਈ ਜੀਤ ਮੱਲ ਦੀ ਬਹਾਦਰੀ ਦਾ ਜ਼ਿਕਰ ਇੰਞ ਮਿਲਦਾ ਹੈ:

*ਹਠੀ **ਜੀਤ ਮੱਲੰ** ਸੁ ਗਾਜੀ ਗੁਲਾਬੰ।*
ਰਣੰ ਦੇਖੀਐ ਰੰਗ ਰੂਪੰ ਸਹਾਬੰ ॥ 4 ॥

....

*ਤਬੰ **ਜੀਤ ਮੱਲੰ**। ਹਰੀ ਚੰਦ ਭੱਲੰ।*
ਹ੍ਰਿਦੇ ਐਚ ਮਾਰਿਓ। ਸੁ ਖੇਤੰ ਉਤਾਰਿਓ॥ 15 ॥

ਅਖੀਰ ਆਪਣੇ ਜੌਹਰ ਦਿਖਾਉਂਦੇ ਭਾਈ ਜੀਤ ਮੱਲ ਆਪ ਵੀ ਸ਼ਹੀਦੀ ਜਾਮ ਪੀ ਗਏ। ਇਸ ਸਬੰਧੀ "**ਭੱਟ ਵਹੀ ਮੁਲਤਾਨੀ ਸਿੰਧੀ**" ਵਿਚ ਇਸ ਤਰ੍ਹਾਂ ਜ਼ਿਕਰ ਕੀਤਾ ਮਿਲਦਾ ਹੈ:

"ਊਦੀਆ ਬੇਟਾ ਖੇਮੇ ਚੰਦਨੀਏ ਕਾ.....ਰਮਾਨਾਂ ਗੁਰੂ ਕੀ ਬੂਆ ਕੇ ਬੇਟੇ ਸੰਗੋਸ਼ਾਹ, ਜੀਤ ਮੱਲ, ਬੇਟੇ ਸਾਧੂ ਕੇ, ਪੋਤੇ ਧਰਮੇ ਖੋਸਲੇ ਖਤਰੀ ਕੇ ਗੈਲ, ਰਨ ਭੂਮੀ ਮੇਂ ਆਏ। ਸਾਲ ਸਤਰਾਂ ਸੈ ਪੈਂਤਾਲੀਸ ਅਸੁਜ ਪ੍ਰਵਿਸ਼ਟੇ ਅਠਾਰਾਂ ਭੰਗਾਨੀ ਕੇ ਮਲ੍ਹਾਨ ਜਮਨਾ ਗਿਰੀ ਕੇ ਮਧਿਆਨ, ਰਾਜ ਨਾਹਨ, ਏਕ ਘਰੀ ਦਿਹੁੰ ਖਲੇ ਜੁਝੰਤੇ ਸੂਰਿਓਂ ਗੈਲ ਸਾਮੇਂ ਮਾਥੇ ਜੂਝ ਕਰ ਮਰਾ ਗੈਲੋਂ ਹਠੀਚੰਦ ਬੇਟਾ ਮਾਈਦਾਸ ਕਾ.....ਜਲ੍ਹਾਨਾਂ ਬਲਉਂਤ ਮਾਰਾ ਗਿਆ।"

(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਰਮਾਨੋਂ ਕਾ)

ਭਾਈ ਸੰਗੋਸ਼ਾਹ

ਭਾਈ ਸੰਗੋਸ਼ਾਹ ਭਾਈ ਸਾਧੂ ਦੇ ਬੇਟੇ ਅਤੇ ਭਾਈ ਧਰਮਾ ਦੇ ਪੋਤੇ ਸਨ। ਆਪ ਦੀ ਮਾਤਾ ਬੀਬੀ ਵੀਰੋ ਗੁਰੂ ਹਰਿਗੋਬਿੰਦ ਸਾਹਿਬ ਦੀ ਬੇਟੀ ਸੀ। ਯਾਨਿ ਆਪ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਭੂਆ ਦੇ ਪੁੱਤਰ ਸਨ। ਭਾਈ ਸੰਗੋ ਸ਼ਾਹ ਦੇ ਪਿਤਾ ਭਾਈ ਸਾਧੂ ਖੋਸਲਾ-ਖਤਰੀ ਪਰਿਵਾਰ ਨਾਲ ਸਬੰਧ ਰਖਦੇ ਸਨ।

ਭਾਈ ਸੰਗੋਸ਼ਾਹ ਬੜੇ ਬਹਾਦਰ ਅਤੇ ਸੂਰਬੀਰ ਸਨ। ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਫ਼ੌਜ ਬਣਾਈ ਤਾਂ ਆਪ ਵੀ ਉਸ ਵਿਚ ਸ਼ਾਮਿਲ ਹੋਏ। ਆਪ ਗੁਰੂ ਸਾਹਿਬ ਨਾਲ ਚੱਕ ਨਾਨਕੀ ਵਿਚ ਵੀ ਰਹਿੰਦੇ ਰਹੇ ਸਨ। ਜਦੋਂ ਗੁਰੂ ਸਾਹਿਬ ਨੇ ਅਪਰੈਲ 1685 ਵਿਚ ਪਾਉਂਟਾ ਵਸਾਇਆ ਤਾਂ ਆਪ ਵੀ ਉਨ੍ਹਾਂ ਦੇ ਨਾਲ ਉਥੇ ਚਲੇ ਗਏ।

18 ਸਤੰਬਰ, 1688 ਦੇ ਦਿਨ ਜਦੋਂ ਗੜ੍ਹਵਾਲ ਦੇ ਰਾਜਾ ਫ਼ਤੇਸ਼ਾਹ ਨੇ ਗੁਰੂ ਸਾਹਿਬ 'ਤੇ ਹਮਲਾ ਕੀਤਾ, ਭੰਗਾਣੀ ਵਿਚ ਬੜੀ ਜ਼ਬਰਦਸਤ ਲੜਾਈ ਹੋਈ। ਭਾਈ ਸੰਗੋਸ਼ਾਹ ਨੇ ਇਸ ਲੜਾਈ ਵਿਚ ਦਿਲੋ-ਜਾਨ ਤੋਂ ਹਿੱਸਾ ਲਿਆ ਅਤੇ ਦੁਸ਼ਮਨਾਂ ਦੇ ਖ਼ੂਬ ਆਹੂ ਲਾਹੇ। ਆਪ ਦੀ ਬਹਾਦਰੀ ਦਾ ਜ਼ਿਕਰ ਬਚਿਤਰ ਨਾਟਕ ਵਿਚ ਬੜੇ ਖ਼ੂਬਸੂਰਤ ਲਫ਼ਜ਼ਾਂ ਵਿਚ ਕੀਤਾ ਮਿਲਦਾ ਹੈ। ਬਚਿਤਰ ਨਾਟਕ ਵਿਚ ਭਾਈ ਸੰਗੋਸ਼ਾਹ 'ਸ਼ਾਹ ਸੰਗ੍ਰਾਹ' ਅਤੇ ਸ਼ਾਹ ਸੰਗਰਾਮ' ਆਖ ਕੇ ਯਾਦ ਕੀਤਾ ਗਿਆ ਹੈ:

ਤਹਾ ਸਾਹ ਸ੍ਰੀ **ਸਾਹ ਸੰਗ੍ਰਾਮ** ਕੋਪੇ।
ਪੰਚੋ ਬੀਰ ਬੰਕੇ ਪ੍ਰਿਥੀ ਪਾਇ ਰੋਪੇ।
ਹਠੀ ਜੀਤ ਮੱਲੰ ਸੁ ਗਾਜੀ ਗੁਲਾਬੰ।
ਰਣੰ ਦੇਖੀਐ ਰੰਗ ਰੂਪੰ ਸਹਾਬੰ॥ 4 ॥

ਤਹਾ **ਸ਼ਾਹ ਸੰਗ੍ਰਾਮ** ਕੀਨੇ ਅਖਾਰੇ।
ਘਨੇ ਖੇਤ੍ਰ ਮੋ ਖਾਨ ਖੂਨੀ ਲਤਾਰੇ।
ਨ੍ਰਿਪੰ ਗੋਪਾਲਯੰ ਖਰੋ ਖੇਤ ਗਾਜੈ।
ਮ੍ਰਿਗ ਝੁੰਡ ਮਧਿਯੰ ਮਨੋ ਸਿੰਘ ਗਾਜੈ॥ 11॥

ਤਹਾ ਖਾਨ ਨੈਜਬਤੋ ਆਨ ਕੈ ਕੈ।
ਹਨਿਓ **ਸਾਹ ਸੰਗ੍ਰਾਮ** ਕੋ ਸ਼ਸਤਰ ਲੈ ਕੈ।

ਕਿਤੈ ਖਾਨ ਬਾਨੀਨ ਹੂੰ ਅਸਤ੍ਰ ਝਾਰੇ।
ਤਹੀ ਸਾਹ ਸੰਗ੍ਰਾਹ ਸੁਰਗੰ ਸਿਧਾਰੇ॥ 22॥

ਇਸ ਤਰ੍ਹਾਂ ਇਸ ਲੜਾਈ ਵਿਚ ਬਹਾਦਰੀ ਦੇ ਜੌਹਰ ਦਿਖਾਉਂਦੇ ਹੋਏ ਬਹਾਦਰ ਸੰਗੋਸ਼ਾਹ ਸ਼ਹੀਦੀ ਜਾਮ ਪੀ ਗਏ। "**ਭੱਟ ਵਹੀ ਮੁਲਤਾਨੀ ਸਿੰਧੀ**' ਵਿਚ ਸੰਗੋਸ਼ਾਹ ਦੀ ਸ਼ਹੀਦੀ ਦਾ ਜ਼ਿਕਰ ਇੰਞ ਮਿਲਦਾ ਹੈ:

"*ਉਦੀਆ ਬੇਟਾ ਖੇਮੇ ਚੰਦਨੀਏ ਕਾ......ਰਮਾਨਾਂ, ਗੁਰੂ ਕੀ ਬੂਆ ਕੇ ਬੇਟੇ ਸੰਗੋਸ਼ਾਹ, ਜੀਤ ਮੱਲ ਬੇਟੇ ਸਾਧੂ ਕੇ, ਪੋਤੇ ਧਰਮੇ ਖੋਸਲੇ ਖਤਰੀ ਕੇ ਗੈਲ ਰਨ ਭੂਮੀ ਮੇਂ ਆਏ। ਸਾਲ ਸਤਰਾਂ ਸੈ ਪੈਂਤਾਲੀਸ ਅਸੂਜ ਪ੍ਰਵਿਸ਼ਟੇ ਅਠਾਰਾਂ ਭੰਗਾਨੀ ਕੇ ਮਲ੍ਹਾਨ ਜਮਨਾਂ ਗਿਰੀ ਕੇ ਮਧਿਆਨ ਰਾਜ ਨਾਹਨ ਏਕ ਘਰੀ ਦਿਹੁੰ ਖਲੇ ਜੂਝੰਤੇ ਸੂਰਿਓਂ ਗੈਲ ਸਾਮ੍ਹੇਂ ਮਾਥੇ ਜੂਝ ਕਰ ਮਰੇ।*"

ਭਾਈ ਹਠੀ ਚੰਦ

(ਭਾਈ ਮਨੀ ਸਿੰਘ ਦੇ ਭਰਾ) ਭਾਈ ਹਠੀ ਚੰਦ ਭਾਈ ਮਾਈ ਦਾਸ ਦੇ ਬੇਟੇ, ਸ਼ਹੀਦ ਭਾਈ ਬੱਲੂ ਦੇ ਪੋਤੇ ਅਤੇ ਭਾਈ ਮੂਲੇ ਦੇ ਪੜਪੋਤੇ ਸਨ। ਆਪ ਪਰਮਾਰ-ਰਾਜਪੂਤ ਪਰਿਵਾਰ ਨਾਲ ਸਬੰਧ ਰੱਖਦੇ ਸਨ। ਇਹ ਪਰਿਵਾਰ ਗੁਰੂ ਅਰਜਨ ਸਾਹਿਬ ਦੇ ਵੇਲੇ ਤੋਂ ਸਿੱਖ ਪੰਥ ਨਾਲ ਜੁੜਿਆ ਹੋਇਆ ਸੀ।

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਫ਼ੌਜ ਬਣਾਈ ਤਾਂ ਭਾਈ ਹਠੀ ਚੰਦ ਵੀ ਉਸ ਵਿਚ ਸ਼ਾਮਿਲ ਹੋਏ। ਭਾਈ ਹਠੀ ਚੰਦ ਆਪਣੇ ਨਾਂ ਵਾਂਗ ਹਠੀ, ਬਹਾਦਰ, ਸਿਰੜੀ ਤੇ ਦਲੇਰ ਸਿੱਖ ਸਨ। ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪਾਉਂਟਾ ਵਸਾਇਆ ਤਾਂ ਭਾਈ ਹਠੀ ਚੰਦ ਵੀ ਉੱਥੇ ਚਲੇ ਗਏ ਤੇ ਗੁਰੂ ਜੀ ਦੀ ਸੇਵਾ ਵਿਚ ਰਹਿਣ ਲੱਗ ਪਏ।

18 ਸਤੰਬਰ 1688 ਦੇ ਦਿਨ ਗੜ੍ਹਵਾਲ ਦੇ ਰਾਜੇ ਫ਼ਤੇ ਸ਼ਾਹ ਨੇ ਰਾਮ ਰਾਏ ਦੇ ਮਸੰਦ ਗੁਰਬਖ਼ਸ਼ ਦੇ ਭੜਕਾਉਣ 'ਤੇ ਗੁਰੂ ਜੀ 'ਤੇ ਹਮਲਾ ਕਰ ਦਿੱਤਾ। ਇਸ ਮੌਕੇ 'ਤੇ ਪਿੰਡ ਭੰਗਾਣੀ ਵਿਚ ਬੜੀ ਜ਼ਬਰਦਸਤ ਜੰਗ ਹੋਈ। ਇਸ ਜੰਗ ਵਿਚ ਜਿੱਤ ਗੁਰੂ ਸਾਹਿਬ ਦੀ ਹੋਈ। ਫ਼ਤੇ ਸ਼ਾਹ ਦੇ ਬਹੁਤ ਸਾਰੇ ਸਿਪਾਹੀ ਮਾਰੇ ਗਏ। ਮਾਰੇ ਜਾਣ ਵਾਲਿਆਂ ਵਿਚ ਉਹ ਪਠਾਣ ਫ਼ੌਜੀ ਵੀ ਸਨ ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਆਪਣੀ ਫ਼ੌਜ

ਵਿਚ ਭਰਤੀ ਕੀਤਾ ਹੋਇਆ ਸੀ ਪਰ ਹਮਲੇ ਵੇਲੇ ਉਹ ਫ਼ਤੇ ਸ਼ਾਹ ਦੀ ਫ਼ੌਜ ਨਾਲ ਰਲ ਗਏ ਸਨ। ਇਸ ਲੜਾਈ ਵਿਚ ਹੋਰਨਾਂ ਤੋਂ ਇਲਾਵਾ ਭਾਈ ਹਠੀ ਚੰਦ ਨੇ ਵੀ ਬਹਾਦਰੀ ਦੇ ਜੌਹਰ ਖ਼ੂਬ ਦਿਖਾਏ। ਕਈ ਹਮਲਾਵਰ ਫ਼ੌਜੀਆਂ ਦੇ ਆਹੂ ਲਾਹੁੰਦੇ ਭਾਈ ਹਠੀ ਚੰਦ ਵੀ ਇਸ ਲੜਾਈ ਵਿਚ ਸ਼ਹੀਦ ਹੋ ਗਏ। ਆਪ ਦੀ ਸ਼ਹੀਦੀ ਦਾ ਜ਼ਿਕਰ "**ਭੱਟ ਵਹੀ ਮੁਲਤਾਨੀ ਸਿੰਧੀ**' ਵਿਚ ਇੰਞ ਆਉਂਦਾ ਹੈ:

"ਉਦੀਆ ਬੇਟਾ ਖੇਮੇ ਚੰਦਨੀਏ ਕਾ.......ਰਮਾਨਾਂ ਗੁਰੂ ਕੀ ਬੂਆ ਕੇ ਬੇਟੇ ਸੰਗੋਸ਼ਾਹ, ਜੀਤ ਮੱਲ ਬੇਟੇ ਸਾਧੂ ਕੇ, ਪੋਤੇ ਧਰਮੇ ਖੋਸਲੇ ਖਤਰੀ ਕੇ ਗੈਲ ਰਨ ਭੂਮੀ ਮੇਂ ਆਏ। ਸਾਲ ਸਤਰਾਂ ਸੈ ਪੈਂਤਾਲੀਸ ਅਸੁਜ ਪ੍ਰਵਿਸ਼ਟੇ ਅਠਾਰਾਂ ਭੰਗਾਨੀ ਕੇ ਮਲ੍ਹਾਨ ਜਮਨਾ ਗਿਰੀ ਕੇ ਮਧਿਆਨ ਰਾਜ ਨਾਹਨ ਏਕੀ ਘਰੀ ਦਿਹੁੰ ਖਲੇ ਜੂਝੰਤੇ ਸੂਰਿਓਂ ਗੈਲ ਸਾਮੇਂ ਮਾਥੇ ਜੂਝ ਕਰ ਮਰਾ ਗੈਲੋਂ ਹਠੀਚੰਦ ਬੇਟਾ ਮਾਈਦਾਸ ਕਾ.........ਜਲ੍ਹਾਨਾ ਬਲਊਂਤਾ ਮਾਰਾ ਗਿਆ।"

ਇਸ ਸ਼ਹੀਦੀ ਦਾ ਜ਼ਿਕਰ "**ਭੱਟ ਵਹੀ ਭਾਦਸੋਂ**' ਦੇ ਸਫ਼ਾ 68 'ਤੇ ਇੰਞ ਮਿਲਦਾ ਹੈ :

"ਹਠੀ ਚੰਦ ਮਾਈ ਦਾਸ ਕਾ, ਅਸਵਜ ਦਿਨ ਅਠਾਰਾਂ ਸਾਲ ਸਤਰਾਂ ਸੈ ਪੈਂਤਾਲੀਸ, ਭੰਗਾਨੀ ਕੇ ਮਲਹਾਨ ਰਾਜ ਨਾਹਨ, ਗੁਰੂ ਕਾ ਹੁਕਮ ਪਾਇ ਰਾਜਾ ਫਤੇ ਸ਼ਾਹ ਗੈਲੇ ਸਾਮ੍ਹੇ ਮਾਥੇ ਰਨ ਮੇਂ ਜੂਝ ਕਰ ਮਰਾ। ਗੈਲੋਂ ਊਦੀਆ ਬੇਟਾ ਖੇਮੇ ਚੰਦਨੀਏ ਕਾ, ਪੋਤਾ ਧਰਮ ਚੰਦ ਕਾ, ਪੜਪੋਤਾ ਭੋਜੇ ਕਾ, ਸੂਰਜ ਬੰਸੀ ਗੋਤਮ ਗੋਤਰਾ ਰਠਉਰ ਰਮਾਨਾ, ਬੰਸ ਲਾਖਨ ਕਾ ਮਰਾ। ਗੈਲੋਂ ਸੰਗੋ ਸ਼ਾਹ ਜੀਤ ਮਲ ਬੇਟੇ ਸਾਧੂ ਕੇ ਪੋਤੇ ਧਰਮੇ ਕੇ ਖੋਸਲੇ ਖਤਰੀ ਗੁਰੂ ਕੀ ਬੂਆ ਕੇ ਬੇਟੇ ਮਾਰੇ ਗਏ।"

ਇਸ ਸ਼ਹੀਦੀ ਦਾ ਜ਼ਿਕਰ "**ਭੱਟ ਵਹੀ ਕਰਸਿੰਧੂ ਪਰਗਨਾ ਜੀਂਦ**' ਦੇ ਸਫ਼ਾ 6 'ਤੇ ਵੀ ਮਿਲਦਾ ਹੈ।

ਹੋਰ ਤਫ਼ਸੀਲ ਵਾਸਤੇ ਵੇਖੋ: ਭਾਈ ਹਠੀ ਚੰਦ ਦਾ ਕੁਰਸੀਨਾਮਾ।

ਭਾਈ ਸੋਹਨ ਚੰਦ

ਭਾਈ ਸੋਹਨ ਚੰਦ (ਭਾਈ ਮਨੀ ਸਿੰਘ ਦੇ ਭਰਾ) ਭਾਈ ਮਾਈ ਦਾਸ ਦੇ ਪੁੱਤਰ, ਸ਼ਹੀਦ ਭਾਈ ਬੱਲੂ ਦੇ ਪੋਤੇ ਅਤੇ ਭਾਈ ਮੂਲੇ ਦੇ ਪੜਪੋਤੇ ਸਨ। ਆਪ ਪਰਮਾਰ ਗੋਤ ਦੇ ਰਾਜਪੂਤ ਸਨ। ਆਪ ਪਿੰਡ ਅਲੀਪੁਰ (ਜ਼ਿਲ੍ਹਾ ਮੁਜ਼ੱਫ਼ਰਗੜ੍ਹ) ਦੇ ਵਸਨੀਕ ਸਨ। ਇਹ ਪਰਿਵਾਰ ਗੁਰੂ ਅਰਜਨ ਸਾਹਿਬ ਦੇ ਵੇਲੇ ਤੋਂ ਸਿੱਖ ਪੰਥ ਨਾਲ ਜੁੜਿਆ ਹੋਇਆ ਸੀ।

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਫ਼ੌਜ ਬਣਾਈ ਤਾਂ ਭਾਈ ਸੋਹਨ ਚੰਦ ਵੀ ਇਸ ਵਿਚ ਸ਼ਾਮਿਲ ਹੋਏ। ਭਾਈ ਸੋਹਨ ਚੰਦ ਕਾਫ਼ੀ ਸਮੇਂ ਤੋਂ ਗੁਰੂ ਗੋਬਿੰਦ ਸਾਹਿਬ ਕੋਲ ਅਨੰਦਪੁਰ ਸਾਹਿਬ ਵਿਚ ਰਹਿ ਰਹੇ ਸਨ।

ਮਾਰਚ 1691 ਵਿਚ ਜਦੋਂ ਲਾਹੌਰ ਦੇ ਸੂਬੇਦਾਰ ਨੇ ਪਹਾੜੀ ਰਾਜਿਆਂ ਤੋਂ ਤਾਵਾਨ ਲੈਣ ਵਾਸਤੇ ਅਲਿਫ਼ ਖ਼ਾਨ ਦੀ ਅਗਵਾਈ ਵਿਚ ਫ਼ੌਜ ਭੇਜ ਦਿੱਤੀ ਤਾਂ ਬਿਲਾਸਪੁਰ ਦੇ ਰਾਜੇ ਭੀਮ ਚੰਦ ਨੇ ਗੁਰੂ ਸਾਹਿਬ ਤੋਂ ਮਦਦ ਮੰਗੀ। ਗੁਰੂ ਸਾਹਿਬ ਸਿੱਖ ਫ਼ੌਜਾਂ ਨੂੰ ਲੈ ਕੇ ਨਦੌਣ ਕਸਬੇ ਵਿਚ ਪੁੱਜੇ। ਇੱਥੇ ਦਰਿਆ ਬਿਆਸ ਦੇ ਕੰਢੇ 'ਤੇ ਹਮਲਾਵਰ ਮੁਗ਼ਲ ਫ਼ੌਜਾਂ ਦੀ ਪਹਾੜੀ ਤੇ ਸਿੱਖ ਫ਼ੌਜਾਂ ਵਿਚਕਾਰ ਬੜੀ ਜ਼ਬਰਦਸਤ ਲੜਾਈ ਹੋਈ। ਇਸ ਲੜਾਈ ਵਿਚ ਸਿੱਖ ਫ਼ੌਜੀਆਂ ਨੇ ਦਿਲੋ-ਜਾਨ ਤੋਂ ਹਿੱਸਾ ਲਿਆ ਅਤੇ ਹਮਲਾਵਰ ਫ਼ੌਜੀਆਂ ਨੂੰ ਨੱਕੀਂ ਚਨੇ ਚਬਾਏ। ਇਸ ਲੜਾਈ ਵਿਚ ਖ਼ੂਬ ਲੋਹਾ ਖੜਕਿਆ।

ਭਾਈ ਸੋਹਨ ਚੰਦ ਤੀਰ-ਅੰਦਾਜ਼ੀ ਤੇ ਤਲਵਾਰ ਖੜਕਾਉਣ 'ਚ ਬੜੇ ਮਾਹਿਰ ਸਨ। ਉਨ੍ਹਾਂ ਪਹਿਲਾਂ ਤੀਰਾਂ ਨਾਲ ਤੇ ਫੇਰ ਆਹਮੋ-ਸਾਹਮਣੇ ਹੱਥੋ-ਹੱਥੀ ਲੜਾਈ ਕੀਤੀ। ਅਖ਼ੀਰ ਅਲਿਫ਼ ਖ਼ਾਨ ਬਹੁਤ ਸਾਰਾ ਨੁਕਸਾਨ ਕਰਵਾ ਕੇ ਵਾਪਿਸ ਮੁੜ ਗਿਆ।

ਇਸ ਲੜਾਈ ਵਿਚ ਬਹੁਤ ਸਾਰੇ ਮੁਗ਼ਲ ਸਿਪਾਹੀ ਮਾਰੇ ਗਏ ਤੇ ਕਈ ਪਹਾੜੀਏ ਵੀ ਜਾਨ ਤੋਂ ਹੱਥ ਧੋ ਬੈਠੇ। ਸਿੱਖ ਫ਼ੌਜਾਂ ਵਿਚੋਂ ਹੋਰਨਾਂ ਤੋਂ ਇਲਾਵਾ ਭਾਈ ਸੋਹਨ ਚੰਦ ਨੇ ਵੀ ਸ਼ਹੀਦੀ ਜਾਮ ਪੀਤਾ। ਇਹ ਲੜਾਈ 20 ਮਾਰਚ 1691 ਦੇ ਦਿਨ ਹੋਈ ਸੀ। ਆਪ ਜੀ ਦੀ ਸ਼ਹੀਦੀ ਸਬੰਧੀ "**ਭੱਟ ਵਹੀ ਮੁਲਤਾਨੀ ਸਿੰਧੀ**' ਵਿਚ ਇਹ ਲਿਖਿਆ ਮਿਲਦਾ ਹੈ:

"ਸੋਹਨ ਚੰਦ ਬੇਟਾ ਮਾਈ ਦਾਸ ਕਾ, ਪੋਤਾ ਬੱਲੂ ਕਾ ਪੜਪੋਤਾ ਮੂਲੇ ਕਾ.... ਪੁਆਰ, ਸਾਲ ਸਤਰਾਂ ਸੈ ਸੈਂਤਾਲੀਸ, ਚੇਤ ਪ੍ਰਵਿਸ਼ਟੇ ਬਾਈਸ, ਗੁਰੂਵਾਰ ਕੇ ਦਿਹੁੰ, ਗੁਰ ਕਾ ਬਚਨ ਪਾਇ, ਨਦਾਉਣ ਕੇ ਮਲ੍ਹਾਨ, ਸਾਮ੍ਹੇ, ਮਾਥੇ ਜੂਝ ਕਰ ਮਰਾ। ਗੈਲੋਂ ਮੂਲ ਚੰਦ

ਬੇਟਾ ਰਘੁਪਤਿ ਰਾਇ ਕਾ ਨਿਝਰ ਗੋਤਰ ਕੰਬੋਜ, ਵਾਸੀ ਖੇਮਕਰਨ, ਪਰਗਨਾ ਕਸੂਰ, ਮਾਰਾ ਗਯਾ।"

(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਪੁਆਰ ਬਲਊਤੋਂ ਕਾ)

ਹੋਰ ਤਫ਼ਸੀਲ ਵਾਸਤੇ ਵੇਖੋ: ਭਾਈ ਬੱਲੂ ਦਾ ਕੁਰਸੀਨਾਮਾ।

ਭਾਈ ਮੂਲ ਚੰਦ ਨਿਝਰ

ਭਾਈ ਮੂਲ ਚੰਦ ਭਾਈ ਰਘੁਪਤਿ ਰਾਇ ਨਿਝਰ ਦੇ ਬੇਟੇ ਸਨ। ਆਪ ਕੰਬੋਜ ਖ਼ਾਨਦਾਨ ਨਾਲ ਸਬੰਧ ਰੱਖਦੇ ਸਨ। ਭਾਈ ਰਘੁਪਤਿ ਰਾਏ ਖੇਮਕਰਨ (ਪਹਿਲੋਂ ਜਿਲ੍ਹਾ ਲਾਹੌਰ, ਹੁਣ ਅੰਮ੍ਰਿਤਸਰ) ਦੇ ਇਕ ਵੱਡੇ ਜਗੀਰਦਾਰ ਤੇ ਚੌਧਰੀ ਸਨ।

7 ਦਸੰਬਰ 1664 ਦੇ ਦਿਨ ਜਦੋਂ ਗੁਰੂ ਤੇਗ਼ ਬਹਾਦਰ ਸਾਹਿਬ ਗੋਇੰਦਵਾਲ ਵਿਚ ਸਨ ਤਾਂ ਭਾਈ ਰਘੁਪਤਿ ਰਾਏ ਨੇ ਉਨ੍ਹਾਂ ਦੇ ਦਰਸ਼ਨ ਕੀਤੇ ਤੇ ਉਹ ਗੁਰੂ ਸਾਹਿਬ ਨੂੰ ਖੇਮਕਰਨ ਲੈ ਗਏ। ਭਾਈ ਰਘੁਪਤਿ ਰਾਇ ਨੇ ਗੁਰੂ ਸਾਹਿਬ ਨੂੰ ਸ਼ਾਹਾਨਾ ਜੀ ਆਇਆਂ ਆਖਿਆ ਅਤੇ ਗੁਰੂ ਸਾਹਿਬ ਦੀ ਬੜੀ ਸੇਵਾ ਕੀਤੀ। ਗੁਰੂ ਸਾਹਿਬ 15 ਦਿਨ ਖੇਮਕਰਨ ਰਹੇ।

ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਮਗਰੋਂ ਭਾਈ ਰਘੁਪਤਿ ਰਾਏ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰ ਵਿਚ ਵੀ ਹਾਜ਼ਿਰ ਹੁੰਦੇ ਰਹੇ। ਉਨ੍ਹਾਂ ਦਾ ਇਕ ਬੇਟਾ ਭਾਈ ਮੂਲ ਚੰਦ ਵੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਸੇਵਾ ਵਿਚ ਹਾਜ਼ਿਰ ਰਿਹਾ। ਜਦੋਂ ਗੁਰੂ ਸਾਹਿਬ ਨੇ ਫ਼ੌਜ ਬਣਾਈ ਤਾਂ ਭਾਈ ਮੂਲ ਚੰਦ ਨੇ ਵੀ ਇਸ ਵਿਚ ਸ਼ਾਮਿਲ ਹੋ ਕੇ ਸ਼ਸਤਰਾਂ ਦੀ ਸਿਖਲਾਈ ਹਾਸਿਲ ਕੀਤੀ। ਭਾਈ ਮੂਲ ਚੰਦ ਇਕ ਬਹਾਦਰ ਤੇ ਦਲੇਰ ਨੌਜਵਾਨ ਸੀ।

ਮਾਰਚ 1691 ਵਿਚ ਜਦੋਂ ਲਾਹੌਰ ਦੇ ਸੂਬੇਦਾਰ ਨੇ ਅਲਿਫ਼ ਖ਼ਾਨ ਨੂੰ ਪਹਾੜੀ ਰਾਜਿਆਂ ਤੋਂ ਤਾਵਾਨ ਹਾਸਿਲ ਕਰਨ ਵਾਸਤੇ ਫ਼ੌਜ ਦੇ ਕੇ ਭੇਜਿਆ ਤਾਂ ਬਿਲਾਸਪੁਰ ਦੇ ਰਾਜੇ ਭੀਮ ਚੰਦ ਨੇ ਗੁਰੂ ਜੀ ਤੋਂ ਮਦਦ ਮੰਗੀ। ਗੁਰੂ ਜੀ ਸਿੱਖ ਫ਼ੌਜ ਨੂੰ ਲੈ ਕੇ ਮੁਗ਼ਲਾਂ

ਦੇ ਹਮਲੇ ਨੂੰ ਰੋਕਣ ਵਾਸਤੇ ਕਾਂਗੜੇ ਕੋਲ ਨਦੌਣ ਵਿਚ ਗਏ। ਇਥੇ ਦੋਹਾਂ ਫ਼ੌਜਾਂ ਦਾ ਬੜਾ ਜ਼ਬਰਦਸਤ ਮੁਕਾਬਲਾ ਹੋਇਆ। ਇਸ ਮੁਕਾਬਲੇ ਵਿਚ ਮੁਗਲਾਂ ਨੂੰ ਹਾਰ ਹੋਈ ਅਤੇ ਉਹ ਬਹੁਤ ਸਾਰੇ ਫ਼ੌਜੀ ਮਰਵਾ ਕੇ ਵਾਪਿਸ ਮੁੜ ਗਏ। ਇਹ ਲੜਾਈ 20 ਮਾਰਚ 1691 ਦੇ ਦਿਨ ਹੋਈ ਸੀ।

ਇਸ ਲੜਾਈ ਵਿਚ ਕੁਝ ਸਿੱਖਾਂ ਨੇ ਵੀ ਸ਼ਹੀਦੀਆਂ ਹਾਸਿਲ ਕੀਤੀਆਂ। ਇਨ੍ਹਾਂ ਸੂਰਬੀਰਾਂ ਵਿਚ ਭਾਈ ਮੂਲ ਚੰਦ ਵੀ ਸਨ। (ਭਾਈ ਮੂਲ ਚੰਦ ਦਾ ਭਰਾ ਅਮਰ ਸਿੰਘ, ਮਗਰੋਂ, ਬਾਬਾ ਬੰਦਾ ਸਿੰਘ ਦੀ ਫ਼ੌਜ ਵਿਚ ਸ਼ਾਮਿਲ ਹੋ ਗਿਆ ਸੀ। ਬਾਅਦ ਵਿਚ ਜਦੋਂ ਅਖੌਤੀ-ਤੱਤ ਖਾਲਸਾ ਤੇ ਅਖੌਤੀ-ਬੰਦਈ ਖਾਲਸੇ ਦਾ ਝਗੜਾ ਹੋਇਆ ਤਾਂ ਅਮਰ ਸਿੰਘ ਬੰਦਈਆਂ ਦਾ ਆਗੂ ਸੀ। ਇਸ ਝਗੜੇ ਵਿਚ ਅਮਰ ਸਿੰਘ ਦੀ ਮੌਤ ਹੋ ਗਈ ਸੀ)। ਭਾਈ ਮੂਲ ਚੰਦ ਦੀ ਨਦੌਣ ਵਿਚ ਹੋਈ ਸ਼ਹੀਦੀ ਬਾਰੇ "**ਭੱਟ ਵਹੀ ਮੁਲਤਾਨੀ ਸਿੰਧੀ**' ਵਿਚ ਇਹ ਇੰਦਰਾਜ ਮਿਲਦਾ ਹੈ:

"ਸੋਹਨ ਚੰਦ ਬੇਟਾ ਮਾਈਦਾਸ ਕਾ ਪੋਤਾ ਬੱਲੂ ਪੜਪੋਤਾ ਮੂਲੇ ਕਾ.......ਪੁਆਰ ਸਾਲ ਸਤਰਾਂ ਸੈ ਸੈਂਤਾਲੀਸ ਚੇਤ ਪ੍ਰਵਿਸ਼ਟੇ ਬਾਈਸ, ਗੁਰਵਾਰ ਕੇ ਦਿਹੁੰ ਗੁਰੂ ਕਾ ਬਚਨ ਪਾਇ ਨਦਊਨ ਕੇ ਮਲਹਾਨ, ਸਾਮ੍ਹੇ ਮਾਥੇ ਜੂਝ ਕਰ ਮਰਾ। *ਗੈਲੇ ਮੂਲਚੰਦ ਬੇਟਾ ਰਘੁਪਤਿਰਾਇ ਕਾ ਨਿਝਰ ਗੋਤਰ ਕੰਬੋਜ, ਬਾਸੀ ਖੇਮਕਰਨ, ਪਰਗਨਾ ਕਸੂਰ, ਜੂਝ ਕਰ ਮਰਾ।*

(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਪੁਆਰ ਬਲਊਤੋਂ ਕਾ)

ਇਨ੍ਹਾਂ ਸ਼ਹੀਦੀਆਂ ਦਾ ਜ਼ਿਕਰ "**ਭੱਟ ਵਹੀ ਭਾਦਸੋਂ**' ਦੇ ਸਫ਼ਾ 62 ਅਤੇ "**ਭੱਟ ਵਹੀ ਕਰਸਿੰਧੂ, ਪਰਗਨਾ ਜੀਂਦਾ**' ਦੇ ਸਫ਼ਾ 6 'ਤੇ ਵੀ ਮਿਲਦਾ ਹੈ।

ਭਾਈ ਸੰਗਤ ਰਾਇ

ਭਾਈ ਸੰਗਤ ਰਾਇ ਭਾਈ ਜਗੂ (ਜਗਤਾ) ਦੇ ਬੇਟੇ, ਭਾਈ ਪਦਮਾ ਦੇ ਪੋਤੇ ਤੇ ਭਾਈ ਕੋਲ ਦਾਸ ਦੇ ਪੜਪੋਤੇ ਸਨ। ਆਪ ਚੌਹਾਨ ਰਾਜਪੂਤ ਖ਼ਾਨਦਾਨ ਨਾਲ ਸਬੰਧ ਰੱਖਦੇ ਸਨ। ਉਨ੍ਹੀਂ ਦਿਨੀਂ ਇਹ ਪਰਿਵਾਰ "ਦਬੁਰਜੀ ਉਦੈ ਕਰਨ ਵਾਲੀ' (ਜ਼ਿਲ੍ਹਾ ਸਿਆਲਕੋਟ) ਵਿਚ ਰਹਿ ਰਿਹਾ ਸੀ। ਇਹ ਪਿੰਡ ਭਾਈ ਉਦੈ ਕਰਨ (ਪੁੱਤਰ ਭਾਈ

ਹਾਜਲ, ਪੋਤਾ ਭਾਈ ਗੋਇਲ) ਦੇ ਨਾਂ ਤੇ ਵਸਿਆ ਹੋਇਆ ਸੀ। ਭਾਈ ਉਦੈ ਕਰਨ ਦਾ ਪੋਤਾ ਭਾਈ ਕੋਲ ਦਾਸ, ਭਾਈ ਸੰਗਤ ਰਾਇ ਦਾ ਪੜਦਾਦਾ ਸੀ।

ਇਹ ਚੌਹਾਨ ਪਰਿਵਾਰ ਗੁਰੂ ਅਰਜਨ ਸਾਹਿਬ ਦੇ ਵੇਲੇ ਤੋਂ ਹੀ ਸਿੱਖ ਧਰਮ ਅਪਣਾ ਚੁੱਕਾ ਸੀ। ਇਸ ਪਰਿਵਾਰ ਦੇ ਗੁਰੂ ਸਾਹਿਬ ਨਾਲ ਬੜੇ ਨਜ਼ਦੀਕੀ ਸਬੰਧ ਰਹੇ ਸਨ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਫ਼ੌਜ ਬਣਾਈ ਸੀ ਤਾਂ ਭਾਈ ਸੰਗਤ ਰਾਇ ਦੇ ਪਿਤਾ, ਚਾਚੇ ਤੇ ਚਚੇਰੇ ਭਰਾ ਉਸ ਫ਼ੌਜ ਵਿਚ ਸ਼ਾਮਿਲ ਹੋਏ ਸਨ। ਉਨ੍ਹਾਂ ਵਿਚੋਂ ਭਾਈ ਕਿਸ਼ਨਾ (ਪੁਤਰ ਭਾਈ ਕੋਲ ਦਾਸ) 27 ਅਪਰੈਲ 1635 ਦੇ ਦਿਨ ਕਰਤਾਰਪੁਰ ਵਿਚ ਸ਼ਹੀਦ ਹੋਏ ਸਨ। ਇੰਞ ਹੀ ਭਾਈ ਸੰਗਤ ਰਾਏ ਦੇ ਤਾਏ ਭਾਈ ਦੁਰਗਾ ਦੇ ਪੁੱਤਰ ਭਾਈ ਆਲਮ ਸਿੰਘ ਨੱਚਣਾ (ਜੋ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਡਿਓੜੀ ਬਰਦਾਰ ਸੀ) ਅਤੇ ਉਸ ਦੇ ਪੁੱਤਰਾਂ ਨੇ ਵੀ ਚਮਕੌਰ ਦੀ ਲੜਾਈ ਵਿਚ 7 ਦਸੰਬਰ 1705 ਦੇ ਦਿਨ ਸ਼ਹੀਦੀ ਜਾਮ ਪੀਤੇ ਸਨ। ਭਾਈ ਸੰਗਤ ਰਾਏ ਦੇ ਪੰਜ ਹੋਰ ਭਰਾ (ਭਾਈ ਹਨੂਮੰਤ, ਭਾਈ ਸਹਿਜ, ਭਾਈ ਡੋਗਰ, ਭਾਈ ਹੀਰਾ, ਭਾਈ ਦਿਆਲ) ਵੀ ਵੱਖ-ਵੱਖ ਮੁਕਾਮਾਂ 'ਤੇ ਸ਼ਹੀਦ ਹੋਏ ਸਨ। ਭਾਈ ਹਨੂਮੰਤ ਤਾਂ ਭਾਈ ਸੰਗਤ ਰਾਇ ਦੇ ਨਾਲ ਹੀ ਸ਼ਹੀਦ ਹੋਇਆ ਸੀ।

ਭਾਈ ਸੰਗਤ ਰਾਇ ਦੀ ਸ਼ਹੀਦੀ 19 ਫਰਵਰੀ 1696 ਦੇ ਦਿਨ ਗੁਲੇਰ ਦੀ ਲੜਾਈ ਵਿਚ ਹੋਈ ਸੀ। ਇਸ ਲੜਾਈ ਵਿਚ ਸਿੱਖ ਫ਼ੌਜਾਂ ਗੁਲੇਰ ਦੇ ਰਾਜੇ ਗੁਪਾਲ ਦੀ ਮਦਦ ਵਾਸਤੇ ਗਈਆਂ ਹੋਈਆਂ ਸਨ। ਰਾਜਾ ਗੋਪਾਲ ਉੱਤੇ ਲਾਹੌਰ ਦੇ ਸੂਬੇਦਾਰ ਦੇ ਭੇਜੇ ਹੁਸੈਨ ਖਾਂ ਨੇ ਹਮਲਾ ਕੀਤਾ ਸੀ। ਇਸ ਹਮਲੇ ਵਿਚ ਹੁਸੈਨ ਖਾਂ ਦੀ ਮਦਦ ਕਿਰਪਾਲ ਚੰਦ ਕਟੋਚੀਆ ਅਤੇ ਅਜਮੇਰ ਚੰਦ ਬਿਲਾਸਪੁਰੀਆ ਵੀ ਕਰ ਰਹੇ ਸਨ।

ਭਾਈ ਸੰਗਤ ਰਾਏ ਦੀ ਸ਼ਹੀਦੀ ਦਾ ਜ਼ਿਕਰ "**ਬਚਿਤਰ ਨਾਟਕ**" ਵਿਚ ਵੀ ਆਉਂਦਾ ਹੈ:

ਸਾਤ ਸਵਾਰਨ ਕੇ ਸਹਿਤ ਜੁਝੇ ਸੰਗਤ ਰਾਇ।
ਦਰਸੋ ਸੁਣਿ ਜੁਝੇ ਤਿਨੈ ਬਹੁਤ ਜੁਝਤ ਭਯੋ ਆਇ॥ 57॥

ਇਸ ਲੜਾਈ ਵਿਚ ਭਾਈ ਸੰਗਤ ਦੇ ਤੀਰਾਂ ਨੇ ਇਕ ਵਾਰ ਤਾਂ ਕਾਲੀ-ਬੋਲੀ ਲਿਆ ਦਿਤੀ। ਇਸ ਬਹਾਦਰ ਨੇ ਕਿਰਪਾਲ ਚੰਦ ਕਟੋਚੀਏ ਦਾ ਹਮਲਾ ਪਛਾੜ ਕੇ ਰੱਖ ਦਿੱਤਾ। ਅਖ਼ੀਰ ਪਹਾੜੀ ਫ਼ੌਜ ਦੇ ਇਕ ਬਹਾਦਰ ਸਿਪਾਹੀ ਦਾ ਤੀਰ ਸਿੱਧਾ ਭਾਈ ਸੰਗਤ ਰਾਏ ਨੂੰ ਲੱਗਾ। ਭਾਈ ਸੰਗਤ ਰਾਏ ਉਥੇ ਹੀ ਸ਼ਹੀਦੀ ਪਾ ਗਿਆ ਪਰ ਜਾਣ ਤੋਂ ਪਹਿਲਾਂ ਕਿਰਪਾਲ ਚੰਦ ਕਟੋਚੀਏ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਵੀ ਕਰ ਗਿਆ। ਇਸ ਲੜਾਈ ਵਿਚ ਅਜਮੇਰ ਚੰਦ ਬਿਲਾਸਪੁਰੀਏ ਦੀ ਸੱਜੀ ਬਾਂਹ ਵਿਚ ਵੀ ਤੀਰ ਵੱਜਾ ਜਿਸ ਨਾਲ ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਇਸ ਮਗਰੋਂ ਪਹਾੜੀ ਫ਼ੌਜਾਂ ਮੈਦਾਨ 'ਚੋਂ ਹਰਨ ਹੋ ਗਈਆਂ। ਭਾਈ ਸੰਗਤ ਰਾਇ ਦੀ ਸ਼ਹੀਦੀ ਬਾਰੇ "**ਭੱਟ ਵਹੀ ਭਾਦਸੋਂ, ਪਰਗਨਾ ਥਾਨੇਸਰ**"

ਵਿਚ ਇਹ ਇੰਦਰਾਜ ਮਿਲਦਾ ਹੈ:

"ਲਹਿਨੂ, ਬੇਟਾ ਮਾਈ ਦਾਸ ਕਾ, ਪੋਤਾ ਬੱਲੂ ਕਾ, ਜਲ੍ਹਾਨਾ,
ਸਤਰਾਂ ਸੈ ਬਾਵਨ ਫਾਗਨ ਦਿਹੁੰ ਤੇਈਸ,
ਵੀਰਵਾਰ ਕੇ ਦਿਵਸ ਗੁਲੇਰ • ਕੇ ਮਲ੍ਹਾਨ,
ਸਾਮ੍ਹੇ ਮਾਥੇ ਜੂਝ ਕਰ ਮਰਾ। ਗੈਲੋਂ ਸੰਗਤ ਰਾਇ, ਹਨੂਮੰਤ,
ਬੇਟੇ ਜਗਤੇ ਕੇ ਪੋਤੇ ਪਦਮਾ ਕੇ, ਪੜਪੋਤੇ ਕਉਲ ਕੇ,
ਚੰਦਰ ਬੰਸੀ ਬਤਸ ਗੋਤਰੇ ਚਾਹਿਮਾਨ, ਹਜਾਬਤ ਆਂਬਿਆਨੇ, ਮਾਰੇ ਗਏ।"

(ਭੱਟ ਵਹੀ ਭਾਦਸੋਂ, ਪਰਗਨਾ ਥਾਨੇਸਰ, ਖਾਤਾ ਜਲ੍ਹਾਨੇ ਪੁਆਰੋਂ ਕਾ)

ਹੋਰ ਤਫ਼ਸੀਲ ਵਾਸਤੇ ਵੇਖੋ: ਭਾਈ ਜੱਗੂ ਚੋਹਾਨ ਦਾ ਕੁਰਸੀਨਾਮਾ।

ਭਾਈ ਹਨੂਮੰਤ

ਭਾਈ ਹਨੂਮੰਤ ਭਾਈ ਜੱਗੂ (ਜਗਤਾ) ਦੇ ਬੇਟੇ, ਭਾਈ ਪਦਮਾ ਦੇ ਪੋਤੇ ਤੇ ਭਾਈ ਕੌਲਦਾਸ ਦੇ ਪੜਪੋਤੇ ਸਨ। ਆਪ ਚੋਹਾਨ-ਰਾਜਪੂਤ ਪਰਿਵਾਰ ਨਾਲ ਸਬੰਧ ਰੱਖਦੇ ਸਨ।

ਭਾਈ ਹਨੂਮੰਤ ਦੀ ਸ਼ਹੀਦੀ 19 ਫਰਵਰੀ 1696 ਦੇ ਦਿਨ ਗੁਲੇਰ ਦੀ ਲੜਾਈ ਵਿਚ ਹੋਈ ਸੀ। ਇਸ ਲੜਾਈ ਵਿਚ ਸਿੱਖ ਫ਼ੌਜਾਂ ਗੁਲੇਰ ਦੇ ਰਾਜੇ ਗੋਪਾਲ ਦੀ ਮਦਦ ਵਾਸਤੇ ਗਈਆਂ ਹੋਈਆਂ ਸਨ। ਰਾਜਾ ਗੋਪਾਲ 'ਤੇ ਲਾਹੌਰ ਦੇ ਸੂਬੇਦਾਰ ਦੇ ਹੁਸੈਨ ਖਾਂ ਨੇ ਹਮਲਾ ਕੀਤਾ ਸੀ। ਇਸ ਹਮਲੇ ਵਿਚ ਹੁਸੈਨ ਖਾਨ ਦੀ ਮਦਦ ਕਿਰਪਾਲ ਚੰਦ ਕਟੋਚੀਆ ਅਤੇ ਅਜਮੇਰ ਚੰਦ ਬਿਲਾਸਪੁਰੀਆ ਨੇ ਵੀ ਕੀਤੀ ਸੀ।

ਇਸ ਲੜਾਈ ਵਿਚ ਭਾਈ ਹਨੂਮੰਤ ਨੇ ਖ਼ੂਬ ਬਹਾਦਰੀ ਦੇ ਜੌਹਰ ਦਿਖਾਏ। ਇਸੇ ਲੜਾਈ ਵਿਚ ਭਾਈ ਹਨੂਮੰਤ ਦਾ ਭਰਾ ਭਾਈ ਸੰਗਤ ਰਾਇ ਪਹਿਲੋਂ ਸ਼ਹੀਦ ਹੋ ਚੁੱਕਾ ਸੀ। ਉਸ ਦੀ ਲਾਸ਼ ਲਿਆਉਣ ਵਾਸਤੇ ਭਾਈ ਹਨੂਮੰਤ ਤੇ ਛੇ ਹੋਰ ਸਿੰਘ ਜਾਨਾਂ ਹੂਲ ਕੇ ਲੜੇ ਅਤੇ ਇਕ ਦੂਜੇ ਤੋਂ ਅੱਗੇ ਵੱਧ ਕੇ ਸ਼ਹਾਦਤਾਂ ਪਾ ਗਏ। ਭਾਈ ਹਨੂਮੰਤ ਸਬੰਧੀ ਭੱਟ ਵਹੀਆਂ ਵਿਚ ਇੰਞ ਜ਼ਿਕਰ ਆਉਂਦਾ ਹੈ:

"ਲਹਿਨੂ......ਸਤਰਾਂ ਸੈ ਬਾਵਨ ਫਾਗਨ ਦਿਹੁੰ ਤੇਈਸ, ਵੀਰਵਾਰ ਕੇ ਦਿਵਸ ਗੁਲੇਰ ਕੇ ਮਲਾਨ ਸਾਮ੍ਹੇ ਮਾਥੇ ਜੂਝ ਕਰ ਮਰਾ। ਗੈਲੋਂ ਸੰਗਤ ਰਾਇ, ਹਨੂਮੰਤ, ਬੇਟੇ ਜਗਤੇ ਕੇ, ਪੋਤੇ ਪਦਮਾ ਕੇ, ਪੜਪੋਤੇ ਕਊਲ ਕੇ, ਚੰਦਰ ਬੰਸੀ, ਬਤਸ, ਗੋਤਰੇ ਚਾਹਿਮਾਨ, ਹਜਾਵਤ ਆਂਬਿਆਨੇ ਮਾਰੇ ਗਏ।"

(ਭੱਟ ਵਹੀ ਭਾਦਸੋਂ, ਪਰਗਨਾ ਥਾਨੇਸਰ ਖਾਤਾ ਜਲ੍ਹਾਨੇ ਪੁਆਰੋਂ ਕਾ)

(ਹੋਰ ਤਫ਼ਸੀਲ ਵਾਸਤੇ ਵੇਖੋ "ਭਾਈ ਸੰਗਤ ਰਾਇ" ਅਤੇ "ਭਾਈ ਜਗੂ ਦਾ ਕੁਰਸੀਨਾਮਾ")

ਭਾਈ ਦਰਸੋ

ਭਾਈ ਦਰਸੋ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਖ਼ਾਸ ਸਿੱਖਾਂ ਵਿਚੋਂ ਇਕ ਸਨ। ਉਹ ਗੁਲੇਰ ਦੀ ਲੜਾਈ ਵਿਚ 19 ਫ਼ਰਵਰੀ 1696 ਦੇ ਦਿਨ ਸ਼ਹੀਦ ਹੋਏ ਸਨ। ਭਾਵੇਂ ਭਾਈ ਦਰਸੋ ਦੀ ਜ਼ਿੰਦਗੀ ਬਾਰੇ ਹੋਰ ਵਧੇਰੇ ਤਫ਼ਸੀਲ ਨਹੀਂ ਮਿਲਦੀ ਪਰ ਉਨ੍ਹਾਂ ਨੂੰ ਇਹ ਸ਼ਰਫ਼ ਹਾਸਿਲ ਹੈ ਕਿ ਉਨ੍ਹਾਂ ਦਾ ਜ਼ਿਕਰ **'ਬਚਿਤਰ ਨਾਟਕ'** ਵਿਚ ਮਿਲਦਾ ਹੈ।

ਸਾਤ ਸਵਾਰਨ ਕੇ ਸਹਿਤ ਜੂਝੇ ਸੰਗਤ ਰਾਇ॥
***ਦਰਸੋ** ਸੁਨਿ ਜੂਝੇ ਤਿਨੈ ਬਹੁਤ ਜੁਝਤ ਭਯੋ ਆਇ॥ 57॥*

(ਬਚਿਤਰ ਨਾਟਕ, ਚੈਪਟਰ 11)

ਗੁਲੇਰ ਦੀ ਇਸ ਲੜਾਈ ਵਿਚ ਭਾਈ ਲਹਿਨੀਆ, ਭਾਈ ਹਨੂਮੰਤ, ਭਾਈ ਸੰਗਤ ਰਾਇ ਤੇ ਭਾਈ ਦਰਸੋ ਤੋਂ ਇਲਾਵਾ ਤਿੰਨ ਹੋਰ ਸਿੱਖ ਸ਼ਹੀਦ ਹੋਏ ਸਨ। ਇਨ੍ਹਾਂ ਦੀਆਂ ਲਾਸ਼ਾਂ ਦਾ ਸਸਕਾਰ ਅਗਲੇ ਦਿਨ 20 ਫ਼ਰਵਰੀ 1696 ਦੇ ਦਿਨ ਕੀਤਾ ਗਿਆ ਸੀ।

ਗੁਲੇਰ ਦੀ ਲੜਾਈ ਹੁਸੈਨ ਖਾਂ ਅਤੇ ਗੁਲੇਰ ਦੇ ਰਾਜੇ ਦੀਆਂ ਫ਼ੌਜਾਂ ਵਿਚਕਾਰ ਹੋਈ ਸੀ। ਇਸ ਮੌਕੇ 'ਤੇ ਭਾਈ ਸੰਗਤ ਰਾਇ ਤੇ ਛੇ ਹੋਰ ਸਿੱਖ ਰਾਜਾ ਗੋਪਾਲ ਦਾ ਸਮਝੌਤਾ ਕਰਵਾਉਣ ਵਾਸਤੇ ਪੁੱਜੇ ਹੋਏ ਸਨ ਪਰ ਜਦੋਂ ਕਿਰਪਾਲ ਚੰਦ ਕਟੋਚੀਏ (ਜੋ ਮੁਗ਼ਲ ਹਮਲਾਵਰ ਹੁਸੈਨ ਖਾਂ ਦਾ ਸਾਥ ਦੇ ਰਿਹਾ ਸੀ) ਨੇ ਰਾਜਾ ਗੋਪਾਲ ਨੂੰ ਗੱਲਬਾਤ ਦੌਰਾਨ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਰਾਜਾ ਬੱਚ ਕੇ ਨਿਕਲ ਗਿਆ। ਨਤੀਜੇ

ਵਜੋਂ ਦੋਹਾਂ ਪਾਸਿਆਂ ਤੋਂ ਜ਼ਬਰਦਸਤ ਜੰਗ ਹੋਈ। ਇਸ ਜੰਗ ਵਿਚ ਸਿੱਖ ਵੀ ਡੱਟ ਕੇ ਲੜੇ। ਇਸ ਮੌਕੇ 'ਤੇ ਭਾਈ **ਦਰਸੋ** ਸਣੇ ਸੱਤ ਸਿੱਖਾਂ ਨੇ ਸ਼ਹੀਦੀਆਂ ਪਾਈਆਂ।

ਭਾਈ ਲਹਿਣੂ

ਭਾਈ ਲਹਿਣੂ ਭਾਈ ਮਨੀ ਸਿੰਘ ਦੇ ਭਰਾ ਸਨ। ਭਾਈ ਮਾਈ ਦਾਸ ਦੇ ਪੁੱਤਰ, ਸ਼ਹੀਦ ਭਾਈ ਬੱਲੂ ਦੇ ਪੋਤੇ, ਭਾਈ ਮੂਲੇ ਦੇ ਪੜਪੋਤੇ ਭਾਈ ਲਹਿਣੂ 19 ਫ਼ਰਵਰੀ 1696 ਦੇ ਦਿਨ ਗੁਲੇਰ ਦੀ ਲੜਾਈ ਵਿਚ ਸ਼ਹੀਦ ਹੋਏ ਸਨ।

ਭਾਈ ਲਹਿਣੂ ਦੇ ਦਾਦਾ ਭਾਈ ਬੱਲੂ, ਦਾਦਾ ਦੇ ਭਰਾ ਭਾਈ ਨਾਨੂ ਤੇ ਇਸ ਪਰਿਵਾਰ ਦੇ ਹੋਰ ਕਈ ਜਣੇ ਗੁਰੂ ਸਾਹਿਬ ਦੀਆਂ ਲੜਾਈਆਂ ਵਿਚ ਸ਼ਹੀਦ ਹੋ ਚੁੱਕੇ ਸਨ। ਇਸ ਮਗਰੋਂ ਵੀ ਇਨ੍ਹਾਂ ਦੇ ਦਰਜਨਾਂ ਰਿਸ਼ਤੇਦਾਰਾਂ ਨੇ ਗੁਰੂ ਸਾਹਿਬ ਦੀਆਂ ਲੜਾਈਆਂ ਵਿਚ ਅਤੇ ਮਗਰੋਂ ਵੀ ਸ਼ਹੀਦੀਆਂ ਹਾਸਿਲ ਕੀਤੀਆਂ ਸਨ।

ਭਾਈ ਲਹਿਣੂ ਦੀ ਸ਼ਹੀਦੀ ਬਾਰੇ "**ਭੱਟ ਵਹੀ ਭਾਦਸੋਂ**" ਦੇ ਸਫ਼ਾ 67 'ਤੇ ਇਹ ਇੰਦਰਾਜ ਮਿਲਦਾ ਹੈ:

"ਲਹਿਣੂ ਬੇਟਾ ਮਾਈ ਦਾਸ ਕਾ, ਪੋਤਾ ਬੱਲੂ ਕਾ.....ਜਲ੍ਹਾਨਾ, ਸਤਰਾਂ ਸੈ ਬਾਵਨ ਫਾਗਨ ਦਿਹੁੰ ਤੇਈਸ ਵੀਰਵਾਰ ਕੇ ਦਿਵਸ, ਗੁਲੇਰ ਕੇ ਮਲ੍ਹਾਨ ਸਾਮ੍ਹੇ ਮਾਥੇ ਜੂਝ ਕਰ ਮਰਾ। ਗੈਲੋਂ ਸੰਗਤੀਆ ਸਿੰਘ, ਹਨਵੰਤ ਸਿੰਘ ਬੇਟੇ ਜਗਤੇ ਕੇ, ਪੋਤੇ ਪਦਮੇ ਕੇ, ਪੜਪੋਤੇ ਕਉਲੇ ਕੇ ਚੰਦਰਬੰਸੀ ਬਤਸ ਗੋਤਰੇ ਚੁਹਾਨ ਆਠ ਮੇਂ ਸੇ ਕੁਰਾ ਹਜਾਵਤ ਆਂਬਆਨੇ ਮਾਰੇ ਗਏ।"

(ਭੱਟ ਵਹੀ ਭਾਦਸੋਂ, ਪਰਗਨਾ ਥਨੇਸਰ, ਖਾਤਾ ਜਲ੍ਹਾਨੇ ਪੁਆਰੋਂ ਕਾ)

(ਵਧੇਰੇ ਤਫ਼ਸੀਲ ਵਾਸਤੇ ਵੇਖੋ "ਭਾਈ ਸੰਗਤ ਰਾਇ ਅਤੇ "ਭਾਈ ਮਾਈ ਦਾਸ ਦਾ ਕੁਰਸੀਨਾਮਾ"।)

ਭਾਈ ਈਸ਼ਰ ਸਿੰਘ

ਭਾਈ ਈਸ਼ਰ ਸਿੰਘ 29 ਅਗਸਤ 1700 ਦੇ ਦਿਨ ਤਾਰਾਗੜ੍ਹ ਕਿਲ੍ਹੇ ਦੀ ਲੜਾਈ ਵਿਚ ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਦੀਆਂ ਫ਼ੌਜਾਂ ਨਾਲ ਲੜਦੇ ਹੋਏ ਸ਼ਹੀਦ ਹੋਏ ਸਨ।

ਭਾਈ ਈਸ਼ਰ ਸਿੰਘ ਭਾਈ ਕੇਵਲ ਸਿੰਘ ਦੇ ਪੁੱਤਰ, ਭਾਈ ਆਡੂ ਦੇ ਪੋਤੇ, ਤੇ ਭਾਈ ਜਗਨਾ ਦੇ ਪੜਪੋਤੇ ਸਨ। ਭਾਈ ਜਗਨਾ ਭਾਈ ਭਗਵਾਨਾ ਦੇ ਪੁੱਤਰ, ਭਾਈ ਰੂਪਾ ਦੇ ਪੋਤੇ ਤੇ ਭਾਈ ਰਣਮਲ ਦੇ ਪੜਪੋਤੇ ਸਨ। ਭਾਈ ਰਣਮਲ ਰਾਠੌਰ-ਰਾਜਪੂਤ ਪਰਿਵਾਰ ਨਾਲ ਸਬੰਧ ਰੱਖਦੇ ਸਨ। ਭਾਈ ਰਣਮਲ ਦਾ ਤਾਇਆ ਭਾਈ ਊਦਾ ਵੀ ਗੁਰੂ ਸਾਹਿਬ ਦੇ ਖ਼ਾਸ ਸਿੱਖਾਂ ਵਿਚੋਂ ਇਕ ਸੀ। ਉਸ ਦਾ ਪੋਤਾ ਭਾਈ ਸੁਖੀਆ ਮਾਂਡਨ ਭਾਈ ਮਨੀ ਸਿੰਘ ਦਾ ਫੁਫੜ ਸੀ। ਭਾਈ ਈਸ਼ਰ ਸਿੰਘ ਹੋਰੀਂ ਲਾਡਵਾ (ਹੁਣ ਹਰਿਆਣਾ) ਦੇ ਰਹਿਣ ਵਾਲੇ ਸਨ।

ਇਹ ਪਰਿਵਾਰ ਗੁਰੂ ਅਰਜਨ ਸਾਹਿਬ ਦੇ ਵੇਲੇ ਤੋਂ ਹੀ ਗੁਰੂ ਸਾਹਿਬ ਦਾ ਸਾਦਿਕ ਰਿਹਾ ਸੀ। ਜਦੋਂ ਛੇਵੇਂ ਨਾਨਕ ਗੁਰੂ ਹਰਿਗੋਬਿੰਦ ਸਾਹਿਬ ਨੇ ਫ਼ੌਜ ਬਣਾਈ ਤਾਂ ਇਸ ਪਰਿਵਾਰ 'ਚੋਂ ਬਹੁਤ ਸਾਰੇ ਜਣੇ ਗੁਰੂ ਸਾਹਿਬ ਦੀ ਫ਼ੌਜ ਵਿਚ ਸ਼ਾਮਿਲ ਹੋਏ ਸਨ। ਭਾਈ ਰਣਮਲ ਦਾ ਪੋਤਾ ਭਾਈ ਧੂੜਾ (ਪੁੱਤਰ ਭਾਈ ਗੋਂਦੜੀਆ) 27 ਸਤੰਬਰ 1621 ਦੇ ਦਿਨ ਰੁਹੀਲਾ ਦੀ ਲੜਾਈ ਵਿਚ ਸ਼ਹੀਦ ਹੋਇਆ ਸੀ। ਇੰਞ ਹੀ ਭਾਈ ਰਣ ਮਲ ਦੇ ਵੱਡੇ ਪੁੱਤਰ ਭਾਈ ਭੋਜਾ ਦੇ ਪੋਤੇ ਭਾਈ ਫੱਤੂ ਤੇ ਭਾਈ ਅਮੀਆ, ਦੋਵੇਂ, 26 ਅਪਰੈਲ 1635 ਦੇ ਦਿਨ ਕਰਤਾਰਪੁਰ ਦੀ ਲੜਾਈ ਵਿਚ ਸ਼ਹੀਦ ਹੋਏ ਸਨ। ਇਨ੍ਹਾਂ ਦਾ ਵੱਡਾ ਭਰਾ ਭਾਈ ਜੱਗੂ 29 ਅਪ੍ਰੈਲ 1635 ਦੇ ਦਿਨ ਫਗਵਾੜਾ ਦੀ ਲੜਾਈ ਵਿਚ ਸ਼ਹੀਦ ਹੋਇਆ ਸੀ।

ਇਨ੍ਹਾਂ ਤਿੰਨਾਂ ਸ਼ਹੀਦਾਂ ਦੇ ਭਰਾ ਭਾਈ ਖੇਮਾ ਚੰਦਨੀਆਂ ਦਾ ਪੁੱਤਰ (ਤੇ ਇਨ੍ਹਾਂ ਦਾ ਭਤੀਜਾ) ਭਾਈ ਊਦਾ ਗੁਰੂ ਤੇਗ ਬਹਾਦਰ ਸਾਹਿਬ ਦੇ ਖ਼ਾਸ ਸਿੱਖਾਂ ਵਿਚੋਂ ਇਕ ਸੀ। ਜਦੋਂ ਗੁਰੂ ਸਾਹਿਬ ਕਸ਼ਮੀਰੀ ਪੰਡਤਾਂ ਦੀ ਫ਼ਰਿਆਦ ਲੈ ਕੇ ਦਿੱਲੀ ਨੂੰ ਗਏ ਸਨ ਤਾਂ ਇਹ ਭਾਈ ਊਦਾ ਵੀ ਦਿੱਲੀ ਗਿਆ ਸੀ। ਭਾਈ ਊਦਾ 18 ਸਤੰਬਰ 1688 ਦੇ ਦਿਨ ਭੰਗਾਣੀ ਦੀ ਲੜਾਈ ਵਿਚ ਸ਼ਹੀਦ ਹੋ ਗਿਆ ਸੀ।

ਭਾਈ ਈਸ਼ਰ ਸਿੰਘ ਦੀ ਸ਼ਹੀਦੀ ਤੋਂ ਬਾਅਦ ਵੀ ਇਹ ਪਰਿਵਾਰ ਪੰਥ ਦੀ ਸੇਵਾ ਕਰਦਾ ਰਿਹਾ ਸੀ। ਭਾਈ ਈਸ਼ਰ ਸਿੰਘ ਦਾ ਛੋਟਾ ਭਰਾ 8 ਅਕਤੂਬਰ 1700 ਦੇ ਦਿਨ

ਨਿਰਮੋਹਗੜ੍ਹ ਵਿਚ ਸ਼ਹੀਦ ਹੋਇਆ ਸੀ। ਭਾਈ ਈਸ਼ਰ ਸਿੰਘ ਦੇ ਵੱਡੇ ਭਰਾ ਭਾਈ ਕੀਰਤ ਸਿੰਘ ਦਾ ਪੁਤਰ ਭਾਈ ਕਰਨ ਸਿੰਘ 6 ਅਪਰੈਲ 1709 ਦੇ ਦਿਨ ਅੰਮ੍ਰਿਤਸਰ ਦੀ ਲੜਾਈ ਵਿਚ ਸ਼ਹੀਦ ਹੋਇਆ ਸੀ। ਇਸ ਤੋਂ ਇਲਾਵਾ ਇਸ ਪਰਿਵਾਰ ਨੇ ਹੋਰ ਵੀ ਕਈ ਸ਼ਹੀਦੀਆਂ ਹਾਸਿਲ ਕੀਤੀਆਂ ਸਨ।

ਭਾਈ ਈਸ਼ਰ ਸਿੰਘ ਦੀ ਸ਼ਹੀਦੀ 29 ਅਗਸਤ 1700 ਦੇ ਦਿਨ ਤਾਰਾਗੜ੍ਹ ਕਿਲ੍ਹੇ ਦੀ ਹਿਫ਼ਾਜ਼ਤ ਕਰਦਿਆਂ ਹੋਈ ਸੀ। ਇਹ ਕਿਲ੍ਹਾ ਤਾਰਾਗੜ੍ਹ ਅਨੰਦਪੁਰ ਸਾਹਿਬ ਤੋਂ ਪੰਜ ਕੁ ਕਿਲੋਮੀਟਰ ਦੂਰ ਪਿੰਡ ਤਾਰਾਪੁਰ ਦੀ ਜੂਹ ਵਿਚ ਸੰਨ 1690 ਵਿਚ ਹੀ ਤਿਆਰ ਹੋਣਾ ਸ਼ੁਰੂ ਹੋਇਆ ਸੀ। 29 ਅਗਸਤ ਸੰਨ 1700 ਦੇ ਦਿਨ ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਨੇ ਸਵੇਰੇ-ਸਵੇਰੇ ਅਚਾਨਕ ਹੀ ਇਸ ਕਿਲ੍ਹੇ 'ਤੇ ਹਮਲਾ ਕਰ ਦਿੱਤਾ ਸੀ। ਉਦੋਂ ਸਾਹਿਬਜ਼ਾਦਾ ਅਜੀਤ ਸਿੰਘ ਦੀ ਕਮਾਨ ਹੇਠ ਥੋੜ੍ਹੇ ਜਿਹੇ ਸਿੱਖ ਇੱਥੇ ਹਾਜ਼ਿਰ ਸਨ। ਇਨ੍ਹਾਂ ਸਾਰਿਆਂ ਨੇ ਹਮਲਾਵਰ ਫ਼ੌਜਾਂ ਦਾ ਡੱਟ ਕੇ ਟਾਕਰਾ ਕੀਤਾ। ਇਹ ਲੜਾਈ ਤਕਰੀਬਨ ਤਿੰਨ ਘੰਟੇ ਚਲਦੀ ਰਹੀ। ਏਨੇ ਵਿਚ ਹੀ ਇਸ ਹਮਲੇ ਦੀ ਖ਼ਬਰ ਕਿਲ੍ਹਾ ਅਨੰਦਗੜ੍ਹ ਵਿਚ ਪੁੱਜ ਗਈ। ਉੱਥੋਂ ਗੁਰੂ ਸਾਹਿਬ ਨੇ ਭਾਈ ਉਦੇ ਸਿੰਘ ਦੀ ਕਮਾਨ ਹੇਠ ਸਵਾ ਸੌ ਹੋਰ ਸਿੰਘ ਭੇਜੇ। ਅਖ਼ੀਰ ਅਜਮੇਰ ਚੰਦ ਨੇ ਮੈਦਾਨ ਛੱਡ ਦਿਤਾ ਅਤੇ ਭੱਜ ਗਿਆ। ਇਸ ਲੜਾਈ ਵਿਚ ਭਾਈ ਈਸ਼ਰ ਸਿੰਘ, ਭਾਈ ਮੰਗਤ ਸਿੰਘ, ਭਾਈ ਕਲਿਆਨ ਸਿੰਘ ਵਗੈਰਾ ਨੇ ਸ਼ਹੀਦੀਆਂ ਹਾਸਿਲ ਕੀਤੀਆਂ।

ਭਾਈ ਈਸ਼ਰ ਸਿੰਘ ਦੀ ਸ਼ਹੀਦੀ ਦਾ ਜ਼ਿਕਰ ਭੱਟ ਵਹੀਆਂ ਵਿਚ ਇੰਞ ਮਿਲਦਾ ਹੈ:-

"ਈਸ਼ਰ ਸਿੰਘ ਬੇਟਾ ਕੇਵਲ ਕਾ ਪੋਤਾ ਆੜੂ ਕਾ, ਬਿੰਜਲਉਤ, ਕਲਿਆਨ ਸਿੰਘ ਬੇਟਾ ਦਿਆਲ ਦਾਸ ਕਾ, ਪੋਤਾ ਮਾਈ ਦਾਸ ਕਾ, ਬੰਝਰਉਤ, ਮੰਗਤ ਸਿੰਘ ਬੇਟਾ ਬਿੰਨੇ ਉੱਪਲ ਕਾ....... ਵਾਸੀ ਅੰਬ ਮਾੜੀ, ਪਰਗਨਾ ਲਾਹੌਰ....ਸਾਲ ਸਤਰਾਂ ਸੈ ਸਤਵੰਜਾ ਭਾਦਵ ਪ੍ਰਵਿਸ਼ਟੇ ਉਨੱਤੀਸ ਵੀਰਵਾਰ ਕੇ ਦਿਹੁੰ, ਗੁਰੂ ਕੇ ਸ਼ਹਿਜ਼ਾਦੇ ਅਜੀਤ ਸਿੰਘ ਕਾ ਬਚਨ ਪਾਇ ਕਿਲ੍ਹਾ ਤਾਰਾਗੜ੍ਹ ਕੇ ਮਲਹਾਨ, ਪਰਗਨਾ ਤਾਰਾਪੁਰ, ਏਕ ਪਹਿਰ ਘੋਰ ਜੁਧ ਕਰ ਕੇ, ਘਣੇ ਪਰਬਤੀ ਮਾਰ, ਸਾਹਮੇਂ ਮਾਥੇ ਰਣ ਮੇਂ ਜੂਝ ਕਰ ਸ਼ਹਾਦਤ ਪਾਇ ਗਏ। ਘੁਮੰਡ ਚੰਦ ਬੇਟਾ ਗੰਭੀਰ ਚੰਦ ਕਾ, ਭਾਈ ਊਦੇ ਸਿੰਘ ਕੇ ਹਾਥ ਸੇ ਘਾਇਲ ਹੂਆ।

(ਭੱਟ ਵਹੀ ਤੂਮਰ ਬਿੰਜਉਤੋਂ ਕੀ)

ਹੋਰ ਤਫ਼ਸੀਲ ਵਾਸਤੇ ਵੇਖੋ: ਭਾਈ ਰਣਮਲ ਦਾ ਕੁਰਸੀਨਾਮਾ।

ਭਾਈ ਕਲਿਆਣ ਸਿੰਘ

ਭਾਈ ਕਲਿਆਣ ਸਿੰਘ 29 ਅਗਸਤ 1700 ਦੇ ਦਿਨ ਕਿਲ੍ਹਾ ਤਾਰਾਗੜ੍ਹ ਦੀ ਲੜਾਈ ਵਿਚ ਸ਼ਹੀਦ ਹੋਇਆ ਸੀ।

ਭਾਈ ਕਲਿਆਣ ਸਿੰਘ, ਭਾਈ ਦਿਆਲ ਦਾਸ (ਸ਼ਹੀਦ 11 ਨਵੰਬਰ 1675, ਚਾਂਦਨੀ ਚੌਕ, ਦਿੱਲੀ) ਦੇ ਪੁੱਤਰ, ਭਾਈ ਮਾਈ ਦਾਸ ਦੇ ਪੋਤੇ ਤੇ ਸ਼ਹੀਦ ਭਾਈ ਬੱਲੂ ਦੇ ਪੜਪੋਤੇ ਸਨ। ਭਾਈ ਮਨੀ ਸਿੰਘ ਆਪ ਦਾ ਚਾਚਾ ਸੀ। ਭਾਈ ਕਲਿਆਣ ਸਿੰਘ ਸ਼ਹੀਦ ਭਾਈ ਦਿਆਲ ਦਾਸ ਦਾ ਪੁੱਤਰ ਹੋਣ ਕਰਕੇ ਸਿੱਖਾਂ ਵਿਚ ਪਹਿਲੋਂ ਹੀ ਅਹਿਮ ਥਾਂ ਰਖਦਾ ਸੀ। ਭਾਈ ਕਲਿਆਣ ਸਿੰਘ ਹੁਰੀਂ ਤਿੰਨ ਭਰਾ ਸਨ। ਇਨ੍ਹਾਂ ਵਿਚੋਂ ਸਭ ਤੋਂ ਵੱਡਾ ਭਾਈ ਮਥਰਾ ਸਿੰਘ ਸੀ ਤੇ ਸਭ ਤੋਂ ਛੋਟਾ ਭਾਈ ਧਰਮ ਸਿੰਘ। ਭਾਈ ਕਲਿਆਣ ਸਿੰਘ ਸ਼ਹੀਦੀ ਵੇਲੇ ਅਜੇ ਕੁਆਰਾ ਸੀ। (ਭਾਈ ਕਲਿਆਣ ਸਿੰਘ ਦੇ ਵੱਡੇ ਭਰਾ ਭਾਈ ਮਥਰਾ ਸਿੰਘ ਨੇ ਵੀ ਮਗਰੋਂ 8 ਅਕਤੂਬਰ 1700 ਦੇ ਦਿਨ ਨਿਰਮੋਹਗੜ੍ਹ ਵਿਚ ਸ਼ਹੀਦੀ ਪਾਈ ਸੀ)।

ਭਾਈ ਕਲਿਆਣ ਸਿੰਘ ਇਕ ਤਕੜਾ ਜਵਾਨ ਸੀ ਤੇ ਕਿਲ੍ਹਾ ਤਾਰਾਗੜ੍ਹ ਵਿਚ ਤਾਈਨਾਤ ਸੀ। ਜਦੋਂ 29 ਅਗਸਤ ਦੇ ਦਿਨ ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਦੀਆਂ ਫੌਜਾਂ ਨੇ ਇਸ ਕਿਲ੍ਹੇ ਤੇ ਅਚਾਨਕ ਹਮਲਾ ਕਰ ਦਿੱਤਾ ਤਾਂ ਉੱਥੇ ਸਿਰਫ ਗਿਣਤੀ ਦੇ ਸਿੱਖ ਹੀ ਸਨ। ਇਨ੍ਹਾਂ ਗਿਣਤੀ ਦੇ ਸਿੱਖਾਂ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਦੀ ਅਗਵਾਈ ਵਿਚ ਹਮਲਾਵਰਾਂ ਦਾ ਡੱਟ ਕੇ ਮੁਕਾਬਲਾ ਕੀਤਾ। ਇਸ ਲੜਾਈ ਵਿਚ ਭਾਵੇਂ ਆਖਿਰ ਜਿੱਤ ਸਿੱਖਾਂ ਦੀ ਹੋਈ ਪਰ ਇਸ ਮੌਕੇ 'ਤੇ ਭਾਈ ਕਲਿਆਣ ਸਿੰਘ ਤੇ ਕੁਝ ਹੋਰ ਸਿੱਖ ਸ਼ਹੀਦ ਹੋ ਗਏ। ਭਾਈ ਕਲਿਆਣ ਸਿੰਘ ਦੀ ਸ਼ਹੀਦੀ ਦਾ ਜ਼ਿਕਰ ਭੱਟ ਵਹੀਆਂ ਵਿਚ ਇੰਞ ਆਇਆ ਹੈ:

"ਈਸ਼ਰ ਸਿੰਘ ਬੇਟਾ ਕੇਵਲ ਕਾ ਪੋਤਾ ਆੜੂ ਕਾ ਬਿੰਜਲਊਤ, *ਕਲਿਆਨ ਸਿੰਘ ਬੇਟਾ ਦਿਆਲ ਦਾਸ ਕਾ*, ਪੋਤਾ ਮਾਈਦਾਸ ਕਾ, ਬੰਝਰਊਤ, ਮੰਗਤ ਸਿੰਘ ਬੇਟਾ ਬਿਨੇ ਊਪਲ ਕਾ......ਵਾਸੀ ਅੰਬਮਾੜੀ, ਪ੍ਰਗਨਾ ਲਾਹੌਰ........ਸਾਲ ਸਤਰਾਂ ਸੈ ਸਤਵੰਜਾ ਭਾਦਵ ਪ੍ਰਵਿਸ਼ਟੇ ਉਨੱਤੀਸ, ਵੀਰਵਾਰ ਕੇ ਦਿਹੁੰ, ਗੁਰੂ ਕੇ ਸ਼ਹਿਜ਼ਾਦੇ ਅਜੀਤ ਸਿੰਘ ਕਾ ਬਚਨ ਪਾਇ ਕਿਲ੍ਹਾ ਤਾਰਾਗੜ੍ਹ ਕੇ ਮਲਹਾਨ, ਪ੍ਰਗਨਾ ਤਾਰਾਪੁਰ, ਏਕ ਪਹਿਰ ਘੋਰ ਜੁੱਧ ਕਰ, ਘਣੇ ਪਰਬਤੀ ਮਾਰ, ਸਾਹਮਣੇ ਮਾਥੇ ਰਣ ਮੇਂ ਜੂਝ ਕਰ ਸ਼ਹਾਦਤਾਂ ਪਾਇ ਗਏ। ਘੁਮੰਡ ਚੰਦ ਬੇਟਾ ਗੰਭੀਰ ਚੰਦ ਕਾ, ਭਾਈ ਉਦੈ ਸਿੰਘ ਕੇ ਹਾਥ ਸੇ ਘਾਇਲ ਹੂਆ।"

(ਭੱਟ ਵਹੀ ਤੁਮਰ ਬਿੰਜਰ ਉਤੋਂ ਕੀ)

ਭਾਈ ਮੰਗਤ ਸਿੰਘ

ਭਾਈ ਮੰਗਤ ਸਿੰਘ 29 ਅਗਸਤ 1700 ਦੇ ਦਿਨ ਕਿਲ੍ਹਾ ਤਾਰਾਗੜ੍ਹ ਵਿਚ ਸ਼ਹੀਦ ਹੋਏ ਸਨ।

ਭਾਈ ਮੰਗਤ ਸਿੰਘ ਭਾਈ ਬਿੰਨਾ ਉੱਪਲ ਦੇ ਪੁੱਤਰ ਸਨ। ਭਾਈ ਸੰਗਤ ਸਿੰਘ (ਜਿਸ ਨੂੰ ਭਾਈ ਫੇਰੂ ਕਰ ਕੇ ਚੇਤੇ ਕੀਤਾ ਜਾਂਦਾ ਹੈ) ਆਪ ਦੇ ਵੱਡੇ ਭਰਾ ਸਨ। ਭਾਈ ਬਿੰਨਾ ਉੱਪਲ ਛੇਵੇਂ ਤੇ ਸਤਵੇਂ ਪਾਤਸ਼ਾਹ ਦੇ ਵੇਲੇ ਦੇ ਖ਼ਾਸ ਸਿੱਖਾਂ ਵਿਚੋਂ ਇਕ ਸਨ। ਜਦੋਂ ਗੁਰੂ ਹਰਿ ਰਾਇ ਸਾਹਿਬ ਨੇ ਆਪਣੇ ਵੱਡੇ ਬੇਟੇ ਰਾਮ ਰਾਇ ਨੂੰ ਔਰੰਗਜ਼ੇਬ ਦੇ ਬੁਲਾਵੇ 'ਤੇ ਦਿੱਲੀ ਟੋਰਿਆ ਅਤੇ ਰਾਮ ਰਾਇ ਨੇ ਬੇਅਸੂਲੀ ਗੱਲ ਕੀਤੀ ਤਾਂ ਗੁਰੂ ਸਾਹਿਬ ਨੇ ਉਸ (ਰਾਮ ਰਾਇ) ਨੂੰ ਰੱਦ ਕਰ ਦਿੱਤਾ। ਰਾਮ ਰਾਇ ਨੂੰ ਗੁਰੂ ਹਰਿ ਰਾਇ ਸਾਹਿਬ ਦਾ ਹੁਕਮ ਸੁਣਾਉਣ ਵਾਸਤੇ ਭਾਈ ਬਿੰਨਾ ਉੱਪਲ ਨੂੰ ਹੀ ਕੀਰਤਪੁਰ ਸਾਹਿਬ ਤੋ ਭੇਜਿਆ ਗਿਆ ਸੀ।

ਭਾਈ ਸੰਗਤ (ਭਾਈ ਫੇਰੂ) ਵੀ ਗੁਰੂ-ਘਰ ਨਾਲ ਸਤਵੇਂ ਨਾਨਕ ਦੇ ਵੇਲੇ ਤੋਂ ਜੁੜੇ ਹੋਏ ਸਨ। ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਦਿੱਲੀ ਵਿਚ ਜੋਤੀ ਜੋਤ ਸਮਾਏ ਤਾਂ ਭਾਈ ਸੰਗਤ ਵੀ ਉਥੇ ਹੀ ਸਨ। ਜਦੋਂ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਗੁਰਗੱਦੀ ਸੌਂਪਣ ਦੀ ਰਸਮ ਹੋਈ ਤਾਂ ਉਸ ਵੇਲੇ 11 ਅਗਸਤ 1664 ਦੇ ਦਿਨ ਵੀ ਭਾਈ ਸੰਗਤ ਉਥੇ ਹਾਜ਼ਿਰ ਸਨ। ਫਿਰ ਜਦੋਂ ਅਕਤੂਬਰ 1665 ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਧਮਤਾਨ ਵਿਚੋਂ ਗ੍ਰਿਫ਼ਤਾਰ ਕੀਤਾ ਗਿਆ ਤਾਂ ਵੀ ਭਾਈ ਸੰਗਤ ਆਪ ਦੇ ਨਾਲ ਹੀ ਸਨ। ਭਾਈ ਸੰਗਤ ਗੁਰੂ ਸਾਹਿਬ ਦੇ ਨਾਲ ਹੀ ਦੋ ਮਹੀਨੇ ਬੰਦੀ ਖ਼ਾਨੇ ਵਿਚ ਰਹੇ ਸਨ।

ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਮਗਰੋਂ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਫ਼ੌਜ ਤਿਆਰ ਕੀਤੀ ਤਾਂ ਭਾਈ ਮੰਗਤ ਵੀ ਇਸ ਫ਼ੌਜ ਵਿਚ ਸ਼ਾਮਿਲ ਹੋਏ ਸਨ। ਇਸ ਵੇਲੇ ਉਨ੍ਹਾਂ ਦਾ ਵੱਡਾ ਭਰਾ ਭਾਈ ਸੰਗਤ (ਭਾਈ ਫੇਰੂ) ਨੱਕੇ ਦੇ ਇਲਾਕੇ (ਲਾਹੌਰ ਦੇ ਨੇੜੇ) ਦਾ ਮਸੰਦ ਸੀ। 1698 ਵਿਚ ਜਦੋਂ ਗੁਰੂ ਸਾਹਿਬ ਨੇ ਮਸੰਦਾਂ ਦੀ ਪਰਖ ਕੀਤੀ ਤਾਂ ਭਾਈ ਸੰਗਤ ਇਸ ਵਿਚੋਂ ਸੁਰਖ਼-ਰੂ ਹੋ ਕੇ ਨਿਕਲੇ ਸਨ ਤੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਵਿਦਾ ਕੀਤਾ ਸੀ। ਇਸ ਮਗਰੋਂ ਭਾਈ ਸੰਗਤ ਵਾਪਿਸ ਮੀਆਂ-ਕੀ-ਮੌੜ ਚਲੇ ਗਏ ਅਤੇ ਸਿੱਖ ਧਰਮ ਦਾ ਪ੍ਰਚਾਰ ਕਰਦੇ ਰਹੇ। ਉਨ੍ਹਾਂ ਦੇ ਛੋਟੇ ਭਰਾ ਭਾਈ ਮੰਗਤ ਸਿੰਘ ਗੁਰੂ ਸਾਹਿਬ ਦੀ ਸੇਵਾ ਵਿਚ ਹੀ ਹਾਜ਼ਿਰ ਰਹੇ। ਜਦੋਂ

ਗੁਰੂ ਸਾਹਿਬ ਨੇ ਖਾਲਸਾ ਪਰਗਟ ਕੀਤਾ ਤਾਂ ਭਾਈ ਮੰਗਤ ਖੰਡੇ ਦੀ ਪਾਹੁਲ ਲੈ ਕੇ ਮੰਗਤ ਤੋਂ ਭਾਈ ਮੰਗਤ ਸਿੰਘ ਬਣ ਗਏ।

ਖਾਲਸਾ ਪਰਗਟ ਕਰਨ ਮਗਰੋਂ ਬਿਲਾਸਪੁਰ ਵਲੋਂ ਪਹਿਲਾਂ ਹਮਲਾ 29 ਅਗਸਤ 1700 ਦੇ ਦਿਨ ਤਾਰਾਗੜ੍ਹ ਕਿਲ੍ਹੇ 'ਤੇ ਹੋਇਆ ਸੀ। ਇਸ ਮੌਕੇ 'ਤੇ ਤਿੰਨ ਘੰਟੇ ਖ਼ੂਬ ਖੰਡਾ ਖੜਕਿਆ। ਇਸ ਗਹਿ-ਗਚ ਲੜਾਈ ਵਿਚ ਭਾਈ ਮੰਗਤ ਸਿੰਘ ਨੇ ਦੁਸ਼ਮਣਾਂ ਦੇ ਖ਼ੂਬ ਆਹੂ ਲਾਹੇ ਅਤੇ ਅਖੀਰ ਆਪ ਵੀ ਸ਼ਹੀਦੀ ਹਾਸਿਲ ਕੀਤੀ। ਭਾਈ ਮੰਗਤ ਸਿੰਘ ਦੀ ਸ਼ਹੀਦੀ ਬਾਰੇ ਇਕ ਅੰਦਰਾਜ਼ ਭੱਟ ਵਹੀਆਂ ਵਿਚ ਇੰਝ ਮਿਲਦਾ ਹੈ।

"ਈਸ਼ਰ ਸਿੰਘ ਬੇਟਾ ਕੇਵਲ ਕਾ, ਪੋਤਾ ਆੜੂ ਕਾ ਬਿੰਜਰਉਤ, ਕਲਿਆਣ ਸਿੰਘ ਬੇਟਾ ਦਿਆਲ ਦਾਸ ਕਾ, ਪੋਤਾ ਮਾਈ ਦਾਸ ਕਾ, ਬੰਝਰਉਤ, *ਮੰਗਤ ਸਿੰਘ* ਬੇਟਾ ਬਿੰਨੇ ਉੱਪਲ ਕਾ....ਵਾਸੀ ਅੰਬ ਮਾੜੀ, ਪਰਗਨਾ ਲਾਹੌਰ.......ਸਤਰਾਂ ਸੈ ਸਤਵੰਜਾ ਭਾਦਵ ਪ੍ਰਵਿਸ਼ਟੇ ਉਨੱਤੀਸ ਵੀਰਵਾਰ ਕੇ ਦਿਹੁੰ, ਗੁਰੂ ਕੇ ਸ਼ਹਿਜ਼ਾਦੇ ਅਜੀਤ ਸਿੰਘ ਕਾ ਬਚਨ ਪਾਇ ਕਿਲ੍ਹਾ ਤਾਰਾਗੜ੍ਹ ਕੇ ਮਲਹਾਨ, ਪਰਗਨਾ ਤਾਰਾਪੁਰ, ਏਕ ਪਹਿਰ ਘੋਰ ਜੁੱਧ ਕਰ ਕੇ ਘਣੇ ਪਰਬਤੀ ਮਾਰ, ਸਾਹਮੇਂ ਮਾਥੇ ਰਣ ਮੇਂ ਜੂਝ ਕਰ ਸ਼ਹਾਦਤਾਂ ਪਾਇ ਗਏ।

"(ਭੱਟ ਵਹੀ ਤੂਮਰ ਬਿੰਜਲਉਤੋਂ ਕੀ)"

ਭਾਈ ਭਗਵਾਨ ਸਿੰਘ

ਭਾਈ ਭਗਵਾਨ ਸਿੰਘ 30 ਅਗਸਤ 1700 ਦੇ ਦਿਨ ਕਿਲ੍ਹਾ ਫਤਿਹਗੜ੍ਹ (ਉਦੋਂ ਪਿੰਡ ਸਹੋਟਾ ਦੀ ਹਦੂਦ), ਅਨੰਦਪੁਰ ਸਾਹਿਬ ਵਿਚ ਸ਼ਹੀਦ ਹੋਏ ਸਨ। ਭਾਈ ਭਗਵਾਨ ਸਿੰਘ ਭਾਈ ਮਨੀ ਸਿੰਘ ਦੇ ਪੁੱਤਰ, ਭਾਈ ਮਾਈਦਾਸ ਦੇ ਪੋਤਰੇ ਅਤੇ ਸ਼ਹੀਦ ਭਾਈ ਬੱਲੂ ਦੇ ਪੜਪੋਤੇ ਸਨ। ਆਪ ਭਾਈ ਮਨੀ ਸਿੰਘ ਦੇ ਦਸ ਪੁੱਤਰਾਂ ਵਿਚ ਅਠਵੇਂ ਥਾਂ 'ਤੇ ਸਨ। ਸ਼ਹੀਦੀ ਸਮੇਂ ਆਪ ਦਾ ਵਿਆਹ ਹੋ ਚੁੱਕਾ ਸੀ। ਆਪ ਦੇ ਦੋ ਬੇਟੇ ਸਨ। ਭਾਈ ਖਾਨੂ ਸਿੰਘ ਤੇ ਭਾਈ ਨਾਨੂ ਸਿੰਘ। ਆਪ ਦੀ ਸ਼ਹੀਦੀ ਤੋਂ ਮਗਰੋਂ ਭਾਈ ਖਾਨੂੰ ਸਿੰਘ ਵੀ ਸਿੱਖ ਪੰਥ ਦੀ ਸੇਵਾ ਕਰਦੇ ਰਹੇ ਸਨ। ਭਾਈ ਖਾਨੂੰ ਸਿੰਘ ਦੇ ਅੱਗੋਂ ਪੰਜ ਪੁੱਤਰ ਸਨ: ਭਾਈ ਗੁਰਦਾਸ ਸਿੰਘ, ਭਾਈ ਹਰੀ ਸਿੰਘ, ਭਾਈ ਕਰਮ ਸਿੰਘ, ਭਾਈ ਖਿਜੇ

ਸਿੰਘ ਤੇ ਭਾਈ ਹਰਦਾਸ ਸਿੰਘ। ਇਨ੍ਹਾਂ ਵਿਚੋਂ ਸਭ ਤੋਂ ਵੱਡੇ ਭਾਈ ਗੁਰਦਾਸ ਸਿੰਘ ਸਨ। ਭਾਈ ਗੁਰਦਾਸ ਸਿੰਘ ਦੇ ਅੱਗੋਂ ਤੇਰ੍ਹਾਂ ਪੁੱਤਰ ਸਨ। ਭਾਈ ਸੰਤ ਸਿੰਘ ਸਭ ਤੋਂ ਵੱਡੇ ਸਨ। ਅੱਗੋਂ ਇਸ ਪਰਿਵਾਰ ਦੇ ਹਰ ਜਣੇ ਦੀ ਔਲਾਦ ਚਲੀ ਸੀ ਤੇ ਹੁਣ ਇਹ ਇਕ ਬੜਾ ਹੀ ਵੱਡਾ ਪਰਿਵਾਰ ਹੈ ਅਤੇ ਕਈ ਪਾਸੀਂ ਫੈਲਿਆ ਹੋਇਆ ਹੈ।

ਭਾਈ ਮਨੀ ਸਿੰਘ ਨੇ ਆਪਣੇ ਦਸਾਂ ਵਿਚੋਂ ਪੰਜ ਪੁੱਤਰ ਗੁਰੂ ਦੀ ਭੇਟ ਚੜ੍ਹਾਏ ਹੋਏ ਸਨ। ਇਹ ਸਨ: ਅਜਬ ਸਿੰਘ ਅਜਾਇਬ ਸਿੰਘ, ਅਨਕ ਸਿੰਘ, ਬਚਿਤਰ ਸਿੰਘ, ਉਦੈ ਸਿੰਘ। ਪਰ ਅਕਾਲ ਪੁਰਖ ਦਾ ਹੁਕਮ ਦੇਖੋ ਇਨ੍ਹਾਂ ਪੰਜਾਂ ਤੋਂ ਇਲਾਵਾ ਭਾਈ ਬਚਿਤਰ ਸਿੰਘ, ਭਾਈ ਗੁਰਬਖ਼ਸ਼ ਸਿੰਘ ਅਤੇ ਇਹ ਭਾਈ ਭਗਵਾਨ ਸਿੰਘ ਵੀ ਪੰਥ ਵਾਸਤੇ ਸ਼ਹੀਦੀਆਂ ਪਾ ਗਏ।

ਜਦੋਂ 1689 ਵਿਚ ਗੁਰੂ ਸਾਹਿਬ ਨੇ ਅਨੰਦਪੁਰ ਨਗਰੀ ਦੇ ਆਲੇ ਦੁਆਲੇ ਪੰਜ ਕਿਲ੍ਹੇ ਬਣਾਉਣੇ ਸ਼ੁਰੂ ਕੀਤੇ ਤਾਂ ਉਨ੍ਹਾਂ ਨੇ ਸਹੋਟਾ ਪਿੰਡ ਦੀ ਹੱਦ ਵਿਚ ਤਿਆਰ ਹੋ ਰਹੇ ਇਸ ਫ਼ਤਹਿਗੜ੍ਹ ਕਿਲ੍ਹਾ ਦੀ ਜਥੇਦਾਰੀ ਭਾਈ ਭਗਵਾਨ ਸਿੰਘ ਨੂੰ ਸੌਂਪੀ। ਸੰਨ 1700 ਤਕ ਇਸ ਕਿਲ੍ਹੇ ਦੀਆਂ ਅਜੇ ਤਿੰਨ ਬਾਹੀਆਂ ਹੀ ਤਿਆਰ ਹੋਈਆਂ ਸਨ। ਇਸ ਦੀ ਅਨੰਦਪੁਰ ਵਾਲੇ ਪਾਸੇ (ਕੇਸਗੜ੍ਹ ਸਾਹਿਬ ਵੱਲ ਦੀ) ਦੀਵਾਰ ਅਜੇ ਪੂਰੀ ਨਹੀਂ ਹੋਈ ਸੀ।

29 ਅਗਸਤ 1700 ਦੇ ਦਿਨ ਅਜਮੇਰ ਚੰਦ ਦੀਆਂ ਫ਼ੌਜਾਂ ਨੇ ਤਾਰਾਗੜ੍ਹ ਕਿਲ੍ਹੇ ਵਿਚ ਹਾਰ ਖਾਣ ਮਗਰੋਂ ਅਗਲੇ ਦਿਨ 30 ਅਗਸਤ ਦੀ ਸਵੇਰ ਵੇਲੇ ਇਸ ਕਿਲ੍ਹੇ 'ਤੇ ਹਮਲਾ ਕਰ ਦਿੱਤਾ। ਇਕ ਪਾਸਿਓਂ ਕਿਲ੍ਹਾ ਨੰਗਾ ਹੋਣ ਕਰਕੇ ਸਿੰਘਾਂ ਨੂੰ ਖੁਲ੍ਹੇ ਮੈਦਾਨ ਵਾਂਗ ਟਾਕਰਾ ਕਰਨਾ ਪਿਆ। ਉਸ ਦਿਨ ਸਤ-ਅੱਠ ਘੰਟੇ (ਢਾਈ ਪਹਿਰ) ਬੜੀ ਘਮਸਾਨ ਦੀ ਲੜਾਈ ਹੋਈ। ਇਹ ਜੰਗ ਉਦੋਂ ਤਕ ਹੁੰਦੀ ਰਹੀ ਜਦੋਂ ਤਕ ਸੂਰਜ ਛੁੱਪ ਨਾ ਗਿਆ। ਇਸ ਲੜਾਈ ਵਿਚ ਅਜਮੇਰ ਚੰਦ ਦੀ ਫ਼ੌਜ ਦਾ ਬਹੁਤ ਨੁਕਸਾਨ ਹੋਇਆ ਪਰ ਇਸ ਦੇ ਨਾਲ ਹੀ ਕਈ ਸਿੱਖਾਂ ਨੇ ਵੀ ਸ਼ਹੀਦੀਆਂ ਪਾਈਆਂ। ਸ਼ਹੀਦ ਹੋਣ ਵਾਲਿਆਂ ਵਿਚ ਜੱਥੇਦਾਰ ਭਾਈ ਭਗਵਾਨ ਸਿੰਘ, ਭਾਈ ਜਵਾਹਰ ਸਿੰਘ ਤੇ ਭਾਈ ਨੰਦ ਸਿੰਘ ਵੀ ਸਨ। ਇਸ ਸਬੰਧੀ ਇਕ ਇੰਦਰਾਜ ਭੱਟ ਵਹੀਆਂ ਵਿਚ ਇੰਞ ਮਿਲਦਾ ਹੈ।

"ਭਗਵਾਨ ਸਿੰਘ ਬੇਟਾ ਮਨੀ ਸਿੰਘ ਕਾ, ਪੋਤਾ ਮਾਈ ਦਾਸ ਕਾ......ਸਾਲ ਸਤਰਾਂ ਸੈ ਸਤਵੰਜਾ ਭਾਦਵਾ ਪ੍ਰਵਿਸ਼ਟੇ ਤੀਸ, ਗੁਰੂਵਾਰ ਕੇ ਦਿਹੁੰ, ਗੁਰੂ ਕਾ ਬਚਨ ਪਾਇ ਕਿਲ੍ਹਾ ਫਤੇਗੜ੍ਹ, ਪਰਗਨਾ ਸਹੋਟਾ, ਕੇ ਮਲਹਾਨ ਸਾਮ੍ਹੇ ਮਾਥੇ ਜੂਝ ਕਰ ਮਰੇ। ਆਗੇ ਗੁਰੂ ਭਾਣੇ ਕਾ ਖਾਬਿੰਦ, ਗੁਰੂ ਕੀ ਗਤ ਗੁਰੂ ਜਾਣੇ।"

(ਭੱਟ ਵਹੀ ਜਦੋਬੰਸੀਆਂ ਕੀ, ਖਾਤਾ ਬੜਤੀਏ ਕਨਉਂਤੋਂ ਕਾ)

ਹੋਰ ਤਫ਼ਸੀਲ ਵਾਸਤੇ ਦੇਖੋ : 'ਭਾਈ ਭਗਵਾਨ ਸਿੰਘ ਦਾ ਕੁਰਸੀਨਾਮਾ।'

ਭਾਈ ਜਵਾਹਰ ਸਿੰਘ

ਭਾਈ ਜਵਾਹਰ ਸਿੰਘ ਨੇ 30 ਅਗਸਤ 1700 ਦੇ ਦਿਨ ਕਿਲ੍ਹਾ ਫ਼ਤਹਿਗੜ੍ਹ, ਅਨੰਦਪੁਰ ਸਾਹਿਬ ਦੇ ਬਾਹਰ ਹੋਈ ਲੜਾਈ ਵਿਚ ਸ਼ਹੀਦੀ ਜਾਮ ਪੀਤਾ ਸੀ।

ਭਾਈ ਜਵਾਹਰ ਸਿੰਘ ਭਾਈ ਲੱਖੀ ਰਾਏ ਵਣਜਾਰਾ ਦੇ ਪੁੱਤਰ, ਭਾਈ ਗੋਧੂ ਦੇ ਪੋਤੇ ਅਤੇ ਭਾਈ ਠਾਕਰ ਦੇ ਪੜਪੋਤੇ ਸਨ। ਭਾਈ ਲੱਖੀ ਰਾਏ ਵਣਜਾਰਾ ਦੇ ਅੱਠ ਪੁੱਤਰ ਅਤੇ ਇਕ ਧੀ ਸੀ। ਜਵਾਹਰ ਸਿੰਘ ਇਨ੍ਹਾਂ ਅੱਠਾਂ ਵਿਚੋਂ ਸਭ ਤੋਂ ਛੋਟਾ ਸੀ। ਭਾਈ ਲੱਖੀ ਰਾਏ ਦੀ ਇਕੋ-ਇਕ ਧੀ ਬੀਬੀ ਸੀਤੋ ਬਾਈ (ਅੰਮ੍ਰਿਤ ਛੱਕਣ ਮਗਰੋਂ ਬਸੰਤ ਕੌਰ) ਦਾ ਵਿਆਹ ਭਾਈ ਮਨੀ ਸਿੰਘ ਨਾਲ ਹੋਇਆ ਸੀ। ਇੰਞ ਭਾਈ ਜਵਾਹਰ ਸਿੰਘ ਭਾਈ ਮਨੀ ਸਿੰਘ ਦੇ ਸੱਕੇ ਸਾਲੇ ਵੀ ਸਨ। ਇਹ ਭਾਈ ਲਖੀ ਰਾਏ ਵਣਜਾਰਾ ਉਹੀ ਸਨ ਜਿਨ੍ਹਾਂ ਨੇ 12 ਨਵੰਬਰ 1675 ਦੇ ਦਿਨ ਗੁਰੂ ਤੇਗ ਬਹਾਦਰ ਸਾਹਿਬ ਦੇ ਧੜ ਦਾ ਸਸਕਾਰ ਆਪਣੇ ਘਰ ਨੂੰ ਅੱਗ ਦੇ ਬੁਰਦ ਕਰ ਕੇ ਕੀਤਾ ਸੀ। ਗੁਰੂ ਸਾਹਿਬ ਦਾ ਧੜ ਚਾਂਦਨੀ ਚੌਂਕ ਤੋਂ ਲਿਆਉਣ ਵਾਸਤੇ ਭਾਈ ਲੱਖੀ ਰਾਏ ਅਤੇ ਉਸ ਦੇ ਤਿੰਨੇ ਵੱਡੇ ਪੁੱਤਰ, ਭਾਈ ਨਗਾਹੀਆ (ਸਿੰਘ), ਭਾਈ ਹੇਮਾ (ਹੇਮ ਸਿੰਘ) ਤੇ ਭਾਈ ਹਾੜੀ (ਹਾੜਾ ਸਿੰਘ) ਆਪਣੇ ਗੱਡਿਆਂ ਦਾ ਟਾਂਡਾ ਲੈ ਕੇ ਗਏ ਸਨ।

ਭਾਈ ਲੱਖੀ ਰਾਏ ਯਾਦਵ-ਰਾਜਪੂਤ ਸਨ। ਉਹ ਇਕ ਬੜੇ ਵੱਡੇ ਵਣਜਾਰੇ (ਵਪਾਰੀ) ਸਨ ਤੇ ਉਨ੍ਹਾਂ ਕੋਲ ਬੜੀ ਦੌਲਤ ਸੀ। ਇਹ ਪਰਿਵਾਰ ਗੁਰੂ ਘਰ ਨਾਲ ਬੜੀ ਦੇਰ ਤੋਂ ਜੁੜਿਆ ਹੋਇਆ ਸੀ।

ਭਾਈ ਲਖੀ ਰਾਏ ਦੇ ਵੱਡੇ ਭਰਾ ਭਾਈ ਕੀਰਤ ਦਾ ਪੁੱਤਰ ਭਾਈ ਗੁਰਦਾਸ ਗੁਰੂ ਤੇਗ ਬਹਾਦਰ ਸਾਹਿਬ ਦੇ ਨਾਲ ਕਾਫ਼ੀ ਦੇਰ ਰਿਹਾ ਸੀ ਅਤੇ ਜਦੋਂ ਅਕਤੂਬਰ 1665 ਵਿਚ ਗੁਰੂ ਸਾਹਿਬ ਨੂੰ ਧਮਤਾਨ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਤਾਂ ਭਾਈ ਕੀਰਤ ਬੜ੍ਹਤੀਆ ਦਾ ਇਹ ਪੁੱਤਰ ਗੁਰਦਾਸ ਵੀ ਗੁਰੂ ਸਾਹਿਬ ਦੇ ਨਾਲ ਹੀ ਸੀ। ਉਹ ਵੀ ਗੁਰੂ ਸਾਹਿਬ ਦੇ ਨਾਲ ਤਕਰੀਬਨ ਦੋ ਮਹੀਨੇ ਬੰਦੀ-ਖਾਨੇ ਵਿਚ ਰਿਹਾ ਸੀ।

30 ਅਗਸਤ ਦੇ ਦਿਨ ਜਦੋਂ ਅਜਮੇਰ ਚੰਦ ਨੇ ਕਿਲ੍ਹਾ ਫ਼ਤਹਿਗੜ੍ਹ 'ਤੇ ਹਮਲਾ ਕੀਤਾ ਤਾਂ ਭਾਈ ਜਵਾਹਰ ਸਿੰਘ ਨੇ ਹੋਰਾਂ ਨਾਲ ਮਿਲ ਕੇ ਹਮਲਾਵਰਾਂ ਦਾ ਖ਼ੂਬ ਟਾਕਰਾ ਕੀਤਾ। ਸੱਤ-ਅੱਠ ਘੰਟੇ ਦੀ ਇਸ ਲੜਾਈ ਵਿਚ ਉਸ ਨੇ ਕਈ ਪਹਾੜੀ ਸਿਪਾਹੀ ਮਾਰ ਮੁਕਾਏ ਤੇ ਅਖ਼ੀਰ ਆਪ ਵੀ ਸ਼ਹੀਦ ਹੋ ਗਏ। ਭਾਈ ਜਵਾਹਰ ਸਿੰਘ ਬਾਰੇ ਉਨ੍ਹਾਂ ਦੀ

ਖ਼ਾਨਦਾਨੀ ਵਹੀ ਵਿਚ ਇਹ ਇੰਦਰਾਜ ਮਿਲਦਾ ਹੈ:

"......*ਜਵਾਹਰ ਸਿੰਘ ਬੇਟਾ ਲਖੀਏ ਕਾ*, ਪੋਤਾ ਗੋਧੂ ਕਾ, ਬੜ੍ਹਤੀਆ ਕਨਾਵਤ......ਸਾਲ ਸਤਰਾਂ ਸੈ ਸਤਵੰਜਾ, ਭਾਦਵਾਂ ਪ੍ਰਵਿਸ਼ਟੇ ਤੀਸ, ਗੁਰੂਵਾਰ ਕੇ ਦਿਹੁੰ, ਗੁਰੂ ਕਾ ਬਚਨ ਪਾਇ ਕਿਲ੍ਹਾ ਫਤਿਹਗੜ੍ਹ, ਪਰਗਨਾ ਸਹੋਟਾ ਕੇ ਮਲਹਾਨ ਸਾਮ੍ਹੇ ਮਾਥੇ ਜੂਝ ਕਰ ਮਰੇ, ਆਗੇ ਗੁਰੂ ਭਾਣੇ ਕਾ ਖਾਵਿੰਦ। ਗੁਰੂ ਕੀ ਗਤਿ ਗੁਰੂ ਜਾਨੇ।"

(ਭਟ ਵਹੀ ਜਦੋਬੰਸੀਆਂ ਕੀ, ਖਾਤਾ ਬੜ੍ਹਤੀਏ ਕਨਾਉਤੋਂ ਕਾ)

ਹੋਰ ਤਫ਼ਸੀਲ ਵਾਸਤੇ ਦੇਖੋ: ਭਾਈ ਲੱਖੀ ਰਾਏ ਵਣਜਾਰਾ ਦਾ ਕੁਰਸੀਨਾਮਾ।

ਭਾਈ ਨੰਦ ਸਿੰਘ

ਭਾਈ ਨੰਦ ਸਿੰਘ ਨੇ 30 ਅਗਸਤ 1700 ਦੇ ਦਿਨ ਕਿਲ੍ਹਾ ਫ਼ਤਹਿਗੜ੍ਹ ਅਨੰਦਪੁਰ ਸਾਹਿਬ, ਦੇ ਬਾਹਰ ਲੜਦਿਆਂ ਸ਼ਹੀਦੀ ਜਾਮ ਪੀਤਾ ਸੀ।

ਭਾਈ ਨੰਦ ਸਿੰਘ ਭਾਈ ਆਲਿਮ ਸਿੰਘ ਪਰਮਾਰ ਦੇ ਪੁੱਤਰ, ਭਾਈ ਦਰੀਆ ਦੇ ਪੋਤੇ ਤੇ ਭਾਈ ਮੂਲਾ ਦੇ ਪੜਪੋਤੇ ਸਨ। (ਭਾਈ ਦਰੀਆ ਭਾਈ ਮਨੀ ਸਿੰਘ ਦੇ ਦਾਦੇ ਸ਼ਹੀਦ ਭਾਈ ਬੱਲੂ ਦਾ ਛੋਟਾ ਭਰਾ ਸੀ)।

ਭਾਈ ਦਰੀਆ ਦਾ ਪਰਿਵਾਰ ਵੀ ਭਾਈ ਬੱਲੂ ਵਾਂਗ ਗੁਰੂ ਅਰਜਨ ਸਾਹਿਬ ਦੇ ਵੇਲੇ ਤੋਂ ਹੀ ਸਿੱਖ ਪੰਥ ਨਾਲ ਜੁੜਿਆ ਹੋਇਆ ਸੀ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਫ਼ੌਜ ਬਣਾਈ ਸੀ ਉਦੋਂ ਇਸ ਪਰਿਵਾਰ ਦੇ ਬਹੁਤ ਸਾਰੇ ਜਣੇ ਇਸ ਵਿਚ ਸ਼ਾਮਿਲ ਹੋਏ ਸਨ। ਭਾਈ ਦਰੀਆ ਆਪ ਵੀ ਗੁਰੂ ਹਰਿਗੋਬਿੰਦ ਸਾਹਿਬ ਦੇ ਬਹੁਤ ਨਜ਼ਦੀਕੀ ਸਾਥੀਆਂ ਵਿਚੋਂ ਇਕ ਸਨ। ਉਹ ਗੁਰੂ ਸਾਹਿਬ ਕੋਲ ਗੁਰੂ ਦਾ ਚੱਕ (ਅੰਮ੍ਰਿਤਸਰ) ਅਤੇ ਕੀਰਤਪੁਰ ਸਾਹਿਬ ਵਿਚ ਅਕਸਰ ਰਿਹਾ ਕਰਦੇ ਸੀ।

ਗੁਰੂ ਹਰਿਗੋਬਿੰਦ ਸਾਹਿਬ ਦੇ ਜੋਤੀ ਜੋਤ ਸਮਾਉਣ ਮਗਰੋਂ ਭਾਈ ਦਰੀਆ ਗੁਰੂ ਹਰਿ ਰਾਇ ਸਾਹਿਬ ਦੇ ਵੀ ਨੇੜੇ ਰਹੇ ਸਨ। ਜਦੋਂ ਗੁਰੂ ਸਾਹਿਬ ਨੇ ਰਾਮ ਰਾਇ ਨੂੰ ਔਰੰਗਜ਼ੇਬ ਦੇ ਬੁਲਾਵੇ 'ਤੇ ਦਿੱਲੀ ਭੇਜਿਆ ਤਾਂ ਉਨ੍ਹਾਂ ਨੇ ਨਾਲ ਹੀ ਭਾਈ ਦਰੀਆ ਨੂੰ

ਵੀ ਭੇਜਿਆ ਸੀ। ਇਸ ਮਗਰੋਂ ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਦਿੱਲੀ ਗਏ ਤਾਂ ਵੀ ਭਾਈ ਦਰੀਆ ਉਨ੍ਹਾਂ ਦੇ ਨਾਲ ਸੀ। ਯਾਨਿ ਭਾਈ ਦਰੀਆ ਤਿੰਨ ਗੁਰੂ ਸਾਹਿਬਾਨ ਦੇ ਖ਼ਾਸ ਦਰਬਾਰੀ ਸਿੱਖਾਂ ਵਿਚੋਂ ਇਕ ਸਨ।

ਭਾਈ ਦਰੀਆ ਦੇ 9 ਪੁੱਤਰ ਸਨ। ਇਨ੍ਹਾਂ ਵਿਚੋਂ ਭਾਈ ਆਲਿਮ ਸਿੰਘ ਸਭ ਤੋਂ ਵੱਡਾ ਸੀ ਤੇ ਭਾਈ ਤੁਲਸਾ ਸਿੰਘ ਸਭ ਤੋਂ ਛੋਟਾ। ਇਹ ਸਾਰੇ ਨੌਂ ਦੇ ਨੌਂ ਹੀ ਗੁਰੂ ਦਰਬਾਰ ਵਿਚ ਅਕਸਰ ਹਾਜ਼ਿਰ ਹੁੰਦੇ ਰਹਿੰਦੇ ਸਨ। ਇਨ੍ਹਾਂ ਵਿਚੋਂ ਭਾਈ ਆਲਮ ਸਿੰਘ ਤੇ ਭਾਈ ਗੋਕਲ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਫ਼ੌਜ ਵਿਚ ਵੀ ਸ਼ਾਮਿਲ ਸਨ। ਭਾਈ ਆਲਿਮ ਸਿੰਘ ਨੇ ਖ਼ੁਦ ਪਹਿਲੀ ਸਤੰਬਰ 1700 ਦੇ ਦਿਨ ਕਿਲ੍ਹਾ ਲੋਹਗੜ੍ਹ ਦੇ ਬਾਹਰ ਸ਼ਹੀਦੀ ਜਾਮ ਪੀਤਾ ਸੀ। ਇੰਞ ਹੀ ਭਾਈ ਗੋਕਲ ਸਿੰਘ ਵੀ 14 ਅਕਤੂਬਰ 1700 ਦੇ ਦਿਨ ਨਿਰਮੋਹਗੜ੍ਹ ਵਿਚ ਸ਼ਹੀਦ ਹੋਏ ਸਨ।

ਭਾਈ ਆਲਿਮ ਸਿੰਘ ਦੇ ਅੱਗੋਂ 13 ਪੁੱਤਰ ਸਨ। ਇਨ੍ਹਾਂ ਵਿਚੋਂ ਵੀ ਕਈ ਜਵਾਨ ਖ਼ਾਲਸਾ ਫ਼ੌਜਾਂ ਵਿਚ ਸ਼ਾਮਿਲ ਸਨ। ਭਾਈ ਆਲਿਮ ਸਿੰਘ ਦੇ 13 ਪੁੱਤਰਾਂ ਵਿਚੋਂ ਸਭ ਤੋਂ ਵੱਡਾ ਹੁਕਮ ਸਿੰਘ ਸੀ ਤੇ ਸਭ ਤੋਂ ਛੋਟਾ ਭਾਈ ਗੁਲਜ਼ਾਰ ਸਿੰਘ। 30 ਅਗਸਤ ਦੇ ਦਿਨ ਫ਼ਤਹਿਗੜ੍ਹ ਵਿਚ ਸ਼ਹੀਦ ਹੋਣ ਵਾਲਾ ਭਾਈ ਨੰਦ ਸਿੰਘ ਭਾਈ ਆਲਿਮ ਸਿੰਘ ਦਾ ਯਾਰ੍ਹਵਾਂ ਪੁੱਤਰ ਸੀ। ਉਸ ਤੋਂ ਛੋਟਾ ਜੀਤ ਸਿੰਘ ਅਤੇ ਸਭ ਤੋਂ ਛੋਟਾ ਗੁਲਜ਼ਾਰ ਸਿੰਘ ਸੀ। ਇਹ ਭਾਈ ਗੁਲਜ਼ਾਰ ਸਿੰਘ, ਮਗਰੋਂ, 24 ਜੂਨ 1734 ਦੇ ਦਿਨ ਭਾਈ ਮਨੀ ਸਿੰਘ ਨਾਲ ਲਾਹੌਰ ਵਿਚ ਸ਼ਹੀਦ ਹੋਇਆ ਸੀ। ਭਾਈ ਗੁਲਜ਼ਾਰ ਸਿੰਘ ਦੀ ਪੁੱਠੀ ਖੱਲ ਲਾਹ ਕੇ ਉਸ ਨੂੰ ਸ਼ਹੀਦ ਕੀਤਾ ਗਿਆ ਸੀ।

ਭਾਈ ਨੰਦ ਸਿੰਘ ਦੀ ਸ਼ਹੀਦੀ ਦਾ ਜ਼ਿਕਰ ਜਦੋਬੰਸੀਆਂ ਦੀ ਭੱਟ ਵਹੀ ਵਿਚ ਇੰਞ ਮਿਲਦਾ ਹੈ।

"........ਨੰਦ ਸਿੰਘ ਬੇਟਾ ਆਲਮ ਸਿੰਘ ਕਾ, ਪੋਤਾ ਦਰੀਆ ਕਾ...ਪੁਆਰ ਜਲਹਾਨਾ ਆਦਿ.....ਸਾਲ ਸਤਰਾਂ ਸੈ ਸਤਵੰਜਾ ਭਾਦਵਾ ਪ੍ਰਵਿਸ਼ਟੇ ਤੀਸ ਗੁਰੂਵਾਰ ਕੇ ਦਿਹੁੰ, ਗੁਰੂ ਕਾ ਬਚਨ ਪਾਇ ਕਿਲ੍ਹਾ ਫ਼ਤਹਿਗੜ੍ਹ ਪਰਗਨਾ ਸਢੌਰਾ ਕੇ ਮਲਹਾਨ, ਸਾਮ੍ਹੇ ਮਾਥੇ ਜੂਝ ਕਰ ਮਰੇ। ਆਗੇ ਗੁਰੂ ਭਾਣੇ ਕਾ ਖ਼ਾਬਿੰਦ ਹੈ। ਗੁਰੂ ਕੀ ਗਤਿ ਗੁਰੂ ਜਾਨੇ।"

(ਭੱਟ ਵਹੀ ਜਦੋਬੰਸੀਆਂ ਕੀ, ਖਾਤਾ ਬੜਤੀਏ ਕਨਾਊਂਤੋਂ ਕਾ)

ਭਾਈ ਨੰਦ ਸਿੰਘ ਦਾ ਜ਼ਿਕਰ **ਭੱਟ ਵਹੀ ਸਿਰਸਮਾਂ, ਪਰਗਨਾ ਥਾਨੇਸਰ** ਦੇ ਸਫ਼ਾ 13 'ਤੇ ਵੀ ਮਿਲਦਾ ਹੈ।

ਹੋਰ ਤਫ਼ਸੀਲ ਵਾਸਤੇ ਦੇਖੋ: ਭਾਈ ਦਰੀਆ ਦਾ ਕੁਰਸੀਨਾਮਾ।

ਭਾਈ ਬਾਘ ਸਿੰਘ

ਭਾਈ ਬਾਘ ਸਿੰਘ ਨੇ 31 ਅਗਸਤ 1700 ਦੇ ਦਿਨ ਕਿਲ੍ਹਾ ਅਗੰਮਗੜ੍ਹ ਦੇ ਬਾਹਰ ਸ਼ਹੀਦੀ ਜਾਮ ਪੀਤਾ ਸੀ।

ਭਾਈ ਬਾਘ ਸਿੰਘ ਭਾਈ ਰਾਇ ਸਿੰਘ ਦੇ ਪੁੱਤਰ, ਭਾਈ ਮਾਈ ਦਾਸ ਦੇ ਪੋਤੇ ਤੇ ਸ਼ਹੀਦ ਭਾਈ ਬੱਲੂ ਦੇ ਪੜਪੋਤੇ ਸਨ। ਭਾਈ ਬਾਘ ਸਿੰਘ ਦੇ ਪਿਤਾ ਭਾਈ ਰਾਇ ਸਿੰਘ ਭਾਈ ਮਾਈਦਾਸ ਦੇ 12 ਪੁੱਤਰਾਂ ਵਿਚੋਂ ਜਾਰ੍ਹਵੇਂ ਨੰਬਰ 'ਤੇ ਸਨ। ਭਾਈ ਰਾਇ ਸਿੰਘ ਦੇ ਭਰਾ ਭਾਈ ਦਿਆਲ ਦਾਸ ਗੁਰੂ ਤੇਗ ਬਹਾਦਰ ਸਾਹਿਬ ਨਾਲ ਸ਼ਹੀਦ ਹੋ ਚੁੱਕੇ ਸਨ। ਇੰਞ ਹੀ ਉਸਦਾ ਭਾਈ ਹਠੀ ਚੰਦ 18 ਸਤੰਬਰ 1688 ਦੇ ਦਿਨ ਭੰਗਾਣੀ ਵਿਚ ਸ਼ਹੀਦ ਹੋ ਚੁੱਕਾ ਸੀ। ਮਗਰੋਂ ਉਸ ਦੇ ਦੋ ਭਰਾ ਭਾਈ ਮਨੀ ਸਿੰਘ 'ਤੇ ਭਾਈ ਜਗਤ ਸਿੰਘ 24 ਜੂਨ 1734 ਦੇ ਦਿਨ ਸ਼ਹੀਦ ਹੋਏ ਸਨ। ਉਸ ਦਾ ਇਕ ਭਰਾ ਭਾਈ ਲਹਿਣਾ 1696 ਵਿਚ ਗੁਲੇਰ ਵਿਚ ਸ਼ਹੀਦ ਹੋਇਆ ਸੀ। ਭਾਈ ਜੇਠਾ ਸਿੰਘ 1711 ਵਿਚ ਆਲੋਵਾਲ ਵਿਚ ਸ਼ਹੀਦ ਕੀਤਾ ਗਿਆ ਸੀ। ਭਾਈ ਰਾਇ ਸਿੰਘ ਆਪ ਗੁਰੂ ਸਾਹਿਬ ਦੇ ਖ਼ਾਸ ਦਰਬਾਰੀਆਂ ਵਿਚੋਂ ਇਕ ਸੀ। ਉਹ 1705 ਦੀ ਮਾਰਚ ਤਕ ਗੁਰੂ ਸਾਹਿਬ ਕੋਲ ਅਨੰਦਪੁਰ ਸਾਹਿਬ ਵਿਚ ਰਹੇ ਸੀ ਤੇ ਅਖੀਰ ਗੁਰੂ ਸਾਹਿਬ ਵਲੋਂ ਹੁਕਮ ਹੋਣ ਮਗਰੋਂ ਲਾਹੌਰ ਦੇ ਨੇੜੇ ਮਰਲ੍ਹ-ਮਾੜੀ ਪਿੰਡ ਵਿਚ ਜਾ ਕੇ ਰਹਿਣ ਲੱਗ ਪਏ ਸਨ। ਮਗਰੋਂ ਰਾਇ ਸਿੰਘ ਆਪ ਵੀ ਦੋਹਾਂ ਪੁੱਤਰਾਂ, ਭਾਈ ਮਹਾਂ ਸਿੰਘ ਤੇ ਭਾਈ ਸੀਤਲ ਸਿੰਘ ਸਣੇ, ਮਾਝੇ ਦੇ ਸਿੰਘਾਂ ਦੀ ਟੁੱਟੀ ਗੰਢਵਾਉਣ ਮਗਰੋਂ 29 ਦਸੰਬਰ 1705 ਦੇ ਦਿਨ ਖਿਦਰਾਣੇ ਦੀ ਢਾਬ ਨੇੜੇ ਸ਼ਹੀਦ ਹੋਏ ਸਨ। ਇੰਞ ਭਾਈ ਰਾਇ ਸਿੰਘ ਨੇ ਆਪ ਅਤੇ ਉਨ੍ਹਾਂ ਦੇ ਚਾਰ ਪੁੱਤਰਾਂ ਨੇ ਸ਼ਹੀਦੀ ਜਾਮ ਪੀਤੇ ਹਨ। ਭਾਈ ਰਾਏ ਸਿੰਘ ਦੇ ਚੌਥੇ ਪੁੱਤਰ ਭਾਈ ਸੁੱਖਾ ਸਿੰਘ ਪਹਿਲੀ ਸਤੰਬਰ 1700 ਦੇ ਦਿਨ ਕਿਲ੍ਹਾ ਲੋਹਗੜ੍ਹ ਅਨੰਦਪੁਰ ਸਾਹਿਬ ਵਿਚ ਸ਼ਹੀਦ ਹੋਏ ਸਨ।

31 ਅਗਸਤ 1700 ਦੇ ਦਿਨ ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਨੇ ਇਕ ਵੱਡੀ ਫ਼ੌਜ ਲੈ ਕੇ ਅਗੰਮਗੜ੍ਹ ਦੇ ਕਿਲ੍ਹੇ 'ਤੇ ਹਮਲਾ ਕਰ ਦਿੱਤਾ। ਉਹ 29 ਅਗਸਤ ਨੂੰ ਤਾਰਾਗੜ੍ਹ ਅਤੇ 30 ਅਗਸਤ ਨੂੰ ਫ਼ਤਹਿਗੜ੍ਹ ਕਿਲ੍ਹਿਆਂ 'ਤੇ ਹਮਲੇ ਕਰ ਕੇ ਬਹੁਤ ਸਾਰੇ ਸਿਪਾਹੀ ਮਰਵਾ ਕੇ ਹਾਰ ਖਾ ਚੁਕਿਆ ਸੀ। 31 ਅਗਸਤ ਨੂੰ ਅਜਮੇਰ ਚੰਦ ਦੀ ਇਕ ਵੱਡੀ ਫ਼ੌਜ ਨੇ ਅਗੰਮਗੜ੍ਹ ਕਿਲ੍ਹੇ 'ਤੇ ਹਮਲਾ ਕਰ ਦਿੱਤਾ। ਇਸ ਮੌਕੇ 'ਤੇ ਸਿੱਖਾਂ ਨੇ ਉਸ ਦਾ ਡੱਟ ਕੇ ਟਾਕਰਾ ਕੀਤਾ। ਇਹ ਲੜਾਈ 4-5 ਘੰਟੇ ਚਲਦੀ ਰਹੀ। ਬਹੁਤ ਸਾਰੇ ਬੰਦੇ

ਮਰਵਾ ਕੇ ਅਜਮੇਰ ਚੰਦ ਮੈਦਾਨ ਛੱਡ ਗਿਆ। ਇਸ ਲੜਾਈ ਵਿਚ ਬਹੁਤ ਸਾਰੇ ਪਹਾੜੀ ਹਮਲਾਵਾਰ ਮਾਰੇ ਗਏ। ਇਸ ਮੌਕੇ 'ਤੇ ਕੁਝ ਸਿੰਘ ਵੀ ਸ਼ਹੀਦ ਹੋਏ ਜਿਨ੍ਹਾਂ ਵਿਚ ਭਾਈ ਬਾਘ ਸਿੰਘ ਵੀ ਸ਼ਾਮਿਲ ਸਨ। ਭਾਈ ਬਾਘ ਸਿੰਘ ਦੀ ਸ਼ਹੀਦੀ ਦਾ ਜ਼ਿਕਰ **ਭੱਟ ਵਹੀ ਤਲਉਂਢਾ** ਵਿਚ ਇੰਞ ਮਿਲਦਾ ਹੈ:

"ਬਾਘ ਸਿੰਘ ਬੇਟਾ ਰਾਇ ਸਿੰਘ ਕਾ, ਪੋਤਾ ਮਾਈ ਦਾਸ ਕਾ......ਸਾਲ ਸਤਰਾਂ ਸੈ ਸਤਵੰਜਾ ਭਾਦਵ ਦਿਹੁੰ ਇਕੱਤੀਸ, ਸ਼ਨੀਵਾਰ ਕੇ ਦਿਵਸ, ਗੁਰੂ ਕਾ ਬਚਨ ਪਾਇ, ਕਿਲਾ ਅਗੰਮਗੜ੍ਹ, ਪਰਗਨਾ ਅਗੰਮਪੁਰਾ ਕੇ ਮਲ੍ਹਾਨ ਪਰਬਤੀ ਰਾਜਯੋਂ ਕੇ ਗੈਲ, ਡੇਢ ਪਹਿਰ ਯੁੱਧ ਕਰ ਕੇ, ਸਾਮ੍ਹੇਂ ਮਾਥੇ ਜੂਝ ਕਰ ਸੁਆਸ ਦੀਏ।"

(ਭੱਟ ਵਹੀ ਤਲਉਂਢਾ, ਪਰਗਨਾ ਜੀਂਦ, ਖਾਤਾ ਜਲ੍ਹਾਨੇ ਪੁਆਰੋਂ ਕਾ)

ਹੋਰ ਤਫ਼ਸੀਲ ਵਾਸਤੇ ਦੇਖੋ: ਭਾਈ ਰਾਇ ਸਿੰਘ ਦਾ ਕੁਰਸੀਨਾਮਾ।

ਭਾਈ ਘਰਬਾਰਾ ਸਿੰਘ

ਭਾਈ ਘਰਬਾਰਾ ਸਿੰਘ ਨੇ 31 ਅਗਸਤ 1700 ਦੇ ਦਿਨ ਕਿਲ੍ਹਾ ਅਗੰਮਗੜ੍ਹ ਦੇ ਬਾਹਰ ਸ਼ਹੀਦੀ ਹਾਸਿਲ ਕੀਤੀ ਸੀ।

ਭਾਈ ਘਰਬਾਰਾ ਸਿੰਘ ਭਾਈ ਨਾਨੂੰ ਸਿੰਘ ਦਿਲਵਾਲੀ ਦੇ ਪੁੱਤਰ, ਭਾਈ ਬਾਘਾ ਦੇ ਪੋਤੇ ਅਤੇ ਭਾਈ ਉਮੈਦਾ ਦੇ ਪੜਪੋਤੇ ਸਨ। ਇਹ ਪਰਿਵਾਰ ਛੇਵੇਂ ਪਾਤਿਸ਼ਾਹ ਤੋਂ ਹੀ ਪੰਥ ਨਾਲ ਜੁੜਿਆ ਹੋਇਆ ਸੀ। ਇਕ ਸੋਮੇ ਮੁਤਾਬਿਕ ਇਹ ਪਰਿਵਾਰ ਗੁਰੂ ਨਾਨਕ ਸਾਹਿਬ ਦੇ ਵੇਲੇ ਸਿੱਖ ਪੰਥ ਵਿਚ ਸ਼ਾਮਿਲ ਹੋਇਆ ਸੀ। ਭਾਈ ਉਮੈਦਾ ਦੇ ਪਿਤਾ ਭਾਈ ਕਲਿਆਣਾ ਗੁਰੂ ਸਾਹਿਬ ਦੇ ਦਰਬਾਰੀ ਸਿੱਖਾਂ ਵਿਚੋਂ ਸਨ। ਉਨ੍ਹਾਂ ਨੇ ਮੁਹੱਲਾ ਦਿਲਵਾਲੀ ਵਿਚ ਇਕ ਧਰਮਸਾਲਾ ਕਾਇਮ ਕੀਤੀ ਹੋਈ ਸੀ। ਇਸ ਥਾਂ 'ਤੇ ਸਿਰਫ਼ ਆਮ ਸਿੱਖ ਹੀ ਨਹੀਂ ਗੁਰੂ ਸਾਹਿਬ ਖ਼ੁਦ ਵੀ ਆ ਕੇ ਠਹਿਰਿਆ ਕਰਦੇ ਸਨ। ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਹੋਣ ਤੋਂ ਪਹਿਲੋਂ, ਤੇ ਮਗਰੋਂ ਵੀ, ਗੁਰੂ ਹਰਿਗੋਬਿੰਦ ਸਾਹਿਬ ਇਸ ਜਗ੍ਹਾ 'ਤੇ ਰਹਿ ਕੇ ਗਏ ਸਨ। 1664 ਵਿਚ, ਤੇ ਫਿਰ 1670 ਵਿਚ ਵੀ, ਗੁਰੂ ਤੇਗ ਬਹਾਦਰ ਸਾਹਿਬ ਵੀ ਇਸ ਜਗ੍ਹਾ 'ਤੇ ਆ ਕੇ ਰਹੇ ਸਨ। ਇਹ ਇਸ ਇਲਾਕੇ

ਦਾ ਸਭ ਤੋਂ ਵੱਡਾ ਪੰਥਕ ਸੈਂਟਰ ਸੀ। ਇਹ ਪਰਿਵਾਰ ਛੀਂਬਾ (ਟਾਂਕ-ਖਤਰੀ) ਬਿਰਾਦਰੀ ਨਾਲ ਸਬੰਧ ਰੱਖਦਾ ਸੀ। ਭਾਈ ਕਲਿਆਣ ਦੇ ਦੋ ਪੁੱਤਰ ਸਨ: ਭਾਈ ਉਮੈਦਾ ਤੇ ਭਾਈ ਜੈਦਾ। ਅੱਗੋਂ ਭਾਈ ਉਮੈਦਾ ਦੇ ਤਿੰਨ ਪੁੱਤਰ ਸਨ: ਭਾਈ ਬਾਘਾ, ਭਾਈ ਈਸ਼ਰ ਤੇ ਭਾਈ ਕੀਰਤ। ਅੱਗੋਂ ਭਾਈ ਬਾਘਾ ਦੇ ਚਾਰ ਪੁੱਤਰ ਸਨ: ਭਾਈ ਗੁਰਬਖ਼ਸ਼, ਭਾਈ ਤੁਲਸੀ ਰਾਇ, ਭਾਈ ਨਾਨੂੰ ਰਾਮ (ਸਿੰਘ) ਤੇ ਭਾਈ ਸੈਣਾ (ਸਿੰਘ)। ਇਨ੍ਹਾਂ ਵਿਚੋਂ ਗੁਰਬਖ਼ਸ਼ ਮਗਰੋਂ ਰਾਮ ਰਾਇ ਦਾ ਸਾਥੀ ਬਣ ਗਿਆ ਸੀ। ਭਾਈ ਤੁਲਸੀ ਰਾਇ ਗੁਰੂ ਗੋਬਿੰਦ ਸਿੰਘ ਸਾਹਿਬ ਵੇਲੇ ਦਿੱਲੀ ਦੇ ਇਲਾਕੇ ਦਾ ਮਸੰਦ ਸੀ (ਉਹ 1698 ਦੀ ਪਰਖ ਵੇਲੇ ਸੱਚੇ-ਸੁਚੇ ਮਸੰਦਾਂ ਵਿਚੋਂ ਇਕ ਸਾਬਿਤ ਹੋਇਆ ਸੀ)। ਭਾਈ ਬਾਘਾ ਦੇ ਚੋਥੇ ਪੁੱਤਰ ਭਾਈ ਸੈਣਾ ਨੂੰ "ਗੁਰ ਸੋਭਾ" ਦਾ ਲੇਖਕ ਵੀ ਮੰਨਿਆ ਜਾਂਦਾ ਹੈ।

ਭਾਈ ਨਾਨੂੰ ਸਿੰਘ ਦੇ ਦੋ ਪੁੱਤਰ ਸਨ : ਭਾਈ ਘਰਬਾਰਾ ਸਿੰਘ ਅਤੇ ਭਾਈ ਦਰਬਾਰਾ ਸਿੰਘ। ਮਗਰੋਂ ਭਾਈ ਦਰਬਾਰਾ ਸਿੰਘ ਸਿੱਖ ਫ਼ੌਜਾਂ ਦੇ ਚੀਫ਼ ਬਣੇ ਸਨ। ਆਪ ਨੇ 1734 ਵਿਚ ਚੜ੍ਹਾਈ ਕੀਤੀ ਸੀ।

31 ਅਗਸਤ 1700 ਦੇ ਦਿਨ ਅਜਮੇਰ ਚੰਦ ਦੀ ਫ਼ੌਜ ਵਲੋਂ ਕਿਲ੍ਹਾ ਅਗੰਮਗੜ੍ਹ 'ਤੇ ਕੀਤੇ ਹਮਲੇ ਵਿਚ ਬਹੁਤ ਸਾਰੇ ਪਹਾੜੀ ਸਿਪਾਹੀ ਤਾਂ ਮਾਰੇ ਹੀ ਗਏ ਸਨ ਪਰ ਇਸ ਮੌਕੇ 'ਤੇ ਕੁਝ ਸਿੰਘਾਂ ਨੇ ਵੀ ਸ਼ਹਾਦਤਾਂ ਪਾਈਆਂ ਸਨ। ਭਾਈ ਘਰਬਾਰਾ ਸਿੰਘ ਇਨ੍ਹਾਂ ਸ਼ਹੀਦਾਂ ਵਿਚੋਂ ਇਕ ਸਨ। ਆਪ ਦੀ ਸ਼ਹੀਦੀ ਦਾ ਜ਼ਿਕਰ **ਭੱਟ ਵਹੀ ਤਲਊਂਢਾ** ਵਿਚ ਇੰਵ ਮਿਲਦਾ ਹੈ:

"... ... ਘਰਬਾਰਾ ਸਿੰਘ ਬੇਟਾ ਨਾਨੂੰ ਸਿੰਘ ਕਾ, ਪੋਤਾ ਬਾਘੇ ਕਾ... ਵਾਸੀ ਦਿਲਵਾਲੀ ਆਦਿ ਸਿੱਖਾਂ ਸਾਲ ਸਤਰਾਂ ਸੈ ਸਤਵੰਜਾ ਭਾਦਵ ਦਿਹੁੰ ਇਕੱਤੀਸ ਸ਼ਨੀਵਾਰ ਕੇ ਦਿਵਸ ਗੁਰੂ ਕਾ ਬਚਨ ਪਾਇ ਕਿਲ੍ਹਾ ਅਗੰਮਗੜ੍ਹ, ਪਰਗਨਾ ਅਗੰਮਪੁਰਾ ਕੇ ਮਲਹਾਨ, ਪਰਬਤੀ ਰਾਜਯੋਂ ਕੇ ਗੈਲ, ਡੇਢ ਪਹਿਰ ਘੋਰ ਜੁੱਧ ਕਰ ਕੇ, ਸਾਮੇ ਮਾਥੇ ਜੂਝ ਕਰ ਸੁਆਸ ਦੀਏ"

(ਭੱਟ ਵਹੀ ਤਲਊਂਢਾ, ਪਰਗਨਾ ਜੀਂਦ, ਖਾਤਾ ਜਲ੍ਹਾਨੇ ਪੁਆਰੋਂ ਕਾ)

ਹੋਰ ਤਫ਼ਸੀਲ ਵਾਸਤੇ ਵੇਖੋ: ਭਾਈ ਨਾਨੂੰ ਸਿੰਘ ਦਿਲਵਾਲੀ ਦਾ ਕੁਰਸੀਨਾਮਾ।

ਭਾਈ ਕੁਸ਼ਾਲ ਸਿੰਘ

ਭਾਈ ਕੁਸ਼ਾਲ ਸਿੰਘ ਨੇ ਪਹਿਲੀ ਦਸੰਬਰ 1700 ਦੇ ਦਿਨ ਕਿਲ੍ਹਾ ਲੋਹਗੜ੍ਹ ਦੇ ਬਾਹਰ ਚਰਨ ਗੰਗਾ ਦੇ ਮੈਦਾਨ ਵਿਚ ਸ਼ਹੀਦੀ ਹਾਸਿਲ ਕੀਤੀ।

ਭਾਈ ਕੁਸ਼ਾਲ (ਖੁਸ਼ਹਾਲ) ਸਿੰਘ ਭਾਈ ਮੱਖਣ ਸ਼ਾਹ ਵਣਜਾਰੇ ਦੇ ਪੁੱਤਰ, ਭਾਈ ਦਾਸਾ ਦੇ ਪੋਤੇ ਤੇ ਭਾਈ ਅਰਥਾ ਦੇ ਪੜਪੋਤੇ ਸਨ। ਆਪ ਪੇਲੀਆ-ਲੁਬਾਣਾ ਖਾਨਦਾਨ ਨਾਲ ਸਬੰਧ ਰਖਦੇ ਸਨ। ਆਪ ਦਾ ਪਰਿਵਾਰ ਗੁਰੂ ਹਰਿ ਰਾਇ ਸਾਹਿਬ ਦੇ ਵੇਲੇ ਤੋਂ ਸਿੱਖ ਪੰਥ ਨਾਲ ਜੁੜਿਆ ਹੋਇਆ ਸੀ। 1660 ਵਿਚ ਜਦੋਂ ਗੁਰੂ ਹਰਿ ਰਾਇ ਸਾਹਿਬ ਕਸ਼ਮੀਰ ਗਏ ਤਾਂ ਭਾਈ ਮੱਖਣਸ਼ਾਹ ਦੇ ਕਾਫਲੇ ਦੇ ਨਾਲ ਹੀ ਗਏ ਸਨ। ਉਦੋਂ ਉਹ ਭਾਈ ਮੱਖਣਸ਼ਾਹ ਦੇ ਪਿੰਡ ਮੋਟਾ ਟਾਂਡਾ (ਜਿਸਨੂੰ ਮਗਰੋਂ ਟਾਂਡਾ ਲੁਬਾਣਾ ਆਖਣ ਲੱਗ ਪਏ ਸਨ।) ਵਿਖੇ ਵੀ ਠਹਿਰੇ ਸਨ।

ਮਗਰੋਂ 1664 ਵਿਚ ਗੁਰੂ ਤੇਗ ਬਹਾਦਰ ਸਾਹਿਬ ਨੂੰ ਪ੍ਰਗਟ ਕਰਨ ਦਾ ਐਲਾਨ "ਗੁਰ ਲਾਧੋ ਰੇ" ਵੀ ਉਨ੍ਹਾਂ ਨੇ ਹੀ ਕੀਤਾ ਸੀ। ਇਸ ਮਗਰੋਂ ਉਹ ਗੁਰੂ ਸਾਹਿਬ ਦੇ ਨਾਲ ਅੰਮ੍ਰਿਤਸਰ ਅਤੇ ਹੋਰ ਕਈ ਜਗ੍ਹਾ 'ਤੇ ਵੀ ਗਏ ਸਨ।

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸਾ ਪ੍ਰਗਟ ਕੀਤਾ ਤਾਂ ਭਾਈ ਮੱਖਣ ਸ਼ਾਹ ਦੇ ਤਿੰਨਾਂ ਪੁੱਤਰਾਂ ਚੰਦਾ ਸਿੰਘ, ਲਾਲ ਸਿੰਘ ਤੇ ਕੁਸ਼ਾਲ ਸਿੰਘ ਨੇ ਖੰਡੇ ਦੀ ਪਾਹੁਲ ਹਾਸਿਲ ਕੀਤੀ। ਭਾਈ ਕੁਸ਼ਾਲ ਸਿੰਘ ਤਾਂ ਗੁਰੂ ਸਾਹਿਬ ਦੀ ਫ਼ੌਜ ਵਿਚ ਵੀ ਸ਼ਾਮਿਲ ਹੋਇਆ ਸੀ। ਉਹ ਬੜਾ ਦਲੇਰ, ਬਹਾਦਰ ਤੇ ਜੰਗਜੂ ਨੌਜਵਾਨ ਸੀ। ਉਹ ਕਾਫ਼ੀ ਸਮਾਂ ਗੁਰੂ ਗੋਬਿੰਦ ਸਿੰਘ ਸਾਹਿਬ ਕੋਲ ਅਨੰਦਪੁਰ ਸਾਹਿਬ ਵਿਚ ਵੀ ਰਿਹਾ ਸੀ। ਪਹਿਲੀ ਸਤੰਬਰ 1700 ਦੇ ਦਿਨ ਜਦੋਂ ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਨੇ ਅਨੰਦਪੁਰ ਸਾਹਿਬ ਦੇ ਕਿਲ੍ਹੇ ਲੋਹਗੜ੍ਹ 'ਤੇ ਹਮਲਾ ਕਰ ਦਿੱਤਾ ਤਾਂ ਭਾਈ ਕੁਸ਼ਾਲ ਵੀ ਕਿਲ੍ਹੇ ਦੇ ਅੰਦਰ ਹੀ ਸੀ। ਇਸ ਮੌਕੇ 'ਤੇ ਹੋਈ ਲੜਾਈ ਵਿਚ ਭਾਈ ਮਨੀ ਸਿੰਘ, ਭਾਈ ਬਚਿਤਰ ਸਿੰਘ, ਭਾਈ ਉਦੈ ਸਿੰਘ, ਭਾਈ ਆਲਮ ਸਿੰਘ ਸੋਧਰੀਆ, ਭਾਈ ਆਲਮ ਸਿੰਘ ਪਰਮਾਰ ਚੋਰਬਰਦਾਰ, ਭਾਈ ਸੁੱਖਾ ਸਿੰਘ, ਭਾਈ ਕੁਸ਼ਾਲ ਸਿੰਘ ਬੜੀ ਬਹਾਦਰੀ ਨਾਲ ਲੜੇ ਤੇ ਬਹੁਤ ਸਾਰੇ ਪਹਾੜੀ ਫ਼ੌਜੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਸ਼ਾਮ ਤਕ ਪਹਾੜੀ ਫ਼ੌਜਾਂ ਸੈਂਕੜੇ ਬੰਦੇ ਮਰਵਾ ਕੇ ਭੱਜ ਗਈਆਂ।

ਇਸ ਲੜਾਈ ਦਾ ਜ਼ਿਕਰ **"ਭੱਟ ਵਹੀ ਤਲਉਢਾ"** ਵਿਚ ਇੰਞ ਲਿਖਿਆ ਮਿਲਦਾ ਹੈ:-

ਗੁਰੂ ਕਾ ਬਚਨ ਪਾਇ ਮਨੀ ਸਿੰਘ ਬੇਟਾ ਮਾਈਦਾਸ ਕਾ ਪੋਤਾ ਬੱਲੂ ਰਾਇ ਕਾ......ਬਚਿਤਰ ਸਿੰਘ ਬੇਟਾ ਮਨੀ ਸਿੰਘ ਕਾ ਉਦੈ ਸਿੰਘ ਬੇਟਾ ਮਨੀ ਸਿੰਘ ਕਾ .... ਆਲਮ ਸਿੰਘ ਬੇਟਾ ਦੁਰਗਾਦਾਸ ਕਾ ਪੋਤਾ ਪਦਮੇ ਕਾ....ਹਜਾਵਤ ਆਂਬਿਆਨਾ....ਸਾਲ ਸਤਰਾਂ ਸੈ ਸਤਵੰਜਾ ਅਸੂਜ ਪ੍ਰਵਿਸ਼ਟੇ ਪਹਿਲੀ ਰਵੀਵਾਰ ਕੇ ਦਿਹੁੰ ਕਿਲਾ ਲੋਹਗੜ੍ਹ ਪ੍ਰਗਨਾ ਮਾਖੋਵਾਲ ਸੇ ਖਾਲਸਾ ਦਲ ਕੇ ਗੈਲ ਲੈ ਚਰਨ ਗੰਗਾ ਨਦੀ ਕੇ ਮਲ੍ਹਾਨ, ਸਾਮ੍ਹੇਂ ਮਾਥੇ ਘੋਰ ਯੁੱਧ ਕੀਆ।

... ... ਆਲਮ ਸਿੰਘ ਬੇਟਾ ਦਰੀਆ ਕਾ ਪੋਤਾ ਮੂਲੇ ਕਾ.....ਜਲ੍ਹਾਨਾ, ਸੁਖਾ ਸਿੰਘ ਬੇਟਾ ਰਾਇ ਸਿੰਘ ਕਾ ਪੋਤਾ ਮਾਈਦਾਸ ਕਾ, *ਕੁਸ਼ਾਲ ਸਿੰਘ ਬੇਟਾ ਮੱਖਣਸ਼ਾਹ ਕਾ ਪੋਤਾ ਦਾਸੇ ਕਾ-ਪੋਲੀਆ ਬਣਜਾਰਾ, ਰਣ ਮੇਂ ਜੂਝ ਕਰ ਮਰੇ।* ਆਗੇ ਗੁਰੂ ਭਾਣੇ ਕਾ ਖਾਬਿੰਦ ਹੈ। ਗੁਰੂ ਕੀ ਗਤਿ ਗੁਰੂ ਜਾਣੇ।

(ਭੱਟ ਵਹੀ ਤਲਉਂਢਾ ਜੀਂਦ, ਖਾਤਾ ਜਲਹਾਨੋਂ ਕਾ)

ਭਾਈ ਮੱਖਣਸ਼ਾਹ ਲੁਬਾਣਾ ਪਿੰਡ ਟਾਂਡਾ ਲੁਬਾਣਾ (ਮੁਜ਼ੱਫ਼ਰਾਬਾਦ ਕਸ਼ਮੀਰ) ਦੇ ਰਹਿਣ ਵਾਲੇ ਸਨ। ਇਹ ਪਿੰਡ ਮੁਜ਼ੱਫ਼ਰਾਬਾਦ ਤੋਂ 18 ਮੀਲ (ਤਕਰੀਬਨ 28 ਕਿਲੋਮੀਟਰ) ਦੂਰ ਹੈ। ਕਈ ਥਾਂਈਂ ਇਸ ਨੂੰ ਮੋਟਾ ਟਾਂਡਾ ਵੀ ਲਿਖਿਆ ਮਿਲਦਾ ਹੈ। ਉਸ ਵੇਲੇ ਇਹ ਇਕ ਵੱਡਾ ਟਾਂਡਾ ਸੀ ਤੇ ਇਸ ਕਰ ਕੇ ਹੀ ਇਸ ਨੂੰ "ਮੋਟਾ (ਵੱਡਾ) ਟਾਂਡਾ" ਵੀ ਆਖਦੇ ਹੋਣਗੇ।

ਹੋਰ ਤਫ਼ਸੀਲ ਵਾਸਤੇ ਵੇਖੋ: "ਭਾਈ ਮੱਖਣ ਸ਼ਾਹ ਲੁਬਾਣਾ ਦਾ ਕੁਰਸੀਨਾਮਾ।"

ਭਾਈ ਆਲਿਮ ਸਿੰਘ ਚੌਰ-ਬਰਦਾਰ

ਭਾਈ ਆਲਿਮ ਸਿੰਘ ਨੇ ਪਹਿਲੀ ਸਤੰਬਰ 1700 ਦੇ ਦਿਨ ਕਿਲ੍ਹਾ ਲੋਹਗੜ੍ਹ ਦੇ ਬਾਹਰ ਜੂਝਦਿਆਂ ਸ਼ਹੀਦੀ ਹਾਸਿਲ ਕੀਤੀ ਸੀ।

ਭਾਈ ਆਲਿਮ ਸਿੰਘ ਭਾਈ ਦਰੀਆ ਦੇ ਸਪੁੱਤਰ, ਭਾਈ ਮੂਲਾ ਦੇ ਪੋਤੇ ਤੇ ਭਾਈ ਰਾਓ ਦੇ ਪੜਪੋਤੇ ਸਨ। ਆਪ ਪਰਮਾਰ-ਰਾਜਪੂਤ ਖ਼ਾਨਦਾਨ ਨਾਲ ਸਬੰਧ ਰੱਖਦੇ ਸਨ। ਭਾਈ ਆਲਿਮ ਸਿੰਘ ਦੇ ਪਿਤਾ ਭਾਈ ਦਰੀਆ ਭਾਈ ਮਨੀ ਸਿੰਘ ਦੇ ਦਾਦਾ ਸ਼ਹੀਦ

ਭਾਈ ਬੱਲੂ ਦੇ ਭਰਾ ਸਨ। ਭਾਈ ਦਰੀਆ ਗੁਰੂ ਹਰਿ ਰਾਇ ਸਾਹਿਬ ਤੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੇ ਬੜੇ ਨਜ਼ਦੀਕੀ ਸਨ। ਭਾਈ ਆਲਿਮ ਸਿੰਘ ਭਾਈ ਦਰੀਆ ਦੇ ਨੌਂ ਪੁੱਤਰਾਂ ਵਿਚੋਂ ਸਭ ਤੋਂ ਵੱਡੇ ਸਨ।

ਭਾਈ ਆਲਿਮ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰ 'ਚ ਅਹਿਮ ਥਾਂ ਰਖਦੇ ਸਨ। ਆਪ ਗੁਰੂ ਸਾਹਿਬ ਦੇ ਚੌਰ ਬਰਦਾਰ ਸਨ। ਆਪ ਆਪਣਾ ਬਹੁਤ ਵਕਤ ਗੁਰੂ ਸਾਹਿਬ ਦੇ ਨਾਲ ਹੀ ਬਿਤਾਇਆ ਕਰਦੇ ਸਨ। ਭਾਈ ਆਲਿਮ ਸਿੰਘ ਭਾਵੇਂ ਪਕੇਰੀ ਉਮਰ ਦੇ ਸਨ ਪਰ ਫਿਰ ਵੀ ਉਨ੍ਹਾਂ ਵਿਚ ਇਕ ਨੌਜਵਾਨ ਵਰਗੀ ਫ਼ੁਰਤੀ ਸੀ ਤੇ ਜੋਧਿਆਂ ਵਾਲੀ ਦਲੇਰੀ ਸੀ। ਉਹ ਇਕ ਬਹਾਦਰ ਤੇ ਹਿੰਮਤੀ ਸ਼ਖ਼ਸ ਸਨ।

ਅਗਸਤ 1700 ਦੇ ਅਖੀਰ ਵਿਚ ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਨੇ ਅਨੰਦਪੁਰ ਸਾਹਿਬ 'ਤੇ ਹਮਲਾ ਕਰ ਦਿੱਤਾ। ਤਿੰਨ ਦਿਨ ਦੀ ਹਾਰ ਪਿਛੋਂ ਉਸ ਨੇ ਚੌਥੇ ਦਿਨ ਪਹਿਲੀ ਸਤੰਬਰ ਨੂੰ ਚੌਥੇ ਕਿਲ੍ਹੇ ਲੋਹਗੜ੍ਹ 'ਤੇ ਹਮਲਾ ਕੀਤਾ। ਲੋਹਗੜ੍ਹ ਕਿਲ੍ਹੇ ਦਾ ਦਰਵਾਜ਼ਾ ਬੜਾ ਮਜ਼ਬੂਤ ਸੀ। ਇਸ ਦਰਵਾਜ਼ੇ ਨੂੰ ਤੋੜਨ ਵਾਸਤੇ ਪਹਾੜੀ ਫ਼ੌਜਾਂ ਨੇ ਇਕ ਹਾਥੀ ਲਿਆਂਦਾ ਅਤੇ ਉਸ ਨੂੰ ਸ਼ਰਾਬੀ ਕਰ ਕੇ ਕਿਲ੍ਹੇ ਦੇ ਦਰਵਾਜ਼ੇ ਵੱਲ ਭੇਜਿਆ। ਏਨੇ ਚਿਰ ਵਿਚ ਸਿੱਖ ਕਿਲ੍ਹੇ 'ਚੋਂ ਬਾਹਰ ਨਿਕਲ ਕੇ ਹਾਥੀ ਵਲ, ਚਰਨ ਗੰਗਾ ਦੇ ਮੈਦਾਨ ਵੱਲ ਵਧੇ, ਭਾਈ ਬਚਿਤਰ ਸਿੰਘ ਨੇ ਨਾਗਨੀ ਬਰਛੇ ਨਾਲ ਉਸ ਹਾਥੀ ਨੂੰ ਜ਼ਖ਼ਮੀ ਕਰ ਕੇ ਪਿਛਾਂਹ ਮੋੜ ਦਿੱਤਾ। ਭਾਈ ਉਦੈ ਸਿੰਘ ਨੇ ਅਜਮੇਰ ਚੰਦ ਦੇ ਮਾਮੇ ਕੇਸਰੀ ਚੰਦ ਦਾ ਸਿਰ ਕਲਮ ਕਰ ਦਿੱਤਾ ਤੇ ਕੱਟੇ ਹੋਏ ਸਿਰ ਨੂੰ ਬਰਛੇ 'ਤੇ ਟੰਗ ਕੇ ਕਿਲ੍ਹਾ ਅਨੰਦਗੜ੍ਹ ਲੈ ਗਿਆ। ਇਸ ਪਿਛੋਂ ਪਹਾੜੀ ਫ਼ੌਜਾਂ ਤੇ ਸਿੰਘਾਂ ਵਿਚਕਾਰ ਗਹਿ-ਗੱਚ ਲੜਾਈ ਹੋਈ ਇਸ ਲੜਾਈ ਵਿਚ ਭਾਈ ਮਨੀ ਸਿੰਘ, ਭਾਈ ਬਚਿਤਰ ਸਿੰਘ, ਭਾਈ ਉਦੈ ਸਿੰਘ, ਭਾਈ ਆਲਿਮ ਸਿੰਘ ਸੋਧਰੀਆ, ਭਾਈ ਆਲਿਮ ਸਿੰਘ ਪਰਮਾਰ ਚੌਰਬਰਦਾਰ, ਭਾਈ ਸੁੱਖਾ ਸਿੰਘ, ਭਾਈ ਕੁਸ਼ਾਲ ਸਿੰਘ ਬੜੀ ਬਹਾਦਰੀ ਨਾਲ ਲੜੇ ਤੇ ਬਹੁਤ ਸਾਰੇ ਪਹਾੜੀ ਫ਼ੌਜੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਇਸ ਲੜਾਈ ਵਿਚ ਭਾਈ ਆਲਿਮ ਸਿੰਘ ਚੌਰਬਰਦਾਰ, ਭਾਈ ਸੁੱਖਾ ਸਿੰਘ, ਭਾਈ ਕੁਸ਼ਾਲ ਸਿੰਘ ਤੇ ਕਈ ਹੋਰ ਸਿੰਘ ਸ਼ਹੀਦ ਹੋਏ। ਇਸ ਲੜਾਈ ਦਾ ਜ਼ਿਕਰ "**ਭੱਟ ਵਹੀ ਤਲਉਂਢਾ**' ਵਿਚ ਇੰਞ ਲਿਖਿਆ ਮਿਲਦਾ ਹੈ:

'ਗੁਰੂ ਕਾ ਬਚਨ ਪਾਇ ਮਨੀ ਸਿੰਘ ਬੇਟਾ ਮਾਈ ਦਾਸ ਕਾ ਪੋਤਾ ਬੱਲੂ ਕਾ......ਬਚਿਤਰ ਸਿੰਘ ਬੇਟਾ ਮਨੀ ਸਿੰਘ ਕਾ, ਉਦੈ ਸਿੰਘ ਬੇਟਾ ਮਨੀ ਸਿੰਘ ਕਾ.....ਆਲਿਮ ਸਿੰਘ ਬੇਟਾ ਦੁਰਗਾਦਾਸ ਕਾ, ਪੋਤਾ ਪਦਮੇਂ ਕਾ.......ਹਜਾਵਤ ਆਂਖਿਆਨਾ....., ਸਾਲ ਸਤਰਾਂ ਸੈ ਸਤਵੰਜਾ, ਅਸੂਜ ਪ੍ਰਵਿਸ਼ਟੇ ਪਹਿਲੀ, ਰਵੀਵਾਰ ਕੇ ਦਿਹੁੰ, ਕਿਲ੍ਹਾ ਲੋਹਗੜ੍ਹ ਪ੍ਰਗਨਾ ਮਾਖੋਵਾਲ ਸੇ, ਖਾਲਸਾ ਦਲ ਕੇ ਗੈਲ ਲੈ, ਚਰਨਗੰਗਾ ਨਦੀ ਕੇ ਮਲਾਨ, ਸਾਮ੍ਹੇਂ ਮਾਥੇ ਘੋਰ ਯੁੱਧ ਕੀਆ। ਬਚਿਤਰ ਸਿੰਘ ਨੇ ਹਾਥੀ ਕੋ ਮਾਰ

ਭਗਾਇਆ। ਉਦੇ ਸਿੰਘ ਕੇ ਹਾਥ ਸੇ ਕੇਸਰੀ ਚੰਦ ਜਸਵਾਰੀਆ ਮਾਰਾ ਗਿਆ। ਮਨੀ ਸਿੰਘ ਸਖ਼ਤ ਘਾਇਲ ਹੂਏ। *ਆਲਿਮ ਸਿੰਘ ਬੇਟਾ ਦਰੀਆ ਕਾ, ਪੋਤਾ ਮੂਲੇ ਕਾ....ਜਲ੍ਹਾਨਾ,* ਸੁਖਾ ਸਿੰਘ ਬੇਟਾ ਰਾਇ ਸਿੰਘ ਕਾ, ਪੋਤਾ ਮਾਈਦਾਸ ਕਾ, ਕੁਸ਼ਾਲ ਸਿੰਘ ਬੇਟਾ ਮੱਖਣਸ਼ਾਹ ਕਾ, ਪੋਤਾ ਦਾਸੇ ਕਾ-ਪੋਲੀਆ ਬਨਜਾਰਾ, ਰਣ ਮੇਂ ਜੂਝ ਕਰ ਮਰੇ। ਆਗੇ ਗੁਰੂ ਭਾਣੇ ਕਾ ਖਾਬਿੰਦ ਹੈ। ਗੁਰੂ ਕੀ ਗਤਿ ਗੁਰੂ ਜਾਣੇ।'

(ਭੱਟ ਵਹੀ ਤਲਉਂਢਾ ਪਰਗਨਾ ਜੀਂਦ, ਖਾਤਾ ਜਲਹਾਨੋਂ ਕਾ)

ਭਾਈ ਆਲਿਮ ਸਿੰਘ ਦੇ 13 ਬੇਟੇ ਸਨ (ਹੁਕਮ ਸਿੰਘ, ਮਾਨ ਸਿੰਘ, ਮਹਿੰਗਾ ਸਿੰਘ, ਚੰਦਾ ਸਿੰਘ, ਨੰਦਾ ਸਿੰਘ, ਗੇਂਦਾ ਸਿੰਘ, ਜੈਮਲ ਸਿੰਘ, ਹੇਮ ਸਿੰਘ, ਸਾਵਲ ਸਿੰਘ, ਦਿਆਲ ਸਿੰਘ, ਨੰਦ ਸਿੰਘ, ਜੀਤ ਸਿੰਘ ਤੇ ਗੁਲਜ਼ਾਰ ਸਿੰਘ)। ਇਨ੍ਹਾਂ ਵਿਚੋਂ ਨੰਦ ਸਿੰਘ ਨੇ ਦੋ ਦਿਨ ਪਹਿਲਾਂ 30 ਅਗਸਤ 1700 ਦੇ ਦਿਨ ਫ਼ਤਹਿਗੜ੍ਹ ਕਿਲ੍ਹੇ ਦੇ ਬਾਹਰ ਲੜਾਈ ਕਰਦਿਆਂ ਸ਼ਹੀਦੀ ਜਾਮ ਪੀਤਾ ਸੀ। ਆਪ ਦੇ ਸਭ ਤੋਂ ਛੋਟੇ ਬੇਟੇ ਭਾਈ ਗੁਲਜ਼ਾਰ ਸਿੰਘ ਆਪਣੇ ਚਾਚੇ ਭਾਈ ਮਨੀ ਸਿੰਘ ਨਾਲ 24 ਜੂਨ 1734 ਦੇ ਦਿਨ ਸ਼ਹੀਦ ਕੀਤੇ ਗਏ ਸਨ। ਭਾਈ ਆਲਿਮ ਸਿੰਘ ਦੇ ਦੋ ਵੱਡੇ ਬੇਟਿਆਂ ਭਾਈ ਹੁਕਮ ਸਿੰਘ ਤੇ ਭਾਈ ਮਾਨ ਸਿੰਘ ਦੀ ਔਲਾਦ ਵਿਚੋਂ ਕਈ ਘਰ ਅੱਜ ਕਲ੍ਹ ਪਿੰਡ ਠੀਕਰੀਵਾਲਾ (ਜ਼ਿਲ੍ਹਾ ਸੰਗਰੂਰ) ਵਿਚ ਰਹਿ ਰਹੇ ਹਨ।

ਹੋਰ ਤਫ਼ਸੀਲ ਵਾਸਤੇ ਵੇਖੋ: ਭਾਈ ਦਰੀਆ ਦਾ ਕੁਰਸੀਨਾਮਾ।

ਭਾਈ ਸੁੱਖਾ ਸਿੰਘ

ਭਾਈ ਸੁੱਖਾ ਸਿੰਘ ਨੇ ਪਹਿਲੀ ਸਤੰਬਰ 1700 ਦੇ ਦਿਨ ਕਿਲ੍ਹਾ ਲੋਹਗੜ੍ਹ ਦੇ ਬਾਹਰ ਚਰਨ ਗੰਗਾ ਦੇ ਮੈਦਾਨ ਵਿਚ ਸ਼ਹੀਦੀ ਹਾਸਿਲ ਕੀਤੀ ਸੀ।

ਭਾਈ ਸੁੱਖਾ ਸਿੰਘ ਭਾਈ ਰਾਇ ਸਿੰਘ ਦੇ ਬੇਟੇ, ਭਾਈ ਮਾਈ ਦਾਸ ਦੇ ਪੋਤੇ ਅਤੇ ਸ਼ਹੀਦ ਭਾਈ ਬੱਲੂ ਦੇ ਪੜਪੋਤੇ ਸਨ। ਆਪ ਪਰਮਾਰ-ਰਾਜਪੂਤ ਖ਼ਾਨਦਾਨ ਨਾਲ ਸਬੰਧ ਰੱਖਦੇ ਸਨ। ਭਾਈ ਸੁੱਖਾ ਸਿੰਘ ਦੇ ਪਿਤਾ ਭਾਈ ਰਾਇ ਸਿੰਘ ਮਗਰੋਂ ਦੋ ਪੁੱਤਰਾਂ ਸਣੇ 29 ਦਸੰਬਰ 1705 ਦੇ ਦਿਨ ਮੁਕਤਸਰ ਦੀ ਲੜਾਈ ਵਿਚ ਸ਼ਹੀਦ ਹੋਏ ਸਨ। ਭਾਈ

ਰਾਇ ਸਿੰਘ ਦੇ ਇਕ ਬੇਟੇ ਭਾਈ ਬਾਘ ਸਿੰਘ ਇਕ ਦਿਨ ਪਹਿਲਾਂ 31 ਅਗਸਤ ਦੀ ਲੜਾਈ ਵਿਚ ਕਿਲਾ ਅਗੰਮਗੜ੍ਹ ਦੇ ਬਾਹਰ ਸ਼ਹੀਦ ਹੋ ਚੁੱਕੇ ਸਨ। ਭਾਈ ਸੁੱਖਾ ਸਿੰਘ ਇਕ ਬੜੇ ਦਲੇਰ ਨੌਜਵਾਨ ਸਨ। ਆਪ ਸਿੱਖ ਫ਼ੌਜ ਦਾ ਇਕ ਕੀਮਤੀ ਹਿੱਸਾ ਸਨ। ਆਪ ਵਿਚ ਫੁਰਤੀ ਤੇ ਚੁਸਤੀ ਬੇਮਿਸਾਲ ਸੀ।

ਪਹਿਲੀ ਸਤੰਬਰ 1700 ਦੇ ਦਿਨ ਜਦੋਂ ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਨੇ ਅਨੰਦਪੁਰ ਸਾਹਿਬ ਦੇ ਕਿਲ੍ਹਾ ਲੋਹਗੜ੍ਹ 'ਤੇ ਹਮਲਾ ਕੀਤਾ ਤਾਂ ਭਾਈ ਸੁੱਖਾ ਸਿੰਘ ਉਥੇ ਹਾਜ਼ਿਰ ਸਨ। ਕਿਉਂਕਿ ਲੋਹਗੜ੍ਹ ਕਿਲ੍ਹੇ ਦਾ ਦਰਵਾਜ਼ਾ ਬੜਾ ਮਜ਼ਬੂਤ ਸੀ। ਇਸ ਦਰਵਾਜੇ ਨੂੰ ਤੋੜਨ ਵਾਸਤੇ ਪਹਾੜੀਆਂ ਨੇ ਇਕ ਹਾਥੀ ਲਿਆਂਦਾ ਅਤੇ ਉਸ ਨੂੰ ਸ਼ਰਾਬੀ ਕਰ ਕੇ ਕਿਲ੍ਹੇ ਦੇ ਦਰਵਾਜ਼ੇ ਵੱਲ ਭੇਜਿਆ। ਹਾਥੀ ਨੂੰ ਕਿਲ੍ਹੇ ਵੱਲ ਆਉਂਦਾ ਦੇਖ ਕੇ ਸਿੱਖ ਫ਼ੌਜਾਂ ਉਸ ਦਾ ਟਾਕਰਾ ਕਰਨ ਵਾਸਤੇ ਚਰਨ ਗੰਗਾ ਦੇ ਮੈਦਾਨ ਵੱਲ ਵਧੀਆਂ। ਭਾਈ ਬਚਿਤਰ ਸਿੰਘ ਨੇ ਨਾਗਨੀ ਬਰਛੇ ਨਾਲ ਉਸ ਹਾਥੀ ਨੂੰ ਜ਼ਖ਼ਮੀ ਕਰ ਕੇ ਪਿਛਾਂਹ ਮੋੜ ਦਿੱਤਾ। ਇਸੇ ਵੇਲੇ ਭਾਈ ਉਦੇ ਸਿੰਘ ਨੇ ਅਜਮੇਰ ਚੰਦ ਦੇ ਮਾਮੇ ਕੇਸਰੀ ਚੰਦ ਦਾ ਸਿਰ ਵੱਢ ਦਿੱਤਾ ਅਤੇ ਬਰਛੇ 'ਤੇ ਟੰਗ ਕੇ ਕਿਲ੍ਹਾ ਅਨੰਦਗੜ੍ਹ ਨੂੰ ਲੈ ਗਿਆ ਇਸ ਮਗਰੋਂ ਪਹਾੜੀ ਫ਼ੌਜਾਂ ਤੇ ਸਿੰਘਾਂ ਵਿਚਕਾਰ ਗਹਿ-ਗੱਚ ਲੜਾਈ ਹੋਈ ਇਸ ਲੜਾਈ ਵਿਚ ਭਾਈ ਮਨੀ ਸਿੰਘ, ਭਾਈ ਬਚਿਤਰ ਸਿੰਘ, ਭਾਈ ਉਦੇ ਸਿੰਘ, ਭਾਈ ਆਲਿਮ ਸਿਘ ਸੋਧਰੀਆ, ਭਾਈ ਆਲਿਮ ਸਿੰਘ ਪਰਮਾਰ ਚੋਰਬਰਦਾਰ, **ਭਾਈ ਸੁੱਖਾ ਸਿੰਘ,** ਭਾਈ ਕੁਸ਼ਾਲ ਸਿੰਘ ਬੜੀ ਬਹਾਦਰੀ ਨਾਲ ਲੜੇ ਤੇ ਬਹੁਤ ਸਾਰੇ ਪਹਾੜੀ ਫ਼ੌਜੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਸ਼ਾਮ ਤਕ ਪਹਾੜੀ ਫੌਜਾਂ ਸੈਂਕੜੇ ਬੰਦੇ ਮਰਵਾ ਕੇ ਭੱਜ ਗਈਆਂ।

ਇਸ ਲੜਾਈ ਦਾ ਜ਼ਿਕਰ **"ਭੱਟ ਵਹੀ ਤਲਉਂਢਾ"** ਵਿਚ ਇੰਞ ਲਿਖਿਆ ਮਿਲਦਾ ਹੈ:-

ਗੁਰੂ ਕਾ ਬਚਨ ਪਾਇ ਮਨੀ ਸਿੰਘ ਬੇਟਾ ਮਾਈਦਾਸ ਕਾ ਪੋਤਾ ਬੱਲੂ ਕਾ,......ਬਚਿਤਰ ਸਿੰਘ ਬੇਟਾ ਮਨੀ ਸਿੰਘ ਕਾ, ਉਦੈ ਸਿੰਘ ਬੇਟਾ ਮਨੀ ਸਿੰਘ ਕਾ,......ਆਲਿਮ ਸਿੰਘ ਬੇਟਾ ਦੁਰਗਾਦਾਸ ਕਾ, ਪੋਤਾ ਪਦਮੇਂ ਕਾ.....ਹਜਾਵਤ ਆਂਬਿਆਨਾ.......ਸਾਲ ਸਤਰਾਂ ਸੈ ਸਤਵੰਜਾ ਅਸੂਜ ਪ੍ਰਵਿਸ਼ਟੇ ਪਹਿਲੀ ਰਵੀਵਾਰ ਕੇ ਦਿਹੁੰ, ਕਿਲ੍ਹਾ ਲੋਹਗੜ੍ਹ ਪ੍ਰਗਨਾ ਮਾਖੋਵਾਲ ਸੇ, ਖਾਲਸਾ ਦਲ ਕੋ ਗੈਲ ਲੈ ਚਰਨਗੰਗਾ ਨਦੀ ਕੇ ਮਲ੍ਹਾਨ ਸਾਮ੍ਹੇ ਮਾਥੇ ਘੋਰ ਜੁੱਧ ਕੀਆ। ਬਚਿਤਰ ਸਿੰਘ ਨੇ ਹਾਥੀ ਕੋ ਮਾਰ ਭਗਾਇਆ। ਉਦੈ ਸਿੰਘ ਕੇ ਹਾਥ ਸੇ ਕੇਸਰੀ ਚੰਦ ਜਸਵਾਰੀਆ ਮਾਰਾ ਗਿਆ। ਮਨੀ ਸਿੰਘ ਸਖਤ ਘਾਇਲ ਹੁਏ। ਆਲਿਮ ਸਿੰਘ ਬੇਟਾ ਦਰੀਆ ਕਾ, ਪੋਤਾ ਮੂਲੇ ਕਾ.....ਜਲ੍ਹਾਨਾ, *ਸੁੱਖਾ ਸਿੰਘ ਬੇਟਾ ਰਾਇ ਸਿੰਘ ਕਾ ਪੋਤਾ ਮਾਈਦਾਸ ਕਾ*, ਕੁਸ਼ਾਲ ਸਿੰਘ ਬੇਟਾ ਮੱਖਣਸ਼ਾਹ ਕਾ ਪੋਤਾ ਦਾਸੇ ਕਾ, ਪੇਲੀਆ ਬਨਜਾਰਾ, ਰਣ ਮੇਂ ਜੂਝ ਕਰ ਮਰੇ। ਆਗੇ ਗੁਰੂ

ਭਾਣੇ ਕਾ ਖਾਬਿੰਦ ਹੈ। ਗੁਰੂ ਕੀ ਗਤਿ ਗੁਰੂ ਜਾਣੇ।

(ਭੱਟ ਵਹੀ ਤਲਉਂਢਾ ਜੀਂਦ, ਖਾਤਾ ਜਲਹਾਨੇਂ ਕਾ)

ਹੋਰ ਤਫ਼ਸੀਲ ਵਾਸਤੇ ਦੇਖੋ: ਭਾਈ ਰਾਇ ਸਿੰਘ ਦਾ ਕੁਰਸੀਨਾਮਾ।

ਭਾਈ ਦਿਆਲ ਸਿੰਘ ਰਾਠੌਰ

ਭਾਈ ਦਿਆਲ ਸਿੰਘ ਪਹਿਲੀ ਸਤੰਬਰ 1700 ਦੇ ਦਿਨ ਕਿਲ੍ਹਾ ਲੋਹਗੜ੍ਹ ਦੇ ਬਾਹਰ ਚਰਨ ਗੰਗਾ ਦੇ ਮੈਦਾਨ ਵਿਚ ਸ਼ਹੀਦ ਹੋਏ ਸਨ।

ਭਾਈ ਦਿਆਲ ਸਿੰਘ ਭਾਈ ਗੁੱਲੂ ਦੇ ਪੁੱਤਰ ਭਾਈ ਆਂਡੂ ਦੇ ਪੋਤੇ ਅਤੇ ਭਾਈ ਜਗਨਾ ਦੇ ਪੜਪੋਤੇ ਸਨ। ਭਾਈ ਜਗਨਾ ਦੇ ਪੜਦਾਦਾ ਭਾਈ ਰਣ ਮਲ ਰਾਠੌਰ ਦਾ ਪਰਿਵਾਰ ਸਿੱਖ ਪੰਥ ਨਾਲ ਪੁਸ਼ਤ ਦਰ ਪੁਸ਼ਤ ਜੁੜਿਆ ਰਿਹਾ ਸੀ।

ਭਾਈ ਰਣ ਮਲ ਦੇ ਤਿੰਨ ਪੁੱਤਰ ਸਨ: ਭਾਈ ਭੇਜਾ, ਭਾਈ ਰੂਪਾ ਤੇ ਭਾਈ ਗੋਦੜੀਆ। ਭਾਈ ਭੇਜਾ ਦੇ ਤਿੰਨ ਪੋਤਿਆਂ (ਫੱਤਾ, ਅਮੀਆ ਅਤੇ ਜੱਗੂ) ਨੇ ਛੇਵੇਂ ਪਾਤਿਸ਼ਾਹ ਵੇਲੇ ਅਪ੍ਰੈਲ 1635 ਵਿਚ ਸ਼ਹੀਦੀਆਂ ਪਾਈਆਂ ਸਨ। ਭਾਈ ਰਣਮਲ ਦੇ ਸਭ ਤੋਂ ਛੋਟੇ ਪੁੱਤਰ ਭਾਈ ਗੋਦੜੀਆ ਦੇ ਪੁੱਤਰ ਭਾਈ ਧੂੜਾ ਨੇ ਵੀ ਰੁਹੀਲਾ ਦੀ ਲੜਾਈ ਵਿਚ 27 ਸਤੰਬਰ 1621 ਨੂੰ ਸ਼ਹੀਦੀ ਪਾਈ ਸੀ। ਭਾਈ ਰਣ ਮਲ ਦੇ ਵਿਚਕਾਰਲੇ ਪੁੱਤਰ ਭਾਈ ਰੂਪਾ ਦੇ ਪੜਪੋਤੇ ਭਾਈ ਆਂਡੂ ਦੇ ਦੋ ਪੁੱਤਰ ਸਨ: ਭਾਈ ਕੇਵਲ ਸਿੰਘ ਤੇ ਭਾਈ ਗੁੱਲੂ। ਭਾਈ ਕੇਵਲ ਸਿੰਘ ਦਾ ਪੋਤਾ ਭਾਈ ਕਰਨ ਸਿੰਘ 6 ਅਪ੍ਰੈਲ 1709 ਦੇ ਦਿਨ ਗੁਰੂ ਦਾ ਚੱਕ ਵਿਚ ਸ਼ਹੀਦ ਹੋਇਆ ਸੀ। ਭਾਈ ਕਰਨ ਸਿੰਘ ਦੇ ਦੋ ਚਾਚੇ ਭਾਈ ਈਸ਼ਰ ਸਿੰਘ ਤੇ ਭਾਈ ਸੂਰਤ ਸਿੰਘ (ਪੁੱਤਰ ਭਾਈ ਕੇਵਲ ਸਿੰਘ) ਤਰਤੀਬਵਾਰ ਤਾਰਾਗੜ੍ਹ ਤੇ ਨਿਰਮੋਹਗੜ੍ਹ ਵਿਚ ਸ਼ਹੀਦ ਹੋਏ ਸਨ।

ਭਾਈ ਦਿਆਲ ਸਿੰਘ ਪਹਿਲੀ ਸਤੰਬਰ ਦੇ ਦਿਨ ਲੋਹਗੜ੍ਹ ਕਿਲ੍ਹੇ ਦੇ ਬਾਹਰ ਚਰਨਗੰਗਾ ਦੇ ਮੈਦਾਨ ਵਿਚ ਅਜਮੇਰ ਚੰਦ ਬਿਲਾਸਪੁਰੀਏ ਦੀਆਂ ਫ਼ੌਜਾਂ ਦੇ ਆਹੂ

ਲਾਹੁੰਦੇ ਹੋਏ ਸ਼ਹੀਦੀ ਜਾਮ ਪੀ ਗਏ ਸਨ।

ਹੋਰ ਤਫ਼ਸੀਲ ਵਾਸਤੇ ਵੇਖੋ: ਭਾਈ ਰਣ ਮਲ ਦਾ ਕੁਰਸੀਨਾਮਾ।

ਭਾਈ ਸਾਹਿਬ ਸਿੰਘ ਛਿਬਰ

ਭਾਈ ਸਾਹਿਬ ਸਿੰਘ ਦੀਵਾਨ 8 ਅਕਤੂਬਰ 1700 ਦੇ ਦਿਨ ਨਿਰਮੋਹਗੜ੍ਹ ਵਿਚ ਸ਼ਹੀਦ ਹੋਏ ਸਨ।

ਭਾਈ ਸਾਹਿਬ ਸਿੰਘ, ਸ਼ਹੀਦ ਭਾਈ ਮਤੀ ਦਾਸ ਦੇ ਪੁੱਤਰ, ਭਾਈ ਹੀਰਾ ਮੱਲ ਦੇ ਪੋਤੇ ਅਤੇ ਦਵਾਰਕਾ ਦਾਸ ਦੇ ਪੜਪੋਤੇ ਸਨ। ਆਪ ਛਿਬਰ ਬ੍ਰਾਹਮਣ ਖ਼ਾਨਦਾਨ ਨਾਲ ਸਬੰਧ ਰਖਦੇ ਸਨ। ਆਪ ਦਾ ਪਰਿਵਾਰ ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਹੀ ਸਿੱਖ ਪੰਥ ਨਾਲ ਜੁੜਿਆ ਹੋਇਆ ਸੀ। ਭਾਈ ਦਵਾਰਕਾ ਦਾਸ ਦੇ ਦਾਦਾ ਭਾਈ ਗੌਤਮ, ਜਿਨ੍ਹਾਂ ਨੂੰ ਬਾਬਾ ਗੌਤਮ ਰਾਮਦਾਸ ਵੀ ਆਖਿਆ ਜਾਂਦਾ ਸੀ, ਨੂੰ ਗੁਰੂ ਨਾਨਕ ਸਾਹਿਬ ਨੇ ਪੋਠੋਹਾਰ ਦੇ ਇਲਾਕੇ ਵਾਸਤੇ ਸਿੱਖ ਧਰਮ ਦਾ ਪ੍ਰਚਾਰਕ ਬਣਾਇਆ ਸੀ। ਉਨ੍ਹੀਂ ਦਿਨੀਂ ਆਪ ਪਿੰਡ ਕਰਿਆਲਾ ਵਿਚ ਰਿਹਾ ਕਰਦੇ ਸਨ। ਭਾਈ ਦਵਾਰਕਾ ਦਾਸ ਦੇ ਪਿਤਾ ਭਾਈ ਪਰਾਗਾ ਗੁਰੂ ਹਰਿਗੋਬਿੰਦ ਸਾਹਿਬ ਵੇਲੇ 3 ਅਕਤੂਬਰ 1621 ਦੇ ਦਿਨ ਰੁਹੀਲਾ ਦੀ ਜੰਗ ਵਿਚ ਸ਼ਹੀਦ ਹੋਏ ਸਨ।

ਭਾਈ ਸਾਹਿਬ ਸਿੰਘ ਦੇ ਪਿਤਾ ਭਾਈ ਮਤੀ ਦਾਸ ਗੁਰੂ ਤੇਗ ਬਹਾਦਰ ਸਾਹਿਬ ਦੇ ਨਾਲ 11 ਨਵੰਬਰ 1675 ਵਿਚ ਦਿੱਲੀ ਵਿਚ ਸ਼ਹੀਦ ਹੋਏ ਸਨ। ਇਹ ਸਾਰਾ ਪਰਿਵਾਰ ਹੀ ਗੁਰੂ ਘਰ ਦਾ ਬਹੁਤ ਨਜ਼ਦੀਕੀ ਸੀ। ਭਾਈ ਸਾਹਿਬ ਸਿੰਘ ਦੇ ਦਾਦਾ ਭਾਈ ਹੀਰਾ ਨੰਦ ਦੇ ਵੱਡੇ ਭਰਾ ਭਾਈ ਦਰਗਹ ਮੱਲ ਚਾਰ ਗੁਰੂ ਸਾਹਿਬ (ਸਤਵੇਂ ਤੋਂ ਦਸਵੇਂ ਨਾਨਕ) ਦੇ ਦੀਵਾਨ (ਵਜ਼ੀਰ) ਰਹੇ ਸਨ। ਉਨ੍ਹਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਬੇਟੇ ਭਾਈ ਧਰਮ ਸਿੰਘ ਅਤੇ ਭਾਈ ਸਾਹਿਬ ਸਿੰਘ ਨੂੰ ਗੁਰੂ ਸਾਹਿਬ ਨੇ ਆਪਣਾ ਦੀਵਾਨ ਥਾਪਿਆ ਸੀ।

ਅਗਸਤ 1700 ਵਿਚ ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਨੇ ਅਨੰਦਪੁਰ ਸਾਹਿਬ

'ਤੇ ਹਮਲਾ ਕਰ ਦਿੱਤਾ। 29 ਅਗਸਤ ਤੋਂ ਪਹਿਲੀ ਸਤੰਬਰ 1700 ਤਕ ਚਾਰ ਦਿਨ ਦੇ ਹਮਲਿਆਂ ਵਿਚ ਬੁਰੀ ਤਰ੍ਹਾਂ ਮਾਰ ਖਾਨ ਮਗਰੋਂ ਪਹਾੜੀਆਂ ਨੇ ਗੁਰੂ ਸਾਹਿਬ ਨੂੰ ਅਰਜ਼ ਕੀਤੀ ਕਿ ਲੋਕਾਂ ਵਿਚ ਉਨ੍ਹਾਂ ਦਾ ਨੱਕ ਰਖਣ ਵਾਸਤੇ ਇਕ ਵਾਰੀ ਅਨੰਦਪੁਰ ਸਾਹਿਬ ਖਾਲੀ ਕਰ ਦੇਣ ਤੇ ਫੇਰ ਕੁਝ ਦਿਨ ਮਗਰੋਂ ਬੇਸ਼ਕ ਵਾਪਿਸ ਚਲੇ ਆਉਣ। ਗੁਰੂ ਜੀ ਪਹਾੜੀਆਂ ਦੇ ਫਰੇਬ ਤੋਂ ਵਾਕਿਫ ਸਨ ਪਰ ਫਿਰ ਵੀ ਉਨ੍ਹਾਂ ਨੇ ਸਿੱਖਾਂ ਦੇ ਜ਼ੋਰ ਦੇਣ ਤੇ 2 ਅਕਤੂਬਰ ਨੂੰ ਅਨੰਦਪੁਰ ਛੱਡ ਦਿੱਤਾ ਅਤੇ ਕੀਰਤਪੁਰ ਤੋਂ ਕੁਝ ਅੱਗੇ ਪਿੰਡਾਂ ਹਰਦੋ ਅਤੇ ਨਿਰਮੋਹ ਦੇ ਨੇੜੇ ਇਕ ਪਹਾੜੀ 'ਤੇ ਜਾ ਡੇਰਾ ਲਾਇਆ। ਜਦੋਂ ਅਜਮੇਰ ਚੰਦ ਨੂੰ ਇਹ ਪਤਾ ਲੱਗਾ ਤਾਂ ਉਸ ਨੇ ਅਹਿਸਾਨ-ਫ਼ਰਾਮੋਸ਼ੀ ਕਰਦਿਆਂ ਨਿਰਮੋਹਗੜ੍ਹ ਵਿਚ ਗੁਰੂ ਸਾਹਿਬ 'ਤੇ ਹਮਲਾ ਕਰਨ ਵਾਸਤੇ ਕੂਚ ਕਰ ਦਿੱਤਾ।

ਜਦੋਂ ਉਸ ਨੇ ਇਕ ਵੱਡੀ ਫ਼ੌਜ ਲੈ ਕੇ ਹਮਲਾ ਕਰ ਦਿੱਤਾ ਤਾਂ ਭਾਈ ਸਾਹਿਬ ਸਿੰਘ ਹੋਰ ਸਾਥੀ ਸਿੰਘਾਂ ਨਾਲ ਰਲ ਕੇ ਪਹਾੜੀ ਫੌਜਾਂ ਦੇ ਖਿਲਾਫ਼ ਡਟ ਕੇ ਲੜੇ। ਇਸ ਵੇਲੇ ਤਕਰੀਬਨ ਇਕ ਹਜ਼ਾਰ ਸਿੰਘ ਉੱਥੇ ਹਾਜ਼ਰ ਸਨ ਅਤੇ ਭਾਈ ਸਾਹਿਬ ਸਿੰਘ ਸਭ ਤੋਂ ਅੱਗੇ ਹੋ ਕੇ ਲੜਾਈ ਕਰ ਰਹੇ ਸਨ। ਇਸ ਮੌਕੇ 'ਤੇ ਪਹਾੜੀ ਫੌਜਾਂ ਨੇ ਇਕਦਮ ਬਹੁਤ ਗੋਲਾਬਾਰੀ ਸ਼ੁਰੂ ਕਰ ਦਿੱਤੀ। ਇਕ ਗੋਲੀ ਸਿੱਧੀ ਆ ਕੇ ਭਾਈ ਸਾਹਿਬ ਸਿੰਘ ਦੇ ਮੱਥੇ ਵਿਚ ਵੱਜੀ ਜਿਸ ਨਾਲ ਉਹ ਉੱਥੇ ਹੀ ਸ਼ਹੀਦ ਹੋ ਗਏ। ਸਾਹਿਬ ਸਿੰਘ ਦੀ ਸ਼ਹੀਦੀ ਸਬੰਧੀ ਇਕ ਇੰਦਰਾਜ **ਭੱਟ ਵਹੀ ਮੁਲਤਾਨੀ ਸਿੰਧੀ** ਵਿਚ ਇੰਞ ਮਿਲਦਾ ਹੈ:

*"ਸਾਹਿਬ ਸਿੰਘ ਬੇਟਾ ਮਤੀਦਾਸ ਕਾ, ਪੋਤਾ ਹੀਰਾ ਮੱਲ ਕਾ.......*ਛਿਬਰ ਬ੍ਰਾਹਮਨ, ਮਥਰਾ ਸਿੰਘ ਬੇਟਾ ਦਿਆਲਦਾਸ ਕਾ, ਪੋਤਾ ਮਾਈਦਾਸ ਕਾ.......ਬੱਲਉਤ ਜਲ੍ਹਾਨਾ,.......ਸੂਰਤ ਸਿੰਘ ਬੇਟਾ ਕੇਵਲ ਕਾ ਪੋਤਾ ਆਂਡੂ ਕਾ.......ਤੂਮਰ ਬਿੰਜਲਉਤ, ਦੇਵਾ ਸਿੰਘ ਬੇਟਾ ਤੇਗੇ ਕਾ ਪੋਤਾ ਸੁਖੇ ਕਾ, ਉਦਾਲਾ.......ਸਾਲ ਸੱਤਰਾਂ ਸੈ ਸਤਵੰਜਾ, ਕਾਰਤਿਕ ਪਰਵਿਸ਼ਟੇ ਸਤਮੀਂ, ਮੰਗਲਵਾਰ ਕੇ ਦਿਹੁੰ ਨਿਰਮੋਹਗੜ੍ਹ ਕੇ ਮਲ੍ਹਨ, ਪਰਗਨਾ ਕਹਿਲੂਰ ਕੀ ਜੰਗ ਮੇਂ, ਸਾਮ੍ਹੇ ਮਾਥੇ, ਜੂਝ ਕਰ ਮਰੇ।"

(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਪੁਆਰ ਜਲਾਨੋਂ ਕਾ)

ਸ਼ਹੀਦੀ ਮਗਰੋਂ ਭਾਈ ਸਾਹਿਬ ਸਿੰਘ ਦੀ ਲਾਸ਼ ਨੂੰ ਪਹਾੜੀ ਫੌਜਾਂ ਨੇ ਘੇਰ ਲਿਆ। ਇਸ 'ਤੇ ਗੁਰੂ ਸਾਹਿਬ ਭਾਈ ਬਚਿਤਰ ਸਿੰਘ, ਭਾਈ ਉਦੇ ਸਿੰਘ, ਭਾਈ ਆਲਿਮ ਸਿੰਘ ਤੇ ਕੁਝ ਹੋਰ ਸਿੱਖਾਂ ਨੂੰ ਨਾਲ ਲੈ ਕੇ ਪਹਾੜੀਆਂ ਵੱਲ ਵਧੇ ਅਤੇ ਭਾਰੀ ਜੰਗ ਕੀਤੀ। ਪਹਾੜੀ ਫ਼ੌਜਾਂ ਖਾਲਸੇ ਦੇ ਰੋਹ ਅੱਗੇ ਟਿਕ ਨਾ ਸਕੀਆਂ ਅਤੇ ਮੈਦਾਨ ਛੱਡ ਗਈਆਂ। ਗੁਰੂ ਸਾਹਿਬ ਭਾਈ ਸਾਹਿਬ ਸਿੰਘ ਦੀ ਲਾਸ਼ ਨੂੰ ਆਪ ਚੁਕ ਕੇ ਲਿਆਏ ਅਤੇ ਉਨ੍ਹਾਂ ਦਾ ਸਸਕਾਰ ਨਿਰਮੋਹਗੜ੍ਹ ਦੀ ਟਿੱਬੀ ਦੇ ਨਜ਼ਦੀਕ ਕਰ ਦਿੱਤਾ।

ਭਾਈ ਸਾਹਿਬ ਸਿੰਘ ਦਾ ਇਕ ਬੇਟਾ ਚਰਨ ਦਾਸ ਸੀ ਜੋ ਅੰਮ੍ਰਿਤ ਛਕਣ ਮਗਰੋਂ ਚਰਨ ਸਿੰਘ ਬਣ ਗਿਆ ਸੀ ਪਰ ਮਗਰੋਂ ਇਹ ਸਾਧੂ ਬਣ ਗਿਆ ਤੇ ਚਰਨ ਦਾਸ ਹੀ

ਅਖਵਾਉਣ ਲੱਗ ਪਿਆ। ਕੁਝ ਚਿਰ ਮਗਰੋਂ ਇਸ ਨੇ ਮਾਲਵੇ ਦੇ ਭਦੌੜ ਪਿੰਡ ਵਿਚ ਡੇਰਾ ਬਣਾ ਲਿਆ ਸੀ। ਦਸੰਬਰ 1705 ਵਿਚ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਮਾਛੀਵਾੜਾ ਤੋਂ ਤਲਵੰਡੀ ਸਾਬੋ ਵੱਲ ਗਏ ਤਾਂ ਆਪ ਰਸਤੇ ਵਿਚ 20 ਦਸੰਬਰ 1705 ਦੇ ਦਿਨ ਭਦੌੜ ਵੀ ਰੁਕੇ। ਇਥੇ ਚਰਨ ਦਾਸ ਨੇ ਗੁਰੂ ਸਾਹਿਬ ਨੂੰ ਜੀ ਆਇਆਂ ਆਖਿਆ।

ਹੋਰ ਤਫ਼ਸੀਲ ਵਾਸਤੇ ਵੇਖੋ: ਭਾਈ ਗੌਤਮ ਛਿਬਰ ਦਾ ਕੁਰਸੀਨਾਮਾ।

ਭਾਈ ਸੂਰਤ ਸਿੰਘ

ਭਾਈ ਸੂਰਤ ਸਿੰਘ ਨੇ 8 ਅਕਤੂਬਰ 1700 ਦੇ ਦਿਨ ਨਿਰਮੋਹਗੜ੍ਹ ਵਿਚ ਸ਼ਹੀਦੀ ਜਾਮ ਪੀਤਾ ਸੀ।

ਭਾਈ ਸੂਰਤ ਸਿੰਘ ਭਾਈ ਕੇਵਲ ਸਿੰਘ ਦੇ ਬੇਟੇ, ਭਾਈ ਆੜੂ ਦੇ ਪੋਤੇ ਅਤੇ ਭਾਈ ਜਗਨਾ ਦੇ ਪੜਪੋਤੇ ਸਨ। ਆਪ ਰਾਠੌਰ ਰਾਜਪੂਤ ਖ਼ਾਨਦਾਨ ਨਾਲ ਸਬੰਧ ਰਖਦੇ ਸਨ। ਉਨ੍ਹਾਂ ਦਿਨਾਂ ਵਿਚ ਆਪ ਪਿੰਡ ਸੋਧਰਾ (ਜ਼ਿਲਾ ਵਜ਼ੀਰਾਬਾਦ ਪਾਕਿਸਤਾਨ) ਵਿਚ ਰਹਿੰਦੇ ਸਨ। ਆਪ ਦਾ ਪਰਿਵਾਰ ਕਈ ਪੀੜ੍ਹੀਆਂ ਤੋਂ ਗੁਰੂ ਘਰ ਦਾ ਬੜਾ ਸ਼ਰਧਾਲੂ ਸੀ।

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਫ਼ੌਜ ਬਣਾਈ ਤਾਂ ਭਾਈ ਰਣਮਲ ਦੇ ਪੁੱਤਰਾਂ ਦੇ ਪਰਿਵਾਰਾਂ ਵਿਚੋਂ ਬਹੁਤ ਸਾਰੇ ਨੌਜਵਾਨ ਫ਼ੌਜ ਵਿਚ ਸ਼ਾਮਿਲ ਹੋਏ। ਭਾਈ ਰਣਮਲ ਦੇ ਪੜਪੋਤੇ ਭਾਈ ਫ਼ਤਹਿ ਚੰਦ, ਭਾਈ ਅਮੀਆਂ ਤੇ ਭਾਈ ਜੱਗੂ (ਪੁੱਤਰ ਭਾਈ ਧਰਮਾ ਤੇ ਪੋਤੇ ਭਾਈ ਭੋਜਾ) 1635 ਵਿਚ ਤਰਤੀਬਵਾਰ ਕਰਤਾਰਪੁਰ ਅਤੇ ਫਗਵਾੜਾ ਦੀਆਂ ਲੜਾਈਆਂ ਵਿਚ ਸ਼ਹੀਦ ਹੋਏ ਸਨ। ਭਾਈ ਰਣਮਲ ਦਾ ਇਕ ਪੋਤਾ, ਧੂੜਾ (ਪੁੱਤਰ ਭਾਈ ਗੋਦੜੀਆ) 27 ਸਤੰਬਰ 1621 ਨੂੰ ਰੁਹੀਲਾ ਦੀ ਲੜਾਈ ਵਿਚ ਸ਼ਹੀਦ ਹੋਇਆ ਸੀ। ਭਾਈ ਸੂਰਤ ਸਿੰਘ ਦਾ ਵੱਡਾ ਭਰਾ ਈਸ਼ਰ ਸਿੰਘ 29 ਅਗਸਤ 1700 ਦੇ ਦਿਨ ਤਾਰਾਗੜ੍ਹ ਵਿਚ ਸ਼ਹੀਦ ਹੋ ਚੁੱਕਾ ਸੀ। ਈਸ਼ਰ ਸਿੰਘ ਦੇ ਵੱਡਾ ਭਰਾ ਕੀਰਤ ਸਿੰਘ

ਦਾ ਬੇਟਾ ਕਰਨ ਸਿੰਘ ਮਗਰੋਂ 6 ਅਪ੍ਰੈਲ 1709 ਦੇ ਦਿਨ ਗੁਰੂ ਦਾ ਚੱਕ (ਅੰਮ੍ਰਿਤਸਰ) ਵਿਚ ਸ਼ਹੀਦ ਹੋਇਆ ਸੀ।

8 ਅਕਤੂਬਰ ਦੇ ਦਿਨ ਜਦੋਂ ਬਿਲਾਸਪੁਰ ਦੇ ਰਾਜਾ ਅਜਮੇਰ ਚੰਦ ਨੇ ਵੱਡੀ ਫ਼ੌਜ ਲੈ ਕੇ ਨਿਰਮੋਹਗੜ੍ਹ 'ਤੇ ਹਮਲਾ ਕਰ ਦਿੱਤਾ ਤਾਂ ਭਾਈ ਸੂਰਤ ਸਿੰਘ ਨੇ ਹੋਰ ਸਾਥੀ ਸਿੰਘਾਂ ਨਾਲ ਰਲ ਕੇ ਪਹਾੜੀ ਫ਼ੌਜਾਂ ਦਾ ਡੱਟ ਕੇ ਮੁਕਾਬਲਾ ਕੀਤਾ। ਇਸ ਮੌਕੇ 'ਤੇ ਬੜੀ ਗਹਿ-ਗੱਚ ਲੜਾਈ ਹੋਈ। ਇਸ ਲੜਾਈ ਵਿਚ ਭਾਈ ਸੂਰਤ ਸਿੰਘ ਸਭ ਤੋਂ ਅੱਗੇ ਹੋ ਕੇ ਲੜਾਈ ਕਰਦੇ ਰਹੇ। ਉਨ੍ਹਾਂ ਨੇ ਹੱਥੋ-ਹੱਥ ਲੜਾਈ ਵਿਚ ਬਹੁਤ ਸਾਰੇ ਪਹਾੜੀ ਫ਼ੌਜੀਆਂ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਅਖ਼ੀਰ ਆਪ ਵੀ ਸ਼ਹੀਦੀ ਜਾਮ ਪੀ ਗਏ। ਭਾਈ ਸੂਰਤ ਸਿੰਘ ਦੀ ਸ਼ਹੀਦੀ ਸਬੰਧੀ **ਭੱਟ ਵਹੀ ਮੁਲਤਾਨੀ ਸਿੰਧੀ** ਵਿਚ ਇੰਵ ਜ਼ਿਕਰ ਆਉਂਦਾ ਹੈ।

"*.....ਸੂਰਤ ਸਿੰਘ* ਬੇਟਾ ਕੇਵਲ ਕਾ ਪੋਤਾ ਆੜੂ ਕਾ.......ਤੁਮਰ ਬਿੰਜਲਉਤ, ਦੇਵਾ ਸਿੰਘ ਬੇਟਾ ਤੇਰੇ ਕਾ ਪੋਤਾ ਸੁਖੇ ਕਾ ਉਦਾਨਾ.......ਸਾਲ ਸਤਰਾਂ ਸੈ ਸਤਵੰਜਾ ਕਾਰਤਿਕ ਪਰਵਿਸ਼ਟੇ ਸਤਮੀਂ ਮੰਗਲਵਾਰ ਕੇ ਦਿਹੁੰ ਨਿਰਮੋਹਗੜ੍ਹ ਕੇ ਮਲ੍ਹਾਨ, ਪਰਗਨਾ ਕਹਿਲੂਰ ਕੀ ਜੰਗ ਮੇਂ ਸਾਮ੍ਹੇ ਮਾਥੇ ਜੂਝ ਕਰ ਮਰੇ।

(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਪੁਆਰ ਜਲ੍ਹਾਨੋਂ ਕਾ)

ਹੋਰ ਤਫ਼ਸੀਲ ਵਾਸਤੇ ਵੇਖੋ: ਭਾਈ ਰਣਮਲ ਦਾ ਕੁਰਸੀਨਾਮਾ।

ਭਾਈ ਦੇਵਾ ਸਿੰਘ

ਭਾਈ ਦੇਵਾ ਸਿੰਘ 8 ਅਕਤੂਬਰ 1700 ਦੇ ਦਿਨ ਨਿਰਮੋਹਗੜ੍ਹ ਦੀ ਲੜਾਈ ਵਿਚ ਸ਼ਹੀਦ ਹੋਏ ਸਨ।

ਭਾਈ ਦੇਵਾ ਸਿੰਘ ਭਾਈ ਤੇਰਾ ਦੇ ਸਪੁੱਤਰ, ਭਾਈ ਸੁਖੀਆ ਦੇ ਪੋਤੇ ਅਤੇ ਭਾਈ ਮਾਂਡਨ ਦੇ ਪੜਪੋਤੇ ਸਨ। ਆਪ ਰਾਠੌਰ ਰਾਜਪੂਤ ਖ਼ਾਨਦਾਨ ਨਾਲ ਸਬੰਧ ਰੱਖਦੇ ਸਨ। ਆਪ ਦਾ ਪਰਿਵਾਰ ਗੁਰੂ ਘਰ ਨਾਲ ਕਈ ਪੀੜ੍ਹੀਆਂ ਤੋਂ ਜੁੜਿਆ ਹੋਇਆ ਸੀ। ਇਸ

ਪਰਿਵਾਰ ਦੇ ਬਹੁਤ ਸਾਰੇ ਸ਼ਖ਼ਸ ਗੁਰੂ ਸਾਹਿਬ ਦੀ ਫ਼ੌਜ ਵਿਚ ਸ਼ਾਮਿਲ ਸਨ। ਭਾਈ ਦੇਵਾ ਸਿੰਘ ਦੇ ਦਾਦਾ ਭਾਈ ਸੁਖੀਆ ਨੇ ਮਹਿਰਾਜ ਦੀ ਲੜਾਈ ਵਿਚ 16 ਦਸੰਬਰ 1634 ਦੇ ਦਿਨ ਸ਼ਹੀਦੀ ਹਾਸਿਲ ਕੀਤੀ ਸੀ। ਇਨ੍ਹਾਂ ਦੇ ਪੜਦਾਦਾ ਭਾਈ ਮਾਂਡਨ ਰੁਹੀਲਾ ਦੀ ਲੜਾਈ (27 ਸਤੰਬਰ 1621) ਵਿਚ ਡੱਟ ਕੇ ਲੜੇ ਸਨ ਤੇ ਸਖ਼ਤ ਜ਼ਖ਼ਮੀ ਹੋਏ ਸਨ। ਭਾਈ ਸੁਖੀਆ ਭਾਈ ਮਨੀ ਸਿੰਘ ਦਾ ਸੱਕਾ ਫੁਫੜ ਸੀ।

ਭਾਈ ਦੇਵਾ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਫ਼ੌਜ ਦੇ ਇਕ ਦਲੇਰ ਸਿਪਾਹੀ ਸਨ। ਉਹ ਅਕਸਰ ਗੁਰੂ ਸਾਹਿਬ ਕੋਲ ਅਨੰਦਪੁਰ ਰਿਹਾ ਕਰਦੇ ਸਨ। ਅਕਤੂਬਰ 1700 ਵਿਚ ਉਹ ਗੁਰੂ ਸਾਹਿਬ ਦੇ ਨਾਲ ਨਿਰਮੋਹਗੜ੍ਹ ਦੀ ਪਹਾੜੀ 'ਤੇ ਸਨ। 8 ਅਕਤੂਬਰ ਦੇ ਦਿਨ ਜਦੋਂ ਬਿਲਾਸਪੁਰ ਦੇ ਰਾਜਾ ਅਜਮੇਰ ਚੰਦ ਨੇ ਵੱਡੀ ਫ਼ੌਜ ਲੈ ਕੇ ਨਿਰਮੋਹਗੜ੍ਹ 'ਤੇ ਹਮਲਾ ਕਰ ਦਿੱਤਾ ਤਾਂ ਭਾਈ ਦੇਵਾ ਸਿੰਘ ਨੇ ਹੋਰ ਸਾਥੀ ਸਿੰਘਾਂ ਨਾਲ ਰਲ ਕੇ ਪਹਾੜੀ ਫ਼ੌਜਾਂ ਦਾ ਡੱਟ ਕੇ ਮੁਕਾਬਲਾ ਕੀਤਾ। ਇਸ ਮੌਕੇ 'ਤੇ ਬੜੀ ਗਹਿ-ਗੱਚ ਲੜਾਈ ਹੋਈ। ਇਸ ਲੜਾਈ ਵਿਚ ਭਾਈ ਦੇਵਾ ਸਿੰਘ ਸਭ ਤੋਂ ਅਗਲੀ ਕਤਾਰ ਵਿਚ ਹੋ ਕੇ ਲੜਾਈ ਕਰਦੇ ਰਹੇ। ਉਨ੍ਹਾਂ ਨੇ ਹੱਥੋ-ਹੱਥ ਲੜਾਈ ਵਿਚ ਬਹੁਤ ਸਾਰੇ ਪਹਾੜੀ ਫ਼ੌਜੀਆਂ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਅਖ਼ੀਰ ਆਪ ਵੀ ਸ਼ਹੀਦੀ ਜਾਮ ਪੀ ਗਏ। ਭਾਈ ਦੇਵਾ ਸਿੰਘ ਦੀ ਸ਼ਹੀਦੀ ਸਬੰਧੀ **ਭੱਟ ਵਹੀ ਮੁਲਤਾਨੀ ਸਿੰਧੀ** ਵਿਚ ਇੰਵ ਜ਼ਿਕਰ ਆਉਂਦਾ ਹੈ।

"*.........ਦੇਵਾ ਸਿੰਘ ਬੇਟਾ ਤੇਗੇ ਕਾ, ਪੋਤਾ ਸੁਖੇ ਕਾ, ਉਦਾਨਾ......ਸਾਲ ਸਤਰਾਂ ਸੈ ਸਤਵੰਜਾ ਕਾਰਤਿਕ ਪਰਵਿਸ਼ਟੇ ਸਤਮੀਂ ਮੰਗਲਵਾਰ ਕੇ ਦਿਹੁੰ ਨਿਰਮੋਹਗੜ੍ਹ ਕੇ ਮਲ਼ਾਨ, ਪ੍ਰਗਨਾ ਕਹਿਲੂਰ ਕੀ ਜੰਗ ਮੇਂ ਸਾਮ੍ਹੇ ਮਾਥੇ ਜੂਝ ਕਰ ਮਰੇ।*

ਹੋਰ ਤਫ਼ਸੀਲ ਵਾਸਤੇ ਵੇਖੋ: ਭਾਈ ਸੁਖੀਆ ਮਾਂਡਨ ਦਾ ਕੁਰਸੀਨਾਮਾ।

ਭਾਈ ਅਨੂਪ ਸਿੰਘ

ਭਾਈ ਅਨੂਪ ਸਿੰਘ 8 ਅਕਤੂਬਰ 1700 ਦੇ ਸ਼ਹੀਦਾਂ ਵਿਚੋਂ ਇਕ ਸਨ।

ਭਾਈ ਅਨੂਪ ਸਿੰਘ ਦੂਨੀ ਚੰਦ ਮਸੰਦ ਦੇ ਪੋਤੇ ਸਨ। ਦੂਨੀ ਚੰਦ ਕਿਸੇ ਵੇਲੇ

ਮਾਝੇ ਦਾ ਮਸੰਦ ਥਾਪਿਆ ਹੋਇਆ ਸੀ। ਅਗਸਤ 1700 ਵਿਚ ਜਦੋਂ ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਨੇ ਅਨੰਦਪੁਰ 'ਤੇ ਹਮਲਾ ਕੀਤਾ ਤਾਂ ਉਹ ਅਨੰਦਪੁਰ ਸਾਹਿਬ ਵਿਚ ਹੀ ਸੀ। ਪਹਿਲੀ ਸਤੰਬਰ 1700 ਨੂੰ ਜਦੋਂ ਪਹਾੜੀ ਰਾਜਿਆਂ ਨੇ ਕਿਲ੍ਹਾ ਲੋਹਗੜ੍ਹ ਦਾ ਦਰਵਾਜ਼ਾ ਤੋੜਨ ਵਾਸਤੇ ਇਕ ਸ਼ਰਾਬੀ ਹਾਥੀ ਨੂੰ ਭੇਜਣ ਦੀ ਤਰਕੀਬ ਬਣਾਈ ਤਾਂ ਗੁਰੂ ਸਾਹਿਬ ਨੇ ਇਸ ਦੁਨੀ ਚੰਦ ਨੂੰ ਇਸ ਹਾਥੀ ਦਾ ਮੁਕਾਬਲਾ ਕਰਨ ਵਾਸਤੇ ਆਖਿਆ। ਡਰਦਾ ਮਾਰਾ ਦੁਨੀ ਚੰਦ ਰਾਤੋ-ਰਾਤ ਅਨੰਦਪੁਰ ਸਾਹਿਬ ਤੋਂ ਦੌੜ ਗਿਆ ਸੀ। ਘਰ ਪਹੁੰਚਣ ਤੋਂ ਛੇਤੀ ਮਗਰੋਂ ਹੀ ਉਸ ਦੀ ਸੱਪ ਦੇ ਡੰਗਣ ਨਾਲ ਮੌਤ ਹੋ ਗਈ ਸੀ। ਮਾਝੇ ਵਿਚ ਦੁਨੀ ਚੰਦ ਦੀ ਬੜੀ ਬਦਨਾਮੀ ਹੋ ਰਹੀ ਸੀ। ਇਸ ਕਰ ਕੇ ਦੁਨੀ ਚੰਦ ਦੇ ਦੋ ਪੋਤੇ ਭਾਈ ਅਨੂਪ ਸਿੰਘ ਅਤੇ ਭਾਈ ਸਰੂਪ ਸਿੰਘ ਉਚੇਚੇ ਤੌਰ ਤੇ ਅਨੰਦਪੁਰ ਸਾਹਿਬ ਪੁੱਜੇ ਅਤੇ ਗੁਰੂ ਸਾਹਿਬ ਤੋਂ ਦੁਨੀ ਚੰਦ ਦੀ ਹਰਕਤ ਦੀ ਮੁਆਫ਼ੀ ਮੰਗੀ।

ਭਾਈ ਅਨੂਪ ਸਿੰਘ ਧਾਲੀਵਾਲ ਜੱਟ ਸਨ। ਉਨ੍ਹਾਂ ਦਾ ਦਾਦਾ ਦੁਨੀ ਚੰਦ ਭਾਈ ਸਾਲ੍ਹੋ ਦਾ ਪੋਤਾ ਸੀ। ਭਾਈ ਸਾਲ੍ਹੋ ਨੇ ਗੁਰੂ ਘਰ ਦੀ ਬੜੀ ਸੇਵਾ ਕੀਤੀ ਸੀ। ਭਾਵੇਂ ਦੁਨੀ ਚੰਦ ਨੇ ਬੁਜ਼ਦਿਲੀ ਦਿਖਾਈ ਸੀ ਅਤੇ ਡਰਦੇ ਮਾਰੇ ਭੱਜ ਗਿਆ ਸੀ ਪਰ ਉਸ ਦੇ ਪੋਤੇ ਬੜੇ ਦਲੇਰ, ਬਹਾਦਰ ਅਤੇ ਜੰਗਜੂ ਤਬੀਅਤ ਦੇ ਜੋਧੇ ਸਨ। ਉਹ ਹੁਣ ਗੁਰੂ ਸਾਹਿਬ ਦੇ ਨਾਲ ਰਹਿਣ ਅਤੇ ਸੇਵਾ ਕਰਨ ਲੱਗ ਪਏ ਸਨ। ਜਦੋਂ ਗੁਰੂ ਸਾਹਿਬ ਅਨੰਦਪੁਰ ਛੱਡ ਕੇ ਨਿਰਮੋਹਗੜ੍ਹ ਦੀ ਪਹਾੜੀ 'ਤੇ ਚਲੇ ਗਏ ਤਾਂ ਉਹ ਦੋਵੇਂ ਵੀ ਗੁਰੂ ਸਾਹਿਬ ਦੇ ਨਾਲ ਹੀ ਰਹੇ।

8 ਅਕਤੂਬਰ ਦੇ ਦਿਨ ਜਦੋਂ ਬਿਲਾਸਪੁਰ ਦੇ ਰਾਜਾ ਅਜਮੇਰ ਚੰਦ ਨੇ ਵੱਡੀ ਫ਼ੌਜ ਲੈ ਕੇ ਨਿਰਮੋਹਗੜ੍ਹ 'ਤੇ ਹਮਲਾ ਕਰ ਦਿੱਤਾ ਤਾਂ ਭਾਈ ਅਨੂਪ ਸਿੰਘ ਨੇ ਹੋਰ ਸਾਥੀ ਸਿੰਘਾਂ ਨਾਲ ਰਲ ਕੇ ਪਹਾੜੀ ਫ਼ੌਜਾਂ ਦਾ ਡੱਟ ਕੇ ਮੁਕਾਬਲਾ ਕੀਤਾ। ਇਸ ਵੇਲੇ ਬੜੀ ਜ਼ਬਰਦਸਤ ਲੜਾਈ ਹੋਈ। ਇਸ ਲੜਾਈ ਵਿਚ ਭਾਈ ਅਨੂਪ ਸਿੰਘ ਨੇ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ। ਉਨ੍ਹਾਂ ਨੇ ਹੱਥੋ-ਹੱਥ ਲੜਾਈ ਵਿਚ ਬਹੁਤ ਸਾਰੇ ਪਹਾੜੀ ਫ਼ੌਜੀਆਂ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਅਖ਼ੀਰ ਆਪ ਵੀ ਸ਼ਹੀਦੀ ਜਾਮ ਪੀ ਗਏ।

ਭਾਈ ਸਰੂਪ ਸਿੰਘ

ਭਾਈ ਸਰੂਪ ਸਿੰਘ ਦੁਨੀ ਚੰਦ ਮਸੰਦ ਦੇ ਦੂਜੇ ਪੋਤੇ ਸਨ। 8 ਅਕਤੂਬਰ ਦੇ ਦਿਨ ਜਦੋਂ ਬਿਲਾਸਪੁਰ ਦੇ ਰਾਜਾ ਅਜਮੇਰ ਸਿੰਘ ਨੇ ਵੱਡੀ ਫ਼ੌਜ ਲੈ ਕੇ ਅਨੰਦਪੁਰ ਸਾਹਿਬ 'ਤੇ ਹਮਲਾ ਕਰ ਦਿੱਤਾ ਤਾਂ ਭਾਈ ਸਰੂਪ ਸਿੰਘ ਨੇ ਆਪਣੇ ਭਰਾ ਅਨੂਪ ਸਿੰਘ ਅਤੇ ਹੋਰ ਸਾਥੀ ਸਿੰਘਾਂ ਨਾਲ ਰਲ ਕੇ ਪਹਾੜੀ ਫ਼ੌਜਾਂ ਦਾ ਡੱਟ ਕੇ ਮੁਕਾਬਲਾ ਕੀਤਾ। ਇਸ ਮੌਕੇ 'ਤੇ ਬੜੀ ਗਹਿ-ਗੱਚ ਲੜਾਈ ਹੋਈ। ਇਸ ਲੜਾਈ ਵਿਚ ਭਾਈ ਸਰੂਪ ਸਿੰਘ ਵੀ ਮੂਹਰਲੀ ਕਤਾਰ ਵਿਚ ਹੋ ਕੇ ਲੜਾਈ ਕਰਦੇ ਰਹੇ। ਉਨ੍ਹਾਂ ਨੇ ਹੱਥੋ-ਹੱਥ ਲੜਾਈ ਵਿਚ ਬਹੁਤ ਸਾਰੇ ਪਹਾੜੀ ਫ਼ੌਜੀਆਂ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਅਖ਼ੀਰ ਆਪ ਵੀ ਸ਼ਹੀਦੀ ਜਾਮ ਪੀ ਗਏ।

(ਵਧੇਰੇ ਤਫ਼ਸੀਲ ਵਾਸਤੇ ਵੇਖੋ: ''ਭਾਈ ਅਨੂਪ ਸਿੰਘ'')

ਭਾਈ ਮਥਰਾ ਸਿੰਘ

ਭਾਈ ਮਥਰਾ ਸਿੰਘ ਨੇ 8 ਅਕਤੂਬਰ 1700 ਦੇ ਦਿਨ ਨਿਰਮੋਹਗੜ੍ਹ ਦੀ ਲੜਾਈ ਵਿਚ ਸ਼ਹੀਦੀ ਜਾਮ ਪੀਤਾ ਸੀ।

ਭਾਈ ਮਥਰਾ ਸਿੰਘ ਸ਼ਹੀਦ ਭਾਈ ਦਿਆਲ ਦਾਸ ਦੇ ਬੇਟੇ, ਭਾਈ ਮਾਈ ਦਾਸ ਦੇ ਪੋਤੇ ਤੇ ਸ਼ਹੀਦ ਭਾਈ ਬੱਲੂ ਦੇ ਪੜਪੋਤੇ ਸਨ। ਭਾਈ ਬੱਲੂ ਛੇਵੇਂ ਨਾਨਕ ਵੇਲੇ ਗੁਰੂ ਦਾ ਚੱਕ ਦੀ ਲੜਾਈ (13 ਅਪ੍ਰੈਲ 1634 ਦੇ ਦਿਨ) ਤੇ ਭਾਈ ਦਿਆਲ ਦਾਸ ਗੁਰੂ ਤੇਗ ਬਹਾਦਰ ਸਾਹਿਬ ਦੇ ਨਾਲ, ਚਾਂਦਨੀ ਚੌਂਕ ਦਿੱਲੀ ਵਿਚ (11 ਨਵੰਬਰ 1675 ਦੇ ਦਿਨ) ਸ਼ਹੀਦ ਹੋਏ ਸਨ।

ਸ਼ਹੀਦ ਪਿਤਾ ਤੇ ਸ਼ਹੀਦ ਪੜਦਾਦੇ ਦੇ ਇਸ ਵਾਰਿਸ ਦਾ ਛੋਟਾ ਭਰਾ ਭਾਈ ਕਲਿਆਣ ਸਿੰਘ ਕੁਝ ਦਿਨ ਪਹਿਲੋਂ ਹੀ 29 ਅਗਸਤ 1700 ਦੇ ਦਿਨ ਤਾਰਾਗੜ੍ਹ ਕਿਲ੍ਹੇ ਦੀ ਲੜਾਈ ਵਿਚ ਸ਼ਹੀਦ ਹੋ ਚੁੱਕਾ ਸੀ।

ਭਾਈ ਮਥਰਾ ਸਿੰਘ ਆਪਣੇ ਭਰਾਵਾਂ ਤੇ ਪੜਦਾਦੇ ਵਾਂਗ ਬੜਾ ਬਹਾਦਰ ਤੇ ਦਲੇਰ ਸੀ। ਉਹ ਗੁਰੂ ਗੋਬਿੰਦ ਸਿੰਘ ਸਾਹਿਬ ਦਾ, ਖ਼ਾਸ ਦਰਬਾਰੀ ਸਿੱਖ ਸੀ ਤੇ ਅਕਸਰ ਗੁਰੂ ਸਾਹਿਬ ਦੇ ਨਾਲ ਹੀ ਰਿਹਾ ਕਰਦਾ ਸੀ। ਜਦੋਂ ਅਕਤੂਬਰ 1700 ਵਿਚ ਗੁਰੂ ਸਾਹਿਬ ਪਹਾੜੀਆਂ ਦੀ ਇਜ਼ਤ ਬਚਾਉਣ ਖ਼ਾਤਿਰ ਅਨੰਦਪੁਰ ਛੱਡ ਕੇ ਨਿਰਮੋਹਗੜ੍ਹ ਚਲੇ ਗਏ ਤਾਂ ਬੇਈਮਾਨ ਅਜਮੇਰ ਚੰਦ ਨੇ ਫ਼ੌਜ ਲੈ ਕੇ ਗੁਰੂ ਸਾਹਿਬ 'ਤੇ ਨਿਰਮੋਹਗੜ੍ਹ ਦੀ ਪਹਾੜੀ 'ਤੇ ਵੀ ਹਮਲਾ ਕਰ ਦਿੱਤਾ। ਇਸ ਹਮਲੇ ਦੌਰਾਨ ਸਿੱਖਾਂ ਤੇ ਪਹਾੜੀਆਂ ਵਿਚ ਜ਼ਬਰਦਸਤ ਭੇੜਾਂ ਹੋਈਆਂ। ਇਸ ਮੌਕੇ 'ਤੇ ਹੋਈਆਂ ਹੱਥੋ-ਹੱਥ ਲੜਾਈਆਂ ਵਿਚ ਭਾਈ ਮਥਰਾ ਸਿੰਘ ਵੀ ਮੂਹਰੇ ਹੋ ਕੇ ਲੜੇ ਤੇ ਦੁਸ਼ਮਣ ਦੇ ਕਈ ਸਿਪਾਹੀਆਂ ਨੂੰ ਮਾਰਨ ਮਗਰੋਂ ਸ਼ਹੀਦ ਹੋ ਗਏ।

ਆਪ ਦੀ ਸ਼ਹੀਦੀ ਸਬੰਧੀ ਭੱਟ ਵਹੀਆਂ ਵਿਚ ਇੰਞ ਜ਼ਿਕਰ ਆਇਆ ਹੈ:

"*....ਮਥਰਾ ਸਿੰਘ ਬੇਟਾ ਦਿਆਲ ਦਾਸ ਕਾ, ਪੋਤਾ ਮਾਈ ਕਾ*...ਬੰਝਰਉਂਤ, ਜਲਾਨਾ, ...ਸਾਲ ਸਤਰਾਂ ਸੈ ਸਤਵੰਜਾ, ਕਾਰਤਿਕ ਪ੍ਰਵਿਸ਼ਟੇ ਸਤਮੀਂ, ਮੰਗਲਵਾਰ ਕੇ ਦਿਹੁੰ, ਨਿਰਮੋਹਗੜ੍ਹ ਕੇ ਮਲ੍ਹਾਨ, ਪਰਗਨਾ ਕਹਿਲੂਰ ਕੀ ਜੰਗ ਮੇਂ ਸਾਮ੍ਹੇ ਮਾਥੇ ਜੂਝ ਕਰ ਮਰੇ।"

(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਪੁਆਰ ਜਲ੍ਹਾਨੋਂ ਕਾ)

ਭਾਈ ਮਥਰਾ ਸਿੰਘ ਤੋਂ ਮਗਰੋਂ ਉਨ੍ਹਾਂ ਦਾ ਬੇਟਾ ਭਾਈ ਰਾਮ ਸਿੰਘ, ਪੋਤਾ ਭਾਈ ਹੀਰਾ ਸਿੰਘ ਤੇ ਪੜਪੋਤੇ ਭਾਈ ਦੇਵਾ ਸਿੰਘ, ਭਾਈ ਭਾਗ ਸਿੰਘ ਅਤੇ ਭਾਈ ਫ਼ਤੇ ਸਿੰਘ ਵੀ ਪੰਥ ਦੀ ਸੇਵਾ ਕਰਦੇ ਕਰਦੇ ਰਹੇ।

ਭਾਈ ਰਾਮ ਸਿੰਘ ਕਸ਼ਮੀਰੀ

ਭਾਈ ਰਾਮ ਸਿੰਘ ਕਸ਼ਮੀਰੀ ਭਾਈ ਦੂਨੀ ਚੰਦ ਦੇ ਬੇਟੇ ਸਨ। ਆਪ ਕਸ਼ਮੀਰ ਦੇ ਇਕ ਬ੍ਰਾਹਮਣ ਪਰਿਵਾਰ ਨਾਲ ਸਬੰਧ ਰੱਖਦੇ ਸਨ। ਭਾਈ ਦੂਨੀ ਚੰਦ ਉਨ੍ਹਾਂ 16 ਕਸ਼ਮੀਰੀ ਬ੍ਰਾਹਮਣਾਂ ਵਿਚੋਂ ਇਕ ਸਨ, ਜਿਹੜੇ ਭਾਈ ਕਿਰਪਾ ਰਾਮ ਦੱਤ ਨਾਲ 25

ਮਈ 1675 ਦੇ ਦਿਨ ਗੁਰੂ ਤੇਗ ਬਹਾਦਰ ਸਾਹਿਬ ਕੋਲ ਆ ਫ਼ਰਿਆਦੀ ਹੋਏ ਸਨ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਤੋਂ ਮਗਰੋਂ ਵੀ ਭਾਈ ਦੂਨੀ ਚੰਦ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸੇਵਾ ਵਿਚ ਹਾਜ਼ਿਰ ਹੁੰਦੇ ਰਹਿੰਦੇ ਸਨ।

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸਾ ਪ੍ਰਗਟ ਕੀਤਾ ਤਾਂ ਭਾਈ ਦੂਨੀ ਚੰਦ ਦੇ ਬੇਟੇ ਭਾਈ ਰਾਮ ਚੰਦ ਨੇ ਵੀ ਖੰਡੇ ਦੀ ਪਾਹੁਲ ਲਈ ਅਤੇ ਭਾਈ ਰਾਮ ਸਿੰਘ ਬਣ ਗਏ। ਗੁਰੂ ਗੋਬਿੰਦ ਸਿੰਘ ਸਾਹਿਬ ਦੀ ਫ਼ੌਜ ਤੇ ਦਰਬਾਰ ਵਿਚ ਰਾਮ ਸਿੰਘ ਨਾਂ ਦੇ ਕਈ ਸਿੱਖ ਸਨ ਇਸ ਕਰ ਕੇ ਵੱਖਰਿਆਉਣ ਵਾਸਤੇ ਉਨ੍ਹਾਂ ਨੂੰ ਰਾਮ ਸਿੰਘ ਕਸ਼ਮੀਰੀ ਆਖ ਕੇ ਬੁਲਾਇਆ ਜਾਂਦਾ ਸੀ।

ਭਾਈ ਰਾਮ ਸਿੰਘ ਕਸ਼ਮੀਰੀ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਬੜੀ ਮੁਹੱਬਤ ਰੱਖਦੇ ਸਨ। ਭਾਈ ਆਲਿਮ ਸਿੰਘ ਨੱਚਣਾ ਵਾਂਗੂੰ ਭਾਈ ਰਾਮ ਸਿੰਘ ਕਸ਼ਮੀਰੀ ਵੀ ਹਰ ਵੇਲੇ ਗੁਰੂ ਸਾਹਿਬ ਦੇ ਅੰਗ-ਸੰਗ ਰਿਹਾ ਕਰਦੇ ਸਨ ਆਪ ਗੁਰੂ ਸਾਹਿਬ ਦੇ ਚੋਰ-ਬਰਦਾਰ ਵਜੋਂ ਸੇਵਾ ਕਰਿਆ ਕਰਦੇ ਸਨ। ਅਕਤੂਬਰ 1700 ਵਿਚ ਭਾਈ ਰਾਮ ਸਿੰਘ ਕਸ਼ਮੀਰੀ ਅਨੰਦਪੁਰ ਸਾਹਿਬ ਵਿਚ ਸਨ। ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਪਹਾੜੀ ਰਾਜਿਆਂ ਦਾ ਨੱਕ ਰੱਖਣ ਵਾਸਤੇ ਅਨੰਦਪੁਰ ਛੱਡ ਕੇ 4 ਅਕਤੂਬਰ 1700 ਦੇ ਦਿਨ ਨਿਰਮੋਹਗੜ੍ਹ ਚਲੇ ਗਏ ਤਾਂ ਪਹਾੜੀਆਂ ਨੇ ਅਹਿਸਾਨ ਮੰਨਣ ਦੀ ਬਜਾਇ ਉਲਟਾ ਗੁਰੂ ਸਾਹਿਬ 'ਤੇ ਉੱਥੇ ਵੀ ਹਮਲਾ ਕਰ ਦਿੱਤਾ। ਪਰ ਸਿੱਖਾਂ ਨੇ ਪਹਾੜੀ ਫ਼ੌਜਾਂ ਦੇ ਖ਼ੂਬ ਦੰਦ ਖੱਟੇ ਕੀਤੇ ਅਖ਼ੀਰ ਪਹਾੜੀ ਫ਼ੌਜਾਂ ਬਹੁਤ ਸਾਰਾ ਨੁਕਸਾਨ ਕਰਵਾ ਕੇ ਮੁੜ ਗਈਆਂ। ਇਸ ਮਗਰੋਂ ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਨੇ ਆਪਣਾ ਵਜ਼ੀਰ ਸਰਹਿੰਦ ਦੇ ਨਵਾਬ ਵੱਲ ਭੇਜ ਕੇ ਉਸ ਨੂੰ ਗੁਰੂ ਸਾਹਿਬ 'ਤੇ ਹਮਲਾ ਕਰਨ ਵਾਸਤੇ ਉਕਸਾਇਆ। ਸਰਹਿੰਦ ਦੇ ਨਵਾਬ ਨੇ ਰੁਸਤਮ ਖ਼ਾਨ ਅਤੇ ਨਾਸਿਰ ਖ਼ਾਨ ਦੀ ਕਮਾਨ ਵਿਚ ਫ਼ੌਜਾਂ ਨੂੰ ਨਿਰਮੋਹਗੜ੍ਹ ਵੱਲ ਤੋਰ ਦਿੱਤਾ।

13 ਅਕਤੂਬਰ 1700 ਦੇ ਦਿਨ ਮੁਗ਼ਲ ਫ਼ੌਜਾਂ ਨਿਰਮੋਹਗੜ੍ਹ ਦੇ ਨੇੜੇ ਪੁੱਜ ਗਈਆਂ। ਰੁਸਤਮ ਖ਼ਾਨ ਨੇ ਇਕ ਉੱਚੀ ਪਹਾੜੀ (ਇਕ ਸੋਮੇ ਮੁਤਾਬਿਕ ਇਹ ਸਿਆਹੀ ਟਿੱਬੀ ਹੀ ਸੀ) 'ਤੇ ਮੋਰਚੇ ਗੱਡ ਲਏ। ਮੋਰਚੇ ਕਾਇਮ ਕਰਨ ਮਗਰੋਂ ਨਾਸਿਰ ਖਾਨ ਨੇ ਤੋਪ ਦਾ ਮੂੰਹ ਨਿਰਮੋਹਗੜ੍ਹ ਦੀ ਪਹਾੜੀ ਵੱਲ ਕਰ ਕੇ ਇਕ ਗੋਲਾ ਛੱਡਿਆ। ਇਸ ਗੋਲੇ ਦਾ ਨਿਸ਼ਾਨਾ ਸਿੱਧਾ ਗੁਰੂ ਸਾਹਿਬ 'ਤੇ ਸੀ। ਇਹ ਗੋਲਾ ਗੁਰੂ ਸਾਹਿਬ ਦੇ ਕੋਲ ਖੜੇ ਭਾਈ ਰਾਮ ਸਿੰਘ ਕਸ਼ਮੀਰੀ ਨੂੰ ਵੱਜਾ ਤੇ ਉਹ ਉਸੇ ਵੇਲੇ ਸ਼ਹੀਦੀ ਪਾ ਗਿਆ। ਇਸ 'ਤੇ ਗੁਰੂ ਸਾਹਿਬ ਨੇ ਇਕ ਤੀਰ ਚਲਾਇਆ ਜਿਹੜਾ ਸਿੱਧਾ ਨਾਸਿਰ ਖਾਨ ਨੂੰ ਜਾ ਵੱਜਾ। ਨਾਸਿਰ ਖਾਂ ਥਾਂ 'ਤੇ ਹੀ ਢੇਰੀ ਹੋ ਗਿਆ। ਏਨੇ ਨੂੰ ਇਕ ਤੀਰ ਭਾਈ ਉਦੈ ਸਿੰਘ ਨੇ ਵੀ ਚਲਾਇਆ ਜੋ ਰੁਸਤਮ ਖਾਨ ਨੂੰ ਲੱਗਾ ਤੇ ਰੁਸਤਮ ਖਾਨ ਵੀ ਥਾਂਏ ਮਾਰਿਆ ਗਿਆ।

ਭਾਈ ਹਿੰਮਤ ਸਿੰਘ

ਭਾਈ ਹਿੰਮਤ ਸਿੰਘ ਨੇ 13 ਅਕਤੂਬਰ 1700 ਦੇ ਦਿਨ ਨਿਰਮੋਹਗੜ੍ਹ ਵਿਚ ਸ਼ਹੀਦੀ ਪਾਈ ਸੀ।

ਭਾਈ ਹਿੰਮਤ ਸਿੰਘ ਭਾਈ ਜੀਤ (ਅਜੀਤ) ਸਿੰਘ ਦੇ ਸਪੁੱਤਰ, ਭਾਈ ਰਾਮਾ ਦੇ ਪੋਤੇ ਅਤੇ ਸ਼ਹੀਦ ਭਾਈ ਸੁਖੀਆ ਦੇ ਪੜਪੋਤੇ ਸਨ। ਆਪ ਰਾਠੌਰ-ਰਾਜਪੂਤ ਖ਼ਾਨਦਾਨ ਨਾਲ ਸਬੰਧ ਰੱਖਦੇ ਸਨ। ਆਪ ਦਾ ਪਰਿਵਾਰ ਕਈ ਪੁਸ਼ਤਾਂ ਤੋਂ ਸਿੱਖ ਪੰਥ ਦੀ ਸੇਵਾ ਕਰ ਰਿਹਾ ਸੀ। ਆਪ ਦੇ ਦਾਦਾ ਭਾਈ ਸੁਖੀਆ ਮਹਿਰਾਜ ਦੀ ਲੜਾਈ ਵਿਚ (16 ਦਸੰਬਰ 1634 ਦੇ ਦਿਨ) ਸ਼ਹੀਦ ਹੋਏ ਸਨ। ਭਾਈ ਸੁਖੀਆ ਦੇ ਪਿਤਾ ਭਾਈ ਮਾਂਡਨ ਵੀ ਰੁਹੀਲਾ ਦੀ ਲੜਾਈ (27 ਸਤੰਬਰ 1621) ਵਿਚ ਬੜੀ ਬਹਾਦਰੀ ਨਾਲ ਲੜੇ ਸਨ ਅਤੇ ਜ਼ਖ਼ਮੀ ਹੋਏ ਸਨ।

ਭਾਈ ਹਿੰਮਤ ਸਿੰਘ ਦੇ ਚਾਚਾ ਭਾਈ ਬਜਰ ਸਿੰਘ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਸ਼ਸਤਰਾਂ ਦੀ ਸਿਖਲਾਈ ਦਿੱਤੀ ਸੀ। ਭਾਈ ਹਿੰਮਤ ਸਿੰਘ, ਉਸ ਦੇ ਭਰਾ ਭਾਈ ਸੇਵਾ ਸਿੰਘ ਤੇ ਭਾਈ ਮਨੀ ਸਿੰਘ ਨਿਸ਼ਾਨਚੀ ਵੀ ਗੁਰੂ ਸਾਹਿਬ ਦੀ ਫ਼ੌਜ ਦੇ ਬਹਾਦਰ ਸਿਪਾਹੀਆਂ ਵਿਚ ਸ਼ਾਮਿਲ ਸਨ। ਆਪ ਦੇ ਪਿਤਾ ਭਾਈ ਜੀਤਾ (ਅਜੀਤ) ਸਿੰਘ ਵੀ ਗੁਰੂ ਸਾਹਿਬ ਦੀ ਫ਼ੌਜ ਵਿਚ ਭਰਤੀ ਹੋਏ ਸਨ। ਭਾਈ ਜੀਤਾ (ਅਜੀਤ) ਸਿੰਘ ਦੇ 10 ਬੇਟੇ ਸਨ।

ਭਾਈ ਹਿੰਮਤ ਸਿੰਘ ਸਭ ਤੋਂ ਵੱਡੇ ਸਨ। ਭਾਈ ਹਿੰਮਤ ਸਿੰਘ ਤੋਂ ਛੋਟੇ ਸਨ: ਪ੍ਰਸੰਨ ਸਿੰਘ, ਅਨੂਪ ਸਿੰਘ, ਮੋਹਰ ਸਿੰਘ, ਕੇਹਰ ਸਿੰਘ, ਸੇਵਾ ਸਿੰਘ, ਮਾਨ ਸਿੰਘ, ਰੂਪ ਸਿੰਘ, ਕਾਲਾ ਸਿੰਘ ਤੇ ਕਲਿਆਣ ਸਿੰਘ। ਇਨ੍ਹਾਂ ਵਿਚੋਂ ਭਾਈ ਪ੍ਰਸੰਨ ਸਿੰਘ, ਅਨੂਪ ਸਿੰਘ ਤੇ ਕੇਹਰ ਸਿੰਘ 11 ਅਕਤੂਬਰ 1711 ਦੇ ਦਿਨ ਆਲੋਵਾਲ ਵਿਚ ਸ਼ਹੀਦ ਕਰ ਦਿੱਤੇ ਗਏ ਸਨ। ਇਸ ਤੋਂ ਇਲਾਵਾ ਮੋਹਰ ਸਿੰਘ, ਸੇਵਾ ਸਿੰਘ ਤੇ ਮਾਨ ਸਿੰਘ ਵੀ ਵੱਖ-ਵੱਖ ਮੌਕਿਆਂ 'ਤੇ ਸ਼ਹੀਦ ਹੋਏ ਸਨ।

4 ਅਕਤੂਬਰ 1700 ਨੂੰ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਬਿਲਾਸਪੁਰ ਦੇ ਰਾਜੇ ਦੀ ਇੱਜ਼ਤ ਰੱਖਣ ਵਾਸਤੇ ਅਨੰਦਪੁਰ ਛੱਡ ਕੇ ਨਿਰਮੋਹਗੜ੍ਹ ਚਲੇ ਗਏ ਤਾਂ ਅਹਿਸਾਨ ਫ਼ਰਾਮੋਸ਼ ਅਜਮੇਰ ਚੰਦ ਨੇ 8 ਅਕਤੂਬਰ ਦੇ ਦਿਨ ਗੁਰੂ ਸਾਹਿਬ 'ਤੇ ਨਿਰਮੋਹਗੜ੍ਹ ਵਿਚ ਵੀ ਹਮਲਾ ਕਰ ਦਿੱਤਾ। ਇਸ ਲੜਾਈ ਵਿਚ ਹਾਰਨ ਮਗਰੋਂ ਅਜਮੇਰ ਚੰਦ ਨੇ ਆਪਣਾ ਵਜ਼ੀਰ ਸਰਹਿੰਦ ਭੇਜ ਕੇ ਉਥੋਂ ਦੇ ਨਵਾਬ ਨੂੰ ਗੁਰੂ ਸਾਹਿਬ ਤੇ ਹਮਲਾ ਕਰਨ ਵਾਸਤੇ

ਉਕਸਾਇਆ। 13 ਅਕਤੂਬਰ ਦੇ ਦਿਨ ਸਰਹਿੰਦ ਦੇ ਨਵਾਬ ਨੇ ਰੁਸਤਮ ਖ਼ਾਨ ਤੇ ਨਾਹਰ ਖ਼ਾਨ ਦੀ ਅਗਵਾਈ ਵਿਚ ਮੁਗ਼ਲ ਫ਼ੌਜ ਤੋਂ ਨਿਰਮੋਹਗੜ੍ਹ 'ਤੇ ਹਮਲਾ ਕਰਵਾ ਦਿੱਤਾ। ਇਸ ਲੜਾਈ ਵਿਚ ਬਹੁਤ ਸਾਰੇ ਮੁਗ਼ਲ ਸਿਪਾਹੀ ਮਾਰੇ ਗਏ। ਇਸ ਮੌਕੇ 'ਤੇ ਭਾਈ ਹਿੰਮਤ ਸਿੰਘ ਵੀ ਬਹਾਦਰੀ ਦੇ ਜੌਹਰ ਦਿਖਾਉਂਦੇ ਸ਼ਹੀਦ ਹੋ ਗਏ। ਆਪ ਦੀ ਸ਼ਹੀਦੀ ਦਾ ਜ਼ਿਕਰ "**ਭੱਟ ਵਹੀ ਤਲਉਂਢਾ**" ਵਿਚ ਇੰਞ ਆਖਿਆ ਹੈ:

"ਹਿੰਮਤ ਸਿੰਘ ਬੇਟਾ ਜੀਤੇ ਕਾ, ਪੋਤਾ ਰਾਮੇ ਕਾ ਉਦਾਨਾ, ਮੋਹਰ ਸਿੰਘ ਬੇਟਾ ਧੂਮੇ ਕਾ, ਪੋਤਾ ਕਾਨ੍ਹੇ ਕਾ.....ਤ੍ਰਮਰ ਬਿੰਜਲਉਂਤ, ਸਾਲ ਸਤਰਾਂ ਸੈ ਸਤਵੰਜਾ, ਕਤਿਕ ਪਰਵਿਸ਼ਟੇ ਬਾਰਾਂ, ਰਵਿਵਾਰ ਕੇ ਦਿਹੁੰ, ਨਿਰਮੋਹਗੜ੍ਹ ਕੇ ਮਲ੍ਹਾਨ ਪਰਗਨਾ ਕਹਿਲੂਰ, ਸਾਮ੍ਹੇ ਮਾਥੇ ਜੂਝ ਕਰ ਮਰੇ।

(ਭੱਟ ਵਹੀ ਤਲਉਂਢਾ, ਪਰਗਨਾ ਜੀਂਦ, ਖਾਤਾ ਉਦਾਨਿਉਂ ਕਾ)"

ਹੋਰ ਤਫ਼ਸੀਲ ਵਾਸਤੇ ਦੇਖੋ: ਭਾਈ ਜੀਤਾ/ਅਜੀਤ ਸਿੰਘ ਦਾ ਕੁਰਸੀਨਾਮਾ।

ਭਾਈ ਮੋਹਰ ਸਿੰਘ

ਭਾਈ ਮੋਹਰ ਸਿੰਘ 13 ਅਕਤੂਬਰ 1700 ਦੇ ਦਿਨ ਨਿਰਮੋਹਗੜ੍ਹ ਦੀ ਲੜਾਈ ਵਿਚ ਸ਼ਹੀਦ ਹੋਏ ਸਨ।

ਭਾਈ ਮੋਹਰ ਸਿੰਘ ਭਾਈ ਧੂਮਾ ਸਿੰਘ ਦੇ ਬੇਟੇ, ਭਾਈ ਕਾਹਨ ਸਿੰਘ ਦੇ ਪੋਤੇ ਤੇ ਭਾਈ ਨੇਤਾ ਸਿੰਘ ਦੇ ਪੜਪੋਤੇ ਸਨ। ਭਾਈ ਨੇਤਾ ਸਿੰਘ ਦੇ ਦਾਦਾ ਸ਼ਹੀਦ ਭਾਈ ਸੁਖੀਆ 16 ਦਸੰਬਰ 1634 ਦੇ ਦਿਨ ਮਹਿਰਾਜ ਦੀ ਲੜਾਈ ਵਿਚ ਸ਼ਹੀਦ ਹੋਏ ਸਨ। ਇਸ ਪਰਿਵਾਰ ਦੇ ਹੋਰ ਵੀ ਕਈ ਜਣੇ ਸ਼ਹੀਦ ਹੋ ਚੁਕੇ ਸਨ।

ਅਕਤੂਬਰ 1700 ਵਿਚ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨਿਰਮੋਹਗੜ੍ਹ ਦੀ ਪਹਾੜੀ 'ਤੇ ਡੇਰਾ ਲਾਈ ਬੈਠੇ ਸਨ ਤਾਂ 8 ਅਕਤੂਬਰ ਦੇ ਦਿਨ ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਨੇ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ। ਉਸ ਨੂੰ ਇਸ ਹਮਲੇ ਵਿਚ ਬੁਰੀ ਤਰ੍ਹਾਂ ਮਾਰ ਖਾਣੀ ਪਈ। ਇਸ ਮਗਰੋਂ ਉਸ ਨੇ ਸਰਹਿੰਦ ਦੇ ਸੂਬੇਦਾਰ ਤਕ ਪਹੁੰਚ

ਕਰ ਕੇ ਉਸ ਤੋਂ ਹਮਲਾ ਕਰਵਾ ਦਿੱਤਾ। ਇਹ ਹਮਲਾ 13 ਅਕਤੂਬਰ 1700 (12 ਕਤਕ 1757 ਬਿਕਰਮੀ) ਦੇ ਦਿਨ ਹੋਇਆ ਸੀ। ਇਸ ਹਮਲੇ ਵਿਚ ਹਮਲਾਵਰ ਫ਼ੌਜਾਂ ਦੇ ਦੋਵੇਂ ਵੱਡੇ ਜਰਨੈਲ ਨਾਹਰ ਖਾਂ ਤੇ ਰੁਸਤਮ ਖਾਂ ਮਾਰੇ ਗਏ। ਇਸ ਤੋਂ ਇਲਾਵਾ ਸੈਂਕੜੇ ਮੁਗ਼ਲ ਸਿਪਾਹੀ ਵੀ ਜਾਨ ਗੁਆ ਬੈਠੇ। ਇਸ ਮੌਕੇ 'ਤੇ ਕੁਝ ਸਿੱਖਾਂ ਨੇ ਵੀ ਸ਼ਹੀਦੀਆਂ ਪਾਈਆਂ। ਸ਼ਹੀਦ ਹੋਣ ਵਾਲੇ ਇਨ੍ਹਾਂ ਸਿੰਘਾਂ ਵਿਚ ਭਾਈ ਮੋਹਰ ਸਿੰਘ ਵੀ ਸਨ।

ਭਾਈ ਮੋਹਰ ਸਿੰਘ ਦੀ ਸ਼ਹੀਦੀ ਬਾਰੇ **ਭੱਟ ਵਹੀ ਤਲਉਂਢਾ** ਵਿਚ ਇੰਞ ਜ਼ਿਕਰ ਮਿਲਦਾ ਹੈ:

"...*ਮੋਹਰ ਸਿੰਘ ਬੇਟਾ ਧੂਮੇ ਕਾ ਪੋਤਾ ਕਾਨ੍ਹੇ ਕਾ,* ਬਿੰਜਲਉਂਤ, ਸਾਲ ਸਤਾਰਾ ਸੈ ਸਤਵੰਜਾ, ਕਾਰਤਿਕ ਪਰਵਿਸ਼ਟੇ ਬਾਰਾਂ ਦਿਨ ਐਤਵਾਰ ਨਿਰਮੋਹਗੜ੍ਹ ਕੇ ਮਲ੍ਹਾਨ, ਸਾਮ੍ਹੇ ਮਾਥੇ ਜੂਝ ਕਰ ਮਰੇ।"

(ਭੱਟ ਵਹੀ ਤਲਉਂਢਾ, ਪਰਗਨਾ ਜੀਂਦ, ਖਾਤਾ ਉਦਾਨੌਂ ਕਾ)

ਹੋਰ ਤਫ਼ਸੀਲ ਵਾਸਤੇ ਵੇਖੋ: ਭਾਈ ਨੇਤਾ ਸਿੰਘ ਦਾ ਕੁਰਸੀਨਾਮਾ।

ਭਾਈ ਅਜੀਤ ਸਿੰਘ/ਜੀਤਾ ਸਿੰਘ

ਭਾਈ ਅਜੀਤ ਸਿੰਘ ਨੇ 14 ਅਕਤੂਬਰ 1700 ਦੇ ਦਿਨ ਨਿਰਮੋਹਗੜ੍ਹ ਵਿਚ ਸ਼ਹੀਦੀ ਪਾਈ ਸੀ।

ਭਾਈ ਅਜੀਤ ਸਿੰਘ ਭਾਈ ਰਾਮੇ ਦੇ ਬੇਟੇ, ਸ਼ਹੀਦ ਭਾਈ ਸੁਖੀਆ ਦੇ ਪੋਤੇ ਤੇ ਭਾਈ ਮਾਂਡਨ ਦੇ ਪੜਪੋਤੇ ਸਨ। ਆਪ ਦੇ ਵੱਡੇ-ਵਡੇਰੇ ਗੁਰੂ ਅਰਜਨ ਸਾਹਿਬ ਦੇ ਵੇਲੇ ਤੋਂ ਹੀ ਸਿੱਖ ਪੰਥ ਦਾ ਹਿੱਸਾ ਸਨ। ਆਪ ਦੇ ਪੜਦਾਦੇ ਭਾਈ ਮਾਂਡਨ ਨੇ ਰੁਹੀਲਾ ਦੀ ਲੜਾਈ (27 ਸਤੰਬਰ 1621) ਵਿਚ ਖ਼ੂਬ ਬਹਾਦਰੀ ਨਾਲ ਲੜਾਈ ਕੀਤੀ ਸੀ। ਆਪ ਦੇ ਦਾਦਾ ਭਾਈ ਸੁਖੀਆ (ਜੋ ਭਾਈ ਮਨੀ ਸਿੰਘ ਦੇ ਸੱਕੇ ਛੋਟਕੇ ਸਨ) ਨੇ 16 ਦਸੰਬਰ 1634 ਦੇ ਦਿਨ ਮਹਿਰਾਜ ਦੀ ਲੜਾਈ ਵਿਚ ਬਹਾਦਰੀ ਦੇ ਜੌਹਰ ਦਿਖਾ ਕੇ ਸ਼ਹੀਦੀ ਜਾਮ ਪੀਤਾ ਸੀ।

ਭਾਈ ਅਜੀਤ ਸਿੰਘ ਦੇ ਸਭ ਤੋਂ ਵੱਡੇ ਬੇਟੇ ਭਾਈ ਹਿੰਮਤ ਸਿੰਘ ਨੇ ਸਿਰਫ਼ ਇਕ ਦਿਨ ਪਹਿਲਾਂ 13 ਅਕਤੂਬਰ 1700 ਦੇ ਦਿਨ ਇਸੇ ਜਗ੍ਹਾ 'ਤੇ ਨਿਰਮੋਹਗੜ੍ਹ ਦੀ ਲੜਾਈ ਵਿਚ ਕਈ ਹਮਲਾਵਰ ਮੁਗ਼ਲ ਸਿਪਾਹੀਆਂ ਨੂੰ ਮਾਰ ਕੇ ਸ਼ਹਾਦਤ ਹਾਸਿਲ ਕੀਤੀ ਸੀ।

ਬੀਤੇ ਦਿਨ, 13 ਅਕਤੂਬਰ 1700, ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਵਲੋਂ ਉਕਸਾ ਕੇ ਲਿਆਂਦੀ ਮੁਗ਼ਲ ਹਮਲਾਵਰ ਫ਼ੌਜ ਦੇ ਮੁਖੀ ਨਾਸਿਰ ਖ਼ਾਂ ਅਤੇ ਰੁਸਤਮ ਖ਼ਾਂ ਦੇ ਮਾਰੇ ਜਾਣ ਮਗਰੋਂ ਅਗਲੇ ਦਿਨ ਅਜਮੇਰ ਚੰਦ ਨੇ ਫੇਰ ਹਮਲਾ ਕਰ ਦਿੱਤਾ। ਇਸ ਲੜਾਈ ਵਿਚ ਭਾਈ ਸੁਖੀਆ ਦੇ ਪੋਤਰਿਆਂ ਤੇ ਭਾਈ ਰਾਮਾ ਦੇ ਪੁੱਤਰਾਂ, ਭਾਈ ਬਜਰ ਸਿੰਘ, ਭਾਈ ਜੀਤਾ ਸਿੰਘ ਤੇ ਭਾਈ ਨੇਤਾ ਸਿੰਘ ਨੇ ਮੂਹਰੇ ਹੋ ਕੇ ਹਿੱਸਾ ਲਿਆ। ਉਨ੍ਹਾਂ ਦੀਆਂ ਸ੍ਰੀ ਸਾਹਿਬਾਂ ਨੇ ਬਹੁਤ ਸਾਰੇ ਮੁਗ਼ਲ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰਿਆ। ਭਾਈ ਜੀਤਾ ਸਿੰਘ ਦੇ ਨਾਲ ਉਨ੍ਹਾਂ ਦੇ ਦੋ ਹੋਰ ਬੇਟੇ ਭਾਈ ਮੋਹਰ ਸਿੰਘ ਤੇ ਭਾਈ ਸੇਵਾ ਸਿੰਘ ਵੀ ਮੋਢੇ ਨਾਲ ਮੋਢਾ ਡਾਹ ਕੇ ਲੜੇ। ਇਸ ਲੜਾਈ ਵਿਚ ਭਾਈ ਅਜੀਤ ਸਿੰਘ, ਉਨ੍ਹਾਂ ਦਾ ਭਰਾ ਭਾਈ ਨੇਤਾ ਸਿੰਘ ਤੇ ਭਾਈ ਅਜੀਤ ਸਿੰਘ ਦੇ ਦੋਵੇਂ ਬੇਟੇ ਭਾਈ ਮੋਹਰ ਸਿੰਘ ਤੇ ਭਾਈ ਸੇਵਾ ਸਿੰਘ ਵੀ ਸ਼ਹੀਦ ਹੋ ਗਏ।

ਭਾਈ ਅਜੀਤ ਸਿੰਘ ਦੀ ਸ਼ਹੀਦੀ ਦਾ ਜ਼ਿਕਰ "**ਭੱਟ ਵਹੀ ਮੋਹਰਾਂ ਵਾਲੀ**' ਵਿਚ ਇੰਝ ਮਿਲਦਾ ਹੈ:

"ਜੀਤ ਸਿੰਘ ਨੇਤਾ ਸਿੰਘ ਬੇਟੇ ਰਾਮੇਂ ਕੇ ਪੋਤੇ ਸੁਖੇ ਕੇ, ਊਦਾਨੇ ਬੰਸ ਊਦੇ ਕਾ...ਸਾਲ ਸਤਰਾਂ ਸੈ ਸਤਵੰਜਾ, ਕਤਿਕ ਪਰਵਿਸ਼ਟੇ ਤੇਰਾਂ ਦਿਨ ਸੋਮਵਾਰ, ਨਿਰਮੋਹਗੜ੍ਹ, ਕੇ ਮਲਹਾਨ, ਪ੍ਰਗਨਾ ਕਹਿਲੂਰ, ਰਨ ਮੇਂ ਸਾਮੇਂ ਮਾਥੇ ਜੂਝ ਕਰ ਮਰੇ।"

(ਭਟ ਵਹੀ ਮੋਹਰਾਂ ਵਾਲੀ, ਖਾਤਾ ਉਦਾਨਿਆਂ ਕਾ)

ਇਨ੍ਹਾਂ ਦੀਆਂ ਸ਼ਹੀਦੀਆਂ ਦਾ ਜ਼ਿਕਰ **ਭੱਟ ਵਹੀ ਸਿਰਸਮਾਂ, ਪਰਗਨਾ ਥਨੇਸਰ** ਦੇ ਸਫ਼ਾ 89 'ਤੇ ਵੀ ਮਿਲਦਾ ਹੈ।

ਸਿਰਫ਼ ਏਨਾ ਹੀ ਨਹੀਂ ਭਾਈ ਅਜੀਤ ਸਿੰਘ ਦਾ ਪਰਿਵਾਰ ਇਸ ਤੋਂ ਮਗਰੋਂ ਵੀ ਪੰਥ ਦੀ ਸੇਵਾ ਵਿਚ ਵੱਧ ਚੜ੍ਹ ਕੇ ਹਿੱਸਾ ਪਾਉਂਦਾ ਰਿਹਾ। ਭਾਈ ਅਜੀਤ ਸਿੰਘ ਦੇ ਤਿੰਨ ਬੇਟੇ ਪ੍ਰਸੰਨ ਸਿੰਘ, ਅਨੂਪ ਸਿੰਘ ਤੇ ਕਿਹਰ ਸਿੰਘ (ਤੇ ਇਕ ਪੜਪੋਤੇ ਭਾਈ ਚੰਨਣ ਸਿੰਘ) ਨੂੰ ਜੁਲਾਈ 1711 ਵਿਚ ਗ੍ਰਿਫ਼ਤਾਰ ਕਰ ਕੇ ਤਿੰਨ ਮਹੀਨੇ ਬੰਦੀ-ਖਾਨੇ ਵਿਚ ਰੱਖ ਕੇ ਬੜੇ ਤਸੀਹੇ ਦਿੱਤੇ ਗਏ। ਜਦੋਂ ਇਨ੍ਹਾਂ ਚੌਹਾਂ ਤੇ ਹੋਰ 36 ਸਿੰਘਾਂ ਨੇ ਧਰਮ ਨਾ ਛੱਡਿਆ ਤਾਂ ਇਨ੍ਹਾਂ ਸਾਰਿਆਂ ਨੂੰ ਆਲੋਵਾਲ (ਨੇੜੇ ਲਾਹੌਰ) ਵਿਚ ਜਿਊਂਦੇ ਜ਼ਮੀਨ ਵਿਚ ਗੱਡ ਕੇ ਮਾਰ ਦਿੱਤਾ ਗਿਆ।

ਭਾਈ ਅਜੀਤ ਸਿੰਘ ਤੇ ਭਾਈ ਨੇਤਾ ਸਿੰਘ ਦੇ ਵਾਰਿਸ ਸਿੱਖ ਮਿਸਲਾਂ ਵੇਲੇ ਵੀ ਪੰਥ ਦੀ ਚੜ੍ਹਦੀ ਕਲਾ ਵਾਸਤੇ ਵੱਧ-ਚੜ੍ਹ ਕੇ ਹਿੱਸਾ ਪਾਉਂਦੇ ਰਹੇ।

ਹੋਰ ਤਫ਼ਸੀਲ ਵਾਸਤੇ ਵੇਖੋ: ਭਾਈ ਜੀਤਾ ਸਿੰਘ ਦਾ ਕੁਰਸੀਨਾਮਾ।

ਭਾਈ ਨੇਤਾ ਸਿੰਘ

ਭਾਈ ਨੇਤਾ ਸਿੰਘ ਭਾਈ ਰਾਮਾ ਦੇ ਬੇਟੇ ਸ਼ਹੀਦ ਭਾਈ ਸੁਖੀਆ ਦੇ ਪੋਤੇ ਅਤੇ ਭਾਈ ਮਾਂਡਨ ਦੇ ਪੜਪੋਤੇ ਸਨ। ਆਪ ਰਾਠੌਰ ਰਾਜਪੂਤ ਖ਼ਾਨਦਾਨ ਨਾਲ ਸਬੰਧ ਰੱਖਦੇ ਸਨ। ਆਪ ਦਾ ਪਰਿਵਾਰ ਗੁਰੂ ਘਰ ਦਾ ਬਹੁਤ ਸਾਦਿਕ ਸੀ। ਭਾਈ ਮਾਂਡਨ ਪਰਿਵਾਰ 'ਚੋਂ ਬਹੁਤ ਸਾਰੇ ਜਣੇ ਗੁਰੂ ਸਾਹਿਬ ਦੀ ਫ਼ੌਜ ਵਿਚ ਸ਼ਾਮਿਲ ਹੋਏ ਸਨ। ਭਾਈ ਮਾਂਡਨ ਆਪ ਵੀ ਗੁਰੂ ਸਾਹਿਬ ਦੀ ਫ਼ੌਜ ਵਿਚ ਸ਼ਾਮਿਲ ਹੋਏ ਸਨ ਅਤੇ ਰੁਹੀਲਾ ਦੀ ਲੜਾਈ (27 ਸਤੰਬਰ 1621) ਵਿਚ ਜੂਝੇ ਵੀ ਸਨ। ਉਨ੍ਹਾਂ ਦੇ ਬੇਟੇ ਭਾਈ ਸੁਖੀਆ ਮਹਿਰਾਜ ਦੀ ਲੜਾਈ ਵਿਚ 16 ਦਸੰਬਰ 1634 ਦੇ ਦਿਨ ਸ਼ਹੀਦ ਹੋਏ ਸਨ। ਭਾਈ ਨੇਤਾ ਸਿੰਘ ਦੇ ਭਰਾ ਭਾਈ ਬਜਰ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਵੱਲੋਂ ਸ਼ਸਤਰਾਂ ਦੀ ਸਿਖਲਾਈ ਵਾਸਤੇ ਤਾਈਨਾਤ ਕੀਤਾ ਗਿਆ ਸੀ।

ਭਾਈ ਨੇਤਾ ਸਿੰਘ ਗੁਰੂ ਸਾਹਿਬ ਦੀ ਫ਼ੌਜ ਦੇ ਮੁੱਖੀ ਸਿੱਖਾਂ ਵਿਚੋਂ ਇਕ ਸਨ। ਉਹ ਗੁਰੂ ਸਾਹਿਬ ਦੀਆਂ ਲੜਾਈਆਂ ਵਿਚ ਅੱਗੇ ਹੋ ਕੇ ਲੜਦੇ ਰਹੇ ਸਨ।

ਅਗਸਤ 1700 ਵਿਚ ਭਾਈ ਨੇਤਾ ਸਿੰਘ ਉਨ੍ਹਾਂ ਦਾ ਭਾਈ ਅਜੀਤ ਸਿੰਘ ਤੇ ਉਨ੍ਹਾਂ ਦਾ ਪਰਿਵਾਰ ਅਨੰਦਪੁਰ ਸਾਹਿਬ ਵਿਚ ਸਨ ਤਾਂ ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਨੇ ਨਗਰ 'ਤੇ ਹਮਲਾ ਕਰ ਦਿੱਤਾ। ਚਾਰ ਦਿਨਾਂ ਦੀ ਹਾਰ ਮਗਰੋਂ ਅਜਮੇਰ ਚੰਦ ਵਾਪਿਸ ਬਿਲਾਸਪੁਰ ਮੁੜ ਗਿਆ ਜਿਥੇ ਮੁਕਾਮੀ ਲੋਕਾਂ ਨੇ ਤਾਹ੍ਨਿਆਂ ਮਿਹਨਿਆਂ ਨਾਲ ਉਸ ਨੂੰ ਬੜਾ ਸ਼ਰਮਿੰਦਾ ਕੀਤਾ। ਅਖ਼ੀਰ ਉਸ ਨੇ ਗੁਰੂ ਜੀ ਨੂੰ ਅਰਜ਼ ਕੀਤੀ ਕਿ ਉਹ ਉਸ ਦੀ ਇੱਜ਼ਤ ਰੱਖਣ ਵਾਸਤੇ ਕੁਝ ਦਿਨ ਵਾਸਤੇ ਅਨੰਦਪੁਰ ਖ਼ਾਲੀ ਕਰ ਜਾਣ। ਅਜਮੇਰ ਚੰਦ ਨੇ ਗਾਂ ਦੀ ਕਸਮ ਖਾਧੀ ਕਿ ਉਹ ਮੁੜ ਕੇ ਕਦੇ ਅਨੰਦਪੁਰ ਸਾਹਿਬ ਵੱਲ ਤੱਕਣਗੇ ਵੀ ਨਹੀਂ। ਇਸ 'ਤੇ ਗੁਰੂ ਸਾਹਿਬ ਅਨੰਦਪੁਰ ਛੱਡ ਕੇ ਨਿਰਮੋਹਗੜ੍ਹ ਚਲੇ ਗਏ।

ਅਹਿਸਾਨ-ਫ਼ਰਾਮੋਸ਼ ਅਜਮੇਰ ਚੰਦ ਨੂੰ ਜਦੋਂ ਪਤਾ ਲੱਗਾ ਕਿ ਗੁਰੂ ਜੀ ਅਨੰਦਪੁਰ ਛੱਡ ਕੇ ਨਿਰਮੋਹਗੜ੍ਹ ਦੀ ਪਹਾੜੀ 'ਤੇ ਚਲੇ ਗਏ ਹਨ ਤਾਂ ਉਸ ਨੇ 8 ਅਕਤੂਬਰ ਦੇ ਦਿਨ ਗੁਰੂ ਜੀ 'ਤੇ ਹਮਲਾ ਕਰ ਦਿੱਤਾ। ਇਸ ਲੜਾਈ ਵਿਚ ਅਜਮੇਰ ਚੰਦ ਦਾ ਬੜਾ ਨੁਕਸਾਨ ਹੋਇਆ। ਫਿਰ ਅਜਮੇਰ ਚੰਦ ਨੇ 13 ਅਕਤੂਬਰ ਦੇ ਦਿਨ ਸਰਹਿੰਦ ਦੀ ਫ਼ੌਜ ਦਾ ਹਮਲਾ ਕਰਵਾ ਦਿੱਤਾ। ਉਹ ਫ਼ੌਜ ਵੀ ਆਪਣੇ ਦੋਵੇਂ ਜਰਨੈਲ ਮਰਵਾ ਕੇ, ਹਾਰ ਖਾ ਕੇ, ਮੁੜ ਗਈ। 14 ਅਕਤੂਬਰ ਨੂੰ ਅਜਮੇਰ ਚੰਦ ਨੇ ਫੇਰ ਘੇਰਾ ਪਾ ਲਿਆ। ਇਸ ਮੌਕੇ

'ਤੇ ਫਿਰ ਗਹਿ-ਗਚ ਲੜਾਈ ਹੋਈ। ਇਸ ਲੜਾਈ ਵਿਚ ਬਹੁਤ ਸਾਰੇ ਪਹਾੜੀ ਮਾਰੇ ਗਏ ਅਤੇ ਖ਼ਾਲਸਾ ਫ਼ੌਜ ਦੇ ਕੁਝ ਬਹਾਦਰ ਸਿਪਾਹੀ ਵੀ ਸ਼ਹੀਦ ਹੋ ਗਏ। ਇਨ੍ਹਾਂ ਵਿਚ ਭਾਈ ਨੇਤਾ ਸਿੰਘ ਤੇ ਉਨ੍ਹਾਂ ਦਾ ਭਰਾ ਭਾਈ ਜੀਤਾ ਸਿੰਘ ਤੇ ਭਾਈ ਜੀਤਾ ਸਿੰਘ ਦੇ ਦੋ ਬੇਟੇ ਵੀ ਸ਼ਾਮਿਲ ਸਨ।

ਇਸ ਸਬੰਧੀ **ਭੱਟ ਵਹੀ ਮੋਹਰਾਂ ਵਾਲੀ** ਵਿਚ ਇਕ ਇੰਦਰਾਜ ਇੰਝ ਮਿਲਦਾ ਹੈ:

''ਜੀਤ ਸਿੰਘ, *ਨੇਤਾ ਸਿੰਘ*, ਬੇਟੇ ਰਾਮੇਂ ਕੇ, ਪੋਤੇ ਸੁੱਖੇ ਕੇ, ਉਦਾਨੈ, ਬੰਸ ਉਦੇ ਕਾ... ਸਾਲ ਸਤਰਾਂ ਸੈ ਸਤਵੰਜਾ, ਕਤਿਕ ਪਰਵਿਸ਼ਟੇ ਤੇਰਾਂ, ਦਿਨ ਸੋਮਵਾਰ, ਨਿਰਮੋਹਗੜ੍ਹ ਕੇ ਮਲਹਾਨ, ਪ੍ਰਗਨਾ ਕਹਿਲੂਰ, ਰਨ ਮੇਂ ਸਾਮ੍ਹੇ ਮਾਥੇ ਜੂਝ ਕਰ ਮਰੇ।''

(ਭੱਟ ਵਹੀ ਮੋਹਰਾਂ ਵਾਲੀ, ਖਾਤਾ ਉਦਾਨਿਓਂ ਕਾ)

ਇਨ੍ਹਾਂ ਦੀ ਸ਼ਹੀਦੀ ਦਾ ਜ਼ਿਕਰ **ਭੱਟ ਵਹੀ ਸਿਰਸਮਾਂ, ਪਰਗਨਾ ਥਾਨੇਸਰ** ਦੇ ਸਫ਼ਾ 89 'ਤੇ ਵੀ ਮਿਲਦਾ ਹੈ।

ਹੋਰ ਤਫ਼ਸੀਲ ਵਾਸਤੇ ਦੇਖੋ: ''ਭਾਈ ਨੇਤਾ ਸਿੰਘ 'ਦਾ ਕੁਰਸੀਨਾਮਾ''

ਭਾਈ ਕੇਸਰਾ ਸਿੰਘ

ਭਾਈ ਕੇਸਰਾ ਸਿੰਘ ਭਾਈ ਛਬੀਲਾ ਦੇ ਸਪੁੱਤਰ ਭਾਈ ਜੀਤ ਦੇ ਪੋਤਰੇ ਅਤੇ ਭਾਈ ਲੱਧਾ ਦੇ ਪੜਪੋਤੇ ਸਨ। ਆਪ ਬਾਤਸ਼-ਚੌਹਾਨ-ਰਾਜਪੂਤ ਖ਼ਾਨਦਾਨ ਨਾਲ ਸਬੰਧ ਰੱਖਦੇ ਸਨ। ਆਪ ਪਿੰਡ ਖੈਰਪੁਰ ਸਾਦਾਤ (ਜ਼ਿਲਾ ਮੁਜ਼ੱਫ਼ਰਗੜ੍ਹ) ਦੇ ਵਾਸੀ ਸਨ। ਇਹ ਪਰਿਵਾਰ ਭਾਈ ਆਲਿਮ ਸਿੰਘ ਨਚਣਾ ਨਾਲ ਨਾਤਾ ਰਖਦਾ ਸੀ।

ਭਾਈ ਕੇਸਰਾ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਫ਼ੌਜ ਦੇ ਇਕ ਮੁੱਖੀ ਸਿੱਖ ਸਨ। ਆਪ ਹਮੇਸ਼ਾ ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਲੜਾਈਆਂ ਵਿਚ ਸਭ ਤੋਂ ਅੱਗੇ ਹੋ ਕੇ ਲੜਾਈ ਕਰਦੇ ਸਨ।

14 ਅਕਤੂਬਰ 1700 ਦੇ ਦਿਨ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨਿਰਮੋਹਗੜ੍ਹ ਦੀ ਪਹਾੜੀ 'ਤੇ ਬੈਠੇ ਸਨ, ਤੇ ਬਿਲਾਸਪੁਰ ਦੇ ਰਾਜੇ ਦੀਆਂ ਫ਼ੌਜਾਂ ਨੇ ਇਸ ਪਹਾੜੀ ਨੂੰ ਘੇਰਾ ਪਾਇਆ ਹੋਇਆ ਸੀ ਤਾਂ ਬਸਾਲੀ ਦਾ ਰਾਜਾ ਸਲਾਹੀ ਚੰਦ (ਜੋ ਹਮਲਾਵਰ ਰਾਜੇ ਅਜਮੇਰ ਚੰਦ ਦੀ ਦਾਦੀ ਦਾ ਜੀਜਾ ਸੀ) ਆਪਣੇ ਕੁਝ ਸਿਪਾਹੀ ਲੈ ਕੇ ਆਇਆ

ਅਤੇ ਸਰਸਾ ਨਦੀ ਦੇ ਦੂਜੇ ਕੰਢੇ 'ਤੇ ਰੁਕ ਗਿਆ। ਉਸ ਨੇ ਆਪਣਾ ਏਲਚੀ ਗੁਰੂ ਜੀ ਵੱਲ ਭੇਜਿਆ ਤੇ ਗੁਰੂ ਸਾਹਿਬ ਨੂੰ ਅਰਜ਼ ਕੀਤੀ ਕਿ ਗੁਰੂ ਜੀ ਉਸ ਦੀ ਰਿਆਸਤ ਵਿਚ ਆ ਜਾਣ। ਗੁਰੂ ਜੀ ਰਾਜਾ ਸਲਾਹੀ ਚੰਦ ਦੀ ਅਰਜ਼ ਮੰਨ ਕੇ ਬਸਾਲੀ ਜਾਣ ਵਾਸਤੇ ਤਿਆਰ ਹੋ ਗਏ। ਇਸ ਮੌਕੇ 'ਤੇ ਸਰਸਾ ਨਦੀ ਨੂੰ ਪਾਰ ਕਰਨ ਵਾਸਤੇ ਜਾ ਰਹੇ ਸਿੱਖਾਂ 'ਤੇ ਅਜਮੇਰ ਚੰਦ ਦੀ ਫ਼ੌਜ ਨੇ ਹਮਲਾ ਕਰ ਦਿੱਤਾ। ਹੁਣ ਇਕ ਵਾਰ ਫੇਰ ਗਹਿ-ਗੱਚ ਲੜਾਈ ਹੋਈ। ਇਸ ਲੜਾਈ ਵਿਚ ਬਹੁਤ ਸਾਰੇ ਪਹਾੜੀ ਫ਼ੌਜੀ ਮਾਰੇ ਗਏ। ਭਾਈ ਉਦੈ ਸਿੰਘ ਦੇ ਤੀਰਾਂ ਦੀ ਬੌਛਾੜ ਨੇ ਪਹਾੜੀ ਫ਼ੌਜਾਂ ਦੀ ਪੇਸ਼-ਕਦਮੀ ਰੋਕੀ ਰੱਖੀ। ਹੌਲੀ-ਹੌਲੀ ਗੁਰੂ ਸਾਹਿਬ ਅਤੇ ਬਾਕੀ ਸਾਰੇ ਸਿੱਖ ਸਰਸਾ ਨਦੀ ਪਾਰ ਕ ਗਏ। ਇਸ ਲੜਾਈ ਵਿਚ ਭਾਈ ਕੇਸਰਾ ਸਿੰਘ ਪਹਾੜੀ ਸਿਪਾਹੀਆਂ ਨਾਲ ਆਹਮੋ-ਸਾਹਮਣੀ ਲੜਾਈ ਵਿਚ ਸ਼ਹੀਦ ਹੋ ਗਏ।

ਭਾਈ ਕੇਸਰਾ ਸਿੰਘ ਦੀ ਸ਼ਹੀਦੀ ਬਾਰੇ **ਭੱਟ ਵਹੀ ਮੁਲਤਾਨੀ ਸਿੰਧੀ** ਵਿਚ ਇੰਞ ਜ਼ਿਕਰ ਆਇਆ ਹੈ।

"ਕੇਸਰਾ ਸਿੰਘ ਬੇਟਾ ਛਬੀਲ ਸਿੰਘ ਕਾ, ਪੋਤਾ ਚੰਦਨ ਰਾਇ ਕਾ, ਨਾਮ ਸਉਤ ਭੁਟਾਣਾ....ਗੋਕਲ ਸਿੰਘ ਬੇਟਾ ਦਰੀਆ ਕਾ, ਪੋਤਾ ਮੂਲੇ ਕਾ....ਸਾਲ ਸਤਰਾਂ ਸੈ ਸਤਵੰਜਾ, ਕਤਿਕ ਪ੍ਰਵਿਸ਼ਟੇ ਚਉਦਹ, ਮੰਗਲਵਾਰ ਕੇ ਦਿਹੁੰ, ਨਿਰਮੋਹਗੜ੍ਹ ਕੇ ਮਲਹਾਨ, ਸੱਤਲੁਜ ਕੇ ਕਿਨਾਰੇ, ਘੋਰ ਜੁਧ ਹੂਆ। ਸਾਮ੍ਹੇ ਮਾਥੇ ਜੂਝ ਕਰ ਮਰੇ।

(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਜਲਹਾਨੋਂ ਕਾ)

ਮਗਰੋਂ, ਜੁਲਾਈ 1711 ਵਿਚ ਭਾਈ ਕੇਸਰਾ ਸਿੰਘ ਦਾ ਭਰਾ ਭਾਈ ਜੇਠਾ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਕੇ ਤਿੰਨ ਮਹੀਨੇ ਕੈਦ ਵਿਚ ਤਸੀਹੇ ਦੇਣ ਮਗਰੋਂ, ਆਲੋਵਾਲ (ਨੇੜੇ ਲਾਹੌਰ) ਵਿਚ 11 ਅਕਤੂਬਰ 1711 ਦੇ ਦਿਨ ਜਿਊਂਦਾ ਗੱਡ ਕੇ ਸ਼ਹੀਦ ਕਰ ਦਿੱਤਾ ਗਿਆ।

ਭਾਈ ਗੋਕਲ ਸਿੰਘ

ਭਾਈ ਗੋਕਲ ਸਿੰਘ ਭਾਈ ਦਰੀਆ ਦੇ ਸਪੁੱਤਰ ਅਤੇ ਭਾਈ ਮੂਲੇ ਦੇ ਪੋਤੇ ਅਤੇ ਭਾਈ ਰਾਓ ਦੇ ਪੜਪੋਤੇ ਸਨ। ਆਪ ਪ੍ਰਮਾਰ-ਰਾਜਪੂਤ ਖ਼ਾਨਦਾਨ ਨਾਲ ਸਬੰਧ ਰੱਖਦੇ ਸਨ। ਆਪ ਪਿੰਡ ਅਲੀਪੁਰ (ਜ਼ਿਲ੍ਹਾ ਮੁਜ਼ੱਫਰਗੜ੍ਹ) ਦੇ ਵਾਸੀ ਸਨ। ਭਾਈ ਦਰੀਆ ਭਾਈ ਮਨੀ ਸਿੰਘ ਦੇ ਦਾਦਾ ਭਾਈ ਬੱਲੂ ਦੇ ਛੋਟੇ ਭਰਾ ਸਨ। ਇਸ ਖ਼ਾਨਦਾਨ ਦੇ ਬਹੁਤ ਸਾਰੇ ਸ਼ਖ਼ਸ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਫ਼ੌਜ ਵਿਚ ਸ਼ਾਮਿਲ ਹੋਏ ਸਨ ਤੇ ਕਈਆਂ ਨੇ ਸ਼ਹੀਦੀਆਂ ਹਾਸਿਲ ਕੀਤੀਆਂ ਸਨ।

14 ਅਕਤੂਬਰ 1700 ਦੇ ਦਿਨ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨਿਰਮੋਹਗੜ੍ਹ ਦੀ ਪਹਾੜੀ 'ਤੇ ਬੈਠੇ ਹੋਏ ਸਨ ਤੇ ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਨੇ ਇਸ ਪਹਾੜੀ ਨੂੰ ਘੇਰਾ ਪਾਇਆ ਹੋਇਆ ਸੀ ਅਤੇ ਬਸਾਲੀ ਰਿਆਸਤ ਦਾ ਰਾਜਾ ਸਲਾਹੀ ਚੰਦ (ਜੋ ਹਮਲਾਵਰ ਰਾਜੇ ਅਜਮੇਰ ਚੰਦ ਦੀ ਦਾਦੀ ਦਾ ਜੀਜਾ ਸੀ) ਕੁਝ ਸਿਪਾਹੀ ਲੈ ਕੇ ਆਇਆ ਅਤੇ ਸਰਸਾ ਨਦੀ ਦੇ ਦੂਜੇ ਕੰਢੇ 'ਤੇ ਬਹਿ ਗਿਆ। ਉਸ ਨੇ ਆਪਣਾ ਏਲਚੀ ਗੁਰੂ ਸਾਹਿਬ ਵੱਲ ਭੇਜਿਆ ਅਤੇ ਗੁਰੂ ਸਾਹਿਬ ਨੂੰ ਅਰਜ਼ ਕੀਤੀ ਕਿ ਗੁਰੂ ਜੀ ਉਸ ਦੀ ਰਿਆਸਤ ਵਿਚ ਆ ਜਾਣ। ਗੁਰੂ ਜੀ ਰਾਜਾ ਸਲਾਹੀ ਚੰਦ ਦੀ ਅਰਜ਼ ਮੰਨ ਕੇ ਨਦੀ ਵੱਲ ਚਲ ਪਏ। ਬਸਾਲੀ ਜਾਣ ਲਈ ਨਦੀ ਪਾਰ ਕਰਨ ਜਾ ਰਹੇ ਸਿੱਖਾਂ 'ਤੇ ਵੀ ਅਜਮੇਰ ਚੰਦ ਦੀ ਫ਼ੌਜ ਨੇ ਹਮਲਾ ਕਰ ਦਿੱਤਾ। ਇਸ ਮੌਕੇ 'ਤੇ ਫੇਰ ਗਹਿ-ਗੱਚ ਲੜਾਈ ਹੋਈ। ਇਸ ਲੜਾਈ ਵਿਚ ਬਹੁਤ ਸਾਰੇ ਪਹਾੜੀ ਮਾਰੇ ਗਏ। ਭਾਈ ਉਦੇ ਸਿੰਘ ਦੇ ਤੀਰਾਂ ਦੀ ਬੋਛਾੜ ਨੇ ਪਹਾੜੀ ਫ਼ੌਜਾਂ ਦੀ ਪੇਸ਼ ਕਦਮੀ ਰੋਕੀ ਰੱਖੀ। ਹੌਲੀ-ਹੌਲੀ ਗੁਰੂ ਸਾਹਿਬ ਤੇ ਸਾਰੇ ਸਿੱਖ ਸਰਸਾ ਨਦੀ ਪਾਰ ਕਰ ਗਏ। ਇਸ ਲੜਾਈ ਵਿਚ ਹੋਰਨਾਂ ਤੋਂ ਇਲਾਵਾ ਭਾਈ ਗੋਕਲ ਸਿੰਘ ਪਹਾੜੀ ਸਿਪਾਹੀਆਂ ਨਾਲ ਆਹਮੋ-ਸਾਹਮਣੀ ਲੜਾਈ ਵਿਚ ਸ਼ਹੀਦ ਹੋ ਗਏ।

ਇਸ ਸਬੰਧੀ **ਭੱਟ ਵਹੀ ਮੁਲਤਾਨੀ ਸਿੰਧੀ** ਵਿਚ ਇਕ ਇੰਦਰਾਜ ਮਿਲਦਾ ਹੈ।

(ਵੇਖੋ: ਭਾਈ ਕੇਸਰਾ ਸਿੰਘ ਦੀ ਜੀਵਨੀ)

ਹੋਰ ਤਫ਼ਸੀਲ ਵਾਸਤੇ ਵੇਖੋ: ''ਭਾਈ ਕੇਸਰਾ ਸਿੰਘ'' ਅਤੇ ''ਭਾਈ ਦਰੀਆ ਦਾ ਕੁਰਸੀਨਾਮਾ।''

ਭਾਈ ਜੀਵਨ ਸਿੰਘ

ਭਾਈ ਜੀਵਨ ਸਿੰਘ ਭਾਈ ਪ੍ਰੇਮਾ ਦੇ ਸਪੁੱਤਰ, ਭਾਈ ਮੂਲਾ ਦੇ ਪੋਤੇ ਅਤੇ ਭਾਈ ਰਾਓ ਦੇ ਪੜਪੋਤੇ ਸਨ। (ਆਪ, ਰਿਸ਼ਤੇ ਵਿਚ, ਭਾਈ ਮਨੀ ਸਿੰਘ ਦੇ ਚਾਚਾ ਲੱਗਦੇ ਸਨ।) ਆਪ ਪਰਮਾਰ-ਰਾਜਪੂਤ ਖ਼ਾਨਦਾਨ ਨਾਲ ਸਬੰਧ ਰੱਖਦੇ ਸਨ। ਇਹ ਪਰਿਵਾਰ ਗੁਰੂ ਅਰਜਨ ਸਾਹਿਬ ਦੇ ਵੇਲੇ ਤੋਂ ਸਿੱਖ ਧਰਮ ਨਾਲ ਜੁੜਿਆ ਹੋਇਆ ਸੀ।

ਭਾਈ ਜੀਵਨ ਸਿੰਘ ਫੁਰਤੀਲੇ ਅਤੇ ਜਾਂਬਾਜ਼ ਨੌਜਵਾਨ ਸਨ। ਤਲਵਾਰ ਚਲਾਉਣ ਵਿਚ ਆਪ ਦਾ ਕੋਈ ਸਾਨੀ ਨਹੀਂ ਸੀ। ਭਾਈ ਜੀਵਨ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਫ਼ੌਜ ਦੇ ਇਕ ਮੁੱਖੀ ਸਿੱਖ ਸਨ। ਗੁਰੂ ਸਾਹਿਬ ਜਦੋਂ ਵੀ ਸ਼ਿਕਾਰ ਤੇ ਜਾਇਆ ਕਰਦੇ ਸਨ ਤਾਂ ਉਨ੍ਹਾਂ ਦੇ ਨਾਲ ਜਾਣ ਵਾਲੇ ਚੰਦ ਇਕ ਸਿੱਖਾਂ ਵਿਚ ਆਪ ਵੀ ਸ਼ਾਮਿਲ ਹੋਇਆ ਕਰਦੇ ਸਨ।

15 ਅਕਤੂਬਰ ਤੋਂ 29 ਅਕਤੂਬਰ 1700 ਦੌਰਾਨ ਗੁਰੂ ਗੋਬਿੰਦ ਸਿੰਘ ਸਾਹਿਬ ਬਸਾਲੀ ਰਿਆਸਤ ਵਿਚ ਰਹੇ ਸਨ। ਉਥੇ ਰਹਿੰਦਿਆਂ ਇਕ ਵਾਰ, 20 ਅਕਤੂਬਰ ਦੇ ਦਿਨ, ਗੁਰੂ ਸਾਹਿਬ ਨੇ ਸ਼ਿਕਾਰ ਜਾਣ ਦੀ ਤਿਆਰੀ ਕੀਤੀ। ਆਪ ਦੇ ਨਾਲ ਕੁਝ ਸਿੰਘ ਵੀ ਚਲੇ। ਰਸਤੇ ਵਿਚ ਸਿੱਖਾਂ ਨੇ ਇਕ ਬਘਿਆੜ ਨੂੰ ਗੋਲੀ ਮਾਰ ਜ਼ਖ਼ਮੀ ਕਰ ਦਿੱਤਾ। ਜ਼ਖ਼ਮੀ ਬਘਿਆੜ ਕਲਮੋਟ ਪਿੰਡ ਵੱਲ ਭੱਜਿਆ। ਸਿੰਘਾਂ ਨੇ ਉਸਦਾ ਪਿੱਛਾ ਕੀਤਾ। ਬਘਿਆੜ ਥੋੜ੍ਹੀ ਦੂਰ ਜਾ ਕੇ ਡਿੱਗ ਪਿਆ। ਕਲਮੋਟ ਦੇ ਕੁਝ ਰੰਘੜ ਅਤੇ ਗੁੱਜਰ ਇਹ ਵੇਖ ਕੇ ਘਰਾਂ ਵਿਚੋਂ ਬਾਹਰ ਨਿਕਲ ਆਏ। ਇਸ ਮੌਕੇ 'ਤੇ ਸਿੰਘਾਂ ਅਤੇ ਪਿੰਡ ਵਾਸੀਆਂ ਵਿਚਕਾਰ ਝਗੜਾ ਹੋ ਗਿਆ। ਇਸ ਝਗੜੇ ਵਿਚ ਭਾਈ ਜੀਵਨ ਸਿੰਘ ਨੂੰ ਬੜੀ ਗਹਿਰੀ ਚੋਟ ਲੱਗੀ ਅਤੇ ਉਹ ਉੱਥੇ ਹੀ ਸ਼ਹੀਦ ਹੋ ਗਏ। ਇਸ ਦੇ ਬਾਅਦ ਦੋਹਾਂ ਧਿਰਾਂ ਵਿਚ ਬੜੀ ਜ਼ਬਰਦਸਤ ਲੜਾਈ ਹੋਈ। ਸਿੱਖਾਂ ਨੇ ਰੰਘੜਾਂ ਤੇ ਗੁੱਜਰਾਂ ਨੂੰ ਖ਼ੂਬ ਸਬਕ ਸਿਖਾਇਆ। ਇਸ ਮਗਰੋਂ ਸਿੱਖ ਭਾਈ ਜੀਵਨ ਸਿੰਘ ਦੀ ਲਾਸ਼ ਲੈ ਕੇ ਬਸਾਲੀ ਪਿੰਡ ਆਏ ਅਤੇ 21 ਅਕਤੂਬਰ ਨੂੰ ਉਸਦਾ ਸਸਕਾਰ ਕਰ ਦਿੱਤਾ। ਭਾਈ ਜੀਵਨ ਸਿੰਘ ਸਬੰਧੀ **ਭੱਟ ਵਹੀ ਤਲਉਂਢਾ** ਵਿਚ ਹੇਠ ਲਿਖਿਆ ਜ਼ਿਕਰ ਮਿਲਦਾ ਹੈ।

"*ਜੀਵਨ ਸਿੰਘ ਬੇਟਾ ਪ੍ਰੇਮੇ ਕਾ, ਪੋਤਾ ਮੂਲੇ ਕਾ......*ਪੁਆਰ ਜਲ੍ਹਾਨਾ ਸਾਲ ਸਤਰਾਂ ਸੈ ਸਤਵੰਜਾ, ਕਾਰਤਕ ਪਰਵਿਸ਼ਟੇ ਉਨੀਸ, ਰਵੀਵਾਰ ਕੇ ਦਿਹੁੰ, ਕਲਮੋਟ ਕੇ ਮਲ੍ਹਾਨ ਪ੍ਰਗਣਾ ਬਸਾਲੀ ਸਾਮ੍ਹੇ ਮਾਥੇ ਜੂਝ ਕਰ ਸੁਆਸ ਦੀਏ। ਆਗੇ ਗੁਰੂ ਕੀ ਗਤਿ ਗੁਰੂ ਜਾਨੇ, ਗੁਰੂ ਆਪ ਭਾਣੇ ਕਾ ਖ਼ਾਵਿੰਦ। ਗੁਰੂ ਗੁਰੂ ਜਪਨਾ।"

(ਭੱਟ ਵਹੀ ਤਲਉਂਢਾ, ਪਰਗਨਾ ਜੀਂਦ, ਖਾਤਾ ਜਲ੍ਹਾਨੋਂ ਕਾ)

(ਹੋਰ ਤਫ਼ਸੀਲ ਵਾਸਤੇ ਦੇਖੋ: ਭਾਈ ਬੱਲੂ ਦਾ ਕੁਰਸੀਨਾਮਾ।)

ਭਾਈ ਹੇਮ ਸਿੰਘ

ਭਾਈ ਹੇਮ ਸਿੰਘ ਨੇ 16 ਜਨਵਰੀ 1704 ਦੇ ਦਿਨ ਅਨੰਦਪੁਰ ਸਾਹਿਬ ਵਿਚ ਸ਼ਹੀਦੀ ਜਾਮ ਪੀਤਾ।

ਭਾਈ ਹੇਮ ਸਿੰਘ ਭਾਈ ਲੱਖੀ ਰਾਏ ਯਾਦਵ ਦੇ ਬੇਟੇ, ਭਾਈ ਗੋਧੂ ਦੇ ਪੋਤਰੇ ਤੇ ਭਾਈ ਠਾਕਰ ਦੇ ਪੜਪੋਤੇ ਸਨ। ਇਹ ਪਰਿਵਾਰ ਪਿੰਡ ਰਾਇਸਾਨਾ (ਜਿੱਥੇ ਇਸ ਵਕਤ ਗੁਰਦੁਆਰਾ ਰਕਾਬ ਗੰਜ ਹੈ) ਵਿਚ ਰਿਹਾ ਕਰਦਾ ਸੀ। ਭਾਈ ਲੱਖੀ ਰਾਏ ਵਣਜਾਰਾ ਦੇ ਅੱਠ ਪੁੱਤਰ ਅਤੇ ਇਕ ਧੀ ਸੀ। ਭਾਈ ਹੇਮ ਸਿੰਘ ਇਨ੍ਹਾਂ ਵਿਚੋਂ ਦੂਜੇ ਥਾਂ 'ਤੇ ਸਨ। ਭਾਈ ਲੱਖੀ ਰਾਏ ਦੀ ਇਕੋ-ਇਕ ਧੀ ਬੀਬੀ ਸੀਤੋ ਬਾਈ (ਅੰਮ੍ਰਿਤ ਛੱਕਣ ਮਗਰੋਂ ਬਸੰਤ ਕੌਰ) ਦਾ ਵਿਆਹ ਭਾਈ ਮਨੀ ਸਿੰਘ ਨਾਲ ਹੋਇਆ ਸੀ। ਇੰਞ ਭਾਈ ਹੇਮ ਸਿੰਘ ਭਾਈ ਮਨੀ ਸਿੰਘ ਦੇ ਸੱਕੇ ਸਾਲੇ ਸਨ। ਭਾਈ ਲੱਖੀ ਰਾਏ ਵਣਜਾਰਾ ਉਹੀ ਸਨ ਜਿਨ੍ਹਾਂ ਨੇ 12 ਨਵੰਬਰ 1675 ਦੇ ਦਿਨ ਗੁਰੂ ਤੇਗ ਬਹਾਦਰ ਸਾਹਿਬ ਦੇ ਧੜ ਦਾ ਸਸਕਾਰ ਆਪਣੇ ਘਰ ਨੂੰ ਅੱਗ ਦੇ ਬੁਰਦ ਕਰ ਕੇ ਕੀਤਾ ਸੀ। ਗੁਰੂ ਸਾਹਿਬ ਦਾ ਧੜ ਉਨ੍ਹਾਂ ਦੀ ਸ਼ਹਾਦਤ ਮਗਰੋਂ ਚਾਂਦਨੀ ਚੌਕ ਦਿੱਲੀ ਤੋਂ ਭਾਈ ਲਖੀ ਰਾਏ ਅਤੇ ਉਨ੍ਹਾਂ ਦੇ ਤਿੰਨੇ ਵੱਡੇ ਪੁੱਤਰ ਭਾਈ ਨਗਾਹੀਆ (ਸਿੰਘ) ਇਹ ਸ਼ਹੀਦ ਭਾਈ ਹੇਮਾ (ਹੇਮ ਸਿੰਘ) ਤੇ ਭਾਈ ਹਾੜੀ (ਹਾੜਾ ਸਿੰਘ) ਲੈ ਕੇ ਆਏ ਸਨ। ਇਸ ਸਬੰਧੀ **"ਭੱਟ ਵਹੀ ਜਦੋਬੰਸੀਆਂ"** ਵਿਚ ਇਕ ਇੰਦਰਾਜ ਇੰਞ ਮਿਲਦਾ ਹੈ:)

"ਲਖੀਆ ਬੇਟਾ ਗੋਧੂ ਕਾ, ਨਗਾਹੀਆ, ਹੇਮਾ, ਹਾੜੀ, ਬੇਟੇ ਲਖੀਏ ਕੇ, ਜਾਦੋਬੰਸੀਏ, ਬੜਤੀਏ ਕਨਾਉਂਤ, ਨਾਇਕ ਧੂੰਮਾ ਬੇਟਾ ਕਾਨ੍ਹੇ ਕਾ ਤੂੰਮਰ ਬਿੰਜਲਉਂਤ, ਗੁਰੂ ਤੇਗ ਬਹਾਦਰ ਜੀ ਮਹਲ ਨਾਵਾਂ, ਕੀ ਲਾਸ਼ ਉਠਾਏ ਲਾਏ, ਸਾਲ ਸਤਰਾਂ ਸੈ ਬੱਤੀਸ, ਮੰਗਹਰ ਸੁਦੀ ਛਠ, ਗੁਰੂਵਾਰ ਕੇ ਦਿਹੁੰ। ਦਾਗ ਦੀਆ ਰਸੀਨਾ ਗਾਮ ਮੇਂ ਆਧ ਘਰੀ ਰੈਨ ਰਹੀ।"

(ਭੱਟ ਵਹੀ ਜਦੋਬੰਸੀਆਂ ਕੀ, ਖਾਤਾ ਬੜਤੀਏ ਕਨਾਉਂਤੋਂ ਕਾ)

ਇਸ ਮਗਰੋਂ ਵੀ ਭਾਈ ਲੱਖੀ ਰਾਏ ਵਣਜਾਰਾ ਦਾ ਪਰਿਵਾਰ ਗੁਰੂ ਘਰ ਦੀ ਸੇਵਾ ਕਰਦਾ ਰਿਹਾ। ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸਾ ਪ੍ਰਗਟ ਕੀਤਾ ਤਾਂ ਭਾਈ ਲੱਖੀ ਰਾਏ ਦੇ ਸਾਰੇ ਪੁੱਤਰਾਂ ਨੇ ਖੰਡੇ ਦੀ ਪਾਹੁਲ ਲਈ ਅਤੇ ਸਿੰਘ ਸੱਜ ਗਏ। ਭਾਈ ਹੇਮਾ ਅੰਮ੍ਰਿਤ ਛੱਕਣ ਮਗਰੋਂ ਭਾਈ ਹੇਮ ਸਿੰਘ ਬਣ ਗਏ। ਭਾਈ ਹੇਮ ਸਿੰਘ ਦਾ ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਆਪਣੇ ਭਣਵੱਈਏ ਭਾਈ ਮਨੀ ਸਿੰਘ ਨਾਲ ਬੜਾ ਡੂੰਘਾ

ਪਿਆਰ ਸੀ। ਇਸ ਕਰ ਕੇ ਉਹ ਕਈ-ਕਈ ਦਿਨ ਅਨੰਦਪੁਰ ਸਾਹਿਬ 'ਚ ਬਿਤਾਇਆ ਕਰਦੇ ਸਨ।

ਭਾਈ ਹੇਮ ਸਿੰਘ ਨੇ ਅਨੰਦਪੁਰ ਸਾਹਿਬ ਵਿਚ ਰਹਿੰਦਿਆਂ ਸ਼ਸਤਰ ਚਲਾਉਣ ਦੀ ਚੰਗੀ ਸਿਖਲਾਈ ਹਾਸਿਲ ਕੀਤੀ। ਉਹ ਸ੍ਰੀ ਸਾਹਿਬ, ਤੀਰ-ਕਮਾਣ ਤੇ ਹੋਰ ਹਥਿਆਰਾਂ ਦੇ ਚਲਾਉਣ ਵਿਚ ਚੰਗੀ ਮਹਾਰਤ ਰੱਖਦੇ ਸਨ।

ਜਨਵਰੀ 1704 ਵਿਚ ਭਾਈ ਹੇਮ ਸਿੰਘ ਅਨੰਦਪੁਰ ਸਾਹਿਬ ਆਏ ਹੋਏ ਸਨ। ਉਨ੍ਹਾਂ ਦਿਨਾਂ ਵਿਚ ਬਿਲਾਸਪੁਰ ਅਤੇ ਹੰਡੂਰ (ਹੁਣ ਨਾਲਾਗੜ੍ਹ) ਦੇ ਰਾਜੇ ਸਿੱਖਾਂ ਨਾਲ ਬੜੀ ਖਾਰ ਖਾਂਦੇ ਸਨ। ਹਾਲਾਂਕਿ ਇਨ੍ਹਾਂ ਦੋਹਾਂ ਰਿਆਸਤਾਂ ਦੇ ਪੁਰਾਣੇ ਰਾਜਿਆਂ ਨੂੰ ਛੇਵੇਂ ਨਾਨਕ ਗੁਰੂ ਹਰਿਗੋਬਿੰਦ ਸਾਹਿਬ ਨੇ 1619 ਵਿਚ ਗਵਾਲੀਅਰ ਕਿਲ੍ਹੇ ਦੀ ਕੈਦ ਵਿਚੋਂ ਰਿਹਾ ਕਰਵਾਇਆ ਸੀ, ਪਰ ਫਿਰ ਵੀ ਉਨ੍ਹਾਂ ਦੇ ਇਹ ਵਾਰਿਸ ਅਹਿਸਾਨ-ਫ਼ਰਾਮੋਸ਼ਾਂ ਵਾਂਗ ਹਰਕਤਾਂ ਕਰਦੇ ਰਹਿੰਦੇ ਸਨ। ਹਾਲਾਂਕਿ ਅਕਤੂਬਰ 1700 ਦੇ ਅਖ਼ੀਰ ਵਿਚ ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਦੀ ਦਾਦੀ ਦੇ ਜੀਜੇ ਰਾਜਾ ਸਲਾਹੀ ਚੰਦ ਨੇ ਠੰਡ ਵਰਤਾ ਦਿੱਤੀ ਸੀ ਪਰ ਉਸ ਦੀ ਮੌਤ (25 ਅਕਤੂਬਰ 1702) ਮਗਰੋਂ ਅਜਮੇਰ ਚੰਦ ਫੇਰ ਵਿੱਟਰ ਗਿਆ ਸੀ ਅਤੇ ਸਿੱਖਾਂ ਨਾਲ ਫੇਰ ਪੰਗਾ ਲੈਣ ਲੱਗ ਪਿਆ ਸੀ। ਇਸ ਕਰ ਕੇ ਸਿੱਖਾਂ ਅਤੇ ਪਹਾੜੀਆਂ ਵਿਚ ਫੇਰ ਝੜਪਾਂ ਹੋਣ ਲੱਗ ਪਈਆਂ ਸਨ।

ਸਿੱਖਾਂ ਅਤੇ ਪਹਾੜੀਆਂ ਵਿਚਕਾਰ ਚਲ ਰਹੀ ਇਹ ਕਸ਼ਮਕਸ਼ ਅਖ਼ੀਰ ਉਦੋਂ ਇਕ ਲੜਾਈ ਵਿਚ ਬਦਲ ਗਈ ਜਦੋਂ 16 ਜਨਵਰੀ 1704 ਦੇ ਦਿਨ ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਨੇ ਹੰਡੂਰੀ ਰਾਜੇ ਤੇ ਹੋਰਨਾਂ ਨੂੰ ਨਾਲ ਰਲਾ ਕੇ ਅਨੰਦਪੁਰ ਸਾਹਿਬ 'ਤੇ ਹਮਲਾ ਕਰ ਦਿੱਤਾ। ਇਹ ਲੜਾਈ ਸੱਤ-ਅੱਠ ਘੰਟੇ (ਢਾਈ ਪਹਿਰ) ਚਲਦੀ ਰਹੀ। ਇਸ ਲੜਾਈ ਦੌਰਾਨ ਬਹੁਤ ਸਾਰੇ ਪਹਾੜੀ ਸਿਪਾਹੀ ਮਾਰੇ ਗਏ। ਅਖ਼ੀਰ ਹਨੇਰਾ ਪੈਂਦਿਆਂ ਹੀ ਪਹਾੜੀ ਫ਼ੌਜਾਂ ਹਿਰਨ ਹੋ ਗਈਆਂ। ਇਸ ਲੜਾਈ ਵਿਚ ਭਾਈ ਹੇਮ ਸਿੰਘ ਅਤੇ ਕੁਝ ਹੋਰ ਸਿੰਘਾਂ ਨੇ ਸ਼ਹੀਦੀਆਂ ਪਾਈਆਂ। ਇਸ ਸਬੰਧੀ ਇਕ ਇੰਦਰਾਜ **"ਭੱਟ ਵਹੀ ਜਦੋਬੰਸੀਆਂ, ਸਿਰਸਮਾਂ, ਪਰਗਨਾ ਪਿਪਲੀ"** ਵਿਚ ਮਿਲਦਾ ਹੈ।

ਹੋਰ ਤਫ਼ਸੀਲ ਵਾਸਤੇ ਵੇਖੋ: ਭਾਈ ਲੱਖੀ ਰਾਏ ਵਣਜਾਰਾ ਦਾ ਕੁਰਸੀਨਾਮਾ।

ਭਾਈ ਕਾਹਨ ਸਿੰਘ

ਭਾਈ ਕਾਹਨ ਸਿੰਘ ਅਨੰਦਪੁਰ ਸਾਹਿਬ ਵਿਚ 16 ਜਨਵਰੀ 1704 ਦੇ ਦਿਨ ਸ਼ਹੀਦ ਹੋਏ ਸਨ।

ਭਾਈ ਕਾਹਨ ਸਿੰਘ ਭਾਈ ਨੇਤਾ ਸਿੰਘ ਦੇ ਪੁੱਤਰ, ਭਾਈ ਰਾਮਾ ਦੇ ਪੋਤੇ ਤੇ ਸ਼ਹੀਦ ਭਾਈ ਸੁਖੀਆ ਮਾਂਡਨ ਦੇ ਪੜਪੋਤੇ ਸਨ। ਇਹ ਰਾਠੋਰ-ਰਾਜਪੂਤ ਪਰਿਵਾਰ ਕਈ ਪੀੜ੍ਹੀਆਂ ਤੋਂ ਗੁਰੂ-ਘਰ ਨਾਲ ਸਬੰਧਿਤ ਸੀ ਤੇ ਪੰਥ ਦੀ ਸੇਵਾ ਕਰ ਰਿਹਾ ਸੀ। ਇਸ ਪਰਿਵਾਰ 'ਚੋਂ ਬਹੁਤ ਸਾਰੇ ਜਣਿਆਂ ਨੇ ਪੰਥ ਵਾਸਤੇ ਸ਼ਹੀਦੀ ਜਾਮ ਪੀਤੇ ਸਨ। ਭਾਈ ਕਾਹਨ ਸਿੰਘ ਦੇ ਪੜਦਾਦੇ, ਪਿਤਾ, ਤਾਇਆ, ਤਾਏ ਦੇ ਪੁੱਤਰ ਪਹਿਲੋਂ ਹੀ ਸ਼ਹੀਦੀਆਂ ਹਾਸਿਲ ਕਰ ਚੁੱਕੇ ਸਨ। ਭਾਈ ਕਾਹਨ ਸਿੰਘ ਦੀ ਸ਼ਹੀਦੀ ਮਗਰੋਂ ਵੀ ਇਸ ਪਰਿਵਾਰ ਨੇ ਪੰਥ ਦੀ ਬੜੀ ਸੇਵਾ ਕੀਤੀ ਸੀ।

ਭਾਈ ਕਾਹਨ ਸਿੰਘ ਜਨਵਰੀ 1704 ਵਿਚ ਅਨੰਦਪੁਰ ਸਾਹਿਬ ਵਿਚ ਸਨ ਤਾਂ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਨੇ ਸਿੱਖਾਂ 'ਤੇ ਹਮਲਾ ਕਰ ਦਿੱਤਾ (**ਹਮਲੇ ਦੀ ਤਫ਼ਸੀਲ ਵਾਸਤੇ ਵੇਖੋ, ਪਿਛਲੀ ਐਂਟਰੀ, ਭਾਈ ਹੇਮ ਸਿੰਘ ਦੀ ਜੀਵਨੀ**)। ਇਸ ਹਮਲੇ ਵਿਚ ਭਾਈ ਕਾਹਨ ਸਿੰਘ ਨੇ ਖ਼ੂਬ ਬਹਾਦਰੀ ਨਾਲ ਲੜਾਈ ਕੀਤੀ। ਉਹ ਪਹਿਲੀ ਸਫ਼ ਵਿਚ, ਮੂਹਰੇ ਹੋ ਕੇ, ਲੜਦੇ ਰਹੇ। ਉਨ੍ਹਾਂ ਹੱਥੋ-ਹੱਥ ਲੜਾਈ ਵਿਚ ਕਈ ਪਹਾੜੀ ਸਿਪਾਹੀ ਮਾਰ ਮੁਕਾਏ 'ਤੇ ਅਖ਼ੀਰ ਆਪ ਵੀ ਸ਼ਹੀਦੀ ਜਾਮ ਪੀ ਲਿਆ।

ਭਾਈ ਕਾਹਨ ਸਿੰਘ ਦੀ ਸ਼ਹੀਦੀ ਦਾ ਜ਼ਿਕਰ "**ਭਟ ਵਹੀ ਜਦੋਬੰਸੀਆਂ ਸਿਰਸਮਾਂ, ਪਰਗਨਾ ਪਿਪਲੀ**" ਵਿਚ ਅਤੇ ਦੂਜੀਆਂ ਭੱਟ ਵਹੀਆਂ ਵਿਚ ਵੀ ਮਿਲਦਾ ਹੈ।

ਹੋਰ ਤਫ਼ਸੀਲ ਵਾਸਤੇ ਵੇਖੋ: "ਭਾਈ ਨੇਤਾ ਸਿੰਘ ਦਾ ਕੁਰਸੀਨਾਮਾ।"

ਅਨੰਦਪੁਰ ਸਾਹਿਬ, ਚਮਕੌਰ ਅਤੇ ਮੁਕਤਸਰ ਦੇ 40 ਮੁਕਤੇ

ਜਦੋਂ 5 ਤੇ 6 ਦਸੰਬਰ 1705 ਦੀ ਰਾਤ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਸਾਹਿਬ ਛੱਡਣ ਦਾ ਫ਼ੈਸਲਾ ਕੀਤਾ ਤਾਂ ਉਸ ਤੋਂ ਪਹਿਲਾਂ ਉਸ ਨਗਰੀ ਵਿਚ ਹਾਲਾਤ ਬੜੇ ਦਰਦਨਾਕ ਹੋ ਚੁੱਕੇ ਸਨ। ਨਗਰੀ ਵਿਚ ਤਕਰੀਬਨ 500 ਸਿੱਖ ਰਹਿ ਗਏ ਸਨ ਪਰ ਉਨ੍ਹਾਂ ਵਾਸਤੇ ਰੋਜ਼ ਦੀ ਇਕ ਮੁੱਠ ਛੋਲਿਆਂ ਜਿੰਨੀ ਖ਼ੁਰਾਕ ਵੀ ਨਹੀਂ ਸੀ। ਸਿੱਖਾਂ ਨੇ ਘੋੜੇ ਮਾਰ-ਮਾਰ ਕੇ ਖਾ ਲਏ ਸਨ। ਪਰਸਾਦੀ ਹਾਥੀ (ਜੋ ਰਾਜਾ ਰਤਨ ਰਾਏ ਨੇ ਤ੍ਰਿਪੁਰਾ ਤੋਂ ਲਿਆਂਦਾ ਸੀ) ਵੀ ਭੁੱਖ ਨਾਲ ਮਰ ਚੁੱਕਾ ਸੀ। ਆਮ ਸਿੱਖਾਂ ਤੋਂ ਹੁਣ ਭੁੱਖ ਬਰਦਾਸ਼ਤ ਨਹੀਂ ਸੀ ਹੋ ਰਹੀ ਤੇ ਉਹ ਨਗਰ ਛੱਡ ਕੇ ਨਿਕਲ ਜਾਣਾ ਚਾਹੁੰਦੇ ਸਨ। ਪਰ, ਹਰ ਪਾਸਿਓਂ ਘੇਰਾ ਪਿਆ ਹੋਣ ਕਰ ਕੇ ਨਿਕਲਣਾ ਮੁਸ਼ਕਿਲ ਸੀ। ਅਖ਼ੀਰ ਜਦੋਂ ਸਿੱਖਾਂ ਨੇ ਮਾਤਾ ਗੁਜਰੀ ਅੱਗੇ ਫ਼ਰਿਆਦ ਕੀਤੀ ਤਾਂ ਗੁਰੂ ਸਾਹਿਬ ਨੇ ਮੁੱਖੀ ਸਿੱਖਾਂ ਨਾਲ ਵਿਚਾਰ ਕਰ ਕੇ ਅਨੰਦਪੁਰ ਸਾਹਿਬ ਛੱਡਣ ਦਾ ਫ਼ੈਸਲਾ ਕਰ ਲਿਆ।

ਅਨੰਦਪੁਰ ਛੱਡਣ ਵਾਸਤੇ 5 ਤੇ 6 ਦਸੰਬਰ ਦੀ ਰਾਤ ਦਾ ਵੇਲਾ ਚੁਣਿਆ ਗਿਆ। ਉਸ ਵੇਲੇ ਠੰਡ ਬਹੁਤ ਸੀ ਤੇ ਇਸ ਦਾ ਬੜਾ ਘਟ ਇੰਮਕਾਨ ਸੀ ਕਿ ਘੇਰਾ ਪਾਈ ਬੈਠੀਆਂ ਪਹਾੜੀ ਫ਼ੌਜਾਂ ਜਾਗਦੀਆਂ ਹੋਣਗੀਆਂ। ਸਿੱਖਾਂ ਨੇ ਇਹ ਵੀ ਫ਼ੈਸਲਾ ਕੀਤਾ ਕਿ ਸਾਰੇ ਜਣੇ ਸਿਰਫ਼ ਪੈਦਲ ਜਾਣਗੇ, ਸਾਰੇ ਇਕੱਠੇ ਰਹਿਣਗੇ। ਰਾਹ ਵਿਚ ਕੋਈ ਨਹੀਂ ਰੁਕੇਗਾ ਤੇ ਹਥਿਆਰਾਂ ਤੋਂ ਸਿਵਾ ਕੋਈ ਹੋਰ ਸਾਮਾਨ ਨਾਲ ਨਹੀਂ ਲਿਆ ਜਾਵੇਗਾ।

ਇਸ ਵੇਲੇ ਅਨੰਦਪੁਰ ਸਾਹਿਬ ਵਿਚ 500 ਦੇ ਕਰੀਬ ਸਿੱਖ ਮਰਦਾਂ ਤੋਂ ਇਲਾਵਾ ਤਿੰਨ ਔਰਤਾਂ ਵੀ ਸਨ: ਮਾਤਾ ਗੁਜਰੀ, ਬੀਬੀ ਭਿੱਖਾਂ (ਪਤਨੀ ਭਾਈ ਆਲਿਮ ਸਿੰਘ ਜੋ ਲੰਗਰ ਦੀ ਇੰਚਾਰਜ ਸੀ) ਤੇ ਬੀਬੀ ਸੁਭਿੱਖੀ (ਪਤਨੀ ਭਾਈ ਦੂਨਾ ਸਿੰਘ ਤਖਣੇਟਾ) ਜੋ ਮਾਤਾ ਜੀ ਦੀ ਸੇਵਾ ਕਰਿਆ ਕਰਦੀ ਸੀ। ਮਾਤਾ ਸੁੰਦਰ ਕੌਰ, ਮਾਤਾ ਸਾਹਿਬ ਕੌਰ ਤੇ ਬੀਬੀ ਤਾਰਾ ਕੌਰ (ਪਤਨੀ ਸਾਹਿਬਜ਼ਾਦਾ ਅਜੀਤ ਸਿੰਘ ਤਖਣੇ) ਤਾਂ ਅਪ੍ਰੈਲ ਵਿਚ ਹੀ ਸਾਹਿਬਜ਼ਾਦਾ ਅਜੀਤ ਸਿੰਘ ਦੇ ਸਹੁਰੇ ਭਾਈ ਜੇਠਾ ਸਿੰਘ ਬੁਰਹਾਨਪੁਰੀ ਦੇ ਨਾਲ ਅਨੰਦਪੁਰ ਸਾਹਿਬ ਤੋਂ ਲਖਨੌਰ ਵੱਲ ਨਿਕਲ ਗਏ ਸਨ। ਉਹ ਉਥੇ ਕੁਝ ਦਿਨ ਰਹਿਣ ਮਗਰੋਂ ਦਿੱਲੀ ਅਤੇ ਮਥਰਾ ਤੋਂ ਹੁੰਦੇ ਹੋਏ ਬੁਰਹਾਨਪੁਰ ਵੱਲ ਚਲ ਪਏ ਸਨ, ਰਸਤੇ ਵਿਚ ਆਗਰੇ ਵਿਚ ਬੀਬੀ ਤਾਰਾ ਕੌਰ ਨੇ ਬੇਟੇ ਹਠੀ ਸਿੰਘ ਨੂੰ ਜਨਮ ਦਿੱਤਾ।

5-6 ਦਸੰਬਰ ਦੀ ਰਾਤ ਨੂੰ ਜਦੋਂ ਤਕਰੀਬਨ 460 ਸਿੱਖ ਮਾਤਾ ਗੁਜਰੀ, ਚਾਰ ਸਾਹਿਬਜ਼ਾਦਿਆਂ, ਬੀਬੀ ਭਿੱਖਾਂ ਤੇ ਸੁਭਿੱਖੀ ਨੂੰ ਨਾਲ ਲੈ ਕੇ ਇਕ ਵਹੀਰ ਬਣਾ ਕੇ

ਚੱਲਣ ਵਾਸਤੇ ਤਿਆਰ ਹੋ ਗਏ। ਇਸ ਸਮੇਂ 40 ਸਿੱਖਾਂ ਨੇ ਪ੍ਰਣ ਕੀਤਾ ਕਿ ਅਸੀਂ ਗੁਰੂ ਸਾਹਿਬ ਦੇ ਅੰਗ-ਸੰਗ ਹੀ ਰਹਾਂਗੇ। ਸਾਡੀਆਂ ਜਾਨਾਂ ਗੁਰੂ ਸਾਹਿਬ ਵਾਸਤੇ ਹੀ ਕੁਰਬਾਨ ਹੋਣਗੀਆਂ। ਇਨ੍ਹਾਂ 40 ਸਿੱਖਾਂ ਤੋਂ ਇਲਾਵਾ ਬਾਕੀ ਸਾਰੇ ਸਿੱਖ ਮਾਤਾ ਗੁਜਰੀ ਜੀ ਦੇ ਨਾਲ ਜਾਣ ਵਾਸਤੇ ਤਿਆਰ ਹੋ ਗਏ। ਕੁਝ ਲੇਖਕਾਂ ਨੇ ਤਾਂ ਇਸ ਘਟਨਾ ਨੂੰ 460 ਸਿੱਖਾਂ ਵਲੋਂ ਗੁਰੂ ਸਾਹਿਬ ਨੂੰ ਕਿਲ੍ਹਾ ਛੱਡ ਦੇਣ ਵਾਸਤੇ ਦਰਖ਼ਾਸਤ ਦੇਣ ਦੀ ਗੱਲ ਵੀ ਕੀਤੀ ਹੈ। ਕਈ ਇਸ ਨੂੰ ਬੇਦਾਵਾ ਵੀ ਆਖਦੇ ਹਨ। ਇਨ੍ਹਾਂ ਲੇਖਕਾਂ ਵਿਚ ਭਾਈ ਸੰਤੋਖ ਸਿੰਘ (ਜਿਸ ਨੇ ਹੋਰ ਵੀ ਸੈਂਕੜੇ ਗਪੌੜੇ ਲਿਖੇ ਹਨ), **ਗੁਰਬਿਲਾਸ ਪਾਤਸ਼ਾਹੀ ਛੇਵੀਂ** ਦਾ ਲੇਖਕ, ਸੁਮੇਰ ਸਿੰਘ ਭੱਲਾ (**ਗੁਰ ਪਦ ਪ੍ਰੇਮ ਪ੍ਰਕਾਸ਼**) ਵਗੈਰਾ ਸ਼ਾਮਿਲ ਹਨ। :

ਚਾਲੀ ਮੁਕਤੇ ਨਹਿ ਲਿਖ ਦੇਵੈਂ। ਭਾਰ ਭਰੋਸਾ ਗੁਰ ਪਗ ਲੇਵੈਂ।

(*ਗੁਰ ਬਿਲਾਸ ਪਾਤਸ਼ਾਹੀ ਛੇਵੀਂ*)

ਦਯਾ ਸਿੰਘ ਤੇ ਆਦਿਕ ਪੰਚੇ। ਪੰਚੋ ਮੁਕਤੋ ਸਿੱਖੀ ਸੰਚੇ।
ਦਸ ਸਿਖ ਰਹੇ ਤੀਸ ਸਿੱਖ ਔਰ। ਉਦੇ ਸਿੰਘ ਆਦਿਕ ਭੱਟ ਮੌਰ॥ 31॥
ਚਾਲੀ ਸਿੰਘ ਨਹੀਂ ਤਬ ਲਿਖਯੋ। ਅਪਰ ਸਭਨ ਲਿਖ ਦੀਨ ਸੁ ਪਿਖਯੋ।

(*ਗੁਰਪ੍ਰਤਾਪ ਸੂਰਜ ਗ੍ਰੰਥ, ਰੁਤ 6, ਅੰਸੂ 30*)

ਪਾਂਚ ਪਿਆਰੇ ਮੁਕਤੇ ਪਾਂਚ। ਅਪਰ ਤੀਸ ਆਲਿਮ ਸਿੰਘ ਰਾਜ।
ਉਦੇ ਸਿੰਘ ਆਦਿਕ ਸਭ ਸੂਰੇ। ਲਿਖ ਬੇਦਾਵੇ ਨਾਹਿ ਇਨ ਰੂਰੇ।

(*ਗੁਰੂ ਪਦ ਪ੍ਰੇਮ ਪ੍ਰਕਾਸ਼, ਸਫ਼ਾ 496*)

ਸਿੱਖ ਚਾਲੀ ਸਿਦਕ ਗੁਰੂ ਕਾ ਹੋਰ ਖਾਲਸਾ ਘਰ ਕੇ।

. . . .

ਗੁਰੂ ਅਭੁਲਾ ਮਾਤਾ ਖਾਲਸੇ ਕਾ ਭਾਣਾ ਮੰਨਿਆ।
ਸਭਨਾਂ ਲਿਖ ਦੀਆ ਸਿੱਖਾਂ ਚਾਲੀਆਂ ਬਿਨਾ।

(*ਸੌ ਸਾਖੀ, 57ਵੀਂ ਸਾਖੀ*)

(ਪ੍ਰੋ: ਪਦਮ ਸੰਪਾਦਿਤ 'ਪ੍ਰਾਚੀਨ ਸੌ ਸਾਖੀ' ਦੀ 54ਵੀਂ ਸਾਖੀ ਵਿਚ ਵੀ ਇਹੋ ਜਿਹੀ ਗੱਲ ਹੀ ਹੈ।)

ਪਰ ਦੂਜੇ ਪਾਸੇ ਸੈਨਾਪਤਿ (ਗੁਰ ਸੋਭਾ), ਜਿਸ ਨੇ 1709 ਵਿਚ ਕਿਤਾਬ ਲਿਖੀ, ਆਖਦਾ ਹੈ ਕਿ ਅਨੰਦਪੁਰ ਸਾਹਿਬ ਵਿਚ ਨਗਰ ਤਿਆਗਣ ਵਾਸਤੇ ਕੋਈ ਝਗੜਾ ਨਹੀਂ ਹੋਇਆ। ਹਾਂ, **"ਔਰੰਗਜ਼ੇਬ ਵਲੋਂ ਆਈ"** ਚਿੱਠੀ ਤੇ ਵਿਚਾਰਾਂ ਜ਼ਰੂਰ ਹੋਈਆਂ। ਇਸ ਮੌਕੇ 'ਤੇ ਅਕਸਰੀਅਤ ਦੀ ਰਾਇ ਸੀ ਕਿ ਨਗਰ ਛੱਡ ਦੇਣਾ ਚਾਹੀਦਾ ਹੈ। ਗੁਰੂ ਜੀ ਨੇ ਸਿੱਖਾਂ ਦੀ ਅਕਸਰੀਅਤ ਦਾ ਵਿਚਾਰ ਮੰਨ ਕੇ ਨਗਰ ਛੱਡਣ ਵਾਸਤੇ ਹਾਂ ਕਰ ਦਿੱਤੀ।

ਅਜਿਹਾ ਜਾਪਦਾ ਹੈ ਕਿ ਗੁਰੂ ਜੀ ਨੇ ਸਾਰੇ ਸਿੰਘਾਂ ਨੂੰ ਮਾਤਾ ਜੀ ਦੇ ਨਾਲ ਤੋਰਣ ਦਾ ਫ਼ੈਸਲਾ ਕੀਤਾ ਸੀ ਪਰ ਫਿਰ ਵੀ 40 ਸਿੰਘ ਅਜਿਹੇ ਸਨ ਜੋ ਗੁਰੂ ਜੀ ਦੇ ਅੰਗ-ਸੰਗ ਹੀ ਰਹਿਣਾ ਚਾਹੁੰਦੇ ਸਨ। ਜਿਨ੍ਹਾਂ ਚਾਲੀਆਂ ਨੇ ਗੁਰੂ ਜੀ ਦੇ ਨਾਲ ਜੀਣ-ਮਰਣ ਦਾ ਪ੍ਰਣ ਕੀਤਾ ਉਹ ਹੇਠ ਲਿਖੇ ਹਨ :

ੳ) **ਪੰਜ ਪਿਆਰੇ**

1. ਭਾਈ ਦਇਆ ਸਿੰਘ
2. ਭਾਈ ਮੋਹਕਮ ਸਿੰਘ
3. ਭਾਈ ਸਾਹਿਬ ਸਿੰਘ
4. ਭਾਈ ਧਰਮ ਸਿੰਘ
5. ਭਾਈ ਹਿੰਮਤ ਸਿੰਘ

ਅ) **ਪੰਜ ਮੁਕਤੇ**

6. ਭਾਈ ਦੇਵਾ ਸਿੰਘ
7. ਭਾਈ ਰਾਮ ਸਿੰਘ
8. ਭਾਈ ਟਹਿਲ ਸਿੰਘ
9. ਭਾਈ ਈਸ਼ਰ ਸਿੰਘ
10. ਭਾਈ ਫ਼ਤਹਿ ਸਿੰਘ

ੲ) **ਭਾਈ ਮਨੀ ਸਿੰਘ ਦੇ ਪੰਜ ਪੁੱਤਰ**

11. ਭਾਈ ਬਚਿਤਰ ਸਿੰਘ
12. ਭਾਈ ਉਦੈ ਸਿੰਘ
13. ਭਾਈ ਅਨਕ ਸਿੰਘ
14. ਭਾਈ ਅਜਬ ਸਿੰਘ
15. ਭਾਈ ਅਜਾਇਬ ਸਿੰਘ

ਸ) **ਭਾਈ ਮਨੀ ਸਿੰਘ ਦੇ ਦੋ ਭਰਾ**

16. ਭਾਈ ਦਾਨ ਸਿੰਘ
17. ਭਾਈ ਮਾਨ ਸਿੰਘ

ਹ) **ਭਾਈ ਆਲਿਮ ਸਿੰਘ ਨੱਚਣਾ ਪਰਿਵਾਰ**

18. ਭਾਈ ਆਲਿਮ ਸਿੰਘ ਨੱਚਣਾ
19. ਭਾਈ ਵੀਰ/ਬੀਰ ਸਿੰਘ (ਭਰਾ)

20. ਭਾਈ ਅਮੋਲਕ ਸਿੰਘ (ਪੁੱਤਰ)

21. ਭਾਈ ਮੋਹਰ ਸਿੰਘ (ਪੁੱਤਰ)

ਕ) **ਘੋੜਿਆਂ ਦੀ ਸੇਵਾ ਕਰਨ ਵਾਲੇ**

22. ਭਾਈ ਮਦਨ ਸਿੰਘ (ਅਖੌਤੀ ਪਛੜੀ ਜਾਤ)

23. ਭਾਈ ਕਾਠਾ ਸਿੰਘ ('' '' '')

ਖ) **ਦਿੱਲੀ ਦੇ ਸਿੱਖ**

24. ਭਾਈ ਜੀਵਨ ਸਿੰਘ (ਜੈਤਾ)

25. ਭਾਈ ਨਾਨੂੰ ਸਿੰਘ ਦਿਲਵਾਲੀ (ਛੀਂਬਾ)

ਗ) **ਬ੍ਰਾਹਮਣ ਪਰਿਵਾਰ**

26. ਭਾਈ ਮੁਕੰਦ ਸਿੰਘ ਛਿੱਬਰ (ਪੁੱਤਰ ਭਾਈ ਮਤੀ ਦਾਸ ਸ਼ਹੀਦ)

27. ਭਾਈ ਸਨਮੁਖ ਸਿੰਘ ਦੱਤ (ਕਿਰਪਾ ਰਾਮ ਦਾ ਭਰਾ)

28. ਭਾਈ ਦਇਆ ਸਿੰਘ ਪੁਰੋਹਿਤ

(ਜਾਤੀ ਮਲ ਦਾ ਪੁੱਤਰ ਤੇ ਸਿੰਘਾ ਦਾ ਪੋਤਰਾ)

ਘ) **ਹੋਰ ਸਿਦਕੀ ਸਿੱਖ**

29. ਭਾਈ ਖ਼ਜ਼ਾਨ ਸਿੰਘ

30. ਭਾਈ ਲਾਲ ਸਿੰਘ ਪਿਸ਼ੌਰੀਆ (ਖ਼ਜ਼ਾਨਚੀ)

31. ਭਾਈ ਸੁੱਖਾ ਸਿੰਘ

32. ਭਾਈ ਧੰਨਾ ਸਿੰਘ

33. ਭਾਈ ਕੇਸਰਾ ਸਿੰਘ

34. ਭਾਈ ਹੁਕਮ ਸਿੰਘ

35. ਭਾਈ ਜਵਾਹਰ ਸਿੰਘ

36. ਭਾਈ ਕੀਰਤ ਸਿੰਘ

37. ਭਾਈ ਸ਼ਾਮ ਸਿੰਘ

38. ਭਾਈ ਅਨੰਦ ਸਿੰਘ

39. ਭਾਈ ਸੰਤ ਸਿੰਘ ਬੰਗੇਸ਼ਰੀ

40. ਭਾਈ ਸੰਗਤ ਸਿੰਘ ਅਰੋੜਾ

ਇਹ ਚਾਲੀ ਮੁਕਤੇ ਗੁਰੂ ਸਾਹਿਬ ਦੇ ਨਾਲ-ਨਾਲ ਰਹੇ ਅਤੇ ਬਾਕੀ ਦੇ 460 ਸਿੱਖ ਮਾਤਾ ਗੁਜਰੀ ਅਤੇ ਚੌਹਾਂ ਸਾਹਿਬਜ਼ਾਦਿਆਂ ਦੀ ਢਾਲ ਬਣ ਕੇ ਅਨੰਦਪੁਰ ਸਾਹਿਬ ਤੋਂ

ਨਿਕਲੇ। ਇਹ ਸਾਰੀ ਵਹੀਰ ਕੀਰਤਪੁਰ ਤਕ ਚੁੱਪ-ਚਾਪ ਚਲਦੀ ਰਹੀ। ਜਦੋਂ ਇਹ ਵਹੀਰ ਕੀਰਤਪੁਰ ਤੋਂ ਬਿਲਾਸਪੁਰ ਜਾਣ ਵਾਲਾ ਮੋੜ ਲੰਘ ਕੇ ਸਰਸਾ ਨਦੀ ਵਲ ਜਾ ਰਹੀ ਸੀ ਤਾਂ ਕਿਸੇ ਪਹਾੜੀਏ ਨੇ ਇਨ੍ਹਾਂ ਨੂੰ ਵੇਖ ਲਿਆ ਤੇ ਉਸ ਨੇ ਪਹਾੜੀ ਫ਼ੌਜਾਂ ਨੂੰ ਜਾ ਖ਼ਬਰ ਦਿੱਤੀ। ਇਸ ਮਗਰੋਂ ਪਹਾੜੀ ਫ਼ੌਜਾਂ ਨੇ ਇਸ ਵਹੀਰ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਜਦੋਂ ਸਿੱਖ ਝੱਖੀਆਂ ਪਿੰਡ ਦੇ ਨੇੜੇ ਪੁੱਜੇ ਤਾਂ ਇਨ੍ਹਾਂ ਨੂੰ ਪਹਾੜੀ ਫ਼ੌਜਾਂ ਵਲੋਂ ਪਿੱਛਾ ਕਰਨ ਬਾਰੇ ਖ਼ਬਰ ਮਿਲ ਗਈ। ਇਸ 'ਤੇ ਗੁਰੂ ਸਾਹਿਬ ਨੇ ਸਿੰਘ ਜਰਨੈਲਾਂ ਨੂੰ ਪੁਜੀਸ਼ਨਾਂ ਲੈਣ ਵਾਸਤੇ ਆਖ ਦਿੱਤਾ। ਉਨ੍ਹਾਂ ਭਾਈ ਉਦੈ ਸਿੰਘ ਨੂੰ 50 ਸਿੱਖਾਂ ਦਾ ਜੱਥਾ ਲੈ ਕੇ ਸ਼ਾਹੀ ਟਿੱਬੀ 'ਤੇ ਮੋਰਚਾ ਲਾਉਣ ਵਾਸਤੇ ਤਾਈਨਾਤ ਕਰ ਦਿੱਤਾ। ਇੰਞ ਹੀ ਭਾਈ ਜੀਵਨ ਸਿੰਘ (ਜੈਤਾ) ਨੂੰ 100 ਸਿੰਘ ਦੇ ਕੇ ਝੱਖੀਆਂ ਪਿੰਡ ਦੀ ਜੂਹ ਵਿਚ ਸਰਸਾ ਨਦੀ ਦੇ ਇਸ ਕੰਢੇ ਦੇ ਨੇੜੇ ਮੋਰਚਾ ਸੰਭਾਲ ਦਿੱਤਾ। 100 ਸਿੰਘਾਂ ਦਾ ਤੀਜਾ ਜੱਥਾ ਭਾਈ ਬਚਿੱਤਰ ਸਿੰਘ ਦੀ ਅਗਵਾਈ ਵਿਚ ਰੋਪੜੋਂ ਆ ਰਹੀ ਨਵਾਬ ਸਰਹਿੰਦ ਦੀ ਫ਼ੌਜ ਨੂੰ ਰੋਕਣ ਵਾਸਤੇ ਤਾਈਨਾਤ ਕਰ ਦਿੱਤਾ ਗਿਆ। ਉਨ੍ਹਾਂ ਭਾਈ ਉਦੈ ਸਿੰਘ ਨੂੰ ਹਦਾਇਤ ਦਿੱਤੀ ਕਿ ਉਹ ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਬੁੱਢਾ ਸਿੰਘ ਦੇ ਜੱਥੇ ਨੂੰ ਪੈਗ਼ਾਮ ਦੇ ਦੇਵੇ ਕਿ ਉਹ ਇੱਥੇ ਨਾ ਰੁਕੇ ਅਤੇ ਸਰਸਾ ਨਦੀ ਪਾਰ ਕਰ ਕੇ ਕੋਟਲਾ ਨਿਹੰਗ ਵਿਚ ਭਾਈ ਨਿਹੰਗ ਖਾਂ ਦੇ ਕਿਲ੍ਹੇ ਵਿਚ ਪੁੱਜ ਜਾਣ। ਇੰਨੇ ਵਿਚ ਮਾਤਾ ਗੁਜਰੀ, ਦੋ ਛੋਟੇ ਸਾਹਿਬਜ਼ਾਦੇ, ਉਨ੍ਹਾਂ ਦੇ ਦੋ ਸੇਵਕ ਭਾਈ ਦੁੰਨਾ ਸਿੰਘ ਤ੍ਰੇ ਬੀਬੀ ਸੁਭਿੱਖੀ ਸਰਸਾ ਨਦੀ ਪਾਰ ਕਰ ਕੇ ਚਮਕੌਰ ਵਲ ਚਲੇ ਗਏ। ਇਉਂ ਹੀ ਗੁਰੂ ਸਾਹਿਬ ਵੀ ਨਦੀ ਪਾਰ ਕਰ ਕੇ ਕੁਝ ਸਿੱਖਾਂ ਨੂੰ ਨਾਲ ਲੈ ਕੇ ਕੋਟਲਾ ਨਿਹੰਗ ਵਿਚ ਪੁੱਜ ਗਏ। ਉੱਥੇ ਭਾਈ ਨਿਹੰਗ ਖਾਂ ਨੇ ਗੁਰੂ ਸਾਹਿਬ ਦਾ ਸਿਦਕ-ਦਿਲੀ ਨਾਲ ਸੁਆਗਤ ਕੀਤਾ। ਕੁਝ ਚਿਰ ਪਿਛੋਂ ਸਾਹਿਬਜ਼ਾਦਾ ਅਜੀਤ ਸਿੰਘ, ਭਾਈ ਬੁੱਢਾ ਸਿੰਘ ਤੇ ਕੁਝ ਹੋਰ ਸਿੰਘ ਵੀ ਉੱਥੇ ਪਹੁੰਚ ਗਏ। ਉਨ੍ਹਾਂ ਦੇ ਨਾਲ ਭਾਈ ਬਚਿੱਤਰ ਸਿੰਘ ਵੀ ਸੀ ਜੋ ਬਹੁਤ ਬੁਰੀ ਤਰ੍ਹਾਂ ਜ਼ਖ਼ਮੀ ਹੋ ਚੁੱਕਾ ਸੀ।

ਗੁਰੂ ਸਾਹਿਬ ਅਤੇ ਇਹ ਸਾਰੇ ਜਣੇ 6 ਦਸੰਬਰ 1705 ਦਾ ਦਿਨ ਉੱਥੇ ਰਹੇ ਅਤੇ ਹਨੇਰਾ ਪੈਂਦਿਆਂ ਹੀ ਉਥੋਂ ਨਿਕਲ ਕੇ ਚਮਕੌਰ ਵੱਲ ਚਲੇ ਗਏ। ਉਹ ਜ਼ਖ਼ਮੀ ਭਾਈ ਬਚਿੱਤਰ ਸਿੰਘ ਨੂੰ ਉੱਥੇ ਛੱਡ ਗਏ ਤਾਂ ਜੋ ਉਸ ਦਾ ਇਲਾਜ ਕੀਤਾ ਜਾ ਸਕੇ।

ਜਦੋਂ ਗੁਰੂ ਸਾਹਿਬ ਚਮਕੌਰ ਪੁੱਜੇ ਤਾਂ ਉਨ੍ਹਾਂ ਨਾਲ ਅਨੰਦਪੁਰ ਸਾਹਿਬ ਦੇ 40 ਮੁਕਤਿਆਂ ਵਿਚੋਂ 37 ਰਹਿ ਗਏ ਸਨ। ਭਾਈ ਉਦੈ ਸਿੰਘ, ਭਾਈ ਜੀਵਨ ਸਿੰਘ ਅਤੇ ਭਾਈ ਬਚਿੱਤਰ ਸਿੰਘ ਰਸਤੇ ਵਿਚ ਸ਼ਹੀਦੀਆਂ ਪਾ ਚੁੱਕੇ ਸਨ। ਪਰ ਹੁਣ ਉਨ੍ਹਾਂ ਨਾਲ 40 ਵਿਚੋਂ 37 ਅਨੰਦਪੁਰੀ ਮੁਕਤਿਆਂ ਤੋਂ ਇਲਾਵਾ ਭਾਈ ਕਿਰਪਾ ਸਿੰਘ (ਰਾਮ) ਦੱਤ, ਭਾਈ ਰਾਮ ਸਿੰਘ, ਭਾਈ ਗੁਰਬਖ਼ਸ਼ੀਸ਼ ਸਿੰਘ, ਭਾਈ ਬਖ਼ਸ਼ਿਸ਼ ਸਿੰਘ, ਭਾਈ ਮੁਕੰਦ ਸਿੰਘ ਦੂਜਾ (ਪੁੱਤਰ ਭਾਈ ਸੰਤੀ ਦਾਸ), ਭਾਈ ਬੁੱਢਾ ਸਿੰਘ, ਭਾਈ ਨਾਹਰ ਸਿੰਘ, ਭਾਈ ਸ਼ੇਰ

ਸਿੰਘ ਵੀ ਸ਼ਾਮਿਲ ਹੋ ਚੁੱਕੇ ਸਨ। ਇਸ ਤੋਂ ਇਲਾਵਾ ਦੋ ਸਾਹਿਬਜ਼ਾਦੇ (ਅਜੀਤ ਸਿੰਘ ਤੇ ਜੁਝਾਰ ਸਿੰਘ) ਵੀ ਉਨ੍ਹਾਂ ਦੇ ਨਾਲ ਸਨ। 7 ਦਸੰਬਰ 1705 ਦੀ ਸਵੇਰ ਵੇਲੇ ਜਦੋਂ ਗੁਰੂ ਸਾਹਿਬ ਚਮਕੌਰ ਪੁੱਜੇ ਅਤੇ ਭਾਈ ਬੁੱਧੀ ਚੰਦ ਰਾਵਤ ਦੀ ਗੜ੍ਹੀ ਵਿਚ ਰੁਕੇ ਤਾਂ ਉਨ੍ਹਾਂ ਨਾਲ ਕੁਲ 47 ਸਿੰਘ ਸਨ (37 ਅਨੰਦਪੁਰੀ ਮੁਕਤੇ, 8 ਨਵੇਂ ਸਿੰਘ ਅਤੇ ਦੋ ਸਾਹਿਬਜ਼ਾਦੇ)। ਇਨ੍ਹਾਂ 47 ਵਿਚੋਂ 37 ਸਿੰਘ ਅਤੇ ਦੋ ਸਾਹਿਬਜ਼ਾਦੇ ਸ਼ਹੀਦ ਹੋ ਗਏ ਸਨ। ਬਾਕੀ ਦੇ ਸੱਤ ਵਿਚੋਂ ਪੰਜ ਸਿੰਘ ਗੁਰੂ ਸਾਹਿਬ ਦੇ ਨਾਲ ਉਥੋਂ ਨਿਕਲ ਕੇ ਮਾਛੀਵਾੜਾ ਵਲ ਗਏ। ਇਹ ਪੰਜ ਸਨ: ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਦਇਆ ਸਿੰਘ ਪੁਰੋਹਤ, ਭਾਈ ਮਾਨ ਸਿੰਘ ਅਤੇ ਭਾਈ ਰਾਮ ਸਿੰਘ। 7 ਦਸੰਬਰ ਦੀ ਰਾਤ ਨੂੰ ਚਮਕੌਰ ਦੀ ਗੜ੍ਹੀ ਵਿਚ ਸਿਰਫ਼ ਭਾਈ ਸੰਤ ਸਿੰਘ ਬੰਗੇਸ਼ਰੀ ਅਤੇ ਭਾਈ ਸੰਗਤ ਸਿੰਘ ਅਰੋੜਾ ਹੀ ਰਹਿ ਗਏ ਸਨ। ਇਹ ਦੋਵੇਂ ਅੱਠ ਦਸੰਬਰ ਦੀ ਸਵੇਰ ਨੂੰ ਸ਼ਹੀਦ ਹੋਏ ਸਨ। ਚਮਕੌਰ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਜੁਝਾਰ ਸਿੰਘ ਤੋਂ ਇਲਾਵਾ ਹੇਠ ਲਿਖੇ 40 ਮੁਕਤੇ ਸ਼ਹੀਦ ਹੋਏ ਸਨ:

1. ਭਾਈ ਹਿੰਮਤ ਸਿੰਘ 2. ਭਾਈ ਮੋਹਕਮ ਸਿੰਘ 3. ਭਾਈ ਸਾਹਿਬ ਸਿੰਘ (ਤਿੰਨ ਪਿਆਰੇ) 4. ਭਾਈ ਦੇਵਾ ਸਿੰਘ 5. ਭਾਈ ਰਾਮ ਸਿੰਘ 6. ਭਾਈ ਟਹਿਲ ਸਿੰਘ 7. ਭਾਈ ਈਸ਼ਰ ਸਿੰਘ 8. ਭਾਈ ਫ਼ਤਹਿ ਸਿੰਘ (ਪੰਜ ਮੁਕਤੇ) 9. ਭਾਈ ਅਨਕ ਸਿੰਘ 10. ਭਾਈ ਅਜਬ ਸਿੰਘ 11. ਭਾਈ ਅਜਾਇਬ ਸਿੰਘ (ਭਾਈ ਮਨੀ ਸਿੰਘ ਦੇ ਤਿੰਨ ਪੁੱਤਰ)। 12. ਭਾਈ ਦਾਨ ਸਿੰਘ (ਭਾਈ ਮਨੀ ਸਿੰਘ ਦਾ ਭਰਾ)। 13. ਭਾਈ ਆਲਿਮ ਸਿੰਘ ਨੱਚਣਾ। 14. ਭਾਈ ਵੀਰ ਸਿੰਘ (ਉਸ ਦਾ ਭਰਾ) 15. ਭਾਈ ਮੋਹਰ ਸਿੰਘ 16. ਭਾਈ ਅਮੋਲਕ ਸਿੰਘ (ਭਾਈ ਆਲਿਮ ਸਿੰਘ ਨੱਚਣਾ ਦੇ ਦੋ ਪੁੱਤਰ)। 17. ਭਾਈ ਮਦਨ ਸਿੰਘ 18. ਭਾਈ ਕਾਠਾ ਸਿੰਘ 19. ਭਾਈ ਨਾਹਰ ਸਿੰਘ. 20. ਭਾਈ ਸ਼ੇਰ ਸਿੰਘ. 21 ਭਾਈ ਕਿਰਪਾ ਸਿੰਘ ਦੱਤ ਤੇ ਉਸ ਦਾ ਭਰਾ 22. ਭਾਈ ਸਨਮੁਖ ਸਿੰਘ 23. ਭਾਈ ਨਾਨੂੰ ਸਿੰਘ ਦਿਲਵਾਲੀ 24. ਭਾਈ ਬਖਸ਼ਿਸ਼ ਸਿੰਘ 25. ਭਾਈ ਗੁਰਬਖਸ਼ੀਸ਼ ਸਿੰਘ 26. ਭਾਈ ਮੁਕੰਦ ਸਿੰਘ 27. ਭਾਈ ਮੁਕੰਦ ਸਿੰਘ (ਦੂਜਾ) 28. ਭਾਈ ਖ਼ਜ਼ਾਨ ਸਿੰਘ 29. ਭਾਈ ਲਾਲ ਸਿੰਘ 30. ਭਾਈ ਜਵਾਹਰ ਸਿੰਘ 31. ਭਾਈ ਕੀਰਤ ਸਿੰਘ 32. ਭਾਈ ਸ਼ਾਮ ਸਿੰਘ 33. ਭਾਈ ਹੁਕਮ ਸਿੰਘ 34. ਭਾਈ ਕੇਸਰਾ ਸਿੰਘ 35. ਭਾਈ ਧੰਨਾ ਸਿੰਘ 36. ਭਾਈ ਸੁੱਖਾ ਸਿੰਘ 37. ਭਾਈ ਬੁੱਢਾ ਸਿੰਘ 38. ਭਾਈ ਅਨੰਦ ਸਿੰਘ 39. ਭਾਈ ਸੰਤ ਸਿੰਘ ਬੰਗੇਸ਼ਰੀ 40. ਭਾਈ ਸੰਗਤ ਸਿੰਘ ਅਰੋੜਾ।

ਕੁਝ ਲੇਖਕਾਂ ਨੇ ਚਮਕੌਰ ਦੇ ਚਾਲ੍ਹੀ ਮੁਕਤਿਆਂ ਵਿਚ ਹੋਰ ਨਾਂ ਦਿੱਤੇ ਹਨ। ਇਨ੍ਹਾਂ ਵਿਚ ਭਾਈ ਸੰਤੋਖ ਸਿੰਘ, ਗਿਆਨੀ ਗਿਆਨ ਸਿੰਘ, ਭਾਈ ਸੁਮੇਰ ਸਿੰਘ ਤੇ ਭਾਈ ਕਾਨ੍ਹ ਸਿੰਘ ਨਾਭਾ ਹਨ। ਪਰ ਭੱਟ ਵਹੀਆਂ ਦੇ ਸਬੂਤਾਂ ਨੂੰ ਸਾਹਮਣੇ ਰੱਖਿਆਂ ਇਹ ਸੂਚੀਆਂ ਸਹੀ ਸਾਬਿਤ ਨਹੀਂ ਹੁੰਦੀਆਂ। ਹੋਰ ਤਫ਼ਸੀਲ ਵਾਸਤੇ ਵੇਖੋ ਅੱਗੇ ਦਿੱਤੇ 40 ਮੁਕਤਿਆਂ

ਦੀਆਂ ਜੀਵਨੀਆਂ।

ਮੁਕਤਸਰ (ਖਿਦਰਾਣੇ ਦੀ ਢਾਬ) ਵਿਚ 29 ਦਸੰਬਰ 1705 ਦੇ ਦਿਨ ਸ਼ਹੀਦ ਹੋਣ ਵਾਲੇ ਸਿੱਖ ਵੀ ਗਿਣਤੀ ਵਿਚ 40 ਹੀ ਸਨ। ਇਨ੍ਹਾਂ ਨੂੰ ਮੁਕਤਸਰ ਦੇ 40 ਮੁਕਤੇ ਆਖਿਆ ਜਾਂਦਾ ਹੈ। ਇਨ੍ਹਾਂ 40 ਵਿਚੋਂ ਕੁਝ ਨਾਂ ਯਕੀਨੀ ਤੌਰ 'ਤੇ ਮਿਲਦੇ ਹਨ : ਭਾਈ ਸੁੰਦਰ ਸਿੰਘ ਬ੍ਰਾਹਮਣ, ਭਾਈ ਰਾਏ ਸਿੰਘ ਪਰਮਾਰ, ਭਾਈ ਮਹਾਂ ਸਿੰਘ ਤੇ ਭਾਈ ਸੀਤਲ ਸਿੰਘ (ਦੋਵੇਂ ਪੁੱਤਰ ਭਾਈ ਰਾਏ ਸਿੰਘ), ਭਾਈ ਘਰਬਾਰਾ ਸਿੰਘ, ਭਾਈ ਭਾਗ ਸਿੰਘ, ਭਾਈ ਦਿਲਬਾਗ ਸਿੰਘ, ਭਾਈ ਨਿਧਾਨ ਸਿੰਘ ਵੜੈਚ, ਭਾਈ ਸੁਲਤਾਨ ਸਿੰਘ ਵੜੈਚ, ਭਾਈ ਗੰਡਾ ਸਿੰਘ, ਭਾਈ ਖੁਸ਼ਹਾਲ ਸਿੰਘ, ਭਾਈ ਬੂੜ ਸਿੰਘ ਬ੍ਰਾਹਮਣ ਵਗੈਰਾ। ਇਹ ਨਾਂ ਭੱਟ ਵਹੀਆਂ ਅਤੇ ਉਨ੍ਹਾਂ ਵੇਲਿਆਂ ਦੇ ਸੋਮਿਆਂ ਵਿਚੋਂ ਲਭਦੇ ਹਨ। ਉਂਞ ਭਾਈ ਸੰਤੋਖ ਸਿੰਘ, ਭਾਈ ਕਾਹਨ ਸਿੰਘ ਅਤੇ ਕਈ ਹੋਰਾਂ ਨੇ ਮੁਕਤਸਰ ਦੇ 40 ਮੁਕਤਿਆਂ ਦੇ ਨਾਂ ਦਿਤੇ ਹਨ ਪਰ ਇਹ ਨਾਂ ਸਹੀ ਨਹੀਂ ਹਨ। ਇੰਞ ਹੀ ਕਈ ਲੇਖਕਾਂ ਨੇ ਤਾਂ ਚਮਕੌਰ ਦੇ 40 ਮੁਕਤਿਆਂ ਦੇ ਨਾਂ ਵੀ ਦਿੱਤੇ ਹਨ। ਉਨ੍ਹਾਂ ਵਿਚੋਂ ਵੀ ਅੱਧੇ ਸਹੀ ਤੇ ਅੱਧੇ ਗ਼ਲਤ ਹਨ। ਮੈਂ ਅਨੰਦਪੁਰ ਸਾਹਿਬ ਅਤੇ ਚਮਕੌਰ ਸਾਹਿਬ ਦੇ 40-40 ਮੁਕਤਿਆਂ ਦੇ ਸਹੀ ਨਾਂ (ਚੋਖੀ ਡੂੰਘੀ ਖੋਜ ਮਗਰੋਂ ਲੱਭ ਕੇ ਹਾਸਿਲ ਕਰਨ ਮਗਰੋਂ) ਪੇਸ਼ ਕੀਤੇ ਹਨ। ਅੱਗੇ ਗ਼ਲਤੀ ਦਾ ਵਾਹਿਗੁਰੂ ਬਖ਼ਸ਼ਿੰਦ ਹੈ। ਇਸ ਤੋਂ ਮਗਰੋਂ 11 ਅਕਤੂਬਰ 1711 ਦੇ ਦਿਨ ਆਲੋਵਾਲ ਵਿਚ ਜਿਉਂਦੇ ਜ਼ਮੀਨ 'ਚ ਗੱਡ ਕੇ ਸ਼ਹੀਦ ਕੀਤੇ ਗਏ ਸਿੰਘਾਂ ਦੀ ਗਿਣਤੀ ਵੀ 40 ਸੀ। ਇਨ੍ਹਾਂ 40 ਵਿਚੋਂ 19 ਸਿੰਘਾਂ ਦੇ ਨਾਂ ਮਿਲ ਸਕੇ ਹਨ?

1. ਭਾਈ ਸਹਿਜ ਸਿੰਘ 2. ਭਾਈ ਡੋਗਰ ਸਿੰਘ 3. ਭਾਈ ਹੀਰਾ ਸਿੰਘ 4. ਭਾਈ ਦਿਆਲ ਸਿੰਘ (ਚਾਰੇ ਭਰਾ ਭਾਈ ਜੱਗੂ ਦੇ ਪੁੱਤਰ, ਭਾਈ ਪਦਮਾ ਦੇ ਪੋਤੇ, ਭਾਈ ਕਉਲ ਦੇ ਪੜਪੋਤੇ) 5. ਭਾਈ ਕੇਸੋ ਸਿੰਘ, 6. ਭਾਈ ਹਰੀ ਸਿੰਘ 7. ਭਾਈ ਦੇਸਾ ਸਿੰਘ, 8. ਭਾਈ ਨਰਬਦ ਸਿੰਘ, 9. ਭਾਈ ਤਾਰਾ ਸਿੰਘ 10. ਭਾਈ ਸੇਵਾ ਸਿੰਘ 11. ਭਾਈ ਦੇਵਾ ਸਿੰਘ (ਸੱਤੇ ਭੱਟ), 12. ਭਾਈ ਜੇਠਾ ਸਿੰਘ (ਪੁੱਤਰ ਭਾਈ ਛਬੀਲਾ), 13. ਭਾਈ ਜੇਠਾ ਸਿੰਘ (ਭਾਈ ਮਨੀ ਸਿੰਘ ਦਾ ਭਰਾ) 14. ਭਾਈ ਰੂਪ ਸਿੰਘ (ਭਾਈ ਮਨੀ ਸਿੰਘ ਦਾ ਭਰਾ) 15. ਭਾਈ ਹਰੀ ਸਿੰਘ (ਪੁੱਤਰ ਭਾਈ ਰੂਪ ਸਿੰਘ, ਭਾਈ ਮਨੀ ਸਿੰਘ ਦਾ ਭਤੀਜਾ) 16. ਭਾਈ ਪ੍ਰਸੰਨ ਸਿੰਘ 17. ਭਾਈ ਅਨੂਪ ਸਿੰਘ 18. ਭਾਈ ਕੇਹਰ ਸਿੰਘ (ਤਿੰਨੇ ਪੁੱਤਰ ਭਾਈ ਜੀਤਾ ਸਿੰਘ ਪੋਤੇ ਭਾਈ ਰਾਮਾ, ਪੜਪੋਤੇ ਭਾਈ ਸੁਖੀਆ ਮਾਂਡਨ) 19. ਭਾਈ ਚੰਨਣ ਸਿੰਘ (ਬੇਟਾ ਭਾਈ ਮਾਨ ਸਿੰਘ) ਅਤੇ 21 ਹੋਰ।

ਇੰਞ ਸਿੱਖ ਤਵਾਰੀਖ਼ ਵਿਚ ਚਾਰ ਮੌਕਿਆਂ ਤੇ ਚਾਲੀ ਸਿੰਘ ਸ਼ਹੀਦ ਹੋਏ ਸਨ। 'ਜ਼ਫ਼ਰਨਾਮਾ' ਵਿਚ ਜਿਨ੍ਹਾਂ 40 ਦਾ ਜ਼ਿਕਰ ਆਇਆ ਹੈ ਉਹ ਚਮਕੌਰ ਦੇ 40 ਮੁਕਤੇ ਸਨ। ਮੁਕਤਸਰ ਦਾ ਸਾਕਾ 'ਜ਼ਫ਼ਰਨਾਮਾ' ਲਿਖਣ ਤੋਂ ਇਕ ਹਫ਼ਤਾ ਮਗਰੋਂ ਵਾਪਰਿਆ ਸੀ।

ਭਾਈ ਜੀਵਨ ਸਿੰਘ (ਜੈਤਾ)

ਭਾਈ ਜੀਵਨ ਸਿੰਘ ਨੇ 6 ਦਸੰਬਰ 1705 ਦੇ ਦਿਨ ਨੂੰ ਪਿੰਡ ਝੱਖੀਆਂ ਦੀ ਜੂਹ ਵਿਚ (ਸਰਸਾ ਨਦੀ ਦੇ ਕੰਢੇ ਦੇ ਨੇੜੇ) ਸ਼ਹੀਦੀ ਜਾਮ ਪੀਤਾ ਸੀ।

ਭਾਈ ਜੀਵਨ ਸਿੰਘ ਭਾਈ ਆਗਿਆ ਦੇ ਪੁਤਰ ਤੇ ਭਾਈ ਦੁੱਲਾ ਦੇ ਪੋਤੇ ਸਨ। ਆਪ ਰੰਘਰੇਟਾ ਨਾਂ ਦੀ ਇਕ ਅਖੋਤੀ ਪਛੜੀ ਜਾਤੀ ਨਾਲ ਸਬੰਧ ਰਖਦੇ ਸਨ। ਆਪ ਦੇ ਵੱਡੇ-ਵਡੇਰੇ ਦਿਲਵਾਲੀ ਮੁਹੱਲੇ ਦਿੱਲੀ ਵਿਚ ਰਿਹਾ ਕਰਦੇ ਸਨ। ਜਦੋਂ 11 ਨਵੰਬਰ 1675 ਦੇ ਦਿਨ ਗੁਰੂ ਤੇਗ ਬਹਾਦਰ ਸਾਹਿਬ ਦਿੱਲੀ ਵਿਚ ਸ਼ਹੀਦ ਕਰ ਦਿੱਤੇ ਗਏ ਤਾਂ ਭਾਈ ਜੈਤਾ ਆਪਣੇ ਤਿੰਨ ਸਾਥੀਆਂ ਨਾਲ ਰਲ ਕੇ ਗੁਰੂ ਸਾਹਿਬ ਦਾ ਸੀਸ ਚਾਂਦਨੀ ਚੌਕ 'ਚੋਂ ਚੁੱਕ ਕੇ ਲਿਆਏ ਸਨ ਅਤੇ ਅਨੰਦਪੁਰ ਸਾਹਿਬ ਲਿਜਾ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਦੇ ਦਿੱਤਾ ਸੀ। ਇਸ 'ਤੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ "ਗੁਰੂ ਦਾ ਬੇਟਾ" ਆਖ ਕੇ ਨਿਵਾਜਿਆ ਸੀ।

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਫ਼ੌਜ ਬਣਾਈ ਤਾਂ ਭਾਈ ਜੈਤਾ ਵੀ ਉਸ ਵਿਚ ਸ਼ਾਮਿਲ ਹੋਏ। ਭਾਈ ਜੈਤਾ ਨੇ ਸ਼ਸਤਰ ਚਲਾਉਣ ਦੀ ਸਿਖਲਾਈ ਲੈਣ ਵਿਚ ਬੜੀ ਦਿਲਚਸਪੀ ਵਿਖਾਈ। ਬੜੀ ਛੇਤੀ ਉਹ ਸ਼ਸਤਰ ਚਲਾਉਣ ਵਿਚ ਮਾਹਿਰ ਹੋ ਗਏ। ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸਾ ਪਰਗਟ ਕੀਤਾ ਤਾਂ ਆਪ ਅੰਮ੍ਰਿਤ ਛੱਕ ਕੇ ਭਾਈ ਜੈਤਾ ਤੋਂ ਭਾਈ ਜੀਵਨ ਸਿੰਘ ਬਣ ਗਏ। ਆਪ ਦਾ ਗੁਰੂ ਸਾਹਿਬ ਨਾਲ ਏਨਾ ਪਿਆਰ ਸੀ ਕਿ ਆਪ ਇਸ ਤੋਂ ਮਗਰੋਂ ਅਨੰਦਪੁਰ ਸਾਹਿਬ ਵਿਚ ਹੀ ਰਹਿਣ ਲਗ ਪਏ। ਅਨੰਦਪੁਰ ਸਾਹਿਬ 'ਤੇ ਹੋਏ ਹਮਲਿਆਂ ਵਿਚ ਆਪ ਨੇ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ ਅਤੇ ਬਹੁਤ ਸਾਰੇ ਹਮਲਾਵਰ ਪਹਾੜੀਆਂ ਅਤੇ ਮੁਗ਼ਲਾਂ ਨੂੰ ਮੌਤ ਦੇ ਘਾਟ ਉਤਾਰਿਆ।

5-6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਛੱਡਿਆ ਤਾਂ ਭਾਈ ਜੀਵਨ ਸਿੰਘ ਵੀ ਉਨ੍ਹਾਂ 40 ਸਿੰਘਾਂ ਵਿਚੋਂ ਇਕ ਸਨ ਜਿਨ੍ਹਾਂ ਨੇ ਗੁਰੂ ਸਾਹਿਬ ਦੇ ਅੰਗ-ਸੰਗ ਰਹਿਣ ਦਾ ਫ਼ੈਸਲਾ ਕੀਤਾ ਸੀ। ਅਨੰਦਪੁਰ ਸਾਹਿਬ ਤੋਂ ਨਿਕਲ ਕੇ ਜਦੋਂ ਕਾਫ਼ਲਾ ਕੀਰਤਪੁਰ ਤੋਂ ਅੱਗੇ ਸਰਸਾ ਨਦੀ ਦੇ ਨੇੜੇ ਪੁਜਾ ਤਾਂ ਪਹਾੜੀ ਫ਼ੌਜਾਂ ਨੇ ਸਿੱਖਾਂ 'ਤੇ ਹਮਲਾ ਕਰ ਦਿੱਤਾ। ਭਾਈ ਜੀਵਨ ਸਿੰਘ ਅਤੇ ਉਨ੍ਹਾਂ ਦੇ ਇਕ ਸੌ ਸਾਥੀਆਂ ਨੂੰ ਗੁਰੂ ਸਾਹਿਬ ਨੇ ਪਿੰਡ ਝੱਖੀਆਂ ਦੀ ਜੂਹ ਵਿਚ ਮੋਰਚੇ ਲਾਉਣ ਵਾਸਤੇ ਤਾਈਨਾਤ ਕਰ ਦਿੱਤਾ। ਇਸ ਮੌਕੇ 'ਤੇ ਬੜੀ ਜ਼ਬਰਦਸਤ ਲੜਾਈ ਹੋਈ। ਸਾਰੇ ਸਿੰਘਾਂ

ਨੇ ਹਮਲਾਵਰ ਸਿਪਾਹੀਆਂ ਦਾ ਡੱਟ ਕੇ ਮੁਕਾਬਲਾ ਕੀਤਾ। ਇਕ-ਇਕ ਸਿੰਘ ਨੇ ਕਈ ਕਈ ਪਹਾੜੀਆਂ ਨੂੰ ਮੌਤ ਦੇ ਘਾਟ ਉਤਾਰਿਆ। ਭਾਈ ਜੀਵਨ ਸਿੰਘ, ਜੋ ਬੜੇ ਜ਼ਬਰਦਸਤ ਤੀਰ-ਅੰਦਾਜ਼ ਸਨ, ਨੇ ਤੀਰਾਂ ਦਾ ਮੀਂਹ ਵਰ੍ਹਾ ਦਿੱਤਾ। ਉਨ੍ਹਾਂ ਦੇ ਤੀਰਾਂ ਨੇ ਪਹਾੜੀਆਂ ਨੂੰ ਇਕ ਵਾਰ ਤਾਂ ਦਿਨੇਂ ਤਾਰੇ ਦਿਖਾ ਦਿੱਤੇ। ਇਸ ਮੌਕੇ 'ਤੇ ਅਚਾਨਕ ਇਕ ਗੋਲੀ ਭਾਈ ਜੀਵਨ ਸਿੰਘ ਦੇ ਮੱਥੇ ਵਿਚ ਆ ਕੇ ਵੱਜੀ ਅਤੇ ਉਨ੍ਹਾਂ ਨੇ ਉਸ ਵੇਲੇ "ਵਾਹਿਗੁਰੂ ਜੀ ਦੀ ਫ਼ਤਿਹ" ਆਖ ਕੇ ਸ਼ਹੀਦੀ ਜਾਮ ਪੀ ਲਿਆ। ਸ਼ਾਮ ਤਕ ਇਹ ਲੜਾਈ ਚਲਦੀ ਰਹੀ ਅਤੇ ਇਹ ਸਾਰੇ ਸੌ ਦੇ ਸੌ ਸਿੰਘ, ਇਕ ਸਿੰਘਣੀ ਬੀਬੀ ਭਿੱਖਾਂ ਪਤਨੀ ਭਾਈ ਆਲਿਮ ਸਿੰਘ ਨੱਚਣਾ (ਤੇ ਬੇਟੀ ਭਾਈ ਬਜਰ ਸਿੰਘ) ਸਮੇਤ, ਸ਼ਹੀਦੀਆਂ ਪਾ ਗਏ। ਇਹ ਸਾਰੀਆਂ ਸ਼ਹੀਦੀਆਂ 6 ਦਸੰਬਰ 1705 ਦੇ ਦਿਨ ਸਵੇਰ ਵੇਲੇ ਹੋਈਆਂ ਸਨ।

ਭਾਈ ਜੀਵਨ ਸਿੰਘ ਦੀ ਸ਼ਹੀਦੀ ਦਾ ਜ਼ਿਕਰ **ਭੱਟ ਵਹੀ ਮੁਲਤਾਨੀ ਸਿੰਧੀ** ਵਿਚ ਇੰਞ ਮਿਲਦਾ ਹੈ:

"ਜੀਵਨ ਸਿੰਘ ਬੇਟਾ ਆਗਿਆ ਕਾ, ਪੋਤਾ ਦੁੱਲੇ ਕਾ... ਬਾਸੀ ਦਿੱਲੀ, ਮੁਹੱਲਾ ਦਿਲਵਾਲੀ ਸਿੱਖਾਂ, ਸੋ ਸਿੱਖਾਂ ਕੋ ਗੈਲ ਲੈ, ਸੰਮਤ ਸਤਰਾਂ ਸੈ ਬਾਸਠ, ਪੋਖ ਮਾਸੇ ਸੁਦੀ ਦੂਜ, ਵੀਰਵਾਰ ਕੇ ਦਿਹੁੰ, ਸਰਸਾ ਨਦੀ ਕੇ ਤੀਰ ਰਾਜਾ ਅਜਮੇਰ ਚੰਦ, ਬੇਟਾ ਭੀਮ ਚੰਦ ਕਾ... ਰਾਣੇ ਕੀ ਫ਼ੌਜ ਗੈਲ ਦਸ ਘਰੀ ਜੂਝ ਕੇ ਮਰਾ। ਆਗੇ ਗੁਰੂ ਭਾਣੇ ਕਾ ਖਾਬਿੰਦ। ਗੁਰੂ ਕੀ ਗਤ ਗੁਰੂ ਜਾਣੇ। ਗੁਰੂ ਗੁਰੂ ਜਪਨਾ ਜਨਮ ਸਉਰੈਗਾ।"

(ਭੱਟ ਵਹੀ ਮੁਲਤਾਨੀ ਸਿੰਧੀ)

ਇਸ ਇੰਦਰਾਜ ਤੋਂ ਪਤਾ ਲਗਦਾ ਹੈ ਕਿ ਭਾਈ ਜੀਵਨ ਸਿੰਘ 10 ਘੜੀਆਂ, ਯਾਨਿ 240 ਮਿੰਟ (4 ਘੰਟੇ) ਜੂਝਦੇ ਰਹੇ ਸਨ। ਇਸ ਤੋਂ ਪਤਾ ਲੱਗਦਾ ਹੈ ਕਿ ਭਾਈ ਜੀਵਨ ਸਿੰਘ ਵਿਚ ਬੇਹਦ ਜ਼ੋਰ ਸੀ। ਜੇ ਉਸ ਵੇਲੇ ਉਨ੍ਹਾਂ ਨੂੰ ਗੋਲੀ ਨਾ ਵੱਜਦੀ ਤਾਂ ਪਤਾ ਨਹੀਂ ਉਹ ਕਿੰਨੇ ਘੰਟੇ ਹੋਰ ਸ੍ਰੀ ਸਾਹਿਬ ਵਾਹੁੰਦੇ ਰਹਿੰਦੇ ! ਆਫ਼ਰੀਨ!!

ਭਾਈ ਜੀਵਨ ਸਿੰਘ ਦਾ ਜ਼ਿਕਰ ਪੰਜਾਬੀ ਵਾਰਾਂ ਵਿਚ ਬੜੇ ਅਦਬ ਨਾਲ ਆਇਆ ਹੈ:

ਜੀਵਨ ਸਿੰਘ ਰੰਘਰੇਟੜੋ, ਰਣ ਮਹਿ ਪਵੈ ਨਿਸੰਗ।
ਮੂਹੋ ਮੂਹ ਤਲਵਾਰਾਂ ਖਾਧੀਆਂ, ਟੁਕ ਮੂਲ ਨ ਮੋੜੈ ਅੰਗ ॥ 2 ॥

(ਪੰਜਾਬੀ ਵਾਰਾਂ, ਪਿਆਰਾ ਸਿੰਘ ਪਦਮ, ਸਫ਼ਾ 283)

ਤ੍ਵਾਰੀਖ਼ ਵਿਚ ਭਾਈ ਜੀਵਨ ਸਿੰਘ ਦੇ ਇਕ ਬੇਟੇ ਭਾਈ ਸੂਰਤ ਸਿੰਘ ਦਾ ਜ਼ਿਕਰ ਵੀ ਆਉਂਦਾ ਹੈ ਜੋ 1706 ਵਿਚ ਦਿੱਲੀ ਤੋਂ ਤਲਵੰਡੀ ਸਾਬੋ ਗਿਆ ਸੀ ਤੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਸਨ।

ਬੀਬੀ ਭਿੱਖਾਂ

ਬੀਬੀ ਭਿੱਖਾਂ ਨੇ 6 ਦਸੰਬਰ 1705 ਦੇ ਦਿਨ ਪਿੰਡ ਝੱਖੀਆਂ (ਸਰਸਾ ਨਦੀ ਦੇ ਕੰਢੇ) ਦੀ ਜੂਹ ਵਿਚ ਸ਼ਹੀਦੀ ਹਾਸਿਲ ਕੀਤੀ ਸੀ।

ਬੀਬੀ ਭਿੱਖਾਂ ਭਾਈ ਬਜਰ ਸਿੰਘ ਦੀ ਬੇਟੀ, ਭਾਈ ਰਾਮਾ ਦੀ ਪੋਤੀ ਤੇ ਭਾਈ ਸੁਖੀਆ ਮਾਂਡਨ ਦੀ ਪੜਪੋਤੀ ਸੀ। ਬੀਬੀ ਭਿੱਖਾਂ ਦੇ ਦਾਦਾ, ਚਾਚੇ ਤੇ ਕਈ ਚਚੇਰੇ ਭਰਾ ਗੁਰੂ ਸਾਹਿਬ ਦੀਆਂ ਲੜਾਈਆਂ ਵਿਚ ਸ਼ਹੀਦ ਹੋ ਚੁੱਕੇ ਸਨ। ਭਾਈ ਬਜਰ ਸਿੰਘ ਰਾਠੌਰ ਰਾਜਪੂਤ ਖ਼ਾਨਦਾਨ ਨਾਲ ਸਬੰਧ ਰਖਦੇ ਸਨ। ਆਪ ਖ਼ੈਰਪੁਰ ਦੇ ਵਾਸੀ ਸਨ। ਬੀਬੀ ਭਿੱਖਾਂ ਦਾ ਵਿਆਹ ਭਾਈ ਆਲਿਮ ਸਿੰਘ ਨੱਚਣਾ ਸਪੁਤਰ ਭਾਈ ਦੁਰਗਾ ਦਾਸ, ਪੋਤਾ ਭਾਈ ਪਦਮਾ ਅਤੇ ਪੜਪੋਤਾ ਕੌਲ ਦਾਸ ਚੋਹਾਨ ਰਾਜਪੂਤ ਨਾਲ ਹੋਇਆ ਸੀ। ਬੀਬੀ ਭਿੱਖਾਂ ਨੇ ਤਿੰਨ ਪੁਤਰਾਂ (ਮੋਹਰ ਸਿੰਘ, ਅਮੋਲਕ ਸਿੰਘ, ਬਾਘੜ ਸਿੰਘ) ਨੂੰ ਜਨਮ ਦਿੱਤਾ ਸੀ। ਬੀਬੀ ਭਿੱਖਾਂ ਦਾ ਪਤੀ ਅਤੇ ਤਿੰਨ ਬੇਟੇ ਵੱਖ-ਵੱਖ ਮੌਕਿਆਂ 'ਤੇ ਪੰਥ ਵਾਸਤੇ ਸ਼ਹੀਦ ਹੋਏ ਸਨ।

ਭਾਈ ਆਲਿਮ ਸਿੰਘ ਨੱਚਣਾ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਮੁਸਾਹਿਬ ਸਨ। ਉਹ 13 ਸਾਲ ਦੀ ਉਮਰ ਵਿਚ ਹੀ ਗੁਰੂ ਤੇਗ਼ ਬਹਾਦਰ ਸਾਹਿਬ ਕੋਲ ਆ ਕੇ ਰਹਿਣ ਲਗ ਪਏ ਸਨ ਤੇ ਉਦੋਂ ਤੋਂ ਹੀ ਗੁਰੂ ਪਰਿਵਾਰ ਨਾਲ ਸਬੰਧਿਤ ਰਹੇ ਸਨ। ਆਪ ਬਹੁਤਾ ਸਮਾਂ ਅਨੰਦਪੁਰ ਸਾਹਿਬ ਗੁਰੂ ਸਾਹਿਬ ਦੇ ਕੋਲ ਹੀ ਰਹੇ। ਬੀਬੀ ਭਿੱਖਾਂ ਵੀ ਇਸ ਦੌਰਾਨ ਅਨੰਦਪੁਰ ਸਾਹਿਬ ਵਿਚ ਹੀ ਰਹਿੰਦੀ ਰਹੀ ਸੀ। ਬੀਬੀ ਭਿੱਖਾਂ ਗੁਰੂ ਦੇ ਲੰਗਰ ਦੀ ਇੰਚਾਰਜ ਸੀ। ਸੇਵਾ ਕਰਨ ਵਿਚ ਉਸ ਦਾ ਕੋਈ ਸਾਨੀ ਨਹੀਂ ਸੀ।

5-6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਛੱਡਿਆ ਤਾਂ ਬੀਬੀ ਭਿੱਖਾਂ ਵੀ ਉਸ ਵਹੀਰ ਵਿਚ ਸ਼ਾਮਿਲ ਸੀ। ਪੰਜ ਸੌ ਦਾ ਇਹ ਕਾਫ਼ਲਾ ਅਨੰਦਪੁਰ ਸਾਹਿਬ ਤੋਂ ਕੀਰਤਪੁਰ ਤਕ ਚੁਪ-ਚਾਪ ਨਿਕਲ ਗਿਆ। ਪਰ ਜਦੋਂ ਨਿਰਮੋਹਗੜ੍ਹ ਲੰਘਣ ਮਗਰੋਂ ਝੱਖੀਆਂ ਪਿੰਡ ਦੀ ਜੂਹ ਵਿਚ, ਸ਼ਾਹੀ ਟਿੱਬੀ ਦੇ ਨੇੜੇ, ਸਰਸਾ ਨਦੀ ਪਾਰ ਕਰਨ ਵਾਸਤੇ, ਉੱਥੇ ਪੁਜਿਆ ਤਾਂ ਪਿੱਛੋਂ ਪਹਾੜੀ ਫ਼ੌਜਾਂ ਨੇ ਜ਼ਬਰਦਸਤ ਹਮਲਾ ਕਰ ਦਿੱਤਾ। ਇਸ ਮੌਕੇ 'ਤੇ ਭਾਈ ਜੀਵਨ ਸਿੰਘ ਦੀ ਅਗਵਾਈ ਵਿਚ 100 ਸਿੰਘਾਂ ਨੇ ਝੱਖੀਆਂ ਵਿਚ ਮੋਰਚੇ ਗੱਡ ਲਏ ਤਾਂ ਜੋ ਬਹੁਤ ਸਾਰੀ ਗਿਣਤੀ ਵਿਚ ਆ ਰਹੀ ਪਹਾੜੀ ਫ਼ੌਜ ਨੂੰ ਠੱਲ੍ਹ ਪਾਈ ਜਾ ਸਕੇ। ਉਹ ਚਾਹੁੰਦੇ ਸਨ ਕਿ ਗੁਰੂ ਸਾਹਿਬ ਤੇ ਉਨ੍ਹਾਂ ਦਾ ਪਰਿਵਾਰ ਸਰਸਾ ਨਦੀ ਪਾਰ ਕਰ ਕੇ ਦੂਰ ਨਿਕਲ ਜਾਵੇ। ਇਸ ਜਥੇ ਨੇ

ਪਹਿਲਾਂ ਤੀਰਾਂ ਨਾਲ ਤੇ ਫੇਰ ਤਲਵਾਰਾਂ ਨਾਲ ਹੱਥੋ-ਹੱਥ ਲੜਾਈ ਵਿਚ ਹਮਲਾਵਰ ਫ਼ੌਜਾਂ ਦਾ ਡੱਟ ਕੇ ਮੁਕਾਬਲਾ ਕੀਤਾ। ਆਪਣੇ ਸਾਥੀ ਭਰਾਵਾਂ ਦੇ ਨਾਲ-ਨਾਲ ਇਸ ਰਾਜਪੂਤ ਸ਼ੇਰਨੀ ਬੀਬੀ ਭਿੱਖਾਂ ਨੇ ਵੀ ਹੱਥ ਵਿਚ ਸ੍ਰੀ ਸਾਹਿਬ ਲੈ ਕੇ ਹਮਲਾਵਰ ਫ਼ੌਜਾਂ ਨਾਲ ਹੱਥੋ-ਹੱਥ ਲੜਾਈ ਕੀਤੀ ਅਤੇ ਬਹੁਤ ਸਾਰੇ ਦੁਸ਼ਮਣ ਸਿਪਾਹੀਆਂ ਨੂੰ ਮਾਰ ਕੇ ਸ਼ਹੀਦੀ ਜਾਮ ਪੀਤਾ। ਸਿੱਖ ਤਵਾਰੀਖ਼ ਵਿਚ ਇਸ ਮੌਕੇ 'ਤੇ ਸ਼ਹੀਦ ਹੋਣ ਵਾਲਿਆਂ ਇਨ੍ਹਾਂ ਇਕ ਸੌ ਸਿੰਘਾਂ ਵਿਚ ਬੀਬੀ ਭਿੱਖਾਂ ਦਾ ਜ਼ਿਕਰ ਵੀ ਆਉਂਦਾ ਹੈ। ਉਨ੍ਹੀਂ ਦਿਨੀਂ ਅਨੰਦਪੁਰ ਸਾਹਿਬ ਵਿਚ ਮਾਤਾ ਗੁਜਰੀ ਤੇ ਇਕ ਦਾਸੀ ਤੋਂ ਸਿਵਾ ਸਿਰਫ਼ ਇਕੋ-ਇਕ ਔਰਤ ਬੀਬੀ ਭਿੱਖਾਂ ਹੀ ਰਹਿ ਰਹੀ ਸੀ। ਗੁਰੂ ਸਾਹਿਬ ਨੇ ਪਹਿਲਾਂ ਹੀ ਸਾਰੀਆਂ ਬੀਬੀਆਂ ਨੂੰ ਅਨੰਦਪੁਰ ਤੋਂ ਭੇਜ ਦਿੱਤਾ ਹੋਇਆ ਸੀ। ਮਾਤਾ ਗੁਜਰੀ, ਇਕ ਦਾਸੀ ਤੇ ਬੀਬੀ ਭਿੱਖਾਂ ਨੇ ਗੁਰੂ ਸਾਹਿਬ ਦੇ ਨਾਲ ਹੀ ਅਨੰਦਪੁਰ ਸਾਹਿਬ ਛੱਡਿਆ ਸੀ ਤੇ ਉਹ ਇਸ ਵਹੀਰ ਵਿਚ ਸ਼ਾਮਿਲ ਸੀ।

ਬੀਬੀ ਭਿੱਖਾਂ ਦੀ ਸ਼ਹੀਦੀ ਦਾ ਜ਼ਿਕਰ ਭੱਟ ਵਹੀਆਂ ਵਿਚ ਇੰਞ ਮਿਲਦਾ ਹੈ:

"... ਸੂਰਜ ਬੰਸੀ ਗੌਤਮ ਗੋਤਰੇ ਰਾਠੌਰ ਉਦਾਨੇ, ਜੀਤਾਨੇ, ਗਾਮ ਲਾਡਵਾ, ਪਰਗਨਾ ਥਨੇਸਰ, ਗਾਮ ਸੋਧਰਾ ਪਰਗਨਾ ਵਜ਼ੀਰਾ ਬਾਦ....। *ਭਿੱਖਾਂ ਦੇਈ ਬੇਟੀ ਬਜਰ ਸਿੰਘ ਕੀ ਪੋਤੀ ਰਾਮੇ ਕੀ* ਪੋਖ ਮਾਸੇ ਦਿਨ ਸਤ ਸੰਮਤ ਸਤਰਾਂ ਸੈ ਬਾਸਠ ਨੰਗਲ ਗੁਜਰਾਂ ਕੇ ਮਲ੍ਹਾਨ ਏਕ ਘਰੀ ਦਿਨ ਚੜ੍ਹੇ ਰਨ ਮੇਂ ਜੂਝ ਕਰ ਮਰੀ।"

(ਭੱਟ ਵਹੀ ਮੋਹਰਾਂ ਵਾਲੀ, ਸਫ਼ਾ 92)

(ਨੋਟ: ਭੱਟ ਵਹੀ ਦੇ ਇਸ ਸਫ਼ੇ ਤੇ ਤਾਰੀਖ਼ ਤੇ ਸੰਮਤ ਹਿੰਦਸਿਆਂ ਵਿਚ ਹਨ।)

ਹੋਰ ਤਫ਼ਸੀਲ ਵਾਸਤੇ ਵੇਖੋ: "ਭਾਈ ਆਲਿਮ ਸਿੰਘ ਨੱਚਣਾ," "ਭਾਈ ਸੁਖੀਆ ਮਾਂਡਨ ਦਾ ਕੁਰਸੀਨਾਮਾ" ਅਤੇ "ਭਾਈ ਦੁਰਗਾ ਚੌਹਾਨ ਦਾ ਕੁਰਸੀਨਾਮਾ"।

ਭਾਈ ਉਦੈ ਸਿੰਘ

ਭਾਈ ਉਦੈ ਸਿੰਘ 6 ਦਸੰਬਰ 1705 ਦੇ ਦਿਨ ਦੁਪਹਿਰ ਵੇਲੇ ਸ਼ਾਹੀ ਟਿੱਬੀ (ਸਰਸਾ ਨਦੀ ਦੇ ਕੰਢੇ) ਤੇ ਸ਼ਹੀਦ ਹੋਏ ਸਨ।

ਭਾਈ ਉਦੈ ਸਿੰਘ ਭਾਈ ਮਨੀ ਸਿੰਘ ਦੇ ਬੇਟੇ, ਭਾਈ ਮਾਈਦਾਸ ਦੇ ਪੋਤੇ ਅਤੇ ਭਾਈ ਬੱਲੂ ਦੇ ਪੜਪੋਤੇ ਸਨ। ਆਪ ਪਰਮਾਰ-ਰਾਜਪੂਤ ਖ਼ਾਨਦਾਨ ਨਾਲ ਸਬੰਧ ਰਖਦੇ ਸਨ। ਆਪ ਦਾ ਜਨਮ 27 ਅਕਤੂਬਰ 1665 ਦੇ ਦਿਨ ਪਿੰਡ ਅਲੀਪੁਰ (ਜ਼ਿਲ੍ਹਾ ਮੁਜ਼ੱਫ਼ਰਗੜ੍ਹ) ਵਿਚ ਹੋਇਆ ਸੀ। ਭਾਈ ਮਨੀ ਸਿੰਘ ਨੇ ਜਿਨ੍ਹਾਂ ਪੰਜ ਪੁਤਰਾਂ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਅਰਪਨ ਕਰ ਦਿੱਤਾ ਸੀ ਆਪ ਉਨ੍ਹਾਂ ਵਿਚੋਂ ਇਕ ਸਨ। ਆਪ ਭਾਈ ਮਨੀ ਸਿੰਘ ਦੇ ਦਸਾਂ ਪੁਤਰਾਂ ਵਿਚੋਂ ਉਮਰੋਂ ਤੀਜੇ ਨੰਬਰ 'ਤੇ ਸਨ। ਆਪ ਆਪਣੀ ਉਮਰ ਦੇ ਅਖ਼ੀਰੀ ਕਈ ਸਾਲ ਅਨੰਦਪੁਰ ਸਾਹਿਬ ਵਿਚ ਹੀ ਰਹੇ। ਇਕ ਸੋਮੇ ਮੁਤਾਬਿਕ ਭਾਈ ਉਦੈ ਸਿੰਘ ਦਾ ਵਿਆਹ 2 ਮਾਰਚ 1693 ਦੇ ਦਿਨ ਅਨੰਦਪੁਰ ਸਾਹਿਬ ਹੋਇਆ ਸੀ:

ਅਨੰਦਪੁਰ ਕੇ ਮਲਹਾਨ ਰੁਪਊਂ ਸੇ ਮੂੰਡ ਭਟੌਂ ਕਾ ਭਰ ਦਿੱਤਾ।
ਕੀ ਬਧਾਈ ਚਿਤ ਬਚਿਤ੍ਰ ਉਦੇ ਬਿਆਹ ਕੀ,
ਸਾਲ ਸਤ੍ਰਾਂ ਸੈ ਪਚਾਸ ਸੀ ਬਿਤਾ।
ਮੈਂਹਗੇ ਮੋਲ ਕਰਹੈ ਹੈ ਦੀਏ, ਮੁਰਕੀ ਬੱਚ ਕੱਨੀ ਔ ਬਾਲਿਤਾ।

(ਭੱਟ ਵਹੀ ਮੁਲਤਾਨੀ ਸਿੰਧੀ)

ਆਪ ਦੇ ਘਰ 7 ਪੁਤਰਾਂ ਨੇ ਜਨਮ ਲਿਆ: ਮਹਿਬੂਬ ਸਿੰਘ, ਅਜ਼ਬ ਸਿੰਘ, ਫ਼ਤਿਹ ਸਿੰਘ, ਅਲਬੇਲ ਸਿੰਘ, ਮੋਹਰ ਸਿੰਘ, ਬਾਘ ਸਿੰਘ ਅਤੇ ਅਨੋਖ ਸਿੰਘ। ਇਨ੍ਹਾਂ ਵਿਚੋਂ ਪੰਜਾਂ ਨੇ ਸਿੱਖ ਪੰਥ ਦੀਆਂ ਲੜਾਈਆਂ ਵਿਚ ਸ਼ਹੀਦੀਆਂ ਹਾਸਿਲ ਕੀਤੀਆਂ। ਭਾਈ ਮਹਿਬੂਬ ਸਿੰਘ ਤੇ ਫ਼ਤਿਹ ਸਿੰਘ 13 ਮਈ 1710 ਦੇ ਦਿਨ ਚਪੜ-ਚਿੜੀ (ਸਰਹਿੰਦ) ਵਿਚ ਸ਼ਹੀਦ ਹੋਏ, ਬਾਘ ਸਿੰਘ 28 ਦਸੰਬਰ 1711 ਦੇ ਦਿਨ ਬਿਲਾਸਪੁਰ ਵਿਚ ਸ਼ਹੀਦ ਹੋਇਆ ਅਤੇ ਭਾਈ ਅਲਬੇਲ ਸਿੰਘ ਤੇ ਮੋਹਰ ਸਿੰਘ 22 ਜੂਨ 1713 ਦੇ ਦਿਨ ਸਢੌਰਾ ਵਿਚ ਸ਼ਹੀਦ ਹੋਏ ਸਨ।

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸਾ ਪਰਗਟ ਕੀਤਾ ਤਾਂ ਭਾਈ ਉਦੈ ਸਿੰਘ ਨੇ ਪੰਜ ਪਿਆਰਿਆਂ ਅਤੇ ਪੰਜ ਮੁਕਤਿਆਂ ਤੋਂ ਬਾਅਦ ਪਹਿਲੇ ਬੈਚ ਵਿਚ ਅੰਮ੍ਰਿਤ

ਛਕਿਆ ਸੀ ਅਤੇ ਉਦੇ ਰਾਮ ਤੋਂ ਭਾਈ ਉਦੇ ਸਿੰਘ ਬਣ ਗਏ ਸਨ। ਭਾਈ ਉਦੇ ਸਿੰਘ ਸ਼ਿਕਾਰ ਕਰਨ ਵਿਚ ਵੀ ਮਾਹਿਰ ਸਨ। ਇਕ ਵਾਰੀ ਉਨ੍ਹਾਂ ਨੇ ਤਲਵਾਰ ਨਾਲ ਇਕ ਸ਼ੇਰ ਦਾ ਸ਼ਿਕਾਰ ਵੀ ਕੀਤਾ ਸੀ। ਇਹ ਘਟਨਾ 9 ਮਾਰਚ 1696 ਦੀ ਹੈ।

ਭਾਈ ਉਦੇ ਸਿੰਘ ਇਕ ਬੜੇ ਬਹਾਦਰ ਦਲੇਰ, ਸ਼ੇਰਦਿਲ ਅਤੇ ਜੰਗਜੂ ਨੌਜਵਾਨ ਸਨ। ਉਨ੍ਹਾਂ ਦੀ ਬਹਾਦਰੀ ਅਤੇ ਹਿੰਮਤ ਦਾ ਕੋਈ ਸਾਨੀ ਨਹੀਂ ਸੀ। ਸ਼ਸਤਰ ਚਲਾਉਣ ਅਤੇ ਖ਼ਾਸ ਕਰ ਕੇ ਤੀਰ-ਅੰਦਾਜ਼ੀ ਅਤੇ ਤਲਵਾਰ-ਬਾਜ਼ੀ ਵਿਚ ਉਨ੍ਹਾਂ ਦੀ ਰੀਸ ਕੋਈ ਨਹੀਂ ਸੀ ਕਰ ਸਕਦਾ। 29 ਅਗਸਤ 1700 ਦੇ ਦਿਨ ਜਦੋਂ ਪਹਾੜੀ ਫ਼ੌਜਾਂ ਨੇ ਤਾਰਾਗੜ੍ਹ ਕਿਲ੍ਹੇ ਤੇ ਹਮਲਾ ਕਰ ਦਿੱਤਾ ਤਾਂ ਗੁਰੂ ਸਾਹਿਬ ਨੇ ਭਾਈ ਉਦੇ ਸਿੰਘ ਦੀ ਸਿਰਦਾਰੀ ਹੇਠ ਸਵਾ ਸੋ ਸਿੰਘਾਂ ਦਾ ਜਥਾ ਭੇਜਿਆ। ਇਸ ਲੜਾਈ ਵਿਚ ਬਹੁਤ ਸਾਰੇ ਪਹਾੜੀ ਮਾਰੇ ਗਏ। ਪਹਿਲੀ ਸਤੰਬਰ ਦੇ ਦਿਨ ਪਹਾੜੀ ਫ਼ੌਜਾਂ ਨੇ ਲੋਹਗੜ੍ਹ ਕਿਲ੍ਹੇ 'ਤੇ ਹਮਲਾ ਕਰ ਦਿੱਤਾ। ਇਨ੍ਹਾਂ ਫ਼ੌਜਾਂ ਦੀ ਅਗਵਾਈ ਕਰਨ ਵਾਲਿਆਂ ਵਿਚ ਰਾਜਾ ਕੇਸਰੀ ਚੰਦ ਜਸਵਾਲੀਆ ਵੀ ਸੀ। ਉਸ ਦਾ ਮੁਕਾਬਲਾ ਭਾਈ ਉਦੇ ਸਿੰਘ ਨਾਲ ਆਹਮੋ-ਸਾਹਮਣੇ ਹੋਇਆ। ਭਾਈ ਉਦੇ ਸਿੰਘ ਨੇ ਤਲਵਾਰ ਦੇ ਇਕੋ ਵਾਰ ਨਾਲ ਕੇਸਰੀ ਚੰਦ ਦਾ ਸਿਰ ਵੱਢ ਲਿਆ ਅਤੇ ਬਰਛੇ 'ਤੇ ਰਖ ਕੇ ਉਸ ਨੇ ਗੁਰੂ ਸਾਹਿਬ ਦੇ ਕਦਮਾਂ ਵਿਚ ਜਾ ਭੇਂਟ ਕੀਤਾ।

15 ਮਾਰਚ 1701 ਦੇ ਦਿਨ ਭਾਈ ਉਦੇ ਸਿੰਘ ਦੀ ਅਗਵਾਈ ਵਿਚ ਹੀ ਸਿੱਖ ਫ਼ੌਜਾਂ ਨੇ ਬਜਰੂੜ ਪਿੰਡ ਦੇ ਜ਼ਾਲਮ ਗੁਜਰਾਂ ਅਤੇ ਰੰਘੜਾਂ ਨੂੰ ਸੋਧਿਆ ਸੀ। 7 ਮਾਰਚ 1703 ਦੇ ਦਿਨ ਉਸ ਨੇ ਬਸੀ ਕਲਾਂ 'ਤੇ ਹਮਲਾ ਕਰ ਕੇ ਦਵਾਰਕਾ ਦਾਸ ਨਾਂ ਦੇ ਬ੍ਰਾਹਮਣ ਦੀ ਪਤਨੀ ਨੂੰ ਜਬਰ ਜੰਗ ਖ਼ਾਂ ਦੀ ਕੈਦ 'ਚੋਂ ਛੁਡਵਾਇਆ ਸੀ।

5 ਅਤੇ 6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਅਨੰਦਪੁਰ ਸਾਹਿਬ ਛੱਡਿਆ ਤਾਂ ਭਾਈ ਉਦੇ ਸਿੰਘ ਉਨ੍ਹਾਂ 40 ਸਿੰਘਾਂ ਵਿਚੋਂ ਇਕ ਸੀ ਜਿਨ੍ਹਾਂ ਗੁਰੂ ਸਾਹਿਬ ਦੇ ਅੰਗ-ਸੰਗ ਜੀਣ-ਮਰਣ ਦੀ ਕਸਮ ਖਾਧੀ ਸੀ। ਭਾਈ ਉਦੇ ਸਿੰਘ ਗੁਰੂ ਸਾਹਿਬ ਦੇ ਨਾਲ ਹੀ ਅਨੰਦਪੁਰ ਸਾਹਿਬ 'ਚੋਂ ਨਿਕਲੇ ਸਨ। ਜਦੋਂ ਇਹ ਕਾਫ਼ਲਾ ਕੀਰਤਪੁਰ ਤੋਂ ਵੀ ਅੱਗੇ ਲੰਘ ਗਿਆ ਤਾਂ ਸਰਸਾ ਨਦੀ ਦੇ ਨੇੜੇ ਪਹੁੰਚਦਿਆਂ ਹੀ ਪਹਾੜੀ ਫ਼ੌਜਾਂ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਭਾਈ ਉਦੇ ਸਿੰਘ ਨੂੰ ਗੁਰੂ ਸਾਹਿਬ ਨੇ ਸ਼ਾਹੀ ਟਿੱਬੀ 'ਤੇ ਮੋਰਚਾ ਸੰਭਾਲਣ ਲਈ ਤਾਈਨਾਤ ਕੀਤਾ। ਭਾਈ ਉਦੇ ਸਿੰਘ ਦੇ ਨਾਲ 50 ਸਿੰਘ ਹੋਰ ਸਨ। ਇਨ੍ਹਾਂ 51 ਸਿੰਘਾਂ ਨੇ ਪਹਿਲਾਂ ਤੀਰਾਂ ਨਾਲ ਤੇ ਫੇਰ ਹੱਥੋ-ਹੱਥ ਲੜਾਈ ਵਿਚ ਤਲਵਾਰਾਂ ਨਾਲ ਪਹਾੜੀ ਫ਼ੌਜਾਂ ਦਾ ਡਟ ਕੇ ਟਾਕਰਾ ਕੀਤਾ ਅਤੇ ਅਖ਼ੀਰ ਸ਼ਹੀਦੀਆਂ ਹਾਸਿਲ ਕੀਤੀਆਂ। ਇਸ ਮੌਕੇ 'ਤੇ ਸੈਂਕੜੇ ਪਹਾੜੀ ਮਾਰੇ ਗਏ ਅਤੇ ਇਹ 51 ਦੇ 51 ਸਿੰਘ ਵੀ ਸ਼ਹੀਦ ਹੋ ਗਏ। ਇਕ ਸੋਮੇ ਮੁਤਾਬਿਕ ਇਸ ਮੌਕੇ 'ਤੇ ਭਾਈ ਉਦੇ ਸਿੰਘ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਕੱਪੜੇ ਪਹਿਣੇ ਹੋਏ ਸਨ। ਪਹਾੜੀਆਂ

ਨੇ ਉਨ੍ਹਾਂ ਨੂੰ ਗੁਰੂ ਸਾਹਿਬ ਸਮਝ ਲਿਆ ਅਤੇ ਉਨ੍ਹਾਂ ਦਾ ਸਿਰ ਕਟਵਾ ਕੇ ਰੋਪੜ ਦੇ ਨਵਾਬ ਨੂੰ ਭੇਜ ਦਿੱਤਾ। ਪਰ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਉਹ ਗੁਰੂ ਸਾਹਿਬ ਨਹੀਂ ਹਨ ਅਤੇ ਭਾਈ ਉਦੈ ਸਿੰਘ ਹੈ ਤਾਂ ਉਨ੍ਹਾਂ ਨੇ ਗੁਰੂ ਸਾਹਿਬ ਦੀ ਭਾਲ ਫੇਰ ਸ਼ੁਰੂ ਕਰ ਦਿੱਤੀ। ਇਹ ਘਟਨਾ 6 ਦਸੰਬਰ 1705 ਨੂੰ ਸਵੇਰ ਵੇਲੇ ਹੋਈ ਸੀ।

ਭਾਈ ਉਦੈ ਸਿੰਘ ਤੇ ਉਸ ਦਾ ਵੱਡਾ ਭਰਾ ਬਚਿਤਰ ਸਿੰਘ ਖਾਲਸਾ ਫ਼ੌਜਾਂ ਦੇ ਸਭ ਤੋਂ ਵੱਡੇ ਹੀਰੋ ਸਨ। ਭਾਈ ਉਦੈ ਸਿੰਘ ਤਾਂ ਖਾਲਸਾ ਫ਼ੌਜਾਂ ਦਾ (ਸ਼ਾਇਦ ਪਹਿਲਾ) ''ਜਥੇਦਾਰ'' ਵੀ ਸੀ। ਉਸ ਦੇ ''ਜਥੇਦਾਰ' ਹੋਣ ਬਾਰੇ ਜ਼ਿਕਰ ਕਈ ਸੋਮਿਆਂ ਵਿਚ ਮਿਲਦਾ ਹੈ। ਭਾਈ ਉਦੈ ਸਿੰਘ ਤਕਰੀਬਨ ਹਰ ਮੁਹਿੰਮ ਵਿਚ ਅੱਗੇ ਹੋ ਕੇ ਜੂਝਦੇ ਸਨ। ਕਈ ਵਾਰਾਂ ਤੇ ਤਵਾਰੀਖ਼ੀ ਸੋਮਿਆਂ ਵਿਚ ਇਸ ਸਬੰਧੀ ਅਕੀਦਤ ਭਰਿਆ ਜ਼ਿਕਰ ਮਿਲ ਜਾਂਦਾ ਹੈ।

ਸਭ ਰਾਜੇ ਪਹੁੰਚੇ ਆਇ ਕੈ, ਹੁਣ ਹੋਈਆਂ ਬਹੁਤ ਗੁਬਾਰੀਆਂ।
ਉਦੈ ਸਿੰਘ ਵਿਚ ਰਾਹ ਦੇ ਸਿੰਘਾਂ ਵਿਚ ਫਿਰ ਤੇਗਾਂ ਮਾਰੀਆਂ ॥ 9 ॥
ਘੋੜਿਆਂ ਪਾਈਆਂ ਪਾਖਰਾਂ ਸਿੰਘ ਲਏ ਸੰਜੋਇ।
ਰਣ ਨੂੰ ਵਾਗਾਂ ਚਾਈਆਂ, ਹੋਣੀ ਹੋਇ ਸੁ ਹੋਇ॥ 1 ॥
ਉਦੈ ਸਿੰਘ ਦਿਆਂ ਬਰਛਿਆਂ, ਕਹੁ ਆਖਰ ਪਾਈ।
ਜਿਸ ਮਿਲ ਮਾਰੇ ਸੂਰਮੇ, ਕਹੁ ਕਿਥੈ ਜਾਈ।
ਮਾਰੇ ਵਿਚ ਬੁੱਕਲ ਦੇ, ਦੇ ਹੱਥ ਸਫ਼ਾਈ।
ਸਿਰ ਕੱਟੇ ਵਾਂਗੂ ਤੁੰਬੜੇ ਕੀ ਅੱਤ ਚਲਾਈ।
ਉਦੈ ਸਿੰਘ ਵਿਚ ਖੇਤ ਦੇ ਅਮਰ ਪਦਵੀ ਪਾਈ॥ 10 ॥

(ਪੰਜਾਬੀ ਵਾਰਾਂ, ਸੰਪਾਦਕ ਪਿਆਰਾ ਸਿੰਘ ਪਦਮ, ਸਫ਼ਾ 281-820, ਐਡੀਸ਼ਨ 1980)

ਭਾਈ ਉਦੈ ਸਿੰਘ (ਤੇ ਉਸ ਦੇ ਚਾਰ ਭਰਾਵਾਂ) ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਕ ਉਚੇਚਾ ਹੁਕਮਨਾਮਾ 2 ਅਕਤੂਬਰ 1703 ਨੂੰ ਬਖਸ਼ ਕੇ ਨਿਵਾਜਿਆ ਸੀ। ਇਸ ਹੁਕਮਨਾਮੇ ਵਿਚ ਆਖਿਆ ਹੋਇਆ ਸੀ ਕਿ ਇਹ ਪੰਜੇ ''ਮੇਰੇ ਪੁੱਤਰ ਫਰਜੰਦਰ ਖਾਨ ਜਾਦ'' ਹਨ। ਜੋ ਸੰਗਤਾਂ ਇਨ੍ਹਾਂ ਦੀ ਸੇਵਾ ਕਰਨਗੀਆਂ ਉਹ ਗੁਰੂ ਦੀ ਦਰਗਹ ਵਿਚ ਕਬੂਲ ਹੋਈ ਮੰਨੀ ਜਾਵੇਗੀ।''

ਭਾਈ ਉਦੈ ਸਿੰਘ ਦੀ ਸ਼ਹੀਦੀ ਬਾਰੇ **''ਭੱਟ ਵਹੀ ਕਰਸਿੰਧੂ''** ਵਿਚ ਇਕ ਇੰਦਰਾਜ ਇੰਝ ਮਿਲਦਾ ਹੈ।

''ਉਦੈ ਸਿੰਘ ਬੇਟਾ ਮਨੀ ਸਿੰਘ ਕਾ, ਪੋਤਾ ਮਾਈ ਦਾਸ ਕਾ, ਪੜਪੋਤਾ ਬੱਲੂ ਰਾਇ ਕਾ, ਚੰਦਰਵਸਿ ਭਾਰਦੁਆਜੀ ਗੋਤਰਾ ਪੁਆਰ, ਬੰਸ ਬੀਝੇ ਕਾ ਬੰਝਰਉੱਤ ਜਲਹਾਨਾਂ, ਸੰਮਤ ਸਤਰਾਂ ਸੈ ਬਾਸਠ, ਪੋਖ ਮਾਸੇ ਦਿਹੁੰ ਸਾਤ ਗਏ, ਵੀਰਵਾਰ ਕੇ ਦਿਵਸ, ਪਚਾਸ

ਸਿੱਖਾਂ ਕੇ ਗੈਲ ਲੈ, ਸ਼ਾਹੀ ਟਿੱਬੀ ਕੇ ਮਲਹਾਨ, ਪਰਗਨਾ ਭਰਤਗੜ, ਰਾਜ ਕਹਿਲੂਰ, ਆਧ ਘਰੀ ਦਿਹੁੰ ਨਿਕਲੇ, ਰਾਜਾ ਅਜਮੇਰ ਚੰਦ ਬੇਟਾ ਭੀਮ ਚੰਦ ਕਾ, ਪੋਤਾ ਦੀਆ ਚੰਦ ਕਾ, ਪੜਪੋਤਾ, ਤਾਰਾ ਚੰਦ ਕਾ, ਬੰਸ ਕਲਿਆਨ ਚੰਦ ਜੀ, ਚੰਦੇਲ ਗੋਤਰਾ ਰਾਣੇ ਕੀ ਫੌਜ ਗੈਲ ਬਾਰਾਂ ਘਰੀ ਜੂਝ ਕੇ ਮਰਾ।"

(ਭੱਟ ਵਹੀ, ਕਰਸਿੰਧੂ, ਪਰਗਨਾ ਸਫੀਦੋਂ ਕਾ)

ਭੱਟ ਵਹੀ ਦੀ ਐਂਟਰੀ ਮੁਤਾਬਿਕ ਭਾਈ ਉਦੇ ਸਿੰਘ ਤਕਰੀਬਨ ਪੰਜ ਘੰਟੇ (12 ਘੜੀਆਂ=288 ਮਿੰਟ) ਦੇ ਕਰੀਬ ਜੂਝਦੇ ਰਹੇ ਸਨ। ਏਨੇ ਸਖਤਜਾਨ ਸਨ ਭਾਈ ਉਦੇ ਸਿੰਘ। ਜੇ ਉਹ ਉਸ ਵੇਲੇ ਸ਼ਹੀਦ ਨਾ ਹੁੰਦੇ ਤਾਂ ਪਤਾ ਨਹੀਂ ਕਿੰਨੇ ਘੰਟੇ ਹੋਰ ਸ੍ਰੀ ਸਾਹਿਬ ਚਲਾਉਂਦੇ ਰਹਿੰਦੇ!

ਸਾਹਿਬਜ਼ਾਦਾ ਅਜੀਤ ਸਿੰਘ

ਸਾਹਿਬਜ਼ਾਦਾ ਅਜੀਤ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਪੁਤਰ, ਗੁਰੂ ਤੇਗ ਬਹਾਦਰ ਸਾਹਿਬ ਦੇ ਪੋਤੇ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਪੜਪੋਤੇ ਸਨ। ਆਪ ਦਾ ਜਨਮ 26 ਜਨਵਰੀ 1687 ਦੇ ਦਿਨ ਪਾਉਂਟਾ ਵਿਖੇ ਹੋਇਆ ਸੀ। ਸਾਹਿਬਜ਼ਾਦਾ ਅਜੀਤ ਸਿੰਘ ਚੁਸਤ ਤੇ ਸਿਆਣਾ ਨੌਜਵਾਨ ਸੀ। ਛੋਟੇ ਹੁੰਦਿਆਂ ਹੀ ਉਸ ਨੇ ਗੁਰਬਾਣੀ ਦਾ ਬਹੁਤ ਮੁਤਾਲਿਆ ਕੀਤਾ ਹੋਇਆ ਸੀ। ਜਿਉਂ ਹੀ ਉਨ੍ਹਾਂ ਨੇ ਜਵਾਨੀ ਦੀ ਦਹਿਲੀਜ਼ ਵਿਚ ਪੈਰ ਰੱਖਿਆ, ਉਨ੍ਹਾਂ ਨੇ ਕੁਸ਼ਤੀ ਘੋੜ-ਸਵਾਰੀ, ਤਲਵਾਰਬਾਜ਼ੀ, ਅਤੇ ਬੰਦੂਕ ਚਲਾਉਣੀ ਸ਼ੁਰੂ ਕਰ ਦਿੱਤੀ। ਛੋਟੀ ਉਮਰ ਵਿਚ ਹੀ ਆਪ ਸ਼ਸਤਰ ਚਲਾਉਣ ਵਿਚ ਬੜੇ ਨਿਪੁੰਨ ਹੋ ਗਏ ਸਨ।

12 ਸਾਲ ਦੀ ਉਮਰ ਵਿਚ ਉਹ 23 ਮਈ 1699 ਦੇ ਦਿਨ ਇਕ ਸੌ ਸਿੰਘਾਂ ਦਾ ਜਥਾ ਲੈ ਕੇ ਅਨੰਦਪੁਰ ਦੇ ਨੇੜੇ ਨੂਹ ਪਿੰਡ ਗਏ। ਉਨ੍ਹਾਂ ਨੇ ਉਥੋਂ ਦੇ ਰੰਘੜਾਂ ਨੂੰ (ਜਿਨ੍ਹਾਂ ਨੇ ਪੋਠੋਹਾਰ ਦੀ ਸੰਗਤ ਨੂੰ ਅਨੰਦਪੁਰ ਆਉਂਦਿਆਂ ਲੁਟ ਲਿਆ ਸੀ) ਨੂੰ ਸਜ਼ਾ ਦਿੱਤੀ। 29 ਅਗਸਤ 1700 ਦੇ ਦਿਨ ਜਦੋਂ ਪਹਾੜੀ ਰਾਜਿਆਂ ਨੇ ਤਾਰਾਗੜ੍ਹ ਕਿਲ੍ਹੇ 'ਤੇ ਹਮਲਾ ਕੀਤਾ ਤਾਂ ਉਸ ਨੇ ਉਨ੍ਹਾਂ ਦਾ ਮੁਕਾਬਲਾ ਬੜੀ ਬਹਾਦਰੀ ਨਾਲ ਕੀਤਾ। ਅਕਤੂਬਰ ਦੇ ਪਹਿਲੇ ਹਫਤੇ ਜਦੋਂ ਪਹਾੜੀ ਫ਼ੌਜਾਂ ਨੇ ਨਿਰਮੋਹਗੜ੍ਹ 'ਤੇ ਹਮਲਾ ਕੀਤਾ ਤਾਂ ਉਨ੍ਹਾਂ ਨੇ ਸਭ ਤੋਂ ਮੋਹਰੇ ਹੋ ਕੇ ਲੜਾਈ ਲੜੀ ਅਤੇ ਬਹੁਤ ਸਾਰੇ ਪਹਾੜੀਆਂ ਨੂੰ ਮੌਤ ਦੇ ਘਾਟ ਉਤਾਰਿਆ। ਇਸੇ ਤਰ੍ਹਾਂ 15 ਮਾਰਚ 1700 ਦੇ ਦਿਨ ਉਹ ਸਿੱਖਾਂ ਦਾ ਇਕ ਜਥਾ ਲੈ ਕੇ ਬਜਰੂੜ ਪਿੰਡ ਗਏ। ਬਜਰੂੜ ਪਿੰਡ ਦੇ ਗੁਜਰਾਂ ਅਤੇ ਰੰਘੜਾਂ ਨੇ ਦੜਪ ਇਲਾਕੇ ਦੀ ਸੰਗਤ ਨੂੰ ਇਕ ਵਾਰ ਲੁਟ ਲਿਆ ਸੀ। ਸਾਹਿਬਜ਼ਾਦਾ ਅਜੀਤ ਸਿੰਘ ਨੇ ਉਨ੍ਹਾਂ ਲੁਟੇਰਿਆਂ ਨੂੰ ਸਖ਼ਤ ਸਜ਼ਾ ਦਿੱਤੀ। ਫਿਰ 7 ਮਾਰਚ 1703 ਦੇ ਦਿਨ ਆਪ ਭਾਈ ਉਦੈ ਸਿੰਘ ਦੇ ਨਾਲ ਇਕ ਸੌ ਸਿੰਘਾਂ ਦਾ ਜਥਾ ਲੈ ਕੇ ਪਿੰਡ ਬੱਸੀ ਕਲਾਂ ਗਏ ਅਤੇ ਉਥੋਂ ਦੇ ਹਾਕਮ ਕੋਲੋਂ ਦਵਾਰਕਾ ਦਾਸ ਬ੍ਰਾਹਮਣ ਦੀ ਪਤਨੀ ਨੂੰ ਛੁਡਾ ਕੇ ਲਿਆਂਦਾ।

ਭੱਟ ਵਹੀ ਪੂਰਬੀ ਦੱਖਣੀ ਮੁਤਾਬਿਕ ਸਾਹਿਬਜ਼ਾਦਾ ਅਜੀਤ ਸਿੰਘ ਦੀ ਸ਼ਾਦੀ ਬੁਰਹਾਨਪੁਰ ਦੇ ਭਾਈ ਜੇਠਾ ਸਿੰਘ ਦੀ ਲੜਕੀ ਤਾਰਾ ਕੌਰ ਨਾਲ 17 ਨਵੰਬਰ 1704 ਦੇ ਦਿਨ ਹੋਈ ਸੀ ਅਤੇ ਉਸ ਦੇ ਘਰ 9 ਦਸੰਬਰ 1705 ਦੇ ਦਿਨ ਇਕ ਬੇਟੇ ਹਠੀ ਸਿੰਘ ਨੇ ਜਨਮ ਲਿਆ ਸੀ।

ਸਾਹਿਬਜ਼ਾਦਾ ਅਜੀਤ ਸਿੰਘ ਨੇ ਆਪਣੀ ਉਮਰ ਦਾ ਬਹੁਤਾ ਹਿੱਸਾ

ਅਨੰਦਪੁਰ ਸਾਹਿਬ ਵਿਚ ਹੀ ਗੁਜ਼ਾਰਿਆ। ਉਹ ਹਮੇਸ਼ਾਂ ਪਿਤਾ ਗੁਰੂ ਜੀ ਦੇ ਨਾਲ ਰਹੇ। ਜਦੋਂ ਮਈ 1705 ਵਿਚ ਅਨੰਦਪੁਰ ਸਾਹਿਬ ਨੂੰ ਪਹਾੜੀ ਫ਼ੌਜਾਂ ਨੇ ਘੇਰਾ ਪਾਇਆ ਤਾਂ ਆਪ ਵੀ ਉੱਥੇ ਹੀ ਸਨ। ਆਪ ਦੀ ਮਾਤਾ ਤੇ ਪਤਨੀ ਇਸ ਘੇਰੇ ਤੋਂ ਕਰੀਬ ਇਕ ਮਹੀਨਾ ਪਹਿਲਾਂ ਉੱਥੋਂ ਜਾ ਚੁੱਕੀਆਂ ਸਨ। 5 ਅਤੇ 6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਛੱਡਣ ਦਾ ਫ਼ੈਸਲਾ ਕੀਤਾ ਤਾਂ ਸਾਹਿਬਜ਼ਾਦਾ ਅਜੀਤ ਸਿੰਘ ਉਨ੍ਹਾਂ ਦੇ ਨਾਲ ਹੀ ਸੀ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਇਕ ਵੱਖਰੇ ਜਥੇ ਦਾ ਮੁਖੀ ਬਣਾ ਕੇ ਅਨੰਦਗੜ੍ਹ ਕਿਲ੍ਹੇ ਤੋਂ ਤੋਰਿਆ ਸੀ। ਇਹ ਜਥਾ ਸਭ ਤੋਂ ਪਿੱਛੇ ਆ ਰਿਹਾ ਸੀ। ਇਸ ਜਥੇ ਨੇ ਸਰਸਾ ਨਦੀ ਪਾਰ ਕਰ ਕੇ ਰੋਪੜ ਵਲ ਜਾਣਾ ਸੀ। ਰੋਪੜ ਜਾਂਦਿਆਂ ਰਾਹ ਵਿਚ ਮਲਕਪੁਰ ਪਿੰਡ ਕੋਲ ਉਨ੍ਹਾਂ ਨੂੰ ਭਾਈ ਬਚਿਤਰ ਸਿੰਘ, ਜੋ ਬਹੁਤ ਜ਼ਖਮੀ ਹੋਇਆ ਪਿਆ ਸੀ, ਮਿਲਿਆ। ਉਨ੍ਹਾਂ ਨੇ ਉਸ ਨੂੰ ਸਾਥੀਆਂ ਦੀ ਮਦਦ ਨਾਲ ਚੁੱਕਿਆ ਅਤੇ ਉਥੋਂ 6 ਕਿਲੋਮੀਟਰ ਦੂਰ ਪਿੰਡ ਕੋਟਲਾ ਨਿਹੰਗ ਲੈ ਗਏ।

ਜਦੋਂ ਗੁਰੂ ਸਾਹਿਬ ਕੋਟਲਾ ਨਿਹੰਗ ਤੋਂ ਚਲ ਕੇ 7 ਦਸੰਬਰ ਸਵੇਰ ਵੇਲੇ ਚਮਕੌਰ ਪੁੱਜੇ ਤਾਂ ਆਪ ਵੀ ਉਨ੍ਹਾਂ ਦੇ ਨਾਲ ਹੀ ਸਨ। ਉਸ ਦਿਨ ਦੁਪਹਿਰ ਵੇਲੇ ਮੁਗ਼ਲ ਫ਼ੌਜਾਂ ਨੇ ਚਮਕੌਰ ਦੀ ਗੜ੍ਹੀ ਨੂੰ ਘੇਰਾ ਪਾ ਲਿਆ। ਇਸ ਮੌਕੇ 'ਤੇ ਸਿੱਖ ਭਾਵੇਂ ਗਿਣਤੀ ਵਿਚ ਬਹੁਤ ਥੋੜ੍ਹੇ ਸਨ ਪਰ ਉਨ੍ਹਾਂ ਨੇ ਹਜ਼ਾਰਾਂ ਮੁਗ਼ਲ ਫ਼ੌਜਾਂ ਦਾ ਡੱਟ ਕੇ ਮੁਕਾਬਲਾ ਕੀਤਾ। ਸਾਹਿਬਜ਼ਾਦਾ ਅਜੀਤ ਸਿੰਘ ਨੇ ਗੜ੍ਹੀ ਵਿਚੋਂ ਨਿਕਲ ਕੇ ਦੁਸ਼ਮਣਾਂ ਨਾਲ ਆਹਮੋ-ਸਾਹਮਣੀ ਲੜਾਈ ਵਿਚ ਬਹੁਤ ਸਾਰੇ ਮੁਗ਼ਲ ਸਿਪਾਹੀ ਮਾਰ ਦਿੱਤੇ ਅਤੇ ਅਖ਼ੀਰ ਆਪ ਵੀ ਸ਼ਹੀਦ ਹੋ ਗਏ। ਸਾਹਿਬਜ਼ਾਦਾ ਅਜੀਤ ਸਿੰਘ ਸਬੰਧੀ ਭੱਟ ਵਹੀਆਂ ਵਿਚ ਹੇਠ ਲਿਖੇ ਇੰਦਰਾਜ ਮਿਲਦੇ ਹਨ:

(ੳ) ਸਾਹਿਬਜ਼ਾਦਾ ਅਜੀਤ ਸਿੰਘ ਦੇ ਵਿਆਹ ਸਬੰਧੀ:

"ਅਜੀਤ ਸਿੰਘ ਬੇਟਾ ਗੁਰੂ ਗੋਬਿੰਦ ਸਿੰਘ ਮਹਿਲ ਦਸਮੇ ਕਾ, ਪੋਤਾ ਗੁਰੂ ਤੇਗ ਬਹਾਦਰ ਜੀ ਕਾ, ਪੜਪੋਤਾ ਗੁਰੂ ਹਰਿਗੋਬਿੰਦ ਜੀ ਕਾ ਬੰਸ ਗੁਰੂ ਅਰਜਨ ਜੀ ਕੀ, ਸੂਰਜਬੰਸੀ ਗੋਸਲ ਗੋਤਰਾ ਸੋਢੀ ਖਤਰੀ, ਬਾਸੀ ਅਨੰਦਪੁਰ ਪਰਗਨਾ ਕਹਿਲੂਰ ਕਾ ਬਿਵਾਹ ਤਾਰਾ ਬਾਈ ਬੇਟੀ ਜੇਠਾ ਸਿੰਘ ਸੇ ਸਾਲ ਸਤਰਾਂ ਸੈ ਇਕਾਹਟ ਮਾਘ ਸੁਦੀ ਏਕਮ ਕੇ ਦਿਵਸ ਕਿਲ੍ਹਾ ਅਨੰਦਗੜ੍ਹ ਮੇਂ ਹੂਆ। ਗੁਰੂ ਕੀ ਕੜਾਹੀ ਕੀ.....

(ਭੱਟ ਵਹੀ ਪੂਰਬੀ ਦੱਖਣੀ)

(ਅ) ਸਾਹਿਬਜ਼ਾਦਾ ਅਜੀਤ ਸਿੰਘ ਦੇ ਘਰ ਬੇਟੇ ਦੇ ਜਨਮ ਸਬੰਧੀ:

ਹਠੀ ਸਿੰਘ ਬੇਟਾ ਅਜੀਤ ਸਿੰਘ ਕਾ, ਪੋਤਾ ਗੁਰੂ ਗੋਬਿੰਦ ਸਿੰਘ ਜੀ ਮਹਿਲ ਦਸਮੇਂ ਕਾ, ਪੜਪੋਤਾ ਗੁਰੂ ਤੇਗ ਬਹਾਦਰ ਜੀ ਕਾ, ਬੰਸ ਗੁਰੂ ਹਰਿਗੋਬਿੰਦ ਜੀ ਕੀ, ਸੂਰਜਬੰਸੀ ਗੋਸਲ ਗੋਤਰ, ਸੋਢੀ ਖਤਰੀ, ਬਾਸੀ ਅਨੰਦਪੁਰ, ਪਰਗਨਾ ਕਹਿਲੂਰ ਸੰਮਤ ਸਤਰਾਂ ਸੈ ਬਾਸਠ ਪੋਖ ਮਾਸੇ ਸੁਦੀ ਪੰਚਮੀਂ ਕੇ ਦਿਹੁੰ ਆਗਰਾ ਨਗਰੀ, ਪਰਗਣਾ ਮਥੁਰਾ, ਭਾਈ

ਸ਼ਰਧਾ ਸਿੰਘ ਬੇਟਾ ਮੋਹਕਮ ਦਾਸ 'ਗੁਲਾਟੀ' ਅਰੋੜਾ ਕੇ ਗ੍ਰਿਹਿ ਮੇਂ ਹੂਆ। ਗੁਰੂ ਕੀ ਕੜਾਹੀ ਕੀ, ਅਥਿਤ ਗਰੀਬ ਗੁਰਬੇ ਕੋ ਮਾਨਾ।

(ਭੱਟ ਵਹੀ ਪੂਰਬੀ ਦੱਖਣੀ, ਖਾਤਾ ਹਜਾਵਤ ਆਬਿਆਨੋਂ ਕਾ)

ਹਠੀ ਸਿੰਘ ਦੇ ਸਾਹਿਬਜ਼ਾਦਾ ਅਜੀਤ ਸਿੰਘ ਦਾ ਪੁੱਤਰ ਹੋਣ ਬਾਰੇ ਕੁਰਖੇਤਰ ਵਿਚ ''ਪੰਡਤ ਮਹੇਸ਼ ਦਤ ਪੁੱਤਰ ਪੰਡਤ ਸ਼ੰਕਰ ਦਾਸ'' ਦੀ ''ਵਹੀ ਸੋਢੀਆਂ'' ਦੇ ਸਫ਼ਾ 605 ਤੇ ਇਹ ਇੰਦਰਾਜ ਮਿਲਦਾ ਹੈ:

''ਗੁਰੂ ਹਰਿਗੋਬਿੰਦ ਗੁਰੂ ਅਰਜਨ ਜੀ ਕਾ, ਬਾਬਾ ਗੁਰਦਿਤਾ ਜੀ ਬਾਬਾ ਸਾਹਿਬ ਰਾਇ ਗੁਰੂ ਹਰਿਗੋਬਿੰਦ ਜੀ ਕੇ। ਸੂਰਤ ਸਿੰਘ (ਸੂਰਜ ਮਲ) ਗੁਰੂ ਹਰਿਗੋਬਿੰਦ ਜੀ ਕਾ, ਗੁਰੂ ਗੋਬਿੰਦ ਸਿੰਘ ਗੁਰੂ ਤੇਗ ਬਹਾਦਰ ਜੀ ਕਾ।

ਹਠੀ ਸਿੰਘ ਅਜੀਤ ਸਿੰਘ ਜੀ ਕਾ। ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਰ ਸਿੰਘ, ਫਤੇ ਸਿੰਘ ਬੇਟੇ ਗੁਰੂ ਗੋਬਿੰਦ ਸਿੰਘ ਜੀ ਕੇ, ਮਾਤਾ ਗੁਜਰੀ ਮਾਈ ਗੁਰੂ ਗੋਬਿੰਦ ਸਿੰਘ ਜੀ ਕੀ। ਮਾਤਾ ਸੁੰਦਰੀ ਅਜੀਤ ਸਿੰਘ ਕੀ ਮਾਈ। ਮਾਈ ਬੀਬੀ ਕੁਸ਼ਾਲ ਕੌਰ ਵਡਭਾਗ ਸਿੰਘ ਕੀ ਬਹਨ ਆਈ। ਸੂਰਜ ਗ੍ਰਹਿਣ ਕੋ।''

ਸਾਹਿਬਜ਼ਾਦਾ ਜੁਝਾਰ ਸਿੰਘ

ਸਾਹਿਬਜ਼ਾਦਾ ਜੁਝਾਰ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਪੁੱਤਰ, ਗੁਰੂ ਤੇਗ ਬਹਾਦਰ ਸਾਹਿਬ ਦੇ ਪੋਤੇ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਪੜਪੋਤੇ ਸਨ। ਆਪ ਦਾ ਜਨਮ 14 ਮਾਰਚ 1691 ਦੇ ਦਿਨ ਮਾਤਾ ਜੀਤ ਕੌਰ ਦੀ ਕੁਖੋਂ ਅਨੰਦਪੁਰ ਸਾਹਿਬ ਵਿਚ ਹੋਇਆ। ਸਾਹਿਬਜ਼ਾਦਾ ਜੁਝਾਰ ਸਿੰਘ ਇਕ ਬਹੁਤ ਦਿਮਾਗੀ ਬੱਚਾ ਸੀ ਅਤੇ ਛੋਟੀ ਉਮਰ ਵਿਚ ਹੀ ਉਸ ਨੇ ਬਹੁਤ ਸਾਰੀ ਬਾਣੀ ਯਾਦ ਕਰ ਲਈ ਸੀ। ਇਸ ਤੋਂ ਇਲਾਵਾ ਉਹ ਘੋੜ ਸਵਾਰੀ, ਤਲ੍ਵਾਰਬਾਜ਼ੀ ਵਿਚ ਵੀ ਬੜੇ ਮਾਹਿਰ ਸਨ।

5-6 ਦਸੰਬਰ ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਛੱਡਣ ਦਾ ਫ਼ੈਸਲਾ ਕੀਤਾ ਤਾਂ ਸਾਹਿਬਜ਼ਾਦਾ ਜੁਝਾਰ ਸਿੰਘ ਉਨ੍ਹਾਂ ਦੇ ਨਾਲ ਹੀ ਸੀ। ਜਦੋਂ ਗੁਰੂ

ਸਾਹਿਬ 7 ਦਸੰਬਰ ਸਵੇਰ ਵੇਲੇ ਜਦ ਚਮਕੌਰ ਪੁੱਜੇ ਤਾਂ ਆਪ ਵੀ ਉਨ੍ਹਾਂ ਦੇ ਨਾਲ ਹੀ ਸਨ। ਉਸ ਦਿਨ ਦੁਪਹਿਰ ਵੇਲੇ ਮੁਗ਼ਲ ਫ਼ੌਜਾਂ ਨੇ ਚਮਕੌਰ ਦੀ ਗੜ੍ਹੀ ਨੂੰ ਘੇਰਾ ਪਾ ਲਿਆ। ਇਸ ਮੌਕੇ 'ਤੇ ਸਿੱਖ ਭਾਵੇਂ ਗਿਣਤੀ ਵਿਚ ਬਹੁਤ ਥੋਹੜੇ ਸਨ ਪਰ ਉਨ੍ਹਾਂ ਨੇ ਮੁਗ਼ਲ ਫ਼ੌਜਾਂ ਦਾ ਡੱਟ ਕੇ ਮੁਕਾਬਲਾ ਕੀਤਾ। ਸਾਹਿਬਜ਼ਾਦਾ ਜੁਝਾਰ ਸਿੰਘ ਨੇ ਗੜ੍ਹੀ ਵਿਚੋਂ ਨਿਕਲ ਕੇ ਦੁਸ਼ਮਣਾਂ ਨਾਲ ਆਹਮੋ-ਸਾਹਮਣੀ ਲੜਾਈ ਵਿਚ ਬਹੁਤ ਸਾਰੇ ਸਿਪਾਹੀ ਮਾਰ ਦਿੱਤੇ ਅਤੇ ਅਖ਼ੀਰ ਆਪ ਵੀ ਸ਼ਹੀਦ ਹੋ ਗਏ।

ਆਪ ਸਬੰਧੀ ਭੱਟ ਵਹੀਆਂ ਵਿਚ ਇੰਞ ਇੰਦਰਾਜ ਮਿਲਦਾ ਹੈ:

''*ਜੁਝਾਰ ਸਿੰਘ ਬੇਟਾ ਗੁਰੂ ਗੋਬਿੰਦ ਸਿੰਘ ਜੀ, ਮਹਲ ਦਸਮੇਂ ਕਾ...* ਸੰਮਤ ਸਤਰਾਂ ਸੈ ਬਾਸਠ, ਪੋਖ ਮਾਸੇ ਸੁਦੀ ਤੀਜ, ਵੀਰਵਾਰ ਦਿਹੁੰ... ਭਾਈ ਅਨਕ ਸਿੰਘ... ਭਾਈ ਕਿਰਪਾ ਸਿੰਘ ਬੇਟਾ ਅੜੂ ਰਾਮ ਕਾ, ਭਾਈ ਸਨਮੁਖ ਸਿੰਘ ਬੇਟਾ ਅੜੂ ਰਾਮ ਕਾ , ਪੋਤੇ ਨਰੈਣ ਦਾਸ ਕੇ, ਮੁੰਞਾਲ ਦੱਤ ਬ੍ਰਾਹਮਣ, ਮੁਕਾਮ ਚਮਕੌਰ, ਪਰਗਣਾ ਰੋਪੜ, ਤੁਰਕ ਫ਼ੌਜ ਗੈਲ, ਸਾਮ੍ਹੇ ਮਾਥੇ ਜੂਝ ਕੇ ਸ਼ਹਾਦਤਾਂ ਪਾਇ ਗਏ। ਆਗੇ ਗੁਰੂ ਕੀ ਗਤਿ ਗੁਰੂ ਜਾਣੇ।''

(ਭੱਟ ਵਹੀ ਮੁਲਤਾਨੀ ਸਿੰਧੀ)

ਭਾਈ ਬਚਿਤਰ ਸਿੰਘ

ਭਾਈ ਬਚਿਤਰ ਸਿੰਘ ਭਾਈ ਮਨੀ ਸਿੰਘ ਦੇ ਬੇਟੇ, ਭਾਈ ਮਾਈਦਾਸ ਦੇ ਪੋਤੇ ਭਾਈ ਬੱਲੂ ਦੇ ਪੜਪੋਤੇ ਸਨ। ਆਪ ਦਾ ਜਨਮ 12 ਅਪ੍ਰੈਲ 1663 ਦੇ ਦਿਨ ਪਿੰਡ ਅਲੀਪੁਰ (ਜ਼ਿਲ੍ਹਾ ਮੁਜ਼ੱਫਰਗੜ੍ਹ) ਵਿਚ ਹੋਇਆ ਸੀ। ਆਪ ਉਨ੍ਹਾਂ ਪੰਜਾਂ ਵਿਚੋਂ ਇਕ ਸਨ ਜਿਨ੍ਹਾਂ ਨੂੰ ਭਾਈ ਮਨੀ ਸਿੰਘ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਅਰਪਨ ਕਰ ਦਿੱਤਾ ਸੀ। ਭਾਈ ਬਚਿਤਰ ਸਿੰਘ ਨੇ ਆਪਣੀ ਉਮਰ ਦਾ ਬਹੁਤਾ ਹਿੱਸਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਸੰਗਤ ਵਿਚ ਹੀ ਬਿਤਾਇਆ ਸੀ। ਆਪ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਬਹੁਤ ਨਜ਼ਦੀਕੀ ਸਨ ਅਤੇ ਗੁਰੂ ਸਾਹਿਬ ਵੀ ਉਨ੍ਹਾਂ ਨੂੰ ਬੜਾ ਪਿਆਰ ਕਰਿਆ ਕਰਦੇ ਸਨ। ਭਾਈ ਬਚਿਤਰ ਸਿੰਘ ਇਕ ਬਹਾਦਰ ਸਿਪਾਹੀ, ਦਲੇਰ ਨੌਜਵਾਨ ਅਤੇ

ਹਮਦਰਦ ਇਨਸਾਨ ਸਨ। ਆਪ ਲੜਾਈ ਵਿਚ ਹਮੇਸ਼ਾਂ ਹੀ ਸਭ ਤੋਂ ਮੂਹਰੇ ਹੋ ਕੇ ਲੜਾਈ ਕਰਦੇ ਸਨ। ਤਲਵਾਰ ਚਲਾਉਣ ਵਿਚ ਆਪ ਇੰਨੇ ਮਾਹਿਰ ਸਨ ਕਿ ਕਈ-ਕਈ ਬੰਦਿਆਂ ਨਾਲ ਆਪ ਇਕੱਲੇ ਹੀ ਲੜ ਸਕਦੇ ਸਨ। ਭਾਈ ਬਚਿਤਰ ਸਿੰਘ ਨੇ ਗੁਰੂ ਸਾਹਿਬ ਦੀਆਂ ਤਕਰੀਬਨ ਸਾਰੀਆਂ ਜੰਗਾਂ ਵਿਚ ਹੀ ਹਿੱਸਾ ਲਿਆ ਸੀ।

ਪਹਿਲੀ ਸਤੰਬਰ 1700 ਦੇ ਦਿਨ ਜਦੋਂ ਪਹਾੜੀ ਰਾਜਿਆਂ ਨੇ ਇਕ ਹਾਥੀ ਨੂੰ ਸ਼ਰਾਬ ਪਿਆ ਕੇ ਲੋਹਗੜ੍ਹ ਕਿਲ੍ਹੇ ਦਾ ਦਰਵਾਜ਼ਾ ਤੋੜਨ ਵਾਸਤੇ ਅੱਗੇ ਲਿਆਂਦਾ ਤਾਂ ਭਾਈ ਬਚਿਤਰ ਸਿੰਘ ਨੇ ਗੁਰੂ ਸਾਹਿਬ ਵੱਲੋਂ ਦਿੱਤੇ ਨਾਗਨੀ ਬਰਛੇ ਨਾਲ ਉਸ ਸ਼ਰਾਬੀ ਹਾਥੀ ਦਾ ਮੂੰਹ ਮੋੜਿਆ ਅਤੇ ਉਹ ਹਾਥੀ ਪਹਾੜੀਆਂ ਦੀਆਂ ਆਪਣੀਆਂ ਫ਼ੌਜਾਂ ਨੂੰ ਲਿਤਾੜਦਾ ਹੋਇਆ ਵਾਪਿਸ ਭੱਜ ਗਿਆ।

5 ਅਤੇ 6 ਦਸੰਬਰ ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਛੱਡਣ ਦਾ ਫ਼ੈਸਲਾ ਕੀਤਾ ਤਾਂ ਭਾਈ ਬਚਿਤਰ ਸਿੰਘ ਉਨ੍ਹਾਂ 40 ਸਿੰਘਾਂ ਵਿਚੋਂ ਇਕ ਸੀ ਜਿਨ੍ਹਾਂ ਗੁਰੂ ਸਾਹਿਬ ਦੇ ਨਾਲ "ਇਕੱਠੇ ਜੀਣ ਮਰਨ" ਦਾ ਪ੍ਰਣ ਕੀਤਾ ਸੀ। ਗੁਰੂ ਸਾਹਿਬ ਨੇ ਭਾਈ ਬਚਿਤਰ ਸਿੰਘ ਨੂੰ ਇਕ ਸੌ ਸਿੰਘਾਂ ਦੇ ਜਥੇ ਦਾ ਮੁਖੀ ਬਣਾ ਕੇ ਵਹੀਰ ਦੇ ਨਾਲ ਤੋਰਿਆ। ਇਹ ਵਹੀਰ ਅਨੰਦਪੁਰ ਸਾਹਿਬ ਤੋਂ ਕੀਰਤਪੁਰ ਤਕ ਅਰਾਮ ਨਾਲ ਨਿਕਲ ਗਈ ਅਤੇ ਉਥੋਂ ਸਰਸਾ ਨਦੀ ਵੱਲ ਰਵਾਨਾ ਹੋਈ। ਇਸ ਮੌਕੇ 'ਤੇ ਬੜੀਆਂ ਭਾਰੀ ਦੁਸ਼ਮਣ ਫ਼ੌਜਾਂ ਨੇ ਉਨ੍ਹਾਂ 'ਤੇ ਤੀਰਾਂ ਅਤੇ ਗੋਲੀਆਂ ਦੀ ਵਾਛੜ ਸ਼ੁਰੂ ਕਰ ਦਿੱਤੀ। ਗੁਰੂ ਸਾਹਿਬ ਨੇ ਵੱਖ-ਵੱਖ ਜਥਿਆਂ ਨੂੰ ਵੱਖ-ਵੱਖ ਥਾਵਾਂ 'ਤੇ ਤਾਈਨਾਤ ਕਰ ਦਿੱਤਾ। ਉਨ੍ਹਾਂ ਭਾਈ ਬਚਿਤਰ ਸਿੰਘ ਨੂੰ ਹਦਾਇਤ ਦਿੱਤੀ ਕਿ ਉਹ ਰੋਪੜ ਵਲ ਚਲੇ ਜਾਣ ਤਾਂ ਜੋ ਸਰਹੰਦ ਤੋਂ ਆ ਰਹੀ ਮੁਗ਼ਲ ਫ਼ੌਜ ਨੂੰ ਉਧਰ ਹੀ ਰੋਕਿਆ ਜਾ ਸਕੇ। ਜਦੋਂ ਭਾਈ ਬਚਿਤਰ ਸਿੰਘ ਦਾ ਜੱਥਾ ਪਿੰਡ ਮਲਕਪੁਰ ਰੰਘੜਾਂ (ਜਿਸ ਨੂੰ ਹੁਣ ਸਿਰਫ਼ ਮਲਕਪੁਰ ਆਖਦੇ ਹਨ) ਪੁੱਜੇ ਤਾਂ ਉਥੋਂ ਉਨ੍ਹਾਂ ਦੀ ਝੜਪ ਮੁਕਾਮੀ ਰੰਘੜਾਂ ਅਤੇ ਸਰਹਿੰਦ ਦੀ ਫ਼ੌਜ ਨਾਲ ਹੋ ਗਈ। ਇਸ ਮੌਕੇ 'ਤੇ ਬੜੀ ਗਹਿ-ਗੱਚ ਲੜਾਈ ਹੋਈ। ਇਸ ਲੜਾਈ ਵਿਚ ਸਾਰੇ ਸੌ ਦੇ ਸੌ ਸਿੰਘ ਸੈਂਕੜਿਆਂ ਤੋਂ ਵੀ ਵੱਧ ਮੁਗ਼ਲ ਸਿਪਾਹੀਆਂ ਤੇ ਰੰਘੜਾਂ ਨੂੰ ਮਾਰਨ ਮਗਰੋਂ ਸ਼ਹੀਦ ਹੋਏ। ਭਾਈ ਬਚਿਤਰ ਸਿੰਘ ਇਸ ਮੌਕੇ 'ਤੇ ਬੜੇ ਗੰਭੀਰ ਜ਼ਖ਼ਮੀ ਹੋ ਕੇ ਡਿੱਗ ਪਏ। ਮੁਗ਼ਲ ਫ਼ੌਜਾਂ ਨੇ ਉਨ੍ਹਾਂ ਨੂੰ ਖ਼ਤਮ ਹੋ ਚੁੱਕੇ ਸਮਝ ਕੇ ਛੱਡ ਦਿੱਤਾ ਤੇ ਚਲੀਆਂ ਗਈਆਂ। ਪਿੱਛੋਂ ਆ ਰਹੇ ਸਾਹਿਬਜ਼ਾਦਾ ਅਜੀਤ ਸਿੰਘ, ਭਾਈ ਮਦਨ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਜਦੋਂ ਭਾਈ ਬਚਿਤਰ ਸਿੰਘ ਨੂੰ ਜ਼ਖ਼ਮੀ ਪਿਆ ਹੋਇਆ ਵੇਖਿਆ ਤਾਂ ਉਹ ਉਨ੍ਹਾਂ ਨੂੰ ਚੁੱਕ ਕੇ ਉਥੋਂ 6 ਕਿਲੋਮੀਟਰ ਦੂਰ ਕੋਟਲਾ ਨਿਹੰਗ ਵਿਚ ਲੈ ਆਏ। ਗੁਰੂ ਗੋਬਿੰਦ ਸਿੰਘ ਸਾਹਿਬ ਪਹਿਲੋਂ ਹੀ ਇਥੇ ਹਾਜ਼ਿਰ ਸਨ। ਇਸ ਮਗਰੋਂ ਭਾਈ ਬਚਿਤਰ ਸਿੰਘ ਭਾਈ ਨਿਹੰਗ ਖਾਨ ਦੇ ਘਰ ਵਿਚ ਹੀ ਰਹੇ। ਨਿਹੰਗ ਖਾਨ ਦੀ ਬੇਟੀ ਬੀਬੀ ਮੁਮਤਾਜ ਨੇ ਉਨ੍ਹਾਂ ਦੀ ਬੜੀ ਸੇਵਾ ਕੀਤੀ ਪਰ ਉਨ੍ਹਾਂ ਦੇ ਜ਼ਖ਼ਮ ਇੰਨੇ ਗਹਿਰੇ ਸਨ ਕਿ

ਉਹ ਬਚ ਨਾ ਸਕੇ। ਆਪ ਦੀ ਸ਼ਹੀਦੀ 8 ਦਸੰਬਰ 1705 ਦੇ ਦਿਨ ਹੋਈ। ਆਪ ਦਾ ਸਸਕਾਰ ਭਾਈ ਗਰਸਾ ਸਿੰਘ ਗਹੂਣੀਆਂ ਸੈਣੀ ਅਤੇ ਭਾਈ ਬੱਗਾ ਸਿੰਘ ਤਰਖਾਣ ਨੇ ਰਾਤੋ-ਰਾਤ ਕਰ ਦਿੱਤਾ। ਇਸ ਤਰ੍ਹਾਂ ਭਾਈ ਬਚਿਤਰ ਸਿੰਘ ਗੁਰੂ ਘਰ ਦੀ ਸੇਵਾ ਕਰਦੇ ਹੋਏ ਸ਼ਹੀਦੀ ਜਾਮ ਪੀ ਗਏ। ਭਾਈ ਬਚਿਤਰ ਸਿੰਘ ਦੀ ਸ਼ਹੀਦੀ ਦਾ ਜ਼ਿਕਰ **ਭੱਟ ਵਹੀ ਤਲਊਂਢਾ** ਵਿਚ ਇਸ ਤਰ੍ਹਾਂ ਆਉਂਦਾ ਹੈ:

"*ਬਚਿਤਰ ਸਿੰਘ ਬੇਟਾ ਮਨੀ ਸਿੰਘ ਕਾ, ਪੋਤਾ ਮਾਈਦਾਸ ਕਾ, ਪੜਪੋਤਾ ਬੱਲੂ ਕਾ,* ਚੰਦਰਬੰਸੀ ਭਾਰਦਵਾਜੀ ਗੋਤਰ ਪੁਆਰ, ਬੰਸ ਬੀਝੇ ਕਾ ਬੰਝਰਊਤ, ਜਲ੍ਹਾਨਾ, ਬਲਊਤ, ਗੁਰੂ ਕਾ ਬਚਨ ਪਾਇ ਸੰਮਤ 1762 ਪੋਖ ਮਾਸੇ ਸੁਦੀ ਦੂਜ ਕੋ, ਮਲਕਪੁਰ 'ਰੰਘੜਾਂ' ਕੇ ਮਲ੍ਹਾਨ ਰੰਘੜਾਂ ਕੇ ਹਾਥ ਸੇ ਘਾਇਲ ਹੋਇ ਪੋਖ ਮਾਸੇ ਸੁਦੀ ਚਉਥ ਸ਼ੁਕਰਵਾਰ ਕੇ ਦਿਹੁੰ ਡੇਢ ਪਹਿਰ ਰਾਤ ਗਈ, ਕੋਟਲਾ ਨਿਹੰਗ ਮੇਂ ਸੁਆਸ ਪੂਰੇ ਹੂਏ। ਸੁਦਾਗਰ ਕੀ ਪਤ ਗੁਰੂ ਰਾਖੀ, ਇਸ ਕੀ ਬੇਟੀ ਮੁਮਤਾਜ ਕਾ ਸਤ ਰਹਾ।"

(ਭੱਟ ਵਹੀ ਤਲਊਂਢਾ, ਪਰਗਨਾ ਜੀਂਦ)

ਇਸ ਬਾਰੇ ਭੱਟ ਵਹੀ ਮੁਲਤਾਨੀ ਸਿੰਧੀ ਵਿਚ ਵੀ ਇਹ ਇੰਦਰਾਜ ਮਿਲਦਾ ਹੈ:

"*ਬਚਿਤਰ ਸਿੰਘ ਬੇਟਾ ਮਨੀ ਸਿੰਘ, ਪੋਤਾ ਮਾਈਦਾਸ ਕਾ.....* ਗੁਰੂ ਕਾ ਬਚਨ ਪਾਇ, ਸਾਲ ਸਤਰਾਂ ਸੈ ਬਾਸਠ, ਪੋਖ ਮਾਸੇ ਸੁਦੀ ਦੂਜ, ਵੀਰਵਾਰ ਕੇ ਦਿਹੁੰ, ਮਲਕਪੁਰ ਕੇ ਮਲ੍ਹਾਨ ਪ੍ਰਗਨਾ ਰੋਪਰ, ਰੰਘੜਾਂ ਗੈਲ ਜੁਧ ਮੇਂ ਘਾਇਲ ਹੋਇ, ਗਾਮ ਕੋਟਲਾ ਪ੍ਰਗਨਾ ਨਿਹੰਗ ਖਾਨ ਕੇ ਗ੍ਰਹਿ ਰਹਾ। ਪੋਖ ਮਾਸੇ ਸੁਦੀ ਚੌਥ, ਸ਼ਨੀਵਾਰ ਕੇ ਦਿਵਸ, ਡੇਢ ਪਹਿਰ ਰੈਣ ਗਈ, ਸੁਆਸ ਪੂਰੇ ਹੋਏ। ਨਿਹੰਗ ਖਾਨ ਕੀ ਪਤ ਗੁਰੂ ਰਾਖੀ, ਏਸ ਕੀ ਬੇਟੀ ਕਾ ਸਤ ਰਹਾ।" *(ਭੱਟ ਵਹੀ ਮੁਲਤਾਨੀ ਸਿੰਧੀ)*

ਭਾਈ ਨਿਹੰਗ ਖਾਂ ਦੀ ਇਸ ਬੇਟੀ, ਜੋ ਬੱਜੀ ਪਠਾਣਾਂ ਦੇ ਇਕ ਮੁਸਲਮਾਨ ਜਵਾਨ ਨਾਲ ਮੰਗੀ ਹੋਈ ਸੀ, ਨੇ ਆਪਣੇ ਬਾਪ ਵਲੋਂ ਫ਼ੌਜ ਤੋਂ ਬਚਿਤਰ ਸਿੰਘ ਨੂੰ ਬਚਾਉਣ ਵਾਸਤੇ ਬੋਲੇ ਝੂਠ ਨੂੰ ਇਲਾਹੀ ਹੁਕਮ ਮੰਨਦਿਆਂ ਹੋਇਆਂ ਬਚਿਤਰ ਸਿੰਘ ਨੂੰ ਆਪਣਾ ਖਾਵੰਦ (ਪਤੀ) ਮੰਨ ਲਿਆ ਅਤੇ ਬਾਕੀ ਦੀ ਰਹਿੰਦੀ ਉਮਰ ਭਾਈ ਬਚਿਤਰ ਸਿੰਘ ਦੀ ਬੇਵਾ (ਵਿਧਵਾ) ਵਜੋਂ ਗੁਜ਼ਾਰ ਦਿੱਤੀ। ਲੋਕ ਉਸ ਨੂੰ ਮਾਈ ਮੁਮਤਾਜ਼ ਆਖਣ ਲਗ ਪਏ ਸਨ। ਮਾਈ ਮੁਮਤਾਜ਼ ਦੀ ਕਬਰ ਤੇ ਉਸ ਦਾ ਮਜ਼ਾਰ ਕੋਟਲਾ ਨਿਹੰਗ ਵਿਚ ਅਜੇ ਵੀ ਕਾਇਮ ਹੈ।

(ਭਾਈ ਬਚਿਤਰ ਸਿੰਘ ਦੇ ਦੋ ਬੇਟੇ ਸਨ: ਭਾਈ ਸੰਗਰਾਮ ਸਿੰਘ ਤੇ ਭਾਈ ਰਾਮ ਸਿੰਘ)। ਇਨ੍ਹਾਂ ਦੋਹਾਂ ਨੇ ਵੀ ਸਿੱਖ ਪੰਥ ਵਾਸਤੇ ਆਪਣੀਆਂ ਜ਼ਿੰਦਗੀਆਂ ਵਾਰ ਦਿੱਤੀਆਂ। ਭਾਈ ਸੰਗਰਾਮ ਸਿੰਘ 13 ਮਈ 1710 ਦੇ ਦਿਨ ਚਪੜ-ਚਿੜੀ (ਸਰਹਿੰਦ) ਵਿਚ ਸ਼ਹੀਦ ਹੋਇਆ ਤੇ ਭਾਈ ਰਾਮ ਸਿੰਘ ਬੰਦਾ ਸਿੰਘ ਬਹਾਦਰ ਨਾਲ 9 ਜੂਨ 1716 ਦੇ ਦਿਨ ਦਿੱਲੀ ਵਿਚ ਸ਼ਹੀਦ ਹੋਇਆ ਸੀ)।

ਭਾਈ ਬਚਿਤਰ ਸਿੰਘ ਦਾ ਨਾਂ ਸਿੱਖ ਤਵਾਰੀਖ਼ ਵਿਚ ਬੜੀ ਅਹਿਮ ਥਾਂ ਰਖਦਾ ਹੈ। ਕਈ ਵਾਰਾਂ ਤੇ ਦੂਜੇ ਸੋਮਿਆਂ ਵਿਚ ਭਾਈ ਬਚਿਤਰ ਸਿੰਘ ਦੀ ਬਹਾਦਰੀ ਤੇ ਦਲੇਰੀ ਦੇ ਕਾਰਨਾਮਿਆਂ ਨੂੰ ਬੜੇ ਨਿੱਘੇ ਲਫ਼ਜ਼ਾਂ ਵਿਚ ਪੇਸ਼ ਕੀਤਾ ਗਿਆ ਹੈ:

ਬੋਲਿਆ ਚਿਤ੍ਰ ਬਚਿਤ੍ਰ ਸਿੰਘ, ਰਣ ਹੋਲੀ ਖੇਲਾਂ ਜਾਇ ਕੈ।
ਪਹਿਲਾਂ ਖੰਡਾ ਝਾੜਨਾ, ਰੁਸਤਮ ਦੇ ਸਿਰ ਕੜਕਾਇ ਕੈ।

(ਵਾਰ ਪਾਤਸ਼ਾਹੀ ਦਸਵੀਂ ਕੀ, ਪੰਜਾਬੀ ਵਾਰਾਂ, ਸੰਪਾਦਕ ਪਿਆਰਾ ਸਿੰਘ ਪਦਮ, ਸਫ਼ਾ 258, 1980 ਦੀ ਐਡੀਸ਼ਨ)

ਬਰਛਾ ਮਾਰਿਆ ਬਚਿਤਰ ਸਿੰਘ ਕੁੰਭ ਵਿਚ ਉਠਾਏ।
ਰਣੌਂ ਕੇ ਹਾਥੀ ਭੱਜ ਕੈ ਫਿਰ ਰਾਜੀਂ ਪਾਏ। 12।

....

ਬਰਛਾ ਸਿੰਘ ਬਚਿਤਰ ਦਾ ਮੁੱਲ ਮਹਿੰਗੇ ਹੋਇਆ।

(ਪੰਜਾਬੀ ਵਾਰਾਂ, ਪਿਆਰਾ ਸਿੰਘ ਪਦਮ, ਸਫ਼ਾ 274)

ਬਚਿਤਰ ਸਿੰਘ ਤੇਰੀ ਬਰਛੀ ਰੋਸ਼ਨ, ਤੇਰੀ ਸਾਂਗ ਝਰਮਲ ਕਰੈ।
ਤੇਰੇ ਨਾਮ ਥੀ ਰਿਪੁ ਥਰ ਥਰ ਕਾਂਪੈ, ਤੇਰੀ ਪਰਬਤ ਹਲਕ ਪਰੈ।

(ਦੇਸਾ ਸਿੰਘ ਭੱਟ ਦਾ ਦੋਹਾ ਭਾਈ ਭਾਗੂ ਸਿੰਘ ਦੇ ਵਿਆਹ ਤੇ ਅੰਮ੍ਰਿਤਸਰ ਵਿਚ 1706 ਵਿਚ। 1706 ਵਿਚ ਬਿਕ੍ਰਮੀ ਸੰਮਤ ਵਿਚ ਜੇਠ ਮਹੀਨਾ ਦੋ ਵਾਰ ਆਇਆ ਸੀ, ਸੋ ਇਹ ਵਿਆਹ ਜਾਂ ਤਾਂ 5 ਮਈ ਨੂੰ ਹੋਇਆ ਜਾਂ 3 ਜੂਨ ਨੂੰ)

ਹੋਰ ਤਫ਼ਸੀਲ ਵਾਸਤੇ ਦੇਖੋ: "ਭਾਈ ਉਦੈ ਸਿੰਘ ਦੀ ਜੀਵਨੀ ਅਤੇ ਭਾਈ ਬਚਿਤਰ ਸਿੰਘ ਦਾ ਕੁਰਸੀਨਾਮਾ"।

ਭਾਈ ਮਦਨ ਸਿੰਘ ਤੇ ਭਾਈ ਕਾਠਾ ਸਿੰਘ

7 ਦਸੰਬਰ 1705 ਦੇ ਦਿਨ ਚਮਕੌਰ ਦੀ ਗੜ੍ਹੀ ਵਿਚ ਸ਼ਹੀਦ ਹੋਣ ਵਾਲਿਆਂ ਵਿਚੋਂ ਭਾਈ ਮਦਨ ਸਿੰਘ ਤੇ ਭਾਈ ਕਾਠਾ ਸਿੰਘ ਸਭ ਤੋਂ ਪਹਿਲੇ ਸਿੰਘ ਸਨ।

ਭਾਈ ਮਦਨ ਸਿੰਘ ਅਨੰਦਪੁਰ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸੇਵਾ ਵਿਚ ਰਹਿਣ ਵਾਲੇ ਗਿਣਤੀ ਦੇ ਸਿੱਖਾਂ ਵਿਚੋਂ ਇਕ ਸਨ। ਉਹ ਅਖੌਤੀ ਪਛੜੀਆਂ ਜ਼ਾਤਾਂ ਨਾਲ ਸਬੰਧ ਰਖਦੇ ਸਨ। ਭਾਈ ਮਦਨ ਸਿੰਘ ਤੇ ਭਾਈ ਕਾਠਾ ਸਿੰਘ (ਇਕ ਥਾਂ ਕੋਠਾ ਸਿੰਘ ਵੀ ਲਿਖਿਆ ਹੈ) ਖਾਲਸਾ ਫ਼ੌਜਾਂ ਦੇ ਘੋੜਿਆਂ ਦੇ ਅਸਤਬਲ ਦੇ ਇੰਚਾਰਜ ਸਨ। ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ 5 ਤੇ 6 ਦਸੰਬਰ ਦੀ ਰਾਤ ਨੂੰ ਅਨੰਦਪੁਰ ਸਾਹਿਬ ਛੱਡਿਆ ਤਾਂ ਆਪ ਉਨ੍ਹਾਂ 40 ਮੁਕਤਿਆਂ ਵਿਚ ਸ਼ਾਮਿਲ ਹੋਏ ਜਿਨ੍ਹਾਂ ਨੇ ਗੁਰੂ ਸਾਹਿਬ ਦੇ ਅੰਗ-ਸੰਗ ਰਹਿ ਕੇ ਇਕੱਠੇ ਜੀਣ-ਮਰਣ ਦੀ ਕਸਮ ਖਾਧੀ ਸੀ। ਅਨੰਦਪੁਰ ਸਾਹਿਬ ਤੋਂ ਨਿਕਲਣ ਮਗਰੋਂ ਭਾਈ ਮਦਨ ਸਿੰਘ ਗੁਰੂ ਸਾਹਿਬ ਦੇ ਨਾਲ ਕੋਟਲਾ ਨਿਹੰਗ ਤੋਂ ਹੁੰਦੇ ਹੋਏ 7 ਦਸੰਬਰ ਦੀ ਸਵੇਰ ਵੇਲੇ ਚਮਕੌਰ ਵਿਚ ਪੁੱਜੇ ਸਨ।

ਗੁਰੂ ਸਾਹਿਬ, ਦੋ ਸਾਹਿਬਜ਼ਾਦਿਆਂ ਅਤੇ 47 ਸਾਥੀ ਸਿੰਘਾਂ ਨੇ ਚਮਕੌਰ ਵਿਚ ਭਾਈ ਬਿਧੀ ਚੰਦ ਰਾਵਤ (ਇਕ ਸੋਮਾ ਹੋਰ ਨਾਂ ਲਿਖਦਾ ਹੈ) ਦੀ ਗੜ੍ਹੀ ਵਿਚ ਡੇਰਾ ਲਾ ਲਿਆ। ਦੋ ਰਾਤਾਂ ਦੇ ਉਨੀਂਦੇ ਅਤੇ ਲੰਬੇ ਪੈਦਲ ਸਫ਼ਰ ਦੀ ਵਜਹ ਕਰ ਕੇ ਇਹ ਸਾਰੇ ਦੇ ਸਾਰੇ ਸਿੰਘ ਥੱਕੇ ਹੋਏ ਸਨ। ਇਹ ਸਾਰੇ ਛੇਤੀ ਹੀ ਸੌਂ ਗਏ। ਦੂਜੇ ਪਾਸੇ ਕਿਸੇ ਚਮਕੌਰ ਵਾਸੀ ਨੇ ਰੋਪੜ ਵਿਚ ਜਾ ਕੇ ਉਥੋਂ ਦੇ ਥਾਣੇਦਾਰ ਨੂੰ ਜਾ ਖ਼ਬਰ ਦਿੱਤੀ। ਉਸ ਵੇਲੇ ਰੋਪੜ ਵਿਚ ਸਰਹਿੰਦ ਦੀ ਫ਼ੌਜ ਦੇ ਹਜ਼ਾਰਾਂ ਸਿਪਾਹੀ ਹਾਜ਼ਿਰ ਸਨ। ਇਹ ਫ਼ੌਜ ਅਨੰਦਪੁਰ ਸਾਹਿਬ ਗੁਰੂ ਸਾਹਿਬ 'ਤੇ ਹਮਲਾ ਕਰਨ ਵਾਸਤੇ ਟੁਰਨ ਹੀ ਵਾਲੀ ਸੀ। ਇਸ 'ਤੇ ਰੋਪੜ ਚੌਕੀ ਦਾ ਥਾਣੇਦਾਰ ਨਾਹਰ ਖ਼ਾਂ ਇਸ ਵੱਡੀ ਫ਼ੌਜ ਨੂੰ ਲੈ ਕੇ ਚਮਕੌਰ ਵੱਲ ਟੁਰ ਪਿਆ। ਦੁਪਹਿਰ ਵੇਲੇ ਇਹ ਫ਼ੌਜ ਚਮਕੌਰ ਪੁਜ ਗਈ। ਫ਼ੌਜ ਦੇ ਆਉਣ ਬਾਰੇ ਗੁਰੂ ਸਾਹਿਬ ਨੂੰ ਪਹਿਲੋਂ ਹੀ ਪਤਾ ਲਗ ਚੁਕਾ ਸੀ। ਉਸ ਵੇਲੇ ਹਾਲਾਤ ਅਜਿਹੇ ਸਨ ਕਿ ਸਿੰਘਾਂ ਦਾ ਚਮਕੌਰ ਤੋਂ ਨਿਕਲ ਜਾਣਾ ਆਸਾਨ ਨਹੀਂ ਸੀ। ਇਸ ਕਰਕੇ ਗੁਰੂ ਸਾਹਿਬ ਨੇ ਤੁਰਕ ਫ਼ੌਜ ਦਾ ਟਾਕਰਾ ਉੱਥੇ ਹੀ ਕਰਨ ਦਾ ਫ਼ੈਸਲਾ ਕੀਤਾ। ਗੁਰੂ ਸਾਹਿਬ ਦੇ ਨਾਲ ਸਿਰਫ਼ 48 ਸਿੰਘ ਸਨ ਤੇ ਦੂਜੇ ਪਾਸੇ ਤੁਰਕ ਫ਼ੌਜ ਹਜ਼ਾਰਾਂ ਦੀ ਗਿਣਤੀ ਵਿਚ ਸੀ। ਕੁਝ ਲੇਖਕਾਂ ਨੇ ਇਸ ਫ਼ੌਜ ਦੀ ਗਿਣਤੀ 10 ਲੱਖ ਲਿਖੀ ਹੈ, ਜੋ ਨਾਮੁਮਕਿਨ ਹੈ। ਉਂਞ ਚਮਕੌਰ ਸਾਹਿਬ ਵਿਚ 10 ਲਖ ਬੰਦੇ ਆ ਵੀ ਜਾਣ ਤਾਂ ਸਵਾਲ ਪੈਦਾ ਹੋਵੇਗਾ ਕਿ ਓਹ ਕਿੰਨੇ

ਲੰਬੇ ਚੌੜੇ ਮੈਦਾਨ ਵਿਚ ਖੜੇ ਹੋਣਗੇ? ਦੂਜਾ, ਉਸ ਵੇਲੇ ਰੋਪੜ ਦੇ ਨਵਾਬ ਤੇ ਸਰਹਿੰਦ ਦੇ ਸੂਬੇਦਾਰ ਤਾਂ ਕੀ ਔਰੰਗਜ਼ੇਬ ਦੀ ਕੁਲ ਫ਼ੌਜ ਵੀ ਸ਼ਾਇਦ ਦਸ ਲਖ ਨਹੀਂ ਸੀ। ਅਜਿਹਾ ਜਾਪਦਾ ਹੈ ਕਿ ਬਚਿਤਰ ਨਾਟਕ ਵਿਚ ਲਫ਼ਜ਼ "**ਦਸ ਲਾਖ**" ਦਾ ਮਤਲਬ ਗਿਣਤੀ ਦਸਣਾ ਨਹੀਂ ਬਲਕਿ ਇਹ ਕਹਿਣਾ ਹੈ ਕਿ ਬੇਅੰਤ ਫ਼ੌਜ ਸੀ।

ਸਿੱਖ ਭਾਵੇਂ ਗਿਣਤੀ ਵਿਚ 47 ਸਨ ਤੇ ਮੁਗਲ ਫ਼ੌਜ ਦੀ ਗਿਣਤੀ ਹਜ਼ਾਰਾਂ ਸੀ ਪਰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਚਮਕੌਰ ਦੀ ਗੜ੍ਹੀ ਦੀ ਵਿਉਂਤਬੰਦੀ ਬੜੇ ਸ਼ਾਨਦਾਰ ਤਰੀਕੇ ਨਾਲ ਕੀਤੀ। ਉਨ੍ਹਾਂ ਨੇ 8-8 ਸਿੰਘ ਗੜ੍ਹੀ ਦੀਆਂ ਦੀਵਾਰਾਂ ਨਾਲ ਖੜੇ ਕਰ ਦਿੱਤੇ। ਭਾਈ ਧਰਮ ਸਿੰਘ ਤੇ ਭਾਈ ਆਲਿਮ ਸਿੰਘ ਨੱਚਣਾ ਨੂੰ ਹੱਲਾ-ਸ਼ੇਰੀ ਦੇਣ ਅਤੇ ਖੜਕਾ-ਦੜਕਾ ਕਰਨ ਵਾਸਤੇ ਬੀਰ-ਰਸੀ ਬੋਲਾਂ ਦੀ ਸੇਵਾ ਬਖਸ਼ੀ ਗਈ। ਭਾਈ ਦਯਾ ਸਿੰਘ, ਮੋਹਕਮ ਸਿੰਘ, ਸਾਹਿਬ ਸਿੰਘ, ਹਿੰਮਤ ਸਿੰਘ ਤੋਂ ਇਲਾਵਾ ਦੋਵੇਂ ਸਾਹਿਬਜ਼ਾਦੇ ਗੁਰੂ ਸਾਹਿਬ ਦੀ ਢਾਲ ਬਣ ਕੇ ਹਾਜ਼ਿਰ ਰਹੇ। ਗੜ੍ਹੀ ਦੇ ਦਰਵਾਜ਼ੇ ਦੀ ਰਾਖੀ ਵਾਸਤੇ ਭਾਈ ਮਦਨ ਸਿੰਘ ਤੇ ਭਾਈ ਕਾਠਾ ਸਿੰਘ ਨੂੰ ਤਾਈਨਾਤ ਕੀਤਾ ਗਿਆ। ਉਨ੍ਹਾਂ ਦੇ ਪਿੱਛੇ ਭਾਈ ਸ਼ੇਰ ਸਿੰਘ ਤੇ ਭਾਈ ਨਾਹਰ ਸਿੰਘ ਖੜੇ ਹੋਏ।

ਸਰਹਿੰਦੀ ਫ਼ੌਜ ਨੇ ਗੜ੍ਹੀ 'ਤੇ ਪੁਜਦਿਆਂ ਹੀ ਇਕ ਦਮ ਹਮਲਾ ਕਰ ਦਿੱਤਾ। ਹਜ਼ਾਰਾਂ ਸਿਪਾਹੀਆਂ ਦਾ ਹਮਲਾ ਰੋਕਣ ਵਾਸਤੇ ਸਿੰਘਾਂ ਨੇ ਇਕ ਦਮ ਤੀਰਾਂ ਦਾ ਮੀਂਹ ਵਰ੍ਹਾ ਦਿੱਤਾ। ਇਸ ਨਾਲ ਤੁਰਕ ਫ਼ੌਜ ਨੇ ਸਿੱਧਾ ਹਮਲਾ ਕਰਨਾ ਬੰਦ ਕਰ ਦਿੱਤਾ। ਕੁਝ ਚਿਰ ਰੁਕਣ ਮਗਰੋਂ ਰੋਪੜ ਦੀ ਫ਼ੌਜ ਦਾ ਮੁਖੀ ਨਾਹਰ ਖਾਂ ਤੀਰ ਕਮਾਨ ਫੜ ਕੇ ਅੱਗੇ ਵਧਿਆ। ਉਹ ਮੰਨਿਆ ਹੋਇਆ ਯੋਧਾ ਸੀ ਤੇ ਉਸ ਨੇ ਯਕੀਨਨ ਦੋ ਚਾਰ ਸਿੱਖ ਆਪਣੇ ਤੀਰਾਂ ਨਾਲ ਹੀ ਸ਼ਹੀਦ ਕਰ ਦੇਣੇ ਸਨ। ਇਸ ਗੱਲ ਨੂੰ ਭਾਂਪਦੇ ਹੋਏ ਗੁਰੂ ਸਾਹਿਬ ਨੇ ਇਕ ਤੀਰ ਸਿੱਧਾ ਨਾਹਰ ਖਾਂ ਵੱਲ ਚਲਾਇਆ। ਗੁਰੂ ਜੀ ਦੇ ਤੀਰ ਨਾਲ ਨਾਹਰ ਖਾਂ ਥਾਇੰ ਹੀ ਢੇਰੀ ਹੋ ਗਿਆ। ਨਾਹਰ ਖਾਂ ਦੇ ਮਰਨ ਨਾਲ ਤੁਰਕ ਫ਼ੌਜ ਦੇ ਹੌਸਲੇ ਟੁਟ ਗਏ ਤੇ ਉਹ ਪਿੱਛੇ ਹਟ ਗਈ। ਪਰ ਉਨ੍ਹਾਂ ਵਿਚੋਂ ਇਕ ਪਠਾਣ ਉਥੋਂ ਨਾ ਹਿਲਿਆ। ਉਸ ਜੋਸ਼ੀਲੇ ਪਠਾਣ ਨੇ ਵਾਰ-ਵਾਰ ਅੱਗੇ ਵੱਧ ਕੇ ਗੜ੍ਹੀ 'ਤੇ ਹਮਲਾ ਕੀਤਾ। ਉਸ ਉਤੇ ਚਲਾਏ ਕੁਝ ਤੀਰ ਬੇਅਸਰ ਰਹੇ ਤੇ ਉਹ ਗੜ੍ਹੀ ਦੇ ਦਰਵਾਜ਼ੇ ਤਕ ਪੁੱਜ ਗਿਆ। ਦਰਵਾਜ਼ੇ 'ਤੇ ਭਾਈ ਮਦਨ ਸਿੰਘ ਤੇ ਭਾਈ ਕਾਠਾ ਸਿੰਘ ਖੜੇ ਸਨ। ਉਨ੍ਹਾਂ ਦੋਹਾਂ ਨੇ ਉਸ ਪਠਾਣ 'ਤੇ ਕਈ ਵਾਰ ਹਮਲੇ ਕੀਤੇ। ਪਰ, ਉਹ ਪਠਾਣ ਵੀ ਕੋਈ ਮੰਨਿਆ ਯੋਧਾ ਸੀ। ਉਸ ਨੇ ਕਈ ਵਾਰ ਬਚਾਏ ਤੇ ਉਲਟਾ ਕਈ ਪਰਤਵੇਂ ਵਾਰ ਉਨ੍ਹਾਂ ਦੋਹਾਂ 'ਤੇ ਕੀਤੇ। ਇਸ ਹੱਥੋ-ਹੱਥ ਲੜਾਈ ਵਿਚ ਉਹ ਪਠਾਣ ਵੀ ਮਾਰਿਆ ਗਿਆ ਅਤੇ ਭਾਈ ਮਦਨ ਸਿੰਘ ਤੇ ਭਾਈ ਕਾਠਾ ਸਿੰਘ ਵੀ ਸ਼ਹੀਦ ਹੋ ਗਏ। ਇਹ ਦੋਵੇਂ ਚਮਕੌਰ ਦੀ ਗੜ੍ਹੀ ਦੇ ਪਹਿਲੇ ਸ਼ਹੀਦ ਸਨ।

ਭਾਈ ਸ਼ੇਰ ਸਿੰਘ ਤੇ ਭਾਈ ਨਾਹਰ ਸਿੰਘ

ਭਾਈ ਸ਼ੇਰ ਸਿੰਘ ਤੇ ਭਾਈ ਨਾਹਰ ਸਿੰਘ ਨੇ 7 ਦਸੰਬਰ 1705 ਦੇ ਦਿਨ ਚਮਕੌਰ ਦੀ ਲੜਾਈ ਵਿਚ ਸ਼ਹੀਦੀ ਜਾਮ ਪੀਤਾ ਸੀ।

ਭਾਈ ਸ਼ੇਰ ਸਿੰਘ ਅਤੇ ਨਾਹਰ ਸਿੰਘ ਉਨ੍ਹਾਂ 5 ਸੌ ਸਿੱਖਾਂ ਵਿਚੋਂ ਸਨ ਜਿਹੜੇ ਦਸੰਬਰ 1705 ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਕੋਲ ਅਨੰਦਪੁਰ ਸਾਹਿਬ ਵਿਚ ਹਾਜ਼ਿਰ ਸਨ। ਮਈ 1705 ਵਿਚ ਜਦੋਂ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਨੇ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ ਤਾਂ ਬਾਕੀ ਸਿੰਘਾਂ ਦੇ ਨਾਲ ਨਾਲ ਭਾਈ ਸ਼ੇਰ ਸਿੰਘ ਤੇ ਭਾਈ ਨਾਹਰ ਸਿੰਘ ਵੀ ਉੱਥੇ ਹੀ ਘਿਰ ਗਏ।

5 ਅਤੇ 6 ਦਸੰਬਰ ਦੀ ਰਾਤ ਨੂੰ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਛਡਿਆ ਤਾਂ ਇਹ ਦੋਵੇਂ ਸਿੰਘ ਮਾਤਾ ਗੁਜਰੀ ਦੇ 460 ਸਿੱਖਾਂ ਦੇ ਜਥੇ ਦੇ ਨਾਲ ਸਨ। ਜਦੋਂ ਮਾਤਾ ਜੀ ਸਰਸਾ ਨਦੀ ਪਾਰ ਕਰ ਕੇ ਚਮਕੌਰ ਵੱਲ ਨਿਕਲ ਗਏ ਤਾਂ ਇਹ ਦੋਵੇਂ ਜਣੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਨਾਲ ਚਲੇ ਗਏ। ਗੁਰੂ ਸਾਹਿਬ, ਉਨ੍ਹਾਂ ਦੇ ਦੋ ਵੱਡੇ ਸਾਹਿਬਜ਼ਾਦੇ ਅਤੇ 45 ਸਿੰਘ 7 ਦਸੰਬਰ ਦੀ ਸਵੇਰ ਨੂੰ ਚਮਕੌਰ ਪੁੱਜੇ। ਇਹ ਸਾਰੇ ਅਜੇ ਆਰਾਮ ਕਰ ਹੀ ਰਹੇ ਸਨ ਕਿ ਰੋਪੜ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਆਈ ਸਰਹਿੰਦੀ ਫ਼ੌਜ ਨੇ ਚਮਕੌਰ ਪੁੱਜ ਕੇ ਗੜ੍ਹੀ 'ਤੇ ਹਮਲਾ ਕਰ ਦਿੱਤਾ। ਗੁਰੂ ਸਾਹਿਬ ਨੇ ਗੜ੍ਹੀ ਵਿਚ ਹਾਜ਼ਿਰ ਸਾਰੇ ਸਿੰਘਾਂ ਨੂੰ ਵੱਖ-ਵੱਖ ਹਿੱਸਿਆਂ ਵਿਚ ਵੰਡ ਕੇ ਡਿਊਟੀਆਂ ਲਾ ਦਿੱਤੀਆਂ। ਉਨ੍ਹਾਂ ਨੇ ਗੜ੍ਹੀ ਦੇ ਗੇਟ 'ਤੇ ਭਾਈ ਮਦਨ ਸਿੰਘ ਤੇ ਭਾਈ ਕਾਠਾ ਸਿੰਘ ਨੂੰ ਤਾਈਨਾਤ ਕੀਤਾ। ਉਨ੍ਹਾਂ ਦੋਹਾਂ ਨੇ ਤੁਰਕ ਹਮਲੇ ਦਾ ਡੱਟ ਕੇ ਮੁਕਾਬਲਾ ਕੀਤਾ ਪਰ ਅਖ਼ੀਰ ਸ਼ਹੀਦੀ ਹਾਸਿਲ ਕੀਤੀ। ਉਨ੍ਹਾਂ ਦੋਹਾਂ ਦੀ ਸ਼ਹੀਦੀ ਮਗਰੋਂ ਗੁਰੂ ਸਾਹਿਬ ਨੇ ਭਾਈ ਸ਼ੇਰ ਸਿੰਘ ਅਤੇ ਭਾਈ ਨਾਹਰ ਸਿੰਘ ਨੂੰ ਗੜ੍ਹੀ ਦੇ ਦਰਵਾਜ਼ੇ 'ਤੇ ਤਾਈਨਾਤ ਕੀਤਾ।

ਭਾਈ ਸ਼ੇਰ ਸਿੰਘ ਅਤੇ ਭਾਈ ਨਾਹਰ ਸਿੰਘ ਨੇ ਸ੍ਰੀ ਸਾਹਿਬਾਂ ਸੂਤ ਲਈਆਂ ਅਤੇ ਹਮਲਾਵਰ ਫ਼ੌਜ ਦੇ ਬਹੁਤ ਸਾਰੇ ਸਿਪਾਹੀਆਂ ਨੂੰ ਪਾਰ ਬੁਲਾਇਆ। ਬਹਾਦਰੀ ਦੇ ਜੌਹਰ ਦਿਖਾਉਂਦੇ ਹੋਏ ਅਖ਼ੀਰ ਇਹ ਦੋਵੇਂ ਯੋਧੇ ਵੀ ਸ਼ਹੀਦ ਹੋ ਗਏ।

ਭਾਈ ਅਨਕ ਸਿੰਘ ਪਰਮਾਰ

ਭਾਈ ਅਨਕ ਸਿੰਘ ਨੇ 7 ਦਸੰਬਰ 1705 ਦੇ ਦਿਨ ਚਮਕੌਰ ਵਿਚ ਸ਼ਹੀਦੀ ਹਾਸਿਲ ਕੀਤੀ ਸੀ।

ਭਾਈ ਅਨਕ ਸਿੰਘ ਦਾ ਜਨਮ 7 ਮਾਰਚ 1668 ਦੇ ਦਿਨ ਭਾਈ ਮਨੀ ਸਿੰਘ ਦੇ ਘਰ ਪਿੰਡ ਅਲੀਪੁਰ (ਜ਼ਿਲ੍ਹਾ ਮੁਜ਼ੱਫ਼ਰਗੜ੍ਹ) ਵਿਚ ਹੋਇਆ ਸੀ। ਆਪ ਦੇ ਦਾਦਾ ਭਾਈ ਮਾਈ ਦਾਸ, ਪੜਦਾਦਾ ਸ਼ਹੀਦ ਭਾਈ ਬੱਲੂ ਪਰਮਾਰ ਅਤੇ ਨਾਨਾ ਭਾਈ ਲੱਖੀ ਰਾਏ ਵਣਜਾਰਾ ਦੇ ਪਰਿਵਾਰ ਸਿੱਖ ਪੰਥ ਨਾਲ ਗੁਰੂ ਅਰਜਨ ਸਾਹਿਬ ਦੇ ਵੇਲੇ ਤੋਂ ਜੁੜੇ ਹੋਏ ਸਨ। ਇਨ੍ਹਾਂ ਪਰਿਵਾਰਾਂ ਨੇ ਗੁਰੂ ਸਾਹਿਬ ਦੀਆਂ ਬਹੁਤ ਸਾਰੀਆਂ ਲੜਾਈਆਂ ਵਿਚ ਹਿੱਸਾ ਲਿਆ ਸੀ ਅਤੇ ਕਈਆਂ ਨੇ ਸ਼ਹੀਦੀਆਂ ਹਾਸਿਲ ਕੀਤੀਆਂ ਸਨ। ਭਾਈ ਅਨਕ ਸਿੰਘ ਭਾਈ ਮਨੀ ਸਿੰਘ ਦੇ ਚੌਥੇ ਵੱਡੇ ਬੇਟੇ ਸਨ। ਭਾਈ ਅਨਕ ਸਿੰਘ ਤੇ ਉਸ ਦੇ ਚਾਰ ਹੋਰ ਭਰਾਵਾਂ ਨੂੰ ਉਨ੍ਹਾਂ ਦੇ ਪਿਤਾ ਭਾਈ ਮਨੀ ਸਿੰਘ ਜੀ ਨੇ ਗੁਰੂ ਜੀ ਨੂੰ ਭੇਟ ਕਰ ਦਿੱਤਾ ਹੋਇਆ ਸੀ। ਇਹ ਪੰਜੇ ਗੁਰੂ ਘਰ ਦੀ ਸੇਵਾ ਕਰਿਆ ਕਰਦੇ ਸਨ ਤੇ ਅਨੰਦਪੁਰ ਸਾਹਿਬ ਹੀ ਰਿਹਾ ਕਰਦੇ ਸਨ। ਜਦੋਂ ਗੁਰੂ ਸਾਹਿਬ ਨੇ ਖਾਲਸਾ ਪਰਗਟ ਕੀਤਾ ਤਾਂ ਪੰਜ ਪਿਆਰਿਆਂ ਅਤੇ ਪੰਜ ਮੁਕਤਿਆਂ ਤੋਂ ਬਾਅਦ ਪਹਿਲੇ ਬੈਚ ਵਿਚ ਆਪ ਨੇ ਅੰਮ੍ਰਿਤ ਛਕਿਆ ਸੀ ਅਤੇ ਅਨਕ ਦਾਸ ਤੋਂ ਅਨਕ ਸਿੰਘ ਬਣੇ ਸਨ। ਆਪ ਨੇ ਗੁਰੂ ਸਾਹਿਬ ਦੀਆਂ ਸਾਰੀਆਂ ਲੜਾਈਆਂ ਵਿਚ ਹਿੱਸਾ ਲਿਆ ਸੀ।

5 ਅਤੇ 6 ਦਸੰਬਰ 1705 ਦੇ ਦਿਨ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਛੱਡਿਆ ਤਾਂ ਭਾਈ ਅਨਕ ਸਿੰਘ ਤੇ 39 ਹੋਰ ਸਿੱਖਾਂ ਨੇ ਗੁਰੂ ਸਾਹਿਬ ਦੇ ਅੰਗ-ਸੰਗ ਰਹਿਣ ਦਾ ਪ੍ਰਣ ਕੀਤਾ। ਇਨ੍ਹਾਂ ਚਾਲ੍ਹੀਆਂ ਨੂੰ **ਅਨੰਦਪੁਰ ਸਾਹਿਬ ਦੇ ਚਾਲੀ ਮੁਕਤੇ** ਆਖ ਕੇ ਚੇਤੇ ਕੀਤਾ ਜਾਂਦਾ ਹੈ। ਉਸ ਰਾਤ ਭਾਈ ਅਨਕ ਸਿੰਘ ਗੁਰੂ ਸਾਹਿਬ ਦੇ ਨਾਲ ਟੁਰੇ ਅਤੇ ਕੀਰਤਪੁਰ ਅਤੇ ਸਰਸਾ ਨਦੀ ਪਾਰ ਕਰਨ ਮਗਰੋਂ ਕੋਟਲਾ ਨਿਹੰਗ ਪੁੱਜੇ। ਇਥੋਂ ਆਪ 7 ਦਸੰਬਰ ਦੀ ਸਵੇਰ ਨੂੰ ਚਮਕੌਰ ਪੁੱਜੇ। ਇਸੇ ਦਿਨ ਦੁਪਹਿਰ ਵੇਲੇ ਸਰਹਿੰਦ ਦੀ ਫ਼ੌਜ ਨੇ ਚਮਕੌਰ ਦੀ ਗੜ੍ਹੀ, ਜਿਥੇ ਉਹ ਸਾਰੇ ਸਿੰਘ ਠਹਿਰੇ ਹੋਏ ਸਨ, ਨੂੰ ਘੇਰਾ ਪਾ ਲਿਆ। ਕੁਝ ਚਿਰ ਮਗਰੋਂ ਹੀ ਸਿੱਖਾਂ ਤੇ ਤੁਰਕਾਂ ਵਿਚ ਜ਼ਬਰਦਸਤ ਲੜਾਈ ਸ਼ੁਰੂ ਹੋ ਗਈ। ਦੋ-ਦੋ ਸਿੰਘ ਗੜ੍ਹੀ 'ਚੋਂ ਨਿਕਲ ਕੇ ਤੁਰਕ ਫ਼ੌਜਾਂ ਦੇ ਟਿੱਡੀ-ਦਲ ਨਾਲ ਜੂਝਦੇ ਰਹੇ। ਭਾਈ ਅਨਕ ਸਿੰਘ ਸ਼ੁਰੂ-ਸ਼ੁਰੂ ਵਿਚ ਨਿਕਲ ਕੇ ਲੜਾਈ ਕਰਨ ਵਾਲਿਆਂ ਵਿਚੋਂ ਇਕ ਸਨ। ਆਪ ਨੇ ਗੜ੍ਹੀ ਦੇ ਦਰਵਾਜ਼ੇ ਦੇ ਬਾਹਰ ਕਈ ਘੜੀਆਂ ਖ਼ੂਬ ਸ੍ਰੀ

ਸਾਹਿਬ ਵਾਹੀ ਅਤੇ ਤੁਰਕ ਫ਼ੌਜਾਂ ਦੇ ਆਹੂ ਲਾਹੇ। ਦੁਸ਼ਮਣਾਂ ਨੂੰ ਮੌਤ ਦੇ ਘਾਟ ਉਤਾਰਦਿਆਂ-ਉਤਾਰਦਿਆਂ ਭਾਈ ਅਨਕ ਸਿੰਘ ਆਪ ਵੀ ਅਖ਼ੀਰ ਸ਼ਹੀਦ ਹੋ ਗਏ।

ਭਾਈ ਅਨਕ ਸਿੰਘ ਨੇ ਆਪਣੀ ਸਾਰੀ ਜ਼ਿੰਦਗੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸੇਵਾ ਵਿਚ ਬਿਤਾ ਦਿੱਤੀ। ਭਾਈ ਅਨਕ ਸਿੰਘ ਉਸ ਦੇ ਭਰਾਵਾਂ ਪਿਤਾ ਤੇ ਹੋਰ ਰਿਸ਼ਤੇਦਾਰਾਂ ਦਾ ਗੁਰੂ ਸਾਹਿਬ ਨਾਲ ਬੜਾ ਨਿੱਘਾ ਪਿਆਰ ਸੀ। ਗੁਰੂ ਸਾਹਿਬ ਨੇ ਤਾਂ ਭਾਈ ਅਨਕ ਸਿੰਘ ਅਤੇ ਉਸ ਦੇ ਚਾਰ ਭਰਾਵਾਂ ਨੂੰ ਆਪਣੇ "ਖ਼ਾਸ ਫ਼ਰਜ਼ੰਦ" (ਬੇਟੇ) ਐਲਾਨਿਆ ਹੋਇਆ ਸੀ ਤੇ ਇਸ ਸਬੰਧੀ ਇਕ ਹੁਕਮਨਾਮਾ (ਖ਼ਤ) ਵੀ ਜਾਰੀ ਕੀਤਾ ਹੋਇਆ ਸੀ ਜਿਸ ਵਿਚ ਇਹ ਲਿਖਿਆ ਹੋਇਆ ਸੀ ਕਿ ਇਹ ਪੰਜੇ ਸਿੰਘ ਮੇਰੇ ਫ਼ਰਜ਼ੰਦੇ ਖ਼ਾਸ ਹਨ ਅਤੇ ਇਨ੍ਹਾਂ ਨੂੰ ਭੇਟ ਕੀਤੀ ਗਈ ਰਕਮ ਗੁਰੂ ਨੂੰ ਪੁੱਜੀ ਮੰਨੀ ਜਾਵੇਗੀ।

ਭਾਈ ਅਨਕ ਸਿੰਘ ਦੀ ਸ਼ਹੀਦੀ ਦਾ ਜ਼ਿਕਰ ਭੱਟ ਵਹੀਆਂ ਵਿਚ ਇੰਞ ਮਿਲਦਾ ਹੈ।

"ਅਨਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ, ਬੇਟੇ ਮਨੀ ਸਿੰਘ ਕੇ..., ਪੋਹ ਦਿਨ ਆਠ, ਸਾਲ ਸਤਰਾਂ ਸੈ ਬਾਸਠ ਚਮਕੌਰ ਕੇ ਮਲ੍ਹਾਨ ਪਰਗਨਾ ਰੋਪੜ, ਗੁਰੂ ਕੇ ਬੇਟੇ ਜੁਝਾਰ ਸਿੰਘ ਗੈਲ, ਸਾਮ੍ਹੇ ਮਾਥੇ ਰਣ ਮੇਂ ਜੂਝ ਕਰ ਮਰੇ। ਗੈਲੋਂ ਕਿਰਪਾ ਸਿੰਘ ਸਨਮੁਖ ਸਿੰਘ ਬੇਟੇ ਅੜੂ ਰਾਮ ਕੇ, ਭਾਰਦਵਾਜੀ ਗੋਤ੍ਰੇ ਮੁੰਝਾਲ, ਦੱਤ ਬ੍ਰਾਹਮਣ, ਮਾਰੇ ਗਏ।"

(ਭਟ ਵਹੀ ਖਿੰਜਲਉਤੋਂ ਕੀ ਖਾਤਾ ਜਲ੍ਹਾਨੋਂ ਕਾ)

ਹੋਰ ਤਫ਼ਸੀਲ ਵਾਸਤੇ ਵੇਖੋ: "ਭਾਈ ਮਨੀ ਸਿੰਘ ਦਾ ਕੁਰਸੀਨਾਮਾ"

ਭਾਈ ਅਜਬ ਸਿੰਘ ਪਰਮਾਰ

ਭਾਈ ਅਜਬ ਸਿੰਘ (ਪਰਮਾਰ) ਨੇ 7 ਦਸੰਬਰ 1705 ਦੇ ਦਿਨ ਚਮਕੌਰ ਦੀ ਗੜ੍ਹੀ ਦੇ ਬਾਹਰ ਜੂਝਦਿਆਂ ਸ਼ਹੀਦੀ ਜਾਮ ਪੀਤਾ ਸੀ।

ਭਾਈ ਅਜਬ ਸਿੰਘ (ਜਨਮ 17 ਜੂਨ 1772) ਭਾਈ ਮਨੀ ਸਿੰਘ ਦੇ ਪੁੱਤਰ, ਭਾਈ ਮਾਈਦਾਸ ਦੇ ਪੋਤੇ ਅਤੇ ਭਾਈ ਬੱਲੂ ਸ਼ਹੀਦ ਦੇ ਪੜਪੋਤੇ ਸਨ। ਇਸ ਪਰਿਵਾਰ ਨੇ ਗੁਰੂ ਘਰ ਦੀ ਬਹੁਤ ਸੇਵਾ ਕੀਤੀ ਸੀ ਅਤੇ ਇਨ੍ਹਾਂ ਵਿਚੋਂ ਦਰਜਨਾਂ ਜਣਿਆਂ ਨੇ ਸ਼ਹੀਦੀਆਂ

ਪਾਈਆਂ ਸਨ। ਭਾਈ ਅਜਬ ਸਿੰਘ ਭਾਈ ਮਨੀ ਸਿੰਘ ਦੇ ਪੰਜਵੇਂ ਵੱਡੇ ਬੇਟੇ ਸਨ। ਆਪ ਭਾਈ ਲਖੀ ਰਾਏ ਵਣਜਾਰਾ ਦੇ ਦੋਹਤੇ ਵੀ ਸਨ।

ਭਾਈ ਅਜਬ ਸਿੰਘ ਭਾਈ ਮਨੀ ਸਿੰਘ ਦੇ ਉਨ੍ਹਾਂ ਪੰਜਾਂ ਬੇਟਿਆਂ ਵਿਚੋਂ ਸਨ ਜਿਨ੍ਹਾਂ ਨੂੰ ਉਨ੍ਹਾਂ (ਭਾਈ ਮਨੀ ਸਿੰਘ) ਨੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਅਰਪਣ ਕਰ ਦਿੱਤਾ ਸੀ। ਇਸ ਕਰ ਕੇ ਇਹ ਪੰਜੇ ਗੁਰੂ ਸਾਹਿਬ ਕੋਲ ਅਨੰਦਪੁਰ ਸਾਹਿਬ ਹੀ ਰਿਹਾ ਕਰਦੇ ਸਨ ਤੇ ਗੁਰੂ ਘਰ ਦੀ ਸੇਵਾ ਕਰਿਆ ਕਰਦੇ ਸਨ।

ਜਦੋਂ ਗੁਰੂ ਸਾਹਿਬ ਨੇ ਖਾਲਸਾ ਪਰਗਟ ਕੀਤਾ ਤਾਂ ਪੰਜ ਪਿਆਰਿਆਂ ਅਤੇ ਪੰਜ ਮੁਕਤਿਆਂ ਤੋਂ ਮਗਰੋਂ ਆਪ ਨੇ ਪਹਿਲੇ ਬੈਚ ਵਿਚ ਅੰਮ੍ਰਿਤ ਛਕਿਆ ਸੀ ਤੇ ਅਜਬ ਦਾਸ ਤੋਂ ਅਜਬ ਸਿੰਘ ਬਣੇ ਸਨ। ਆਪ ਨੇ 1700 ਤੇ 1704 ਦੀਆਂ ਸਾਰੀਆਂ ਲੜਾਈਆਂ ਵਿਚ ਭਰਪੂਰ ਹਿੱਸਾ ਲਿਆ ਸੀ।

ਕਿਉਂਕਿ ਆਪ ਹਮੇਸ਼ਾ ਅਨੰਦਪੁਰ ਸਾਹਿਬ ਹੀ ਰਿਹਾ ਕਰਦੇ ਸਨ ਇਸ ਕਰ ਕੇ ਜਦੋਂ ਮਈ 1705 ਵਿਚ ਅਨੰਦਪੁਰ ਸਾਹਿਬ ਨੂੰ ਘੇਰਾ ਪਿਆ ਤਾਂ ਆਪ ਗੁਰੂ ਸਾਹਿਬ ਦੇ ਨਾਲ ਹੀ ਸਨ। 5 ਤੇ 6 ਦਸੰਬਰ ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਨੂੰ ਛੱਡ ਦੇਣ ਦਾ ਫ਼ੈਸਲਾ ਕੀਤਾ ਤਾਂ 40 ਸਿੱਖਾਂ ਨੇ ਗੁਰੂ ਸਾਹਿਬ ਦੇ ਅੰਗ-ਸੰਗ ਰਹਿ ਕੇ ਇਕੱਠੇ ਜੀਣ-ਮਰਣ ਦਾ ਪ੍ਰਣ ਕੀਤਾ। ਭਾਈ ਅਜਬ ਸਿੰਘ ਇਨ੍ਹਾਂ ਚਾਲੀਆਂ ਵਿਚੋਂ ਇਕ ਸਨ। 5 ਤੇ 6 ਦਸੰਬਰ ਦੀ ਰਾਤ ਨੂੰ ਇਹ ਕਾਫ਼ਲਾ ਅਨੰਦਪੁਰ ਸਾਹਿਬ ਤੋਂ ਚਲਿਆ ਅਤੇ ਕੀਰਤਪੁਰ ਤਕ ਮਹਿਫ਼ੂਜ਼ ਨਿਕਲ ਗਿਆ। ਇਸ ਮਗਰੋਂ ਸਰਸਾ ਨਦੀ ਦੇ ਕੰਢੇ 'ਤੇ ਅਤੇ ਮਲਕਪੁਰ ਰੰਘੜਾਂ ਵਿਚ ਇਸ ਸਿੱਖ ਵਹੀਰ ਨੂੰ ਜੰਗ ਲੜਨੀ ਪਈ। ਇਸ ਮੌਕੇ 'ਤੇ 250 ਤੋਂ ਵੱਧ ਸਿੱਖ ਸ਼ਹੀਦ ਹੋ ਗਏ। ਬਾਕੀਆਂ ਵਿਚੋਂ ਸਿਰਫ਼ 45 ਸਿੱਖ ਅਤੇ 2 ਵੱਡੇ ਸਾਹਿਬਜ਼ਾਦੇ ਹੀ ਗੁਰੂ ਸਾਹਿਬ ਦੇ ਨਾਲ ਰਹਿ ਗਏ। ਇਨ੍ਹਾਂ ਵਿਚ ਭਾਈ ਅਜਬ ਸਿੰਘ ਵੀ ਸਨ। 6 ਦਸੰਬਰ ਦਾ ਸਾਰਾ ਦਿਨ ਭਾਈ ਨਿਹੰਗ ਖਾਂ ਦੇ ਕਿਲ੍ਹੇ ਵਿਚ ਕੱਟਣ ਮਗਰੋਂ ਗੁਰੂ ਸਾਹਿਬ ਤੇ ਉਨ੍ਹਾਂ ਦੇ ਸਾਥੀ ਸਿੱਖ ਹਨੇਰਾ ਪਸਰਨ ਪਿੱਛੋਂ ਚਮਕੌਰ ਵਲ ਚਲ ਪਏ। 7 ਦਸੰਬਰ ਦੀ ਸਵੇਰ ਤਕ ਇਹ ਸਾਰੇ ਜਣੇ (ਗੁਰੂ ਸਾਹਿਬ, ਦੋ ਵੱਡੇ ਸਾਹਿਬਜ਼ਾਦੇ, ਪੰਜ ਪਿਆਰੇ, ਪੰਜ ਮੁਕਤੇ ਅਤੇ 35 ਹੋਰ ਸਿੱਖ) ਚਮਕੌਰ ਪੁਜ ਕੇ ਭਾਈ ਬੁਧੀ ਚੰਦ ਰਾਵਤ ਦੀ ਗੜ੍ਹੀ ਵਿਚ ਆਰਾਮ ਕਰਨ ਲਗ ਪਏ।

ਦੋ ਦਿਨਾਂ ਦੇ ਉਨੀਂਦੇ, ਭੁੱਖ ਤੇ ਜ਼ਖਮਾਂ ਦਾ ਸ਼ਿਕਾਰ ਹੋਏ ਇਹ ਸਾਰੇ ਸਿੱਖ ਅਜੇ ਥਕਾਵਟ ਲਾਹ ਹੀ ਰਹੇ ਸਨ ਕਿ ਕਿਸੇ ਨੇ ਖ਼ਬਰ ਲਿਆ ਦਿੱਤੀ ਕਿ ਰੋਪੜ ਦਾ ਥਾਣੇਦਾਰ ਨਾਹਰ ਖਾਂ ਇਕ ਵੱਡੀ ਫ਼ੌਜ ਲੈ ਕੇ ਚਮਕੌਰ ਵਲ ਆ ਰਿਹਾ ਹੈ। ਇਸ ਤੋਂ ਪਹਿਲਾਂ ਕਿ ਗੁਰੂ ਸਾਹਿਬ ਅਤੇ ਉਨ੍ਹਾਂ ਦੇ 47 ਸਾਥੀ ਉਥੋਂ ਨਿਕਲ ਸਕਦੇ ਸਰਹਿੰਦੀ ਫ਼ੌਜਾਂ ਨੇ ਚਮਕੌਰ ਨੂੰ ਘੇਰਾ ਪਾ ਲਿਆ ਸੀ। ਇਸ ਹਾਲਤ ਵਿਚ ਗੁਰੂ ਸਾਹਿਬ ਨੇ ਉਥੇ

ਹੀ ਲੜਾਈ ਕਰਨ ਦਾ ਫ਼ੈਸਲਾ ਕਰ ਲਿਆ। ਗੁਰੂ ਸਾਹਿਬ ਨੇ ਸਾਰੇ ਸਿੱਖਾਂ ਨੂੰ ਗੜ੍ਹੀ ਦੇ ਵੱਖ-ਵੱਖ ਮੋਰਚਿਆਂ 'ਤੇ ਤਾਈਨਾਤ ਕਰ ਦਿੱਤਾ। ਥੋੜੇ ਹੀ ਚਿਰ ਵਿਚ ਸਿੱਖਾਂ ਅਤੇ ਤੁਰਕ ਫ਼ੌਜਾਂ ਵਿਚ ਹੱਥੋ-ਹੱਥ ਲੜਾਈ ਸ਼ੁਰੂ ਹੋ ਗਈ। ਸਿੱਖ ਕਿਉਂਕਿ ਬਹੁਤ ਥੋੜੇ ਸਨ ਤੇ ਤੁਰਕ ਹਜ਼ਾਰਾਂ ਸਨ ਇਸ ਕਰ ਕੇ ਦੋ-ਦੋ ਸਿੱਖ ਗੜ੍ਹੀ ਦੇ ਦਰਵਾਜ਼ੇ 'ਤੇ ਆਉਂਦੇ ਸਨ ਤੇ ਹਮਲਾਵਰ ਫ਼ੌਜਾਂ ਦਾ ਟਾਕਰਾ ਕਰਦੇ ਸਨ। ਭਾਈ ਅਜਬ ਸਿੰਘ ਪਹਿਲਿਆਂ ਬੈਚਾਂ ਵਿਚ ਹੀ ਸ੍ਰੀ ਸਾਹਿਬ ਹੱਥ ਵਿਚ ਲੈ ਕੇ ਲੜਨ ਵਾਸਤੇ ਅੱਗੇ ਵਧੇ ਤੇ ਉਨ੍ਹਾਂ ਨੇ ਕਈ ਤੁਰਕ ਸਿਪਾਹੀਆਂ ਨੂੰ ਮਾਰ ਕੇ ਆਪ ਵੀ ਸ਼ਹੀਦੀ ਜਾਮ ਪੀਤਾ।

ਭਾਈ ਅਜਬ ਸਿੰਘ ਨੇ ਆਪਣੀ ਸਾਰੀ ਉਮਰ ਗੁਰੂ ਸਾਹਿਬ ਅਤੇ ਪੰਥ ਦੇ ਲੇਖੇ ਲਾ ਦਿੱਤੀ। ਉਹ ਉਨ੍ਹਾਂ ਪੰਜਾਂ ਵਿਚੋਂ ਸਨ ਜਿਨ੍ਹਾਂ ਨੂੰ ਗੁਰੂ ਸਾਹਿਬ ਆਪਣੇ 'ਫ਼ਰਜ਼ੰਦੇ-ਖ਼ਾਸ' ਆਖਿਆ ਕਰਦੇ ਸਨ। ਗੁਰੂ ਸਾਹਿਬ ਨੇ ਇਸ ਸਬੰਧ ਵਿਚ ਇਸ ਪਰਿਵਾਰ ਨੂੰ ਇਕ ਹੁਕਮਨਾਮਾ ਵੀ ਜਾਰੀ ਕੀਤਾ ਹੋਇਆ ਸੀ।

ਭਾਈ ਅਜਬ ਸਿੰਘ ਸ਼ਾਦੀ-ਸ਼ੁਦਾ ਸਨ। ਆਪ ਦੇ ਤਿੰਨ ਬੇਟੇ ਸਨ: ਭਾਈ ਲਾਲ ਸਿੰਘ, ਡਾਲੂ ਸਿੰਘ ਤੇ ਹਜ਼ਾਰਾ ਸਿੰਘ। ਇਨ੍ਹਾਂ ਵਿਚੋਂ ਸਭ ਤੋਂ ਨਿੱਕੇ ਭਾਈ ਹਜ਼ਾਰਾ ਸਿੰਘ ਦੇ ਅੱਗੋਂ ਚਾਰ ਬੇਟੇ ਸਨ: ਭਾਈ ਨਾਨੂ ਸਿੰਘ, ਜੀਤ ਸਿੰਘ, ਜੈ ਸਿੰਘ ਤੇ ਮੰਨਾ ਸਿੰਘ। ਅੱਗੋਂ ਇਨ੍ਹਾਂ ਦੀ ਔਲਾਦ ਵੀ ਚਲੀ। ਇਹ ਸਾਰੇ ਪੰਥ ਦੀ ਚੜ੍ਹਦੀ ਕਲਾ ਵਿਚ ਆਪਣਾ ਹਿੱਸਾ ਪਾਉਂਦੇ ਰਹੇ।

ਭਾਈ ਅਜਬ ਸਿੰਘ ਦੀ ਸ਼ਹੀਦੀ ਬਾਰੇ ਭੱਟ ਵਹੀਆਂ ਦਾ ਇੰਦਰਾਜ ਜਾਣਨ ਵਾਸਤੇ ਵੇਖੋ: "ਭਾਈ ਅਨਕ ਸਿੰਘ" ਅਤੇ ਹੋਰ ਤਫ਼ਸੀਲ ਵਾਸਤੇ ਵੇਖੋ: "ਭਾਈ ਬੱਲੂ ਦਾ ਕੁਰਸੀਨਾਮਾ" ਅਤੇ "ਭਾਈ ਅਜਬ ਸਿੰਘ ਦਾ ਕੁਰਸੀਨਾਮਾ"।

ਭਾਈ ਅਜਾਇਬ ਸਿੰਘ ਪਰਮਾਰ

ਭਾਈ ਅਜਾਇਬ ਸਿੰਘ ਅਨੰਦਪੁਰ ਸਾਹਿਬ ਦੇ ਚਾਲ੍ਹੀ ਮੁਕਤਿਆਂ ਵਿਚੋਂ ਇਕ ਸਨ। ਉਨ੍ਹਾਂ ਦੀ ਸ਼ਹੀਦੀ 7 ਦਸੰਬਰ 1705 ਦੇ ਦਿਨ ਚਮਕੌਰ ਦੀ ਗੜ੍ਹੀ ਦੇ ਬਾਹਰ ਤੁਰਕ ਫ਼ੌਜਾਂ ਨਾਲ ਲੜਦਿਆਂ ਹੋਈ ਸੀ।

ਭਾਈ ਅਜਾਇਬ ਸਿੰਘ (ਜਨਮ 10 ਜਨਵਰੀ 1677) ਭਾਈ ਮਨੀ ਸਿੰਘ ਦੇ ਬੇਟੇ, ਭਾਈ ਮਾਈ ਦਾਸ ਦੇ ਪੋਤੇ, ਸ਼ਹੀਦ ਭਾਈ ਬੱਲੂ ਦੇ ਪੜਪੋਤੇ ਅਤੇ ਭਾਈ ਲੱਖੀ ਰਾਏ ਯਾਦਵ ਵਣਜਾਰਾ ਦੇ ਦੋਹਤੇ ਸਨ। ਆਪ ਭਾਈ ਮਨੀ ਸਿੰਘ ਦੇ ਦਸਾਂ ਬੱਚਿਆਂ ਵਿਚੋਂ ਪੰਜਵੇਂ ਥਾਂ ਸਨ। ਆਪ ਨੂੰ ਆਪ ਦੇ ਚਾਰ ਹੋਰ ਭਰਾਵਾਂ (ਭਾਈ ਬਚਿਤਰ ਸਿੰਘ, ਉਦੈ ਸਿੰਘ, ਅਨਕ ਸਿੰਘ, ਤੇ ਅਜਬ ਸਿੰਘ) ਦੇ ਨਾਲ ਭਾਈ ਮਨੀ ਸਿੰਘ ਨੇ ਗੁਰੂ ਸਾਹਿਬ ਨੂੰ ਅਰਪਨ ਕੀਤਾ ਹੋਇਆ ਸੀ। ਇਹ ਪੰਜੇ ਭਰਾ ਗੁਰੂ ਸਾਹਿਬ ਦੇ ਕੋਲ ਅਨੰਦਪੁਰ ਸਾਹਿਬ ਹੀ ਰਿਹਾ ਕਰਦੇ ਸਨ। ਆਪ ਸਾਰੇ ਗੁਰੂ ਸਾਹਿਬ ਦੀ ਫ਼ੌਜ ਦੇ ਸਭ ਤੋਂ ਦਲੇਰ ਤੇ ਜਾਂ-ਬਾਜ਼ ਸਿਪਾਹੀਆਂ ਵਿਚੋਂ ਮੋਹਰੀ ਸਨ।

ਜਦੋਂ ਗੁਰੂ ਸਾਹਿਬ ਨੇ ਖਾਲਸਾ ਪਰਗਟ ਕਰ ਕੇ ਖੰਡੇ ਦੀ ਪਾਹੁਲ ਦੇਣੀ ਸ਼ੁਰੂ ਕੀਤੀ ਤਾਂ ਪੰਜ ਪਿਆਰਿਆਂ ਅਤੇ ਪੰਜ ਮੁਕਤਿਆਂ ਤੋਂ ਮਗਰੋਂ ਆਪ ਨੇ ਪਹਿਲੇ ਬੈਚ ਵਿਚ ਅੰਮ੍ਰਿਤ ਛਕਿਆ ਸੀ ਅਤੇ ਅਜਾਇਬ ਚੰਦ ਤੋਂ ਅਜਾਇਬ ਸਿੰਘ ਬਣੇ ਸਨ। ਆਪ ਨੇ ਅਨੰਦਪੁਰ ਸਾਹਿਬ 'ਤੇ ਹੋਏ ਹਰ ਹਮਲੇ ਦੇ ਟਾਕਰੇ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ ਸੀ ਤੇ ਦੁਸ਼ਮਣਾਂ ਦੇ ਆਹੂ ਲਾਹੇ ਸਨ।

1705 ਵਿਚ ਸੱਤ ਮਹੀਨੇ ਦੇ ਘੇਰੇ ਮਗਰੋਂ ਜਦੋਂ ਗੁਰੂ ਸਾਹਿਬ ਨੇ ਸੰਗਤਾਂ ਦੀ ਖ਼ਾਹਿਸ਼ ਨੂੰ ਸਾਹਵੇਂ ਰਖਦਿਆਂ ਅਨੰਦਪੁਰ ਛੱਡਣ ਦਾ ਫ਼ੈਸਲਾ ਕੀਤਾ ਤਾਂ ਉੱਥੇ ਬਚੇ ਹੋਏ 500 ਸਿੱਖਾਂ ਵਿਚੋਂ 40 ਸਿੱਖਾਂ ਨੇ ਗੁਰੂ ਸਾਹਿਬ ਦੇ ਅੰਗ-ਸੰਗ ਰਹਿ ਕੇ ਇਕੱਠੇ ਜੀਣ-ਮਰਨ ਦਾ ਪ੍ਰਣ ਕੀਤਾ। ਆਪ ਇਨ੍ਹਾਂ ਚਾਲ੍ਹੀਆਂ ਵਿਚੋਂ ਇਕ ਸਨ। 5 ਅਤੇ 6 ਦਸੰਬਰ 1705 ਦੀ ਰਾਤ ਨੂੰ ਆਪ ਗੁਰੂ ਸਾਹਿਬ ਦੇ ਨਾਲ ਹੀ ਕਿਲ੍ਹਾ ਅਨੰਦਗੜ੍ਹ ਤੋਂ ਟੁਰੇ ਅਤੇ ਕੀਰਤਪੁਰ, ਸਰਸਾ ਨਦੀ, ਕੋਟਲਾ ਨਿਹੰਗ ਤੋਂ ਹੁੰਦੇ ਹੋਏ 7 ਦਸੰਬਰ ਦੀ ਸਵੇਰ ਨੂੰ ਚਮਕੌਰ ਪੁੱਜੇ।

ਉਸੇ ਦੁਪਹਿਰ ਨੂੰ ਰੋਪੜ ਤੋਂ ਆਈ ਸਰਹਿੰਦੀ ਫ਼ੌਜ ਨੇ ਚਮਕੌਰ ਨੂੰ ਘੇਰਾ ਪਾ ਲਿਆ ਜਿਸ ਕਰ ਕੇ ਸਿੱਖਾਂ ਨੂੰ ਮਜਬੂਰਨ ਇਹ ਜੰਗ ਲੜਨੀ ਪਈ। ਇਸ ਜੰਗ ਵਿਚ ਸਿੱਖਾਂ ਦੀ ਗਿਣਤੀ ਸਿਰਫ਼ 47 ਸੀ ਤੇ ਤੁਰਕ ਫ਼ੌਜ ਹਜ਼ਾਰਾਂ ਵਿਚ ਸੀ। ਇਸ ਕਰ ਕੇ ਦੋ-ਦੋ ਸਿੱਖ ਚਮਕੌਰ ਦੀ ਗੜ੍ਹੀ ਵਿਚੋਂ ਨਿਕਲ ਕੇ ਵੱਡੀ ਤੁਰਕ ਫ਼ੌਜ ਨਾਲ ਅ-ਸਾਂਵੀ ਲੜਾਈ ਲੜਦੇ ਰਹੇ।

ਭਾਈ ਅਜਾਇਬ ਸਿੰਘ ਉਨ੍ਹਾਂ ਸਿੰਘਾਂ ਵਿਚੋਂ ਸਨ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਗੜ੍ਹੀ ਤੋਂ ਬਾਹਰ ਆ ਕੇ ਲੜਾਈ ਕੀਤੀ। ਉਨ੍ਹਾਂ ਨੇ ਬਹੁਤ ਸਾਰੇ ਹਮਲਾਵਰ ਸਿਪਾਹੀ ਮਾਰਨ ਮਗਰੋਂ ਆਪ ਵੀ ਸ਼ਹੀਦੀ ਜਾਮ ਪੀ ਲਿਆ । ਆਪ ਦਾ ਜਿਸਮ ਬਾਕੀ ਸਿੰਘਾਂ ਵਾਂਗ ਹੀ, ਜ਼ਖ਼ਮਾਂ ਨਾਲ ਭਰਿਆ ਪਿਆ ਸੀ।

ਭਾਈ ਅਜਾਇਬ ਸਿੰਘ ਨੇ ਕਿਉਂਕਿ ਆਪਣੀ ਜ਼ਿੰਦਗੀ ਗੁਰੂ ਸਾਹਿਬ ਨੂੰ ਅਰਪਣ ਕੀਤੀ ਹੋਈ ਸੀ, ਇਸ ਕਰ ਕੇ ਗੁਰੂ ਜੀ ਦੀ ਉਨ੍ਹਾਂ 'ਤੇ ਖ਼ਾਸ ਮਿਹਰ ਸੀ। ਗੁਰੂ ਜੀ ਉਨ੍ਹਾਂ

ਨੂੰ ਆਪਣੇ ਫ਼ਰਜ਼ੰਦੇ-ਖ਼ਾਸ ਆਖ ਕੇ ਬੁਲਾਂਦੇ ਸਨ ਤੇ ਉਨ੍ਹਾਂ ਨੇ ਇਸ ਸਬੰਧੀ ਇਸ ਪਰਿਵਾਰ ਨੂੰ ਇਕ ਹੁਕਮਨਾਮਾ ਵੀ ਦਿੱਤਾ ਹੋਇਆ ਸੀ। (ਇਸ ਹੁਕਮਨਾਮੇ ਵਾਸਤੇ ਵੇਖੋ: ਜੀਵਨੀ ਭਾਈ ਊਦੈ ਸਿੰਘ)।

ਭਾਈ ਅਜਾਇਬ ਸਿੰਘ ਦੀ ਸ਼ਹੀਦੀ ਬਾਰੇ ਭੱਟ ਵਹੀਆਂ ਦੀ ਐਂਟਰੀ ਜਾਣਨ ਵਾਸਤੇ ਵੇਖੋ: ਭਾਈ ਅਨਕ ਸਿੰਘ ਅਤੇ ਹੋਰ ਤਫ਼ਸੀਲ ਵਾਸਤੇ ਵੇਖੋ: ''ਭਾਈ ਬੱਲੂ ਦਾ ਕੁਰਸੀਨਾਮਾ।''

ਭਾਈ ਦਾਨ ਸਿੰਘ ਪਰਮਾਰ

ਭਾਈ ਦਾਨ ਸਿੰਘ ਪਰਮਾਰ ਨੇ 7 ਦਸੰਬਰ 1705 ਦੇ ਦਿਨ ਚਮਕੌਰ ਵਿਚ ਸ਼ਹੀਦੀ ਹਾਸਿਲ ਕੀਤੀ ਸੀ।

ਭਾਈ ਦਾਨ ਸਿੰਘ ਭਾਈ ਮਾਈ ਦਾਸ ਦੇ ਬੇਟੇ, ਸ਼ਹੀਦ ਭਾਈ ਬੱਲੂ ਦੇ ਪੋਤੇ ਤੇ ਭਾਈ ਮੂਲਾ ਦੇ ਪੜਪੋਤੇ ਸਨ। ਆਪ ਭਾਈ ਮਨੀ ਸਿੰਘ ਦੇ ਛੋਟੇ ਭਰਾ ਸਨ। ਆਪ ਦਾ ਬਚਪਨ ਦਾ ਨਾਂ ਦੁਨੀ ਚੰਦ ਸੀ ਤੇ ਖੰਡੇ ਦੀ ਪਾਹੁਲ ਹਾਸਿਲ ਕਰਨ ਮਗਰੋਂ ਆਪ ਭਾਈ ਦਾਨ ਸਿੰਘ ਬਣੇ ਸਨ।

ਭਾਈ ਦਾਨ ਸਿੰਘ ਬੜੇ ਤਗੜੇ ਜਵਾਨ ਤੇ ਜੰਗਜੂ ਸੁਭਾਅ ਦੇ ਸੰਤ ਸਿਪਾਹੀ ਸਨ। ਆਪ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਫ਼ੌਜ ਦੇ ਬਹਾਦਰ ਸਿਪਾਹੀਆਂ ਵਿਚੋਂ ਇਕ ਸਨ। ਆਪ ਅਕਸਰ ਅਨੰਦਪੁਰ ਸਾਹਿਬ ਹੀ ਰਿਹਾ ਕਰਦੇ ਸਨ। ਆਪ ਨੇ ਅਨੰਦਪੁਰ ਸਾਹਿਬ ਤੇ ਨਿਰਮੋਹਗੜ੍ਹ ਦੀਆਂ ਲੜਾਈਆਂ ਵਿਚ ਭਰਪੂਰ ਹਿੱਸਾ ਲਿਆ ਸੀ।

ਦਸੰਬਰ 1705 ਵਿਚ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਛੱਡਿਆ ਤਾਂ ਆਪ ਉਨ੍ਹਾਂ 40 ਸਿੰਘਾਂ ਵਿਚੋਂ ਇਕ ਸਨ ਜਿਨ੍ਹਾਂ ਨੇ ਗੁਰੂ ਸਾਹਿਬ ਦੇ ਨਾਲ ਜੀਣ-ਮਰਨ ਦਾ ਪ੍ਰਣ ਕੀਤਾ ਸੀ। ਇਨ੍ਹਾਂ ਚਾਲੀ ਸਿੱਖਾਂ ਨੂੰ **''ਅਨੰਦਪੁਰ ਦੇ ਚਾਲੀ ਮੁਕਤੇ''** ਆਖ ਕੇ ਯਾਦ ਕੀਤਾ ਜਾਂਦਾ ਹੈ।

5 ਤੇ 6 ਦਸੰਬਰ ਦੀ ਅੱਧੀ ਰਾਤ ਨੂੰ ਗੁਰੂ ਸਾਹਿਬ ਇਨ੍ਹਾਂ 40 ਸਿੰਘਾਂ ਤੇ ਬਾਕੀ ਵਹੀਰ ਦੇ ਨਾਲ ਅਨੰਦਪੁਰ ਸਾਹਿਬ ਤੋਂ ਟੁਰ ਕੇ ਪਹੁ-ਫੁੱਟਣ ਤੋਂ ਪਹਿਲਾਂ ਕੀਰਤਪੁਰ ਸਾਹਿਬ ਪਹੁੰਚ ਗਏ ਤੇ ਉਥੋਂ 15 ਕਿਲੋਮੀਟਰ ਦੂਰ ਸਰਸਾ ਨਦੀ ਪਾਰ ਕਰਨ ਵਾਸਤੇ ਨੰਗਲ ਗੁਜਰਾਂ (ਹੁਣ ਨੰਗਲ ਸਰਸਾ) ਪਿੰਡ ਵੱਲ ਚਲ ਪਏ। ਏਨੇ ਵਿਚ ਪਹਾੜੀ ਅਤੇ ਤੁਰਕ ਫ਼ੌਜਾਂ ਨੇ ਆਪ 'ਤੇ ਹਮਲਾ ਕਰ ਦਿੱਤਾ। ਤੀਰਾਂ ਤੇ ਬੰਦੂਕਾਂ ਦੀ ਲੜਾਈ ਵਿਚ ਗੁਰੂ ਸਾਹਿਬ, ਉਨ੍ਹਾਂ ਦਾ ਪਰਿਵਾਰ ਇਨ੍ਹਾਂ ਚਾਲ੍ਹੀਆਂ ਵਿਚੋਂ 37 ਮੁਕਤੇ ਤੇ ਭਾਈ ਬਚਿਤਰ ਸਿੰਘ ਦਾ ਜਥਾ ਨਦੀ ਪਾਰ ਕਰ ਗਏ। ਇਥੋਂ ਇਹ ਵਹੀਰ ਤਿੰਨ ਵੱਖ-ਵੱਖ ਹਿੱਸਿਆਂ ਵਿਚ ਹੋ ਗਈ।

7 ਦਸੰਬਰ ਦੀ ਸਵੇਰ ਵੇਲੇ ਆਪ ਗੁਰੂ ਸਾਹਿਬ ਦੇ ਨਾਲ ਚਮਕੌਰ ਦੀ ਗੜ੍ਹੀ ਵਿਚ ਪੁਜ ਚੁਕੇ ਸਨ। ਦੁਪਹਿਰ ਵੇਲੇ ਇਸ ਗੜ੍ਹੀ ਨੂੰ ਮੁਗ਼ਲ ਫ਼ੌਜਾਂ ਨੇ ਘੇਰ ਲਿਆ। ਛੇਤੀ ਹੀ ਇਨ੍ਹਾਂ 47 ਸਿੰਘਾਂ ਅਤੇ ਮੁਗ਼ਲ ਫ਼ੌਜਾਂ ਵਿਚ ਲੜਾਈ ਸ਼ੁਰੂ ਹੋ ਗਈ। ਗੜ੍ਹੀ ਵਿਚੋਂ ਦੋ-ਦੋ ਸਿੰਘ ਨਿਕਲ ਕੇ ਮੁਗ਼ਲ ਫ਼ੌਜਾਂ ਨਾਲ ਲੜਦੇ ਸਨ। ਉਹ ਬਹੁਤ ਸਾਰੇ ਮੁਗ਼ਲ ਸਿਪਾਹੀਆਂ ਨੂੰ ਮਾਰਦੇ ਉਦੋਂ ਤੱਕ ਲੜਦੇ ਰਹਿੰਦੇ ਸਨ ਜਦੋਂ ਤੱਕ ਉਹ ਆਪ ਵੀ ਸ਼ਹੀਦ ਨਹੀਂ ਹੋ ਜਾਂਦੇ ਸਨ। ਹੋਰਨਾਂ ਦੇ ਨਾਲ-ਨਾਲ ਭਾਈ ਦਾਨ ਸਿੰਘ ਇਸ ਮੌਕੇ 'ਤੇ ਡੱਟ ਕੇ ਲੜੇ ਅਤੇ ਸ਼ਹੀਦੀ ਜਾਮ ਪੀਤਾ।

ਭਾਈ ਦਾਨ ਸਿੰਘ ਦੀ ਸ਼ਹੀਦੀ ਬਾਰੇ ਭੱਟ ਵਹੀਆਂ ਵਿਚ ਇਕ ਇੰਦਰਾਜ ਇੰਞ ਮਿਲਦਾ ਹੈ:

''*ਦਾਨ ਸਿੰਘ ਬੇਟਾ ਮਾਈ ਦਾਸ ਕਾ, ਪੋਤਾ ਬੱਲੂ ਕਾ, ਪੜਪੋਤਾ ਮੂਲੇ ਕਾ,* ਚੰਦਰਬੰਸੀ ਭਾਰਦਵਾਜੀ, ਗੋਤਰਾ ਪਰਿਵਾਰ, ਬੰਸ ਬੀਝੇ ਦਾ, ਬੰਝਰਉਤ, ਰਦਉਤ, ਜਲਹਾਨਾ, ਬਲਉਤ, ਗੁਰੂ ਕੇ ਬੇਟੇ ਜੁਝਾਰ ਸਿੰਘ ਗੈਲ ਆਧ ਘਰੀ ਦਿਨ ਖਰੇ, ਚਮਕੌਰ ਕੇ ਮਲਹਾਨ, ਪਰਗਨਾ ਰੋਪਰ, ਸਾਲ ਸਤਰਾਂ ਸੈ ਬਾਹਸਠ, ਪੋਹ ਸੁਦੀ ਤੀਜ ਕੋ, ਸਾਮ੍ਹੇ ਮਾਥੇ ਰਨ ਮੇਂ ਜੂਝ ਕਰ ਮਰਾ। ਗੈਲੋਂ ਕ੍ਰਿਪਾ ਸਿੰਘ ਸਨਮੁਖ ਸਿੰਘ ਬੇਟੇ ਅੜੂ ਕੇ ਪੋਤੇ ਨਰੈਣ ਦਾਸ ਕੇ, ਬੰਸ ਠਾਕਰ ਕਾ, ਭਾਰਦਵਾਜੀ ਗੋਤਰੇ ਮੁੰਝਾਲ ਦਤ ਬ੍ਰਾਹਮਣ ਮਾਰੇ ਗਏ।''

(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਜਲਹਾਨੋਂ ਕਾ)

ਆਪ ਤੋਂ ਮਗਰੋਂ ਆਪ ਦੇ ਚਾਰੇ ਬੇਟੇ (ਭਾਈ ਸੁਜਾਨ ਸਿੰਘ, ਭਾਈ ਸੰਗਤ ਸਿੰਘ, ਭਾਈ ਬਾਲ ਸਿੰਘ ਤੇ ਭਾਈ ਤੇਗਾ ਸਿੰਘ) ਵੀ ਖਾਲਸਾ ਫ਼ੌਜ ਦਾ ਹਿੱਸਾ ਬਣੇ ਅਤੇ ਜੂਝਦੇ ਰਹੇ। ਇਸ ਪਰਿਵਾਰ ਦੇ ਵਾਰਿਸ ਅਜੇ ਵੀ ਦੁਨੇਰਾ, ਕਲੀਚਪੁਰ ਪਿੰਡਾਂ (ਜ਼ਿਲ੍ਹਾ ਗੁਰਦਾਸਪੁਰ) ਵਿਚ ਰਹਿੰਦੇ ਹਨ।

ਹੋਰ ਤਫ਼ਸੀਲ ਵਾਸਤੇ ਵੇਖੋ: ਭਾਈ ਦਾਨ ਸਿੰਘ ਦਾ ਕੁਰਸੀਨਾਮਾ।

ਭਾਈ ਨਾਨੂੰ ਸਿੰਘ ਦਿਲਵਾਲੀ

ਭਾਈ ਨਾਨੂੰ ਸਿੰਘ ਭਾਈ ਬਾਘਾ ਦੇ ਬੇਟੇ, ਭਾਈ ਊਦਾ ਦੇ ਪੋਤੇ ਅਤੇ ਭਾਈ ਕਲਿਆਣਾ ਦੇ ਪੜਪੋਤੇ ਸਨ। ਆਪ ਛੀਂਬਾ ਖ਼ਾਨਦਾਨ ਨਾਲ ਸਬੰਧ ਰਖਦੇ ਸਨ। ਆਪ ਦਿਲੀ ਦੇ ਦਿਲਵਾਲੀ ਇਲਾਕੇ ਵਿਚ ਰਿਹਾ ਕਰਦੇ ਸਨ। ਆਪ ਦੇ ਪੜਦਾਦਾ ਭਾਈ ਕਲਿਆਣਾ ਨੇ ਆਪਣੇ ਘਰ ਦੇ ਇਕ ਹਿੱਸੇ ਵਿਚ ਧਰਮਸਾਲਾ ਬਣਾਈ ਹੋਈ ਸੀ। ਇਥੇ ਹਰ ਰੋਜ਼ ਸੰਗਤਾਂ ਇਕੱਠੀਆਂ ਹੋ ਕੇ ਕੀਰਤਨ ਕਰਿਆ ਕਰਦੀਆਂ ਸਨ। ਬਾਹਰੋਂ ਆਏ ਗਏ ਲੋਕ ਵੀ ਉਥੇ ਰਿਹਾ ਕਰਦੇ ਸਨ। ਗੁਰੂ ਤੇਗ ਬਹਾਦਰ ਸਾਹਿਬ ਵੀ ਘੱਟੋ-ਘੱਟ ਦੋ ਵਾਰੀ ਏਥੇ ਜ਼ਰੂਰ ਠਹਿਰੇ ਸਨ। ਇਸ ਤੋਂ ਪਤਾ ਲਗਦਾ ਹੈ ਕਿ ਭਾਈ ਕਲਿਆਣਾ ਗੁਰੂ ਸਾਹਿਬ ਦੇ ਪ੍ਰਮੁੱਖ ਸਿੱਖਾਂ ਵਿਚੋਂ ਇਕ ਸਨ ਅਤੇ ਦਿੱਲੀ ਦੀ ਸੰਗਤ ਦੇ ਉਹ ਮੁਖੀ ਸਨ। ਭਾਈ ਨਾਨੂੰ ਸਿੰਘ ਦੇ ਭਰਾ ਭਾਈ ਤੁਲਸਾ ਰਾਏ ਗੁਰੂ ਤੇਗ ਬਹਾਦਰ ਸਾਹਿਬ ਦੇ ਵੇਲੇ ਤੋਂ ਦਿੱਲੀ ਵਿਚ ਮਸੰਦ ਦੀ ਸੇਵਾ ਨਿਭਾ ਰਹੇ ਸਨ। ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਮਸੰਦਾਂ ਨੂੰ ਅਨੰਦਪੁਰ ਸਾਹਿਬ ਵਿਚ ਤਲਬ ਕੀਤਾ ਅਤੇ ਮੁਜਰਿਮ ਮਸੰਦਾਂ ਨੂੰ ਸਜ਼ਾ ਦਿੱਤੀ ਤਾਂ ਭਾਈ ਤੁਲਸਾ ਰਾਏ ਉਨ੍ਹਾਂ ਗਿਣੇ-ਚੁਣੇ ਮਸੰਦਾਂ ਵਿਚੋਂ ਇਕ ਸਨ ਜਿਹੜੇ ਸੱਚੇ-ਸੁੱਚੇ ਨਿਕਲੇ ਸਨ ਅਤੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਨਿਵਾਜਿਆ ਸੀ। ਭਾਈ ਨਾਨੂੰ ਸਿੰਘ ਦਾ ਪਹਿਲਾ ਨਾਂ ਨਾਨੂੰ ਰਾਮ ਸੀ। ਜਦੋਂ ਗੁਰੂ ਤੇਗ ਬਹਾਦਰ ਸਾਹਿਬ ਦਿੱਲੀ ਵਿਚ ਸ਼ਹੀਦ ਹੋਏ ਸਨ ਤਾਂ ਭਾਈ ਨਾਨੂੰ ਉੱਥੇ ਹੀ ਸਨ। ਜਦੋਂ ਭਾਈ ਜੈਤਾ ਗੁਰੂ ਸਾਹਿਬ ਦਾ ਸੀਸ ਚਾਂਦਨੀ ਚੌਕ ਤੋਂ ਚੁੱਕ ਕੇ ਲਿਆਏ ਤਾਂ ਭਾਈ ਨਾਨੂੰ ਰਾਮ, ਭਾਈ ਊਦਾ, ਭਾਈ ਜੈਤਾ ਤੇ ਭਾਈ ਆਗਿਆ (ਪਿਤਾ ਭਾਈ ਜੈਤਾ) ਦੇ ਨਾਲ ਗੁਰੂ ਸਾਹਿਬ ਦਾ ਸੀਸ ਲੈ ਕੇ ਚੱਕ ਨਾਨਕੀ ਗਏ ਸਨ। ਜਦੋਂ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪ੍ਰਗਟ ਕੀਤਾ ਤੇ ਖੰਡੇ ਦੀ ਪਾਹੁਲ ਸ਼ੁਰੂ ਕੀਤੀ ਤਾਂ ਭਾਈ ਨਾਨੂੰ ਰਾਮ ਨੇ ਪਹਿਲੇ ਦਿਨ ਚੌਥੇ ਬੈਚ ਵਿਚ ਅੰਮ੍ਰਿਤ ਛਕਿਆ ਅਤੇ ਭਾਈ ਨਾਨੂੰ ਸਿੰਘ ਬਣ ਗਏ।

ਭਾਈ ਨਾਨੂੰ ਸਿੰਘ ਦਲੇਰ, ਬਹਾਦਰ ਅਤੇ ਹਿੰਮਤੀ ਸਿੰਘ ਸਨ। ਉਹ ਸ਼ਸਤਰ ਚਲਾਉਣ ਵਿਚ ਵੀ ਬੜੇ ਮਾਹਿਰ ਸਨ। ਉਨ੍ਹਾਂ ਨੇ ਅਨੰਦਪੁਰ ਅਤੇ ਨਿਰਮੋਹਗੜ੍ਹ ਦੀਆਂ ਲੜਾਈਆਂ ਵਿਚ ਹਿੱਸਾ ਲਿਆ ਸੀ।

5 ਅਤੇ 6 ਦਸੰਬਰ ਦੀ ਰਾਤ ਨੂੰ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਸਾਹਿਬ ਛੱਡਿਆ ਤਾਂ ਜਿਹੜੇ ਚਾਲ੍ਹੀ ਸਿੰਘਾਂ ਨੇ ਆਪ ਜੀ ਦੇ ਨਾਲ ਜੀਣ-ਮਰਨ ਦਾ ਪ੍ਰਣ ਕੀਤਾ ਉਨ੍ਹਾਂ ਚਾਲ੍ਹੀ ਮੁਕਤਿਆਂ ਵਿਚੋਂ ਆਪ ਇਕ ਸਨ। ਆਪ ਗੁਰੂ ਜੀ

ਨਾਲ ਅਨੰਦਪੁਰ ਸਾਹਿਬ ਤੋਂ ਚਲ ਕੇ ਕੀਰਤਪੁਰ ਸਾਹਿਬ ਤੋਂ ਹੁੰਦੇ ਹੋਏ ਸਰਸਾ ਨਦੀ ਪਾਰ ਕਰ ਕੇ ਰੋਪੜ ਦੇ ਰਸਤੇ ਚਮਕੌਰ ਪੁਜ ਗਏ। ਚਮਕੌਰ ਵਿਚ ਆਪ ਗੁਰੂ ਜੀ ਦੇ ਨਾਲ ਭਾਈ ਬੁੱਧੀ ਚੰਦ ਰਾਵਤ ਦੀ ਗੜ੍ਹੀ ਵਿਚ ਠਹਿਰੇ। ਉਸੇ ਦਿਨ ਦੁਪਹਿਰ ਵੇਲੇ ਮੁਗ਼ਲ ਫ਼ੌਜਾਂ ਨੇ ਗੜ੍ਹੀ ਨੂੰ ਚੌਹਾਂ ਪਾਸਿਆਂ ਤੋਂ ਘੇਰ ਲਿਆ। ਉਸ ਵੇਲੇ ਗੜ੍ਹੀ ਦੇ ਅੰਦਰ ਸਿਰਫ਼ 47 ਸਿੱਖ ਸਨ। ਦੂਜੇ ਪਾਸੇ ਘੇਰਾ ਪਾਉਣ ਵਾਲੀਆਂ ਫ਼ੌਜਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ। ਇਨ੍ਹਾਂ ਗਿਣਤੀ ਦੇ ਸਿੰਘਾਂ ਨੇ ਇਕ-ਇਕ, ਦੋ-ਦੋ ਕਰ ਕੇ ਗੜ੍ਹੀ ਵਿਚੋਂ ਨਿਕਲ ਕੇ ਮੁਗ਼ਲ ਫ਼ੌਜਾਂ ਨਾਲ ਹੱਥੋ-ਹੱਥ ਲੜਾਈ ਕੀਤੀ ਤੇ ਬਹੁਤ ਸਾਰੇ ਮੁਗ਼ਲ ਸਿਪਾਹੀਆਂ ਨੂੰ ਮਾਰ ਮੁਕਾਇਆ। ਸ਼ਾਮ ਤਕ ਬਹੁਤੇ ਸਿੰਘ ਸ਼ਹੀਦ ਹੋ ਚੁਕੇ ਸਨ। ਇਨ੍ਹਾਂ ਵਿਚੋਂ ਭਾਈ ਨਾਨੂੰ ਸਿੰਘ ਦਿਲਵਾਲੀ ਵੀ ਸਨ। ਭਾਈ ਨਾਨੂੰ ਸਿੰਘ ਦਿਲਵਾਲੀ ਦੇ ਦੋ ਬੇਟੇ ਸਨ: ਭਾਈ ਘਰਬਾਰਾ ਸਿੰਘ ਤੇ ਭਾਈ ਦਰਬਾਰਾ ਸਿੰਘ। ਭਾਈ ਘਰਬਾਰਾ ਸਿੰਘ ਅਨੰਦਪੁਰ ਸਾਹਿਬ ਦੀ ਲੜਾਈ ਵਿਚ 31 ਅਗਸਤ 1700 ਦੇ ਦਿਨ ਅਗੰਮਗੜ੍ਹ ਕਿਲ੍ਹੇ ਦੇ ਬਾਹਰ ਸ਼ਹੀਦ ਹੋਏ ਸਨ ਅਤੇ ਦੂਜੇ ਬੇਟੇ ਜਥੇਦਾਰ ਦਰਬਾਰਾ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਤੋਂ ਮਗਰੋਂ ਖ਼ਾਲਸਾ ਫ਼ੌਜਾਂ ਦੇ ਜਥੇਦਾਰ ਬਣੇ ਸਨ। ਉਨ੍ਹਾਂ ਨੇ 1734 ਵਿਚ ਚੜ੍ਹਾਈ ਕੀਤੀ ਸੀ।

ਹੋਰ ਤਫ਼ਸੀਲ ਵਾਸਤੇ ਵੇਖੋ: ਭਾਈ ਨਾਨੂੰ ਸਿੰਘ ਦਾ ਕੁਰਸੀਨਾਮਾ।

ਭਾਈ ਆਲਿਮ ਸਿੰਘ ਨੱਚਣਾ (ਚੌਹਾਨ), ਭਾਈ ਬੀਰ ਸਿੰਘ ਚੌਹਾਨ, ਭਾਈ ਮੋਹਰ ਸਿੰਘ ਚੌਹਾਨ, ਭਾਈ ਅਮੋਲਕ ਸਿੰਘ ਚੌਹਾਨ

ਸਿੱਖ ਤਵਾਰੀਖ਼ ਵਿਚ ਕੁਝ ਟੱਬਰ ਅਜਿਹੇ ਹਨ ਜਿਨ੍ਹਾਂ ਨੇ ਗੁਰੂ ਘਰ ਦੀ ਸੇਵਾ ਵਿਚ ਲਾਸਾਨੀ ਰੋਲ ਅਦਾ ਕੀਤਾ ਸੀ। ਇਨ੍ਹਾਂ ਦੀਆਂ ਪੰਜ-ਪੰਜ, ਛੇ-ਛੇ ਪੁਸ਼ਤਾਂ ਨੇ ਸਿੱਖ ਪੰਥ ਦੀ ਸੇਵਾ ਵਿਚ ਵੱਧ ਚੜ੍ਹ ਕੇ ਹਿੱਸਾ ਪਾਇਆ। ਇਨ੍ਹਾਂ ਟੱਬਰਾਂ ਵਿਚ ਹੋਰਾਂ ਦੇ ਨਾਲ ਨਾਲ ਭਾਈ ਆਲਿਮ ਸਿੰਘ 'ਨੱਚਣਾ' ਦੇ ਪਰਿਵਾਰ ਦੀ ਸੇਵਾ ਵੀ ਬੇਮਿਸਾਲ ਹੈ।

ਭਾਈ ਆਲਿਮ ਸਿੰਘ ਨੱਚਣਾ ਵਤਸ-ਚੋਹਾਨ ਗੋਤ ਦੇ ਰਾਜਪੂਤ ਸਨ। ਇਨ੍ਹਾਂ ਦੇ ਵੱਡੇ ਵਡੇਰੇ ਸੋਧਰਾ (ਜ਼ਿਲ੍ਹਾ ਵਜ਼ੀਰਾ ਬਾਦ) ਦੇ ਰਹਿਣ ਵਾਲੇ ਸਨ। ਮਗਰੋਂ ਇਹ ਜ਼ਿਲ੍ਹਾ ਸਿਆਲਕੋਟ ਦੇ ਨੇੜੇ ਦੇ ਪਿੰਡ ਦਬੁਰਜੀ ਵਿਚ ਚਲੇ ਗਏ ਸਨ।

ਇਨ੍ਹਾਂ ਦੇ ਵੱਡਿਆਂ ਵਿਚੋਂ ਸਭ ਤੋਂ ਪੁਰਾਣਾ ਨਾਂ ਭਾਈ ਹਾਜਤ ਦਾ ਆਉਂਦਾ ਹੈ। ਭਾਈ ਹਾਜਤ ਦੇ ਪੁੱਤਰ ਭਾਈ ਉਦੈ ਕਰਨ ਗੁਰੂ ਰਾਮਦਾਸ ਸਾਹਿਬ ਜਾਂ ਗੁਰੂ ਅਰਜਨ ਸਾਹਿਬ ਵੇਲੇ ਸਿੱਖ ਪੰਥ ਦਾ ਹਿੱਸਾ ਬਣੇ ਸਨ। ਭਾਈ ਉਦੈ ਕਰਨ ਆਪਣੇ ਇਲਾਕੇ ਦੇ ਮੰਨੇ ਪਰਮੰਨੇ ਸ਼ਖ਼ਸ ਸਨ ਇਸੇ ਕਰ ਕੇ ਇਨ੍ਹਾਂ ਦੇ ਪਿੰਡ ਨੂੰ "ਦਬੁਰਜੀ ਉਦੈ ਕਰਨ ਵਾਲੀ" ਵੀ ਆਖਿਆ ਜਾਂਦਾ ਸੀ।

ਭਾਈ ਉਦੈ ਕਰਨ ਦੇ ਪੁੱਤਰ ਭਾਈ ਅੰਬੀਆ ਸਨ। ਤਵਾਰੀਖ਼ ਵਿਚ ਉਨ੍ਹਾਂ ਦਾ ਜ਼ਿਕਰ "ਅੰਬੀਆ ਹਜਾਵਤ" ਵਜੋਂ ਆਉਂਦਾ ਹੈ। ਭਾਈ ਅੰਬੀਆ ਗੁਰੂ ਅਰਜਨ ਸਾਹਿਬ ਦੇ ਦਰਸ਼ਨ ਕਰਨ ਅਕਸਰ ਆਉਂਦੇ ਰਹਿੰਦੇ ਸਨ। ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਮਗਰੋਂ ਵੀ ਭਾਈ ਅੰਬੀਆ ਦੇ ਪੁੱਤਰ ਭਾਈ ਕੋਲਦਾਸ ਗੁਰੂ ਘਰ ਨਾਲ ਜੁੜੇ ਰਹੇ। ਗੁਰੂ ਹਰਿਗੋਬਿੰਦ ਸਾਹਿਬ ਦੀ ਗਵਾਲੀਅਰ ਕਿਲ੍ਹੇ ਵਿਚ ਨਜ਼ਰਬੰਦੀ ਦੌਰਾਨ ਵੀ ਭਾਈ ਕੋਲ ਦਾਸ "ਗੁਰੂ ਦਾ ਚੱਕ" (ਅੰਮ੍ਰਿਤਸਰ) ਆਉਂਦੇ ਰਹੇ। ਰਿਹਾਈ ਮਗਰੋਂ 27 ਜਨਵਰੀ 1620 ਦੇ ਦਿਨ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਗੋਇੰਦਵਾਲ ਸਨ ਤਾਂ ਭਾਈ ਕੋਲ ਦਾਸ ਦੇ ਪੁੱਤਰ ਭਾਈ ਪਦਮਾ ਵੀ ਉਥੇ ਹਾਜ਼ਿਰ ਸਨ। ਗੋਇੰਦਵਾਲ ਵਿਚ ਜਹਾਂਗੀਰ ਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਮੁਲਾਕਾਤ ਹੋਈ ਸੀ। ਉਥੋਂ ਆਪ ਇਕੱਠੇ ਕਲਾਨੌਰ (ਜ਼ਿਲ੍ਹਾ ਗੁਰਦਾਸਪੁਰ) ਪੁੱਜੇ। ਗੁਰੂ ਸਾਹਿਬ ਦੇ ਨਾਲ ਹੋਰਨਾਂ ਤੋਂ ਇਲਾਵਾ ਭਾਈ ਪਦਮਾ (ਪੁਤਰ ਭਾਈ ਕੋਲਦਾਸ ਹਜਾਵਤ) ਵੀ ਜਹਾਂਗੀਰ ਦੇ ਨਾਲ-ਨਾਲ ਗੋਇੰਦਵਾਲ ਤੋਂ ਕਲਾਨੌਰ ਆਏ ਸਨ।

ਕਲਾਨੌਰ ਤੋਂ ਗੁਰੂ ਹਰਿਗੋਬਿੰਦ ਸਾਹਿਬ ਤੇ ਜਹਾਂਗੀਰ ਕਸ਼ਮੀਰ ਵਲ ਇਕੱਠੇ ਗਏ। 28 ਦਸੰਬਰ 1620 ਦੇ ਦਿਨ ਗੁਰੂ ਸਾਹਿਬ "ਗੁਰੂ ਦਾ ਚੱਕ" (ਅੰਮ੍ਰਿਤਸਰ) ਪੁੱਜੇ। ਇਸ ਦਿਨ ਗਵਾਲੀਅਰ ਤੋਂ ਰਿਹਾਈ ਮਗਰੋਂ ਗੁਰੂ ਸਾਹਿਬ ਪਹਿਲੀ ਵਾਰੀ 'ਗੁਰੂ ਦਾ ਚੱਕ' ਪੁੱਜੇ ਸਨ। ਇਸ ਮੌਕੇ 'ਤੇ ਆਪ ਦੇ ਨਾਲ, ਹੋਰਨਾਂ ਤੋਂ ਇਲਾਵਾ, ਭਾਈ ਕੋਲਦਾਸ (ਪੁੱਤਰ ਭਾਈ ਅੰਬੀਆ ਹਜਾਵਤ) ਵੀ ਆਏ ਸਨ। ਭਾਈ ਕੋਲਦਾਸ ਦੇ ਦੂਜੇ ਪੁੱਤਰ ਭਾਈ ਕਿਸ਼ਨਾ ਵੀ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਸ਼ਨ ਕਰਨ ਆਇਆ ਕਰਦੇ ਸਨ। ਜਦੋਂ ਛੇਵੇ ਪਾਤਿਸ਼ਾਹ ਨੇ ਸਿੱਖ ਫ਼ੌਜ ਕਾਇਮ ਕੀਤੀ ਤਾਂ ਭਾਈ ਕਿਸ਼ਨਾ ਵੀ ਇਸ ਫ਼ੌਜ ਵਿਚ ਸ਼ਾਮਿਲ ਹੋਏ। 26 ਅਪਰੈਲ 1635 ਦੇ ਦਿਨ ਜਦੋਂ ਪੈਂਦੇ ਖ਼ਾਂ ਮੁਗਲ ਫ਼ੌਜਾਂ ਨੂੰ ਕਰਤਾਰਪੁਰ ਚੜ੍ਹਾ ਲਿਆਇਆ ਤਾਂ ਤਿੰਨ ਦਿਨ ਘਮਸਾਣ ਦੀ ਜੰਗ ਹੋਈ। ਦੂਜੇ ਦਿਨ, 27 ਅਪਰੈਲ 1635 ਦੀ ਲੜਾਈ ਵਿਚ ਭਾਈ ਕਿਸ਼ਨਾ ਨੇ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ। ਦੁਸ਼ਮਣ ਫ਼ੌਜਾਂ ਦਾ ਘਾਣ ਕਰਦਾ ਹੋਇਆ ਭਾਈ

ਕਿਸ਼ਨਾ ਅਖ਼ੀਰ ਸ਼ਹੀਦੀ ਪਾ ਗਿਆ। ਇਸ ਬਾਰੇ ਭੱਟ ਵਹੀਆਂ ਵਿਚ ਇੰਞ ਦਰਜ ਹੈ:-

"ਕਿਸ਼ਨਾ ਬੇਟਾ ਕਉਲੇ ਕਾ, ਪੋਤਾ ਅੰਬੀਏ ਕਾ, ਪੜਪੋਤਾ ਊਦੈ ਕਰਨ ਕਾ, ਬਤਸ ਗੋਤਰ ਚਾਹਮਾਨ, ਆਠ ਮੇਂ ਸੇ ਕੁਰਾ ਹਜਾਵਤ ਆਂਬਿਆਨਾ, ਸਾਲ ਸੋਲਾਂ ਸੈ ਬਾਨਮੇਂ, ਬੈਸਾਖ ਪ੍ਰਵਿਸ਼ਟੇ ਤੀਸ, ਸੋਮਵਾਰ ਕੇ ਦਿਹੁੰ, ਗੁਰੂ ਕਾ ਹੁਕਮ ਪਾਇ ਕਰਤਾਰਪੁਰ ਕੇ ਮਲ੍ਹਾਨ, ਪਰਗਣਾ ਜਲੰਧਰ, ਸਾਮ੍ਹੇ ਮਾਥੇ ਜੂਝ ਕਰ ਮਰਾ। ਆਗੇ ਗੁਰੂ ਭਾਣੇ ਕਾ ਖਾਵਿੰਦ, ਗੁਰੂ ਕੀ ਗਤਿ ਗੁਰੂ ਜਾਣੇ।"

(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਹਜਾਵਤੋਂ ਕਾ)

ਭਾਈ ਕੋਲ ਦਾ ਦੂਜਾ ਪੁੱਤਰ ਪਦਮ ਰਾਇ ਆਪਣੇ ਇਲਾਕੇ ਦਾ ਮਸੰਦ ਸੀ। 1659 ਦੀਆਂ ਬਰਸਾਤਾਂ ਮਗਰੋਂ ਗੁਰੂ ਹਰਿ ਰਾਇ ਸਾਹਿਬ ਇਨ੍ਹਾਂ ਕੋਲ ਪਿੰਡ ਦਬੁਰਜੀ ਵਿਚ ਕਈ ਦਿਨ ਠਹਿਰੇ ਸਨ ਤੇ ਮਗਰੋਂ ਇਥੋਂ ਗਲੋਟੀਆਂ ਖ਼ੁਰਦ ਚਲੇ ਗਏ ਸਨ।

1660 ਵਿਚ ਜਦੋਂ ਗੁਰੂ ਹਰਿ ਰਾਇ ਸਾਹਿਬ ਨੇ ਔਰੰਗਜ਼ੇਬ ਦੇ ਸੰਮਨ ਆਉਣ 'ਤੇ ਰਾਮ ਰਾਇ ਨੂੰ ਦਿੱਲੀ ਭੇਜਿਆ ਸੀ ਤਾਂ ਭਾਈ ਕੋਲ ਦਾਸ ਨੂੰ ਵੀ ਉਸ ਦੇ ਨਾਲ ਭੇਜਿਆ ਗਿਆ ਸੀ।

ਭਾਈ ਪਦਮ ਰਾਇ ਦੇ ਸੱਤ ਪੁੱਤਰ ਸਨ: ਖਾਨੂੰ, ਹੇਮਾ, ਚਤਰਾ, ਸੁਖਨਾ, ਹਸਨਾ, ਜੱਗੂ ਤੇ ਦੁਰਗਾ ਦਾਸ। ਭਾਈ ਪਦਮ ਰਾਇ ਦੇ ਚੜ੍ਹਾਈ ਕਰਨ ਮਗਰੋਂ ਭਾਈ ਦੁਰਗਾ ਦਾਸ ਇਲਾਕੇ ਦਾ ਮਸੰਦ ਬਣਿਆ।

ਭਾਈ ਪਦਮ ਰਾਇ ਦੇ ਪੁੱਤਰ ਭਾਈ ਜੱਗੂ ਦੇ ਅੱਗੋਂ ਪੰਜ ਪੁੱਤਰ ਸਨ: ਡੋਗਰ, ਹੀਰਾ, ਮੂਸੀਆ, ਸੰਗਤ ਰਾਇ ਤੇ ਹਨੂਮੰਤ ਰਾਇ। ਭਾਈ ਸੰਗਤ ਰਾਇ ਤੇ ਭਾਈ ਹਨੂਮੰਤ ਰਾਇ ਹਮੇਸ਼ਾ ਦਸਮ ਪਿਤਾ ਦੇ ਨਾਲ ਰਿਹਾ ਕਰਦੇ ਸਨ। ਦੋਵੇਂ ਬੜੇ ਬਹਾਦਰ ਜਰਨੈਲ ਵੀ ਸਨ। ਫ਼ਰਵਰੀ 1696 ਵਿਚ ਜਦੋਂ ਗੁਲੇਰ ਦੇ ਰਾਜੇ ਗਜ ਸਿੰਹੁ ਉਤੇ ਹੁਸੈਨ ਖਾਂ ਨੇ ਹਮਲਾ ਕੀਤਾ ਤਾਂ ਗਜ ਸਿੰਹੁ ਨੇ ਗੁਰੂ ਗੋਬਿੰਦ ਰਾਇ, ਭਾਈ ਦਰਸੋ, ਭਾਈ ਲਹਿਣੀਆ (ਭਰਾ ਭਾਈ ਮਨੀ ਸਿੰਘ), ਭਾਈ ਸੰਗਤ ਸਿੰਘ ਅਤੇ ਕੁਝ ਹੋਰ ਸਿੱਖ ਜਰਨੈਲ ਰਾਜਾ ਗਜ ਸਿੰਹੁ ਦੀ ਮਦਦ ਵਾਸਤੇ ਭੇਜੇ ਸਨ। 19 ਫ਼ਰਵਰੀ 1696 ਦੇ ਦਿਨ ਦੋਹਾਂ ਪਾਸਿਆਂ ਤੋਂ ਜ਼ਬਰਦਸਤ ਲੜਾਈ ਹੋਈ। ਭਾਈ ਸੰਗਤ ਰਾਇ ਤੀਰ-ਅੰਦਾਜ਼ੀ ਵਿਚ ਆਪਣੀ ਹੀ ਥਾਂ ਰਖਦੇ ਸਨ। ਉਨ੍ਹਾਂ ਦੇ ਤੀਰਾਂ ਨੇ ਇਸ ਲੜਾਈ ਵਿਚ ਕਾਲੀ ਬੋਲੀ ਹਨੇਰੀ ਲਿਆ ਦਿੱਤੀ ਅਖ਼ੀਰ ਭਾਈ ਸੰਗਤ ਰਾਇ ਸ਼ਹੀਦ ਹੋ ਗਏ। ਇਸ ਲੜਾਈ ਵਿਚ ਕ੍ਰਿਪਾਲ ਚੰਦ ਕਟੋਚੀਆ ਤੇ ਅਜਮੇਰ ਚੰਦ ਬਿਲਾਸਪੁਰੀ ਵੀ ਮੁਗ਼ਲ ਫ਼ੌਜਾਂ ਦੇ ਹਿਮਾਇਤੀ ਹੋ ਕੇ ਲੜੇ ਸਨ। ਇਸ ਲੜਾਈ ਵਿਚ ਸੱਤ ਸਿੱਖ ਸ਼ਹੀਦ ਹੋਏ। ਕ੍ਰਿਪਾਲ ਚੰਦ ਕਟੋਚੀਆ ਤੇ ਅਜਮੇਰ ਚੰਦ ਦੋਵੇਂ ਬੁਰੀ ਤਰ੍ਹਾਂ ਜ਼ਖ਼ਮੀ ਹੋ ਕੇ ਮੈਦਾਨੋਂ ਭੱਜ ਗਏ। ਰਾਜਾ ਗਜ ਸਿੰਹੁ ਗੁਲੇਰੀਏ ਦੀ ਜਿੱਤ ਹੋਈ। ਇਨ੍ਹਾਂ ਸਿੱਖਾਂ ਦੀਆਂ ਸ਼ਹੀਦੀਆਂ ਬਾਰੇ ਭੱਟ ਵਹੀਆਂ ਵਿਚ ਇਕ ਇੰਦਰਾਜ ਇੰਞ ਮਿਲਦਾ ਹੈ:

"ਲਹਿਨੂ ਬੇਟਾ ਮਾਈ ਦਾਸ ਕਾ, ਪੋਤਾ ਬੱਲੂ ਕਾ... ਜਲਾਨਾਂ, ਸਤਾਰਾਂ ਬੇ ਬਾਵਨ, ਫਾਗਨ ਦਿਹੁੰ ਤੇਈਸ, ਵੀਰਵਾਰ ਕੇ ਦਿਵਸ, ਗੁਲੇਰ ਕੇ ਮਲ੍ਹਾਨ, ਸਾਮ੍ਹੇਂ ਮਾਥੇ ਜੂਝ ਕਰ ਮਰਾ। ਗੈਲੋਂ ਸੰਗਤ ਰਾਇ, ਹਨੂਮੰਤ ਬੇਟੇ ਜਗਤੇ ਕੇ, ਪੋਤੇ ਪਦਮਾ ਕੇ, ਪੜਪੋਤੇ ਕੌਲ ਕੇ, ਚੰਦਰਬੰਸੀ ਬਤਸ ਗੋਤਰੇ ਰਾਹਿਮਾਨ ਹਜਾਬਤ ਆਂਬਿਆਨੇਂ ਮਾਰੇ ਗਏ।"

(ਭੱਟ ਵਹੀ ਭਾਦਸੋਂ, ਪਰਗਨਾ ਥਾਨੇਸਰ, ਖਾਤਾ ਜਲ੍ਹਾਨੇ ਪੁਆਰੋਂ ਕਾ)

ਭਾਈ ਪਦਮ ਰਾਇ ਦਾ ਦੂਜਾ ਪੁੱਤਰ ਭਾਈ ਦੁਰਗਾ ਦਾਸ, ਜੋ ਬਾਪ ਦੀ ਮੌਤ ਮਗਰੋਂ ਇਲਾਕੇ ਦਾ ਮਸੰਦ ਬਣਿਆ ਸੀ, ਦੇ ਚਾਰ ਪੁੱਤਰ ਸਨ: ਗੁਰਦਾਸ ਸਿੰਘ, ਬੀਰ ਸਿੰਘ, ਚੌਪਾ ਸਿੰਘ ਤੇ ਆਲਮ ਸਿੰਘ ਨੱਚਣਾ। ਇਨ੍ਹਾਂ ਵਿਚੋਂ ਭਾਈ ਬੀਰ ਸਿੰਘ 7 ਦਸੰਬਰ 1705 ਦੀ ਰਾਤ ਨੂੰ ਚਮਕੌਰ ਵਿਚ ਜੂਝ ਕੇ ਸ਼ਹੀਦ ਹੋਇਆ ਸੀ। ਗੁਰਦਾਸ ਸਿੰਘ ਬਾਰੇ ਇਹ ਕਿਆਸ ਕੀਤਾ ਜਾਂਦਾ ਹੈ ਕਿ ਉਹ ਕਾਫ਼ੀ ਲੰਬੀ ਉਮਰ ਭੋਗਣ ਮਗਰੋਂ ਮਰਿਆ ਸੀ। ਅਕਤੂਬਰ 1706 ਵਿਚ ਜਦੋਂ ਦਸਵੇਂ ਪਾਤਿਸ਼ਾਹ ਤਲਵੰਡੀ ਸਾਬੋ ਤੋਂ ਦੱਖਣ ਵਲ ਕੂਚ ਕਰਨ ਲਗੇ ਸਨ ਤਾਂ ਇਹ ਗੁਰਦਾਸ ਸਿੰਘ ਦਬੁਰਜੀ ਤੋਂ ਆਪਣੇ ਪੁੱਤਰ ਸਰੂਪ ਸਿੰਘ ਨਾਲ ਗੁਰੂ ਸਾਹਿਬ ਨੂੰ ਅਲਵਿਦਾ ਆਖਣ ਪੁੱਜਾ ਸੀ। ਕੁਝ ਲੇਖਕਾਂ ਦਾ ਵਿਚਾਰ ਹੈ ਕਿ **ਵਾਰ ਪਾਤਿਸਾਹੀ ਦਸਵੀਂ**, ਜਿਸ ਨੂੰ ਗ਼ਲਤੀ ਨਾਲ ਭਾਈ ਗੁਰਦਾਸ ਦੀ 41ਵੀਂ ਵਾਰ ਵੀ ਆਖਿਆ ਗਿਆ ਹੈ, ਦਾ ਲੇਖਕ ਇਹੀ ਗੁਰਦਾਸ ਸਿੰਘ ਸੀ। ਇਹ ਆਪਣੀ ਉਮਰ ਦੇ ਆਖ਼ਰੀ ਸਮੇਂ ਵਿਚ ਸ਼ਿਕਾਰਪੁਰ ਚਲਾ ਗਿਆ ਸੀ ਤੇ ਉਥੇ ਹੀ ਮਰਿਆ ਸੀ।

ਸਿੱਖ ਤਵਾਰੀਖ਼ ਵਿਚ ਭਾਈ ਆਲਮ ਸਿੰਘ ਦਾ ਸਭ ਤੋਂ ਪਹਿਲਾ ਜ਼ਿਕਰ 1673 ਸਾਲ ਵਿਚ ਆਉਂਦਾ ਹੈ। ਇਸ ਵੇਲੇ ਉਸ ਦੀ ਉਮਰ 13 ਸਾਲ ਸੀ (ਯਾਨਿ ਉਹ ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਇਕ ਸਾਲ ਵੱਡਾ ਸੀ)। 1673 ਵਿਚ ਸਿਆਲਕੋਟ ਦੇ ਇਲਾਕੇ ਦੀ ਸੰਗਤ ਚੱਕ ਨਾਨਕੀ ਆਈ। ਆਲਮ ਸਿੰਘ ਵੀ ਆਪਣੇ ਪਿਤਾ ਭਾਈ ਦੁਰਗਾ ਦਾਸ (ਜੋ ਇਲਾਕੇ ਦਾ ਮਸੰਦ ਤੇ ਸੰਗਤ ਦਾ ਜਥੇਦਾਰ ਸੀ) ਨਾਲ ਆਇਆ ਸੀ। ਸਾਰੀ ਸੰਗਤ ਮੱਥਾ ਟੇਕਣ ਮਗਰੋਂ ਬੈਠ ਗਈ ਪਰ ਆਲਮ ਸਿੰਘ (ਜੋ ਉਦੋਂ ਆਲਮ ਚੰਦ ਸੀ) ਪਿੱਛੇ ਖੜਾ ਰਿਹਾ ਅਤੇ ਵਾਲੰਟੀਅਰ ਦਾ ਰੋਲ ਨਿਭਾਉਣ ਲੱਗਾ। ਗੁਰੂ ਸਾਹਿਬ ਨੇ ਉਸ ਦੇ ਜਜ਼ਬਾਤ ਵੇਖ ਕੇ ਆਖਿਆ ਕਿ ਭਾਵੇਂ ਤੂੰ ਛੋਟਾ ਹੈਂ ਪਰ ਪੰਥ ਦੀ ਸੇਵਾ 'ਚ ਕਾਬਲੇ-ਜ਼ਿਕਰ ਹਿੱਸਾ ਪਾਵੇਂਗਾ। ਇਸ ਮਗਰੋਂ ਭਾਈ ਆਲਮ ਸਿੰਘ ਉਥੇ ਰਹਿਣ ਲੱਗ ਪਿਆ। ਵਿਚੋਂ-ਵਿਚੋਂ ਉਹ ਦਬੁਰਜੀ ਉਦੇ ਕਰਨ ਵਾਲੀ (ਸਿਆਲਕੋਟ) ਵੀ ਹੋ ਆਇਆ ਕਰਦਾ ਸੀ। ਦਸਵੇਂ ਪਾਤਿਸ਼ਾਹ ਵੇਲੇ, ਖ਼ਾਸ ਕਰ ਕੇ 1688 ਤੋਂ ਮਗਰੋਂ, ਉਹ ਵਧੇਰੇ ਚੱਕ ਨਾਨਕੀ ਹੀ ਰਿਹਾ ਸੀ।

ਭਾਈ ਆਲਿਮ ਸਿੰਘ ਬਹੁਤ ਫੁਰਤੀਲਾ ਤੇ ਚੁਸਤ ਨੌਜਵਾਨ ਸੀ। ਉਹ ਹਰ ਕੰਮ ਭੱਜ ਦੌੜ ਕੇ ਛਲਾਂਗਾਂ ਲਗਾਉਂਦਾ ਹੋਇਆ ਕਰਦਾ ਹੁੰਦਾ ਸੀ। ਇਸ ਖ਼ੂਬੀ ਕਰ ਕੇ ਗੁਰੂ ਸਾਹਿਬ ਨੇ ਉਸ ਨੂੰ "ਨੱਚਣਾ" ਦਾ ਨਾਂ ਦਿੱਤਾ ਹੋਇਆ ਸੀ। ਉਂਜ ਵੀ ਕਿਉਂਕਿ

ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰ ਵਿਚ ਆਲਮ ਨਾਂ ਦੇ ਕਈ ਸਿੱਖ ਸਨ। ਇਕ ਆਲਮ ਕਵੀ ਸੀ, ਦੂਜਾ ਆਲਮ ਚੰਦ ਭਾਈ ਦਰੀਆ ਪਰਮਾਰ ਦਾ ਪੁੱਤਰ ਸੀ ਤੇ ਦੋ ਤਿੰਨ ਹੋਰ ਵੀ ਸਨ। ਇਹ ਆਲਮ ਚੰਦ ਭਾਈ ਦੁਰਗਾ ਦਾਸ ਦਾ ਪੁੱਤਰ ਸੀ। ਇਸ ਨੂੰ ਬਾਕੀਆਂ ਤੋਂ ਵੱਖਰਿਆਉਣ ਵਾਸਤੇ ਵੀ ਉਸ ਦੀ ਅੱਲ ਨੱਚਣਾ ਨੂੰ ਵਧੇਰੇ ਵਰਤਿਆ ਜਾਣ ਲੱਗ ਪਿਆ ਸੀ।

ਭਾਈ ਆਲਮ ਸਿੰਘ ਚੌਹਾਨ-ਰਾਜਪੂਤ ਸੀ। ਬਹਾਦਰੀ ਤੇ ਜੁਰਅਤ ਉਸ ਵਿਚ ਕੁੱਟ-ਕੁੱਟ ਕੇ ਭਰੀ ਹੋਈ ਸੀ। ਉਸ ਕੋਲ ਇਸ ਬਹਾਦਰੀ ਦਾ ਜੌਹਰ ਵਿਖਾਉਣ ਦਾ ਸਭ ਤੋਂ ਪਹਿਲਾ ਮੌਕਾ 20 ਮਾਰਚ 1691 ਦੇ ਦਿਨ ਨਦੌਣ ਦੀ ਲੜਾਈ ਵੇਲੇ ਆਇਆ। ਇਸ ਲੜਾਈ ਵਿਚ ਜਾਣ ਵਾਲੀ ਫ਼ੌਜ ਦੇ ਮੁਖੀ ਜਰਨੈਲ ਸਨ: ਦੀਵਾਨ ਨੰਦ ਚੰਦ, ਭਾਈ ਧਰਮ ਦਾਸ ਛਿੱਬਰ, ਭਾਈ ਮਨੀ ਰਾਮ (ਸਿੰਘ), ਭਾਈ ਆਲਮ ਚੰਦ (ਸਿੰਘ) ਨੱਚਣਾ। ਇਸ ਲੜਾਈ ਵਿਚ ਭਾਈ ਆਲਮ ਚੰਦ ਨੇ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ। ਇਸ ਮਗਰੋਂ ਗੁਰੂ ਸਾਹਿਬ ਨੇ ਭਾਈ ਆਲਮ ਚੰਦ ਨੂੰ ਆਪਣਾ ਡਿਊਢੀ ਬਰਦਾਰ ਨਾਮਜ਼ਦ ਕਰ ਦਿੱਤਾ। ਹੁਣ ਆਲਮ ਚੰਦ ਹਮੇਸ਼ਾਂ ਗੁਰੂ ਸਾਹਿਬ ਦੇ ਨਾਲ ਰਹਿਣ ਲੱਗ ਪਿਆ। ਆਲਮ ਚੰਦ ਬਹੁਤ ਤੇਜ਼ ਤੇ ਚੁਸਤ ਵੀ ਸੀ। ਉਸ ਨੂੰ ਆਲੇ ਦੁਆਲੇ ਦੀ ਪੂਰੀ ਸੂਹ ਰਿਹਾ ਕਰਦੀ ਸੀ। ਦੁਸ਼ਮਣ ਦੀਆਂ ਫ਼ੌਜਾਂ, ਇਲਾਕੇ ਵਿਚ ਓਪਰੇ ਆਦਮੀ ਦਾ ਆਉਣਾ, ਚੱਕ ਨਾਨਕੀ ਤੇ ਅਨੰਦਪੁਰ ਸਾਹਿਬ ਵਿਚ ਰਹਿਣ ਵਾਲਿਆਂ ਦੀ ਪੂਰੀ ਸੂਹ ਤੇ ਤਕਰੀਬਨ ਹਰ ਵਾਕਫ਼ੀ ਆਲਮ ਚੰਦ ਕੋਲ ਹੋਇਆ ਕਰਦੀ ਸੀ।

19 ਅਗਸਤ 1695 ਦੇ ਦਿਨ ਲਾਹੌਰ ਦੇ ਗਵਰਨਰ ਦਿਲਾਵਰ ਖਾਂ ਦੇ ਪੁਤਰ ਰੁਸਤਮ ਖਾਂ ਨੇ ਚੱਕ ਨਾਨਕੀ 'ਤੇ ਚੜ੍ਹਾਈ ਕੀਤੀ। ਉਸ ਦਿਨ ਬਰਸਾਤਾਂ ਕਰ ਕੇ ਚੋਅ ਦਾ ਪਾਣੀ ਚੜ੍ਹਿਆ ਹੋਇਆ ਸੀ। ਇਸ ਕਰ ਕੇ ਫ਼ੌਜ ਨਾਲਾ ਪਾਰ ਨਾ ਕਰ ਸਕੀ। ਸ਼ਾਮ ਪੈਣ ਤੋਂ ਬਾਅਦ, ਭਾਈ ਆਲਮ ਸਿੰਘ ਦੀ ਅਗਵਾਈ ਵਿਚ, ਹਾਜ਼ਿਰ ਸਿੰਘਾਂ ਨੇ ਨਾਲੇ ਦੇ ਕੰਢੇ ਪੁੱਜ ਕੇ ਜੈਕਾਰੇ ਛੱਡਣੇ ਸ਼ੁਰੂ ਕਰ ਦਿੱਤੇ। ਸਿੰਘਾਂ ਦੇ ਜੈਕਾਰਿਆਂ ਅਤੇ ਨਗਾਰੇ ਦੀ ਆਵਾਜ਼ ਤੋਂ ਡਰ ਕੇ ਰੁਸਤਮ ਖਾਂ ਆਪਣੀ ਫ਼ੌਜ ਨੂੰ ਪਿੱਛੇ ਲੈ ਗਿਆ।

ਮਾਰਚ 1698 ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਮਸੰਦਾਂ ਦੀ ਪੁੱਛ ਪੜਤਾਲ ਵਾਸਤੇ ਸਾਰੇ ਮਸੰਦ ਚੱਕ ਨਾਨਕੀ ਬੁਲਾ ਲਏ। ਇਸ ਮਕਸਦ ਵਾਸਤੇ ਮੁਖੀ ਸਿੱਖਾਂ ਨੂੰ ਵੱਖ ਵੱਖ ਇਲਾਕਿਆਂ ਵਿਚ ਭੇਜਿਆ ਗਿਆ। ਭਾਈ ਆਲਮ ਸਿੰਘ ਦੀ ਡਿਊਟੀ ਭਾਈ ਫੇਰੂ (ਭਾਈ ਸੰਗਤ ਸਿੰਘ ਪੁੱਤਰ ਭਾਈ ਬਿੰਨਾ ਉੱਪਲ) ਵਾਸੀ ਮੀਆਂ ਕੀ ਮੌੜ (ਲਾਹੌਰ) ਨੂੰ ਲਿਆਉਣ ਦੀ ਲੱਗੀ। ਗੁਰੂ ਸਾਹਿਬ ਦਾ ਹੁਕਮ ਸੀ ਸਾਰੇ ਮਸੰਦਾਂ ਨੂੰ ਮੁਸ਼ਕਾਂ ਬੰਨ੍ਹ ਕੇ ਪੇਸ਼ ਕੀਤਾ ਜਾਏ। ਭਾਈ ਫੇਰੂ ਸੱਚੇ ਸਿੱਖ ਸਨ ਪਰ ਉਨ੍ਹਾਂ ਨੂੰ ਵੀ ਹੁਕਮ ਮੰਨਣਾ ਪੈਂਦਾ ਸੀ। ਭਾਈ ਆਲਮ ਸਿੰਘ ਨੇ ਉਨ੍ਹਾਂ ਨੂੰ ਮੁਸ਼ਕਾਂ ਬੰਨ੍ਹ ਕੇ ਲਿਆਉਣ ਦੀ ਬਜਾਇ ਆਪੇ

ਆਉਣ ਵਾਸਤੇ ਆਖਿਆ ਪਰ ਭਾਈ ਫੇਰੂ ਖ਼ੁਦ ਇਕ ਕੈਦੀ ਵਾਂਗ ਹਾਜ਼ਿਰ ਹੋ ਗਏ। ਚੱਕ ਨਾਨਕੀ ਬੁਲਾਏ ਜਾਣ ਵਾਲੇ ਮਸੰਦਾਂ (ਭਾਈ ਬਖ਼ਤ ਮੱਲ ਸੂਰੀ ਜਲਾਲਪੁਰ ਜੱਟਾਂ, ਭਾਈ ਰਾਓ ਕੰਬੋਜ ਦੀਪਾਲਪੁਰ ਭਾਈ ਜੋਧ ਕਮਾਲੀਆ, ਭਾਈ ਤੁਲਸੀ ਦਾਸ ਛੀਂਬਾ ਦਿੱਲੀ, ਭਾਈ ਦੁਰਗਾ ਦਾਸ ਹਜਾਵਤ, ਦਬੁਰਜੀ ਸਿਆਲਕੋਟ ਵਗ਼ੈਰਾ) ਨੂੰ ਗੁਰੂ ਸਾਹਿਬ ਨੇ ਸਿਰੋਪਾਓ ਦੇ ਕੇ ਵਿਦਾ ਕੀਤਾ ਪਰ ਗੁਨਾਹਗਾਰ ਤੇ ਮੁਜਰਮ ਮਸੰਦਾਂ ਨੂੰ ਸਜ਼ਾਵਾਂ ਦਿੱਤੀਆਂ। ਕਈਆਂ ਨੂੰ ਸਜ਼ਾਏ ਮੌਤ ਵੀ ਦਿੱਤੀ ਗਈ। ਇਸ ਮਗਰੋਂ ਗੁਰੂ ਸਾਹਿਬ ਨੇ ਮਸੰਦ ਜਮਾਤ ਨੂੰ ਖ਼ਤਮ ਕਰਨ ਦਾ ਐਲਾਨ ਕਰ ਦਿੱਤਾ।

ਜਦੋਂ ਗੁਰੂ ਸਾਹਿਬ ਨੇ ਖੰਡੇ ਦੀ ਪਾਹੁਲ ਸ਼ੁਰੂ ਕੀਤੀ ਤਾਂ ਪਹਿਲੋਂ ਪੰਜ ਪਿਆਰਿਆਂ ਤੇ ਫੇਰ ਪੰਜ ਮੁਕਤਿਆਂ ਨੂੰ ਅੰਮ੍ਰਿਤ ਛਕਾਇਆ ਗਿਆ। ਇਸ ਤੋਂ ਮਗਰੋਂ ਯਾਰਾਂ ਸਿੱਖਾਂ ਦੇ ਬੈਚ ਨੇ ਅੰਮ੍ਰਿਤ ਛਕਿਆ। ਇਨ੍ਹਾਂ ਯਾਰਾਂ ਵਿਚ ਭਾਈ ਮਨੀ ਸਿੰਘ, ਉਨ੍ਹਾਂ ਦੇ ਛੇ ਪੁੱਤਰ, ਚੌਪਾ ਸਿੰਘ, ਦੀਵਾਨ ਧਰਮ ਸਿੰਘ ਤੇ ਭਾਈ ਰਾਮ ਕੁੰਵਰ ਦੇ ਨਾਲ ਭਾਈ ਆਲਮ ਚੰਦ ਨੱਚਣਾ ਵੀ ਸਨ। ਉਹ ਖੰਡੇ ਦੀ ਪਾਹੁਲ ਲੈ ਕੇ ਆਲਮ ਚੰਦ ਤੋਂ ਆਲਮ ਸਿੰਘ ਨੱਚਣਾ ਬਣ ਗਏ।

23 ਜੂਨ 1698 ਦੇ ਦਿਨ ਗੁਰੂ ਸਾਹਿਬ ਕਟੋਚਾਂ ਦੇ ਇਲਾਕੇ ਵੱਲ ਸ਼ਿਕਾਰ ਖੇਡਣ ਗਏ ਹੋਏ ਸਨ। ਆਪ ਦੇ ਨਾਲ ਭਾਈ ਉਦੇ ਸਿੰਘ, ਭਾਈ ਆਲਮ ਸਿੰਘ ਨੱਚਣਾ ਤੇ ਕੁਝ ਹੋਰ ਸਿੰਘ ਸਨ। ਰਸਤੇ ਵਿਚ ਆਪ 'ਤੇ ਬਲੀਆ ਚੰਦ ਤੇ ਆਲਮ ਚੰਦ ਕਟੋਚ ਨੇ ਅਚਾਨਕ ਹਮਲਾ ਕਰ ਦਿੱਤਾ। ਸਿੰਘਾਂ ਨੇ ਇਨ੍ਹਾਂ ਹਮਲਾਵਰਾਂ ਦਾ ਮੂੰਹ ਤੋੜ ਜਵਾਬ ਦਿੱਤਾ। ਹੱਥੋ-ਹੱਥ ਲੜਾਈ ਵਿਚ ਭਾਈ ਉਦੇ ਸਿੰਘ ਹੱਥੋਂ ਬਲੀਆ ਚੰਦ ਤੇ ਭਾਈ ਆਲਮ ਸਿੰਘ ਹੱਥੋਂ ਆਲਮ ਚੰਦ ਕਟੋਚ ਬੁਰੀ ਤਰ੍ਹਾਂ ਜ਼ਖ਼ਮੀ ਹੋ ਕੇ ਭੱਜ ਗਏ।

ਅਗਸਤ 1700 ਦੇ ਅਖ਼ੀਰੀ ਦਿਨਾਂ ਵਿਚ ਪਹਾੜੀ ਰਾਜਿਆਂ ਨੇ ਅਜਮੇਰ ਚੰਦ ਬਿਲਾਸਪੁਰੀਏ ਦੀ ਅਗਵਾਈ ਹੇਠ ਅਨੰਦਪੁਰ ਸਾਹਿਬ 'ਤੇ ਹਮਲਾ ਕਰ ਦਿੱਤਾ, ਪਰ ਮਾਰ ਖਾਧੀ। ਪਹਿਲੀ ਸਤੰਬਰ 1700 ਦੇ ਦਿਨ ਪਹਾੜੀਆਂ ਨੇ ਇਕ ਸ਼ਰਾਬੀ ਹਾਥੀ ਲਿਆ ਕੇ ਕਿਲ੍ਹਾ ਲੋਹਗੜ੍ਹ ਦਾ ਦਰਵਾਜ਼ਾ ਤੋੜਨ ਦੀ ਸਕੀਮ ਘੜੀ। ਭਾਈ ਆਲਮ ਸਿੰਘ ਨੂੰ ਇਸ ਦਾ ਪਤਾ ਲਗ ਗਿਆ। ਇਸ ਤੇ ਗੁਰੂ ਸਾਹਿਬ ਨੇ ਇਸ ਹਾਥੀ ਦਾ ਟਾਕਰਾ ਕਰਨ ਵਾਸਤੇ ਦੁਨੀ ਚੰਦ ਮਸੰਦ ਦੀ ਡਿਊਟੀ ਲਾਈ। ਦੁਨੀ ਚੰਦ ਡਰ ਕੇ ਭੱਜ ਗਿਆ। ਇਸ ਮਗਰੋਂ ਭਾਈ ਬਚਿਤਰ ਸਿੰਘ ਨੇ ਆਪਣੇ ਆਪ ਨੂੰ ਇਸ ਸੇਵਾ ਵਾਸਤੇ ਪੇਸ਼ ਕੀਤਾ। ਭਾਈ ਬਚਿਤਰ ਸਿੰਘ ਦੀ ਬਰਛੀ ਨੇ ਹਾਥੀ ਦਾ ਮੂੰਹ ਮੋੜ ਦਿੱਤਾ। ਇਸ ਮਗਰੋਂ ਦੋਹਾਂ ਫ਼ੌਜਾਂ ਵਿਚ ਜੰਮ ਕੇ ਲੜਾਈ ਹੋਈ। ਇਸ ਲੜਾਈ ਵਿਚ ਭਾਈ ਮਨੀ ਸਿੰਘ, ਭਾਈ ਉਦੇ ਸਿੰਘ, ਭਾਈ ਆਲਮ ਸਿੰਘ ਨੱਚਣਾ ਡੱਟ ਕੇ ਜੂਝੇ। ਇਸ ਬਾਰੇ ਭੱਟ ਵਹੀਆਂ ਵਿਚ ਇੰਦਰਾਜ ਇੰਞ ਮਿਲਦਾ ਹੈ:

''ਗੁਰੂ ਕਾ ਬਚਨ ਪਾਇ ਮਨੀ ਸਿੰਘ ਬੇਟਾ ਮਾਈ ਦਾਸ ਕਾ ਪੋਤਾ ਬੱਲੂ ਰਾਇ ਕਾ .... *ਆਲਮ ਸਿੰਘ ਬੇਟਾ ਦੁਰਗਾ ਦਾਸ ਕਾ ਪੋਤਾ ਪਦਮੇ ਕਾ......* ਹਜਾਵਤ ਅੰਬਿਆਨਾ........ ਸਾਲ ਸਤਾਰਾਂ ਸੈ ਸਤਵੰਜਾ, ਅਸੂਜ ਪ੍ਰਵਿਸ਼ਟੇ ਪਹਿਲੀ, ਰਵੀਵਾਰ ਦੇ ਦਿਹੁੰ, ਕਿਲ੍ਹਾ ਲੋਹਗੜ੍ਹ ਪਰਗਨਾ ਮਾਖੋਵਾਲ ਸੇ ਖਾਲਸਾ ਦਲ ਕੇ ਗੈਲ ਲੈ ਚਰਨ ਗੰਗਾ ਨਦੀ ਕੇ ਮਲ੍ਹਾਨ ਸਾਮ੍ਹੇਂ ਮਾਥੇ ਘੋਰ ਜੁਧ ਕੀਆ। ਬਚਿਤਰ ਸਿੰਘ ਨੇ ਹਾਥੀ ਕੋ ਮਾਰ ਭਗਾਇਆ। ਉਦੈ ਸਿੰਘ ਕੇ ਹਾਥ ਸੇ ਕੇਸਰੀ ਚੰਦ ਜਸਵਾਰੀਆ ਮਾਰਾ ਗਯਾ। ਮਨੀ ਸਿੰਘ ਸਖ਼ਤ ਘਾਇਲ ਹੁਏ।.....

(ਭੱਟ ਵਹੀ ਤਲਉਂਢਾ, ਪਰਗਨਾ ਜੀਂਦ, ਖਾਤਾ ਜਲ੍ਹਾਨੋਂ ਕਾ)

ਇਸ ਤੋਂ ਇਕ ਮਹੀਨਾ ਮਗਰੋਂ ਪਹਾੜੀਆਂ ਦੀਆਂ ਅਰਜ਼ਾਂ ਮੰਨਦੇ ਹੋਏ ਗੁਰੂ ਸਾਹਿਬ ਅਨੰਦਗੜ੍ਹ ਕਿਲ੍ਹਾ ਖ਼ਾਲੀ ਕਰ ਕੇ ਨਿਰਮੋਹਗੜ੍ਹ ਚਲੇ ਗਏ। ਗਾਂ ਦੀਆਂ ਕਸਮਾਂ ਭੁੱਲ ਕੇ ਪਹਾੜੀਆਂ ਨੇ ਇਥੇ ਵੀ ਹਮਲਾ ਕਰ ਦਿੱਤਾ। ਅੱਠ ਅਕਤੂਬਰ 1700 ਦੇ ਦਿਨ ਘਮਸਾਣ ਦੀ ਲੜਾਈ ਹੋਈ। ਕਈ ਹਜ਼ਾਰ ਪਹਾੜੀ ਫ਼ੌਜ ਦੇ ਟਾਕਰੇ 'ਤੇ ਕੁਝ ਸੌ ਸਿੰਘਾਂ ਨੇ ਬਹਾਦਰੀ ਦੇ ਜੌਹਰ ਵਿਖਾਏ। ਗੁਰੂ ਸਾਹਿਬ ਦੀ ਤਰਫ਼ੋਂ ਜੂਝਣ ਵਾਲਿਆਂ ਵਿਚ ਹੋਰਨਾਂ ਤੋਂ ਇਲਾਵਾ ਭਾਈ ਬਚਿਤਰ ਸਿੰਘ, ਭਾਈ ਉਦੈ ਸਿੰਘ ਤੇ ਭਾਈ ਆਲਮ ਸਿੰਘ ਵੀ ਸ਼ਾਮਿਲ ਸਨ।

15 ਅਕਤੂਬਰ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਬਸਾਲੀ ਗਏ ਤਾਂ ਭਾਈ ਆਲਮ ਸਿੰਘ ਉਨ੍ਹਾਂ ਦੇ ਨਾਲ ਰਹੇ। ਇਸ ਮਗਰੋਂ ਆਪ ਫੇਰ ਚੱਕ ਨਾਨਕੀ ਆ ਗਏ। ਅਗਲੇ ਤਿੰਨ ਸਾਲ ਫੇਰ ਆਨੰਦਪੁਰ ਸਾਹਿਬ ਦੇ ਦੁਆਲੇ ਚੁਪ ਛਾਈ ਰਹੀ ਪਰ ਬਸਾਲੀ ਦੇ ਰਾਜੇ ਸਲਾਹੀ ਚੰਦ ਦੀ ਮੌਤ ਮਗਰੋਂ ਅਜਮੇਰ ਚੰਦ ਬਿਲਾਸਪੁਰੀਆ ਫੇਰ ਬੇਮੁਹਾਰਾ ਹੋ ਗਿਆ। 1705 ਦੇ ਸ਼ੁਰੂ ਵਿਚ ਤਾਂ ਇਹ ਆਸਾਰ ਬਣ ਗਏ ਸਨ ਕਿ ਸਿੱਖਾਂ ਨੂੰ ਪਹਾੜੀਆਂ ਨਾਲ ਇਕ ਪਾਸੇ ਅਤੇ ਮੁਗ਼ਲਾਂ ਨਾਲ ਦੂਜੇ ਪਾਸੇ ਇਕ ਵੱਡੀ ਲੜਾਈ ਲੜਨੀ ਪਵੇਗੀ।

ਇੰਞ ਹੀ ਹੋਇਆ! 3 ਮਈ 1705 ਦੇ ਦਿਨ ਪਹਾੜੀਆਂ ਦੀਆਂ ਹਜ਼ਾਰਾਂ ਫ਼ੌਜਾਂ ਨੇ ਚੌਹਾਂ ਪਾਸਿਆਂ ਤੋਂ ਆਨੰਦਪੁਰ ਸਾਹਿਬ ਤੇ ਚੱਕ ਨਾਨਕੀ ਨੂੰ ਘੇਰਾ ਪਾ ਲਿਆ। ਸੱਤ ਮਹੀਨੇ ਦੇ ਘੇਰੇ ਮਗਰੋਂ ਅਖੀਰ 5-6 ਦਸੰਬਰ ਦੀ ਰਾਤ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਤੇ ਸਿੱਖ ਸੰਗਤਾਂ ਨੇ ਅਨੰਦਪੁਰ ਸਾਹਿਬ ਤੋਂ ਟੁਰਨ ਦਾ ਫ਼ੈਸਲਾ ਕਰ ਲਿਆ। ਰਸਤੇ ਵਿਚ ਸਰਸਾ ਨਦੀ ਦੇ ਕੰਢੇ 'ਤੇ ਅਤੇ ਮਲਿਕਪੁਰ ਰੰਘੜਾਂ ਕੋਲ ਜ਼ਬਰਦਸਤ ਲੜਾਈ ਹੋਈ। ਇਨ੍ਹਾਂ ਸਾਰੀਆਂ ਝੜਪਾਂ ਅਤੇ ਲੜਾਈਆਂ ਵਿਚ ਸੈਂਕੜੇ ਸਿੰਘ ਸ਼ਹੀਦ ਹੋ ਗਏ। ਅਖੀਰ ਗੁਰੂ ਸਾਹਿਬ ਤੇ 47 ਸਿੰਘ ਨਿਕਲ ਕੇ ਚਮਕੌਰ ਤਕ ਪੁੱਜਣ ਵਿਚ ਕਾਮਯਾਬ ਹੋ ਗਏ। ਚਮਕੌਰ ਵਿਚ ਹੋਰਨਾਂ ਤੋਂ ਇਲਾਵਾ ਭਾਈ ਆਲਮ ਸਿੰਘ ਨੱਚਣਾ, ਉਨ੍ਹਾਂ ਦੇ ਭਰਾ ਭਾਈ ਬੀਰ ਸਿੰਘ ਤੇ ਭਾਈ ਆਲਮ ਸਿੰਘ ਦੇ ਦੋ ਪੁੱਤਰ ਭਾਈ ਮੋਹਰ ਸਿੰਘ ਅਤੇ ਭਾਈ

ਅਮੋਲਕ ਸਿੰਘ ਵੀ ਸਨ। ਕੁਝ ਘੰਟਿਆਂ ਮਗਰੋਂ ਹੀ ਸਰਹਿੰਦ ਦੇ ਨਵਾਬ ਦੀਆਂ ਫ਼ੌਜਾਂ ਨੇ ਚਮਕੌਰ ਦੀ ਗੜ੍ਹੀ ਨੂੰ ਘੇਰਾ ਪਾ ਲਿਆ। ਦੁਪਹਿਰ ਤੋਂ ਲੈ ਕੇ ਰਾਤ ਤਕ ਹੱਥੋਂ-ਹੱਥ ਲੜਾਈ ਹੁੰਦੀ ਰਹੀ। ਹਜ਼ਾਰਾਂ ਮੁਗ਼ਲ ਫ਼ੌਜੀਆਂ ਦੇ ਟਾਕਰੇ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ, ਪੰਜ ਪਿਆਰੇ ਅਤੇ 40 ਹੋਰ ਸਿੰਘ ਗੁਰੂ ਸਾਹਿਬ ਦੀ ਅਗਵਾਈ ਵਿਚ ਜੂਝਦੇ ਰਹੇ। ਅਖ਼ੀਰ ਦੋਵੇਂ ਸਾਹਿਬਜ਼ਾਦੇ, ਪੰਜਾਂ ਵਿਚੋਂ ਤਿੰਨ ਪਿਆਰੇ (ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ, ਭਾਈ ਮੁਹਕਮ ਸਿੰਘ) ਅਤੇ 37 ਸਿੰਘ ਸ਼ਹੀਦ ਹੋ ਗਏ। ਲੜਾਈ ਦੌਰਾਨ ਭਾਈ ਆਲਮ ਸਿੰਘ ਜੈਕਾਰਿਆਂ ਨਾਲ ਗੜ੍ਹੀ ਅੰਦਰ ਬੈਠੇ ਸਿੰਘਾਂ ਦੇ ਹੌਸਲੇ ਵੀ ਵਧਾਉਂਦੇ ਰਹੇ ਅਤੇ ਮੁਗ਼ਲ ਫ਼ੌਜੀਆਂ ਨੂੰ ਅੰਦਰਲੇ ਸਿੰਘਾਂ ਦੀ ਗਿਣਤੀ ਵਧੇਰੇ ਹੋਣ ਦਾ ਡਰ ਵੀ ਦੇਂਦੇ ਰਹੇ। ਜਾਪਦੈ ਕਿ 7 ਦਸੰਬਰ ਦੇ ਦਿਨ ਸ਼ਹੀਦੀ ਹਾਸਿਲ ਕਰਨ ਵਾਲੇ ਸਿੰਘਾਂ ਵਿਚੋਂ ਭਾਈ ਆਲਮ ਸਿੰਘ ਸ਼ਾਇਦ ਆਖ਼ਰੀ ਸਿੱਖਾਂ ਵਿਚੋਂ ਹੋਣਗੇ। ਇਨ੍ਹਾਂ 40 ਸ਼ਹੀਦਾਂ, ਜਿਨ੍ਹਾਂ ਨੂੰ ਦਸਮ ਪਾਤਿਸ਼ਾਹ ਨੇ ਜ਼ਫ਼ਰਨਾਮਾ ਵਿਚ 40 ਮੁਕਤੇ ਦਾ ਦਰਜਾ ਦਿੱਤਾ, ਵਿਚ ਭਾਈ ਆਲਮ ਸਿੰਘ ਦੇ ਦੋਵੇਂ ਪੁੱਤਰ ਭਾਈ ਮੋਹਰ ਸਿੰਘ ਤੇ ਭਾਈ ਅਮੋਲਕ ਸਿੰਘ ਤੇ ਉਨ੍ਹਾਂ ਦਾ ਭਰਾ ਬੀਰ ਸਿੰਘ ਵੀ ਸ਼ਾਮਿਲ ਸਨ। ਭਾਈ ਆਲਮ ਸਿੰਘ ਨੱਚਣਾ ਦੀ ਸਿੰਘਣੀ ਬੀਬੀ ਭਿੱਖਾਂ ਪਹਿਲਾਂ ਹੀ 6 ਦਸੰਬਰ ਦੀ ਸਵੇਰ ਨੂੰ ਪਿੰਡ ਝੱਖੀਆਂ ਦੀ ਜੂਹ ਵਿਚ (ਨੇੜੇ ਸ਼ਾਹੀ ਟਿੱਬੀ) ਪਹਾੜੀ ਫ਼ੌਜਾਂ ਨਾਲ ਲੜਦੇ ਸ਼ਹੀਦ ਹੋ ਚੁੱਕੇ ਸਨ।

ਭਾਈ ਆਲਮ ਸਿੰਘ ਤੇ ਉਸ ਦੇ ਭਰਾ ਬੀਰ ਸਿੰਘ ਦੀ ਸ਼ਹੀਦੀ ਦਾ ਜ਼ਿਕਰ **ਭੱਟ ਵਹੀ ਤਲਉਂਢਾ** ਵਿਚ ਇੰਞ ਮਿਲਦਾ ਹੈ:

"ਬੀਰ ਸਿੰਘ ਦੁਰਗਾ ਕਾ, ਆਲਮ ਸਿੰਘ ਦੁਰਗਾ ਕਾ, ਚੰਦਰ ਬੰਸੀ ਬਤਸ ਗੋਤਰਾ ਚੌਹਾਨ ਆਨ ਮੇਂ ਸੇ ਕੁਰਾ, ਹਜਾਵਤ ਆਂਬਆਲੇ, ਗੁਰੂ ਕੇ ਬਡੇ ਬੇਟੇ ਗੈਲ, ਪੋਹ ਸੁਦੀ ਤੀਜ, ਸਾਲ ਸਤਰਾਂ ਸੈ ਬਾਸਠ, ਚਮਕੌਰ ਕੇ ਮਲਹਾਨ, ਪਰਗਨਾ ਰੋਪਰ, ਆਧ ਘਰੀ ਦਿਨ ਖਰੇ, ਸਾਮ੍ਹਣੇ ਮਾਥੇ ਜੂਝ ਕਰ ਮਰੇ.... ਗੈਲੋਂ ਅਮੋਲਕ ਸਿੰਘ, ਮੋਹਰ ਸਿੰਘ ਬੇਟੇ ਆਲਮ ਸਿੰਘ ਕੇ ਮਾਰੇ ਗਏ।"

(ਭੱਟ ਵਹੀ ਤਲਉਂਢਾ, ਪਰਗਨਾ ਜੀਂਦ, ਖਾਤਾ ਹਜਾਵਤੋਂ ਕਾ)

ਭਾਈ ਆਲਮ ਸਿੰਘ ਦਾ ਤੀਜਾ ਪੁੱਤਰ ਬਾਘੜ ਸਿੰਘ ਬਾਬਾ ਬੰਦਾ ਸਿੰਘ ਦੀ ਫ਼ੌਜ ਵਿਚ ਰਲਿਆ ਤੇ ਜੂਝਦਾ ਰਿਹਾ। ਉਹ 1740 ਵਿਚ ਆਪਣੇ ਪਿੰਡ ਦਬੁਰਜੀ, ਪਰਿਵਾਰ ਨੂੰ ਮਿਲਣ ਆਇਆ ਤੇ ਮੁਖ਼ਬਰੀ ਹੋਣ ਕਰ ਕੇ ਫੜਿਆ ਗਿਆ ਤੇ ਲਾਹੌਰ ਲਿਆ ਕੇ ਸ਼ਹੀਦ ਕੀਤਾ ਗਿਆ।

ਹੋਰ ਤਫ਼ਸੀਲ ਵਾਸਤੇ ਵੇਖੋ: ਭਾਈ ਦੁਰਗਾਦਾਸ ਚੌਹਾਨ ਦਾ ਕੁਰਸੀਨਾਮਾ।

ਭਾਈ ਕਿਰਪਾ ਰਾਮ
(ਭਾਈ ਕਿਰਪਾ ਸਿੰਘ ਦਤ, ਭਾਈ ਸਨਮੁਖ ਸਿੰਘ ਦਤ)

ਸਿੱਖ ਤਵਾਰੀਖ਼ ਵਿਚ ਭਾਈ ਕਿਰਪਾ ਰਾਮ ਦੱਤ ਦਾ ਜ਼ਿਕਰ ਵਧੇਰੇ ਕਰ ਕੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਦੀ ਸਾਖੀ ਵਿਚ ਆਉਂਦਾ ਹੈ। ਉਸ ਸਾਖੀ ਮੁਤਾਬਿਕ 25 ਮਈ 1675 ਦੇ ਦਿਨ 16 ਕਸ਼ਮੀਰੀ ਪੰਡਿਤ ਭਾਈ ਕਿਰਪਾ ਰਾਮ ਦਤ ਦੀ ਅਗਵਾਈ ਵਿਚ ਚੱਕ ਨਾਨਕੀ ਆਏ ਅਤੇ ਔਰੰਗਜ਼ੇਬ ਵੱਲੋਂ ਜਬਰੀ ਇਸਲਾਮ ਫੈਲਾਉਣ ਦੀ ਮੁਹਿੰਮ ਤੋਂ ਬਚਾਉਣ ਵਾਸਤੇ ਮਦਦ ਮੰਗੀ ਸੀ। ਇਸ ਬਾਰੇ ਭੱਟ ਵਹੀਆਂ 'ਚ ਇਹ ਇੰਦਰਾਜ ਮਿਲਦਾ ਹੈ:

"ਭਾਈ ਕਿਰਪਾ ਰਾਮ ਬੇਟਾ ਅੜੂ ਰਾਮ ਕਾ, ਪੋਤਾ ਨਰੈਣ ਦਾਸ ਕਾ, ਪੜਪੋਤਾ ਬ੍ਰਹਮ ਦਾਸ ਕਾ, ਬੰਸ ਠਾਕਰ ਦਾਸ ਕੀ, ਦੱਤ ਗੋਤਰ ਮੁੰਝਾਲ ਬ੍ਰਾਹਮਣ, ਵਾਸੀ ਮਟਨ, ਦੇਸ ਕਸ਼ਮੀਰ, ਸੰਬਤ ਸਤਰਾ ਸੈ ਬੱਤੀਸ, ਜੇਠ ਮਾਸੇ ਸੁਦੀ ਇਕਾਦਸ਼ੀ ਕੇ ਦਿਹੁੰ, ਖੋੜਸ ਬ੍ਰਾਹਮਣੋਂ ਕੋ ਗੈਲ ਲੈ, ਚੱਕ ਨਾਨਕੀ ਪ੍ਰਗਣਾ ਕਹਿਲੂਰ, ਗੁਰੂ ਤੇਗ਼ ਬਹਾਦਰ ਜੀ ਮਹਲ ਨਾਵਾਂ ਕੇ ਦਰਬਾਰ ਆਇ ਫਰਿਆਦੀ ਹੂਆ। ਗੁਰੂ ਜੀ ਨੇ ਇਨ੍ਹੇ ਧੀਰਜ ਦਈ, ਬਚਨ ਹੋਆ-" ਤੁਸਾਂ ਕੀ ਰੱਖਿਆ ਬਾਬਾ ਨਾਨਕ ਕਰੈਗਾ।

(ਭੱਟ ਵਹੀ ਮੁਲਤਾਨੀ ਸਿੰਧੀ)

ਪਰ ਭਾਈ ਕਿਰਪਾ ਰਾਮ ਦੱਤ ਅਤੇ ਉਨ੍ਹਾਂ ਦੇ ਪਰਿਵਾਰ ਦਾ ਸਿੱਖ ਪੰਥ ਨਾਲ ਰਿਸ਼ਤਾ ਇਸ ਤੋਂ ਬਹੁਤ ਪੁਰਾਣਾ ਹੈ। ਭਾਈ ਕਿਰਪਾ ਰਾਮ ਦੇ ਵੱਡੇ ਵਡੇਰਿਆਂ ਦਾ ਸਿੱਖ ਤਵਾਰੀਖ਼ ਵਿਚ ਜ਼ਿਕਰ ਸਤਵੇਂ ਨਾਨਕ ਗੁਰੂ ਹਰਿ ਰਾਇ ਸਾਹਿਬ ਦੇ ਵੇਲੇ ਤੋਂ ਮਿਲਦਾ ਹੈ। ਕੁਝ ਸੋਮਿਆਂ ਮੁਤਾਬਿਕ ਇਹ ਪਰਿਵਾਰ ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਹੀ ਸਿੱਖ ਪੰਥ ਦਾ ਹਿੱਸਾ ਸੀ ਅਤੇ ਕੁਝ ਸੋਮੇ ਇਸ ਨੂੰ ਪੰਜਵੇਂ ਤੇ ਛੇਵੇਂ ਨਾਨਕ ਦੇ ਵੇਲੇ ਤੋਂ ਜੋੜਦੇ ਹਨ।

ਭਾਈ ਕਿਰਪਾ ਰਾਮ ਭਾਈ ਠਾਕਰ ਦਾਸ ਮੁੰਝਾਲ ਦੱਤ ਬ੍ਰਾਹਮਣ ਪਰਿਵਾਰ ਦੀ ਪੀੜ੍ਹੀ ਵਿਚੋਂ ਸਨ। ਭਾਈ ਠਾਕਰ ਦਾਸ ਕਸ਼ਮੀਰ ਦੇ ਕਸਬੇ ਮਟਨ ਦੇ ਰਹਿਣ ਵਾਲੇ ਸਨ। ਗੁਰੂ ਨਾਨਕ ਸਾਹਿਬ, ਜਦੋਂ ਕਸ਼ਮੀਰ ਗਏ ਸਨ ਤਾਂ ਉਹ ਮਟਨ ਵਿਚੋਂ ਲੰਘ ਕੇ ਗਏ ਸਨ ਤਾਂ ਪੰਡਿਤ ਕਿਰਪਾ ਰਾਮ ਦੇ ਵਡੇਰੇ ਬ੍ਰਹਮ ਦਾਸ (ਵਾਸੀ ਬੀਜ ਬਿਹਾੜਾ, ਨੇੜੇ ਮਟਨ) ਨਾਲ ਉਨ੍ਹਾਂ ਦੀ ਗੋਸ਼ਟ ਵੀ ਹੋਈ ਸੀ। ਪੰਡਿਤ ਬ੍ਰਹਮ ਦਾਸ ਕੋਲ ਕਿਤਾਬਾਂ ਦਾ

ਇਕ ਵੱਡਾ ਭੰਡਾਰ ਸੀ। ਜਿਸ ਦਾ ਉਹ ਮਾਣ ਕਰਦਾ ਸੀ। ਗੁਰੂ ਸਾਹਿਬ ਨੇ ਉਸ ਦਾ ਹੰਕਾਰ ਤੋੜਿਆ ਸੀ।

ਭਾਈ ਬ੍ਰਹਮ ਦਾਸ ਜੀ ਨੂੰ ਨਾਨਕ ਸਾਹਿਬ ਨੇ ਕਸ਼ਮੀਰ ਵਿਚ ਪ੍ਰਚਾਰ ਦੀ ਮੰਜੀ ਬਖ਼ਸ਼ੀ ਸੀ। ਬ੍ਰਹਮ ਦਾਸ ਦਾ ਇਕ ਹੋਰ ਭਰਾ ਹਰਿਚਰਨ ਦਾਸ ਵੀ ਸੀ। ਬ੍ਰਹਮ ਦਾਸ ਦਾ ਬੇਟਾ ਨਰੈਣ ਦਾਸ ਸੀ। ਨਰੈਣ ਦਾਸ ਦੇ ਦੋ ਪੁੱਤਰ ਸਨ: ਭਾਈ ਅਲੂ ਰਾਮ ਤੇ ਭਾਈ ਅੜੂ ਰਾਮ। ਭਾਈ ਅੜੂ ਰਾਮ ਦੇ ਅੱਗੋਂ ਚਾਰ ਪੁੱਤਰ ਸਨ: ਸਨਮੁਖ ਦਾਸ, ਭਾਈ ਕਿਰਪਾ ਰਾਮ, ਸ਼ਿਵ ਦਾਸ ਤੇ ਭਾਈ ਚੇਲਾ ਰਾਮ। ਭਾਈ ਕਿਰਪਾ ਰਾਮ ਦੇ ਦੋ ਬੇਟੇ ਸਨ: ਧਰਮ ਚੰਦ ਤੇ ਈਸ਼ਰ ਦਾਸ। ਭਾਈ ਕਿਰਪਾ ਰਾਮ ਦੀ ਮਾਤਾ ਦਾ ਨਾਂ ਸੁਰਸਤੀ ਸੀ। ਇਹ ਬੀਬੀ ਸੁਰਸਤੀ ਭਾਈ ਗੌਤਮ ਛਿਬਰ (ਵਾਸੀ ਕਰਿਆਲਾ, ਜ਼ਿਲ੍ਹਾ ਜਿਹਲਮ, ਪਾਕਿਸਤਾਨ) ਦੀ ਬੇਟੀ ਸੀ। (ਛੇਵੇਂ ਪਾਤਿਸ਼ਾਹ ਦੇ ਜਰਨੈਲ ਭਾਈ ਪੈਰਾ ਤੇ ਸ਼ਹੀਦ ਭਾਈ ਪਰਾਗਾ ਬੀਬੀ ਸੁਰਸਤੀ ਦੇ ਭਰਾ ਸਨ)। ਭਾਈ ਕਿਰਪਾ ਰਾਮ ਦੀ ਪਤਨੀ ਦਾ ਨਾਂ ਸੁਮਿਤਰਾ ਦੇਵੀ ਸੀ।

1620 ਵਿਚ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰ ਗਏ ਤਾਂ ਭਾਈ ਨਰੈਣ ਦਾਸ (ਦਾਦਾ ਭਾਈ ਕਿਰਪਾ ਰਾਮ ਦੱਤ) ਨੂੰ ਵੀ ਮਿਲੇ ਸਨ। ਇਸ ਤੋਂ ਬਾਅਦ 1660 ਦੀ ਅਪ੍ਰੈਲ ਵਿਚ ਗੁਰੂ ਹਰਿ ਰਾਇ ਸਾਹਿਬ ਵੀ ਭਾਈ ਮੱਖਣ ਸ਼ਾਹ ਵਣਜਾਰਾ ਦੇ ਟਾਂਡੇ ਦੇ ਨਾਲ ਕਸ਼ਮੀਰ ਪੁੱਜੇ ਸਨ। ਆਪ 20 ਅਪ੍ਰੈਲ 1660 ਦੇ ਦਿਨ ਸ੍ਰੀ ਨਗਰ ਵਿਚ ਸਨ। ਸ੍ਰੀ ਨਗਰ ਤੋਂ ਆਪ ਭਾਈ ਮੱਖਣ ਸ਼ਾਹ ਵਣਜਾਰਾ ਦੇ ਬਾਪ ਭਾਈ ਦਾਸਾ ਅਤੇ ਭਾਈ ਕਿਰਪਾ ਰਾਮ ਦੱਤ ਦੇ ਬਾਪ ਭਾਈ ਅੜੂ ਰਾਮ ਅਤੇ ਹੋਰ ਸਿੱਖਾਂ ਨਾਲ ਮਟਨ ਤੇ ਮਾਰਤੰਡ ਤੋਂ ਹੁੰਦੇ ਹੋਏ ਭਾਈ ਮੱਖਣ ਸ਼ਾਹ ਦੇ ਪਿੰਡ ਟਾਂਡਾ ਲੁਬਾਣਿਆਂ ਵਿਚ ਪੁੱਜੇ। ਇਸ ਮਗਰੋਂ ਆਪ ਮਟਨ ਗਏ ਜਿਥੇ ਆਪ ਭਾਈ ਅੜੂ ਰਾਮ ਦੇ ਘਰ ਠਹਿਰੇ।

1661 ਵਿਚ ਜਦੋਂ ਗੁਰੂ ਹਰਿ ਰਾਇ ਸਾਹਿਬ ਨੇ ਆਪਣੇ ਬੇਟੇ ਰਾਮ ਰਾਇ ਨੂੰ ਦਿੱਲੀ ਭੇਜਿਆ ਤਾਂ ਉਸ ਦੇ ਨਾਲ ਭੇਜੇ ਜਾਣ ਵਾਲੇ ਸਿੱਖਾਂ ਵਿਚ ਭਾਈ ਅੜੂ ਰਾਮ ਦੱਤ ਵੀ ਸਨ। ਇਸ ਤੋਂ ਪਤਾ ਲੱਗਦਾ ਹੈ ਕਿ ਦੱਤ ਪਰਿਵਾਰ ਦੀ ਗੁਰੂ ਸਾਹਿਬ ਨਾਲ ਬੜੀ ਨੇੜਤਾ ਸੀ। ਭਾਈ ਅੜੂ ਰਾਮ ਅਕਸਰ ਕੀਰਤਪੁਰ ਆਇਆ ਕਰਦੇ ਸਨ ਤੇ ਕਈ ਕਈ ਦਿਨ ਉਥੇ ਰਿਹਾ ਕਰਦੇ ਸਨ। ਜਿਸ ਦਿਨ ਗੁਰੂ ਹਰਿ ਰਾਇ ਸਾਹਿਬ ਜੋਤੀ ਜੋਤ ਸਮਾਏ ਭਾਈ ਅੜੂ ਰਾਮ ਉਥੇ ਹੀ ਸਨ। ਉਨ੍ਹਾਂ ਦੇ ਹੱਥ ਹੀ ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਦੀ ਇਤਲਾਹ ਰਾਮ ਰਾਇ ਤੇ ਦਿੱਲੀ ਦੇ ਸਿੱਖਾਂ ਨੂੰ ਭੇਜੀ ਗਈ ਸੀ। ਭਾਈ ਅੜੂ ਰਾਮ ਦੇ ਚੜ੍ਹਾਈ ਕਰ ਜਾਣ ਮਗਰੋਂ ਉਨ੍ਹਾਂ ਦੇ ਬੇਟੇ ਭਾਈ ਕਿਰਪਾ ਰਾਮ ਦੱਤ ਗੁਰੂ ਘਰ ਨਾਲ ਲਗਾਤਾਰ ਜੁੜੇ ਰਹੇ ਸਨ। ਭਾਈ ਕਿਰਪਾ ਰਾਮ 25 ਮਈ 1675 ਦੇ ਦਿਨ 16 ਪੰਡਿਤਾਂ ਨੂੰ ਨਾਲ ਲੈ ਕੇ ਅਚਾਨਕ ਹੀ 'ਚੱਕ ਨਾਨਕੀ' ਨਹੀਂ ਸਨ ਆਏ। ਉਹ ਤਾਂ ਪਹਿਲੋਂ ਵੀ ਕਈ ਵਾਰ ਗੁਰੂ ਸਾਹਿਬ ਕੋਲ ਆ ਚੁੱਕੇ ਸਨ। ਅਜਿਹਾ ਜਾਪਦਾ ਹੈ ਕਿ

ਭਾਈ ਕਿਰਪਾ ਰਾਮ ਦੱਤ ਗੁਰੂ ਦਰਬਾਰ ਵਿਚ ਅਕਸਰ ਹਾਜ਼ਿਰ ਰਿਹਾ ਕਰਦੇ ਸਨ। ਆਪ ਪਟਨੇ ਵਿਚ ਵੀ ਗੁਰੂ ਸਾਹਿਬ ਦੇ ਕੋਲ ਸਨ ਤੇ ਬਕਾਲੇ ਤੇ ਚੱਕ ਨਾਨਕੀ ਵਿਚ ਵੀ ਆਉਂਦੇ ਰਹਿੰਦੇ ਸਨ। ਆਪ ਪਟਨਾ ਵਿਚ ਵੀ ਗੁਰੂ-ਪਰਿਵਾਰ ਦੇ ਨਾਲ ਰਹੇ ਸਨ। ਆਪ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸੰਸਕ੍ਰਿਤ ਦੇ ਉਸਤਾਦ ਸਨ। ਅਜਿਹਾ ਜਾਪਦਾ ਹੈ ਕਿ ਆਪ 1670 ਵਿਚ ਪਟਨੇ ਤੋਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਨਾਲ ਹੀ ਪੰਜਾਬ ਆਏ ਸਨ। ਆਪ ਅਗਸਤ 1670 ਵਿਚ ਲਖਨੌਰ ਵਿਚ ਵੀ ਹਾਜ਼ਿਰ ਸਨ। ਇਸ ਸਬੰਧੀ ਇਕ ਇੰਦਰਾਜ ਭੱਟ ਵਹੀਆਂ ਵਿਚ ਇੰਞ ਮਿਲਦਾ ਹੈ:

"ਗੁਰੂ ਗੋਬਿੰਦ ਦਾਸ ਜੀ ਬੇਟਾ ਗੁਰੂ ਤੇਗ ਬਹਾਦਰ ਮਹਲ ਨਾਮੇ ਕਾ, ਪੋਤਾ ਗੁਰੂ ਹਰਿ ਗੋਬਿੰਦ ਜੀ ਕਾ, ਪੜਪੋਤਾ ਗੁਰੂ ਅਰਜਨ ਜੀ ਕਾ, ਬੰਸ ਗੁਰੂ ਰਾਮ ਦਾਸ ਜੀ ਕੀ, ਗੋਸਲ ਗੋਤਰ, ਸੋਢੀ ਖਤਰੀ, ਲਖਨੌਰ ਆਏ, ਪਰਗਨਾ ਅੰਬਾਲਾ, ਸੰਮਤ ਸਤਾਰਾਂ ਸੈ ਸਤਾਈਸ, ਅਸ਼ਵਮਾਸੇ ਸੁਕਲਾ ਪੱਖੇ ਨਾਂਵੀ ਕੇ ਦਿਹੁੰ। ਗੈਲ ਮਾਤਾ ਗੁਜਰੀ ਜੀ ਆਏ, ਇਸਤਰੀ ਗੁਰੂ ਤੇਗ ਬਹਾਦਰ ਜੀ ਕੀ, ਕਿਰਪਾਲ ਚੰਦ ਆਇਆ ਬੇਟਾ ਲਾਲ ਚੰਦ ਸੁਭਿਖੀ ਕਾ, ਸਾਧੂ ਰਾਮ ਆਇਆ ਬੇਟਾ ਧਰਮੇ ਖੋਸਲੇ ਕਾ, ਚਉਪਤਿ ਰਾਇ ਆਇਆ ਬੇਟਾ ਪੈਰੇ ਛਿਬਰ ਕਾ, ਗੁਆਲ ਦਾਸ ਆਇਆ ਬੇਟਾ ਛੁਟ ਮਲ ਛਿੱਬਰ ਕਾ, ਕਿਰਪਾ ਰਾਮ ਆਇਆ ਬੇਟਾ ਅੜੂ ਰਾਮ ਦੱਤ ਕਾ। ਦਸਮੀਂ ਕੇ ਰੋਜ਼ ਮਾਮੂ ਮਿਹਰ ਚੰਦ ਨੇ ਗੁਰੂ ਗੋਬਿੰਦ ਦਾਸ ਜੀ ਕੋ ਜ਼ਮਰੂਦੀ ਰੰਗ ਕੀ ਪਾਗ ਬੰਧਾਈ। ਸਿਰ-ਵਾਰਨਾ ਕੀਆ।"

(ਭੱਟ ਵਹੀ ਮੁਲਤਾਨੀ ਸਿੰਧੀ)

ਇਹ ਗੱਲ 28 ਅਤੇ 29 ਅਗਸਤ 1670 ਦੀ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਉਦੋਂ ਪੌਣੇ ਨੌ ਸਾਲ ਦੇ ਸਨ। ਭਾਈ ਕਿਰਪਾ ਰਾਮ ਉਦੋਂ ਵੀ ਗੁਰੂ ਘਰ ਦੇ ਨਾਲ ਜੁੜੇ ਹੋਏ ਸਿੱਖਾਂ ਵਿਚੋਂ ਇਕ ਸਨ। ਇਸ ਤੋਂ ਪੰਜ ਸਾਲ ਮਗਰੋਂ 1675 ਵਿਚ ਭਾਈ ਕਿਰਪਾ ਰਾਮ ਦੱਤ ਦੀ ਅਗਵਾਈ ਵਿਚ 16 ਕਸ਼ਮੀਰੀ ਪੰਡਿਤ ਆਏ ਸਨ।

ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ (11 ਨਵੰਬਰ 1675) ਤੋਂ ਮਗਰੋਂ ਵੀ ਭਾਈ ਕਿਰਪਾ ਰਾਮ ਦਸਵੇਂ ਨਾਨਕ ਦੇ ਦਰਬਾਰ ਵਿਚ ਹਾਜ਼ਿਰ ਰਹਿੰਦੇ ਸਨ। ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖੰਡੇ ਦੀ ਪਾਹੁਲ ਸ਼ੁਰੂ ਕੀਤੀ ਤਾਂ ਸਭ ਤੋਂ ਪਹਿਲਾਂ ਪੰਜ ਪਿਆਰਿਆਂ, ਫਿਰ ਪੰਜ ਮੁਕਤਿਆਂ ਤੇ ਫੇਰ ਭਾਈ ਮਨੀ ਸਿੰਘ ਅਤੇ 10 ਹੋਰ ਸਿੱਖਾਂ ਨੇ ਖੰਡੇ ਦੀ ਪਾਹੁਲ ਹਾਸਿਲ ਕੀਤੀ। ਇਨ੍ਹਾਂ ਤੋਂ ਮਗਰੋਂ ਅਗਲੇ ਬੈਚ ਵਿਚ ਖੰਡੇ ਦੀ ਪਾਹੁਲ ਹਾਸਿਲ ਕਰਨ ਵਾਲਿਆਂ ਵਿਚ ਕਵੀ ਬਰਨ, ਕਵੀ ਅਣੀ ਰਾਏ, ਦਯਾ ਰਾਮ ਪੁਰੋਹਿਤ, ਭਾਈ ਗੁਰਬਖ਼ਸ਼, ਭਾਈ ਕ੍ਰਿਪਾ ਰਾਮ ਅਤੇ ਉਨ੍ਹਾਂ ਦੇ ਭਰਾ ਸਨਮੁਖ ਦਾਸ ਦੱਤ ਵੀ ਸ਼ਾਮਿਲ ਸਨ। ਦੋਹਾਂ ਦੱਤ ਭਰਾਵਾਂ ਦਾ ਨਾਂ ਤਰਤੀਬਵਾਰ ਕਿਰਪਾ ਸਿੰਘ ਅਤੇ ਸਨਮੁਖ ਸਿੰਘ ਰਖਿਆ ਗਿਆ।

ਭਾਈ ਕਿਰਪਾ ਸਿੰਘ ਦੱਤ ਤੇ ਭਾਈ ਸਨਮੁਖ ਸਿੰਘ ਦੱਤ ਕਾਫ਼ੀ ਦੇਰ ਚੱਕ

ਨਾਨਕੀ ਵਿਚ ਰਹੇ। ਜਦੋਂ ਮਈ 1705 ਵਿਚ ਪਹਾੜੀ ਰਾਜਿਆਂ ਨੇ ਆਨੰਦਪੁਰ ਸਾਹਿਬ ਦੀ ਘੇਰਾਬੰਦੀ ਕੀਤੀ, ਉਦੋਂ ਦੋਵੇਂ ਦੱਤ ਭਰਾ ਆਨੰਦਪੁਰ ਸਾਹਿਬ ਵਿਚ ਹੀ ਸਨ। ਜਦੋਂ ਗੁਰੂ ਸਾਹਿਬ ਆਨੰਦਪੁਰ ਸਾਹਿਬ ਛੱਡ ਕੇ ਚਮਕੌਰ ਗਏ ਤਾਂ ਉਨ੍ਹਾਂ ਨਾਲ ਰਹਿ ਜਾਣ ਵਾਲੇ 47 ਸਿੰਘਾਂ ਵਿਚ ਭਾਈ ਕਿਰਪਾ ਸਿੰਘ ਦੱਤ ਅਤੇ ਭਾਈ ਸਨਮੁੱਖ ਸਿੰਘ ਦੱਤ ਵੀ ਸਨ। ਸਤ ਦਸੰਬਰ 1705 ਦੀ ਲੜਾਈ ਵਿਚ ਦੋਹਾਂ ਦੱਤ ਭਰਾਵਾਂ ਨੇ ਮੁਗਲ ਫੌਜਾਂ ਦਾ ਡੱਟ ਕੇ ਟਾਕਰਾ ਕੀਤਾ ਅਤੇ ਸ਼ਹੀਦੀ ਪਾਈ। ਇਸ ਬਾਰੇ **"ਭੱਟ ਵਹੀ ਮੁਲਤਾਨੀ ਸਿੰਧੀ'** ਵਿਚ ਇਹ ਇੰਦਰਾਜ ਮਿਲਦਾ ਹੈ।

"ਜੁਝਾਰ ਸਿੰਘ ਬੇਟਾ ਗੁਰੂ ਗੋਬਿੰਦ ਸਿੰਘ ਜੀ ਮਹਲ ਦਸਮੇ ਕਾ.........ਸੰਮਤ ਸਤਰਾਂ ਸੈ ਬਾਸਠ, ਪੋਖ ਮਾਸੇ ਸੁਦੀ ਤੀਜ, ਵੀਰਵਾਰ ਕੇ ਦਿਹੁੰ..........*ਕਿਰਪਾ ਸਿੰਘ, ਬੇਟਾ ਅੜੂ ਰਾਮ ਕਾ, ਸਨਮੁਖ ਸਿੰਘ ਬੇਟਾ ਅੜੂ ਰਾਮ ਕਾ, ਪੋਤੇ ਨਰੈਣ ਦਾਸ ਕੇ ਮੁੰਝਾਲ ਦੱਤ ਬ੍ਰਾਹਮਣ,* ਮੁਕਾਮ ਚਮਕੌਰ, ਪਰਗਣਾ ਰੋਪੜ, ਤੁਰਕ ਫੌਜ ਗੈਲ, ਸਾਮ੍ਹੇ ਮਾਥੇ ਜੂਝ ਕੇ ਸ਼ਹਾਦਤਾਂ ਪਾਇ ਗਏ। ਆਗੇ ਗੁਰੂ ਕੀ ਗਤਿ ਗੁਰੂ ਜਾਣੇ।"

ਹੋਰ ਤਫਸੀਲ ਵਾਸਤੇ ਵੇਖੋ: ਭਾਈ ਅੜੂ ਰਾਮ ਦਤ ਦਾ ਕੁਰਸੀਨਾਮਾ।

ਭਾਈ ਮੁਕੰਦ ਸਿੰਘ

ਚਮਕੌਰ ਦੀ ਲੜਾਈ ਵਿਚ 7 ਦਸੰਬਰ 1705 ਦੇ ਦਿਨ ਸ਼ਹੀਦੀ ਹਾਸਿਲ ਕਰਨ ਵਾਲਿਆਂ, 40 ਸਿੰਘਾਂ ਵਿਚ ਭਾਈ ਮੁਕੰਦ ਸਿੰਘ ਵੀ ਸ਼ਾਮਿਲ ਸਨ।

ਭਾਈ ਮੁਕੰਦ ਸਿੰਘ ਸ਼ਹੀਦ ਭਾਈ ਮਤੀ ਦਾਸ ਦੇ ਸਪੁੱਤਰ, ਭਾਈ ਹੀਰਾ ਮਲ ਦੇ ਪੋਤੇ ਤੇ ਭਾਈ ਦਵਾਰਕਾ ਦਾਸ ਦੇ ਪੜਪੋਤੇ ਸਨ। ਆਪ ਛਿਬਰ-ਬ੍ਰਾਹਮਣ ਖ਼ਾਨਦਾਨ ਨਾਲ ਸਬੰਧ ਰਖਦੇ ਸਨ ਤੇ ਆਪ ਦਾ ਪਰਿਵਾਰ ਕਈ ਪੀੜ੍ਹੀਆਂ ਤੋਂ ਗੁਰੂ ਘਰ ਨਾਲ ਜੁੜਿਆ ਹੋਇਆ ਸੀ। ਇਸ ਪਰਿਵਾਰ ਵਿਚੋਂ ਕਈ ਜਣੇ ਸਿੱਖ ਪੰਥ ਵਾਸਤੇ ਪਹਿਲਾਂ ਵੀ ਸ਼ਹੀਦੀਆਂ ਹਾਸਿਲ ਕਰ ਚੁੱਕੇ ਸਨ। ਆਪ ਦੇ ਪਿਤਾ ਭਾਈ ਮਤੀ ਦਾਸ ਨੇ 11 ਨਵੰਬਰ 1675 ਦੇ ਦਿਨ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਅੱਖਾਂ ਦੇ ਸਾਹਮਣੇ

ਸ਼ਹੀਦੀ ਜਾਮ ਹਾਸਿਲ ਕੀਤਾ ਸੀ। ਸ਼ਹੀਦ ਪਰਾਗ ਦਾਸ ਆਪ ਦੇ ਪਿਤਾ ਦੇ ਪੜਦਾਦਾ ਸਨ।

ਭਾਈ ਮੁਕੰਦ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰੀ ਸਿੱਖਾਂ ਵਿਚੋਂ ਇਕ ਸਨ। ਆਪ ਖਾਲਸਾ ਫ਼ੌਜ ਦੇ ਇਕ ਬਹਾਦਰ ਸਿਪਾਹੀ ਸਨ ਆਪ ਨੇ ਅਨੰਦਪੁਰ ਸਾਹਿਬ ਤੇ ਨਿਰਮੋਹਗੜ੍ਹ ਦੀਆਂ ਲੜਾਈਆਂ ਵਿਚ ਭਰਪੂਰ ਹਿੱਸਾ ਲਿਆ ਸੀ।

5 ਅਤੇ 6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਸਾਹਿਬ ਛੱਡਿਆ ਤਾਂ ਜਿਹੜੇ ਚਾਲੀ ਅਨੰਦਪੁਰੀ ਮੁਕਤਿਆਂ ਨੇ ਆਪ ਜੀ ਦੇ ਨਾਲ ਜੀਣ-ਮਰਨ ਦਾ ਪ੍ਰਣ ਲਿਆ ਉਨ੍ਹਾਂ ਵਿਚੋਂ ਆਪ ਇਕ ਸਨ। ਆਪ ਗੁਰੂ ਸਾਹਿਬ ਦੇ ਨਾਲ ਅਨੰਦਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ ਹੁੰਦੇ ਹੋਏ ਇਸ ਤੋਂ 15 ਕਿਲੋਮੀਟਰ ਦੂਰ ਸਰਸਾ ਨਦੀ ਪਾਰ ਕਰ ਕੇ ਰੋਪੜ ਦੇ ਰਸਤੇ ਚਮਕੌਰ ਪੁੱਜ ਗਏ। ਚਮਕੌਰ ਵਿਚ ਆਪ ਗੁਰੂ ਜੀ ਦੇ ਨਾਲ ਭਾਈ ਬੁੱਧੀ ਚੰਦ ਰਾਵਤ ਦੀ ਗੜ੍ਹੀ ਵਿਚ ਠਹਿਰੇ। ਉਸੇ ਦਿਨ ਦੁਪਹਿਰ ਵੇਲੇ ਮੁਗ਼ਲ ਫ਼ੌਜਾਂ ਨੇ ਗੜ੍ਹੀ ਨੂੰ ਚੌਹਾਂ ਪਾਸਿਆਂ ਤੋਂ ਘੇਰ ਲਿਆ। ਉਸ ਵੇਲੇ ਗੜ੍ਹੀ ਦੇ ਅੰਦਰ ਸਿਰਫ 45 ਸਿੱਖ ਤੇ ਦੋ ਸਾਹਿਬਜ਼ਾਦੇ ਸਨ। ਦੂਜੇ ਪਾਸੇ ਘੇਰਾ ਪਾਉਣ ਵਾਲੀਆਂ ਫ਼ੌਜਾਂ ਦੀ ਗਿਣਤੀ ਬਹੁਤ ਹੀ ਜ਼ਿਆਦਾ ਸੀ। ਇਨ੍ਹਾਂ ਸੰਤਾਲੀ ਸਿੰਘਾਂ ਨੇ ਇਕ-ਇਕ ਦੋ-ਦੋ ਕਰ ਕੇ, ਗੜ੍ਹੀ ਵਿਚੋਂ ਨਿਕਲ ਕੇ, ਮੁਗ਼ਲ ਫ਼ੌਜਾਂ ਨਾਲ ਹੱਥੋ-ਹੱਥ ਲੜਾਈ ਕੀਤੀ ਤੇ ਬਹੁਤ ਸਾਰੇ ਹਮਲਾਵਰ ਸਿਪਾਹੀਆਂ ਨੂੰ ਮਾਰ ਮੁਕਾਇਆ। ਰਾਤ ਪੈਣ ਤਕ 38 ਸਿੰਘ ਅਤੇ ਦੋ ਸਾਹਿਬਜ਼ਾਦੇ ਸ਼ਹੀਦ ਹੋ ਚੁੱਕੇ ਸਨ। ਇਨ੍ਹਾਂ ਵਿਚ ਭਾਈ ਮੁਕੰਦ ਸਿੰਘ ਵੀ ਸ਼ਾਮਿਲ ਸਨ।

ਭਾਈ ਮੁਕੰਦ ਸਿੰਘ ਦੇ ਵੱਡੇ ਭਰਾ ਭਾਈ ਸਾਹਿਬ ਸਿੰਘ, ਜੋ ਗੁਰੂ ਸਾਹਿਬ ਦੇ ਦੀਵਾਨ ਵੀ ਸਨ, ਪਹਿਲਾਂ ਹੀ 8 ਅਕਤੂਬਰ 1700 ਦੇ ਦਿਨ ਨਿਰਮੋਹਗੜ੍ਹ ਦੀ ਲੜਾਈ ਵਿਚ ਸ਼ਹੀਦੀ ਹਾਸਿਲ ਕਰ ਚੁੱਕੇ ਸਨ। ਭਾਈ ਮੁਕੰਦ ਸਿੰਘ ਸ਼ਹੀਦੀ ਵੇਲੇ ਅਜੇ ਕੁਆਰੇ ਸਨ ਇਸ ਕਰ ਕੇ ਆਪ ਦਾ ਪਰਿਵਾਰ ਨਹੀਂ ਚਲਿਆ।

ਹੋਰ ਤਫ਼ਸੀਲ ਵਾਸਤੇ ਦੇਖੋ: ਭਾਈ ਗੌਤਮ ਛਿਬਰ ਦਾ ਕੁਰਸੀਨਾਮਾ।

ਭਾਈ ਮੁਕੰਦ ਸਿੰਘ (ਦੂਜਾ)

ਬਾਬਾ ਸੰਤੀ ਦਾਸ ਦੇ ਪੁੱਤਰ ਭਾਈ ਮੁਕੰਦ ਸਿੰਘ ਨੇ ਵੀ 7 ਦਸੰਬਰ 1705 ਦੇ ਦਿਨ ਚਮਕੌਰ ਦੀ ਲੜਾਈ ਵਿਚ ਸ਼ਹੀਦੀ ਹਾਸਿਲ ਕੀਤੀ ਸੀ।

ਭਾਈ ਮੁਕੰਦ ਸਿੰਘ ਭਾਈ ਬਾਬਾ ਸੰਤੀ ਦਾਸ ਦੇ ਸਪੁੱਤਰ, ਬਾਵਾ ਕਬੂਲਾ ਦੇ ਪੋਤਰੇ ਅਤੇ ਬਾਵਾ ਦਵਾਰਕਾ ਦਾਸ (ਉਰਫ਼ ਲੱਖੀ ਦਾਸ) ਦੇ ਪੜਪੋਤੇ ਸਨ। ਆਪ ਛਿਬਰ-ਬ੍ਰਾਹਮਣ ਪਰਿਵਾਰ ਨਾਲ ਸਬੰਧ ਰਖਦੇ ਸਨ। ਉਨ੍ਹੀਂ ਦਿਨੀਂ ਆਪ ਪਿੰਡ ਕਰਿਆਲਾ (ਜ਼ਿਲ੍ਹਾ ਜਿਹਲਮ, ਪਾਕਿਸਤਾਨ) ਵਿਚ ਰਹਿੰਦੇ ਸਨ। ਇਹ ਪਰਿਵਾਰ ਕਈ ਪੀੜ੍ਹੀਆਂ ਤੋਂ ਗੁਰੂ-ਘਰ ਨਾਲ ਜੁੜਿਆ ਹੋਇਆ ਸੀ। ਬਾਵਾ ਦਵਾਰਕਾ ਦਾਸ ਦੇ ਪਿਤਾ ਭਾਈ ਪਰਾਗ ਦਾਸ (ਪਰਾਗਾ) 3 ਅਕਤੂਬਰ 1621 ਦੇ ਦਿਨ ਰੁਹੀਲਾ ਦੀ ਲੜਾਈ ਵਿਚ ਸ਼ਹੀਦ ਹੋਏ ਸਨ। ਸ਼ਹੀਦ ਭਾਈ ਮਤੀ ਦਾਸ ਤੇ ਸਤੀ ਦਾਸ ਆਪ ਦੇ ਦਾਦਕਿਆਂ ਵਿਚੋਂ ਸਨ।

ਭਾਈ ਮੁਕੰਦ ਸਿੰਘ ਬੜੇ ਫੁਰਤੀਲੇ, ਬਹਾਦਰ ਤੇ ਜੰਗਜੂ ਕਿਸਮ ਦੇ ਸ਼ਖ਼ਸ ਸਨ। ਆਪ ਗੁਰੂ ਸਾਹਿਬ ਦੀ ਫ਼ੌਜ ਦੇ ਪ੍ਰਮੁੱਖ ਸਿੱਖਾਂ ਵਿਚੋਂ ਇਕ ਸਨ। ਆਪ ਸ਼ਸਤਰ ਚਲਾਉਣ ਦੀ ਬੜੀ ਮੁਹਾਰਤ ਰਖਦੇ ਸਨ। ਭਾਈ ਮੁਕੰਦ ਸਿੰਘ ਕਈ ਸਾਲਾਂ ਤੋਂ ਅਨੰਦਪੁਰ ਸਾਹਿਬ ਵਿਚ ਰਹਿ ਰਹੇ ਸਨ ਤੇ ਉਨ੍ਹਾਂ ਨੇ ਕਈ ਲੜਾਈਆਂ ਵਿਚ ਹਿੱਸਾ ਲਿਆ ਸੀ।

5 ਅਤੇ 6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਜੀ ਨੇ ਅਨੰਦਪੁਰ ਸਾਹਿਬ ਛੱਡਿਆ ਤਾਂ ਆਪ ਗੁਰੂ ਸਾਹਿਬ ਦੇ ਨਾਲ ਅਨੰਦਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ ਹੁੰਦੇ ਹੋਏ ਇਥੋਂ 12-13 ਕਿਲੋਮੀਟਰ ਸਰਸਾ ਨਦੀ ਪਾਰ ਕਰ ਕੇ ਜੰਗਲ ਤੇ ਪਿੰਡਾਂ 'ਚੋਂ ਲੰਘਦੇ ਹੋਏ 7 ਦਸੰਬਰ ਦੀ ਸਵੇਰ ਵੇਲੇ ਚਮਕੌਰ ਪੁੱਜ ਗਏ। ਚਮਕੌਰ ਵਿਚ ਆਪ ਗੁਰੂ ਜੀ ਦੇ ਨਾਲ ਭਾਈ ਬੁੱਧੀ ਚੰਦ ਰਾਵਤ ਦੀ ਗੜ੍ਹੀ ਵਿਚ ਠਹਿਰੇ। ਉਸੇ ਦਿਨ ਦੁਪਹਿਰ ਵੇਲੇ ਮੁਗ਼ਲ ਫ਼ੌਜਾਂ ਨੇ ਗੜ੍ਹੀ ਨੂੰ ਚੌਹਾਂ ਪਾਸਿਆਂ ਤੋਂ ਘੇਰ ਲਿਆ। ਗੜ੍ਹੀ ਅੰਦਰ ਘਿਰੇ ਹੋਏ 42 ਸਿੰਘਾਂ ਤੇ 2 ਸਾਹਿਬਜ਼ਾਦਿਆਂ ਨੇ ਇਕ-ਇਕ ਦੋ-ਦੋ ਕਰ ਕੇ ਗੜ੍ਹੀ ਵਿਚੋਂ ਨਿਕਲ ਕੇ ਮੁਗ਼ਲ ਫ਼ੌਜਾਂ ਨਾਲ ਹੱਥੋ-ਹੱਥ ਲੜਾਈ ਕੀਤੀ ਤੇ ਬਹੁਤ ਸਾਰੇ ਹਮਲਾਵਰ ਸਿਪਾਹੀਆਂ ਨੂੰ ਮਾਰ ਮੁਕਾਇਆ। ਰਾਤ ਪੈਣ ਤੱਕ ਗੁਰੂ ਸਾਹਿਬ ਅਤੇ 7 ਸਿੰਘਾਂ ਤੋਂ ਸਿਵਾ ਬਾਕੀ ਸਾਰੇ ਸਿੰਘ ਸ਼ਹੀਦ ਹੋ ਚੁਕੇ ਸਨ। ਇਨ੍ਹਾਂ ਵਿਚ ਭਾਈ ਮੁਕੰਦ ਸਿੰਘ ਵੀ ਸਨ।

ਭਾਈ ਮੁਕੰਦ ਸਿੰਘ ਗੁਰੂ ਸਾਹਿਬ ਦੇ ਖ਼ਾਸ ਦਰਬਾਰੀਆਂ ਵਿਚੋਂ ਇਕ ਸਨ। ਆਪ ਨੇ ਆਪਣੀ ਸਾਰੀ ਉਮਰ ਗੁਰੂ ਘਰ ਦੀ ਸੇਵਾ ਵਿਚ ਹਾਜ਼ਿਰ ਰਹਿ ਕੇ ਬਿਤਾਈ ਸੀ।

ਭਾਈ ਮੁਕੰਦ ਸਿੰਘ ਦੀ ਸ਼ਹੀਦੀ ਦਾ ਜ਼ਿਕਰ ਭੱਟ ਵਹੀਆਂ ਵਿਚ ਇੰਵ ਮਿਲਦਾ ਹੈ:

''ਦਾਨ ਸਿੰਘ ਮਾਈ ਦਾਸ ਕਾ, ਪੋਹ ਦਿਨ ਆਠ, ਸਾਲ ਸਤਰਾਂ ਸੈ ਬਾਸਠ, ਚਮਕੌਰ ਕੇ ਮਲਹਾਨ ਤੁਰਕੋਂ ਗੈਲ ਲਰਕਰ ਆਧ ਘਰੀ ਦਿਨ ਖਰੇ, ਜੂਝ ਕਰ ਮਰਾ। ਗੈਲੋਂ *ਮੁਕੰਦ ਸਿੰਘ ਬੇਟਾ ਸੰਤੀ ਦਾਸ ਕਾ ਪੋਤਾ ਕਬੂਲਾ ਕਾ ਪੜਪੋਤਾ ਦਵਾਰਕਾ ਦਾਸ* ਕਾ, ਬੰਧ ਗੌਤਮ ਜੀ ਕਾ, ਭਾਰਗਣ ਗੋਤਮ ਛਿੱਬਰ ਬ੍ਰਾਹਮਣ ਮਰਾ।''

(ਭੱਟ ਵਹੀ ਤਲਉਂਢਾ, ਪਰਗਨਾ ਜੀਂਦ, ਖਾਤਾ ਜਲਹਾਨੋਂ ਕਾ)

ਹੋਰ ਤਫ਼ਸੀਲ ਵਾਸਤੇ ਵੇਖੋ: ਭਾਈ ਗੌਤਮ ਛਿਬਰ ਦਾ ਕੁਰਸੀਨਾਮਾ

ਭਾਈ ਸਾਹਿਬ ਸਿੰਘ (ਪਿਆਰਾ)

ਭਾਈ ਸਾਹਿਬ ਸਿੰਘ ਭਾਈ ਚਮਨ ਲਾਲ ਦੇ ਸਪੁੱਤਰ ਸਨ। ਭਾਈ ਚਮਨ ਲਾਲ ਨੇ ਇਕ ਨਾਈ ਪਰਿਵਾਰ ਵਿਚ ਜਨਮ ਲਿਆ ਸੀ। ਉਹ ਬਿਦਰ (ਕਰਨਾਟਕ) ਦੇ ਵਾਸੀ ਸਨ। ਜਦੋਂ ਗੁਰੂ ਨਾਨਕ ਸਾਹਿਬ ਆਪਣੀ ਉਦਾਸੀ ਦੌਰਾਨ ਬਿਦਰ ਗਏ ਤਾਂ ਉਨ੍ਹਾਂ ਨੇ ਉਸ ਇਲਾਕੇ ਵਿਚ ਵਾਹਿਗੁਰੂ ਦੇ ਪੈਗ਼ਾਮ ਦੀ ਆਵਾਜ਼ ਦਿੱਤੀ। ਇਸ ਆਵਾਜ਼ ਨੇ ਬੜੇ ਪਰਿਵਾਰਾਂ ਨੂੰ ਸਿੱਖ-ਪੰਥ ਵਿਚ ਸ਼ਾਮਿਲ ਕੀਤਾ। ਇਨ੍ਹਾਂ ਪਰਿਵਾਰਾਂ ਵਿਚ ਭਾਈ ਚਮਨ ਲਾਲ ਦੇ ਵੱਡੇ ਵਡੇਰੇ ਵੀ ਸਨ। ਗੁਰੂ ਸਾਹਿਬ ਦੀ ਬਾਣੀ ਦਾ ਅਜਿਹਾ ਅਸਰ ਹੋਇਆ ਕਿ ਇਸ ਪਰਿਵਾਰ ਨੇ ਨਾਈ ਦਾ ਕੰਮ ਛੱਡ ਦਿੱਤਾ ਅਤੇ ਮਿਹਨਤ ਮਜ਼ਦੂਰੀ ਨਾਲ ਰੋਟੀ ਕਮਾਉਣੀ ਸ਼ੁਰੂ ਕੀਤੀ।

ਇਹ ਪਰਿਵਾਰ ਗੁਰੂ ਨਾਨਕ ਸਾਹਿਬ ਤੋਂ ਮਗਰੋਂ ਵੀ ਉਨ੍ਹਾਂ ਦੇ ਨਾਦੀ ਵਾਰਿਸਾਂ ਦੇ ਦਰਸ਼ਨ ਕਰਨ ਵਾਸਤੇ ਪੰਜਾਬ ਦੇਸ਼ ਵਿਚ ਅਕਸਰ ਆਉਂਦਾ ਰਿਹਾ। ਇਕ ਵਾਰ ਭਾਈ ਚਮਨ ਲਾਲ ਗੁਰੂ ਸਾਹਿਬ ਕੋਲ ਆਪਣੇ ਬੇਟੇ ਸਾਹਿਬ ਚੰਦ ਨੂੰ ਲੈ ਕੇ ਆਏ। ਇਹ

ਗੱਲ 1685 ਦੀ ਹੈ। ਸਾਹਿਬ ਚੰਦ ਉਦੋਂ 23 ਸਾਲ ਦਾ ਸੀ। ਜਦੋਂ ਸਾਹਿਬ ਚੰਦ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਸ਼ਨ ਕੀਤੇ ਤੇ ਬਚਨ ਸੁਣੇ ਤਾਂ ਉਹ ਕੀਲਿਆ ਗਿਆ ਅਤੇ ਸਦਾ ਵਾਸਤੇ ਗੁਰੂ ਸਾਹਿਬ ਦਾ ਹੋ ਕੇ ਰਹਿ ਗਿਆ।

ਗੁਰੂ ਗੋਬਿੰਦ ਸਿੰਘ ਸਾਹਿਬ ਅਪ੍ਰੈਲ 1685 ਤੋਂ ਅਕਤੂਬਰ 1688 ਤਕ ਪਾਉਂਟਾ ਸਾਹਿਬ ਰਹੇ ਸਨ। ਭਾਈ ਸਾਹਿਬ ਚੰਦ ਵੀ ਇਹ ਸਾਰਾ ਸਮਾਂ ਗੁਰੂ ਜੀ ਦੇ ਨਾਲ ਹੀ ਰਹੇ। ਜਦੋਂ 18 ਸਤੰਬਰ 1688 ਦੇ ਦਿਨ ਗੜ੍ਹਵਾਲ ਦੇ ਰਾਜੇ ਫ਼ਤਹਿ ਸ਼ਾਹ ਨੇ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ ਤਾਂ ਭੰਗਾਣੀ ਪਿੰਡ ਵਿਚ ਹੋਈ ਲੜਾਈ ਵਿਚ ਭਾਈ ਸਾਹਿਬ ਚੰਦ ਨੇ ਵੀ ਡੱਟ ਕੇ ਲੜਾਈ ਕੀਤੀ ਅਤੇ ਵੈਰੀਆਂ ਦੇ ਖ਼ੂਬ ਆਹੂ ਲਾਹੇ। ਨਵੰਬਰ 1688 ਵਿਚ ਗੁਰੂ ਸਾਹਿਬ ਚੱਕ ਨਾਨਕੀ ਵਾਪਿਸ ਪੁੱਜ ਗਏ ਤੇ ਅਨੰਦਪੁਰ ਸਾਹਿਬ ਵਸਾਇਆ ਤਾਂ ਆਪ ਵੀ ਗੁਰੂ ਜੀ ਦੇ ਨਾਲ ਆ ਗਏ। ਜਦੋਂ ਗੁਰੂ ਸਾਹਿਬ ਨੇ ਖਾਲਸਾ ਪ੍ਰਗਟ ਕੀਤਾ ਅਤੇ ਸੀਸ ਭੇਟ ਕੌਤਕ ਰਚਾਇਆ ਤਾਂ ਭਾਈ ਸਾਹਿਬ ਚੰਦ ਨੇ ਵੀ ਆਪਣਾ ਸੀਸ ਭੇਟ ਕੀਤਾ ਤੇ ਪੰਜ ਪਿਆਰਿਆਂ ਵਿਚ ਸ਼ਾਮਿਲ ਹੋ ਕੇ "ਭਾਈ ਸਾਹਿਬ ਸਿੰਘ" ਬਣੇ।

ਭਾਈ ਸਾਹਿਬ ਸਿੰਘ ਨੇ ਅਨੰਦਪੁਰ ਸਾਹਿਬ ਤੇ ਨਿਰਮੋਹਗੜ੍ਹ ਵਿਚ ਹੋਏ ਹਮਲਿਆਂ ਵਿਚ ਦੁਸ਼ਮਨ ਦੇ ਖਿਲਾਫ਼ ਡੱਟ ਕੇ ਲੜਾਈ ਲੜੀ। 5 ਤੇ 6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਛੱਡਿਆ ਤਾਂ ਆਪ ਉਨ੍ਹਾਂ ਚਾਲੀ ਅਨੰਦਪੁਰੀ ਮੁਕਤਿਆਂ ਵਿਚ ਸਨ ਜੋ ਗੁਰੂ ਸਾਹਿਬ ਦੇ ਨਾਲ ਰਹੇ ਸਨ। ਆਪ ਅਨੰਦਪੁਰ ਤੋਂ ਨਿਕਲ ਕੇ 7 ਦਸੰਬਰ ਨੂੰ ਚਮਕੌਰ ਪਹੁੰਚ ਚੁੱਕੇ ਸਨ। ਉਸੇ ਦਿਨ ਦੁਪਹਿਰ ਵੇਲੇ ਮੁਗ਼ਲ ਫ਼ੌਜ ਨੇ ਚਮਕੌਰ ਨੂੰ ਘੇਰਾ ਪਾ ਲਿਆ। ਉਸ ਵੇਲੇ ਚਮਕੌਰ ਦੀ ਗੜ੍ਹੀ ਵਿਚ ਗਹਿ-ਗੱਚ ਲੜਾਈ ਹੋਈ। ਇਸ ਹੱਥੋ-ਹੱਥੀਂ ਲੜਾਈ ਵਿਚ ਇਕ-ਇਕ ਸਿੰਘ ਨੇ ਕਈ ਮੁਗ਼ਲ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰਿਆ। ਇਸ ਮੌਕੇ 'ਤੇ ਚਾਲੀ ਸਿੰਘ ਸ਼ਹੀਦੀਆਂ ਪਾ ਗਏ। ਚਮਕੌਰ ਦੇ ਇਨ੍ਹਾਂ ਚਾਲੀ ਮੁਕਤਿਆਂ ਵਿਚ ਭਾਈ ਸਾਹਿਬ ਸਿੰਘ ਵੀ ਸਨ।

ਭਾਈ ਮੋਹਕਮ ਸਿੰਘ (ਪਿਆਰਾ)

ਭਾਈ ਮੋਹਕਮ ਸਿੰਘ ਭਾਈ ਤੀਰਥ ਚੰਦ ਦੇ ਸਪੁੱਤਰ ਸਨ। ਆਪ ਨੇ ਛੀਬਾ-ਦਰਜ਼ੀ ਪਰਿਵਾਰ ਵਿਚ, 1663 ਵਿਚ, ਜਨਮ ਲਿਆ ਸੀ। ਆਪ ਦਵਾਰਕਾ ਪਿੰਡ ਦੇ ਵਾਸੀ ਸਨ। ਆਪ ਦਾ ਪਰਿਵਾਰ ਬੜੇ ਚਿਰਾਂ ਤੋਂ ਗੁਰੂ ਘਰ ਦਾ ਸ਼ਰਧਾਲੂ ਸੀ। ਆਪ ਆਪਣੇ ਪਿਤਾ ਦੇ ਨਾਲ ਛੋਟੀ ਉਮਰ ਵਿਚ ਅਨੰਦਪੁਰ ਸਾਹਿਬ ਆ ਗਏ ਸਨ। ਆਪ ਦਾ ਗੁਰੂ ਸਾਹਿਬ ਨਾਲ ਬਹੁਤ ਪਿਆਰ ਸੀ ਉਹ ਹਮੇਸ਼ਾ ਉਨ੍ਹਾਂ ਦੇ ਨਾਲ ਹੀ ਰਿਹਾ ਕਰਦੇ ਸਨ। ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ "ਪਾਉਂਟਾ" ਗਏ ਤਾਂ ਭਾਈ ਮੋਹਕਮ ਸਿੰਘ ਵੀ ਉਨ੍ਹਾਂ ਦੇ ਨਾਲ ਹੀ ਉਥੇ ਜਾ ਕੇ ਰਹਿਣ ਲੱਗ ਪਏ। ਉਨ੍ਹਾਂ ਨੇ ਆਪਣੀ ਉਮਰ ਦਾ ਬਹੁਤਾ ਹਿੱਸਾ ਗੁਰੂ ਸਾਹਿਬ ਨਾਲ ਹੀ ਬਿਤਾਇਆ ਸੀ। ਉਹ ਗੁਰੂ ਸਾਹਿਬ ਦੀ ਫ਼ੌਜ ਦੇ ਇਕ ਮੁੱਖ ਸਿਪਾਹੀ ਵੀ ਸਨ। ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖ਼ਾਲਸਾ ਪ੍ਰਗਟ ਕੀਤਾ ਤਾਂ ਉਹ ਗੁਰੂ ਸਾਹਿਬ ਦੀ ਅਵਾਜ਼ 'ਤੇ ਸੀਸ ਭੇਂਟ ਕਰਨ ਵਾਲੇ ਪੰਜਾਂ ਸਿੱਖਾਂ ਵਿਚੋਂ ਦੂਜੇ ਸਿੱਖ ਸਨ।

ਜਦੋਂ 5-6 ਦਸੰਬਰ ਦੀ ਰਾਤ ਨੂੰ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਛੱਡਣ ਦਾ ਫ਼ੈਸਲਾ ਕੀਤਾ ਤਾਂ ਜਿਹੜੇ 40 ਸਿੰਘ ਗੁਰੂ ਸਾਹਿਬ ਦੇ ਅੰਗ-ਸੰਗ ਰਹਿਣ ਅਤੇ ਇਕੱਠੇ ਜੀਣ-ਮਰਨ ਵਾਸਤੇ ਤਿਆਰ ਹੋਏ ਉਨ੍ਹਾਂ ਵਿਚ ਆਪ ਵੀ ਸਨ। ਗੁਰੂ ਸਾਹਿਬ ਇਨ੍ਹਾਂ ਚਾਲੀਆਂ ਸਣੇ, 500 ਸਿੱਖਾਂ ਦੇ ਕਾਫ਼ਲੇ ਨਾਲ, ਅਨੰਦਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ ਤਕ ਬਿਨਾ ਕਿਸੇ ਰੁਕਾਵਟ ਦੇ ਪਹੁੰਚ ਗਏ ਅਤੇ ਫਿਰ ਇਥੋਂ 12-13 ਕਿਲੋਮੀਟਰ ਦੂਰ ਸਰਸਾ ਨਦੀ ਵੱਲ ਗਏ ਤਾਂ ਭਾਈ ਮੋਹਕਮ ਸਿੰਘ ਆਪ ਦੇ ਨਾਲ ਹੀ ਸਨ। 7 ਦਸੰਬਰ ਦੀ ਸਵੇਰ ਨੂੰ ਗੁਰੂ ਜੀ ਅਤੇ 47 ਸਿੱਖ ਚਮਕੌਰ ਵਿਚ ਪਹੁੰਚ ਗਏ। ਆਪ ਸਾਰੇ ਚਮਕੌਰ ਦੀ ਗੜ੍ਹੀ ਵਿਚ ਆਰਾਮ ਕਰ ਰਹੇ ਸਨ ਕਿ ਦੁਪਹਿਰ ਵੇਲੇ ਮੁਗ਼ਲ ਫ਼ੌਜਾਂ ਨੇ ਘੇਰਾ ਪਾ ਲਿਆ। ਗੜ੍ਹੀ ਵਿਚ ਹਾਜ਼ਿਰ 47 ਸਿੱਖਾਂ ਨੇ ਮੁਗ਼ਲਾਂ ਦੀ ਵੱਡੀ ਫ਼ੌਜ ਦਾ ਡੱਟ ਕੇ ਟਾਕਰਾ ਕੀਤਾ। ਸਾਰੇ ਸਿੰਘ ਇਕ-ਇਕ ਦੋ-ਦੋ ਕਰ ਕੇ ਗੜ੍ਹੀ 'ਚੋਂ ਬਾਹਰ ਨਿਕਲ ਕੇ ਲੜਾਈ ਕਰਦੇ ਰਹੇ। ਇਕ-ਇਕ ਸਿੰਘ ਨੇ ਕਈ-ਕਈ ਮੁਗ਼ਲਾਂ ਨੂੰ ਮੌਤ ਦੇ ਘਾਟ ਉਤਾਰਿਆ ਤੇ ਆਪ ਵੀ ਸ਼ਹੀਦੀ ਹਾਸਿਲ ਕੀਤੀ। ਇਹ ਲੜਾਈ ਹਨ੍ਹੇਰਾ ਪੈਣ ਤਕ ਚਲਦੀ ਰਹੀ। ਭਾਈ ਮੋਹਕਮ ਸਿੰਘ ਵੀ ਇਸ ਮੌਕੇ ਤੇ ਜੂਝਦੇ ਹੋਏ ਸ਼ਹੀਦੀ ਜਾਮ ਪੀ ਗਏ।

ਭਾਈ ਹਿੰਮਤ ਸਿੰਘ (ਪਿਆਰਾ)

ਭਾਈ ਹਿੰਮਤ ਸਿੰਘ, ਸੀਸ ਭੇਟ ਕੌਤਕ ਵਾਲੇ ਦਿਨ, ਆਪਣਾ ਸੀਸ ਭੇਟ ਕਰਨ ਵਾਲੇ ਪੰਜ ਸਿੰਘਾਂ ਵਿਚੋਂ ਪੰਜਵੇਂ ਸਨ। ਆਪ ਨੇ 7 ਦਸੰਬਰ 1705 ਦੇ ਦਿਨ ਚਮਕੌਰ ਦੀ ਲੜਾਈ ਵਿਚ ਸ਼ਹੀਦੀ ਹਾਸਿਲ ਕੀਤੀ।

ਭਾਈ ਹਿੰਮਤ ਸਿੰਘ ਭਾਈ ਗੁਲਜ਼ਾਰੀ, ਜੋ ਇਕ ਝਿਊਰ ਸਨ, ਦੇ ਘਰ 1661 ਵਿਚ, ਜਗਨ ਨਾਥ ਪੁਰੀ ਵਿਚ ਪੈਦਾ ਹੋਏ ਸਨ। ਆਪ ਦੇ ਪੜਦਾਦੇ ਤੇ ਹੋਰ ਵੱਡੇ-ਵਡੇਰੇ ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਹੀ ਸਿੱਖ ਪੰਥ ਨਾਲ ਜੁੜੇ ਹੋਏ ਸਨ। ਇਹ ਪਰਿਵਾਰ ਪਿਛਲੇ ਡੇਢ ਸੌ ਸਾਲ ਤੋਂ ਕਰਤਾਰਪੁਰ ਗੋਇੰਦਵਾਲ, ਗੁਰੂ ਦਾ ਚੱਕ (ਅੰਮ੍ਰਿਤਸਰ), ਕੀਰਤਪੁਰ ਅਤੇ ਚੱਕ ਨਾਨਕੀ ਵਿਚ ਆਉਂਦਾ ਰਹਿੰਦਾ ਸੀ। ਭਾਈ ਹਿੰਮਤ ਸਿੰਘ ਪਹਿਲੀ ਵਾਰ 17 ਸਾਲ ਦੀ ਉਮਰ ਵਿਚ ਚੱਕ ਨਾਨਕੀ ਆਏ ਸਨ ਤੇ ਉਸ ਮਗਰੋਂ ਉਹ ਗੁਰੂ ਘਰ ਦਾ ਹਿੱਸਾ ਹੀ ਬਣ ਗਏ। ਇਕ ਤਾਂ ਉਹ ਗੁਰੂ ਸਾਹਿਬ ਦੇ ਹਮ-ਉਮਰ ਸਨ ਤੇ ਦੂਜਾ ਉਹ ਅਕਸਰ ਗੁਰੂ ਸਾਹਿਬ ਦੇ ਅੰਗ-ਸੰਗ ਰਿਹਾ ਕਰਦੇ ਸਨ ਇਸ ਕਰ ਕੇ ਉਨ੍ਹਾਂ ਦਾ ਗੁਰੂ ਸਾਹਿਬ ਨਾਲ ਹਮੇਸ਼ਾਂ, ਬੜਾ ਪਿਆਰ ਬਣਿਆ ਰਿਹਾ।

ਜਦੋਂ ਗੁਰੂ ਸਾਹਿਬ ਨੇ ਪਾਉਂਟਾ ਸਾਹਿਬ ਵਸਾਇਆ ਤਾਂ ਭਾਈ ਹਿੰਮਤ ਸਿੰਘ ਵੀ ਗੁਰੂ ਸਾਹਿਬ ਦੇ ਨਾਲ ਚਲੇ ਗਏ। ਆਪ ਨੇ ਭੰਗਾਣੀ ਦੀ ਲੜਾਈ (18 ਸਤੰਬਰ 1688) ਵਿਚ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ। ਇਸ ਮਗਰੋਂ ਆਪ ਗੁਰੂ ਸਾਹਿਬ ਦੇ ਨਾਲ ਹੀ ਚੱਕ ਨਾਨਕੀ ਆ ਗਏ। ਜਦੋਂ ਗੁਰੂ ਸਾਹਿਬ ਨੇ ਖ਼ਾਲਸਾ ਪ੍ਰਗਟ ਕੀਤਾ ਤਾਂ ਆਪ ਨੇ ਆਪਣਾ ਸੀਸ ਗੁਰੂ ਦੀ ਭੇਟ ਕਰ ਦਿੱਤਾ। ਇਸ ਮਗਰੋਂ ਵੀ ਆਪ ਗੁਰੂ ਸਾਹਿਬ ਦੇ ਨਾਲ ਹੀ ਰਹੇ।

ਭਾਈ ਹਿੰਮਤ ਸਿੰਘ ਇਕ ਬਹਾਦਰ ਜਰਨੈਲ ਸਨ। ਇਹ ਬੜੇ ਜਾਂਦਾਰ ਸ਼ਖ਼ਸ ਸਨ। ਤਲਵਾਰ ਬਾਜ਼ੀ ਅਤੇ ਘੋੜ ਸਵਾਰੀ ਵਿਚ ਆਪ ਬੜੇ ਮਾਹਿਰ ਸਨ। ਆਪ ਨੇ ਨਦੌਣ, ਅਨੰਦਪੁਰ ਸਾਹਿਬ ਅਤੇ ਨਿਰਮੋਹਗੜ੍ਹ ਦੀਆਂ ਲੜਾਈਆਂ ਵਿਚ ਵੀ ਹਿੱਸਾ ਲਿਆ ਸੀ। ਜਦੋਂ ਦਸੰਬਰ 1705 ਵਿਚ ਗੁਰੂ ਸਾਹਿਬ ਨੇ ਅਨੰਦਪੁਰ ਛੱਡਣਾ ਮੰਨ ਲਿਆ ਤਾਂ ਗੁਰੂ ਸਾਹਿਬ ਦੇ ਅੰਗ-ਸੰਗ ਰਹਿ ਕੇ ਜਾਨਾਂ ਵਾਰਨ ਦਾ ਪ੍ਰਣ ਕਰਨ ਵਾਲੇ ਅਨੰਦਪੁਰ ਸਾਹਿਬ ਦੇ ਚਾਲੀ ਮੁਕਤਿਆਂ ਵਿਚ ਆਪ ਵੀ ਸ਼ਾਮਿਲ ਹੋਏ ਸਨ। ਆਪ ਨੇ ਗੁਰੂ ਸਾਹਿਬ ਦੇ ਨਾਲ ਹੀ ਸਰਸਾ ਪਾਰ ਕੀਤੀ ਅਤੇ ਕੋਟਲਾ ਨਿਹੰਗ ਤੋਂ ਹੁੰਦੇ ਹੋਏ 7 ਦਸੰਬਰ ਦੀ ਸਵੇਰ ਨੂੰ ਚਮਕੌਰ ਵਿਚ ਪੁੱਜ ਗਏ। ਚਮਕੌਰ ਵਿਚ ਉਸੇ ਦੁਪਹਿਰ ਮੁਗ਼ਲ

ਫੌਜਾਂ ਨੇ ਸਿੰਘਾਂ ਨੂੰ ਘੇਰਾ ਪਾ ਲਿਆ। ਇਸ ਮੌਕੇ 'ਤੇ 47 ਸਿੰਘਾਂ ਨੇ ਹਜ਼ਾਰਾਂ ਮੁਗਲ ਸਿਪਾਹੀਆਂ ਨਾਲ ਅ-ਸਾਂਵੀ ਲੜਾਈ ਲੜੀ। ਇਸ ਆ-ਸਾਂਵਾਂਪਣ ਕਰ ਕੇ ਸਿੱਖਾਂ ਨੂੰ ਗੁਰੀਲਾ ਲੜਾਈ ਵਾਲਾ ਪੈਂਤੜਾ ਅਪਨਾਉਣਾ ਪਿਆ। ਸਿੱਖ ਇਕ-ਇਕ, ਦੋ-ਦੋ ਕਰ ਕੇ ਮੁਗਲ ਹਮਲਾਵਰਾਂ ਨਾਲ ਜੂਝਦੇ ਰਹੇ ਅਤੇ ਕਈ-ਕਈ ਮੁਗਲਾਂ ਦਾ ਘਾਣ ਕਰ ਕੇ ਆਪ ਵੀ ਸ਼ਹੀਦੀ ਜਾਮ ਹਾਸਿਲ ਕਰਦੇ ਰਹੇ।

ਉਸ ਦਿਨ 7 ਦਸੰਬਰ ਦੀ ਰਾਤ ਤਕ ਮੁਗਲਾਂ ਦਾ ਮੁਕਾਬਲਾ ਕਰਦੇ ਹੋਏ 38 ਸਿੱਖ ਤੇ ਦੋ ਸਾਹਿਬਜ਼ਾਦੇ ਸ਼ਹੀਦ ਹੋ ਚੁੱਕੇ ਸਨ ਤੇ ਗੜ੍ਹੀ ਵਿਚ ਸਿਰਫ਼ 7 ਸਿੰਘ ਹੀ ਬਚੇ ਸਨ। ਇਨ੍ਹਾਂ ਸ਼ਹੀਦ ਹੋਣ ਵਾਲੇ 38 ਮੁਕਤਿਆਂ ਵਿਚੋਂ ਭਾਈ ਹਿੰਮਤ ਸਿੰਘ ਵੀ ਇਕ ਸਨ। ਭਾਈ ਹਿੰਮਤ ਸਿੰਘ ਨੇ 44 ਸਾਲ ਦੀ ਉਮਰ ਵਿਚ ਸ਼ਹੀਦੀ ਜਾਮ ਪੀਤਾ। ਆਪ ਨੇ ਆਪਣੀ ਉਮਰ ਦੇ 31 ਸਾਲ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸੇਵਾ ਵਿਚ ਗੁਜ਼ਾਰੇ ਸਨ।

ਭਾਈ ਦੇਵਾ ਸਿੰਘ ਮੁਕਤਾ

7 ਦਸੰਬਰ 1705 ਦੇ ਦਿਨ ਚਮਕੌਰ ਵਿਚ ਸ਼ਹੀਦੀ ਹਾਸਿਲ ਕਰਨ ਵਾਲੇ ਭਾਈ ਦੇਵਾ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਵੇਲੇ ਦੇ ਪ੍ਰਮੁੱਖ ਸਿੱਖਾਂ ਵਿਚੋਂ ਇਕ ਸਨ। ਆਪ ਬੁਘੇਆਣਾ ਦੇ ਰਹਿਣ ਵਾਲੇ ਸਨ।

ਭਾਈ ਦੇਵਾ ਸਿੰਘ ਦਾ ਪਹਿਲਾਂ ਨਾਂ ਭਾਈ ਦੇਵਾ ਰਾਮ ਸੀ। ਜਦੋਂ ਸੀਸ ਭੇਟ ਕੌਤਕ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪੰਜ ਸਿਰਾਂ ਦੀ ਮੰਗ ਕੀਤੀ ਤਾਂ ਪੰਜਵੇਂ ਪਿਆਰੇ ਭਾਈ ਹਿੰਮਤ ਸਿੰਘ ਤੋਂ ਮਗਰੋਂ ਪੰਜ ਹੋਰ ਸਿੱਖ ਵੀ ਸੀਸ ਭੇਟ ਕਰਨ ਵਾਸਤੇ ਖੜ੍ਹੇ ਹੋਏ ਸਨ। ਇਨ੍ਹਾਂ ਨੂੰ ਗੁਰੂ ਸਾਹਿਬ ਨੇ 'ਪੰਜ ਮੁਕਤੇ' ਦਾ ਦਰਜਾ ਦਿੱਤਾ ਸੀ। ਭਾਈ ਦੇਵਾ ਰਾਮ ਉਨ੍ਹਾਂ ਪੰਜਾਂ ਵਿਚੋਂ ਸਭ ਤੋਂ ਪਹਿਲੇ ਖੜ੍ਹੇ ਹੋਏ ਸਨ। ਪੰਜਾਂ ਪਿਆਰਿਆਂ ਨੇ ਜਦੋਂ ਖੰਡੇ ਦੀ ਪਾਹੁਲ ਲੈਣ ਮਗਰੋਂ ਸਿੱਖਾਂ ਨੂੰ ਖੰਡੇ ਦੀ ਪਾਹੁਲ ਦੇਣੀ ਸ਼ੁਰੂ ਕੀਤੀ ਤਾਂ ਭਾਈ ਦੇਵਾ ਸਿੰਘ ਨੇ ਪੰਜ ਮੁਕਤਿਆਂ ਵਿਚੋਂ ਸਭ ਤੋਂ ਪਹਿਲਾਂ ਪਾਹੁਲ ਹਾਸਿਲ ਕੀਤੀ ਅਤੇ ਭਾਈ ਦੇਵਾ ਸਿੰਘ ਬਣ ਗਏ। ਯਾਨਿ ਉਹ ਛੇਵੇਂ ਖਾਲਸਾ ਸਨ।

ਇਸ ਮਗਰੋਂ ਭਾਈ ਦੇਵਾ ਸਿੰਘ ਹਮੇਸ਼ਾ ਅਨੰਦਪੁਰ ਸਾਹਿਬ ਵਿਚ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਿਰ ਰਹੇ।

ਭਾਈ ਦੇਵਾ ਸਿੰਘ ਗੁਰੂ ਸਾਹਿਬ ਦੀ ਫ਼ੌਜ ਦੇ ਖ਼ਾਸ ਸਿਪਾਹੀਆਂ ਵਿਚੋਂ ਇਕ ਸਨ ਆਪ ਨੇ ਅਨੰਦਪੁਰ ਸਾਹਿਬ ਤੇ ਨਿਰਮੋਹਗੜ੍ਹ ਦੀਆਂ ਲੜਾਈਆਂ ਵਿਚ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ ਸਨ।

ਜਦੋਂ 5 ਤੇ 6 ਦਸੰਬਰ ਦੀ ਰਾਤ ਨੂੰ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਛੱਡਣ ਦਾ ਫ਼ੈਸਲਾ ਕੀਤਾ ਤਾਂ ਜਿਹੜੇ 40 ਸਿੰਘ ਗੁਰੂ ਸਾਹਿਬ ਦੇ ਨਾਲ ਜੀਣ-ਮਰਨ ਵਾਸਤੇ ਤਿਆਰ ਹੋਏ ਉਨ੍ਹਾਂ ਵਿਚ ਆਪ ਵੀ ਸ਼ਾਮਿਲ ਸਨ। ਗੁਰੂ ਸਾਹਿਬ ਇਨ੍ਹਾਂ ਚਾਲ੍ਹੀਆਂ ਸਣੇ, ਹੋਰ 460 ਸਿੱਖਾਂ ਦੇ ਕਾਫ਼ਲੇ ਨਾਲ, ਅਨੰਦਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ ਤਕ ਬਿਨਾਂ ਕਿਸੇ ਰੁਕਾਵਟ ਦੇ ਪਹੁੰਚ ਗਏ ਅਤੇ ਫਿਰ 12-13 ਕਿਲੋਮੀਟਰ ਦੂਰ ਸਰਸਾ ਨਦੀ ਵੱਲ ਚਲੇ ਗਏ। ਸਰਸਾ ਨਦੀ ਪਾਰ ਕਰਨ ਵੇਲੇ ਭਾਈ ਦੇਵਾ ਸਿੰਘ ਵੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਨਾਲ ਹੀ ਸਨ। 7 ਦਸੰਬਰ ਦੀ ਸਵੇਰ ਵੇਲੇ ਗੁਰੂ ਸਾਹਿਬ, ਦੋ ਵੱਡੇ ਸਾਹਿਬਜ਼ਾਦੇ 37 ਅਨੰਦਪੁਰੀ ਮੁਕਤੇ ਅਤੇ 8 ਹੋਰ ਸਿੱਖ ਚਮਕੌਰ ਵਿਚ ਪਹੁੰਚ ਗਏ। ਆਪ ਸਾਰੇ ਚਮਕੌਰ ਦੀ ਗੜ੍ਹੀ ਵਿਚ ਆਰਾਮ ਕਰ ਰਹੇ ਸਨ ਕਿ ਦੁਪਹਿਰ ਵੇਲੇ ਮੁਗ਼ਲ ਫ਼ੌਜਾਂ ਨੇ ਗੜ੍ਹੀ ਨੂੰ ਘੇਰਾ ਪਾ ਲਿਆ। ਗੜ੍ਹੀ ਵਿਚ ਹਾਜ਼ਿਰ ਇਨ੍ਹਾਂ ਸਿੱਖਾਂ ਨੇ ਮੁਗ਼ਲਾਂ ਦੀ ਵੱਡੀ ਫ਼ੌਜ ਦਾ ਡੱਟ ਕੇ ਟਾਕਰਾ ਕੀਤਾ। ਸਾਰੇ ਸਿੰਘ ਇਕ-ਇਕ ਦੋ-ਦੋ ਕਰ ਕੇ ਗੜ੍ਹੀ 'ਚੋਂ ਬਾਹਰ ਨਿਕਲ ਕੇ ਜੂਝਦੇ ਰਹੇ। ਇਕ-ਇਕ ਸਿੰਘ ਨੇ ਕਈ-ਕਈ ਮੁਗ਼ਲਾਂ ਨੂੰ ਤਲਵਾਰ ਭੇਟ ਕੀਤਾ ਅਤੇ ਆਪ ਵੀ ਸ਼ਹੀਦੀ ਹਾਸਿਲ ਕੀਤੀ। ਇਹ ਲੜਾਈ ਰਾਤ ਤਕ ਚਲਦੀ ਰਹੀ। ਇਸ ਦਿਨ ਦੀ ਲੜਾਈ ਵਿਚ 2 ਸਾਹਿਬਜ਼ਾਦੇ ਅਤੇ 38 ਸਿੰਘ ਸ਼ਹੀਦੀਆਂ ਹਾਸਿਲ ਕਰ ਗਏ। 7 ਦਸੰਬਰ ਨੂੰ ਸ਼ਹੀਦ ਹੋਣ ਵਾਲਿਆਂ ਇਨ੍ਹਾਂ 38 ਸਿੰਘਾਂ ਵਿਚ ਭਾਈ ਦੇਵਾ ਸਿੰਘ ਵੀ ਸ਼ਾਮਿਲ ਸਨ।

ਭਾਈ ਰਾਮ ਸਿੰਘ ਮੁਕਤਾ

ਭਾਈ ਰਾਮ ਸਿੰਘ ਨੂੰ ਚਮਕੌਰ ਦੀ ਲੜਾਈ ਵਿਚ 7 ਦਸੰਬਰ 1705 ਦੇ ਦਿਨ ਸ਼ਹੀਦੀ ਦੇਣ ਦਾ ਮਾਣ ਹਾਸਿਲ ਹੈ।

ਬੁਘੇਆਣਾ ਵਾਸੀ ਭਾਈ ਰਾਮ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨੇ "ਮੁਕਤਾ" ਦੀ ਪਦਵੀ ਨਾਲ ਨਿਵਾਜਿਆ ਸੀ। ਸੀਸ ਭੇਟ ਕੌਤਕ ਵਾਲੇ ਦਿਨ ਪੰਜ ਸਿੱਖਾਂ ਵੱਲੋਂ ਗੁਰੂ ਸਾਹਿਬ ਦੀ ਆਵਾਜ਼ 'ਤੇ ਸੀਸ ਭੇਟ ਕਰਨ ਮਗਰੋਂ ਜਿਹੜੇ ਪੰਜ ਹੋਰ ਸਿੱਖ ਵੀ ਸੀਸ ਭੇਟ ਕਰਨ ਵਾਸਤੇ ਤਿਆਰ ਹੋਏ ਸਨ, ਭਾਈ ਰਾਮ ਸਿੰਘ ਉਨ੍ਹਾਂ ਵਿਚੋਂ ਇਕ ਸਨ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਦੱਸਿਆ ਕਿ ਮੈਨੂੰ ਸਿਰਫ ਪੰਜ ਮਰਜੀਵੜਿਆਂ ਦੀ ਲੋੜ ਸੀ। ਗੁਰੂ ਸਾਹਿਬ ਨੇ ਉਨ੍ਹਾਂ ਦੀ ਸ਼ਰਧਾ ਦੀ ਤਾਰੀਫ਼ ਕੀਤੀ ਅਤੇ ਆਖਿਆ ਕਿ ਉਨ੍ਹਾਂ ਨੂੰ "ਪੰਜ ਮੁਕਤੇ" ਆਖ ਕੇ ਯਾਦ ਕੀਤਾ ਜਾਇਆ ਕਰੇਗਾ। ਉਦੋਂ ਤਕ ਆਪ ਦਾ ਨਾਂ ਭਾਈ ਰਾਮ ਚੰਦ ਸੀ। ਪੰਜ ਪਿਆਰਿਆਂ ਮਗਰੋਂ, ਦੂਜੀ ਪਾਲ ਵਿਚ, ਆਪ ਨੇ ਖੰਡੇ ਦੀ ਪਾਹੁਲ ਹਾਸਿਲ ਕੀਤੀ ਅਤੇ ਪਾਹੁਲ ਲੈ ਕੇ ਆਪ ਭਾਈ ਰਾਮ ਸਿੰਘ ਬਣ ਗਏ ਸਨ।

ਅੰਮ੍ਰਿਤ ਛਕਣ ਮਗਰੋਂ ਭਾਈ ਰਾਮ ਸਿੰਘ ਪੱਕੇ ਤੌਰ 'ਤੇ ਹੀ ਅਨੰਦਪੁਰ ਸਾਹਿਬ ਵਿਚ ਰਹਿਣ ਲੱਗ ਪਏ। ਆਪ ਗੁਰੂ ਸਾਹਿਬ ਦੀ ਫ਼ੌਜ ਦੇ ਇਕ ਪ੍ਰਮੁੱਖ ਸਿਪਾਹੀ ਵੀ ਸਨ। ਆਪ ਨੇ ਅਨੰਦਪੁਰ ਸਾਹਿਬ ਤੇ ਨਿਰਮੋਹਗੜ੍ਹ ਦੀਆਂ ਸਾਰੀਆਂ ਲੜਾਈਆਂ ਵਿਚ ਹਿੱਸਾ ਲਿਆ ਸੀ। ਆਪ ਹਮੇਸ਼ਾਂ ਗੁਰੂ ਸਾਹਿਬ ਦੇ ਨਾਲ ਹੀ ਰਿਹਾ ਕਰਦੇ ਸਨ।

ਜਦੋਂ 5 ਤੇ 6 ਦਸੰਬਰ ਦੀ ਰਾਤ ਨੂੰ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਛੱਡਣ ਦਾ ਫ਼ੈਸਲਾ ਕੀਤਾ ਤਾਂ ਜਿਹੜੇ 40 ਸਿੰਘਾਂ ਨੇ ਗੁਰੂ ਸਾਹਿਬ ਦੇ ਅੰਗ-ਸੰਗ ਰਹਿ ਕੇ ਇਕੱਠੇ ਜੀਣ ਮਰਨ ਦਾ ਪ੍ਰਣ ਕੀਤਾ ਉਨ੍ਹਾਂ ਅਨੰਦਪੁਰ ਸਾਹਿਬ ਦੇ 40 ਮੁਕਤਿਆਂ ਵਿਚ ਆਪ ਵੀ ਸਨ। ਗੁਰੂ ਸਾਹਿਬ ਇਨ੍ਹਾਂ ਚਾਲੀਆਂ ਸਣੇ, 500 ਸਿੱਖਾਂ ਦੇ ਕਾਫ਼ਲੇ ਨਾਲ, ਅਨੰਦਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ ਤਕ ਬਿਨਾਂ ਕਿਸੇ ਰੁਕਾਵਟ ਦੇ ਪਹੁੰਚ ਗਏ ਅਤੇ ਫਿਰ 12-13 ਕਿਲੋਮੀਟਰ ਦੂਰ ਸਰਸਾ ਨਦੀ ਦੇ ਕੰਢੇ ਤਕ ਪੁੱਜ ਗਏ। ਭਾਈ ਰਾਮ ਸਿੰਘ ਨੇ ਗੁਰੂ ਸਾਹਿਬ ਦੇ ਨਾਲ ਹੀ ਸਰਸਾ ਦਰਿਆ ਪਾਰ ਕੀਤਾ ਤੇ ਫਿਰ ਟੁਰਦੇ-ਟੁਰਦੇ 7 ਦਸੰਬਰ ਦੀ ਸਵੇਰ ਨੂੰ ਗੁਰੂ ਜੀ ਦੇ ਨਾਲ ਚਮਕੌਰ ਵਿਚ ਪਹੁੰਚ ਗਏ। ਆਪ ਅਜੇ ਚਮਕੌਰ ਦੀ ਗੜ੍ਹੀ ਵਿਚ ਆਰਾਮ ਕਰ ਰਹੇ ਸਨ ਕਿ ਦੁਪਹਿਰ ਵੇਲੇ ਹਜ਼ਾਰਾਂ ਮੁਗ਼ਲ ਫ਼ੌਜਾਂ ਨੇ ਘੇਰਾ ਪਾ ਲਿਆ। ਗੜ੍ਹੀ ਵਿਚ ਹਾਜ਼ਿਰ ਦੋ ਸਾਹਿਬਜ਼ਾਦਿਆਂ ਅਤੇ 45

ਸਿੱਖਾਂ ਨੇ ਮੁਗਲਾਂ ਦੀ ਵੱਡੀ ਫ਼ੌਜ ਦਾ ਡੱਟ ਕੇ ਟਾਕਰਾ ਕੀਤਾ। ਸਾਰੇ ਸਿੰਘ ਇਕ-ਇਕ ਦੋ-ਦੋ ਕਰ ਕੇ ਗੜ੍ਹੀ 'ਚੋਂ ਬਾਹਰ ਨਿਕਲ ਕੇ ਲੜਾਈ ਕਰਦੇ ਰਹੇ ਅਤੇ ਸ਼ਹੀਦੀ ਹਾਸਿਲ ਕੀਤੀ। ਇਹ ਲੜਾਈ ਹਨੇਰਾ ਪੈਣ ਤਕ ਚਲਦੀ ਰਹੀ। ਭਾਈ ਰਾਮ ਸਿੰਘ ਮੁਕਤਾ ਵੀ ਇਸ ਮੌਕੇ 'ਤੇ ਜੂਝਦੇ ਹੋਏ ਸ਼ਹੀਦੀ ਜਾਮ ਹਾਸਿਲ ਕਰ ਗਏ।

ਭਾਈ ਟਹਿਲ ਸਿੰਘ ਮੁਕਤਾ

ਭਾਈ ਟਹਿਲ ਸਿੰਘ ਜਿਸ ਨੇ 7 ਦਸੰਬਰ 1705 ਦੇ ਦਿਨ ਚਮਕੌਰ ਦੀ ਗੜ੍ਹੀ ਵਿਚ ਸ਼ਹੀਦੀ ਜਾਮ ਪੀਤਾ, ਪਿੰਡ ਡੱਲ-ਵਾਂ ਦੇ ਰਹਿਣ ਵਾਲੇ ਸਨ। ਇਹ ਉਹੀ ਪਿੰਡ ਹੈ ਜਿੱਥੋਂ ਦੇ ਭਾਈ ਤਾਰਾ ਸਿੰਘ ਨੇ 14 ਜਨਵਰੀ 1723 ਦੇ ਦਿਨ ਪਿੰਡ ਵਾਂ ਦੀ ਜੂਹ ਵਿਚ ਮੋਮਨ ਖ਼ਾਂ ਦੀਆਂ ਫ਼ੌਜਾਂ ਨਾਲ ਲੜਦਿਆਂ 22 ਸਿੰਘਾਂ ਨਾਲ ਸ਼ਹੀਦੀ ਹਾਸਿਲ ਕੀਤੀ ਸੀ।

ਸਿੱਖ ਤਵਾਰੀਖ 'ਚੋਂ ਇਹ ਨਹੀਂ ਪਤਾ ਲੱਗਦਾ ਕਿ ਭਾਈ ਟਹਿਲ ਸਿੰਘ ਕਿਸ ਪਰਿਵਾਰ ਨਾਲ ਸਬੰਧ ਰਖਦੇ ਸਨ। ਇਹ ਵੀ ਯਕੀਨ ਨਾਲ ਨਹੀਂ ਕਿਹਾ ਜਾ ਸਕਦਾ ਕਿ ਕੀ ਉਹ ਤੇ ਭਾਈ ਤਾਰਾ ਸਿੰਘ ਡੱਲ-ਵਾਂ ਆਪਸ ਵਿਚ ਕੋਈ ਰਿਸ਼ਤੇਦਾਰ ਸਨ। ਉਂਞ ਇਹ ਇਲਾਕਾ ਵਧੇਰੇ ਕਰ ਕੇ ਬੁਟਰ-ਜੱਟ ਗੋਤ ਦੇ ਸਿੱਖਾਂ ਦਾ ਹੈ।

ਭਾਈ ਟਹਿਲ ਸਿੰਘ ਉਨ੍ਹਾਂ ਪੰਜ ਮੁਕਤਿਆਂ ਵਿਚੋਂ ਇਕ ਸਨ ਜਿਹੜੇ ਪੰਜਵੇਂ ਪਿਆਰੇ ਭਾਈ ਹਿੰਮਤ ਸਿੰਘ ਤੋਂ ਮਗਰੋਂ, ਸੀਸ ਭੇਟ ਕੌਤਕ ਵੇਲੇ, ਸਿਰ ਹਾਜ਼ਿਰ ਕਰਨ ਵਾਸਤੇ ਖੜੇ ਹੋਏ ਸਨ। ਗੁਰੂ ਸਾਹਿਬ ਨੇ ਇਨ੍ਹਾਂ ਪੰਜਾਂ ਨੂੰ ਦੱਸਿਆ ਕਿ ਉਨ੍ਹਾਂ ਨੂੰ ਸਿਰਫ਼ ਪੰਜ ਮਰਜੀਵੜਿਆਂ ਦੀ ਲੋੜ ਹੈ। ਗੁਰੂ ਸਾਹਿਬ ਨੇ ਇਨ੍ਹਾਂ ਨੂੰ "ਪੰਜ ਮੁਕਤੇ" ਦਾ ਮਾਣ ਦਿੱਤਾ ਸੀ। ਇੰਞ ਹੀ ਜਦੋਂ ਗੁਰੂ ਸਾਹਿਬ ਨੇ ਖੰਡੇ ਦੀ ਪਾਹੁਲ ਸ਼ੁਰੂ ਕੀਤੀ ਤੇ ਆਪਣੇ ਹੱਥੀਂ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਤਾਂ ਇਸ ਮਗਰੋਂ ਖੰਡੇ ਦੀ ਪਾਹੁਲ ਲੈਣ ਵਾਲੇ ਪੰਜ ਸਿੰਘ ਇਹੀ ਮੁਕਤੇ ਸਨ ਜਿਨ੍ਹਾਂ ਨੇ ਪੰਜ ਪਿਆਰਿਆਂ ਹੱਥੋਂ ਸਭ ਤੋਂ ਪਹਿਲਾਂ ਅੰਮ੍ਰਿਤ ਛੱਕਿਆ। ਇੰਞ ਭਾਈ ਟਹਿਲ ਸਿੰਘ ਪੰਜ ਪਿਆਰਿਆਂ ਹੱਥੋਂ ਅੰਮ੍ਰਿਤ ਛਕਣ ਵਾਲਿਆਂ ਵਿਚੋਂ ਤੀਜੇ ਨੰਬਰ 'ਤੇ ਸਨ। ਆਪ ਦਾ ਨਾਂ ਇਸ ਤੋਂ ਪਹਿਲਾਂ ਭਾਈ ਟਹਿਲ

ਦਾਸ ਸੀ।

ਭਾਈ ਟਹਿਲ ਸਿੰਘ ਬੜੇ ਫੁਰਤੀਲੇ ਤੇ ਬਹਾਦਰ ਨੌਜਵਾਨ ਸਨ। ਤਲਵਾਰ ਚਲਾਉਣ ਵਿਚ ਉਹ ਬੜੇ ਮਾਹਿਰ ਸਨ। ਉਹ ਗੁਰੂ ਸਾਹਿਬ ਦੀ ਫ਼ੌਜ ਦਾ ਇਕ ਕੀਮਤੀ ਹਿੱਸਾ ਵੀ ਸਨ।

ਭਾਈ ਟਹਿਲ ਸਿੰਘ ਮੁਕਤਾ ਹਮੇਸ਼ਾ ਗੁਰੂ ਸਾਹਿਬ ਦੇ ਨੇੜੇ-ਨੇੜੇ ਰਿਹਾ ਕਰਦੇ ਸਨ। ਉਹ ਗੁਰੂ ਸਾਹਿਬ ਦੇ ਖ਼ਾਸ ਦਰਬਾਰੀ ਸਿੱਖਾਂ ਵਿਚੋਂ ਇਕ ਸਨ।

5 ਤੇ 6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਛੱਡਣ ਦਾ ਫ਼ੈਸਲਾ ਕੀਤਾ ਤਾਂ ਭਾਈ ਟਹਿਲ ਸਿੰਘ ਅਤੇ 39 ਹੋਰ ਸਿੱਖਾਂ ਨੇ ਪ੍ਰਣ ਕੀਤਾ ਕਿ ਉਹ ਆਪਣੇ ਆਖ਼ਰੀ ਸਾਹਾਂ ਤਕ ਗੁਰੂ ਸਾਹਿਬ ਦੇ ਨਾਲ ਰਹਿਣਗੇ। ਉਹ ਗੁਰੂ ਸਾਹਿਬ ਦੇ ਕਾਫ਼ਲੇ ਨਾਲ ਅਨੰਦਪੁਰ ਸਾਹਿਬ ਤੋਂ ਤੁਰੇ ਅਤੇ ਕੀਰਤਪੁਰ, ਸਰਸਾ ਨਦੀ ਲੰਘ ਕੇ ਪਿੰਡਾਂ ਅਤੇ ਜੰਗਲ ਵਿਚੋਂ ਲੰਘਦੇ ਹੋਏ ਚਮਕੌਰ ਪੁੱਜੇ। ਉੱਥੇ ਗੁਰੂ ਸਾਹਿਬ, ਦੋ ਵੱਡੇ ਸਾਹਿਬਜ਼ਾਦੇ ਅਤੇ 45 ਸਿੱਖ, ਭਾਈ ਬੁਧੀ ਚੰਦ, ਰਾਵਤ ਦੀ ਗੜ੍ਹੀ ਵਿਚ ਆਰਾਮ ਕਰਨ ਲਈ ਰੁੱਕ ਗਏ। ਕੁਝ ਹੀ ਘੰਟਿਆਂ ਮਗਰੋਂ ਸਰਹਿੰਦੀ ਫ਼ੌਜ ਨੇ ਚਮਕੌਰ ਵਲ ਧਾਵਾ ਬੋਲ ਦਿੱਤਾ ਅਤੇ ਪਿੰਡ ਨੂੰ ਸਾਰੇ ਪਾਸਿਆਂ ਤੋਂ ਘੇਰ ਲਿਆ।

ਹਜ਼ਾਰਾਂ ਦੀ ਗਿਣਤੀ ਵਿਚ ਆਈ ਹੋਈ ਮੁਗ਼ਲ ਫ਼ੌਜ 'ਚੋਂ ਘੇਰਾ ਤੋੜ ਕੇ ਨਿਕਲ ਜਾਣਾ ਔਖਾ ਹੋਣ ਕਰ ਕੇ ਗੁਰੂ ਸਾਹਿਬ ਨੇ ਗੁਰੀਲਾ ਲੜਾਈ ਲੜਨ ਦਾ ਫ਼ੈਸਲਾ ਕਰ ਲਿਆ। ਇਕ-ਇਕ ਦੋ-ਦੋ ਸਿੱਖ ਗੜ੍ਹੀ ਦੇ ਦਰਵਾਜ਼ੇ 'ਤੇ ਆ ਕੇ ਮੁਗ਼ਲ ਹਮਲਾਵਰਾਂ ਨਾਲ ਜੂਝਦੇ ਤੇ ਸ਼ਹੀਦ ਹੁੰਦੇ ਰਹੇ। ਚਮਕੌਰ ਸਾਹਿਬ ਵਿਚ ਸ਼ਹੀਦੀ ਜਾਮ ਪੀਣ ਵਾਲੇ ਇਨ੍ਹਾਂ ਚਾਲੀ ਮੁਕਤਿਆਂ ਵਿਚ ਅਨੰਦਪੁਰ ਦਾ ਇਹ ਮੁਕਤਾ ਭਾਈ ਟਹਿਲ ਸਿੰਘ ਵੀ ਸ਼ਾਮਿਲ ਸੀ।

ਭਾਈ ਈਸ਼ਰ ਸਿੰਘ ਮੁਕਤਾ

ਪਿੰਡ ਡੱਲ-ਵਾਂ ਵਾਸੀ ਭਾਈ ਈਸ਼ਰ ਸਿੰਘ ਵੀ 7 ਦਸੰਬਰ 1705 ਦੇ ਦਿਨ ਚਮਕੌਰ ਵਿਚ ਸ਼ਹੀਦੀ ਹਾਸਿਲ ਕਰਨ ਵਾਲਿਆਂ ਵਿਚੋਂ ਇਕ ਸੀ।

ਭਾਈ ਈਸ਼ਰ ਸਿੰਘ ਦੀ ਜ਼ਿੰਦਗੀ ਬਾਰੇ ਵਧੇਰੇ ਜਾਣਕਾਰੀ ਤਾਂ ਨਹੀਂ ਮਿਲਦੀ

ਪਰ ਏਨਾ ਜ਼ਰੂਰ ਪਤਾ ਲੱਗਦਾ ਹੈ ਕਿ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਵਿਚ ਸੀਸ-ਭੇਟ ਕੌਤਕ ਕੀਤਾ ਤਾਂ ਪੰਜ ਸਿੱਖਾਂ ਵਲੋਂ ਸਿਰ ਭੇਟ ਕਰਨ ਮਗਰੋਂ ਜਿਹੜੇ ਪੰਜ ਹੋਰ ਸਿੱਖ ਗੁਰੂ ਸਾਹਿਬ ਨੂੰ ਆਪਣਾ ਸਿਰ ਹਾਜ਼ਿਰ ਕਰਨ ਵਾਸਤੇ ਖੜੇ ਹੋਏ ਸਨ ਭਾਈ ਈਸ਼ਰ ਸਿੰਘ ਉਨ੍ਹਾਂ ਵਿਚੋਂ ਇਕ ਸਨ। ਆਪ ਪੰਜਾਂ ਨੂੰ ਗੁਰੂ ਸਾਹਿਬ ਨੇ "ਪੰਜ ਮੁਕਤੇ" ਆਖ ਕੇ ਮਾਣ ਦਿੱਤਾ ਸੀ.।

ਇਸ ਮਗਰੋਂ ਗੁਰੂ ਸਾਹਿਬ ਨੇ ਪੰਜ ਪਿਆਰਿਆਂ ਨੂੰ ਖੰਡੇ ਦੀ ਪਾਹੁਲ ਦਿੱਤੀ ਤੇ ਫਿਰ ਇਨ੍ਹਾਂ ਪੰਜ ਪਿਆਰਿਆਂ ਨੂੰ ਸੰਗਤਾਂ ਨੂੰ ਅੰਮ੍ਰਿਤ ਛਕਾਉਣ ਵਾਸਤੇ ਆਖਿਆ। ਪੰਜਾਂ ਪਿਆਰਿਆਂ ਹੱਥੋਂ ਅੰਮ੍ਰਿਤ ਛੱਕਣ ਵਾਲਿਆਂ ਵਿਚੋਂ ਭਾਈ ਈਸ਼ਰ ਸਿੰਘ (ਉਦੋਂ ਭਾਈ ਈਸ਼ਰ ਦਾਸ) ਦਾ ਨੰਬਰ ਚੋਥਾ ਸੀ।

ਭਾਈ ਈਸ਼ਰ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰੀ ਸਿੰਘਾਂ ਵਿਚੋਂ ਇਕ ਸਨ। ਉਹ ਹਰ ਵੇਲੇ ਗੁਰੂ ਸਾਹਿਬ ਦੇ ਨਾਲ ਹੀ ਰਿਹਾ ਕਰਦੇ ਸਨ। ਉਨ੍ਹਾਂ ਨੇ ਅਨੰਦਪੁਰ ਸਾਹਿਬ ਅਤੇ ਨਿਰਮੋਹਗੜ੍ਹ ਵਿਚ ਗੁਰੂ ਸਾਹਿਬ 'ਤੇ ਹੋਏ ਸਾਰੇ ਹਮਲਿਆਂ ਦੌਰਾਨ ਹਮਲਾਵਰ ਫ਼ੌਜਾਂ ਦਾ ਡੱਟ ਕੇ ਮੁਕਾਬਲਾ ਕੀਤਾ।

ਜਦੋਂ ਗੁਰੂ ਸਾਹਿਬ 5 ਤੇ 6 ਦਸੰਬਰ 1705 ਦੀ ਅੱਧੀ ਰਾਤ ਵੇਲੇ ਅਨੰਦਪੁਰ ਸਾਹਿਬ ਛੱਡ ਕੇ ਚਲਣ ਲੱਗੇ ਤਾਂ ਭਾਈ ਈਸ਼ਰ ਸਿੰਘ ਨੇ ਗੁਰੂ ਸਾਹਿਬ ਦੇ ਨਾਲ ਹੀ ਜੀਣ-ਮਰਨ ਦਾ ਪ੍ਰਣ ਕੀਤਾ। ਉਨ੍ਹਾਂ ਕਿਹਾ ਕਿ ਉਹ ਗੁਰੂ ਸਾਹਿਬ ਵਾਸਤੇ ਆਪਣੀ ਜਾਨ ਤਕ ਵਾਰ ਦੇਣਗੇ ਤੇ ਆਪਣੇ ਆਖ਼ਰੀ ਸਾਹਾਂ ਤਕ ਆਪਣਾ ਪ੍ਰਣ ਨਿਭਾਉਣਗੇ। ਭਾਈ ਈਸ਼ਰ ਸਿੰਘ ਅਨੰਦਪੁਰ ਤੋਂ ਗੁਰੂ ਸਾਹਿਬ ਦੇ ਨਾਲ ਟੁਰੇ ਅਤੇ ਕੀਰਤਪੁਰ, ਸਰਸਾ ਨਦੀ ਤੋਂ ਹੁੰਦੇ ਹੋਏ ਚਮਕੌਰ ਪੁੱਜੇ। ਇਸ ਵੇਲੇ 7 ਦਸੰਬਰ 1705 ਦੀ ਸਵੇਰ ਹੋ ਚੁੱਕੀ ਸੀ। ਇਸ ਮਗਰੋਂ ਇਹ ਸਾਰੇ ਸਿੰਘ ਚਮਕੌਰ ਵਿਚ ਭਾਈ ਬੁਧੀ ਚੰਦ ਰਾਵਤ ਦੀ ਗੜ੍ਹੀ ਵਿਚ ਅਰਾਮ ਕਰਨ ਲੱਗ ਪਏ। ਉਸੇ ਦੁਪਹਿਰ ਹਜ਼ਾਰਾਂ ਦੀ ਗਿਣਤੀ ਵਿਚ ਮੁਗ਼ਲ ਫ਼ੌਜਾਂ ਨੇ ਗੜ੍ਹੀ 'ਤੇ ਹਮਲਾ ਕਰ ਦਿੱਤਾ। ਸਿਰਫ ਚਾਰ ਦਰਜਨ ਸਿੱਖਾਂ ਨੇ ਇਸ ਵੱਡੀ ਮੁਗ਼ਲ ਫ਼ੌਜ ਦਾ ਡਟ ਕੇ ਮੁਕਾਬਲਾ ਕੀਤਾ। ਰਾਤ ਤਕ ਇਨ੍ਹਾਂ ਸਿੰਘਾਂ ਵਿਚੋਂ 38 ਸਿੰਘ, ਸੈਂਕੜੇ ਮੁਗ਼ਲ ਸਿਪਾਹੀਆਂ ਨੂੰ ਮਾਰਨ ਮਗਰੋਂ, ਸ਼ਹੀਦ ਹੋ ਚੁੱਕੇ ਸਨ। ਇਨ੍ਹਾਂ 38 ਸਿੰਘਾਂ ਵਿਚ ਭਾਈ ਈਸ਼ਰ ਸਿੰਘ ਵੀ ਸ਼ਾਮਿਲ ਸਨ।

ਭਾਈ ਫ਼ਤਹਿ ਸਿੰਘ ਮੁਕਤਾ

ਭਾਈ ਫ਼ਤਹਿ ਸਿੰਘ 7 ਦਸੰਬਰ 1705 ਦੇ ਦਿਨ ਚਮਕੌਰ ਵਿਚ ਸ਼ਹੀਦੀ ਹਾਸਿਲ ਕਰਨ ਵਾਲੇ 40 ਮੁਕਤਿਆਂ ਵਿਚੋਂ ਇਕ ਸਨ। ਆਪ ਸੀਸ ਭੇਟ ਕੌਤਕ ਵਾਲੇ ਦਿਨ ਦੇ ਪੰਜ ਮੁਕਤਿਆਂ ਵਿਚੋਂ ਵੀ ਇਕ ਸਨ।

ਭਾਈ ਫ਼ਤਹਿ ਸਿੰਘ ਦਾ ਕੁਰਸੀਨਾਮਾ ਤਾਂ ਭਾਵੇਂ ਨਹੀਂ ਮਿਲਦਾ ਪਰ ਏਨਾ ਜ਼ਰੂਰ ਪਤਾ ਲੱਗਦਾ ਹੈ ਕਿ ਉਹ ਪਿੰਡ ਖੁਰਦਪੁਰ, ਮਾਂਗਟ, ਦੇ ਰਹਿਣ ਵਾਲੇ ਸਨ। ਭਾਈ ਫ਼ਤਹਿ ਸਿੰਘ ਅਨੰਦਪੁਰ ਸਾਹਿਬ ਵਿਚ ਰਹਿਣ ਵਾਲੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰੀ ਸਿੱਖਾਂ ਵਿਚੋਂ ਇਕ ਸਨ। ਤਾਰੀਖ਼ੀ ਸੋਮਿਆਂ ਮੁਤਾਬਿਕ ਜਦੋਂ ਗੁਰੂ ਸਾਹਿਬ ਨੇ ਸੀਸ ਭੇਟ ਕੌਤਕ ਕੀਤਾ ਤੇ ਸਿਰਾਂ ਦੀ ਮੰਗ ਕੀਤੀ ਤਾਂ ਭਾਈ ਦਇਆ ਸਿੰਘ ਤੋਂ ਲੈ ਕੇ ਭਾਈ ਹਿੰਮਤ ਸਿੰਘ ਤਕ ਪੰਜ ਸਿੱਖ ਵਾਰ-ਵਾਰ ਉੱਠ ਕੇ ਆਪਣਾ ਸੀਸ ਭੇਟ ਕਰਦੇ ਰਹੇ। ਭਾਈ ਹਿੰਮਤ ਸਿੰਘ ਤੋਂ ਬਾਅਦ ਪੰਜ ਹੋਰ ਸਿੱਖ ਆਪਣਾ ਸਿਰ ਭੇਟ ਕਰਨ ਵਾਸਤੇ ਦੀਵਾਨ ਵਿਚ ਖੜੇ ਹੋ ਗਏ। ਇਨ੍ਹਾਂ ਪੰਜਾਂ ਵਿਚ ਇਹ ਭਾਈ ਫ਼ਤਹਿ ਸਿੰਘ ਖੁਰਦਪੁਰ ਵਾਲੇ ਵੀ ਸਨ। ਗੁਰੂ ਸਾਹਿਬ ਨੇ ਇਨ੍ਹਾਂ ਪੰਜਾਂ ਨੂੰ "ਪੰਜ ਮੁਕਤੇ" ਦਾ ਖ਼ਿਤਾਬ ਦਿੱਤਾ।

ਜਦੋਂ ਪੰਜ ਪਿਆਰਿਆਂ ਨੇ ਖੰਡੇ ਦਾ ਅੰਮ੍ਰਿਤ ਛਕਾਉਣਾ ਸ਼ੁਰੂ ਕੀਤਾ ਤਾਂ ਉਨ੍ਹਾਂ ਹੱਥੋਂ ਅੰਮ੍ਰਿਤ ਛੱਕਣ ਵਾਲੇ ਪਹਿਲੇ ਪੰਜ ਸਿੰਘਾਂ ਵਿਚ ਭਾਈ ਫ਼ਤਹਿ ਸਿੰਘ (ਉਦੋਂ ਤਕ ਭਾਈ ਫ਼ਤਹਿ ਚੰਦ) ਵੀ ਸ਼ਾਮਿਲ ਸਨ। ਇੰਞ, ਪੰਜ ਪਿਆਰਿਆਂ ਹੱਥੋਂ ਅੰਮ੍ਰਿਤ ਛੱਕਣ ਵਾਲੇ ਪਹਿਲੇ ਸਿੰਘਾਂ ਵਿਚੋਂ ਭਾਈ ਫ਼ਤਹਿ ਸਿੰਘ ਪੰਜਵੇਂ ਸਨ। ਯਾਨਿ ਉਹ ਦਸਵੇਂ ਖ਼ਾਲਸਾ ਸਨ।

5 ਤੇ 6 ਦਸੰਬਰ 1705 ਦੇ ਦਿਨ ਗੁਰੂ ਸਾਹਿਬ ਦੇ ਅਨੰਦਪੁਰ ਸਾਹਿਬ ਛੱਡਣ ਵੇਲੇ ਉਨ੍ਹਾਂ ਦੇ ਅੰਗ-ਸੰਗ ਰਹਿਣ ਦਾ ਪ੍ਰਣ ਕਰਨ ਵਾਲੇ "40 ਅਨੰਦਪੁਰੀ ਮੁਕਤਿਆਂ" ਵਿਚ ਭਾਈ ਫ਼ਤਹਿ ਸਿੰਘ ਵੀ ਸ਼ਾਮਿਲ ਸਨ ਤੇ ਉਨ੍ਹਾਂ ਨੇ ਆਪਣਾ ਇਹ ਪ੍ਰਣ ਤੋੜ ਤਕ ਨਿਭਾਇਆ। ਆਪ 7 ਦਸੰਬਰ 1705 ਦੇ ਦਿਨ, ਸ਼ਾਮ ਵੇਲੇ ਚਮਕੌਰ ਦੀ ਗੜ੍ਹੀ ਦੇ ਬਾਹਰ ਮੁਗ਼ਲ ਫ਼ੌਜਾਂ ਦੀ ਧਾੜ ਨਾਲ ਲੜਦੇ-ਲੜਦੇ ਸ਼ਹੀਦੀ ਜਾਮ ਪੀ ਗਏ।

ਭਾਈ ਜਵਾਹਰ ਸਿੰਘ

ਭਾਈ ਜਵਾਹਰ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪ੍ਰਮੁੱਖ ਸਿੱਖਾਂ ਵਿਚੋਂ ਇਕ ਸਨ। ਆਪ ਨੇ 7 ਦਸੰਬਰ 1705 ਦੇ ਦਿਨ ਚਮਕੌਰ ਵਿਖੇ ਸ਼ਹੀਦੀ ਹਾਸਿਲ ਕੀਤੀ ਸੀ।

5 ਅਤੇ 6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਸਾਹਿਬ ਛੱਡਿਆ ਤਾਂ ਜਿਨ੍ਹਾਂ ਚਾਲੀ ਸਿੰਘਾਂ ਨੇ ਆਪ ਜੀ ਦੇ ਨਾਲ ਜੀਣ ਮਰਨ ਦਾ ਪ੍ਰਣ ਕੀਤਾ ਸੀ। ਉਨ੍ਹਾਂ ਵਿਚੋਂ ਆਪ ਇਕ ਸਨ। ਆਪ ਗੁਰੂ ਜੀ ਦੇ ਨਾਲ ਅਨੰਦਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ ਹੁੰਦੇ ਹੋਏ ਏਥੋਂ 12-13 ਕਿਲੋਮੀਟਰ ਦੂਰ ਸਰਸਾ ਨਦੀ ਪਾਰ ਕਰਕੇ ਪਿੰਡਾਂ ਤੇ ਜੰਗਲਾਂ ਵਿਚੋਂ ਹੁੰਦੇ ਹੋਏ ਚਮਕੌਰ ਪੁੱਜ ਗਏ। ਚਮਕੌਰ ਵਿਚ ਆਪ ਗੁਰੂ ਜੀ ਦੇ ਨਾਲ ਭਾਈ ਬੁੱਧੀ ਚੰਦ ਰਾਵਤ ਦੀ ਗੜ੍ਹੀ ਵਿਚ ਠਹਿਰੇ। ਉਸੇ ਦਿਨ ਦੁਪਹਿਰ ਵੇਲੇ ਮੁਗਲ ਫ਼ੌਜਾਂ ਨੇ ਗੜ੍ਹੀ ਨੂੰ ਚੌਹਾਂ ਪਾਸਿਆਂ ਤੋਂ ਘੇਰ ਲਿਆ। ਉਸ ਵੇਲੇ ਗੜ੍ਹੀ ਦੇ ਅੰਦਰ ਦੋ ਸਾਹਿਬਜ਼ਾਦੇ ਅਤੇ 45 ਸਿੱਖ ਸਨ। ਦੂਜੇ ਪਾਸੇ ਘੇਰਾ ਪਾਉਣ ਵਾਲੀਆਂ ਫ਼ੌਜਾਂ ਦੀ ਗਿਣਤੀ ਕਈ ਹਜ਼ਾਰ ਸੀ। ਚਾਲੀ ਸਿੰਘਾਂ ਨੇ ਇਕ-ਇਕ ਦੋ-ਦੋ ਕਰਕੇ ਗੜ੍ਹੀ ਵਿਚੋਂ ਨਿਕਲ ਕੇ ਮੁਗਲ ਫ਼ੌਜਾਂ ਨਾਲ ਹੱਥੋ-ਹੱਥ ਲੜਾਈ ਕੀਤੀ ਤੇ ਬਹੁਤ ਸਾਰੇ ਮੁਗਲ ਸਿਪਾਹੀਆਂ ਨੂੰ ਮਾਰ ਮੁਕਾਇਆ। ਹਨੇਰਾ ਪੈਣ ਮਗਰੋਂ ਇਹ ਲੜਾਈ ਬੰਦ ਹੋਈ। ਇਸ ਵੇਲੇ ਤਕ 38 ਸਿੰਘ ਸ਼ਹੀਦ ਹੋ ਚੁੱਕੇ ਸਨ। ਇਨ੍ਹਾਂ ਵਿਚ ਭਾਈ ਜਵਾਹਰ ਸਿੰਘ ਵੀ ਸਨ।

ਭਾਈ ਕੀਰਤ ਸਿੰਘ

ਭਾਈ ਕੀਰਤ ਸਿੰਘ ਉਨ੍ਹਾਂ 40 ਮੁਕਤਿਆਂ ਵਿਚੋਂ ਇਕ ਸਨ ਜਿਨ੍ਹਾਂ ਨੇ ਚਮਕੌਰ ਦੀ ਲੜਾਈ ਵਿਚ 7 ਦਸੰਬਰ ਦੇ ਦਿਨ ਸ਼ਹੀਦੀ ਜਾਮ ਪੀਤਾ ਸੀ। ਭਾਈ ਕੀਰਤ ਸਿੰਘ

ਗੁਰੂ ਗੋਬਿੰਦ ਸਿੰਘ ਸਾਹਿਬ ਦੀ ਫ਼ੌਜ ਦੇ ਇਕ ਪ੍ਰਮੁੱਖ ਸਿਪਾਹੀ ਸਨ। ਉਹ ਗੁਰੂ ਸਾਹਿਬ ਦੇ ਦਰਬਾਰੀ ਸਿੱਖਾਂ ਵਿਚੋਂ ਇਕ ਸਨ।

5 ਅਤੇ 6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਸਾਹਿਬ ਛੱਡਿਆ ਤਾਂ ਜਿਹੜੇ ਚਾਲੀ ਸਿੰਘਾਂ ਨੇ ਆਪ ਜੀ ਦੇ ਨਾਲ ਜੀਣ-ਮਰਣ ਦਾ ਪ੍ਰਣ ਕੀਤਾ ਉਨ੍ਹਾਂ ਵਿਚੋਂ ਆਪ ਇਕ ਸਨ। ਆਪ ਗੁਰੂ ਜੀ ਦੇ ਨਾਲ ਅਨੰਦਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ ਹੁੰਦੇ ਹੋਏ ਸਰਸਾ ਨਦੀ ਪਾਰ ਕਰ ਕੇ ਚਮਕੌਰ ਪੁੱਜ ਗਏ। ਚਮਕੌਰ ਵਿਚ ਆਪ ਗੁਰੂ ਜੀ ਦੇ ਨਾਲ ਭਾਈ ਬੁੱਧੀ ਚੰਦ ਰਾਵਤ ਦੀ ਗੜ੍ਹੀ ਵਿਚ ਠਹਿਰੇ। ਉਸੇ ਦਿਨ ਦੁਪਹਿਰ ਵੇਲੇ ਮੁਗ਼ਲ ਫ਼ੌਜਾਂ ਨੇ ਗੜ੍ਹੀ ਨੂੰ ਚੌਹਾਂ ਪਾਸਿਆਂ ਤੋਂ ਘੇਰ ਲਿਆ। ਇਸ 'ਤੇ ਗੜ੍ਹੀ ਵਿਚ ਹਾਜ਼ਿਰ ਸਿੱਖਾਂ ਨੇ ਇਕ-ਇਕ, ਦੋ-ਦੋ ਕਰ ਕੇ ਗੜ੍ਹੀ ਵਿਚੋਂ ਨਿਕਲ ਕੇ ਮੁਗ਼ਲ ਫ਼ੌਜਾਂ ਨਾਲ ਹੱਥੋ-ਹੱਥ ਲੜਾਈ ਕੀਤੀ ਤੇ ਸੈਂਕੜੇ ਮੁਗ਼ਲ ਸਿਪਾਹੀਆਂ ਨੂੰ ਮਾਰ ਮੁਕਾਇਆ। ਸ਼ਾਮ ਤਕ 2 ਸਾਹਿਬਜ਼ਾਦੇ ਅਤੇ 38 ਸਿੰਘ ਸ਼ਹੀਦ ਹੋ ਚੁੱਕੇ ਸਨ। ਇਨ੍ਹਾਂ ਸ਼ਹੀਦਾਂ ਵਿਚ ਇਹ 'ਅਨੰਦਪੁਰੀ ਮੁਕਤੇ' ਅਤੇ 'ਚਮਕੌਰ ਦੇ ਮੁਕਤੇ' ਭਾਈ ਕੀਰਤ ਸਿੰਘ ਵੀ ਸ਼ਾਮਿਲ ਸਨ।

ਇਕ ਸੋਮੇ ਮੁਤਾਬਿਕ ਇਹ ਭਾਈ ਕੀਰਤ ਸਿੰਘ ਉਹੀ ਸਨ ਜੋ 29 ਮਾਰਚ 1698 ਤੋਂ ਮਗਰੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਗੁਰੂ ਦਾ ਚੱਕ (ਅੰਮ੍ਰਿਤਸਰ) ਦੀ ਸੇਵਾ-ਸੰਭਾਲ ਵਾਸਤੇ ਭੇਜੇ ਸਨ। ਹੋ ਸਕਦਾ ਹੈ ਕਿ ਉਦੋਂ ਭਾਈ ਕੀਰਤ ਸਿੰਘ ਅਨੰਦਪੁਰ ਸਾਹਿਬ ਆਏ ਹੋਣ ਅਤੇ ਮਈ ਤੋਂ ਦਸੰਬਰ 1705 ਦੇ ਘੇਰੇ ਵਿਚ ਉਥੇ ਹੀ ਮਹਿਦੂਦ ਹੋ ਗਏ ਹੋਣ। ਉਂਞ ਕਿਉਂਕਿ ਉਹ ਅਨੰਦਪੁਰ ਸਾਹਿਬ 'ਚ ਗੁਰੂ ਸਾਹਿਬ ਨਾਲ ਜੀਣ-ਮਰਨ ਦਾ ਪ੍ਰਣ ਕਰਨ ਵਾਲਿਆਂ ਵਿਚ ਸ਼ਾਮਿਲ ਸਨ। ਇਸ ਕਰ ਕੇ ਇਹ ਮੁਮਕਿਨ ਹੈ ਕਿ ਇਹ ਕੀਰਤ ਸਿੰਘ ਅੰਮ੍ਰਿਤਸਰ ਵਾਲੇ ਹੀ ਹੋਣ। ਗੁਰੂ ਦਾ ਚੱਕ ਭੇਜੇ ਜਾਣ ਬਾਰੇ ਭਾਈ ਕੀਰਤ ਸਿੰਘ ਦਾ ਜ਼ਿਕਰ "ਸ਼ਹੀਦ ਬਿਲਾਸ" ਵਿਚ ਇੰਞ ਮਿਲਦਾ ਹੈ।

ਪੰਚ ਸਿੱਖ ਗੈਲ ਕੀਏ ਤਿਆਰ। ਭੂਪਤ ਸਿੰਘ ਔ ਸਿੰਘ ਗੁਲਜ਼ਾਰ।
ਚੰਦਰਾ ਕੌਇਰ ਸਿੰਘ, ਸਿੰਘ ਦਾਨ, ਪੰਚਮ ਕੀਰਤ ਸਿੰਘ ਸੁਜਾਨ।

(ਸ਼ਹੀਦ ਬਿਲਾਸ, ਸਫ਼ਾ 70)

ਭਾਈ ਸ਼ਾਮ ਸਿੰਘ

ਭਾਈ ਸ਼ਾਮ ਸਿੰਘ ਗੁਰੂ ਸਾਹਿਬ ਦੀ ਫ਼ੌਜ ਦੇ ਇਕ ਪ੍ਰਮੁੱਖ ਸਿਪਾਹੀ ਸਨ। ਉਨ੍ਹਾਂ ਨੇ ਚਮਕੌਰ ਦੀ ਗੜ੍ਹੀ ਦੀ ਲੜਾਈ ਵਿਚ 7 ਦਸੰਬਰ 1705 ਦੇ ਦਿਨ ਸ਼ਹੀਦੀ ਹਾਸਿਲ ਕੀਤੀ।

5 ਅਤੇ 6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਸਾਹਿਬ ਛੱਡਿਆ ਤਾਂ ਜਿਨ੍ਹਾਂ 40 ਸਿੰਘਾਂ ਨੇ ਆਪ ਜੀ ਦੇ ਨਾਲ ਜੀਣ-ਮਰਨ ਦੀ ਕਸਮ ਖਾਧੀ ਸੀ ਆਪ ਉਨ੍ਹਾਂ ਵਿਚੋਂ ਇਕ ਸਨ। ਇਨ੍ਹਾਂ ਨੂੰ ਤ਼ਾਰੀਖ਼ ਵਿਚ 'ਅਨੰਦਪੁਰ ਦੇ 40 ਮੁਕਤੇ ਆਖ ਕੇ ਚੇਤੇ ਕੀਤਾ ਜਾਂਦਾ ਹੈ। ਆਪ ਗੁਰੂ ਜੀ ਦੇ ਨਾਲ ਅਨੰਦਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ ਹੁੰਦੇ ਹੋਏ ਸਰਸਾ ਨਦੀ ਪਾਰ ਕਰ ਕੇ 7 ਦਸੰਬਰ ਦੀ ਸਵੇਰ ਵੇਲੇ ਚਮਕੌਰ ਪੁੱਜੇ ਸਨ। ਚਮਕੌਰ ਵਿਚ ਆਪ ਗੁਰੂ ਜੀ ਦੇ ਨਾਲ ਭਾਈ ਬੁੱਧੀ ਚੰਦ ਰਾਵਤ ਦੀ ਗੜ੍ਹੀ ਵਿਚ ਠਹਿਰੇ। ਉਸੇ ਦਿਨ ਦੁਪਹਿਰ ਵੇਲੇ ਮੁਗ਼ਲ ਫ਼ੌਜਾਂ ਨੇ ਗੜ੍ਹੀ ਨੂੰ ਚੌਹਾਂ ਪਾਸਿਆਂ ਤੋਂ ਘੇਰ ਲਿਆ। ਉਸ ਵੇਲੇ ਗੜ੍ਹੀ ਦੇ ਅੰਦਰ ਗੁਰੂ ਸਾਹਿਬ, ਦੋ ਵੱਡੇ ਸਾਹਿਬਜ਼ਾਦੇ ਅਤੇ ਸਿਰਫ਼ 47 ਸਿੱਖ ਸਨ। ਗੜ੍ਹੀ ਨੂੰ ਘੇਰਾ ਪਾਉਣ ਵਾਲੀਆਂ ਫ਼ੌਜਾਂ ਦੀ ਗਿਣਤੀ ਬਹੁਤ ਹੀ ਜ਼ਿਆਦਾ ਸੀ। ਗੜ੍ਹੀ ਵਿਚ ਹਾਜ਼ਿਰ ਸਿੰਘਾਂ ਨੇ ਇਕ-ਇਕ, ਦੋ-ਦੋ ਕਰ ਕੇ ਗੜ੍ਹੀ ਵਿਚੋਂ ਨਿਕਲ ਕੇ ਮੁਗ਼ਲ ਫ਼ੌਜਾਂ ਨਾਲ ਹੱਥੋ-ਹੱਥ ਲੜਾਈ ਕੀਤੀ ਤੇ ਬਹੁਤ ਸਾਰੇ ਮੁਗ਼ਲ ਸਿਪਾਹੀਆਂ ਨੂੰ ਮਾਰ ਮੁਕਾਇਆ। ਰਾਤ ਤਕ ਬਹੁਤੇ ਸਿੰਘ ਸ਼ਹੀਦ ਹੋ ਚੁੱਕੇ ਸਨ। ਇਨ੍ਹਾਂ ਵਿਚ ਭਾਈ ਸ਼ਾਮ ਸਿੰਘ ਵੀ ਸਨ। ਇਹ ਘਟਨਾ 7 ਦਸੰਬਰ 1705 ਦੀ ਹੈ। ਇਨ੍ਹਾਂ ਸ਼ਹੀਦਾਂ ਦਾ ਸਸਕਾਰ 10 ਦਸੰਬਰ 1705 ਦੇ ਦਿਨ ਇਕੱਠਿਆਂ ਉਸੇ ਜਗ੍ਹਾ ਹੀ ਕਰ ਦਿੱਤਾ ਗਿਆ।

ਭਾਈ ਸੁੱਖਾ ਸਿੰਘ

ਭਾਈ ਸੁੱਖਾ ਸਿੰਘ 7 ਦਸੰਬਰ 1705 ਦੀ ਸ਼ਾਮ ਨੂੰ ਚਮਕੌਰ ਦੀ ਗੜ੍ਹੀ ਵਿਚ ਸ਼ਹੀਦ ਹੋਣ ਵਾਲੇ ਚਾਲ੍ਹੀ ਸਿੰਘਾਂ ਵਿਚੋਂ ਇਕ ਸਨ। ਆਪ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰੀ ਸਿੱਖਾਂ ਵਿਚੋਂ ਇਕ ਸਨ। ਆਪ ਨੇ ਅਨੰਦਪੁਰ ਸਾਹਿਬ ਅਤੇ ਨਿਰਮੋਹਗੜ੍ਹ ਦੀਆਂ ਲੜਾਈਆਂ ਵਿਚ ਭਰਪੂਰ ਹਿੱਸਾ ਲਿਆ ਸੀ ਅਤੇ ਆਪਣੀ ਬਹਾਦਰੀ ਦੇ ਜੌਹਰ ਦਿਖਾਏ ਸਨ।

5 ਤੇ 6 ਦਸੰਬਰ ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਛੱਡਿਆ ਤਾਂ ਆਪ ਉਨ੍ਹਾਂ 40 ਸਿੰਘਾਂ ਵਿਚੋਂ ਇਕ ਸਨ ਜਿਨ੍ਹਾਂ ਗੁਰੂ ਸਾਹਿਬ ਦੇ ਨਾਲ ਜੀਣ-ਮਰਨ ਦਾ ਪ੍ਰਣ ਕੀਤਾ ਸੀ। ਇਨ੍ਹਾਂ 40 ਸਿੱਖਾਂ ਨੂੰ "ਅਨੰਦਪੁਰ ਦੇ 40 ਮੁਕਤੇ" ਆਖ ਕੇ ਯਾਦ ਕੀਤਾ ਜਾਂਦਾ ਹੈ।

ਗੁਰੂ ਸਾਹਿਬ ਇਨ੍ਹਾਂ 40 ਸਿੰਘਾਂ ਤੇ ਬਾਕੀ ਵਹੀਰ ਦੇ ਨਾਲ ਅਨੰਦਪੁਰ ਸਾਹਿਬ ਤੋਂ ਟੁਰ ਕੇ ਪਹੁ-ਫੁੱਟਣ ਤੋਂ ਪਹਿਲਾਂ ਕੀਰਤਪੁਰ ਸਾਹਿਬ ਲੰਘ ਕੇ ਸਰਸਾ ਨਦੀ ਪਾਰ ਕਰਨ ਵਾਸਤੇ ਪਿੰਡ ਨੰਗਲ ਗੁਜਰਾਂ (ਹੁਣ ਨੰਗਲ ਸਰਸਾ) ਵੱਲ ਚਲ ਪਏ। ਏਨੇ ਵਿਚ ਪਹਾੜੀ ਫ਼ੌਜਾਂ ਨੇ ਆਪ 'ਤੇ ਹਮਲਾ ਕਰ ਦਿੱਤਾ। ਤੀਰਾਂ ਦੇ ਬੰਦੂਕਾਂ ਦੀ ਲੜਾਈ ਵਿਚ ਗੁਰੂ ਸਾਹਿਬ, ਉਨ੍ਹਾਂ ਦਾ ਪਰਿਵਾਰ, ਚਾਲੀ ਵਿਚੋਂ 37 ਮੁਕਤੇ ਅਤੇ 38ਵੇਂ ਮੁਕਤੇ ਭਾਈ ਬਚਿਤਰ ਸਿੰਘ ਦਾ ਜੱਥਾ ਨਦੀ ਪਾਰ ਕ ਗਏ। ਇਥੋਂ ਇਹ ਵਹੀਰ ਤਿੰਨ ਵੱਖ-ਵੱਖ ਹਿੱਸਿਆਂ ਵਿਚ ਹੋ ਗਈ।

7 ਦਸੰਬਰ ਦੀ ਸਵੇਰ ਵੇਲੇ ਆਪ ਗੁਰੂ ਸਾਹਿਬ ਚਮਕੌਰ ਦੀ ਗੜ੍ਹੀ ਵਿਚ ਪੁੱਜ ਗਏ। ਇਸ ਵੇਲੇ ਤਕ ਚਾਰ ਦਰਜਨ ਦੇ ਕਰੀਬ ਸਿੱਖ ਵੀ ਉਥੇ ਪੁੱਜ ਚੁੱਕੇ ਸਨ। ਇਨ੍ਹਾਂ ਸਾਰਿਆਂ ਨੇ ਚੌਧਰੀ ਬੁੱਧੀ ਚੰਦ ਰਾਵਤ ਦੀ ਗੜ੍ਹੀ 'ਚ ਡੇਰਾ ਲਾ ਲਿਆ। ਦੁਪਹਿਰ ਵੇਲੇ ਇਸ ਗੜ੍ਹੀ ਨੂੰ ਮੁਗ਼ਲ ਫ਼ੌਜਾਂ ਨੇ ਘੇਰ ਲਿਆ। ਛੇਤੀ ਹੀ ਸਿੰਘਾਂ ਅਤੇ ਮੁਗ਼ਲ ਫ਼ੌਜਾਂ ਵਿਚ ਲੜਾਈ ਸ਼ੁਰੂ ਹੋ ਗਈ। ਗੜ੍ਹੀ ਵਿਚੋਂ ਇਕ-ਇਕ ਦੋ-ਦੋ ਸਿੰਘ ਨਿਕਲ ਕੇ ਮੁਗ਼ਲ ਫ਼ੌਜਾਂ ਨਾਲ ਲੜਦੇ ਰਹੇ। ਉਹ ਬਹੁਤ ਸਾਰੇ ਮੁਗ਼ਲ ਸਿਪਾਹੀਆਂ ਨੂੰ ਮਾਰਦੇ ਉਦੋਂ ਤਕ ਲੜਦੇ ਰਹਿੰਦੇ ਸਨ ਜਦੋਂ ਤਕ ਉਹ ਆਪ ਵੀ ਸ਼ਹੀਦ ਨਹੀਂ ਸਨ ਹੋ ਜਾਂਦੇ। ਇਹ ਲੜਾਈ ਹਨੇਰਾ ਪੈਣ ਤਕ ਚਲਦੀ ਰਹੀ। ਇਸ ਮੌਕੇ 'ਤੇ ਹੋਰਨਾਂ ਦੇ ਨਾਲ-ਨਾਲ, ਭਾਈ ਸੁੱਖਾ ਸਿੰਘ ਵੀ ਡੱਟ ਕੇ ਲੜੇ ਅਤੇ ਸ਼ਹੀਦੀ ਜਾਮ ਪੀਤਾ।

ਭਾਈ ਕੇਸਰਾ ਸਿੰਘ

ਭਾਈ ਕੇਸਰਾ ਸਿੰਘ ਚਮਕੌਰ ਵਿਚ ਸ਼ਹੀਦ ਹੋਣ ਵਾਲੇ ਸਿੰਘਾਂ ਵਿਚੋਂ ਇਕ ਸਨ। ਆਪ ਦੀ ਸ਼ਹੀਦੀ 7 ਦਸੰਬਰ 1705 ਦੀ ਦੁਪਹਿਰ ਤੋਂ ਮਗਰੋਂ ਤੇ ਹਨੇਰਾ ਸ਼ੁਰੂ ਹੋਣ ਤੋਂ ਪਹਿਲਾਂ ਹੋਈ ਸੀ। ਭਾਈ ਕੇਸਰਾ ਸਿੰਘ ਇਕ ਦਲੇਰ ਸਿਪਾਹੀ ਸਨ ਤੇ ਗੁਰੂ ਸਾਹਿਬ ਦੀ ਫ਼ੌਜ ਦੇ ਪ੍ਰਮੁੱਖ ਸਿੱਖਾਂ ਵਿਚੋਂ ਇਕ ਸਨ।

5 ਤੇ 6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਛੱਡਿਆ ਤਾਂ ਆਪ ਉਨ੍ਹਾਂ 40 ਸਿੰਘਾਂ ਵਿਚੋਂ ਇਕ ਸਨ ਜਿਨ੍ਹਾਂ ਗੁਰੂ ਸਾਹਿਬ ਦੇ ਨਾਲ ਜੀਣ-ਮਰਨ ਦਾ ਪ੍ਰਣ ਕੀਤਾ ਸੀ। ਗੁਰੂ ਸਾਹਿਬ ਇਨ੍ਹਾਂ 40 ਸਿੰਘਾਂ ਤੇ ਬਾਕੀ ਵਹੀਰ ਦੇ ਨਾਲ ਅਨੰਦਪੁਰ ਸਾਹਿਬ ਤੋਂ ਟੁਰ ਕੇ ਪਹੁ-ਫੁੱਟਣ ਤੋਂ ਪਹਿਲਾਂ ਕੀਰਤਪੁਰ ਸਾਹਿਬ ਤੋਂ ਬਹੁਤ ਅੱਗੇ ਬਿਨਾ ਰੁਕਾਵਟ ਪੁੱਜ ਗਏ ਅਤੇ ਉਥੋਂ ਸਰਸਾ ਨਦੀ ਪਾਰ ਕਰਨ ਵਾਸਤੇ ਪਿੰਡ ਨੰਗਲ ਗੁਜਰਾਂ (ਹੁਣ ਨੰਗਲ ਸਰਸਾ) ਵੱਲ ਚਲ ਪਏ। ਏਨੇ ਵਿਚ ਪਹਾੜੀ ਤੇ ਤੁਰਕ ਫ਼ੌਜਾਂ ਨੇ ਆਪ 'ਤੇ ਹਮਲਾ ਕਰ ਦਿੱਤਾ। ਤੀਰਾਂ ਤੇ ਬੰਦੂਕਾਂ ਦੀ ਲੜਾਈ ਵਿਚ ਗੁਰੂ ਸਾਹਿਬ, ਉਨ੍ਹਾਂ ਦਾ ਪਰਿਵਾਰ ਅਤੇ ਕੁਝ ਸਿੰਘ ਨਦੀ ਪਾਰ ਕਰ ਗਏ। ਉਥੋਂ ਹੌਲੀ-ਹੌਲੀ ਟੁਰ ਕੇ ਪੜਾਅ ਕਰਦੇ-ਕਰਦੇ ਇਹ ਸਿੰਘ 7 ਦਸੰਬਰ ਦੀ ਸਵੇਰ ਨੂੰ ਚਮਕੌਰ ਵਿਚ ਪੁੱਜ ਗਏ। ਉਧਰ ਗੁਰੂ ਸਾਹਿਬ ਆਪ ਵੀ ਚਮਕੌਰ ਦੀ ਗੜ੍ਹੀ ਵਿਚ ਪੁੱਜ ਗਏ। ਦੁਪਹਿਰ ਵੇਲੇ ਇਸ ਗੜ੍ਹੀ ਨੂੰ ਮੁਗ਼ਲ ਫ਼ੌਜਾਂ ਨੇ ਘੇਰ ਲਿਆ। ਇਸ ਦੇ ਨਾਲ ਹੀ ਇਨ੍ਹਾਂ ਸਿੰਘਾਂ ਅਤੇ ਮੁਗ਼ਲ ਫ਼ੌਜਾਂ ਵਿਚ ਜ਼ਬਰਦਸਤ ਲੜਾਈ ਸ਼ੁਰੂ ਹੋ ਗਈ।

ਹੋਰਨਾਂ ਦੇ ਨਾਲ ਨਾਲ ਭਾਈ ਕੇਸਰਾ ਸਿੰਘ ਇਸ ਮੌਕੇ 'ਤੇ ਡੱਟ ਕੇ ਲੜੇ ਅਤੇ ਕਈ ਮੁਗ਼ਲ ਸਿਪਾਹੀਆਂ ਦਾ ਘਾਣ ਕਰ ਕੇ ਆਪ ਵੀ ਸ਼ਹੀਦੀ ਜਾਮ ਪੀਤਾ।

ਭਾਈ ਲਾਲ ਸਿੰਘ

7 ਦਸੰਬਰ 1705 ਦੇ ਦਿਨ ਚਮਕੌਰ ਦੀ ਗੜ੍ਹੀ ਦੇ ਬਾਹਰ ਹੋਈ ਲੜਾਈ ਵਿਚ ਸ਼ਹੀਦ ਹੋਏ ਭਾਈ ਲਾਲ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪ੍ਰਮੁੱਖ ਸਿੱਖਾਂ ਵਿਚੋਂ ਇਕ ਸਨ। ਆਪ ਨੇ ਪੰਜ ਪਿਆਰਿਆਂ, ਪੰਜ ਮੁਕਤਿਆਂ ਅਤੇ ਭਾਈ ਮਨੀ ਸਿੰਘ ਵਾਲੇ ਬੈਚ ਦੇ ਯਾਰ੍ਹਾਂ ਸਿੱਖਾਂ ਤੋਂ ਬਾਅਦ ਦੇ ਬੈਚ ਵਿਚ ਖੰਡੇ ਦੀ ਪਾਹੁਲ ਲਈ ਸੀ ਅਤੇ ਲਾਲ ਚੰਦ ਤੋਂ ਭਾਈ ਲਾਲ ਸਿੰਘ ਬਣੇ ਸਨ। ਆਪ ਦਾ ਗੁਰੂ ਸਾਹਿਬ ਨਾਲ ਜਜ਼ਬਾਤੀ ਰਿਸ਼ਤਾ ਸੀ ਅਤੇ ਆਪ ਗੁਰੂ ਸਾਹਿਬ ਦੇ ਨੇੜੇ ਹੋਣ ਦੀ ਲੋਚਾ ਰਖਿਆ ਕਰਦੇ ਸਨ। ਭਾਈ ਲਾਲ ਸਿੰਘ ਬੜੇ ਦਲੇਰ ਤੇ ਬਹਾਦਰ ਸਿਪਾਹੀ ਸਨ। ਆਪ ਪਿਸ਼ਾਵਰ ਦੇ ਰਹਿਣ ਵਾਲੇ ਸਨ। ਇਸੇ ਕਰ ਕੇ ਆਪ ਨੂੰ ਲਾਲ ਚੰਦ ਪਸ਼ੌਰੀਆ ਵੀ ਆਖ ਕੇ ਵੀ ਬੁਲਾਇਆ ਜਾਂਦਾ ਸੀ। ਇਕ ਸੋਮੇ ਮੁਤਾਬਿਕ ਆਪ ਗੁਰੂ ਸਾਹਿਬ ਦੇ ਖ਼ਜ਼ਾਨਚੀ ਸਨ। 5 ਤੇ 6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਛੱਡਿਆ ਤਾਂ ਆਪ ਉਨ੍ਹਾਂ 40 ਸਿੰਘਾਂ ਵਿਚੋਂ ਇਕ ਸਨ ਜਿਨ੍ਹਾਂ ਗੁਰੂ ਸਾਹਿਬ ਦੇ ਨਾਲ ਜੀਣ-ਮਰਨ ਦਾ ਪ੍ਰਣ ਕੀਤਾ ਸੀ। ਆਪ ਗੁਰੂ ਸਾਹਿਬ ਦੇ ਨਾਲ ਅਨੰਦਪੁਰ ਸਾਹਿਬ ਤੋਂ ਟੁਰੇ ਅਤੇ ਕੀਰਤਪੁਰ ਸਾਹਿਬ ਪਹੁੰਚ ਗਏ ਇਥੋਂ ਇਹ ਸਾਰੇ ਸਰਸਾ ਨਦੀ ਪਾਰ ਕਰਨ ਵਾਸਤੇ ਚਲ ਗਏ। ਇੰਨੇ ਵਿਚ ਪਹਾੜੀ ਤੇ ਤੁਰਕ ਫ਼ੌਜਾਂ ਨੇ ਆਪ 'ਤੇ ਹਮਲਾ ਕਰ ਦਿੱਤਾ। ਆਪ ਇਸ ਹਮਲੇ ਵਿਚ ਬਚ ਕੇ ਨਿਕਲ ਜਾਣ ਵਾਲੇ ਗਿਣਤੀ ਦੇ ਸਿੱਖਾਂ ਵਿਚੋਂ ਇਕ ਸਨ। ਇਸ ਮਗਰੋਂ ਆਪ ਚਮਕੌਰ ਪੁੱਜ ਗਏ। 7 ਦਸੰਬਰ ਦੀ ਦੁਪਹਿਰ ਵੇਲੇ ਇਸ ਪਿੰਡ ਨੂੰ ਮੁਗ਼ਲ ਫ਼ੌਜਾਂ ਨੇ ਘੇਰ ਲਿਆ। ਛੇਤੀ ਹੀ ਪੰਜਤਾਲੀ ਸਿੰਘਾਂ ਅਤੇ ਮੁਗ਼ਲ ਫ਼ੌਜਾਂ ਵਿਚ ਲੜਾਈ ਸ਼ੁਰੂ ਹੋ ਗਈ। ਮੁੱਠੀ ਭਰ ਸਿੰਘਾਂ ਨੇ ਹਜ਼ਾਰਾਂ ਦੀ ਗਿਣਤੀ 'ਚ ਆਈ ਫ਼ੌਜ ਦਾ ਡਟ ਕੇ ਟਾਕਰਾ ਕੀਤਾ। ਹੋਰਨਾਂ ਦੇ ਨਾਲ-ਨਾਲ ਭਾਈ ਲਾਲ ਸਿੰਘ ਇਸ ਮੌਕੇ 'ਤੇ ਡੱਟ ਕੇ ਲੜੇ ਅਤੇ ਸ਼ਹੀਦੀ ਜਾਮ ਪੀਤਾ।

ਭਾਈ ਲਾਲ ਸਿੰਘ ਗੁਰੂ ਸਾਹਿਬ ਕੋਲ ਕਈ ਸਾਲਾਂ ਤੋਂ ਰਹਿ ਰਹੇ ਸਨ। ਆਪ ਚੱਕ ਨਾਨਕੀ ਵਿਚ ਵੀ ਗੁਰੂ ਸਾਹਿਬ ਦੇ ਨਾਲ ਸਨ ਅਤੇ ਫਿਰ ਪਾਊਂਟਾ ਵਿਚ ਵੀ ਰਹੇ ਸਨ। ਆਪ ਨੇ ਭੰਗਾਣੀ ਦੀ ਜੰਗ ਵਿਚ ਵੀ ਖ਼ੂਬ ਜੌਹਰ ਦਿਖਾਏ ਸਨ। ਇਸ ਦਾ ਜ਼ਿਕਰ **ਬਚਿਤਰ ਨਾਟਕ** ਵਿਚ ਵੀ ਮਿਲਦਾ ਹੈ:

ਹਠਿਯੋ ਮਾਹਰੀ ਚੰਦਯੰ ਗੰਗਰਾਮੰ॥ ਜਿਨੈ ਕਿਤਯੰ ਜਿਤਿਯੰ ਫ਼ੌਜ ਤਾਮੰ।
ਕੁਪੇ ਲਾਲ ਚੰਦੰ ਕੀਏ ਲਾਲ ਰੂਪੰ॥ ਜਿਨੈ ਗਜੀਯੰ ਗਰਬ ਸਿੰਘੰ ਅਨੂਪੰ॥ 5॥

ਭਾਈ ਲਾਲ ਸਿੰਘ ਦਾ ਜ਼ਿਕਰ ਪੰਜਾਬੀ ਵਾਰਾਂ ਵਿਚ ਵੀ ਆਉਂਦਾ ਹੈ (ਵੇਖੋ: ਭੇੜਾ ਪਾਤਿਸਾਹੀ ਦਸਵੀਂ ਦਾ ਪਿਆਰਾ ਸਿੰਘ ਪਦਮ, "**ਪੰਜਾਬੀ ਵਾਰਾਂ**", 1980 ਦਾ ਐਡੀਸ਼ਨ, ਸਫ਼ਾ 282)

ਭਾਈ ਹੁਕਮ ਸਿੰਘ

ਭਾਈ ਹੁਕਮ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪ੍ਰਮੁੱਖ ਸਿੱਖਾਂ ਵਿਚੋਂ ਇਕ ਸਨ। ਆਪ ਗੁਰੂ ਸਾਹਿਬ ਦੀ ਫ਼ੌਜ ਦੇ ਇਕ ਜਾਣੇ-ਪਛਾਣੇ ਸਿਪਾਹੀ ਸਨ। ਆਪ ਨੇ ਆਪਣੀ ਉਮਰ ਦਾ ਆਖ਼ਰੀ ਹਿੱਸਾ ਅਨੰਦਪੁਰ ਸਾਹਿਬ ਵਿਚ, ਗੁਰੂ ਸਾਹਿਬ ਦੀ ਸੰਗਤ ਵਿਚ, ਬਿਤਾਇਆ ਸੀ ਅਤੇ ਅਨੰਦਪੁਰ ਸਾਹਿਬ ਤੇ ਨਿਰਮੋਹਗੜ੍ਹ ਦੀਆਂ ਲੜਾਈਆਂ ਵਿਚ ਹਿੱਸਾ ਵੀ ਲਿਆ ਸੀ।

5 ਤੇ 6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਛੱਡਿਆ ਤਾਂ ਆਪ ਉਨ੍ਹਾਂ 40 ਸਿੰਘਾਂ ਵਿਚੋਂ ਇਕ ਸਨ ਜਿਨ੍ਹਾਂ ਗੁਰੂ ਸਾਹਿਬ ਦੇ ਨਾਲ ਜੀਣ-ਮਰਨ ਦਾ ਪ੍ਰਣ ਕੀਤਾ ਸੀ। ਉਸ ਅੱਧੀ ਰਾਤ ਨੂੰ ਗੁਰੂ ਸਾਹਿਬ ਇਨ੍ਹਾਂ 40 ਸਿੰਘਾਂ ਤੇ ਬਾਕੀ ਵਹੀਰ ਦੇ ਨਾਲ ਅਨੰਦਪੁਰ ਸਾਹਿਬ ਤੋਂ ਤੁਰ ਕੇ ਪਹੁ-ਫੁੱਟਣ ਤੋਂ ਪਹਿਲਾਂ ਕੀਰਤਪੁਰ ਸਾਹਿਬ ਪਹੁੰਚ ਗਏ ਤੇ ਉਥੋਂ ਸਰਸਾ ਨਦੀ ਨੂੰ ਪਾਰ ਕੀਤਾ। ਏਨੇ ਵਿਚ ਪਹਾੜੀ ਤੇ ਤੁਰਕ ਫ਼ੌਜਾਂ ਨੇ ਆਪ 'ਤੇ ਹਮਲਾ ਕਰ ਦਿੱਤਾ। ਇਸ ਮੌਕੇ 'ਤੇ ਗੁਰੂ ਸਾਹਿਬ, ਉਨ੍ਹਾਂ ਦਾ ਪਰਿਵਾਰ, ਚਾਲੀ ਵਿਚੋਂ 38 ਮੁਕਤੇ ਨਦੀ ਪਾਰ ਕਰ ਗਏ। ਇਥੋਂ ਇਹ ਵਹੀਰ ਤਿੰਨ ਵੱਖ-ਵੱਖ ਹਿੱਸਿਆਂ ਵਿਚ ਹੋ ਗਈ। ਮਾਤਾ ਗੁਜਰੀ ਤੇ ਦੋ ਛੋਟੇ ਸਾਹਿਬਜ਼ਾਦੇ ਇਕ ਪਾਸੇ ਹੋ ਗਏ। ਗੁਰੂ ਸਾਹਿਬ ਕੋਟਲਾ ਨਿਹੰਗ ਵਲ ਨਿਕਲ ਗਏ ਅਤੇ ਇਹ 40-45 ਸਿੰਘ ਚਮਕੌਰ ਵਲ ਚਲ ਪਏ। 7 ਦਸੰਬਰ ਦੀ ਸਵੇਰ ਤਕ ਇਹ ਸਾਰਾ ਜੱਥਾ ਚਮਕੌਰ ਪੁੱਜ ਚੁੱਕਾ ਸੀ।

7 ਦਸੰਬਰ ਦੀ ਸਵੇਰ ਵੇਲੇ ਗੁਰੂ ਸਾਹਿਬ ਵੀ ਚਮਕੌਰ ਪੁੱਜ ਗਏ। ਇਨ੍ਹਾਂ ਸਾਰਿਆਂ ਨੇ ਭਾਈ ਬੁਧੀ ਚੰਦ ਰਾਵਤ ਦੀ ਗੜ੍ਹੀ 'ਚ ਡੇਰੇ ਲਾ ਲਏ। ਪਰ ਵਾਹਿਗੁਰੂ ਨੂੰ ਕੁਝ ਹੋਰ

ਹੀ ਮਨਜ਼ੂਰ ਸੀ। ਦੁਪਹਿਰ ਵੇਲੇ ਇਸ ਗੜ੍ਹੀ ਨੂੰ ਮੁਗਲ ਫ਼ੌਜਾਂ ਨੇ ਘੇਰ ਲਿਆ। ਛੇਤੀ ਹੀ ਪੰਜਤਾਲੀ ਸਿੰਘਾਂ ਅਤੇ ਮੁਗਲ ਫ਼ੌਜਾਂ ਵਿਚ ਲੜਾਈ ਸ਼ੁਰੂ ਹੋ ਗਈ। ਗੜ੍ਹੀ ਵਿਚੋਂ ਇਕ-ਇਕ ਦੋ-ਦੋ ਸਿੰਘ ਨਿਕਲ ਕੇ ਮੁਗਲ ਫ਼ੌਜਾਂ ਨਾਲ ਲੜਦੇ ਰਹੇ। ਉਹ ਬਹੁਤ ਸਾਰੇ ਮੁਗਲ ਸਿਪਾਹੀਆਂ ਨੂੰ ਮਾਰਦੇ ਉਦੋਂ ਤਕ ਲੜਦੇ ਰਹਿੰਦੇ ਸਨ ਜਦੋਂ ਤਕ ਉਹ ਆਪ ਵੀ ਸ਼ਹੀਦ ਨਹੀਂ ਹੋ ਜਾਂਦੇ। ਹੋਰਨਾਂ ਦੇ ਨਾਲ-ਨਾਲ ਭਾਈ ਹੁਕਮ ਸਿੰਘ ਵੀ ਇਸ ਮੌਕੇ 'ਤੇ ਬਹਾਦਰੀ ਨਾਲ ਲੜੇ ਅਤੇ ਸ਼ਹੀਦੀ ਜਾਮ ਪੀਤਾ।

ਭਾਈ ਖ਼ਜ਼ਾਨ ਸਿੰਘ

ਭਾਈ ਖ਼ਜ਼ਾਨ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਨਜ਼ਦੀਕੀ ਸਿੰਘਾਂ ਵਿਚੋਂ ਇਕ ਸਨ। ਆਪ ਗੁਰੂ ਸਾਹਿਬ ਦੀ ਫ਼ੌਜ ਦੇ ਇਕ ਪ੍ਰਮੁੱਖ ਸਿਪਾਹੀ ਸਨ। ਆਪ ਨੇ ਆਪਣੀ ਉਮਰ ਦਾ ਕਾਫ਼ੀ ਹਿੱਸਾ ਅਨੰਦਪੁਰ ਸਾਹਿਬ ਵਿਚ ਬਿਤਾਇਆ ਸੀ। ਆਪ ਅਕਸਰ ਗੁਰੂ ਸਾਹਿਬ ਦੇ ਨਾਲ ਰਿਹਾ ਕਰਦੇ ਸਨ। ਆਪ ਦਾ ਗੁਰੂ ਸਾਹਿਬ ਨਾਲ ਗੂੜ੍ਹਾ ਪਿਆਰ ਸੀ।

5 ਤੇ 6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਛੱਡਿਆ ਤਾਂ ਆਪ ਉਨ੍ਹਾਂ 40 ਸਿੰਘਾਂ ਵਿਚੋਂ ਇਕ ਸਨ ਜਿਨ੍ਹਾਂ ਗੁਰੂ ਸਾਹਿਬ ਦੇ ਨਾਲ ਜੀਣ-ਮਰਨ ਦਾ ਪ੍ਰਣ ਕੀਤਾ ਸੀ।

ਗੁਰੂ ਸਾਹਿਬ ਇਨ੍ਹਾਂ 40 ਮੁਕਤਿਆਂ ਤੇ ਬਾਕੀ ਵਹੀਰ ਦੇ ਨਾਲ ਅਨੰਦਪੁਰ ਸਾਹਿਬ ਤੋਂ ਟੁਰ ਕੇ ਵੱਖ-ਵੱਖ ਪੜਾਵਾਂ 'ਚੋਂ ਹੁੰਦੇ ਹੋਏ 7 ਦਸੰਬਰ ਦੀ ਸਵੇਰ ਨੂੰ ਚਮਕੌਰ ਵਿਚ ਪੁੱਜ ਗਏ।

ਚਮਕੌਰ ਪੁੱਜ ਕੇ ਗੁਰੂ ਸਾਹਿਬ ਦੇ ਦੋ ਵੱਡੇ ਸਾਹਿਬਜ਼ਾਦੇ ਅਤੇ 45 ਸਿੰਘ ਭਾਈ ਬੁਧੀ ਚੰਦ ਰਾਵਤ ਦੀ ਗੜ੍ਹੀ 'ਚ ਆਰਾਮ ਕਰਨ ਲੱਗ ਪਏ। ਦੁਪਹਿਰ ਵੇਲੇ ਇਸ ਗੜ੍ਹੀ ਨੂੰ ਮੁਗਲ ਫ਼ੌਜਾਂ ਨੇ ਘੇਰ ਲਿਆ। ਛੇਤੀ ਹੀ ਸਿੰਘਾਂ ਅਤੇ ਮੁਗਲ ਫ਼ੌਜਾਂ ਵਿਚ ਲੜਾਈ ਸ਼ੁਰੂ ਹੋ ਗਈ। ਗੜ੍ਹੀ ਵਿਚੋਂ ਨਿਕਲ ਕੇ ਸਿੰਘ ਮੁਗਲ ਫ਼ੌਜਾਂ ਨਾਲ ਲੜਦੇ ਰਹੇ।

ਹੋਰਨਾਂ ਦੇ ਨਾਲ-ਨਾਲ ਭਾਈ ਖ਼ਜ਼ਾਨ ਸਿੰਘ ਇਸ ਮੌਕੇ 'ਤੇ ਡੱਟ ਕੇ ਲੜੇ ਅਤੇ

ਸ਼ਹੀਦੀ ਜਾਮ ਪੀਤਾ। ਇਨ੍ਹਾਂ ਸਾਰੇ ਸਿੰਘਾਂ ਦਾ ਸਸਕਾਰ 10 ਦਸੰਬਰ 1705 ਦੇ ਦਿਨ ਗੜ੍ਹੀ ਦੇ ਬਾਹਰ ਇਕੱਠਿਆਂ ਹੀ ਕੀਤਾ ਗਿਆ।

ਭਾਈ ਬਖ਼ਸ਼ਿਸ਼ ਸਿੰਘ

ਭਾਈ ਬਖਸ਼ਸ਼/ਬਖਸ਼ਿਸ਼/ਬਖਸ਼ੀਸ਼ ਸਿੰਘ ਉਨ੍ਹਾਂ 40 ਸਿੰਘਾਂ ਵਿਚੋਂ ਇਕ ਸਨ ਜਿਨ੍ਹਾਂ ਨੇ ਚਮਕੌਰ ਦੀ ਗੜ੍ਹੀ ਦੇ ਬਾਹਰ ਮੁਗਲ ਫ਼ੌਜਾਂ ਨਾਲ ਲੜਾਈ ਕਰਦਿਆਂ ਸ਼ਹੀਦੀ ਹਾਸਿਲ ਕੀਤੀ ਸੀ।

ਭਾਈ ਬਖ਼ਸ਼ਿਸ਼ ਸਿੰਘ ਪਿੰਡ ਭੈਰੋਵਾਲ (ਜ਼ਿਲ੍ਹਾ ਲਾਹੌਰ) ਦੇ ਰਹਿਣ ਵਾਲੇ ਸਨ। ਕੁਝ ਸੋਮਿਆਂ ਮੁਤਾਬਿਕ ਆਪ 'ਕਲਾਲ' ਸਨ। ਆਪ ਦੇ ਵੱਡੇ-ਵਡੇਰੇ ਪਹਿਲੋਂ ਸ਼ਰਾਬ ਬਣਾਉਣ ਦਾ ਕਾਰੋਬਾਰ ਕਰਦੇ ਸਨ ਪਰ ਗੁਰੂ ਸਾਹਿਬ ਦੀ ਸਿੱਖਿਆ ਲੈਣ ਮਗਰੋਂ ਉਹ ਇਸ ਧੰਧੇ ਨੂੰ ਛੱਡ ਗਏ ਸਨ। ਉਂਞ ਸ: ਜੱਸਾ ਸਿੰਘ ਆਹਲੂਵਾਲੀਆ ਵਾਂਗ ਇਸ ਪਰਿਵਾਰ ਦੇ ਨਾਂ ਨਾਲ ਵੀ ਕਲਾਲ ਅੱਲ ਚਲਦੀ ਰਹੀ ਸੀ।

ਬਖਸ਼ ਸਿੰਘ **ਬਖਸ਼ੀਸ਼ ਸਿੰਘ** *ਪੁਨ।*
ਸਿੰਘ ਕਲਾਲ ਜਤਿ ਰਹਿ ਤੇ ਸੁਨਿ।
ਭੈਰੋਵਾਲ ਗ੍ਰਾਮ ਕੇ ਸੋਇ।
ਰਹੇ ਹਜ਼ੂਰ ਸਦਾ ਈ ਦੋਇ ॥ 2 ॥

(ਸੂਰਜ ਪ੍ਰਕਾਸ਼ ਗ੍ਰੰਥ-ਸੰਤੋਖ ਸਿੰਘ, ਐਡਿਟ ਭਾਈ ਵੀਰ ਸਿੰਘ, ਸਫ਼ਾ 5062)

ਭਾਈ ਬਖ਼ਸ਼ਿਸ਼ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਖ਼ਾਸ ਦਰਬਾਰੀ ਸਿੱਖਾਂ ਵਿਚੋਂ ਇਕ ਸਨ। ਆਪ ਗੁਰੂ ਸਾਹਿਬ ਕੋਲ ਅਨੰਦਪੁਰ ਸਾਹਿਬ ਹੀ ਰਿਹਾ ਕਰਦੇ ਸਨ। ਜਦੋਂ 5 ਤੇ 6 ਦਸੰਬਰ 1705 ਦੀ ਰਾਤ ਨੂੰ ਗੁਰੂ ਸਾਹਿਬ ਨੇ ਅਨੰਦਪੁਰ ਨਗਰ ਛੱਡਿਆ ਤਾਂ ਆਪ ਉਥੇ ਹਾਜ਼ਿਰ 500 ਸਿੰਘਾਂ ਵਿਚੋਂ ਇਕ ਸਨ। ਇਸ ਮੌਕੇ 'ਤੇ 460 ਸਿੱਖ ਮਾਤਾ ਗੁਜਰੀ ਤੇ ਚੋਹਾਂ ਸਾਹਿਬਜ਼ਾਦਿਆਂ ਦੇ ਜੱਥੇ ਵਿਚ ਨਿਕਲੇ ਅਤੇ 40 ਸਿੱਖ ਗੁਰੂ ਸਾਹਿਬ ਦੇ ਨਾਲ ਰਹੇ। ਭਾਈ ਬਖ਼ਸ਼ਿਸ਼ ਸਿੰਘ ਮਾਤਾ ਗੁਜਰੀ ਦੇ ਜੱਥੇ ਦੇ ਨਾਲ ਅਨੰਦਪੁਰ ਤੋਂ ਨਿਕਲੇ ਸਨ। ਉਂਞ ਇਹ ਸਾਰਾ ਵਹੀਰ ਅਨੰਦਪੁਰ ਤੋਂ 24-25 ਕਿਲੋਮੀਟਰ ਦੂਰ

ਸਰਸਾ ਨਦੀ ਦੇ ਕੰਢੇ ਤਕ ਪਿੰਡ ਨੰਗਲ (ਗੁਜਰਾਂ) ਤਕ ਇਕੱਠਾ ਹੀ ਚਲਦਾ ਗਿਆ ਅਤੇ ਏਥੋਂ ਵੱਖ-ਵੱਖ ਹਿੱਸਿਆਂ ਵਿਚ ਵੰਡਿਆ ਗਿਆ।

ਸਰਸਾ ਨਦੀ ਪਾਰ ਕਰਨ ਮਗਰੋਂ ਗੁਰੂ ਸਾਹਿਬ ਨੇ ਮਾਤਾ ਗੁਜਰੀ, ਦੋ ਛੋਟੇ ਸਾਹਿਬਜ਼ਾਦਿਆਂ ਤੇ ਦੋ ਸਿੰਘਾਂ ਨੂੰ ਚਮਕੌਰ ਵਲ ਟੋਰ ਦਿੱਤਾ। ਇੰਞ ਹੀ ਕੁਝ ਹੋਰ ਸਿੰਘਾਂ ਨੂੰ ਵੀ ਵਖਰਿਆਂ ਚਮਕੌਰ ਵੱਲ ਜਾਣ ਨੂੰ ਆਖ ਦਿੱਤਾ। ਗੁਰੂ ਸਾਹਿਬ ਆਪ ਕੋਟਲਾ ਨਿਹੰਗ ਵਲ ਚਲੇ ਗਏ। ਆਪ ਦੇ ਨਾਲ ਇਸ ਵੇਲੇ ਭਾਈ ਬਖ਼ਸ਼ਿਸ਼ ਸਿੰਘ ਤੇ ਕੁਝ ਹੋਰ ਸਿੰਘ ਵੀ ਸਨ। ਆਪ ਨੇ 6 ਦਸੰਬਰ ਦਾ ਦਿਨ ਦਾ ਵੇਲਾ ਭਾਈ ਨਿਹੰਗ ਖਾਂ ਦੇ ਕਿਲ੍ਹੇ ਵਿਚ ਬਿਤਾਇਆ ਅਤੇ ਰਾਤ ਪੈਣ ਮਗਰੋਂ ਚਮਕੌਰ ਵੱਲ ਟੁਰ ਪਏ। ਗੁਰੂ ਸਾਹਿਬ, ਭਾਈ ਬਖ਼ਸ਼ਿਸ਼ ਸਿੰਘ ਤੇ ਬਾਕੀ ਦੇ ਸਿੰਘ 7 ਦਸੰਬਰ ਦੀ ਸਵੇਰ ਨੂੰ ਚਮਕੌਰ ਪੁੱਜ ਗਏ। ਚਮਕੌਰ ਵਿਚ ਭਾਈ ਬੁੱਧੀ ਚੰਦ ਰਾਵਤ ਨੇ ਆਪ ਸਭ ਨੂੰ ਆਪਣੀ ਗੜ੍ਹੀ ਵਿਚ ਰੁਕਣ ਦਾ ਸੱਦਾ ਦਿੱਤਾ। ਸਾਰੇ ਕਿਉਂਕਿ ਥਕਾਵਟ ਅਤੇ ਉਨੀਂਦੇ ਕਰ ਕੇ ਨਿਢਾਲ ਹੋਏ-ਹੋਏ ਸਨ ਇਸ ਕਰ ਕੇ ਜਲਦੀ ਹੀ ਸੌਂ ਗਏ।

ਦੁਪਹਿਰ ਵੇਲੇ ਰੋਪੜ ਤੋਂ ਆਈ, ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਂ ਦੀ, ਫ਼ੌਜ ਨੇ ਚਮਕੌਰ ਨੂੰ ਘੇਰਾ ਪਾ ਲਿਆ। ਫ਼ੌਜ ਦਾ ਘੇਰਾ ਚਹੁੰ ਪਾਸਿਓਂ ਹੋਣ ਕਰ ਕੇ ਸਿੱਖਾਂ ਵਾਸਤੇ ਬਚ ਕੇ ਨਿਕਲ ਜਾਣਾ ਨਾਮੁਮਕਿਨ ਸੀ। ਹੁਣ ਉਨ੍ਹਾਂ ਕੋਲ ਲੜਾਈ ਕਰ ਕੇ ਸ਼ਹੀਦ ਹੋ ਜਾਣ ਤੋਂ ਸਿਵਾ ਕੋਈ ਚਾਰਾ ਨਹੀਂ ਸੀ। ਸਿੱਖ ਗਿਣਤੀ ਵਿਚ ਸਿਰਫ਼ 45 ਸਨ ਇਸ ਕਰ ਕੇ ਉਹ ਇਕ-ਇਕ, ਦੋ-ਦੋ ਕਰ ਕੇ ਲੜਾਈ ਕਰਦੇ ਰਹੇ ਅਤੇ ਕਈ-ਕਈ ਮੁਗ਼ਲਾਂ ਨੂੰ ਮੌਤ ਦੇ ਘਾਟ ਉਤਾਰ ਕੇ ਆਪ ਵੀ ਸ਼ਹੀਦ ਹੋ ਜਾਂਦੇ ਰਹੇ। 7 ਦਸੰਬਰ ਦੀ ਰਾਤ ਤਕ ਸ਼ਹੀਦ ਹੋ ਜਾਣ ਵਾਲੇ 38 ਸਿੰਘਾਂ ਵਿਚ ਭਾਈ ਬਖ਼ਸ਼ਿਸ਼ ਸਿੰਘ ਵੀ ਸਨ।

ਬਖ਼ਸ਼ ਸਿੰਘ ਬਖ਼ਸ਼ੀਸ਼ ਸਿੰਘ ਦ੍ਵੈ, ਫਤੇ ਸਿੰਘ ਅਸੁਫੇਰਾ॥ 5॥

....

ਬਖਸ਼ ਸਿੰਘ ਬਖਸ਼ੀਸ਼ ਸਿੰਘ ਜੁਗ ਈਸ਼ਰ ਸਿੰਘ ਸੁ ਕ੍ਰੋਧਾ॥ 12॥

(ਸੂਰਜ ਪ੍ਰਕਾਸ਼ ਸੰਤੋਖ ਸਿੰਘ)

ਭਾਈ ਗੁਰਬਖ਼ਸ਼ੀਸ਼ ਸਿੰਘ

7 ਦਸੰਬਰ 1705 ਦੇ ਦਿਨ ਚਮਕੌਰ ਦੀ ਲੜਾਈ ਵਿਚ ਸ਼ਹੀਦੀ ਗਾਨੇਂ ਬੰਨ੍ਹ ਕੇ ਜੂਝਣ ਵਾਲਿਆਂ ਵਿਚ ਭਾਈ ਗੁਰਬਖ਼ਸ਼ੀਸ਼ ਸਿੰਘ ਵੀ ਸ਼ਾਮਿਲ ਸਨ।

ਭਾਈ ਗੁਰਬਖ਼ਸ਼ੀਸ਼ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰੀ ਸਿੱਖਾਂ ਵਿਚੋਂ ਇਕ ਸਨ। ਆਪ ਗੁਰੂ ਸਾਹਿਬ ਦੇ ਦਰਬਾਰ ਵਿਚ ਰਹਿ ਕੇ ਗੁਰੂ ਘਰ ਦੀ ਸੇਵਾ ਕਰਿਆ ਕਰਦੇ ਸਨ।

ਭਾਈ ਗੁਰਬਖ਼ਸ਼ੀਸ਼ ਸਿੰਘ ਦਾ ਪਹਿਲਾ ਨਾਂ ਭਾਈ ਗੁਰਬਖ਼ਸ਼ੀਸ਼ ਰਾਏ ਸੀ। ਜਦੋਂ ਗੁਰੂ ਸਾਹਿਬ ਨੇ ਖ਼ਾਲਸਾ ਪ੍ਰਗਟ ਕੀਤਾ ਅਤੇ ਖੰਡੇ ਦੀ ਪਾਹੁਲ ਸ਼ੁਰੂ ਕੀਤੀ ਤਾਂ ਆਪ ਅੰਮ੍ਰਿਤ ਛਕ ਕੇ ਗੁਰਬਖ਼ਸ਼ੀਸ਼ ਸਿੰਘ ਬਣ ਗਏ। ਆਪ ਨੇ ਪੰਜ ਪਿਆਰਿਆਂ ਤੋਂ ਤੀਜੇ ਬੈਚ ਵਿਚ ਅੰਮ੍ਰਿਤ ਛਕਿਆ। ਆਪ ਦੇ ਨਾਲ ਅੰਮ੍ਰਿਤ ਛੱਕਣ ਵਾਲੇ ਹੋਰ ਸਿੰਘ ਸਨ: ਭਾਈ ਕਿਰਪਾ ਸਿੰਘ ਦਤ, ਭਾਈ ਦਯਾ ਸਿੰਘ ਪੁਰੋਹਿਤ, ਭਾਈ ਨਾਨੂੰ ਸਿੰਘ ਦਿਲਵਾਲੀ, ਸੋਢੀ ਦੀਪ ਸਿੰਘ ਤੇ ਨੰਦ ਸਿੰਘ (ਦੋਵੇਂ ਪੁੱਤਰ ਬਾਬਾ ਸੂਰਜ ਮਲ), ਕਵੀ ਬਰਨ ਸਿੰਘ, ਅਣੀ ਸਿੰਘ ਅਤੇ ਸਰਹਿੰਦ ਵਾਲੇ ਤਿੰਨ ਬਾਣੀਦੇ ਭਰਾ (ਭਾਈ ਹਜ਼ਾਰੀ ਸਿੰਘ, ਭੰਡਾਰੀ ਸਿੰਘ ਅਤੇ ਦਰਬਾਰੀ ਸਿੰਘ)।

ਭਾਈ ਗੁਰਬਖ਼ਸ਼ੀਸ਼ ਸਿੰਘ ਦਾ ਗੁਰੂ ਸਾਹਿਬ ਨਾਲ ਬੜਾ ਪਿਆਰ ਸੀ। ਆਪ ਅਕਸਰ ਗੁਰੂ ਸਾਹਿਬ ਦੇ ਕੋਲ ਹੀ ਰਿਹਾ ਕਰਦੇ ਸਨ। ਜਦੋਂ ਅਜਮੇਰ ਚੰਦ ਨੇ ਅਨੰਦਪੁਰ ਸਾਹਿਬ ਅਤੇ ਨਿਰਮੋਹਗੜ੍ਹ ਵਿਚ ਗੁਰੂ ਸਾਹਿਬ 'ਤੇ ਹਮਲਾ ਕੀਤਾ ਤਾਂ ਆਪ ਨੇ ਹੋਰ ਸਿੱਖਾਂ ਨਾਲ ਮਿਲ ਕੇ ਹਮਲਾਵਰ ਫੌਜਾਂ ਨੂੰ ਖ਼ੂਬ ਸਬਕ ਸਿਖਾਇਆ।

5 ਤੇ 6 ਦਸੰਬਰ 1705 ਦੀ ਰਾਤ ਜਦੋਂ ਗੁਰੂ ਸਾਹਿਬ ਨੂੰ ਅਨੰਦਪੁਰ ਸਾਹਿਬ ਛੱਡਣਾ ਪਿਆ ਤਾਂ ਭਾਈ ਗੁਰਬਖ਼ਸ਼ੀਸ਼ ਸਿੰਘ ਮਾਤਾ ਗੁਜਰੀ ਦੇ 460 ਸਿੱਖਾਂ ਦੇ ਜੱਥੇ ਵਿਚ ਸ਼ਾਮਿਲ ਹੋ ਕੇ ਉਥੋਂ ਨਿਕਲੇ। ਇਹ ਸਾਰੀ ਵਹੀਰ 6 ਦਸੰਬਰ ਦੀ ਸਵੇਰ ਵੇਲੇ ਸਰਸਾ ਨਦੀ ਦੇ ਕੰਢੇ 'ਤੇ ਪੁੱਜ ਚੁੱਕੀ ਸੀ। ਇਸ ਮੌਕੇ 'ਤੇ ਘਮਸਾਣ ਦੀ ਲੜਾਈ ਹੋਈ ਜਿਸ ਵਿਚ ਬਹੁਤੇ ਸਿੱਖ ਸ਼ਹੀਦੀਆਂ ਪਾ ਗਏ। ਭਾਈ ਗੁਰਬਖ਼ਸ਼ੀਸ਼ ਸਿੰਘ ਉਨ੍ਹਾਂ ਗਿਣਤੀ ਦੇ ਸਿੰਘਾਂ ਵਿਚੋਂ ਇਕ ਸਨ ਜੋ ਸਰਸਾ ਨਦੀ ਪਾਰ ਕਰ ਸਕੇ ਸਨ। ਇਥੋਂ ਆਪ ਗੁਰੂ ਸਾਹਿਬ ਦੇ ਨਾਲ ਹੋ ਟੁਰੇ ਅਤੇ ਪਿੰਡ ਕੋਟਲਾ ਨਿਹੰਗ ਪਹੁੰਚ ਗਏ। ਦਿਨ ਦਾ ਵਕਤ ਆਪ ਨੇ ਭਾਈ ਨਿਹੰਗ ਖਾਂ ਦੀ ਹਵੇਲੀ ਵਿਚ ਬਿਤਾਇਆ। ਰਾਤ ਪੈਣ 'ਤੇ ਆਪ ਗੁਰੂ ਸਾਹਿਬ ਦੇ ਨਾਲ ਹੀ ਚਮਕੌਰ ਵੱਲ ਚਲ ਪਏ। ਪਿੰਡਾਂ ਤੇ ਜੰਗਲ ਵਿਚੋਂ ਲੰਘਦੇ

ਹੋਏ ਆਪ ਗੁਰੂ ਸਾਹਿਬ ਨਾਲ 7 ਦਸੰਬਰ ਦੀ ਸਵੇਰ ਨੂੰ ਚਮਕੌਰ ਪੁੱਜ ਗਏ।

ਚਮਕੌਰ ਵਿਚ ਭਾਈ ਬੁੱਧੀ ਚੰਦ ਰਾਵਤ ਨੇ ਗੁਰੂ ਸਾਹਿਬ ਨੂੰ ਜੀ ਆਇਆਂ ਆਖਿਆ ਅਤੇ ਆਪਣੀ ਗੜ੍ਹੀ ਵਿਚ ਆਰਾਮ ਕਰਨ ਵਾਸਤੇ ਦਰਵਾਜ਼ੇ ਖੋਲ੍ਹ ਦਿੱਤੇ। ਦੋ ਦਿਨ ਲਗਾਤਾਰ ਟੁਰਨ ਅਤੇ ਅੱਧ-ਉਨੀਂਦੇ ਹੋਣ ਕਰ ਕੇ ਸਾਰੇ ਸਿੱਖ ਬੁਰੀ ਤਰ੍ਹਾਂ ਥੱਕੇ ਹੋਏ ਸਨ ਤੇ ਉਹ ਛੇਤੀ ਹੀ ਸੌਂ ਗਏ। ਪਰ ਦੁਪਹਿਰ ਵੇਲੇ ਤਕ ਸਰਹਿੰਦ ਦੀਆਂ ਮੁਗ਼ਲ ਫ਼ੌਜਾਂ ਉਥੇ ਵੀ ਪੁੱਜ ਗਈਆਂ ਅਤੇ ਗੜ੍ਹੀ ਨੂੰ ਘੇਰਾ ਪਾ ਲਿਆ।

ਦੁਪਹਿਰ ਤੋਂ ਰਾਤ ਤਕ ਸਿੰਘਾਂ ਨੇ ਗੜ੍ਹੀ 'ਚੋਂ ਇਕ-ਇਕ ਦੋ-ਦੋ ਕਰ ਕੇ ਨਿਕਲ ਕੇ ਹਮਲਾਵਰ ਫ਼ੌਜਾਂ ਦਾ ਡੱਟ ਕੇ ਮੁਕਾਬਲਾ ਕੀਤਾ ਅਤੇ ਕਈ-ਕਈ ਮੁਗ਼ਲ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰ ਕੇ ਸ਼ਹੀਦੀ ਜਾਮ ਹਾਸਿਲ ਕੀਤਾ। ਰਾਤ ਦਾ ਹਨੇਰਾ ਪਸਰਨ 'ਤੇ ਲੜਾਈ ਰੁਕ ਗਈ। ਇਸ ਮੌਕੇ 'ਤੇ 38 ਸਿੰਘ ਸ਼ਹੀਦੀ ਜਾਮ ਪੀ ਚੁੱਕੇ ਸਨ। ਇਨ੍ਹਾਂ ਵਿਚ ਇਹ ਭਾਈ ਗੁਰਬਖ਼ਸ਼ੀਸ਼ ਸਿੰਘ ਵੀ ਸ਼ਾਮਿਲ ਸਨ।

ਭਾਈ ਅਨੰਦ ਸਿੰਘ

ਭਾਈ ਅਨੰਦ ਸਿੰਘ ਨੇ 7 ਦਸੰਬਰ 1705 ਦੇ ਦਿਨ ਚਮਕੌਰ ਦੀ ਲੜਾਈ ਵਿਚ ਕਈ ਮੁਗ਼ਲ ਫ਼ੌਜੀਆਂ ਦੇ ਆਹੂ ਲਾਹ ਕੇ ਸ਼ਹੀਦੀ ਜਾਮ ਪੀਤਾ।

ਭਾਈ ਅਨੰਦ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰੀ ਸਿੱਖਾਂ ਵਿਚੋਂ ਇਕ ਸਨ। ਉਹ ਅਨੰਦਪੁਰ ਸਾਹਿਬ ਵਿਚ ਗੁਰੂ ਸਾਹਿਬ ਦੇ ਕੋਲ ਹੀ ਰਿਹਾ ਕਰਦੇ ਸਨ। ਉਨ੍ਹਾਂ ਆਪਣਾ ਘਰ-ਬਾਰ ਛੱਡ ਕੇ ਗੁਰੂ ਦਰਬਾਰ ਨੂੰ ਹੀ ਆਪਣਾ ਘਰ ਬਣਾਇਆ ਹੋਇਆ ਸੀ। ਭਾਈ ਅਨੰਦ ਸਿੰਘ ਖ਼ਾਲਸਾ ਫ਼ੌਜ ਦਾ ਵੀ ਇਕ ਅਹਿਮ ਹਿੱਸਾ ਸਨ। ਜਦੋਂ ਵੀ ਅਨੰਦਪੁਰ ਨਗਰੀ 'ਤੇ ਪਹਾੜੀ ਜਾਂ ਮੁਗ਼ਲ ਫ਼ੌਜਾਂ ਨੇ ਹਮਲਾ ਕੀਤਾ ਭਾਈ ਅਨੰਦ ਸਿੰਘ ਨੇ ਤਲਵਾਰ ਧੂਹ ਕੇ ਮੂਹਰੇ ਹੋ ਕੇ ਲੜਾਈ ਕੀਤੀ। ਭਾਈ ਅਨੰਦ ਸਿੰਘ ਆਪਣੀ ਜ਼ਿੰਦਗੀ ਨੂੰ ਗੁਰੂ ਦੇ ਕਦਮਾਂ ਵਿਚ ਭੇਟ ਕਰਨ ਵਾਲੇ ਗਿਣਵੇਂ ਸਿੱਖਾਂ ਵਿਚ ਸ਼ਾਮਿਲ ਸਨ। ਇਸ ਕਰ ਕੇ ਉਹ ਜਾਨ ਪਿਆਰੀ ਨਹੀਂ ਸਨ ਜਾਣਦੇ। ਇਹ ਸਿੱਖੀ ਦਾ

ਖ਼ਾਸਾ ਹੈ ਕਿ ਅੰਮ੍ਰਿਤ ਛੱਕ ਲੈਣ ਵਾਲਾ ਸਿੱਖ ਆਪਣਾ ਸਿਰ ਗੁਰੂ ਦੀ ਭੇਟ ਕਰ ਦੇਂਦਾ ਹੈ।

ਅਨੰਦਪੁਰ ਸਾਹਿਬ ਵਿਚ ਰਹਿੰਦਿਆਂ ਸਿੱਖਾਂ ਨੂੰ ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਨਾਲ ਕਈ ਵਾਰ ਦੋ-ਹੱਥ ਕਰਨੇ ਪਏ। ਮਈ 1705 ਵਿਚ ਪਹਾੜੀ ਫ਼ੌਜਾਂ ਨੇ ਅਨੰਦਪੁਰ ਸਾਹਿਬ ਨੂੰ ਪੂਰੀ ਤਰ੍ਹਾਂ ਘੇਰ ਲਿਆ। ਅਖ਼ੀਰ ਸਤ ਮਹੀਨੇ ਦੇ ਘੇਰੇ ਮਗਰੋਂ 5 ਤੇ 6 ਦਸੰਬਰ ਦੀ ਰਾਤ ਨੂੰ ਗੁਰੂ ਸਾਹਿਬ ਨੇ ਸਿੱਖਾਂ ਦੇ ਜ਼ੋਰ ਦੇਣ 'ਤੇ ਅਨੰਦਪੁਰ ਛੱਡ ਦੇਣਾ ਮਨਜ਼ੂਰ ਕਰ ਲਿਆ। ਇਸ ਮੌਕੇ 'ਤੇ ਅਨੰਦਪੁਰ 'ਚ 500 ਦੇ ਕਰੀਬ ਸਿੱਖ ਹਾਜ਼ਿਰ ਸਨ। ਇਨ੍ਹਾਂ ਵਿਚੋਂ 40 ਸਿੱਖ ਅਜਿਹੇ ਸਨ ਜਿਨ੍ਹਾਂ ਨੇ ਗੁਰੂ ਸਾਹਿਬ ਦੇ ਅੰਗ-ਸੰਗ ਰਹਿ ਕੇ ਇਕੱਠੇ ਜੀਣ-ਮਰਨ ਦੀਆਂ ਕਸਮਾਂ ਖਾਧੀਆਂ। ਭਾਈ ਅਨੰਦ ਸਿੰਘ ਇਨ੍ਹਾਂ ਚਾਲੀਆਂ ਵਿਚੋਂ ਇਕ ਸਨ। ਇਨ੍ਹਾਂ ਨੂੰ **ਅਨੰਦਪੁਰ ਦੇ ਚਾਲੀ ਮੁਕਤੇ** ਆਖਿਆ ਜਾਂਦਾ ਹੈ।

ਉਸ ਅੱਧੀ ਰਾਤ ਨੂੰ ਚਲ ਕੇ ਗੁਰੂ ਸਾਹਿਬ ਤੇ ਸਿੱਖਾਂ ਦੀ ਵਹੀਰ ਕੀਰਤਪੁਰ ਤੋਂ 12-13 ਕਿਲੋਮੀਟਰ ਦੂਰ ਪਿੰਡ ਨੰਗਲ ਵਿਚ ਪੁੱਜ ਗਈ ਜਿਥੇ ਸਿੰਘਾਂ ਅਤੇ ਪਹਾੜੀ ਤੇ ਮੁਗ਼ਲ ਫ਼ੌਜਾਂ ਵਿਚ ਲੜਾਈ ਹੋਈ। ਇਸ ਦੌਰਾਨ ਗੁਰੂ ਸਾਹਿਬ ਅਤੇ 40-50 ਸਿੰਘ ਨਦੀ ਪਾਰ ਕਰ ਗਏ। ਗੁਰੂ ਸਾਹਿਬ ਅਤੇ ਕੁਝ ਗਿਣੇ-ਚੁਣੇ ਸਿੱਖ ਕੋਟਲਾ ਨਿਹੰਗ ਪਿੰਡ (ਨੇੜੇ ਰੋਪੜ) ਵੱਲ ਚਲੇ ਗਏ। 6 ਦਸੰਬਰ ਦਾ ਦਿਨ ਦਾ ਵਕਤ ਉੱਥੇ ਬਿਤਾਣ ਮਗਰੋਂ ਗੁਰੂ ਸਾਹਿਬ ਅਤੇ ਚੰਦ ਇਕ ਸਿੱਖ 7 ਦਸੰਬਰ ਦੀ ਸਵੇਰ ਵੇਲੇ ਚਮਕੌਰ ਪੁੱਜ ਗਏ। ਚਮਕੌਰ ਵਿਚ ਵੀ ਇਨ੍ਹਾਂ ਸਿੱਖਾਂ ਨੂੰ ਸਰਹਿੰਦ ਦੀ ਫ਼ੌਜ ਦਾ ਟਾਕਰਾ ਕਰਨਾ ਪਿਆ। ਦੋ ਸਾਹਿਬਜ਼ਾਦਿਆਂ ਅਤੇ 45 ਸਿੱਖਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਆਈ ਮੁਗ਼ਲ ਫ਼ੌਜ ਦਾ ਡਟ ਕੇ ਮੁਕਾਬਲਾ ਕੀਤਾ। ਰਾਤ ਦਾ ਹਨੇਰਾ ਪਸਰਨ ਤੱਕ ਇਨ੍ਹਾਂ ਵਿਚੋਂ 38 ਸਿੰਘ ਸ਼ਹਾਦਤਾਂ ਪਾ ਚੁੱਕੇ ਸਨ ਇਨ੍ਹਾਂ 38 ਸਿੰਘਾਂ ਵਿਚ ਭਾਈ ਅਨੰਦ ਸਿੰਘ ਵੀ ਸ਼ਾਮਿਲ ਸਨ।

ਭਾਈ ਧੰਨਾ ਸਿੰਘ

ਭਾਈ ਧੰਨਾ ਸਿੰਘ ਨੇ ਚਮਕੌਰ ਵਿਚ 7 ਦਸੰਬਰ 1705 ਦੇ ਦਿਨ ਸ਼ਹੀਦੀ ਜਾਮ ਪੀਤਾ ਸੀ।

ਚਮਕੌਰ ਦੇ ਚਾਲੀ ਮੁਕਤਿਆਂ ਵਿਚੋਂ ਇਕ ਭਾਈ ਧੰਨਾ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਖ਼ਾਸ ਦਰਬਾਰੀ ਸਿੱਖਾਂ ਵਿਚੋਂ ਇਕ ਸਨ। ਇਕ ਸੋਮੇ ਮੁਤਾਬਿਕ ਭਾਈ ਧੰਨਾ ਸਿੰਘ ਇਕ ਕਵੀ ਸਨ। ਉਨ੍ਹਾਂ ਦੀ ਇਕ ਮਸ਼ਹੂਰ ਕਵੀ ਚੰਦਨ ਨਾਲ ਟੱਕਰ ਦਾ ਜ਼ਿਕਰ ਕੁਝ ਸਿੱਖ ਸਾਖੀਕਾਰਾਂ ਨੇ ਕੀਤਾ ਹੈ। ਇਸ ਸਾਖੀ ਮੁਤਾਬਿਕ ਚੰਦਨ ਕਵੀ ਨੇ ਆਪਣੀ ਇਕ ਰਚਨਾ ਗੁਰੂ ਸਾਹਿਬ ਦੇ ਸਾਹਵੇਂ ਰਖੀ ਅਤੇ ਹੰਕਾਰ ਨਾਲ ਆਖਿਆ ਕਿ ਇਸ ਦਾ ਮਾਅਨਾ ਉਨ੍ਹਾਂ ਦੇ ਦਰਬਾਰ 'ਚ ਕੋਈ ਨਹੀਂ ਕਰ ਸਕੇਗਾ।

ਇਸ ਕਵਿਤਾ ਦੇ ਕੁਝ ਸ਼ਿਅਰ ਇੰਦ ਸਨ:

ਨਵਸਾਤ ਤਿਯੇ ਨਵਸਾਤ ਕਿਯੇ ਨਵਸਾਤ ਪਿਯੇ ਨਵਸਾਤ ਪਿਯਾਏ।
ਨਵਸਾਤ ਰਚੇ ਨਵਸਾਤ ਬਦੇ ਨਵਸਾਤ ਪਿਜਾ ਪਹਿ ਦਾਯਕ ਛਾਏ।......

ਗੁਰੂ ਸਾਹਿਬ ਨੇ ਚੰਦਨ ਦੇ ਕਲਾਮ ਦੀ ਦਾਦ ਦੇਂਦਿਆਂ ਆਖਿਆ ਕਿ ਇਸ ਦਾ ਮਾਅਨਾ ਤਾਂ ਹਰ ਇਕ ਦਰਬਾਰੀ ਕਰ ਲਵੇਗਾ। ਭਾਈ ਧੰਨਾ ਸਿੰਘ ਨੇ ਗੁਰੂ ਸਾਹਿਬ ਤੋਂ ਇਜਾਜ਼ਤ ਲੈ ਕੇ ਇਸ ਦੇ ਮਾਅਨੇ ਸੌਖਿਆਂ ਹੀ ਕਰ ਦਿੱਤੇ (ਸੋਲਾਂ ਸਾਲ ਦੀ ਮੁਟਿਆਰ ਨੇ ਸੋਲਾਂ ਸ਼ਿੰਗਾਰ ਕੀਤੇ। ਉਸ ਦਾ ਸੋਲਾਂ ਵਰ੍ਹਿਆਂ ਦਾ ਗਭਰੂ ਕੰਤ ਸੋਲਾਂ ਮਹੀਨਿਆਂ ਪਿਛੋਂ ਘਰ ਆਇਆ। ਉਨ੍ਹਾਂ ਸੋਲਾਂ ਘਰ ਵਾਲੇ ਚੋਪੜ ਦੀ ਬਾਜ਼ੀ ਖੇਡੀ। ਉਨ੍ਹਾਂ ਸੋਲਾਂ ਬਾਜ਼ੀਆਂ ਖੇਡੀਆਂ ਤੇ ਸੋਲਾਂ ਦਾਉ ਲਾਏ। ਸੋਲਵੀਂ ਬਾਜ਼ੀ ਪਤੀ ਨੇ ਜਿਤ ਲਈ।.....)।

ਇਸ ਮਗਰੋਂ ਧੰਨਾ ਸਿੰਘ ਨੇ ਆਪਣਾ ਕਲਾਮ ਪੇਸ਼ ਕਰ ਕੇ ਚੰਦਨ ਨੂੰ ਮਾਅਨੇ ਦੱਸਣ ਵਾਸਤੇ ਚੈਲੰਜ ਕੀਤਾ:

ਮੀਨ ਮਰੇ ਜਲ ਕੇ ਪਰਸੇ ਕਬਹੂੰ ਨ ਮਰੇ ਪਰ ਪਾਵਕ ਪਾਏ।
ਹਾਥਿ ਮਰੇ ਮਦ ਕੇ ਪਰਸੈ ਕਬਹੂੰ ਨ ਮਰੇ ਤਨ ਤਾਪ ਕੇ ਆਏ।
ਤੀਯ ਮਰੇ ਪਤਿ ਕੇ ਪਰਸੇ ਕਬਹੂੰ ਨ ਮਰੇ ਪਰਦੇਸ ਸਿਧਾਏ।

....

ਚੰਦਨ ਕਵੀ ਨੇ ਕਲਾਮ ਸੁਣ ਕੇ ਹਥਿਆਰ ਸੁੱਟ ਦਿੱਤੇ। ਅਖ਼ੀਰ ਧੰਨਾ ਸਿੰਘ ਨੇ

ਸਮਝਾਇਆ ਕਿ ਜੇ "ਕਬਹੂੰ ਨਾ' ਨੂੰ ਤੁਕ ਦੇ ਪਹਿਲੇ ਹਿੱਸੇ ਨਾਲ ਜੋੜ ਕੇ ਪੜ੍ਹਿਆਂ ਮਾਅਨਾ ਪਤਾ ਲਗ ਸਕਦਾ ਹੈ।

ਭਾਈ ਧੰਨਾ ਸਿੰਘ ਗੁਰੂ ਸਾਹਿਬ ਦੇ ਖ਼ਾਸ ਸਾਦਿਕ ਸਿੱਖਾਂ ਵਿਚੋਂ ਇਕ ਸੀ। ਉਸ ਨੇ ਜ਼ਿੰਦਗੀ ਦੇ ਆਖ਼ਰੀ ਸਾਲ ਗੁਰੂ ਸਾਹਿਬ ਦੇ ਕਦਮਾਂ ਵਿਚ ਹੀ ਬਿਤਾ ਦਿੱਤੇ ਸਨ। ਉਹ ਸਿਰਫ਼ ਇਕ ਕਵੀ ਹੀ ਨਹੀਂ ਬਲਕਿ ਇਕ ਬਹਾਦਰ ਯੋਧਾ ਵੀ ਸੀ। ਉਸ ਨੇ ਕਈ ਮੌਕਿਆਂ 'ਤੇ ਤਲਵਾਰ ਹੱਥ ਵਿਚ ਫੜ ਕੇ ਲੜਾਈ ਵੀ ਕੀਤੀ ਸੀ।

ਮਈ 1705 ਵਿਚ ਜਦੋਂ ਪਹਾੜੀ ਫ਼ੌਜਾਂ ਨੇ ਅਨੰਦਪੁਰ ਨੂੰ ਘੇਰਾ ਪਾ ਲਿਆ ਤਾਂ ਭਾਈ ਧੰਨਾ ਸਿੰਘ ਵੀ ਉਥੇ ਹੀ ਸੀ। ਅਖ਼ੀਰ ਸਤ ਮਹੀਨੇ ਦੇ ਘੇਰੇ ਮਗਰੋਂ, ਸਿੱਖਾਂ ਦੇ ਜ਼ੋਰ ਦੇਣ 'ਤੇ, ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਛੱਡ ਦੇਣ ਦਾ ਫ਼ੈਸਲਾ ਕਰ ਲਿਆ। ਇਸ ਮੌਕੇ 'ਤੇ ਚਾਲੀ ਸਿੱਖਾਂ ਨੇ ਗੁਰੂ ਸਾਹਿਬ ਦੇ ਅੰਗ-ਸੰਗ ਰਹਿਣ ਦਾ ਪ੍ਰਣ ਕੀਤਾ। ਭਾਈ ਧੰਨਾ ਸਿੰਘ ਇਨ੍ਹਾਂ ਚਾਲੀ ਸਿੱਖਾਂ ਵਿਚ ਸ਼ਾਮਿਲ ਸਨ।

ਭਾਈ ਧੰਨਾ ਸਿੰਘ ਗੁਰੂ ਸਾਹਿਬ ਦੇ ਨਾਲ ਹੀ ਅਨੰਦਪੁਰ ਤੋਂ ਨਿਕਲੇ ਅਤੇ ਕੀਰਤਪੁਰ, ਸਰਸਾ ਨਦੀ 'ਚੋਂ ਲੰਘਦੇ ਹੋਏ ਸਤ ਦਸੰਬਰ ਦੀ ਸਵੇਰ ਨੂੰ ਚਮਕੌਰ ਪੁੱਜੇ। ਚਮਕੌਰ ਵਿਚ ਇਨ੍ਹਾਂ ਗਿਣਤੀ ਦੇ ਸਿੱਖਾਂ ਨੂੰ ਫੇਰ ਇਕ ਵੱਡੀ ਫ਼ੌਜ ਨਾਲ ਮੁਕਾਬਲਾ ਕਰਨਾ ਪਿਆ। ਸਿੱਖ ਗਿਣਤੀ ਵਿਚ ਸਿਰਫ਼ 45 ਸਨ ਤੇ ਮੁਗ਼ਲ ਫ਼ੌਜਾਂ ਦੀ ਗਿਣਤੀ ਹਜ਼ਾਰਾਂ ਸੀ। ਇਸ ਅ-ਸਾਂਵੀ ਲੜਾਈ ਵਿਚ ਸਿੱਖਾਂ ਨੇ ਲਾਸਾਨੀ ਬਹਾਦਰੀ ਦਾ ਇਜ਼ਹਾਰ ਕੀਤਾ ਅਤੇ ਇਕ-ਇਕ ਸਿੱਖ ਨੇ ਕਈ-ਕਈ ਮੁਗ਼ਲਾਂ ਦੇ ਸਿਰ ਲਾਹੇ। ਰਾਤ ਹੋਣ ਤੱਕ 38 ਸਿੱਖ ਸ਼ਹੀਦੀਆਂ ਪਾ ਚੁੱਕੇ ਸਨ। ਇਨ੍ਹਾਂ ਵਿਚ ਹੀ ਭਾਈ ਧੰਨਾ ਸਿੰਘ ਵੀ ਸ਼ਾਮਿਲ ਸਨ।

ਸੂਰਜ ਪ੍ਰਕਾਸ਼ ਦੇ ਸਫ਼ਾ 5743 ਅਤੇ 5879 ਤੇ ਭਾਈ ਧੰਨਾ ਸਿੰਘ ਦਾ ਜ਼ਿਕਰ ਇੰਞ ਮਿਲਦਾ ਹੈ:

*ਮੋਹਕਮ ਸਿੰਘ **ਧੰਨਾ ਸਿੰਘ** ਅਰੁ ਹੈ ਧਿਆਨ ਸਿੰਘ॥ 26॥*

....

ਮੁਕਤੇ ਸੁ ਪੰਚ ਸਿੰਘ ਮਾਨ ਸਿੰਘ, ਧਯਾਨ ਸਿੰਘ, ਦਾਨ ਸਿੰਘ
***ਧੰਨਾ ਸਿੰਘ** ਜਾਮੈ ਬਰ ਬੀਰਜੇ॥ 23॥*

ਭਾਈ ਬੁੱਢਾ ਸਿੰਘ

ਭਾਈ ਬੁੱਢਾ ਸਿੰਘ ਉਨ੍ਹਾਂ ਸਿੱਖਾਂ ਵਿਚੋਂ ਇਕ ਸਨ ਜਿਨ੍ਹਾਂ ਨੇ 7 ਦਸੰਬਰ 1705 ਦੇ ਦਿਨ ਚਮਕੌਰ ਦੀ ਲੜਾਈ ਵਿਚ ਸ਼ਹੀਦੀ ਜਾਮ ਪੀਤੇ ਸਨ ਤੇ ਚਾਲੀ ਮੁਕਤੇ ਅਖਵਾਏ ਸਨ।

ਭਾਈ ਬੁੱਢਾ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਖ਼ਾਸ ਦਰਬਾਰੀ ਸਿੱਖਾਂ ਵਿਚੋਂ ਇਕ ਸਨ। ਉਹ ਚੋਖੇ ਚਿਰ ਤੋਂ ਅਨੰਦਪੁਰ ਸਾਹਿਬ ਵਿਚ ਰਹਿ ਰਹੇ ਸਨ। ਭਾਈ ਬੁੱਢਾ ਸਿੰਘ ਦਾ ਗੁਰੂ ਸਾਹਿਬ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਾਲ ਡੂੰਘਾ ਪਿਆਰ ਸੀ।

ਮਈ 1705 ਵਿਚ ਜਦੋਂ ਪਹਾੜੀ ਰਾਜਿਆਂ ਨੇ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ ਤਾਂ ਭਾਈ ਬੁੱਢਾ ਸਿੰਘ ਉਸ ਵੇਲੇ, 500 ਦੇ ਕਰੀਬ ਹੋਰ ਸਿੱਖਾਂ ਨਾਲ, ਉੱਥੇ ਹੀ ਹਾਜ਼ਿਰ ਸਨ। ਉਹ 5 ਤੇ 6 ਦਸੰਬਰ ਦੀ ਰਾਤ ਨੂੰ ਅਨੰਦਪੁਰ ਸਾਹਿਬ ਤੋਂ 460 ਸਿੱਖਾਂ ਦੀ ਵਹੀਰ ਦੇ ਨਾਲ ਚੱਲੇ। ਭਾਈ ਬੁੱਢਾ ਸਿੰਘ ਸਾਹਿਬਜ਼ਾਦਾ ਅਜੀਤ ਸਿੰਘ ਦੇ ਜਥੇ ਨਾਲ ਸਨ। ਇਹ ਜਥਾ ਇਸ ਵਹੀਰ ਵਿਚ ਸਭ ਤੋਂ ਪਿੱਛੇ ਸੀ। ਇਸ ਵਿਚ ਬਹੁਤ ਸਾਰੇ ਨੌਜਵਾਨ ਜੋਧੇ ਵੀ ਸ਼ਾਮਿਲ ਸਨ।

ਜਦੋਂ ਇਹ ਜਥਾ ਅਨੰਦਪੁਰ ਸਾਹਿਬ ਤੋਂ ਚਲ ਕੇ ਕੀਰਤਪੁਰ ਟੱਪ ਕੇ ਇਥੋਂ 12-13 ਕਿਲੋਮੀਟਰ ਦੂਰ ਸਰਸਾ ਨਦੀ ਦੇ ਕੰਢੇ ਤੋਂ ਜ਼ਰਾ ਪਹਿਲਾਂ ਸ਼ਾਹੀ ਟਿੱਬੀ ਕੋਲ ਪੁੱਜਾ ਤਾਂ ਭਾਈ ਉਦੇ ਸਿੰਘ ਨੇ ਉਨ੍ਹਾਂ ਨੂੰ ਗੁਰੂ ਸਾਹਿਬ ਦਾ ਹੁਕਮ ਸੁਣਾ ਕੇ ਅੱਗੇ ਵੱਲ ਟੋਰ ਦਿੱਤਾ। ਅਖ਼ੀਰ ਸਾਹਿਬਜ਼ਾਦਾ ਅਜੀਤ ਸਿੰਘ, ਭਾਈ ਬੁੱਢਾ ਸਿੰਘ ਤੇ ਉਨ੍ਹਾਂ ਦੇ ਸਾਥੀ ਸਰਸਾ ਨਦੀ ਪਾਰ ਕਰ ਕੇ ਕੋਟਲਾ ਨਿਹੰਗ ਵਲ ਚਲ ਪਏ। ਜਦੋਂ ਉਹ ਪਿੰਡ ਮਲਿਕਪੁਰ ਕੋਲੋਂ ਲੰਘਣ ਲਗੇ ਤਾਂ ਉਨ੍ਹਾਂ ਨੂੰ ਲੋਥਾਂ ਦੇ ਢੇਰ ਨਜ਼ਰ ਆਏ। ਉਨ੍ਹਾਂ ਵੇਖਿਆ ਕਿ ਉੱਥੇ ਤਕਰੀਬਨ ਇਕ ਸੌ ਸਿੱਖ ਸ਼ਹੀਦ ਹੋਏ ਪਏ ਸਨ। ਉਨ੍ਹਾਂ ਨੂੰ ਭਾਈ ਬਚਿਤਰ ਸਿੰਘ ਉਨ੍ਹਾਂ ਵਿਚ ਕਰਾਹੁੰਦਾ ਹੋਇਆ ਨਜ਼ਰ ਆਇਆ। ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਬੁੱਢਾ ਸਿੰਘ ਨੇ ਜ਼ਖ਼ਮੀ ਪਏ ਭਾਈ ਬਚਿਤਰ ਸਿੰਘ ਨੂੰ ਮੋਢਿਆਂ 'ਤੇ ਚੁੱਕਿਆ ਅਤੇ ਕੋਟਲਾ ਨਿਹੰਗ ਵੱਲ ਚੱਲ ਪਏ। ਕੋਟਲਾ ਨਿਹੰਗ ਉਥੋਂ ਕੋਈ ਛੇ ਕਿਲੋਮੀਟਰ ਦੂਰ ਸੀ। ਉਹ ਬੜੀ ਮੁਸ਼ਕਿਲ ਨਾਲ ਭਾਈ ਬਚਿਤਰ ਸਿੰਘ ਨੂੰ ਲੈ ਕੇ ਉਥੇ ਪਹੁੰਚੇ। ਅੱਗੇ ਗੁਰੂ ਗੋਬਿੰਦ ਸਿੰਘ ਸਾਹਿਬ ਪਹਿਲੋਂ ਹੀ ਉਨ੍ਹਾਂ ਨੂੰ ਉਡੀਕ ਰਹੇ ਸਨ। ਸਾਰਿਆਂ ਨੇ ਰਲ ਕੇ ਭਾਈ ਬਚਿਤਰ ਸਿੰਘ ਦੀ ਮਰਹਮ ਪੱਟੀ ਕਰਨ ਦੀ ਕੋਸ਼ਿਸ਼ ਕੀਤੀ।

ਹਨੇਰਾ ਪੈਂਦਿਆਂ ਹੀ ਸਾਹਿਬਜ਼ਾਦਾ ਅਜੀਤ ਸਿੰਘ, ਭਾਈ ਬੁੱਢਾ ਸਿੰਘ ਅਤੇ ਸਾਥੀਆਂ ਨੂੰ ਲੈ ਕੇ ਉਥੋਂ ਟੁਰ ਪਏ। ਉਹ ਸਾਰੇ ਚਮਕੌਰ ਵੱਲ ਚਲੇ ਗਏ। 7 ਦਸੰਬਰ ਦੀ ਸਵੇਰ ਨੂੰ ਉਹ ਚਮਕੌਰ ਪੁੱਜ ਗਏ ਤੇ ਭਾਈ ਬੁੱਧੀ ਚੰਦ ਰਾਵਤ ਦੀ ਗੜ੍ਹੀ ਵਿਚ ਠਹਿਰ ਗਏ। ਉਸੇ ਦੁਪਹਿਰ ਮੁਗ਼ਲ ਫ਼ੌਜਾਂ ਨੇ ਗੜ੍ਹੀ 'ਤੇ ਹਮਲਾ ਕਰ ਦਿੱਤਾ। ਗੜ੍ਹੀ ਵਿਚ ਹਾਜ਼ਿਰ 47 ਸਿੱਖਾਂ ਨੇ ਹਜ਼ਾਰਾਂ ਦੀ ਗਿਣਤੀ 'ਚ ਆਈਆਂ ਮੁਗ਼ਲ ਫ਼ੌਜਾਂ ਨਾਲ ਖ਼ੂਬ ਲੜਾਈ ਕੀਤੀ। ਹਨੇਰਾ ਪੈਣ ਮਗਰੋਂ ਇਹ ਲੜਾਈ ਇਕ ਵਾਰੀ ਰੁਕ ਗਈ। ਇਸ ਮੌਕੇ ਤਕ 38 ਸਿੱਖ ਸ਼ਹੀਦੀਆਂ ਪਾ ਚੁੱਕੇ ਸਨ। ਭਾਈ ਬੁੱਢਾ ਸਿੰਘ ਵੀ ਇਨ੍ਹਾਂ ਵਿਚੋਂ ਇਕ ਸਨ।

ਭਾਈ ਸੰਤ ਸਿੰਘ ਬੰਗੇਸ਼ਰੀ

ਭਾਈ ਸੰਤ ਸਿੰਘ ਬੰਗੇਸ਼ਰੀ ਨੇ 8 ਦਸੰਬਰ 1705 ਦੇ ਦਿਨ ਸਵੇਰ ਵੇਲੇ ਮੁਗ਼ਲ ਫ਼ੌਜਾਂ ਨਾਲ ਲੜਦਿਆਂ ਸ਼ਹੀਦੀ ਜਾਮ ਪੀਤਾ। ਉਹ ਚਮਕੌਰ ਦੀ ਲੜਾਈ ਵਿਚ ਸ਼ਹੀਦ ਹੋਣ ਵਾਲੇ ਆਖ਼ਰੀ ਦੋ ਸਿੰਘਾਂ ਵਿਚੋਂ ਇਕ ਸਨ।

ਭਾਈ ਸੰਤ ਸਿੰਘ ਭਾਈ ਨਠੀਆ ਦੇ ਪੁੱਤਰ ਤੇ ਸ਼ਹੀਦ ਭਾਈ ਬੱਲੂ ਦੇ ਪੋਤਰੇ ਸਨ। ਭਾਈ ਸੰਤ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਖ਼ਾਸ ਦਰਬਾਰੀ ਸਿੱਖਾਂ ਵਿਚੋ ਇਕ ਸਨ। ਉਹ ਹਮੇਸ਼ਾਂ ਗੁਰੂ ਸਾਹਿਬ ਦੇ ਕੋਲ ਰਿਹਾ ਕਰਦੇ ਸਨ। ਉਨ੍ਹਾਂ ਆਪਣੀ ਜ਼ਿੰਦਗੀ ਦੇ ਆਖ਼ਰੀ ਕਈ ਸਾਲ ਗੁਰੂ ਸਾਹਿਬ ਦੀ ਸੇਵਾ ਵਿਚ ਬਿਤਾਏ ਸਨ। ਖ਼ਾਲਸਾ ਪਰਗਟ ਹੋਣ ਤੋਂ ਚਮਕੌਰ ਦੀ ਲੜਾਈ ਤੱਕ ਉਹ ਗੁਰੂ ਸਾਹਿਬ ਦੇ ਅੰਗ-ਸੰਗ ਹੀ ਰਹੇ ਸਨ। ਮਈ 1705 ਵਿਚ ਜਦੋਂ ਅਨੰਦਪੁਰ ਦਾ ਘੇਰਾ ਪਿਆ ਤਾਂ ਵੀ ਉਹ ਗੁਰੂ ਸਾਹਿਬ ਦੇ ਕੋਲ ਹੀ ਸਨ। ਅਨੰਦਪੁਰ ਸਾਹਿਬ 'ਚੋਂ 5 ਤੇ 6 ਦਸੰਬਰ ਦੀ ਰਾਤ ਨੂੰ ਨਿਕਲ ਕੇ ਜਾਣ ਵੇਲੇ ਗੁਰੂ ਸਾਹਿਬ ਨਾਲ ਜੀਣ-ਮਰਨ ਦਾ ਪ੍ਰਣ ਕਰਨ ਵਾਲੇ 40 ਮੁਕਤਿਆਂ ਵਿਚ ਵੀ ਉਹ ਸ਼ਾਮਿਲ ਸਨ। ਉਹ ਗੁਰੂ ਸਾਹਿਬ ਦੇ ਨਾਲ ਹੀ ਚਮਕੌਰ ਦੀ ਗੜ੍ਹੀ ਵਿਚ ਵੀ ਹਾਜ਼ਿਰ ਸਨ।

ਸੱਤ ਦਸੰਬਰ ਦੀ ਰਾਤ ਨੂੰ ਚਮਕੌਰ ਦੀ ਗੜ੍ਹੀ ਵਿਚ ਬਚ ਰਹੇ 7 ਸਿੰਘਾਂ ਵਿਚ ਉਹ ਵੀ ਸ਼ਾਮਿਲ ਸਨ। ਉਸ ਰਾਤ ਦੇ ਗੁਰਮਤੇ ਮੁਤਾਬਿਕ ਸਿਰਫ਼ ਭਾਈ ਸੰਤ ਸਿੰਘ

ਬੰਗੇਸ਼ਰੀ ਤੇ ਭਾਈ ਸੰਗਤ ਸਿੰਘ ਛਾਬੜਾ ਨੇ ਹੀ ਗੜ੍ਹੀ ਵਿਚ ਰਹਿਣਾ ਸੀ।

ਅਗਲੇ ਦਿਨ ਪਹੁ-ਫੁਟਦਿਆਂ ਹੀ ਉਨ੍ਹਾਂ ਦੀ ਲੜਾਈ ਮੁਗ਼ਲ ਫ਼ੌਜਾਂ ਨਾਲ ਸ਼ੁਰੂ ਹੋ ਗਈ। ਪਰ ਐਨੀ ਵੱਡੀ ਫ਼ੌਜ ਦਾ ਮੁਕਾਬਲਾ ਦੋ ਸਿੰਘ ਜਿੰਨਾਂ ਕੁ ਚਿਰ ਕਰ ਸਕਦੇ ਸਨ ਕਰਦੇ ਰਹੇ ਅਤੇ ਅਖ਼ੀਰ ਸ਼ਹੀਦੀ ਜਾਮ ਪੀ ਲਿਆ।

ਚਮਕੌਰ ਦੀ ਜੰਗ ਵਿਚ ਸ਼ਹੀਦ ਹੋਣ ਵਾਲੇ ਆਖ਼ਰੀ ਦੋ ਸਿੰਘਾਂ ਵਿਚੋਂ ਭਾਈ ਸੰਤ ਸਿੰਘ ਬੰਗੇਸ਼ਰੀ ਇਕ ਸਨ। ਉਨ੍ਹਾਂ ਦਾ ਸਸਕਾਰ 10 ਦਸੰਬਰ 1705 ਦੇ ਦਿਨ ਗੜ੍ਹੀ ਦੇ ਬਾਹਰ ਹੀ ਕੀਤਾ ਗਿਆ।

ਅੱਜ ਉਸ ਥਾਂ 'ਤੇ ਇਕ ਵੱਡਾ ਗੁਰਦੁਆਰਾ ਬਣਿਆ ਹੋਇਆ ਹੈ।

ਕੁਝ ਲੇਖਕਾਂ ਨੇ ਭਾਈ ਸੰਤ ਸਿੰਘ ਬੰਗੇਸ਼ਰੀ ਦੀ ਥਾਂ ਸੰਗਤ ਸਿੰਘ ਬੰਗੇਸ਼ਰੀ ਦਾ ਨਾਂ ਵੀ ਲਿਖਿਆ ਹੈ। ਭਾਈ ਸੰਗਤ ਸਿੰਘ ਬੰਗੇਸ਼ਰੀ ਤਾਂ 24 ਜੂਨ 1734 ਦੇ ਦਿਨ ਭਾਈ ਮਨੀ ਸਿੰਘ ਦੇ ਨਾਲ ਲਾਹੌਰ ਵਿਚ ਸ਼ਹੀਦ ਹੋਏ ਸਨ। ਇੰਞ ਹੀ ਇਹ ਲੇਖਕ 8 ਦਸੰਬਰ 1705 ਦੇ ਦਿਨ ਸ਼ਹੀਦ ਹੋਣ ਵਾਲੇ ਦੂਜੇ ਸਿੰਘ ਦਾ ਨਾਂ ਵੀ ਸੰਗਤ ਸਿੰਘ ਦੀ ਥਾਂ ਸੰਤ ਸਿੰਘ ਲਿਖ ਦੇਂਦੇ ਹਨ। ਦਰਸਅਲ ਇਹ ਬੰਗੇਸ਼ਰੀ ਸਿੰਘ ਭਾਈ ਸੰਤ ਸਿੰਘ ਸਨ ਅਤੇ ਦੂਜੇ ਸਿੰਘ ਭਾਈ ਸੰਗਤ ਸਿੰਘ ਛਾਬੜਾ ਅਰੋੜਾ ਸਨ। ਕੁਝ ਇਕੋ ਜਿਹਾ ਨਾਂ ਹੋਣ ਕਰ ਕੇ ਇਨ੍ਹਾਂ ਲੇਖਕਾਂ ਨੂੰ ਭੁਲੇਖਾ ਲਗਾ ਜਾਪਦਾ ਹੈ।

ਕੁਝ ਹੋਰ ਤਫ਼ਸੀਲ ਵਾਸਤੇ ਵੇਖੋ: **ਭਾਈ ਨਠੀਆ ਦਾ ਕੁਰਸੀਨਾਮਾ।**

ਭਾਈ ਸੰਗਤ ਸਿੰਘ ਛਾਬੜਾ

ਭਾਈ ਸੰਗਤ ਸਿੰਘ ਛਾਬੜਾ ਨੇ ਚਮਕੌਰ ਵਿਚ 8 ਦਸੰਬਰ 1705 ਦੇ ਦਿਨ ਸਵੇਰ ਵੇਲੇ ਮੁਗ਼ਲ ਫ਼ੌਜਾਂ ਨਾਲ ਲੜਦਿਆਂ ਸ਼ਹੀਦੀ ਪਾਈ ਸੀ। ਇਸ ਲੜਾਈ ਵਿਚ ਸ਼ਹੀਦ ਹੋਣ ਵਾਲੇ 40 ਮੁਕਤਿਆਂ ਵਿਚੋਂ ਆਖ਼ਰੀ ਦੋਹਾਂ ਵਿਚੋਂ ਉਹ ਇਕ ਸਨ।

ਭਾਈ ਸੰਗਤ ਸਿੰਘ ਛਾਬੜਾ ਗੋਤ ਦੇ ਅਰੋੜਾ ਸਿੱਖ ਸਨ। ਉਨ੍ਹਾਂ ਦਾ ਪਿਛੋਕੜ ਪੱਟੀ (ਉਦੋਂ ਜ਼ਿਲ੍ਹਾ ਲਾਹੌਰ, ਹੁਣ ਜ਼ਿਲ੍ਹਾ ਅੰਮ੍ਰਿਤਸਰ) ਦਾ ਸੀ। ਆਪ ਗੁਰੂ ਗੋਬਿੰਦ

ਸਿੰਘ ਸਾਹਿਬ ਦੇ ਖ਼ਾਸ ਦਰਬਾਰੀ ਸਿੱਖਾਂ ਵਿਚੋਂ ਇਕ ਸਨ।

ਭਾਈ ਸੰਗਤ ਸਿੰਘ ਬਹਾਦਰ ਯੋਧਾ ਸਨ। ਉਹ ਗੁਰੂ ਸਾਹਿਬ ਦੀ ਫ਼ੌਜ ਦੇ ਮੰਨੇ ਹੋਏ ਜਰਨੈਲ ਸਨ। ਉਨ੍ਹਾਂ ਨੇ ਅਨੰਦਪੁਰ ਸਾਹਿਬ ਅਤੇ ਨਿਰਮੋਹਗੜ੍ਹ ਦੀਆਂ ਲੜਾਈਆਂ ਵਿਚ ਵੀ ਹਿੱਸਾ ਲਿਆ ਸੀ। ਭਾਈ ਸੰਗਤ ਸਿੰਘ ਅਕਸਰ ਅਨੰਦਪੁਰ ਸਾਹਿਬ ਰਿਹਾ ਕਰਦੇ ਸਨ। ਜਦੋਂ ਮਈ 1705 ਵਿਚ ਪਹਾੜੀ ਫ਼ੌਜਾਂ ਨੇ ਅਨੰਦਪੁਰ ਸਾਹਿਬ ਨੂੰ ਘੇਰਾ ਪਾਇਆ ਤਾਂ ਭਾਈ ਸੰਗਤ ਸਿੰਘ ਵੀ ਉਥੇ ਹਾਜ਼ਿਰ ਸਨ। ਇਸ ਵੇਲੇ ਉਥੇ 500 ਦੇ ਕਰੀਬ ਸਿੱਖ ਮੌਜੂਦ ਸਨ। ਹੌਲੀ-ਹੌਲੀ ਰਸਦ ਘਟ ਗਈ ਤਾਂ ਨਗਰ ਵਾਸੀਆਂ ਨੂੰ ਰੋਜ਼ ਦੀ ਇਕ-ਇਕ ਮੁੱਠ ਛੋਲਿਆਂ ਤੇ ਗੁਜ਼ਾਰਾ ਕਰਨਾ ਪਿਆ। ਅਖ਼ੀਰ 5 ਤੇ 6 ਦਸੰਬਰ ਦੀ ਰਾਤ ਨੂੰ, ਸਿੰਘਾਂ ਦੇ ਜ਼ੋਰ ਪਾਉਣ 'ਤੇ, ਗੁਰੂ ਸਾਹਿਬ ਨੇ ਅਨੰਦਪੁਰ ਛਡਣਾ ਮਨਜ਼ੂਰ ਕਰ ਲਿਆ। ਇਸ ਮੌਕੇ 'ਤੇ 40 ਸਿੱਖਾਂ ਗੁਰੂ ਸਾਹਿਬ ਦੇ ਅੰਗ-ਸੰਗ ਰਹਿ ਕੇ ਜਾਨਾਂ ਵਾਰਨ ਦਾ ਪ੍ਰਣ ਕੀਤਾ। ਭਾਈ ਸੰਗਤ ਸਿੰਘ ਛਾਬੜਾ ਇਨ੍ਹਾਂ ਚਾਲ੍ਹੀਆਂ ਵਿਚੋਂ ਇਕ ਸਨ।

ਅਨੰਦਪੁਰ ਸਾਹਿਬ ਛੱਡਣ ਸਮੇਂ ਉਹ ਗੁਰੂ ਸਾਹਿਬ ਦੇ ਨਾਲ ਹੀ ਰਹੇ ਅਤੇ ਕੀਰਤਪੁਰ ਅਤੇ ਸਰਸਾ ਨਦੀ ਲੰਘਣ ਮਗਰੋਂ ਚਮਕੌਰ ਵਿਚ ਵੀ ਗੁਰੂ ਸਾਹਿਬ ਦੇ ਨਾਲ ਰਹੇ। ਸਤ ਦਸੰਬਰ ਦੀ ਸਵੇਰ ਨੂੰ ਉਹ ਚਮਕੌਰ ਵਿਚ ਗੁਰੂ ਸਾਹਿਬ ਦੇ ਨਾਲ ਭਾਈ ਬੁਧੀ ਚੰਦ ਰਾਵਤ ਦੀ ਗੜ੍ਹੀ ਵਿਚ ਮੌਜੂਦ ਸਨ। ਇਸ ਦਿਨ ਦੁਪਹਿਰ ਵੇਲੇ ਮੁਗ਼ਲ ਫ਼ੌਜਾਂ ਵਲੋਂ ਘੇਰਾ ਪਾਉਣ ਮਗਰੋਂ ਗਿਣਤੀ ਦੇ ਸਿੱਖਾਂ ਅਤੇ ਹਜ਼ਾਰਾਂ ਮੁਗ਼ਲ ਫ਼ੌਜਾਂ ਵਿਚ ਅ-ਸਾਂਵੀਂ ਲੜਾਈ ਸ਼ੁਰੂ ਹੋ ਗਈ। ਇਹ ਲੜਾਈ ਹਨੇਰਾ ਪੈਣ ਤਕ ਚਲਦੀ ਰਹੀ। ਇਸ ਵੇਲੇ ਤਕ 45 ਵਿਚੋਂ 38 ਸਿੱਖ ਅਤੇ ਦੋਵੇਂ ਸਾਹਿਬਜ਼ਾਦੇ ਸ਼ਹੀਦ ਹੋ ਚੁੱਕੇ ਸਨ।

ਰਾਤ ਵੇਲੇ ਭਾਈ ਨਿਹੰਗ ਖਾਂ ਦੀ ਭੂਆ ਉਮਰੀ ਦੇ ਦੋ ਪੁੱਤਰ ਭਾਈ ਨਬੀ ਖਾਂ ਅਤੇ ਗ਼ਨੀ ਖਾਂ ਮੁਗ਼ਲ ਫ਼ੌਜ ਦਾ ਨੀਲਾ ਬਾਣਾ ਲੈ ਕੇ ਆ ਗਏ। ਉਨ੍ਹਾਂ ਗੁਰੂ ਸਾਹਿਬ ਨੂੰ ਉਥੋਂ ਲਿਜਾਣ ਵਾਸਤੇ ਭੇਸ ਬਦਲਣ ਵਾਸਤੇ ਆਖਿਆ। ਜਦੋਂ ਗੁਰੂ ਸਾਹਿਬ ਨੇ ਨਾਂਹ ਕਰ ਦਿੱਤੀ ਤਾਂ ਹਾਜ਼ਰ ਸਿੱਖਾਂ ਨੇ 'ਗੁਰਮਤਾ' ਕਰ ਕੇ ਗੁਰੂ ਸਾਹਿਬ ਨੂੰ ਹੁਕਮ ਜਾਰੀ ਕੀਤਾ ਤਾਂ ਗੁਰੂ ਸਾਹਿਬ ਨੂੰ ਮੰਨਣਾ ਪਿਆ। ਇਸ ਮੌਕੇ 'ਤੇ ਗੜ੍ਹੀ ਵਿਚ ਸਿਰਫ਼ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਮਾਨ ਸਿੰਘ (ਪਰਮਾਰ) ਭਾਈ ਦਇਆ ਸਿੰਘ ਪੁਰੋਹਿਤ, ਭਾਈ ਰਾਮ ਸਿੰਘ (ਪਰਮਾਰ), ਭਾਈ ਸੰਗਤ ਸਿੰਘ ਛਾਬੜਾ ਅਤੇ ਭਾਈ ਸੰਤ ਸਿੰਘ ਬੰਗੇਸ਼ਰੀ ਹੀ ਰਹਿ ਗਏ ਸਨ। ਇਨ੍ਹਾਂ ਸਾਰਿਆਂ ਦੇ ਜ਼ੋਰ ਦੇਣ 'ਤੇ ਗੁਰੂ ਸਾਹਿਬ ਨੇ ਭੇਸ ਬਦਲਿਆ ਅਤੇ ਗੜ੍ਹੀ ਵਿਚੋਂ ਜਾਣ ਵਾਸਤੇ ਤਿਆਰ ਹੋ ਗਏ। ਗੁਰੂ ਸਾਹਿਬ ਦਾ ਚੋਲਾ ਭਾਈ ਸੰਗਤ ਸਿੰਘ ਛਾਬੜਾ ਨੇ ਪਹਿਨ ਲਿਆ ਅਤੇ ਕਲਗੀ ਵੀ ਸਜਾ ਲਈ ਤਾਂ ਜੋ ਉਨ੍ਹਾਂ ਨੂੰ ਵੇਖ ਕੇ ਮੁਗ਼ਲ ਫ਼ੌਜਾਂ ਭੁਲੇਖੇ ਵਿਚ ਹੀ ਫਸੀਆਂ ਰਹਿਣ। ਗੁਰੂ ਸਾਹਿਬ ਨੇ ਭਾਈ ਦਇਆ ਸਿੰਘ, ਧਰਮ ਸਿੰਘ, ਮਾਨ ਸਿੰਘ, ਰਾਮ ਸਿੰਘ ਤੇ

ਦਇਆ ਸਿੰਘ ਪੁਰੋਹਿਤ ਨੂੰ ਵੀ ਆਪਣੇ ਪਿੱਛੇ ਨਿਕਲ ਜਾਣ ਵਾਸਤੇ ਆਖਿਆ। ਹੁਣ ਗੜ੍ਹੀ ਵਿਚ ਸਿਰਫ਼ ਸੰਗਤ ਸਿੰਘ ਛਾਬੜਾ ਅਤੇ ਸੰਤ ਸਿੰਘ ਬੰਗੇਸ਼ਰੀ ਹੀ ਰਹਿ ਗਏ ਸਨ।

ਅਗਲੇ ਦਿਨ 8 ਦਸੰਬਰ ਨੂੰ ਪਹੁ ਫੁਟਦਿਆਂ ਹੀ ਮੁਗਲ ਫ਼ੌਜਾਂ ਨੇ ਗੜ੍ਹੀ ਤੇ ਫੇਰ ਹਮਲਾ ਕਰ ਦਿੱਤਾ। ਉਨ੍ਹਾਂ ਦੀ ਹੈਰਾਨੀ ਦੀ ਕੋਈ ਹਦ ਨਾ ਰਹੀ, ਜਦੋਂ ਉਨ੍ਹਾਂ ਨੂੰ ਸਿਰਫ਼ ਦੋ ਸਿੰਘ ਹੀ ਲੜ ਕੇ ਸ਼ਹੀਦ ਹੋਏ ਨਜ਼ਰ ਆਏ। ਉਨ੍ਹਾਂ ਭਾਈ ਸੰਗਤ ਸਿੰਘ ਛਾਬੜਾ ਦੇ ਪਹਿਰਾਵੇ ਨੂੰ ਵੇਖ ਕੇ ਇਹ ਭੁਲੇਖਾ ਖਾਧਾ ਕਿ ਉਨ੍ਹਾਂ ਨੇ ਗੁਰੂ ਸਾਹਿਬ ਨੂੰ ਸ਼ਹੀਦ ਕਰ ਲਿਆ। ਉਨ੍ਹਾਂ ਭਾਈ ਸੰਗਤ ਸਿੰਘ ਦਾ ਸਿਰ ਕਟਵਾ ਕੇ ਰੋਪੜ ਪੁਚਾਇਆ। ਪਰ ਜਦ ਉਨ੍ਹਾਂ ਨੂੰ ਭਾਈ ਉਦੇ ਸਿੰਘ ਵਾਂਗ ਭਾਈ ਸੰਗਤ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਸਮਝਣ ਦੀ ਗ਼ਲਤੀ ਦਾ ਅਹਿਸਾਸ ਹੋਇਆ ਤਾਂ ਉਨ੍ਹਾਂ ਨੂੰ ਇਕ ਵਾਰ ਫੇਰ ਬੜੀ ਨਮੋਸ਼ੀ ਹੋਈ।

ਭਾਈ ਸੰਤ ਸਿੰਘ ਦੀ ਸ਼ਹੀਦੀ ਦਾ ਜ਼ਿਕਰ ਕਈ ਲੇਖਕਾਂ ਦੀਆਂ ਲਿਖਤਾਂ ਵਿਚ ਮਿਲਦਾ ਹੈ:

ਸੰਗਤ ਸਿੰਘ, ਸੰਤ ਸਿੰਘ ਪੰਚਮ ਤਿਨਹੁ ਬਿਠਾਯੋ ਦੇ ਕਰਿ ਧੀਰ।........(ਸਫ਼ਾ 5904)

ਸੰਤ ਸਿੰਘ ਖਤ੍ਰੀ ਸੁਭ ਮਤਿ ਥਾਪਯੋ ਪੰਚਹੁ ਮਹਿ ਬਡਿਆਇ॥

(ਸੰਤੋਖ ਸਿੰਘ ਸੂਰਜ ਪ੍ਰਕਾਸ਼, ਸਫ਼ਾ 5905)

(ਇਥੇ ਸੰਤੋਖ ਸਿੰਘ ਸੰਗਤ ਸਿੰਘ ਨੂੰ ਗ਼ਲਤੀ ਨਾਲ ਸੰਤ ਸਿੰਘ ਅਤੇ ਖਤਰੀ ਆਖ ਰਿਹਾ ਹੈ) ਉਹ ਦਰਅਸਲ ਸੰਗਤ ਸਿੰਘ ਛਾਬੜਾ, ਅਰੋੜਾ ਸੀ।

ਨੋਟ: ਕਈ ਥਾਈਂ ਆਪ ਨੂੰ ਭਾਈ ਸੰਤ ਸਿੰਘ ਅਰੋੜਾ ਲਿਖਿਆ ਵੀ ਮਿਲਦਾ ਹੈ। ਇਹ ਭੁਲੇਖਾ ਸੰਤ ਸਿੰਘ ਬੰਗੇਸ਼ਰੀ ਦੇ ਨਾਂ ਕਰ ਕੇ ਪਿਆ ਲਗਦਾ ਹੈ। ਆਮ ਸੰਗਤ ਸਿੰਘ ਦੇ ਵਾਰਿਸਾਂ ਵਿਚੋਂ ਕੁਝ ਅਜੇ ਵੀ ਦਿੱਲੀ ਵਿਚ ਰਹਿੰਦੇ ਹਨ। ਉਨ੍ਹਾਂ ਕੋਲ ਭਾਈ ਸੰਗਤ ਸਿੰਘ ਨਾਲ ਸਬੰਧਤ ਇਕ ਦਸਤਾਵੇਜ਼ ਵੀ ਦਸੀਂਦਾ ਹੈ।

ਚਮਕੌਰ ਦੇ ਹੋਰ ਸ਼ਹੀਦ

ਕੁਝ ਸੋਮਿਆਂ ਵਿਚ ਸ਼ਹੀਦ ਹੋਣ ਵਾਲਿਆਂ ਵਿਚ ਭਾਈ ਤੁੱਲਾ ਸਿੰਘ ਅਤੇ ਭਾਈ ਮਾਲਾ ਸਿੰਘ ਦੇ ਨਾਂਵਾਂ ਦਾ ਜ਼ਿਕਰ ਵੀ ਆਉਂਦਾ ਹੈ। ਇਹ ਦੋਵੇਂ ਭਰਾ ਭਾਈ ਧੂਮਾ ਸਿੰਘ ਦੇ ਬੇਟੇ ਤੇ ਭਾਈ ਕਾਨ੍ਹਾ ਸਿੰਘ ਦੇ ਪੋਤੇ ਸਨ। ਇਨ੍ਹਾਂ ਦਾ ਭਰਾ ਭਾਈ ਮੋਹਰ ਸਿੰਘ ਨਿਰਮੋਹਗੜ੍ਹ ਦੀ ਲੜਾਈ ਵਿਚ 13 ਅਕਤੂਬਰ 1700 ਦੇ ਦਿਨ ਸ਼ਹੀਦ ਹੋਇਆ ਸੀ। ਇਨ੍ਹਾਂ ਦਾ ਦਾਦਾ ਭਾਈ ਕਾਹਨ ਸਿੰਘ 16 ਜਨਵਰੀ 1704 ਦੇ ਦਿਨ ਅਨੰਦਪੁਰ ਸਾਹਿਬ ਦੀ ਲੜਾਈ ਵਿਚ ਸ਼ਹੀਦ ਹੋਇਆ ਸੀ। ਇਨ੍ਹਾਂ ਦੇ ਪੜਦਾਦਾ ਭਾਈ ਨੇਤਾ ਸਿੰਘ ਵੀ 14 ਅਕਤੂਬਰ 1700 ਦੇ ਦਿਨ ਨਿਰਮੋਹਗੜ੍ਹ ਦੀ ਲੜਾਈ ਵਿਚ ਸ਼ਹੀਦ ਹੋ ਚੁੱਕੇ ਸਨ।

ਪਰ ਇਨ੍ਹਾਂ ਦੋਹਾਂ ਨਾਂਵਾਂ ਬਾਰੇ ਬਹੁਤੇ ਸੋਮਿਆਂ ਤੋਂ ਤਾਈਦ ਨਹੀਂ ਹੁੰਦੀ। ਹੋ ਸਕਦਾ ਹੈ ਕਿ ਇਹ 7-8 ਦਸੰਬਰ 1705 ਦੀ ਚਮਕੌਰ ਦੀ ਗੜ੍ਹੀ ਦੀ ਲੜਾਈ ਵਿਚ ਸ਼ਹੀਦ ਨਾ ਹੋਏ ਹੋਣ ਅਤੇ ਕਿਸੇ ਹੋਰ ਮੌਕੇ 'ਤੇ ਉਸੇ ਨਗਰ ਵਿਚ ਹੀ ਸ਼ਹੀਦ ਹੋਏ ਹੋਣ। ਪਰ ਇਹ ਸ਼ਹੀਦ ਹੋਏ ਜ਼ਰੂਰ ਸਨ।

ਇੰਞ ਹੀ ਇਕ ਥਾਂ ਭਾਈ ਜਵੰਦ ਸਿੰਘ ਪੋਤਾ ਮੱਖਣ ਸ਼ਾਹ ਲੁਬਾਣਾ ਦੇ ਵੀ ਚਮਕੌਰ ਵਿਚ ਸ਼ਹੀਦ ਹੋਣ ਦਾ ਜ਼ਿਕਰ ਮਿਲਦਾ ਹੈ ਪਰ ਇਸ ਦੀ ਵੀ ਤਾਈਦ ਨਹੀਂ ਹੁੰਦੀ। ਉਞ ਭਾਈ ਮੱਖਣ ਸ਼ਾਹ ਲੁਬਾਣਾ ਦੇ ਕੁਰਸੀਨਾਮੇ ਵਿਚ ਵੀ ਜਵੰਦ ਸਿੰਘ ਦਾ ਨਾਂ ਨਹੀਂ ਮਿਲਦਾ। ਭਾਈ ਮੱਖਣ ਸ਼ਾਹ ਦੇ ਤਿੰਨ ਬੇਟੇ ਸਨ: ਚੰਦੂ ਲਾਲ, ਲਾਲ ਚੰਦ ਤੇ ਕੁਸ਼ਾਲ ਚੰਦ। ਇਨ੍ਹਾਂ ਵਿਚੋਂ ਕੁਸ਼ਾਲ ਚੰਦ ਖੰਡੇ ਦੀ ਪਾਹੁਲ ਲੈਣ ਮਗਰੋਂ ਕੁਸ਼ਾਲ ਸਿੰਘ ਬਣਿਆ। ਉਹ ਪਹਿਲੀ ਸਤੰਬਰ 1700 ਦੇ ਦਿਨ ਲੋਹਗੜ੍ਹ ਕਿਲ੍ਹੇ ਦੇ ਬਾਹਰ ਸ਼ਹੀਦ ਹੋਇਆ ਸੀ। ਭਾਈ ਲਾਲ ਚੰਦ ਖੰਡੇ ਦੀ ਪਾਹੁਲ ਮਗਰੋਂ ਲਾਲ ਸਿੰਘ ਬਣਿਆ ਸੀ। ਲਾਲ ਸਿੰਘ ਦੇ ਅੱਗੋਂ ਤਿੰਨ ਪੁੱਤਰ ਸਨ: ਕਿਸ਼ਨ ਸਿੰਘ, ਜੀਤ ਸਿੰਘ ਤੇ ਜੱਟ ਮਲ ਕਿਸ਼ਨ ਸਿੰਘ ਦੇ ਅਗੋਂ ਦੋ ਬੇਟੇ ਸਨ: ਭਗਵਾਨ ਸਿੰਘ ਤੇ ਬਿਸ਼ਨ ਸਿੰਘ। ਭਗਵਾਨ ਸਿੰਘ ਦੇ ਅਗੋਂ ਪੰਜ ਬੇਟੇ ਸਨ। ਇਨ੍ਹਾਂ ਦੀ ਔਲਾਦ ਅਗੋਂ ਚਲਦੀ ਹੈ। ਸੋ ਜਵੰਦ ਸਿੰਘ ਦੇ ਨਾਂ ਦੀ ਵੀ ਤਾਈਦ ਨਹੀਂ ਹੁੰਦੀ।

ਇਕ ਲੇਖਕ ਭਾਈ ਧਿਆਨ ਸਿੰਘ ਮਜਾਰੀ ਦਾ ਨਾਂ ਵੀ ਲਿਖਦਾ ਹੈ। ਇੰਞ ਹੀ ਹੋਰ ਵੀ ਕਈ ਨਾਂ ਹਨ ਜੋ 'ਅੰਦਾਜ਼ੇ' ਨਾਲ ਲਿਖੇ ਗਏ ਜਾਪਦੇ ਹਨ। ਦਰਅਸਲ ਸੰਤੋਖ ਸਿੰਘ ਤੇ ਸੁਮੇਰ ਸਿੰਘ ਲੇਖਕਾਂ ਨੇ ਗਿਣਤੀ ਪੂਰੀ ਕਰਨ ਵਾਸਤੇ ਨਾਂ ਬਣਾਏ ਹੋਣਗੇ ਜਾਂ

ਜ਼ਬਾਨੀ ਯਾਦਦਾਸ਼ਤ 'ਚੋਂ ਲਿਖੇ ਹੋਣਗੇ। ਸੋ ਭੁਲੇਖਾ ਪੈਣਾ ਕੋਈ ਵੱਡੀ ਗੱਲ ਨਹੀਂ ਸੀ।

ਸੰਤੋਖ ਸਿੰਘ, ਸੁਮੇਰ ਸਿੰਘ ਤੋਂ ਇਲਾਵਾ, ਗਿਆਨੀ ਗਿਆਨ ਸਿੰਘ ਤੇ ਭਾਈ ਕਾਨ੍ਹ ਸਿੰਘ ਨਾਭਾ ਨੇ ਵੀ 40 ਦੀ ਗਿਣਤੀ ਪੂਰੀ ਕਰਨ ਵਾਸਤੇ ਕੁਝ ਨਾਂ ਸ਼ਾਮਿਲ ਕੀਤੇ ਜਾਪਦੇ ਹਨ।

ਮੁਕਤਸਰ ਦੇ ਚਾਲ੍ਹੀ ਮੁਕਤੇ

7 ਤੇ 8 ਦਸੰਬਰ 1705 ਦੀ ਰਾਤ ਤੱਕ ਚਮਕੌਰ ਦੀ ਗੜ੍ਹੀ ਵਿਚ ਹਾਜ਼ਿਰ 45 ਸਿੰਘਾਂ ਤੇ ਦੋ ਸਾਹਿਬਜ਼ਾਦਿਆਂ ਵਿਚੋਂ ਸਿਰਫ਼ ਸੱਤ ਸਿੰਘ ਹੀ ਬਚੇ ਸਨ: ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਦਯਾ ਸਿੰਘ ਪੁਰੋਹਿਤ, ਭਾਈ ਮਾਨ ਸਿੰਘ ਨਿਸ਼ਾਨਚੀ, ਭਾਈ ਰਾਮ ਸਿੰਘ (ਪੁੱਤਰ ਭਾਈ ਬਚਿਤਰ ਸਿੰਘ), ਭਾਈ ਸੰਤ ਸਿੰਘ ਬੰਗੇਸ਼ਰੀ ਤੇ ਭਾਈ ਸੰਗਤ ਸਿੰਘ ਛਾਬੜਾ।

ਇਸ ਵੇਲੇ ਤੱਕ ਦੋਵੇਂ ਵੱਡੇ ਸਾਹਿਬਜ਼ਾਦੇ, ਅਜੀਤ ਸਿੰਘ ਤੇ ਜੁਝਾਰ ਸਿੰਘ, ਤਿੰਨ ਪਿਆਰਿਆਂ (ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ, ਭਾਈ ਮੋਹਕਮ ਸਿੰਘ) ਸਣੇ ਕੁਲ 38 ਸਿੰਘ ਸ਼ਹੀਦ ਹੋ ਚੁੱਕੇ ਸਨ।

ਇਸ ਘੇਰੇ, ਲੜਾਈ ਅਤੇ ਸ਼ਹੀਦੀਆਂ ਦੀ ਖ਼ਬਰ ਕੋਟ ਪਠਾਣਾਂ ਦੇ ਭਾਈ ਨਿਹੰਗ ਖ਼ਾਂ ਤੇ ਉਸ ਦੀ ਭੈਣ ਬੀਬੀ ਉਮਰੀ ਦੇ ਘਰਾਂ ਤੱਕ ਪਹੁੰਚ ਚੁੱਕੀ ਸੀ। ਹਾਲਤ ਨੂੰ ਸਾਹਵੇਂ ਰਖਦਿਆਂ ਬੀਬੀ ਉਮਰੀ ਦੇ ਦੋਵੇਂ ਪੁੱਤਰ, ਭਾਈ ਨਬੀ ਖ਼ਾਂ ਅਤੇ ਛੋਟਾ ਭਾਈ ਗ਼ਨੀ ਖ਼ਾਂ, ਅੱਧੀ ਰਾਤ ਵੇਲੇ ਗੁਰੂ ਸਾਹਿਬ ਨੂੰ ਗੜ੍ਹੀ ਤੋਂ ਕੱਢ ਕੇ ਲੈ ਜਾਣ ਵਾਸਤੇ ਨੀਲੇ ਕਪੜੇ ਲੈ ਕੇ ਉੱਥੇ ਪਹੁੰਚ ਗਏ। ਭਾਈ ਨਬੀ ਖ਼ਾਂ ਤੇ ਗ਼ਨੀ ਖ਼ਾਂ ਦੋਵੇਂ ਭਰਾ ਰੋਪੜ ਦੇ ਨਵਾਬ ਮਲੇਰੀਏ ਪਠਾਣ ਦੀ ਫ਼ੌਜ ਦੇ ਸਿਪਾਹੀ ਸਨ। ਇਹ ਨਹੀਂ ਪਤਾ ਲਗਦਾ ਕਿ ਕੀ ਉਹ ਘੇਰਾ ਪਾਉਣ ਵੇਲੇ ਫ਼ੌਜ ਦੇ ਨਾਲ ਆ ਕੇ ਉੱਥੋਂ ਨਿਕਲ ਕੇ ਨੀਲੇ ਕਪੜੇ ਲੈਣ ਚਲੇ ਗਏ ਸਨ ਜਾਂ ਉਹ ਘੇਰਾ ਪਾਉਣ ਵਿਚ ਸ਼ਾਮਿਲ ਨਹੀਂ ਸਨ ਪਰ ਇਸ ਘੇਰੇ ਦੀ ਇਤਲਾਹ ਮਿਲਦਿਆਂ ਹੀ ਕਪੜੇ ਲੈ ਕੇ ਚਮਕੌਰ ਵਲ ਚਲ ਪਏ ਹੋਣਗੇ। ਇਹ ਦੋਵੇਂ ਭਰਾ ਮਾਛੀਵਾੜੇ ਦੇ ਰਹਿਣ ਵਾਲੇ ਸਨ।

ਅੱਧੀ ਰਾਤ ਵੇਲੇ ਦੋਵੇਂ ਭਰਾ ਮੁਗਲ ਸਿਪਾਹੀਆਂ ਵਾਲੇ ਨੀਲੇ ਕਪੜੇ ਲੈ ਕੇ ਗੜ੍ਹੀ ਦੇ ਬਾਹਰ ਪੁੱਜ ਗਏ। ਉਸ ਵੇਲੇ ਮੁਗਲ ਫ਼ੌਜ ਨੇ ਘੇਰਾ ਪਾਇਆ ਹੋਇਆ ਸੀ ਪਰ ਉਹ ਗੜ੍ਹੀ ਤੋਂ ਕੁਝ ਦੂਰੀ 'ਤੇ ਸਨ। ਦੋਵੇਂ ਮੁਸਲਮਾਨ ਸਿਪਾਹੀ ਹੋਣ ਕਰ ਕੇ ਬੜੀ ਅਸਾਨੀ ਨਾਲ ਗੜ੍ਹੀ ਤਕ ਪਹੁੰਚ ਗਏ। ਉਨ੍ਹਾਂ ਗੁਰੂ ਸਾਹਿਬ ਨੂੰ ਆਵਾਜ਼ ਦੇ ਕੇ ਨੀਲੇ ਕਪੜੇ ਫੜਾਏ। ਗੁਰੂ ਸਾਹਿਬ ਇਹ ਕਪੜੇ ਪਾ ਕੇ ਸੱਤ ਵਿਚੋਂ ਦੋ ਸਿੰਘ ਉੱਥੇ ਛੱਡ ਕੇ ਬਾਹਰ ਨਿਕਲ ਗਏ। ਗੁਰੂ ਸਾਹਿਬ ਦੇ ਉਤਾਰੇ ਹੋਏ ਕਪੜੇ ਭਾਈ ਸੰਗਤ ਸਿੰਘ ਨੇ ਪਹਿਣ ਲਏ। ਉਸ ਦੇ ਕਪੜਿਆਂ ਤੋਂ ਗੁਰੂ ਸਾਹਿਬ ਦਾ ਭੁਲੇਖਾ ਸ਼ਰੇ-ਆਮ ਪੈਂਦਾ ਸੀ।

ਗੁਰੂ ਸਾਹਿਬ ਦੇ ਨਾਲ ਚਮਕੌਰ ਦੀ ਗੜ੍ਹੀ 'ਚੋਂ ਨਿਕਲਣ ਵਾਲੇ ਪੰਜ ਸਿੰਘ ਸਨ: ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਦਇਆ ਸਿੰਘ ਪੁਰੋਹਿਤ, ਭਾਈ ਮਾਨ ਸਿੰਘ ਨਿਸ਼ਾਨਚੀ ਅਤੇ ਭਾਈ ਰਾਮ ਸਿੰਘ (ਪੁੱਤਰ ਭਾਈ ਬਚਿਤਰ ਸਿੰਘ ਤੇ ਪੋਤਾ ਭਾਈ ਮਨੀ ਸਿੰਘ) ਅਗਲੀ ਸਵੇਰ ਨੂੰ ਭਾਈ ਸੰਗਤ ਸਿੰਘ ਤੇ ਭਾਈ ਸੰਤ ਸਿੰਘ ਬੰਗੇਸ਼ਰੀ ਵੀ ਗੜ੍ਹੀ ਦੇ ਬਾਹਰ ਲੜਦਿਆਂ ਸ਼ਹੀਦੀ ਪਾ ਗਏ। ਮੁਗਲ ਫ਼ੌਜ ਨੇ ਭਾਈ ਸੰਗਤ ਸਿੰਘ ਦੇ ਕਪੜਿਆਂ ਤੋਂ ਉਨ੍ਹਾਂ ਨੂੰ ਗੁਰੂ ਸਾਹਿਬ ਸਮਝ ਲਿਆ ਤੇ ਉਸ ਦਾ ਸਿਰ ਕੱਟ ਕੇ ਸਰਹਿੰਦ ਭੇਜ ਦਿੱਤਾ।

(ਭੱਟ ਵਹੀ ਮੁਲਤਾਨੀ ਸਿੰਧੀ, ***"ਗੁਰੂ ਦੀਆਂ ਸਾਖੀਆਂ"***, ਮਹਿਮਾ ਪ੍ਰਕਾਸ਼, ਸਿੰਘ ਸਾਗਰ)

ਚਮਕੌਰ ਤੋਂ ਨਿਕਲ ਕੇ ਗੁਰੂ ਸਾਹਿਬ ਮਾਛੀਵਾੜਾ ਪੁੱਜੇ ਤੇ ਇਕ ਦਿਨ ਭਾਈ ਜੀਵਨ ਸਿੰਘ ਦੇ ਚੁਬਾਰੇ ਵਿਚ ਰਹੇ। ਫਿਰ ਮਾਛੀਵਾੜਾ ਤੋਂ ਕਿੜੀ ਪਠਾਣਾਂ, ਘੁੰਘਰਾਲੀ, ਮਾਣੂਪੁਰ ਹੁੰਦੇ ਹੋਏ ਅਜਨੇਰ ਪੁੱਜ ਕੇ ਹਾਜੀ ਚਰਾਗ ਸ਼ਾਹ ਦੇ ਡੇਰੇ 'ਤੇ ਰਹੇ। ਅਗਲੇ ਦਿਨ ਆਪ ਨੇ ਮਲਕਪੁਰ, ਲੱਲਾਂ, ਕਟਾਣਾ, ਰਾਮਪੁਰ ਤੋਂ ਹੁੰਦੇ ਹੋਏ ਰਾਤ ਦੋਰਾਹੇ ਕੱਟੀ। ਦੋਰਾਹਾ ਤੋਂ ਕਨੇਚ ਤੇ ਆਲਮਗੀਰ ਹੁੰਦੇ ਹੋਏ ਹੇਹਰ ਪੁੱਜੇ। ਹੇਹਰ ਤੋਂ ਆਪ ਲੰਮੇ ਜਟਪੁਰੇ ਪੁੱਜੇ ਤੇ ਇਥੇ ਭਾਈ ਰਾਏ ਕਲ੍ਹਾ ਨਾਲ ਮੇਲ ਹੋਇਆ। ਇਸ ਤੋਂ ਬਾਅਦ ਆਪ ਤਖ਼ਤੂਪੁਰ, ਮਧੇਅ ਅਤੇ ਭਦੌੜ ਹੁੰਦੇ ਹੋਏ ਦੀਨਾ ਪੁੱਜੇ ਜਿਥੇ ਆਪ ਨੇ 'ਜ਼ਫ਼ਰਨਾਮਾ' ਲਿਖਿਆ। ਦੀਨਾ ਕਾਂਗੜ ਤੋਂ ਚਲ ਕੇ ਆਪ ਰੁਖਾਲਾ, ਭਗਤਾ, ਵਾਂਦਰ, ਬਰਗਾੜੀ, ਬਹਿਬਲ, ਸਰਾਵਾਂ ਤੋਂ ਹੁੰਦੇ ਹੋਏ ਢਿਲਵਾਂ ਪੁੱਜ ਗਏ। ਇਸ ਵੇਲੇ ਤੱਕ ਆਪ ਨਾਲ ਦਸ ਸਿੱਖ ਹੋ ਚੁੱਕੇ ਸਨ। ਇਨ੍ਹਾਂ ਵਿਚੋਂ ਪੰਜ ਗੁਰੂ ਸਾਹਿਬ ਦੇ ਨਾਲ ਚਮਕੌਰ ਤੋਂ ਆਏ ਸਨ ਅਤੇ ਪੰਜ ਦੀਨੇ ਵਗ਼ੈਰਾ ਤੋਂ ਰਲੇ ਸਨ। ਢਿਲਵਾਂ ਵਿਚ ਗੁਰੂ ਸਾਹਿਬ ਨੇ ਨੀਲੇ ਕਪੜੇ ਉਤਾਰ ਦਿੱਤੇ। ਇੱਥੇ ਰਾਤ ਰਹਿਣ ਮਗਰੋਂ ਆਪ ਸੁਨੀਆਰ ਪਿੰਡ ਤੇ ਫਿਰ ਕੋਟ ਕਪੂਰਾ ਗਏ। ਕੋਟ ਕਪੂਰੇ ਤੋਂ ਆਪ ਨੇ ਤਲਵੰਡੀ ਸਾਬੋ ਜਾਣ ਦੀ ਤਿਆਰੀ ਕਰ ਲਈ। 29 ਦਸੰਬਰ 1705 ਦੇ ਦਿਨ ਆਪ ਪਿੰਡ ਰੁਪੇਆਣਾ ਦੇ ਬਾਹਰ ਰੋਹੀ ਕੋਲ ਜਾ ਰਹੇ ਸਨ ਤਾਂ ਮਾਝੇ ਤੋਂ ਆ ਰਿਹਾ ਸਿੰਘਾਂ ਦਾ ਇਕ ਜੱਥਾ ਆਪ ਨੂੰ ਮਿਲ ਗਿਆ। (ਇਸ ਥਾਂ 'ਤੇ ਅਜ ਕਲ

ਪਿੰਡ ਮਲਣ ਸੋਢੀਆਂ ਵਸ ਚੁੱਕਾ ਹੈ) ਇਹ ਸਿੰਘ ਪੱਟੀ (ਉਦੋਂ ਜ਼ਿਲ੍ਹਾ ਲਾਹੌਰ, ਹੁਣ ਜ਼ਿਲ੍ਹਾ ਅੰਮ੍ਰਿਤਸਰ) ਦੇ ਇਲਾਕੇ 'ਚੋਂ ਆਏ ਸਨ।

ਉਨ੍ਹੀਂ ਦਿਨੀਂ ਪੱਟੀ ਵਿਚ ਭਾਈ ਸੁਲਤਾਨ ਸਿੰਘ ਵੜੈਚ ਦੇ ਪਿਤਾ ਭਾਈ ਦੇਸ ਰਾਜ ਦੀ ਮੌਤ ਦੇ ਸਬੰਧ ਵਿਚ ਪਾਏ ਗਏ ਭੋਗ ਦੇ ਮੌਕੇ 'ਤੇ ਇਲਾਕੇ ਦੇ ਬਹੁਤ ਸਾਰੇ ਸਿੱਖ ਪੁੱਜੇ ਸਨ ਤੇ ਉੱਥੇ ਕਿਸੇ ਸਿੰਘ ਨੇ ਹਾਜ਼ਰ ਸੰਗਤਾਂ ਨੂੰ ਗੁਰੂ ਸਾਹਿਬ ਦੇ ਅਨੰਦਪੁਰ ਛੱਡਣ, ਮਾਤਾ ਜੀ, ਸਾਹਿਬਜ਼ਾਦਿਆਂ ਅਤੇ ਸੈਂਕੜੇ ਸਿੱਖਾਂ ਦੀ ਸ਼ਹੀਦੀ ਬਾਰੇ ਦੱਸਿਆ। ਇਸ ਵਾਰਤਾ ਨੂੰ ਸੁਣ ਕੇ ਇਲਾਕੇ ਦੇ ਲੋਕਾਂ ਨੇ ਅਫ਼ਸੋਸ ਜ਼ਾਹਿਰ ਕੀਤਾ ਕਿ ਸਾਨੂੰ ਅਨੰਦਪੁਰ ਸਾਹਿਬ ਦੇ ਹਾਲਾਤ ਪਤਾ ਨਹੀਂ ਸਨ। ਵਰਨਾ ਅਸੀਂ ਜਾ ਕੇ ਗੁਰੂ ਜੀ ਦਾ ਸਾਥ ਦੇਂਦੇ। ਉੱਥੇ ਇਹ ਜ਼ਿਕਰ ਵੀ ਹੋਇਆ ਕਿ ਪਹਿਲਾਂ ਵੀ ਮਾਝੇ ਦੇ ਲੋਕਾਂ ਨੇ ਗੁਰੂ ਸਾਹਿਬ ਨੂੰ ਪਿੱਠ ਦਿਖਾ ਕੇ ਇਲਾਕੇ ਦੀ ਹੇਠੀ ਕਰਵਾਈ ਸੀ ਜਦੋਂ ਲੜਾਈ ਵੇਲੇ 31 ਅਗਸਤ 1700 ਦੀ ਰਾਤ ਨੂੰ ਦੁਨੀ ਚੰਦ ਮਸੰਦ ਆਪਣੇ ਨਾਲ ਚਾਰ ਪੰਜ ਸਾਥੀ ਲੈ ਕੇ ਅਨੰਦਪੁਰ ਸਾਹਿਬ ਤੋਂ ਭੱਜ ਆਇਆ ਸੀ ਤੇ ਮਗਰੋਂ ਉਸ ਦੇ ਪੋਤਿਆਂ ਭਾਈ ਅਨੂਪ ਸਿੰਘ ਅਤੇ ਸਰੂਪ ਸਿੰਘ ਨੇ ਉਸ ਦੀ ਬੁਜ਼ਦਿਲੀ ਦਾ ਧੋਣਾ ਧੋਣ ਵਾਸਤੇ ਨਿਰਮੋਹਗੜ੍ਹ ਦੀ ਲੜਾਈ ਵਿਚ 8 ਅਕਤੂਬਰ 1700 ਦੇ ਦਿਨ ਸ਼ਹੀਦੀਆਂ ਪਾਈਆਂ ਸਨ। ਇਲਾਕੇ ਦੇ ਲੋਕਾਂ ਨੇ ਵਿਚਾਰ ਕੀਤਾ ਕਿ ਗੁਰੂ ਸਾਹਿਬ ਉਸ ਵੇਲੇ (27-28 ਦਸੰਬਰ 1705) ਮਾਲਵੇ ਵਿਚ ਦੀਨਾ-ਕਾਂਗੜ ਦੇ ਨੇੜੇ-ਤੇੜੇ ਦੇ ਇਲਾਕੇ ਵਿਚ ਸਨ, ਸਾਨੂੰ ਜਾ ਕੇ ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ। ਉਹ ਅਨੰਦਪੁਰ ਸਾਹਿਬ ਤੋਂ ਮਾਲਵੇ ਵਲ ਗਏ ਹਨ ਤੇ ਮਾਝੇ ਵਲ ਨਹੀਂ ਆਏ। ਸਾਨੂੰ ਜਾ ਕੇ ਉਨ੍ਹਾਂ ਨੂੰ ਮਾਝੇ ਵਿਚ ਲਿਆਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਨ੍ਹਾਂ ਇਹ ਵੀ ਵਿਚਾਰ ਕੀਤੀ ਕੀ ਝਬਾਲ ਦੇ ਭਾਗ ਸਿੰਘ, ਜੋ ਉੱਥੇ ਮਾਤਮ-ਪੁਰਸੀ ਕਰਨ ਆਏ ਹੋਏ ਸਨ, ਦੇ ਲਾਹੌਰ ਦਰਬਾਰ ਨਾਲ ਵਧੀਆ ਸਬੰਧ ਹਨ ਉਨ੍ਹਾਂ ਰਾਹੀਂ ਗੁਰੂ ਸਾਹਿਬ ਦਾ ਦਿਲੀ ਦਰਬਾਰ ਨਾਲ ਸਮਝੌਤਾ ਕਰਵਾਇਆ ਜਾ ਸਕਦਾ ਹੈ।

ਅਖ਼ੀਰ ਆਪਸ ਵਿਚ ਵਿਚਾਰ ਕਰ ਕੇ ਭਾਈ ਭਾਗ ਸਿੰਘ, ਭਾਈ ਸੁਲਤਾਨ ਸਿੰਘ, ਭਾਈ ਨਿਧਾਨ ਸਿੰਘ ਵੜੈਚ (ਪਤੀ ਮਾਈ ਭਾਗ ਕੌਰ), 37 ਹੋਰ ਸਿੰਘ ਅਤੇ ਮਾਈ ਭਾਗ ਕੌਰ ਗੁਰੂ ਸਾਹਿਬ ਨੂੰ ਮਿਲਣ ਵਾਸਤੇ ਮਾਲਵੇ ਵਲ ਚਲ ਪਏ। ਇਹ ਸਾਰੇ ਸਿੰਘ ਪੱਟੀ ਤੋਂ ਚਲ ਕੇ ਮਖੂ ਤੇ ਜ਼ੀਰਾ ਤੋਂ ਹੁੰਦੇ ਹੋਏ ਦੀਨਾ-ਕਾਂਗੜ ਜਾਣ ਵਾਸਤੇ ਮੋਗਾ ਵਲ ਚਲੇ ਗਏ। ਮੋਗਾ ਦੇ ਨੇੜੇ ਉਨ੍ਹਾਂ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਦੀਨਾ-ਕਾਂਗੜ ਤੋਂ ਜਾ ਚੁੱਕੇ ਹਨ ਤੇ ਉਸ ਵੇਲੇ ਰਾਮੇਆਣਾ ਤੋਂ ਰੂਪੇਆਣਾ ਜਾ ਰਹੇ ਸਨ। ਇਸ ਮਗਰੋਂ ਇਹ ਚਾਲੀ ਸਿੰਘ ਤੇ ਮਾਈ ਭਾਗ ਕੌਰ ਨੇ ਰੂਪੇਆਣਾ ਵਲ ਮੂੰਹ ਕਰ ਲਿਆ। ਰੂਪੇਆਣਾ ਪਿੰਡ ਦੀ ਰੋਹੀ ਵਿਚ (ਜਿੱਥੇ ਅਜ ਕਲ੍ਹ ਪਿੰਡ ਮਲਣ ਸੋਢੀਆਂ ਹੈ) ਗੁਰੂ ਸਾਹਿਬ ਅਤੇ ਇਸ ਜਥੇ ਦਾ ਮੇਲ ਹੋ ਗਿਆ ਗੁਰੂ ਸਾਹਿਬ ਉਨ੍ਹਾਂ ਨੂੰ ਆਉਂਦਿਆਂ ਵੇਖ ਕੇ ਉੱਥੇ ਹੀ ਰੁਕ

ਗਏ ਅਤੇ ਚਾਦਰਾਂ ਵਿਛਾ ਕੇ ਬੈਠ ਗਏ। ਭਾਈ ਭਾਗ ਸਿੰਘ ਨੇ ਗੁਰੂ ਜੀ ਨਾਲ ਮਾਤਾ ਜੀ, ਚੋਹਾਂ ਸਾਹਿਬਜ਼ਾਦਿਆਂ ਅਤੇ ਸਾਰੇ ਸਿੰਘਾਂ ਦੀਆਂ ਸ਼ਹੀਦੀਆਂ ਬਾਰੇ ਰਸਮੀ 'ਮਾਤਮ ਪੁਰਸੀ' ਕੀਤੀ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸਮਝਾਇਆ ਕਿ ਇਹ ਸਭ ਵਾਹਿਗੁਰੂ ਦੀ ਲੀਲ੍ਹਾ ਹੈ। ਮਰਨਾ ਜਾਂ ਸ਼ਹੀਦ ਹੋਣਾ ਦੁਖ ਜਾਂ ਅਫ਼ਸੋਸ ਵਾਲੀ ਗੱਲ ਨਹੀਂ ਹੁੰਦੀ। ਸਾਨੂੰ ਹਰ ਹਾਲਤ ਵਿਚ ਵਾਹਿਗੁਰੂ ਦਾ ਸ਼ੁਕਰਾਨਾ ਕਰਦੇ ਰਹਿਣਾ ਚਾਹੀਦਾ ਹੈ।

ਕੁਝ ਚਿਰ ਮਗਰੋਂ ਭਾਈ ਭਾਗ ਸਿੰਘ ਝਬਾਲੀਏ ਨੇ ਗੁਰੂ ਸਾਹਿਬ ਨੂੰ ਆਖਿਆ ਕਿ ਮੇਰੀ ਲਾਹੌਰ ਦਰਬਾਰ ਨਾਲ ਕਾਫ਼ੀ ਨੇੜਤਾ ਹੈ ਅਤੇ ਮੈਂ ਕਿਸੇ ਰਸੂਖ ਵਾਲੇ ਦਰਬਾਰੀ ਜਾਂ ਅਹਿਲਕਾਰ ਰਾਹੀਂ ਦਿੱਲੀ ਸਰਕਾਰ ਨਾਲ ਤੁਹਾਡਾ ਸਮਝੌਤਾ ਕਰਵਾ ਦੇਂਦਾ ਹਾਂ। ਉਸ ਦੀ ਗੱਲ ਸੁਣ ਕੇ ਗੁਰੂ ਸਾਹਿਬ ਨੇ ਜਵਾਬ ਦਿੱਤਾ: ਤੁਸੀਂ ਹੁਣ ਸਰਕਾਰ ਨਾਲ ਸਮਝੌਤੇ ਦੀ ਗੱਲ ਕਰਦੇ ਹੋ! ਤੁਸੀਂ ਜਾਂ ਤੁਹਾਡੇ ਵਡੇਰੇ ਉਦੋਂ ਕਿੱਥੇ ਸਨ ਜਦੋਂ ਪੰਜਵੇਂ ਨਾਨਕ ਨੂੰ ਸ਼ਹੀਦ ਕੀਤਾ ਗਿਆ ਸੀ, ਜਦੋਂ ਛੇਵੇਂ ਨਾਨਕ ਨੂੰ ਜਹਾਂਗੀਰ ਨੇ ਛੇ ਸਾਲ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਰਖਿਆ ਸੀ, ਜਦੋਂ ਨੌਵੇਂ ਨਾਨਕ ਨੂੰ ਦਿੱਲੀ ਵਿਚ ਲਿਜਾ ਕੇ ਸ਼ਹੀਦ ਕੀਤਾ ਸੀ। ਉਸ ਵੇਲੇ ਤਾਂ ਕਿਸੇ ਸਿੱਖ ਨੇ ਨਾਂ ਨਹੀਂ ਸੀ ਲਿਆ। ਫਿਰ ਅਨੰਦਪੁਰ ਸਾਹਿਬ ਵਿਚ ਕਈ ਮਹੀਨੇ ਘੇਰਾ ਪਿਆ ਰਿਹਾ ਤਾਂ ਵੀ ਤੁਸੀਂ ਨਹੀਂ ਆਏ। ਤੁਸੀਂ ਹੁਣ ਕੀ ਲੈਣ ਆਏ ਹੋ? ਤੁਹਾਨੂੰ ਅਜਿਹੀਆਂ ਗੱਲਾਂ ਕਰਨ ਲਗਿਆਂ ਸੰਗ ਨਹੀਂ ਆਉਂਦੀ?

ਗੁਰੂ ਸਾਹਿਬ ਦਾ ਜਵਾਬ ਸੁਣ ਕੇ ਭਾਗ ਸਿੰਘ ਆਖਣ ਲੱਗਾ: ਜੇ ਤੁਸੀਂ ਇੰਵ ਹੀ ਰਹਿਣਾ ਹੈ ਤਾਂ ਤੁਹਾਡੀ-ਸਾਡੀ ਨਿਭ ਨਹੀਂ ਸਕਦੀ। ਸਾਥੋਂ ਇਹੋ ਜਿਹੀ ਸਿੱਖੀ ਨਹੀਂ ਨਿਭਣੀ। ਫਿਰ ਅਸੀਂ ਵਾਪਿਸ ਚਲੇ ਜਾਂਦੇ ਹਾਂ। ਗੁਰੂ ਜੀ ਨੇ ਭਾਗ ਸਿੰਘ ਦੇ ਬੋਲ ਸੁਣ ਕੇ ਆਖਿਆ: ਅਸੀਂ ਤੁਹਾਨੂੰ ਮਦਦ ਵਾਸਤੇ ਤਾਂ ਨਹੀਂ ਬੁਲਾਇਆ। ਤੁਸੀਂ ਆਪੇ ਹੀ ਆਏ ਹੋ। ਪਰ, ਜੇ ਤੁਹਾਡੇ ਤੋਂ ਸਿੱਖੀ ਨਹੀਂ ਨਿਭ ਸਕਦੀ ਤਾਂ ਠੀਕ ਹੈ! ਲਓ, ਕਾਗ਼ਜ਼ ਤੇ ਲਿਖ ਦਿਓ ਕਿ ਸਾਡਾ ਇਲਾਕਾ ਅੱਜ ਤੋਂ ਗੁਰੂ ਦਾ ਸਿੱਖ ਨਹੀਂ ਰਿਹਾ। ਗੁਰੂ ਸਾਹਿਬ ਦੇ ਬੋਲ ਸੁਣ ਕੇ ਭਾਈ ਮਾਨ ਸਿੰਘ ਨਿਸ਼ਾਨਚੀ ਨੇ ਕਾਗ਼ਜ਼, ਕਲਮ ਤੇ ਦਵਾਤ ਕੱਢ ਕੇ ਭਾਗ ਸਿੰਘ ਦੇ ਅੱਗੇ ਰੱਖ ਦਿਤੀ। ਇਹ ਵੇਖ ਕੇ, ਜੋਸ਼ ਤੇ ਉਬਾਲ ਵਿਚ ਆਏ ਭਾਗ ਸਿੰਘ ਨੇ ਕਾਗ਼ਜ਼ 'ਤੇ ਬੇਦਾਵਾ ਲਿਖ ਦਿੱਤਾ ਤੇ ਹੇਠਾਂ ਆਪਣੇ ਦਸਤਖ਼ਤ ਕਰ ਦਿੱਤੇ। ਇਸ ਮਗਰੋਂ ਦਿਲਬਾਗ ਸਿੰਘ, ਘਰਬਾਰਾ ਸਿੰਘ, ਗੰਡਾ ਸਿੰਘ ਵਗੈਰਾ ਨੇ ਵੀ ਦਸਤਖ਼ਤ ਕਰ ਦਿੱਤੇ ਪਰ ਬਾਕੀ ਸਿੰਘਾਂ ਨੇ ਦਸਤਖ਼ਤ ਨਹੀਂ ਕੀਤੇ।

ਅਜੇ ਇਹ ਗੱਲਾਂ ਚਲ ਹੀ ਰਹੀਆਂ ਸਨ ਕਿ ਇਕ ਸੂਹੀਏ ਸਿੱਖ ਨੇ ਖ਼ਬਰ ਲਿਆ ਦਿੱਤੀ ਕਿ ਸਰਹਿੰਦ ਦੀ ਫ਼ੌਜ ਇਸ ਇਲਾਕੇ ਦੇ ਨੇੜੇ ਹੀ ਆ ਪੁੱਜੀ ਹੈ। ਇਸ 'ਤੇ ਗੁਰੂ ਸਾਹਿਬ ਨੇ ਸਿੰਘਾਂ ਨੂੰ ਘੋੜਿਆਂ 'ਤੇ ਸਵਾਰ ਹੋ ਕੇ ਅੱਗੇ ਕੂਚ ਕਰਨ ਦਾ ਹੁਕਮ ਦਿੱਤਾ। ਗੁਰੂ ਸਾਹਿਬ ਨੇ ਝਬਾਲੀਆਂ ਦਾ ਬੇਦਾਵਾ ਸੰਭਾਲ ਕੇ ਜੇਬ ਵਿਚ ਪਾਇਆ ਅਤੇ ਸਾਥੀ

ਦਸਾਂ ਸਿੰਘ ਨੂੰ ਨਾਲ ਲੈ ਕੇ ਉੱਥੋਂ ਚਲ ਪਏ।

ਗੁਰੂ ਸਾਹਿਬ ਦੇ ਜਾਣ ਮਗਰੋਂ ਮਾਈ ਭਾਗ ਕੌਰ, ਜੋ ਭਾਗ ਸਿੰਘ ਤੇ ਦਿਲਬਾਗ ਸਿੰਘ ਦੀ ਵੱਡੀ ਭੈਣ ਸੀ ਅਤੇ ਨਿਧਾਨ ਸਿੰਘ ਵੜੈਚ ਦੀ ਘਰ ਵਾਲੀ ਸੀ, ਨੇ ਇਨ੍ਹਾਂ ਚਾਲੀ ਸਿੰਘਾਂ ਵੱਲ ਮੂੰਹ ਕਰ ਕੇ ਆਖਿਆ: ਅਜੇ ਤਾਂ ਦੁਨੀ ਚੰਦ ਅਤੇ ਉਸ ਦੇ ਸਾਥੀ ਚਾਰ-ਪੰਜ ਮਝੈਲ ਸਿੰਘਾਂ ਵਲੋਂ ਅਨੰਦਗੜ੍ਹ ਕਿਲ੍ਹੇ 'ਚੋਂ ਰੱਸਾ ਬੰਨ੍ਹ ਕੇ ਭੱਜਣ ਦਾ ਕਲੰਕ ਸਾਡੇ ਮੱਥੇ ਤੋਂ ਨਹੀਂ ਲੱਥਾ। ਅੱਜ ਅਸੀਂ ਗੁੱਸੇ ਵਿਚ ਆ ਕੇ ਗੁਰੂ ਸਾਹਿਬ ਨੂੰ ਬੇਦਾਵਾ ਲਿਖ ਦਿੱਤਾ ਹੈ। ਹੁਣ ਅਸੀਂ ਕਿਹੜਾ ਮੂੰਹ ਲੈ ਕੇ ਵਾਪਿਸ ਵਤਨਾਂ ਨੂੰ ਜਾਵਾਂਗੇ। ਤੁਹਾਨੂੰ ਘਰ ਗਿਆਂ ਨੂੰ ਘਰ-ਵਾਲੀਆਂ ਕੀ ਆਖਣਗੀਆਂ ਕਿ ਸਤਿਗੁਰਾਂ ਦੇ ਆਹ ਦਰਸ਼ਨ ਪਾ ਕੇ ਆਏ ਹੋ? ਲੋਕ ਲਾਹਨਤਾਂ ਪਾਉਣਗੇ। ਕਿਹੜਾ ਮੂੰਹ ਲੈ ਕੇ ਬਾਹਰ ਫਿਰੋਗੇ? ਉਠੋ ਸ਼ੇਰੋ! ਹੰਭਲਾ ਮਾਰੋ! ਗੁਰੂ ਜੀ ਬਖ਼ਸ਼ਿੰਦ ਹਨ। ਉਹ ਜ਼ਰੂਰ ਮੁਆਫ਼ ਕਰ ਦੇਣਗੇ। ਚਲੋ ਚਲੀਏ। ਇਹ ਆਖ ਕੇ ਮਾਈ ਭਾਗ ਕੌਰ ਨੇ ਪੱਲੂ ਫੇਰਿਆ। ਮਾਈ ਦੇ ਬੋਲਾਂ ਨੇ ਉਸ ਦੇ ਛੋਟੇ ਭਰਾ ਭਾਗ ਸਿੰਘ ਨੂੰ ਵੀ ਟੁੰਬ ਹੀ ਲਿਆ ਅਤੇ ਉਸ ਨੇ ਵੀ ਬਾਕੀਆਂ ਨੂੰ ਗੁਰੂ ਜੀ ਦੇ ਪਿੱਛੇ ਜਾਣ ਵਾਸਤੇ ਆਖਿਆ। ਸਾਰੇ ਸਿੱਖ ਜੈਕਾਰਾ ਛੱਡ ਕੇ ਉਸੇ ਪਾਸੇ ਵਲ ਚਲ ਪਏ ਜਿਧਰ ਗੁਰੂ ਸਾਹਿਬ ਗਏ ਸਨ।

ਮਾਈ ਭਾਗ ਕੌਰ ਅਤੇ ਚਾਲ੍ਹੀ ਮਝੈਲ ਸਿੰਘ ਚਲਦੇ-ਚਲਦੇ ਖਿਦਰਾਣੇ ਦੀ ਢਾਬ ਦੇ ਕੰਢੇ 'ਤੇ ਜਾ ਰੁਕੇ। ਇਸ ਵੇਲੇ ਗੁਰੂ ਸਾਹਿਬ ਢਾਬ ਲੰਘ ਕੇ ਨੇੜੇ ਦੀ ਇਕ ਟਿੱਬੀ 'ਤੇ ਜਾ ਠਹਿਰੇ ਸਨ। (ਇਹ ਉਹੀ ਥਾਂ ਹੈ ਜਿੱਥੇ ਗੁਰਦੁਆਰਾ ਟਿੱਬੀ ਸਾਹਿਬ ਬਣਿਆ ਹੋਇਆ ਹੈ। ਢਾਬ ਵਾਲੀ ਥਾਂ 'ਤੇ ਗੁਰਦੁਆਰਾ ਦਰਬਾਰ ਸਾਹਿਬ, ਤੰਬੂ ਸਾਹਿਬ ਅਤੇ ਅੰਗੀਠਾ ਸਾਹਿਬ ਬਣੇ ਹੋਏ ਹਨ)।

ਕੁਝ ਹੀ ਚਿਰ ਮਗਰੋਂ ਸਰਹਿੰਦ ਦਾ ਸੂਬੇਦਾਰ ਵਜ਼ੀਰ ਖ਼ਾਂ ਖ਼ੁਦ ਆਪ ਫ਼ੌਜ ਦੀ ਅਗਵਾਈ ਕਰਦਾ ਉੱਥੇ ਪੁੱਜ ਗਿਆ। ਉਸ ਦਾ ਇਕ ਫ਼ੌਜੀ ਟਿੱਬੀ ਵਲ ਸੂਹ ਲੈਣ ਵਾਸਤੇ ਗਿਆ। ਗੁਰੂ ਸਾਹਿਬ ਨੇ ਉਸ ਵਲ ਐਸਾ ਤੀਰ ਮਾਰਿਆ ਕਿ ਉਹ ਥਾਵੇਂ ਹੀ ਮਾਰਿਆ ਗਿਆ। ਇਸ ਦੇ ਨਾਲ ਹੀ ਵਜ਼ੀਰ ਖ਼ਾਂ ਦੀ ਫ਼ੌਜ ਢਾਬ ਦੇ ਕੰਢੇ 'ਤੇ ਆ ਪੁੱਜੀ। ਚਾਲ੍ਹੀ ਮਝੈਲ ਸਿੰਘ ਵੀ ਉਸ ਵੇਲੇ ਉੱਥੇ ਹੀ ਹਾਜ਼ਿਰ ਸਨ। ਵੇਖਦਿਆਂ-ਵੇਖਦਿਆਂ ਹੀ ਦੋਹਾਂ ਪਾਸਿਆਂ ਤੋਂ ਗੋਲੀਆਂ ਅਤੇ ਤੀਰਾਂ ਦਾ ਮੀਂਹ ਪੈਣਾ ਸ਼ੁਰੂ ਹੋ ਗਿਆ। ਪੌਣੇ ਘੰਟੇ (2 ਘੜੀਆਂ) ਮਗਰੋਂ ਜਦੋਂ ਸਿੰਘਾਂ ਕੋਲ ਤੀਰ ਤੇ ਗੋਲੀਆਂ ਮੁਕ ਗਈਆਂ ਤਾਂ ਉਨ੍ਹਾਂ ਨੇ ਸ੍ਰੀ ਸਾਹਿਬਾਂ ਧੂਹ ਲਈਆਂ ਅਤੇ ਦੁਸ਼ਮਣ ਦੀ ਫ਼ੌਜ 'ਤੇ ਟੁੱਟ ਪਏ। ਦੋਹੀਂ ਤਰਫ਼ੀਂ ਲੋਹੇ ਨਾਲ ਲੋਹਾ ਖੜਕਿਆ। ਚਾਲ੍ਹੀ ਸਿੰਘਾਂ ਅਤੇ ਮਾਈ ਭਾਗੋ ਨੇ ਸਰਹਿੰਦੀ ਫ਼ੌਜ ਦੀ ਅਜਿਹੀ ਵੱਢ-ਟੁੱਕ ਕੀਤੀ ਕਿ ਉਨ੍ਹਾਂ ਨੂੰ ਅੱਲਾ ਚੇਤੇ ਕਰਵਾ ਦਿੱਤਾ। ਇਹ ਲੜਾਈ ਕਾਫ਼ੀ ਦੇਰ ਤੱਕ ਚਲਦੀ ਰਹੀ। ਦੋਹਾਂ ਧਿਰਾਂ ਨੇ ਕੋਈ ਕਸਰ ਨਾ ਛੱਡੀ। ਅਖ਼ੀਰ ਸੈਂਕੜੇ ਮੁਗ਼ਲ ਸਿਪਾਹੀਆਂ ਨੂੰ ਮਾਰਨ ਮਗਰੋਂ ਸੈਂਤੀ ਸਿੰਘ ਸ਼ਹੀਦ ਹੋ ਗਏ ਅਤੇ

ਬਾਕੀ ਦੇ ਤਿੰਨ ਸਿੰਘ ਤੇ ਮਾਈ ਭਾਗ ਕੌਰ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ।

ਜਦੋਂ ਵਜ਼ੀਰ ਖਾਂ ਨੇ ਵੇਖਿਆ ਕਿ ਸਾਰੇ ਸਿੰਘ ਸ਼ਹੀਦ ਹੋ ਗਏ ਹਨ ਤੇ ਕੋਈ ਲੜਨ ਵਾਲਾ ਨਹੀਂ ਰਿਹਾ ਤਾਂ ਉਸ ਨੇ ਫ਼ੌਜ ਨੂੰ ਪਿੱਛੇ ਹਟਣ ਦਾ ਹੁਕਮ ਦੇ ਦਿੱਤਾ। ਉਸ ਨੂੰ ਇਹ ਵੀ ਦਸਿਆ ਜਾ ਚੁੱਕਾ ਸੀ ਕਿ ਉਸ ਨੂੰ ਇਸ ਤੋਂ ਅੱਗੇ ਕਿਤੇ ਪਾਣੀ ਨਹੀਂ ਮਿਲ ਸਕਣਾ ਅਤੇ ਫ਼ੌਜ ਪਿਆਸ ਨਾਲ ਮਰ ਜਾਵੇਗੀ। ਉਂਞ ਵੀ ਥੋੜ੍ਹੀ ਦੂਰੀ ਤੋਂ ਮਗਰੋਂ ਉਸ ਦੇ ਸੂਬੇ ਦੀ ਹੱਦ ਮੁਕ ਜਾਣੀ ਸੀ। ਉਸ ਤੋਂ ਪਰ੍ਹੇ ਦਾ ਇਲਾਕਾ ਮੁਲਤਾਨ ਰਿਆਸਤ ਦੇ ਮਾਤਹਿਤ ਸੀ। ਇਹ ਸੋਚ ਕੇ ਉਸ ਨੇ ਵਾਪਿਸ ਮੁੜਨ ਦਾ ਫ਼ੈਸਲਾ ਤਾਂ ਪਹਿਲਾਂ ਹੀ ਕਰ ਲਿਆ ਹੋਇਆ ਸੀ। ਨਾਲ ਹੀ ਹੁਣ ਸਾਰੇ ਸਿੱਖ, ਉਸ ਦੇ ਖ਼ਿਆਲ ਵਿਚ, "ਖ਼ਤਮ" ਹੋ ਚੁੱਕੇ ਸਨ ਇਸ ਕਰ ਕੇ ਉਸ ਨੇ ਫ਼ੌਜਾਂ ਪਿੱਛੇ ਮੋੜ ਲਈਆਂ। ਸ਼ਾਮ ਪੈਣ ਤੋਂ ਪਹਿਲਾਂ-ਪਹਿਲਾਂ ਸਰਹਿੰਦ ਦੀਆਂ ਫ਼ੌਜਾਂ ਉੱਥੋਂ ਕਾਫ਼ੀ ਦੂਰ ਨਿਕਲ ਚੁਕੀਆਂ ਸਨ।

ਥੋੜ੍ਹੀ ਦੇਰ ਮਗਰੋਂ ਗੁਰੂ ਸਾਹਿਬ ਟਿੱਬੀ ਤੋਂ ਚਲ ਕੇ ਖਿਦਰਾਣੇ ਦੀ ਢਾਬ (ਜਿਸ ਨੂੰ ਉਨ੍ਹਾਂ ਈਸ਼ਰਸਰ ਦਾ ਨਾਂ ਦਿੱਤਾ) ਦੇ ਕੰਢੇ 'ਤੇ ਆਏ। ਉਸ ਵੇਲੇ ਤਕ 37 ਸਿੰਘ ਸ਼ਹੀਦ ਹੋ ਚੁੱਕੇ ਸਨ ਅਤੇ ਸਿਰਫ਼ ਭਾਈ ਰਾਏ ਸਿੰਘ ਮੁਲਤਾਨੀ (ਭਰਾ ਭਾਈ ਮਨੀ ਸਿੰਘ) ਉਸ ਦਾ ਪੁੱਤਰ ਭਾਈ ਮਹਾਂ ਸਿੰਘ, ਭਾਈ ਸੁੰਦਰ ਸਿੰਘ ਬ੍ਰਾਹਮਣ (ਵਾਸੀ ਪਿੰਡ ਝੱਲੀਆਂ ਵਾਲਾ) ਅਤੇ ਮਾਈ ਭਾਗ ਕੌਰ ਸਿਸਕ ਰਹੇ ਸਨ। ਗੁਰੂ ਸਾਹਿਬ ਨੇ ਭਾਈ ਮਾਨ ਸਿੰਘ ਨਿਸ਼ਾਨਚੀ ਨੂੰ ਸ਼ਹੀਦ ਹੋਏ 37 ਸਿੰਘਾਂ ਦੀਆਂ ਲਾਸ਼ਾਂ ਇਕੱਠੀਆਂ ਕਰਨ ਦੀ ਸੇਵਾ ਬਖ਼ਸ਼ੀ ਅਤੇ ਆਪ ਸਹਿਕ ਰਹੇ ਸਿੱਖਾਂ ਕੋਲ ਬੈਠ ਗਏ। ਗੁਰੂ ਸਾਹਿਬ ਨੇ ਇਨ੍ਹਾਂ ਤਿੰਨਾਂ ਅਤੇ ਮਾਈ ਭਾਗ ਕੌਰ ਦੇ ਮੂੰਹ ਵਿਚ ਪਾਣੀ ਪਾਇਆ ਪਰ ਇਨ੍ਹਾਂ ਦੇ ਜ਼ਖ਼ਮ ਬੜੇ ਡੂੰਘੇ ਸਨ। ਇਨ੍ਹਾਂ ਦੇ ਬਚਣ ਦੀ ਕੋਈ ਆਸ ਨਹੀਂ ਸੀ। ਮਾਈ ਭਾਗ ਕੌਰ ਨੂੰ ਖੱਬੇ ਪੱਟ ਵਿਚ ਗੋਲੀ ਲੱਗੀ ਹੋਈ ਸੀ ਪਰ ਬਾਕੀ ਤਿੰਨੇ ਬੜੇ ਨਿਢਾਲ ਹੋ ਚੁੱਕੇ ਸਨ। ਗੁਰੂ ਸਾਹਿਬ ਨੇ ਸ਼ਹੀਦ ਹੋਏ ਸਾਰੇ ਸਿੱਖਾਂ ਨੂੰ "ਦਸ ਹਜ਼ਾਰੀ", "ਵੀਹ ਹਜ਼ਾਰੀ", ਪੰਜਾਹ ਹਜ਼ਾਰੀ" ਆਖ ਕੇ "ਮਨਸਬ" ਦਿੱਤੇ।

ਇਸ ਮਗਰੋਂ ਗੁਰੂ ਸਾਹਿਬ ਨੇ ਸਹਿਕ ਰਹੇ ਤਿੰਨਾਂ ਸਿੰਘਾਂ ਨੂੰ ਪੁੱਛਿਆ ਕਿ ਤੁਹਾਨੂੰ ਕਿੰਨਾ ਮਨਸਬ ਜਾਂ ਕਿੱਥੋਂ ਦਾ ਰਾਜ ਚਾਹੀਦਾ ਹੈ। ਆਪਣੇ ਮੂੰਹੋਂ ਮੰਗ ਲਓ। ਇਸ ਤੇ ਭਾਈ ਰਾਏ ਸਿੰਘ ਬੋਲਿਆ "ਗੁਰੂ ਜੀ ਜੇ ਆਪ ਤਰੁਠੇ ਹੀ ਹੋ ਤਾਂ ਤੁਸੀਂ ਭਾਈ ਭਾਗ ਸਿੰਘ ਦਾ ਲਿਖਿਆ ਸਿੱਖੀ ਤੋਂ ਪੰਚਾਇਤੀ ਬੇਦਾਵਾ ਫਾੜ ਕੇ ਸਾਨੂੰ ਸਿੱਖੀ ਦਾਨ ਬਖ਼ਸ਼ ਦਿਓ।" ਇਹ ਸੁਣ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ "ਧੰਨ ਸਿੱਖੀ! ਧੰਨ ਸਿੱਖੀ!! ਧੰਨ ਸਿੱਖੀ!!!" ਆਖਿਆ ਅਤੇ ਆਪਣੀ ਜੇਬ੍ਹ ਵਿਚੋਂ ਬੇਦਾਵੇ ਵਾਲਾ ਕਾਗ਼ਜ਼ ਕੱਢ ਕੇ ਫਾੜ ਦਿੱਤਾ। **(ਕਈ ਲੇਖਕਾਂ ਨੇ ਇਹ ਬੋਲ ਰਾਏ ਸਿੰਘ ਦੇ ਪੁੱਤਰ ਮਹਾਂ ਸਿੰਘ ਤੋਂ ਅਖਵਾਏ ਹਨ। ਦਰਅਸਲ ਮਹਾਂ ਸਿੰਘ ਨੇ ਸਭ ਤੋਂ ਅਖ਼ੀਰ 'ਤੇ ਸੁਆਸ ਛੱਡੇ ਸੀ ਇਸ ਕਰ ਕੇ ਇਨ੍ਹਾਂ ਲੇਖਕਾਂ ਨੇ ਉਸ**

ਦਾ ਨਾਂ ਲਿਖ ਦਿੱਤਾ ਹੈ। ਇਹ ਗ਼ਲਤੀ ਸੰਤੋਖ ਸਿੰਘ ਨੇ "ਗੁਰ ਪ੍ਰਤਾਪ ਸੂਰਜ ਗ੍ਰੰਥ" ਵਿਚ ਕੀਤੀ ਸੀ ਤੇ ਬਾਕੀਆਂ ਨੇ ਤਾਂ ਉਸ ਦੀ ਨਕਲ ਕਰ ਕੇ ਹੀ ਲਿਖ ਦਿੱਤਾ ਸੀ।)

ਇਸ ਮਗਰੋਂ ਗੁਰੂ ਸਾਹਿਬ ਨੇ ਇੰਨਾਂ ਸਿੰਘਾਂ ਦੀ ਮਰਹਮ-ਪੱਟੀ ਕਰਨ ਦੀ ਕੋਸ਼ਿਸ਼ ਕੀਤੀ ਪਰ ਕੋਈ ਫ਼ਰਕ ਨਾ ਪਿਆ। ਗੁਰੂ ਜੀ ਸਾਰੀ ਰਾਤ ਇਨ੍ਹਾਂ ਨਾਲ ਗੱਲਾਂ ਕਰਦੇ ਰਹੇ। ਅੱਧੀ ਰਾਤ ਵੇਲੇ ਭਾਈ ਸੁੰਦਰ ਸਿੰਘ ਝੱਲੀਆਂ ਵਾਲਾ ਸਾਹ ਛੱਡ ਗਿਆ। ਇਸ ਮਗਰੋਂ ਭਾਈ ਰਾਏ ਸਿੰਘ ਤੇ ਕੁਝ ਚਿਰ ਮਗਰੋਂ ਚਾਲ੍ਹੀਵਾਂ ਸਿੰਘ ਭਾਈ ਮਹਾਂ ਸਿੰਘ ਵੀ ਵਾਹਿਗੁਰੂ ਦੇ ਕਦਮਾਂ ਵਿਚ ਜਾ ਪੁੱਜਾ।

ਅਗਲੀ ਸਵੇਰ, ਮਾਘ ਦੀ ਪਹਿਲੀ ਨੂੰ, 30 ਦਸੰਬਰ 1705 ਦੇ ਦਿਨ, ਗੁਰੂ ਸਾਹਿਬ ਨੇ ਇਨ੍ਹਾਂ ਚਾਲ੍ਹੀ ਸਿੰਘਾਂ ਵਾਸਤੇ ਆਸਾ ਦੀ ਵਾਰ ਦਾ ਪਾਠ ਕਰ ਕੇ ਭੋਗ ਪਾਇਆ। ਕੁਝ ਚਿਰ ਮਗਰੋਂ ਭਾਈ ਦਾਨ ਸਿੰਘ ਖਿਦਰਾਣਾ ਪਿੰਡ ਵਿਚੋਂ ਤ੍ਰਿਹਾਵਲ (ਘਿਓ, ਮੈਦਾ, ਖੰਡ) ਲੈ ਆਇਆ। ਗੁਰੂ ਸਾਹਿਬ ਨੇ ਆਪ ਪਾਠ ਕਰ ਕੇ ਦੇਗ ਤਿਆਰ ਕਰਵਾਈ। ਸ਼ਹੀਦ ਸਿੰਘਾਂ ਨੂੰ ਇਸ਼ਨਾਨ ਕਰਵਾ ਕੇ ਲਕੜੀਆਂ ਦੇ ਢੇਰ 'ਤੇ ਇਕੱਠਿਆਂ ਹੀ ਰੱਖ ਦਿਤਾ ਗਿਆ। ਗੁਰੂ ਸਾਹਿਬ ਨੇ ਆਪ ਸੋਹਿਲਾ ਦਾ ਪਾਠ ਕੀਤਾ ਤੇ ਫਿਰ ਆਪਣੇ ਹੱਥੀਂ ਹੀ ਇਨ੍ਹਾਂ ਦੀ ਚਿਖਾ ਨੂੰ ਅੱਗ ਲਾਈ। ਇਸ ਮਗਰੋਂ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ। ਸਸਕਾਰ ਮਗਰੋਂ ਗੁਰੂ ਸਾਹਿਬ ਨੇ ਹਾਜ਼ਿਰ ਸਿੰਘਾਂ ਨੂੰ ਮੁਖ਼ਾਤਿਬ ਹੁੰਦਿਆਂ ਆਖਿਆ ਕਿ ਇਨ੍ਹਾਂ ਚਾਲ੍ਹੀ ਸਿੰਘਾਂ ਨੇ ਧਰਮ ਹੇਤ ਸੀਸ ਦਿੱਤੇ ਹਨ। ਇਨ੍ਹਾਂ ਨੂੰ ਵੀ **'ਚਾਲ੍ਹੀ ਮੁਕਤੇ'** ਆਖ ਕੇ ਚੇਤੇ ਕੀਤਾ ਜਾਇਆ ਕਰੇਗਾ।

ਗੁਰੂ ਸਾਹਿਬ 30 ਅਤੇ 31 ਦਸੰਬਰ ਦਾ ਦਿਨ ਉੱਥੇ ਹੀ ਰਹੇ ਅਤੇ ਜਦੋਂ ਚਿਖਾ ਪੂਰੀ ਤਰ੍ਹਾਂ ਸੜ ਗਈ ਤਾਂ ਗੁਰੂ ਸਾਹਿਬ ਨੇ ਅੰਗੀਠੇ ਤੇ ਮਿੱਟੀ ਪੁਆ ਦਿੱਤੀ। 31 ਦਸੰਬਰ ਦੀ ਰਾਤ ਨੂੰ ਖਿਦਰਾਣੇ ਦੇ ਵਾਸੀ ਗੁਰੂ ਸਾਹਿਬ ਨੂੰ ਪਿੰਡ ਲੈ ਗਏ ਅਤੇ ਸੇਵਾ ਕੀਤੀ। ਰਾਤ ਗੁਰੂ ਸਾਹਿਬ ਖਿਦਰਾਣੇ ਰਹੇ ਅਤੇ ਪਹਿਲੀ ਜਨਵਰੀ 1706 ਨੂੰ ਖਿਦਰਾਣੇ ਤੋਂ ਤਲਵੰਡੀ ਸਾਬੋ ਵਲ ਚਲ ਪਏ। ਇਸ ਤੋਂ ਕੁਝ ਸਾਲ ਮਗਰੋਂ ਪਿੰਡ ਹਰੀਕੇ ਕਲਾਂ ਦੇ ਭਾਈ ਲੰਗਰ ਸਿੰਘ ਨੇ ਇਸ ਥਾਂ 'ਤੇ ਸ਼ਹੀਦਾਂ ਦੀ ਯਾਦ ਵਿਚ ਥੜ੍ਹਾ ਬਣਾਇਆ ਤੇ ਸ਼ਹੀਦ ਗੰਜ ਪਰਗਟ ਕੀਤਾ। ਉਸ ਦਿਨ (29 ਦਸੰਬਰ 1725) ਤੋਂ ਮੁਕਤਸਰ ਵਿਚ ਸ਼ਹੀਦਾਂ ਦੇ ਪਰਿਵਾਰ ਅਤੇ ਹੋਰ ਸਿੰਘ ਅਰਦਾਸ ਕਰਨ ਵਾਸਤੇ ਪੁੱਜਣ ਲਗ ਪਏ। ਹੌਲੀ-ਹੌਲੀ ਇਸ ਥਾਂ 'ਤੇ ਵੱਡਾ ਮੇਲਾ ਲੱਗਣ ਲੱਗ ਪਿਆ।

ਇਹ ਸ਼ਹੀਦੀਆਂ 28 ਦਸੰਬਰ 1705 ਦੀਆਂ ਹਨ ਪਰ ਗਿਆਨੀ ਗਿਆਨ ਸਿੰਘ ਨੇ "ਪਾਣੀ ਦੀ ਤੋਟ" ਦਾ ਭੁਲੇਖਾ ਖਾ ਕੇ ਇਸ ਘਟਨਾ ਨੂੰ ਗਰਮੀਆਂ ਵਿਚ ਲੈ ਆਂਦਾ ਜਿਸ ਨਾਲ ਕੁਝ ਲੋਕਾਂ ਨੇ ਭੁਲੇਖਾ ਖਾ ਕੇ ਇਸ ਗ਼ਲਤੀ ਨੂੰ ਹਕੀਕਤ ਬਣਾ ਕੇ ਇਸ ਦਿਨ ਵੀ ਮੇਲਾ ਲਾਉਣਾ ਸ਼ੁਰੂ ਕਰ ਦਿੱਤਾ।

ਇਸ ਸਬੰਧ ਵਿਚ ਦੂਜਾ ਭੁਲੇਖਾ ਬੇਦਾਵਾ ਪੜ੍ਹਵਾਉਣ ਵਾਲੇ ਸ਼ਖ਼ਸ ਬਾਰੇ ਹੈ।

ਭੱਟ ਵਹੀਆਂ ਮੁਤਾਬਿਕ ਇਹ ਬੇਦਾਵਾ ਪਾੜਨ ਵਾਸਤੇ ਭਾਈ ਰਾਏ ਸਿੰਘ ਨੇ ਅਰਜ਼ ਕੀਤੀ ਸੀ ਪਰ ਇਕ-ਅੱਧ ਲੇਖਕ ਨੇ ਬੇਦਾਵਾ ਪੜਵਾਉਣ ਦਾ ਸਿਹਰਾ ਆਖ਼ਰੀ ਸਾਹ ਲੈਣ ਵਾਲੇ (ਰਾਏ ਸਿੰਘ ਦੇ ਪੁੱਤਰ) ਭਾਈ ਮਹਾਂ ਸਿੰਘ ਨੂੰ ਦੇ ਦਿੱਤਾ। ਇਸ ਲੜਾਈ ਦੇ ਖ਼ਤਮ ਹੋਣ ਮਗਰੋਂ ਭਾਈ ਸੀਤਲ ਸਿੰਘ, ਰਾਏ ਸਿੰਘ ਤੇ ਮਹਾਂ ਸਿੰਘ ਹੀ ਸਿਸਕ ਰਹੇ ਸਨ ਤੇ ਬਾਕੀ ਸ਼ਹੀਦ ਹੋ ਚੁੱਕੇ ਸਨ। ਰਾਏ ਸਿੰਘ ਨੇ ਬੇਦਾਵਾ ਪੜਵਾਇਆ ਸੀ, ਸੀਤਲ ਸਿੰਘ ਨੇ ਤਿੰਨਾਂ 'ਚੋਂ ਸਭ ਤੋਂ ਪਹਿਲਾਂ ਸਾਹ ਛੱਡੇ ਸਨ ਅਤੇ ਭਾਈ ਮਹਾਂ ਸਿੰਘ ਨੇ ਸਭ ਤੋਂ ਅਖ਼ੀਰ 'ਤੇ।

ਇਸ ਸਬੰਧੀ ਤੀਜਾ ਭੁਲੇਖਾ ਬੇਦਾਵਾ ਲਿਖਣ ਦੀ ਥਾਂ ਦਾ ਹੈ। ਇਕ ਲੇਖਕ ਨੇ ਇਹ ਬੇਦਾਵਾ ਅਨੰਦਪੁਰ ਸਾਹਿਬ ਵਿਚ ਲਿਖਿਆ ਆਖਿਆ ਸੀ। (ਬਾਕੀਆਂ ਨੇ ਮੱਖੀ ਤੇ ਮੱਖੀ ਮਾਰ ਦਿੱਤੀ)। ਅਨੰਦਪੁਰ ਸਾਹਿਬ ਦੇ ਬੇਦਾਵਾ ਲਿਖਣ ਦੀ ਗੱਲ ਬੇਦਲੀਲੀ ਹੈ। ਸਵਾਲ ਹੈ ਕਿ ਜੇ ਅਨੰਦਪੁਰ ਸਾਹਿਬ ਨੂੰ ਘੇਰਾ ਪਿਆ ਹੋਇਆ ਸੀ ਤਾਂ ਇਹ 40 ਸਿੱਖ ਬੇਦਾਵਾ ਲਿਖ ਕੇ ਉੱਥੋਂ ਬਚ ਕੇ ਨਿਕਲ ਕਿਵੇਂ ਆਏ? ਕੀ ਉਹ ਪਹਾੜੀ ਜਾਂ ਮੁਗ਼ਲ ਫ਼ੌਜਾਂ ਨਾਲ ਸਮਝੌਤਾ ਕਰ ਕੇ ਜਾਂ ਰਿਸ਼ਵਤ ਦੇ ਕੇ ਆਏ ਸਨ ਜਾਂ ਕੇਸ ਕਟੱਵਾ ਕੇ, ਮੋਨੇ ਬਣ ਕੇ ਨਿਕਲੇ ਸਨ? ਫਿਰ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਤੋਂ ਚਲਣ ਲੱਗਿਆਂ ਖ਼ਾਸ ਕਰ ਕੇ ਇਹ "ਬੇਦਾਵਾ" ਹੀ ਆਪਣੀ ਜੇਬ੍ਹ ਵਿਚ ਪਾਇਆ ਹੋਇਆ ਸੀ! ਇਹ ਨੁਕਤਾ ਬੇਦਲੀਲਾ ਹੈ। ਇਸ ਕਰ ਕੇ ਰੁਪੇਆਣਾ ਦੀ ਜੂਹ (ਮਲੂਣ ਸੌਢੀਆਂ) ਵਿਚ ਬੇਦਾਵਾ ਲਿਖਣ ਦੀ ਗੱਲ ਸਹੀ ਹੈ ਕਿਉਂਕਿ ਉਸ ਤੋਂ ਕੁਝ ਘੰਟੇ ਮਗਰੋਂ ਹੀ ਉਹ ਬੇਦਾਵਾ ਪਾੜ ਦਿੱਤਾ ਗਿਆ ਸੀ। ਏਨਾ ਚਿਰ ਗੁਰੂ ਸਾਹਿਬ ਕੋਲ ਕਾਗ਼ਜ਼ ਰਹਿ ਸਕਣਾ ਮੁਮਕਿਨ ਜਾਪਦਾ ਹੈ।

ਮੁਕਤਸਰ ਵਿਚ ਸ਼ਹੀਦ ਹੋਣ ਵਾਲੇ 40 ਮੁਕਤਿਆਂ ਦੇ ਨਾਂ ਵੀ ਵੱਖ-ਵੱਖ ਲੇਖਕਾਂ ਨੇ ਵੱਖ-ਵੱਖ ਹੀ ਦਿੱਤੇ ਹਨ। ਹੋ ਸਕਦਾ ਹੈ ਕਿ ਇਹ ਨਾਂ ਸੁਣੇ-ਸੁਣਾਏ ਸੋਮਿਆਂ ਤੋਂ ਲਏ ਗਏ ਹੋਣ। ਪਰ, ਭੱਟ ਵਹੀਆਂ ਅਤੇ ਕੁਰਸੀਨਾਮਿਆਂ ਤੋਂ ਕੁਝ ਨਾਂ ਸਹੀ ਤੌਰ 'ਤੇ ਮਿਲ ਜਾਂਦੇ ਹਨ। ਇਹ ਨਾਂ ਹੇਠ ਲਿਖੇ ਹਨ:

1. ਭਾਈ ਰਾਏ ਸਿੰਘ ਮੁਲਤਾਨੀ (ਪਿੰਡ ਮਰਲ-ਮਾੜੀ)
2. ਭਾਈ ਮਹਾਂ ਸਿੰਘ (ਪੁੱਤਰ ਭਾਈ ਰਾਏ ਸਿੰਘ)
3. ਭਾਈ ਸੀਤਲ ਸਿੰਘ (ਪੁੱਤਰ ਭਾਈ ਰਾਏ ਸਿੰਘ)
4. ਭਾਈ ਸੁੰਦਰ ਸਿੰਘ ਬ੍ਰਾਹਮਣ (ਪਿੰਡ ਝੱਲੀਆਂ ਵਾਲਾ)
5. ਭਾਈ ਬੂੜ ਸਿੰਘ (ਪਿਤਾ ਭਾਈ ਸੁੰਦਰ ਸਿੰਘ)
6. ਭਾਈ ਭਾਗ ਸਿੰਘ (ਝਬਾਲ ਵਾਸੀ)
7. ਭਾਈ ਦਿਲਬਾਗ ਸਿੰਘ (ਭਰਾ ਭਾਈ ਭਾਗ ਸਿੰਘ)

8. ਭਾਈ ਘਰਬਾਰਾ ਸਿੰਘ (ਝਬਾਲ ਵਾਸੀ) ਸ਼ਾਇਦ ਭਾਗ ਸਿੰਘ ਦਾ ਭਰਾ ਸੀ.
9. ਭਾਈ ਗੰਡਾ ਸਿੰਘ (ਝਬਾਲ ਵਾਸੀ) ਸ਼ਾਇਦ ਭਾਗ ਸਿੰਘ ਦਾ ਭਰਾ ਸੀ.
10. ਭਾਈ ਸੁਲਤਾਨ ਸਿੰਘ ਵੜੈਚ (ਪੁੱਤਰ ਭਾਈ ਦੇਸ ਰਾਜ ਵੜੈਚ)
11. ਭਾਈ ਨਿਧਾਨ ਸਿੰਘ ਵੜੈਚ
(ਪਤੀ ਮਾਈ ਭਾਗ ਕੌਰ ਅਤੇ ਪੁੱਤਰ ਭਾਈ ਦੇਸ ਰਾਜ ਵੜੈਚ)
12. ਭਾਈ ਖ਼ੁਸ਼ਹਾਲ ਸਿੰਘ (ਗੁਰੂ ਅਮਰ ਦਾਸ ਸਾਹਿਬ ਤੋਂ ਅਠਵੀਂ ਪੀੜ੍ਹੀ)
13. ਭਾਈ ਦਰਬਾਰੀ ਸਿੰਘ
(ਪੁੱਤਰ ਭਾਈ ਖ਼ੁਸ਼ਹਾਲ ਸਿੰਘ, ਗੁਰੂ ਅਮਰ ਦਾਸ ਸਾਹਿਬ ਤੋਂ ਨੌਂਵੀਂ ਪੀੜ੍ਹੀ)
14. ਭਾਈ ਘਰਬਾਰੀ ਸਿੰਘ
(ਪੁੱਤਰ ਭਾਈ ਖ਼ੁਸ਼ਹਾਲ ਸਿੰਘ, ਗੁਰੂ ਅਮਰ ਦਾਸ ਸਾਹਿਬ ਤੋਂ ਨੌਂਵੀਂ ਪੀੜ੍ਹੀ)

ਇਹ 14 ਨਾਂ ਉਹ ਹਨ ਜਿਨ੍ਹਾਂ ਬਾਰੇ ਕੋਈ ਭੁਲੇਖਾ ਨਹੀਂ ਹੈ ਪਰ ਸੰਤੋਖ ਸਿੰਘ ਅਤੇ ਇਕ ਅੱਧ ਹੋਰ ਲੇਖਕ ਨੇ ਜੋ 40 ਨਾਂ ਦਿੱਤੇ ਹਨ ਉਸ ਸੂਚੀ ਵਿਚ ਇਨ੍ਹਾਂ ਵਿਚੋਂ ਕਈ ਨਾਂ ਨਹੀਂ ਮਿਲਦੇ। ਇਸ ਦਾ ਮਤਲਬ ਸਾਫ਼ ਹੈ ਕਿ ਸੰਤੋਖ ਸਿੰਘ ਜਾਂ ਉਸ ਦੇ ਅਧਾਰ 'ਤੇ 40 ਮੁਕਤਿਆਂ ਦੇ ਨਾਂਵਾਂ ਵਿਚੋਂ ਕੁਝ ਨਾਂ ਯਕੀਨਨ ਗ਼ਲਤ ਹਨ। ਉਨ੍ਹਾਂ ਵਿਚੋਂ ਕਿਹੜੇ ਨਾਂ ਗ਼ਲਤ ਹਨ, ਇਸ ਬਾਰੇ, ਅਜੇ, ਦਾਅਵੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਹੋ ਸਕਦਾ ਹੈ ਕਿ ਭੱਟ ਵਹੀਆਂ ਅਤੇ ਕੁਰਸੀਨਾਮਿਆਂ ਵਿਚੋਂ ਕਿਧਰੋਂ ਸ਼ਾਇਦ ਬਾਕੀ ਨਾਂਵਾਂ ਦਾ ਵੀ ਨਿਖੇੜਾ ਹੋ ਸਕੇ। ਹਾਲ ਦੀ ਘੜੀ ਇਹੀ ਅਖਿਆ ਜਾ ਸਕਦਾ ਹੈ ਕਿ ਇਨ੍ਹਾਂ 14 ਅਤੇ 26 ਹੋਰ ਸਿੰਘਾਂ ਨੇ ਖਿਦਰਾਣੇ ਦੀ ਢਾਬ 'ਤੇ ਸ਼ਹੀਦੀ ਹਾਸਿਲ ਕੀਤੀ ਸੀ।

ਭਾਈ ਰਾਏ ਸਿੰਘ ਮੁਲਤਾਨੀ

ਭਾਈ ਰਾਏ ਸਿੰਘ ਮੁਲਤਾਨੀ ਮੁਕਤਸਰ ਦੀ ਸਰਜ਼ਮੀਂ ਤੇ 29 ਦਸੰਬਰ 1705 ਦੇ ਦਿਨ ਵਜ਼ੀਰ ਖਾਂ ਦੀ ਫ਼ੌਜ ਨਾਲ ਲੜਦੇ ਸਖ਼ਤ ਜ਼ਖ਼ਮੀ ਹੋਏ ਸਨ। ਆਪ ਨੇ 29 ਤੇ 30 ਦਸੰਬਰ ਦੀ ਰਾਤ ਨੂੰ ਸਾਹ ਛੱਡੇ ਸਨ।

ਭਾਈ ਰਾਏ ਸਿੰਘ ਭਾਈ ਮਾਈ ਦਾਸ ਦੇ ਪੁੱਤਰ ਸ਼ਹੀਦ ਭਾਈ ਬੱਲੂ ਦੇ ਪੋਤੇ ਅਤੇ ਭਾਈ ਮੂਲਾ ਦੇ ਪੜਪੋਤੇ ਸਨ। ਆਪ ਦਾ ਜਨਮ ਭਾਈ ਮਾਈ ਦਾਸ ਤੇ ਮਾਤਾ ਲਡਿੱਕੀ ਦੇ ਘਰ ਪਿੰਡ ਅਲੀਪੁਰ ਜ਼ਿਲ੍ਹਾ ਮੁਜ਼ੱਫ਼ਰਗੜ੍ਹ, ਰਿਆਸਤ ਮੁਲਤਾਨ (ਹੁਣ ਪਾਕਿਸਤਾਨ) ਵਿਚ ਹੋਇਆ ਸੀ। ਆਪ ਭਾਈ ਮਾਈ ਦਾਸ ਦੇ ਯਾਰ੍ਹਵੇਂ ਪੁੱਤਰ ਸਨ। (ਭਾਈ ਮਨੀ ਸਿੰਘ ਆਪ ਦੇ ਵੱਡੇ ਭਰਾ ਸਨ)।

ਭਾਈ ਰਾਏ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰੀ ਸਿੱਖਾਂ ਵਿਚੋਂ ਇਕ ਸਨ। ਆਪ ਦਾ ਗੁਰੂ ਸਾਹਿਬ ਨਾਲ ਏਨਾ ਪਿਆਰ ਸੀ ਕਿ ਆਪ ਗੁਰੂ ਸਾਹਿਬ ਦੇ ਕੋਲ ਅਕਸਰ ਅਨੰਦਪੁਰ ਸਾਹਿਬ ਵਿਚ ਹੀ ਰਿਹਾ ਕਰਦੇ ਸਨ। ਅਨੰਦਪੁਰ ਸਾਹਿਬ 'ਤੇ ਹੋਏ ਹਰ ਹਮਲੇ ਵਿਚ ਆਪ ਨੇ ਹਮਲਾਵਰ ਫ਼ੌਜਾਂ ਦੇ ਖ਼ਿਲਾਫ਼ ਡੱਟ ਕੇ ਲੜਾਈ ਕੀਤੀ ਸੀ। ਅਨੰਦਪੁਰ ਸਾਹਿਬ ਦੇ ਵੱਡੇ ਘੇਰੇ (ਮਈ ਤੋਂ ਦਸੰਬਰ 1705) ਤੋਂ ਪਹਿਲਾਂ ਹੋਈ ਅਨੰਦਪੁਰ ਸਾਹਿਬ ਦੀ ਆਖ਼ਰੀ ਲੜਾਈ 12 ਤੇ 13 ਮਾਰਚ 1705 ਵਿਚ ਵੀ ਆਪ ਨੇ ਖ਼ੂਬ ਬਹਾਦਰੀ ਦੇ ਜੌਹਰ ਦਿਖਾਏ ਸਨ।

29 ਮਾਰਚ 1705 ਦੇ ਦਿਨ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਵਿਚ ਆਖ਼ਰੀ ਵੱਡਾ ਇੱਕਠ ਕੀਤਾ। ਇਸ ਤੋਂ ਅਗਲੇ ਦਿਨ ਆਪ ਨੇ ਉਸ ਨਗਰ ਵਿਚ ਰਹਿ ਰਹੇ ਸਾਰੇ ਸਿੱਖਾਂ ਨੂੰ ਇਕੱਠਿਆਂ ਕੀਤਾ ਅਤੇ ਆਖਿਆ ਕਿ ਨਗਰ ਵਿਚ ਰਹਿ ਰਹੇ ਸਾਰੇ ਕਬੀਲਦਾਰ ਸਿੰਘ ਆਪੋ-ਆਪਣੇ ਪਰਿਵਾਰਾਂ ਨੂੰ ਲੈ ਕੇ ਆਪੋ-ਆਪਣੇ ਵਤਨਾਂ ਨੂੰ ਚਲੇ ਜਾਣ। ਗੁਰੂ ਜੀ ਨੇ ਉਨ੍ਹਾਂ ਨੂੰ ਦੱਸਿਆ ਕਿ ਹੁਣ ਪਹਾੜੀਆਂ ਅਤੇ ਮੁਗ਼ਲਾਂ ਨਾਲ ਲੰਬੀ ਲੜਾਈ ਦਾ ਵੇਲਾ ਆ ਗਿਆ ਹੈ ਇਸ ਕਰ ਕੇ ਕਬੀਲਦਾਰ ਲੋਕ ਇਥੇ ਨਾ ਰਹਿਣ। ਗੁਰੂ ਜੀ ਦਾ ਆਖਾ ਮੰਨ ਕੇ ਸਾਰੇ ਟੱਬਰਦਾਰ ਸਿੱਖ ਉੱਥੋਂ ਚਲੇ ਗਏ। ਹੁਣ ਗੁਰੂ ਜੀ ਦੇ ਆਪਣੇ ਪਰਿਵਾਰ ਤੋਂ ਇਲਾਵਾ ਸਿਰਫ਼ ਭਾਈ ਰਾਏ ਸਿੰਘ ਮੁਲਤਾਨੀ ਹੀ ਅਨੰਦਪੁਰ ਸਾਹਿਬ ਵਿਚ ਰਹਿ ਗਿਆ ਸੀ। ਗੁਰੂ ਸਾਹਿਬ ਨੇ ਭਾਈ ਰਾਏ ਸਿੰਘ ਨੂੰ ਕੋਲ ਬੁਲਾ ਕੇ ਉਸ ਦੇ ਉੱਥੋਂ ਨਾ ਜਾਣ ਦਾ ਕਾਰਨ ਪੁੱਛਿਆ ਤਾਂ ਉਸ ਨੇ ਆਖਿਆ ਕਿ ਗੁਰੂ ਸਾਹਿਬ ਮੈਂ ਤਾਂ ਘਰ ਦਾ ਮੋਹ ਛੱਡ ਕੇ ਆਇਆ ਹਾਂ। ਮੈਨੂੰ ਤੁਸੀਂ ਆਪਣੇ ਕਦਮਾਂ ਵਿਚ ਰਹਿਣ

ਦੀ ਇਜਾਜ਼ਤ ਦੇਵੇ। ਪਰ ਗੁਰੂ ਸਾਹਿਬ ਨੇ ਉਸ ਨੂੰ ਆਖਿਆ ਕਿ ਅਸੀਂ ਕਿਸੇ ਕਬੀਲਦਾਰ ਬੰਦੇ ਨੂੰ ਆਪਣੇ ਕੋਲ ਨਹੀਂ ਰਖਣਾ। ਇਸ ਲਈ ਤੂੰ ਵੀ ਚਲਾ ਜਾਹ। ਗੁਰੂ ਸਾਹਿਬ ਦਾ ਹੁਕਮ ਮੰਨਦਿਆਂ ਭਾਈ ਰਾਏ ਸਿੰਘ ਅਨੰਦਪੁਰ ਸਾਹਿਬ ਤੋਂ ਭਾਈ ਘੁੱਦਾ ਸਿੰਘ ਨਾਂ ਦੇ ਇਕ ਸਿੱਖ ਨਾਲ ਮਾਝੇ ਦੇ ਇਕ ਪਿੰਡ ਮਰਲ੍ਹ-ਮਾੜੀ (ਜ਼ਿਲ੍ਹਾ ਲਾਹੌਰ) ਵਿਚ ਜਾ ਕੇ ਰਹਿਣ ਲੱਗ ਪਿਆ। ਉਹ ਪਹਿਲੋਂ ਪਿੰਡ ਅਲੀਪੁਰ (ਰਿਆਸਤ ਮੁਲਤਾਨੀ) ਵਿਚ ਰਿਹਾ ਕਰਦਾ ਸੀ।

ਦਸੰਬਰ 1705 ਦੇ ਆਖ਼ਰੀ ਦਿਨਾਂ ਵਿਚ ਜਦੋਂ ਭਾਈ ਰਾਏ ਸਿੰਘ ਨੂੰ ਮਰਲ੍ਹ ਪਿੰਡ ਵਿਚ ਆਏ ਨੂੰ ਅਜੇ ਸਤ-ਅੱਠ ਮਹੀਨੇ ਹੀ ਹੋਏ ਸਨ ਤਾਂ ਉਸ ਨੂੰ ਮਰਲ੍ਹਾਂ ਦੇ ਨੇੜੇ ਪੱਟੀ ਦੇ ਭਾਈ ਦੇਸ ਰਾਜ ਵੜੈਚ ਦੇ ਭੋਗ 'ਤੇ ਗੁਰੂ ਸਾਹਿਬ ਦੇ ਅਨੰਦਪੁਰੋਂ ਜਾਣ ਅਤੇ ਸ਼ਹੀਦੀਆਂ ਬਾਰੇ ਪਤਾ ਲੱਗਾ ਤਾਂ ਉਹ ਮਾਝੇ ਦੇ ਕੁਝ ਸਿੰਘਾਂ ਦੇ ਜਥੇ ਨਾਲ ਗੁਰੂ ਸਾਹਿਬ ਨੂੰ ਮਿਲਣ ਆਇਆ। ਇਸ ਮੌਕੇ 'ਤੇ ਉਸ ਨਾਲ ਉਸ ਦੇ ਦੋ ਪੁੱਤਰ ਭਾਈ ਮਹਾਂ ਸਿੰਘ ਤੇ ਭਾਈ ਸੀਤਲ ਸਿੰਘ ਵੀ ਸਨ

ਇਹ ਸਾਰੇ ਸਿੰਘ ਗੁਰੂ ਸਾਹਿਬ ਨੂੰ ਰੁਪੋਆਣਾ ਕੋਲ ਆ ਮਿਲੇ। ਇਸ ਮੁਲਾਕਾਤ ਦੌਰਾਨ ਭਾਈ ਭਾਗ ਸਿੰਘ ਝਬਾਲੀਏ ਤੇ ਉਸ ਦੇ ਸਾਥੀਆਂ ਨੇ ਜੋਸ਼ ਵਿਚ ਆ ਕੇ ਗੁਰੂ ਸਾਹਿਬ ਨੂੰ 'ਬੇਦਾਵਾ' ਲਿਖ ਦਿੱਤਾ ਤੇ ਇਸ ਮਗਰੋਂ ਗੁਰੂ ਸਾਹਿਬ ਉੱਥੋਂ ਚਲੇ ਗਏ। ਮਾਈ ਭਾਗ ਕੌਰ ਵਲੋਂ ਮਿਹਣਾ ਮਾਰਨ 'ਤੇ ਇਹ ਜੱਥਾ ਗੁਰੂ ਸਾਹਿਬ ਤੋਂ ਮੁਆਫ਼ੀ ਮੰਗਣ ਵਾਸਤੇ ਉਨ੍ਹਾਂ ਦੇ ਪਿੱਛੇ ਚਲ ਪਿਆ ਪਰ ਖਿਦਰਾਣੇ ਦੀ ਢਾਬ ਦੇ ਨੇੜੇ ਇਨ੍ਹਾਂ ਦੀ ਅਤੇ ਵਜ਼ੀਰ ਖ਼ਾਂ ਦੀ ਫ਼ੌਜ ਵਿਚ ਲੜਾਈ ਹੋ ਪਈ। ਇਸ ਲੜਾਈ ਵਿਚ ਇਨ੍ਹਾਂ ਸਿੰਘਾਂ ਨੇ ਮੁਗ਼ਲ ਫ਼ੌਜ ਦੇ ਖ਼ੂਬ ਆਹੂ ਲਾਹੇ ਤੇ ਅਖ਼ੀਰ ਸਾਰੇ ਆਪਣੀਆਂ ਜਾਨਾਂ ਦੇ ਗਏ।

ਲੜਾਈ ਖ਼ਤਮ ਹੋਣ ਵੇਲੇ ਤੱਕ ਭਾਈ ਰਾਏ ਸਿੰਘ, ਉਨ੍ਹਾਂ ਦਾ ਪੁੱਤਰ ਭਾਈ ਮਹਾਂ ਸਿੰਘ ਅਤੇ ਭਾਈ ਸੁੰਦਰ ਸਿੰਘ ਝੱਲੀਆਂ ਵਾਲਾ ਅਜੇ ਤੱਕ ਜ਼ਮੀਨ 'ਤੇ ਪਏ ਸਹਿਕ ਰਹੇ ਸਨ। ਸ਼ਾਮ ਵੇਲੇ ਗੁਰੂ ਸਾਹਿਬ ਵੀ ਉੱਥੇ ਪੁੱਜ ਗਏ। ਗੁਰੂ ਸਾਹਿਬ ਨੇ ਸ਼ਹੀਦ ਹੋ ਚੁੱਕੇ ਸਿੰਘਾਂ ਦੀਆਂ ਲਾਸ਼ਾਂ ਇਕੱਠੀਆਂ ਕਰਵਾਈਆਂ ਅਤੇ ਸਹਿਕ ਰਹੇ ਸਿੰਘਾਂ ਨੂੰ ਪਾਣੀ ਪਿਆ ਕੇ ਮਰਹਮ ਪੱਟੀ ਕਰਨ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਦੇ ਜ਼ਖ਼ਮਾਂ ਤੋਂ ਸਾਫ਼ ਦਿਸ ਰਿਹਾ ਸੀ ਕਿ ਉਨ੍ਹਾਂ ਨੂੰ ਬਚਾਇਆ ਨਹੀਂ ਜਾ ਸਕਦਾ। ਸਹਿਕਦੇ ਭਾਈ ਰਾਏ ਸਿੰਘ ਦਾ ਸਿਰ ਗੁਰੂ ਸਾਹਿਬ ਨੇ ਗੋਦੀ ਵਿਚ ਰੱਖ ਲਿਆ ਅਤੇ ਪੁਛਿਆ ਕਿ ਬੋਲ ਤੇਰੀ ਕੀ ਖ਼ਾਹਿਸ਼ ਹੈ। ਇਸ 'ਤੇ ਭਾਈ ਰਾਏ ਸਿੰਘ ਨੇ ਆਖਿਆ ਕਿ ਗੁਰੂ ਸਾਹਿਬ ਜੇ ਤੁਸੀਂ ਤਰੁਠੇ ਹੋ ਤਾਂ ਸਾਡੇ ਸਾਥੀਆਂ ਵਲੋਂ ਲਿਖਿਆ 'ਪੰਚਾਇਤੀ ਬੇਦਾਵਾ' ਪਾੜ ਦਿਓ ਤੇ ਸਾਨੂੰ ਸਿੱਖੀ ਦਾਨ ਬਖ਼ਸ਼ੋ। ਗੁਰੂ ਸਾਹਿਬ ਨੇ ਆਪਣੀ ਜੇਬ੍ਹ ਵਿਚੋਂ ਉਹ ਕਾਗ਼ਜ਼ ਕੱਢਿਆ ਅਤੇ ਉਸੇ ਵੇਲੇ ਪਾੜ ਦਿੱਤਾ। ਇੰਙ ਗੁਰੂ ਸਾਹਿਬ ਨੇ 'ਬੇਦਾਵਾ' ਲਿਖਣ ਵਾਲੇ ਸਿੱਖਾਂ ਨੂੰ ਫੇਰ ਸਿੱਖੀ ਵਿਚ ਸ਼ਾਮਿਲ ਕਰ ਲਿਆ। ਇਸ ਤੋਂ ਕੁਝ ਚਿਰ ਮਗਰੋਂ ਭਾਈ ਰਾਏ ਸਿੰਘ ਚੜ੍ਹਾਈ ਕਰ ਗਏ।

ਭਾਈ ਰਾਏ ਸਿੰਘ ਦੀ ਸ਼ਹੀਦੀ ਦਾ ਜ਼ਿਕਰ **ਭੱਟ ਵਹੀ ਕਰਸਿੰਧੂ** ਵਿਚ ਇੰਙ ਮਿਲਦਾ ਹੈ:

"ਰਾਏ ਸਿੰਘ ਬੇਟਾ ਮਾਈ ਦਾਸ ਕਾ, ਮਹਾਂ ਸਿੰਘ ਬੇਟਾ ਰਾਇ ਸਿੰਘ ਕਾ, ਸੀਤਲ ਸਿੰਘ ਬੇਟਾ ਰਾਇ ਸਿੰਘ ਕਾ, ਚਾਲੀਆਂ ਕੀ ਚਉਂਕੀ ਮੇਂ, ਗ੍ਰਾਮ ਖਿਦਰਾਨਾ ਢਾਬ ਈਸਰ ਸਰ ਕੇ ਕਨਾਰੇ ਪਰਗਨਾ ਕੋਟਕਪੂਰਾ ਮਾਘ ਬਦੀ ਦਸਮੀ ਸਾਲ ਸਤਰਾਂ ਸੈ ਬਾਸਠ ਕੋ ਸਾਮ੍ਹੇ ਮਾਥੇ ਜੂਝ ਕਰ ਮਰੇ।"

(ਭੱਟ ਵਹੀ ਕਰਸਿੰਧੂ, ਪਰਗਨਾ ਸਫੀਦੋਂ)

ਇਸ ਸ਼ਹੀਦੀ ਦਾ ਜ਼ਿਕਰ "**ਭੱਟ ਵਹੀ ਭਾਦਸੋਂ**" ਦੇ ਸਫ਼ਾ 66 'ਤੇ ਵੀ ਮਿਲਦਾ ਹੈ।

ਇਕ ਲੇਖਕ ਨੇ ਇਹ ਬੇਦਾਵਾ ਪਾੜਨ ਦੀ ਅਰਜ਼ ਭਾਈ ਰਾਏ ਸਿੰਘ ਦੀ ਥਾਂ ਉਸ ਦੇ ਪੁੱਤਰ ਭਾਈ ਮਹਾਂ ਸਿੰਘ ਨਾਲ ਜੋੜੀ ਹੈ। ਦਰਅਸਲ ਭਾਈ ਮਹਾਂ ਸਿੰਘ ਨੇ ਸਭ ਤੋਂ ਅਖ਼ੀਰ 'ਤੇ ਸਾਹ ਛੱਡੇ ਸੀ ਤੇ ਉਹ ਭਾਈ ਰਾਏ ਸਿੰਘ ਦੇ ਨਾਲ ਹੀ ਜ਼ਖ਼ਮੀ ਪਿਆ ਹੋਇਆ ਸੀ ਇਸ ਕਰ ਕੇ ਇਹ ਲੇਖਕ ਭੁਲੇਖਾ ਖਾ ਬੈਠਾ ਸੀ।

ਭਾਈ ਰਾਏ ਸਿੰਘ ਗੁਰੂ ਘਰ ਦੇ ਇਕ ਸਿਦਕੀ ਸਿੱਖ ਸਨ। ਭਾਵੇਂ ਉਹ ਘਰ ਦਾ ਮੋਹ ਛੱਡ ਕੇ ਗੁਰੂ ਸਾਹਿਬ ਕੋਲ ਅਨੰਦਪੁਰ ਸਾਹਿਬ ਰਹਿਣ ਲੱਗ ਪਏ ਸਨ ਪਰ ਉਨ੍ਹਾਂ ਦਾ ਇਕ ਬੜਾ ਵੱਡਾ ਪਰਿਵਾਰ ਸੀ। ਭਾਈ ਸਾਹਿਬ ਦੇ 13 ਪੁੱਤਰ ਸਨ: ਭਾਈ ਮਹਾਂ ਸਿੰਘ, ਭਾਈ ਅਨਕ ਸਿੰਘ, ਭਾਈ ਸੀਤਲ ਸਿੰਘ, ਭਾਈ ਬਾਘ ਸਿੰਘ, ਭਾਈ ਧੰਨਾ ਸਿੰਘ, ਭਾਈ ਦੇਵਾ ਸਿੰਘ, ਭਾਈ ਗੰਗਾ ਸਿੰਘ, ਭਾਈ ਸੁੱਖਾ ਸਿੰਘ, ਭਾਈ ਲੱਛਾ ਸਿੰਘ, ਭਾਈ ਬੂਟਾ ਸਿੰਘ, ਭਾਈ ਪ੍ਰੇਮ ਸਿੰਘ, ਭਾਈ ਉਜਾਗਰ ਸਿੰਘ ਤੇ ਭਾਈ ਰਤਨ ਸਿੰਘ।

ਇਨ੍ਹਾਂ 13 ਵਿਚੋਂ 2 ਭਾਈ ਮਹਾਂ ਸਿੰਘ ਤੇ ਭਾਈ ਸੀਤਲ ਸਿੰਘ ਆਪਣੇ ਪਿਤਾ ਨਾਲ ਖਿਦਰਾਣੇ ਦੀ ਢਾਬ 'ਤੇ 29 ਦਸੰਬਰ 1705 ਦੇ ਦਿਨ ਸ਼ਹੀਦ ਹੋਏ ਸਨ ਅਤੇ ਦੋ ਪਹਿਲੋਂ ਸ਼ਹੀਦ ਹੋ ਚੁੱਕੇ ਸਨ। ਇਨ੍ਹਾਂ ਸਾਰੇ 13 ਪੁੱਤਰਾਂ ਦੇ ਅੱਗੋਂ ਵੱਡੇ ਪਰਿਵਾਰ ਸਨ। ਇਨ੍ਹਾਂ ਵਿਚੋਂ ਕਈ ਪਰਿਵਾਰ ਅਜੇ ਵੀ (2001 ਸੰਨ ਵਿਚ) ਪਿੰਡ ਕਲੀਚਪੁਰ ਦੁਨੇਰਾ (ਜ਼ਿਲ੍ਹਾ ਗੁਰਦਾਸਪੁਰ), ਪਿੰਡ ਸੂਹਰੋਂ, ਨਨਹੇੜਾ, ਕੌਲੀ (ਜ਼ਿਲ੍ਹਾ ਪਟਿਆਲਾ), ਜਲੰਧਰ ਸ਼ਹਿਰ ਅਤੇ ਕਈ ਹੋਰ ਥਾਂਵਾਂ 'ਤੇ ਰਹਿ ਰਹੇ ਸਨ।

ਹੋਰ ਤਫ਼ਸੀਲ ਵਾਸਤੇ ਵੇਖੋ: "**ਮੁਕਤਸਰ ਦੇ ਚਾਲੀ ਮੁਕਤੇ**" ਅਤੇ "**ਭਾਈ ਰਾਏ ਸਿੰਘ ਦਾ ਕੁਰਸੀਨਾਮਾ।**"

ਭਾਈ ਮਹਾਂ ਸਿੰਘ

ਭਾਈ ਮਹਾਂ ਸਿੰਘ ਨੇ 29 ਦਸੰਬਰ 1705 ਦੇ ਦਿਨ ਖਿਦਰਾਣੇ ਦੀ ਢਾਬ 'ਤੇ 39 ਹੋਰ ਸਿੱਖਾਂ ਸਮੇਤ ਵਜ਼ੀਰ ਖਾਂ ਦੀ ਫ਼ੌਜ ਨਾਲ ਲੜਾਈ ਵਿਚ ਸ਼ਹੀਦੀ ਜਾਮ ਪੀਤਾ।

ਭਾਈ ਮਹਾਂ ਸਿੰਘ ਭਾਈ ਰਾਏ ਸਿੰਘ ਦੇ ਸਭ ਤੋਂ ਵੱਡੇ ਪੁਤਰ ਸਨ। ਆਪ ਦੇ ਦਾਦਾ ਭਾਈ ਮਾਈ ਦਾਸ ਅਤੇ ਪੜਦਾਦਾ ਸ਼ਹੀਦ ਭਾਈ ਬੱਲੂ ਸਨ। ਭਾਈ ਮਨੀ ਸਿੰਘ ਆਪ ਦੇ ਸਕੇ ਚਾਚਾ ਸਨ।

ਭਾਈ ਮਹਾਂ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਬੜੇ ਨਜ਼ਦੀਕੀ ਸਿਦਕੀ ਸਿੰਘ ਸਨ। ਸੰਨ 1705 ਵਿਚ ਆਪ ਆਪਣੇ ਪਿਤਾ ਭਾਈ ਰਾਏ ਸਿੰਘ ਦੇ ਨਾਲ ਜ਼ਿਲ੍ਹਾ ਲਾਹੌਰ ਦੇ ਪਿੰਡ ਮਰਲ-ਮਾੜੀ ਵਿਚ ਰਿਹਾ ਕਰਦੇ ਸਨ।

ਦਸੰਬਰ 1705 ਦੇ ਆਖ਼ਰੀ ਹਫ਼ਤੇ ਜਦੋਂ ਮਾਝੇ ਦੇ 40 ਸਿੰਘਾਂ ਦਾ ਇਕ ਜੱਥਾ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਮਾਲਵੇ ਦੀ ਤਰਫ਼ ਗਿਆ ਤਾਂ ਆਪ ਵੀ ਉਸ ਜਥੇ ਵਿਚ ਸ਼ਾਮਿਲ ਹੋਏ ਸਨ। ਇਸ ਜਥੇ ਦਾ ਮੇਲ ਗੁਰੂ ਸਾਹਿਬ ਨਾਲ ਪਿੰਡ ਰੁਪੇਆਣਾ ਕੋਲ ਹੋ ਗਿਆ। ਜਥੇ ਦੇ ਇਕ ਸਿੰਘ ਨੇ ਇਸ ਮੌਕੇ 'ਤੇ ਜੋਸ਼ ਵਿਚ ਆ ਕੇ ਗੁਰੂ ਸਾਹਿਬ ਨੂੰ ਬੇਦਾਵਾ ਲਿਖ ਦਿੱਤਾ।

ਉਸੇ ਦਿਨ ਇਸ ਜਥੇ ਦੀ ਝੜਪ ਵਜ਼ੀਰ ਖਾਂ (ਸੂਬੇਦਾਰ ਸਾਹਿਬ) ਦੀ ਫ਼ੌਜ ਨਾਲ ਹੋ ਗਈ। ਆਪ ਨੇ ਇਸ ਲੜਾਈ ਵਿਚ ਬਹਾਦਰੀ ਨਾਲ ਸ੍ਰੀ ਸਾਹਿਬ ਵਾਹੀ ਅਤੇ ਕਈ ਦੁਸ਼ਮਣਾਂ ਨੂੰ ਪਾਰ ਬੁਲਾਇਆ। ਆਪ ਉਦੋਂ ਤਕ ਸ੍ਰੀ ਸਾਹਿਬ ਚਲਾਉਂਦੇ ਰਹੇ ਜਦੋਂ ਤਕ ਆਪ ਦੇ ਹੱਥ ਵਿਚ ਜੁੰਬਿਸ਼ ਰਹੀ। ਲੜਾਈ ਵਿਚ ਆਪ ਨੂੰ ਤਲਵਾਰਾਂ ਦੇ ਬਹੁਤ ਸਾਰੇ ਫੱਟ ਲਗੇ ਸਨ। ਅਖ਼ੀਰ ਆਪ ਬੁਰੀ ਤਰ੍ਹਾਂ ਜ਼ਖ਼ਮੀ ਹੋ ਕੇ ਡਿੱਗ ਪਏ। ਭਾਵੇਂ ਆਪ ਨੂੰ ਕਾਫ਼ੀ ਜ਼ਖ਼ਮ ਆਏ ਸਨ ਪਰ ਕਈ ਘੰਟੇ ਤਕ ਆਪ ਦੇ ਸਾਹ ਚਲਦੇ ਰਹੇ ਸਨ। ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਉੱਥੇ ਪੁੱਜੇ ਤਾਂ ਆਪ ਅਜੇ ਸਹਿਕ ਰਹੇ ਸਨ। ਆਪ ਤੋਂ ਇਲਾਵਾ ਆਪ ਦੇ ਪਿਤਾ ਭਾਈ ਰਾਏ ਸਿੰਘ ਅਤੇ ਝੱਲੀਆਂ ਪਿੰਡ ਦੇ ਭਾਈ ਸੁੰਦਰ ਸਿੰਘ ਵੀ ਅਜੇ ਸਾਹ ਲੈ ਰਹੇ ਸਨ।

ਇਸ ਵੇਲੇ ਜਦੋਂ ਆਪ ਦੇ ਪਿਤਾ ਭਾਈ ਰਾਏ ਸਿੰਘ ਨੇ ਝਬਾਲ ਦੇ ਚਾਰ ਸਿੰਘਾਂ ਵਲੋਂ ਲਿਖੇ ਪੰਚਾਇਤੀ ਬੇਦਾਵੇ ਨੂੰ ਫਾੜਨ ਵਾਸਤੇ ਗੁਰੂ ਸਾਹਿਬ ਨੂੰ ਅਰਜ਼ ਕੀਤੀ ਤਾਂ ਆਪ ਨੇ ਵੀ ਆਪਣੇ ਪਿਤਾ ਦੀ ਹਾਮੀ ਭਰੀ। ਗੁਰੂ ਸਾਹਿਬ ਨੇ ਉਨ੍ਹਾਂ ਦੀ ਖ਼ਾਹਿਸ਼ ਉਸੇ ਵੇਲੇ ਪੂਰੀ ਕਰ ਦਿਤੀ। ਇਸ ਤੋਂ ਮਗਰੋਂ ਗੁਰੂ ਸਾਹਿਬ ਸਾਰੀ ਰਾਤ ਇਨ੍ਹਾਂ ਨਾਲ ਗੱਲਾਂ

ਕਰਦੇ ਰਹੇ। ਅੱਧੀ ਰਾਤ ਦੇ ਨੇੜੇ ਭਾਈ ਸੁੰਦਰ ਸਿੰਘ ਨੇ ਸਾਹ ਛੱਡ ਦਿਤੇ। ਕੁਝ ਚਿਰ ਮਗਰੋਂ ਆਪ ਦੇ ਪਿਤਾ ਨੇ ਵੀ ਚੜ੍ਹਾਈ ਕਰ ਲਈ। ਸਭ ਤੋਂ ਅਖ਼ੀਰ 'ਤੇ ਆਪ ਨੇ ਵਿਦਾਇਗੀ ਹਾਸਿਲ ਕੀਤੀ। ਆਪ ਨੇ ਆਪਣੀ ਜ਼ਿੰਦਗੀ ਦੇ ਆਖ਼ਰੀ ਪਲ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਗੋਦੀ ਵਿਚ ਬਿਤਾਏ।

30 ਦਸੰਬਰ 1705 ਦੀ ਸਵੇਰ ਨੂੰ ਆਪ ਅਤੇ 39 ਹੋਰ ਸਿੰਘਾਂ ਦਾ ਸਸਕਾਰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਹੱਥੀਂ ਕੀਤਾ।

ਭਾਈ ਮਹਾਂ ਸਿੰਘ ਦੇ ਚਾਰ ਪੁੱਤਰ ਸਨ: ਭਾਈ ਹਿੰਮਤ ਸਿੰਘ, ਸੁਜਾਨ ਸਿੰਘ, ਪ੍ਰਾਨ ਸਿੰਘ, ਤਾਰਾ ਸਿੰਘ। ਇਨ੍ਹਾਂ ਵਿਚੋਂ ਭਾਈ ਹਿੰਮਤ ਸਿੰਘ ਸਭ ਤੋਂ ਵੱਡਾ ਸੀ। ਉਸ ਦੇ ਅੱਗੋਂ ਛੇ ਪੁਤਰ ਸਨ: ਸਰਮੁਖ ਸਿੰਘ, ਬੁਧ ਸਿੰਘ, ਗੁਜਰ ਸਿੰਘ, ਦੋਆ ਸਿੰਘ, ਭਗਤ ਸਿੰਘ ਤੇ ਗੁਰਮੁਖ ਸਿੰਘ। ਇਨ੍ਹਾਂ ਸਾਰਿਆਂ ਦੇ ਅੱਗੋਂ ਵੱਡੇ ਟੱਬਰ ਸਨ। ਇਨ੍ਹਾਂ ਟੱਬਰਾਂ ਵਿਚੋਂ ਅੱਜ ਵੀ ਬਹੁਤ ਸਾਰੇ ਘਰ ਪਿੰਡ ਸੂਹਰੋਂ, ਨਨਹੇੜਾ, ਕੋਲੀ (ਜ਼ਿਲ੍ਹਾ ਪਟਿਆਲਾ), ਜਲੰਧਰ ਸ਼ਹਿਰ, ਪਿੰਡ ਪੱਲਾ (ਫ਼ਿਰੋਜ਼ਪੁਰ) ਵਿਚ ਰਹਿ ਰਹੇ ਹਨ। ਇਹ ਸਾਰੇ ਟੱਬਰ ਇਨ੍ਹਾਂ ਥਾਂਵਾਂ 'ਤੇ 1947 ਤੋਂ ਬਾਅਦ ਆ ਕੇ ਵਸੇ ਸਨ।

ਹੋਰ ਤਫ਼ਸੀਲ ਵਾਸਤੇ ਵੇਖੋ: "**ਮੁਕਤਸਰ ਦੇ ਚਾਲ੍ਹੀ ਮੁਕਤੇ**" ਅਤੇ "**ਭਾਈ ਰਾਇ ਸਿੰਘ ਦਾ ਕੁਰਸੀਨਾਮਾ।**"

ਭਾਈ ਸੀਤਲ ਸਿੰਘ

29 ਦਸੰਬਰ 1705 ਦੇ ਦਿਨ ਭਾਈ ਸੀਤਲ ਸਿੰਘ ਨੇ ਆਪਣੇ ਪਿਤਾ ਭਾਈ ਰਾਏ ਸਿੰਘ ਅਤੇ ਆਪਣੇ ਭਰਾ ਮਹਾਂ ਸਿੰਘ ਦੇ ਨਾਲ ਖਿਦਰਾਣੇ ਦੀ ਢਾਬ 'ਤੇ ਸ਼ਹੀਦੀ ਪਾਈ ਸੀ।

ਭਾਈ ਸੀਤਲ ਸਿੰਘ ਭਾਈ ਰਾਏ ਸਿੰਘ ਦੇ ਤੀਜੇ ਪੁੱਤਰ ਸਨ। ਆਪ ਦੇ ਦਾਦਾ ਭਾਈ ਮਾਈ ਦਾਸ ਤੇ ਪੜਦਾਦਾ ਸ਼ਹੀਦ ਭਾਈ ਬੱਲੂ ਗੁਰੂ ਘਰ ਦੇ ਸਿਦਕੀ ਸੇਵਾਦਾਰ ਰਹੇ ਸਨ। ਆਪ ਦੇ ਸਕੇ ਚਾਚਾ ਭਾਈ ਮਨੀ ਸਿੰਘ ਵੀ ਪੰਥ ਦੀ ਇਕ ਅਹਿਮ ਸ਼ਖ਼ਸੀਅਤ ਸਨ।

ਦਸੰਬਰ 1705 ਵਿਚ ਭਾਈ ਸੀਤਲ ਸਿੰਘ ਆਪਣੇ ਪਿਤਾ ਨਾਲ ਪਿੰਡ ਮਰਲ੍ਹ-ਮਾੜੀ ਵਿਚ ਰਿਹਾ ਕਰਦੇ ਸਨ। ਜਦੋਂ 28 ਦਸੰਬਰ 1705 ਦੇ ਦਿਨ ਮਾਝੇ ਦੇ 40 ਸਿੰਘਾਂ ਦਾ ਇਕ ਜੱਥਾ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਸ਼ਨਾਂ ਵਾਸਤੇ ਮਾਲਵੇ ਵਲ ਗਿਆ ਤਾਂ ਆਪ ਵੀ ਆਪਣੇ ਪਿਤਾ ਤੇ ਵੱਡੇ ਭਰਾ ਨਾਲ ਇਸ ਜਥੇ ਵਿਚ ਸ਼ਾਮਿਲ ਹੋਏ। ਇਹ ਜਥਾ ਦਰਿਆ ਬਿਆਸ ਅਤੇ ਸਤਲੁਜ ਪਾਰ ਕਰ ਕੇ ਮਖੂ, ਜ਼ੀਰਾ ਅਤੇ ਮੋਗਾ ਨੇੜਿਓਂ ਲੰਘਦਾ ਹੋਇਆ 29 ਦਸੰਬਰ ਦੀ ਸਵੇਰ ਵੇਲੇ ਪਿੰਡ ਰੂਪੇਆਣਾ ਦੀ ਰੋਹੀ ਵਿਚ ਗੁਰੂ ਸਾਹਿਬ ਨੂੰ ਮਿਲ ਪਿਆ।

ਇਸ ਮੌਕੇ 'ਤੇ ਜਥੇ ਦੇ ਇਕ ਆਗੂ ਭਾਈ ਭਾਗ ਸਿੰਘ ਝਬਾਲ ਨੇ ਗੁਰੂ ਸਾਹਿਬ ਨੂੰ ਆਪਣੀ ਗੱਲ ਮਨਾਉਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬ ਨਾ ਹੋ ਸਕਿਆ ਤਾਂ ਉਸ ਨੇ ਕਾਹਲੀ ਵਿਚ ਗੁਰੂ ਸਾਹਿਬ ਨੂੰ ਬੇਦਾਵਾ ਲਿਖ ਦਿੱਤਾ। ਇਸ ਬੇਦਾਵੇ ਨੂੰ ਗੁਰੂ ਸਾਹਿਬ ਨੇ ਸੰਭਾਲ ਲਿਆ ਅਤੇ ਅੱਗੇ ਵਲ ਚਲ ਪਏ। ਗੁਰੂ ਸਾਹਿਬ ਦੇ ਜਾਣ ਮਗਰੋਂ ਜੱਥੇ ਦੇ ਨਾਲ ਆਈ ਮਾਈ ਭਾਗ ਕੌਰ ਦੇ ਵਲੋਂ ਝਿੜਕਾਂ ਮਾਰਨ 'ਤੇ ਉਨ੍ਹਾਂ ਸਾਰਿਆਂ ਨੂੰ ਅਹਿਸਾਸ ਹੋਇਆ ਕਿ ਉਨ੍ਹਾਂ ਨੇ ਬੇਦਾਵਾ ਲਿਖ ਕੇ ਗ਼ਲਤੀ ਕੀਤੀ ਹੈ। ਛੇਤੀ ਹੀ ਉਹ ਸਾਰੇ ਗੁਰੂ ਸਾਹਿਬ ਦੇ ਪਿੱਛੇ ਭੁਲ ਬਖ਼ਸ਼ਾਉਣ ਵਾਸਤੇ ਚਲ ਪਏ।

ਅਜੇ ਉਹ ਖਿਦਰਾਣੇ ਦੀ ਢਾਬ ਦੇ ਨੇੜੇ ਹੀ ਪੁੱਜੇ ਸਨ ਕਿ ਸਰਹਿੰਦ ਦੇ ਨਵਾਬ ਵਜ਼ੀਰ ਖਾਂ ਦੀਆਂ ਫ਼ੌਜਾਂ ਵੀ ਉੱਥੇ ਆ ਪੁੱਜੀਆਂ। ਵੇਖਦਿਆਂ-ਵੇਖਦਿਆਂ ਹੀ ਦੋਹਾਂ ਫ਼ੌਜਾਂ ਵਿਚ ਜ਼ਬਰਦਸਤ ਜੰਗ ਸ਼ੁਰੂ ਹੋ ਗਿਆ। ਸਿੱਖ ਭਾਵੇਂ 40 ਸਨ ਪਰ ਉਨ੍ਹਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਆਈ ਮੁਗ਼ਲ ਫ਼ੌਜ ਦੇ ਖ਼ੂਬ ਆਹੂ ਲਾਹੇ। ਚਾਲ੍ਹੀ ਸਿੰਘਾਂ ਨੇ ਸ਼ਹੀਦੀਆਂ ਪਾਉਣ ਤੋਂ ਪਹਿਲਾਂ ਸੈਂਕੜਿਆਂ ਦੀ ਗਿਣਤੀ ਵਿਚ ਮੁਗ਼ਲ ਫ਼ੌਜੀ ਮਾਰ ਮੁਕਾਏ। ਸ਼ਾਮ ਪੈਣ ਤਕ ਸਾਰੇ ਸਿੰਘ ਜ਼ਮੀਨ 'ਤੇ ਡਿਗ ਚੁੱਕੇ ਸਨ। ਇਸ ਮਗਰੋਂ ਜਦੋਂ ਮੁਗ਼ਲ ਫ਼ੌਜ ਨੇ ਵੇਖਿਆ ਕਿ ਸਿੱਖਾਂ ਵਿਚ ਲੜਾਈ ਕਰਨ ਵਾਸਤੇ ਕੋਈ ਵੀ ਨਹੀਂ ਬਚਿਆ ਤਾਂ ਵਜ਼ੀਰ ਖਾਂ ਨੇ ਉਨ੍ਹਾਂ ਨੂੰ ਵਾਪਿਸ ਚਲਣ ਦਾ ਹੁਕਮ ਜਾਰੀ ਕਰ ਦਿੱਤਾ।

ਕੁਝ ਦੇਰ ਮਗਰੋਂ ਗੁਰੂ ਗੋਬਿੰਦ ਸਿੰਘ ਸਾਹਿਬ ਵੀ ਉੱਥੇ ਪੁੱਜ ਗਏ। ਉਨ੍ਹਾਂ ਨੇ ਭਾਈ ਮਾਨ ਸਿੰਘ ਨਿਸ਼ਾਨਚੀ, ਭਾਈ ਦਾਨ ਸਿੰਘ ਅਤੇ ਬਾਕੀ ਸਿੰਘਾਂ ਦੀ ਮਦਦ ਨਾਲ ਸ਼ਹੀਦਾਂ ਦੀਆਂ ਲਾਸ਼ਾਂ ਇਕੱਠੀਆਂ ਕੀਤੀਆਂ। ਅਗਲੀ ਸਵੇਰ, 30 ਦਸੰਬਰ ਦੇ ਦਿਨ, ਇਨ੍ਹਾਂ ਲਾਸ਼ਾਂ ਦਾ ਇਕੱਠਿਆਂ ਹੀ ਸਸਕਾਰ ਕੀਤਾ ਗਿਆ। ਇਨ੍ਹਾਂ ਦਾ ਸਸਕਾਰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸੋਹਿਲਾ ਦਾ ਪਾਠ ਕਰ ਕੇ ਆਪਣੇ ਹੱਥੀਂ ਕੀਤਾ ।

ਭਾਈ ਸੀਤਲ ਸਿੰਘ ਸ਼ਾਦੀ-ਸ਼ੁਦਾ ਸਨ। ਆਪ ਦਾ ਇਕ ਬੇਟਾ ਭਾਈ ਸੁੱਖਾ ਸਿੰਘ ਜੀ। ਭਾਈ ਸੁੱਖਾ ਸਿੰਘ ਦਾ ਬੇਟਾ ਭਾਈ ਸੇਵਾ ਸਿੰਘ ਸੀ। ਭਾਈ ਸੇਵਾ ਸਿੰਘ ਦੇ ਦੋ ਬੇਟੇ ਸਨ: ਮੋਹਨ ਸਿੰਘ ਤੇ ਰਾਜਾ ਸਿੰਘ। ਇਹ ਪਰਿਵਾਰ ਇਸ ਤੋਂ ਬਾਅਦ ਵੀ ਗੁਰੂ ਘਰ ਦੀ ਸੇਵਾ ਕਰਦਾ ਰਿਹਾ। ਇਸ ਖ਼ਾਨਦਾਨ ਦੇ ਬਹੁਤ ਸਾਰੇ ਘਰ ਅਜਕਲ੍ਹ ਵੀ ਪਿੰਡ ਸੂਹਰੋਂ,

ਨਨਹੇੜਾ ਕੋਲੀ (ਜ਼ਿਲ੍ਹਾ ਪਟਿਆਲਾ) ਵਿਚ ਆਬਾਦ ਹਨ।

ਵਧੇਰੇ ਤਫ਼ਸੀਲ ਵਾਸਤੇ ਵੇਖੋ:-
''ਮੁਕਤਸਰ ਦੇ ਚਾਲ੍ਹੀ ਮੁਕਤੇ'' ਅਤੇ ''ਭਾਈ ਰਾਏ ਸਿੰਘ ਦਾ ਕੁਰਸੀਨਾਮਾ''।

ਭਾਈ ਸੁੰਦਰ ਸਿੰਘ ਝੱਲੀਆਂ ਵਾਲਾ

29 ਦਸੰਬਰ 1705 ਦੇ ਦਿਨ ਮੁਕਤਸਰ (ਉਦੋਂ ਖਿਦਰਾਣੇ ਦੀ ਢਾਬ) 'ਤੇ ਮੁਗ਼ਲ ਫ਼ੌਜਾਂ ਨਾਲ ਲੜਾਈ ਕਰ ਕੇ ਸ਼ਹੀਦ ਹੋਣ ਵਾਲੇ ਸਿੰਘਾਂ ਵਿਚੋਂ ਭਾਈ ਸੁੰਦਰ ਸਿੰਘ 38ਵੇਂ ਸਿੰਘ ਸਨ।

ਭਾਈ ਸੁੰਦਰ ਸਿੰਘ ਭਾਈ ਬੂੜ ਸਿੰਘ ਦੇ ਸਪੁੱਤਰ ਸਨ। ਆਪ ਸਾਰਸੁਤ ਬ੍ਰਾਹਮਣ ਪਰਿਵਾਰ ਵਿਚੋਂ ਸਨ। 1705 ਵਿਚ ਆਪ ਦਾ ਪਰਿਵਾਰ ਪਿੰਡ ਝੱਲੀਆਂ ਵਾਲਾ (ਨੇੜੇ ਪੱਟੀ) ਵਿਚ ਰਹਿੰਦਾ ਸੀ।

28 ਦਸੰਬਰ 1705 ਦੇ ਦਿਨ ਪੱਟੀ ਤੋਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਜਿਹੜਾ 40 ਸਿੰਘਾਂ ਤੇ ਇਕ ਸਿੰਘਣੀ ਦਾ ਜਥਾ ਮਾਲਵੇ ਵਲ ਟੁਰਿਆ ਉਸ ਵਿਚ ਆਪ ਆਪਣੇ ਪਿਤਾ ਭਾਈ ਬੂੜ ਸਿੰਘ ਦੇ ਨਾਲ ਸ਼ਾਮਿਲ ਹੋਏ ਸਨ। ਇਹ ਜੱਥਾ ਅਗਲੇ ਦਿਨ ਸਵੇਰ ਵੇਲੇ ਗੁਰੂ ਸਾਹਿਬ ਨੂੰ ਪਿੰਡ ਰੂਪੇਆਣਾ ਦੀ ਜੂਹ ਵਿਚ (ਜਿੱਥੇ ਹੁਣ ਪਿੰਡ ਮਲ੍ਹਨ ਸੋਢੀਆਂ ਹੈ) ਮਿਲ ਪਿਆ। ਇੱਥੇ ਗੱਲਾਂ ਕਰਦਿਆਂ ਭਾਈ ਭਾਗ ਸਿੰਘ ਝਬਾਲੀਏ ਦਾ ਗੁਰੂ ਸਾਹਿਬ ਨਾਲ ਤਕਰਾਰ ਜਿਹਾ ਹੋ ਗਿਆ। ਇਸ ਮਗਰੋਂ ਜੋਸ਼ ਵਿਚ ਆ ਕੇ ਭਾਗ ਸਿੰਘ ਅਤੇ ਤਿੰਨ-ਚਾਰ ਹੋਰਾਂ ਨੇ ਗੁਰੂ ਸਾਹਿਬ ਨੂੰ ''ਬੇਦਾਵਾ'' ਲਿਖ ਦਿੱਤਾ। ਉਸੇ ਵੇਲੇ ਪਤਾ ਲਗਾ ਕਿ ਸਰਹਿੰਦ ਦਾ ਨਵਾਬ ਇਕ ਵੱਡੀ ਫ਼ੌਜ ਨੂੰ ਲੈ ਕੇ ਉਸ ਪਾਸੇ ਵਲ ਆ ਰਿਹਾ ਹੈ। ਇਸ ਵੱਡੀ ਫ਼ੌਜ ਦਾ ਟਾਕਰਾ ਕਰਨ ਨੂੰ ਬੇਸਮਝੀ ਜਾਣ ਕੇ ਗੁਰੂ ਸਾਹਿਬ ਉੱਥੋਂ ਚਲ ਪਏ ਅਤੇ ਜਾਣ ਲੱਗਿਆਂ ਉਹ ''ਬੇਦਾਵੇ'' ਵਾਲਾ ਕਾਗ਼ਜ਼ ਵੀ ਨਾਲ ਲੈ ਗਏ।

ਗੁਰੂ ਸਾਹਿਬ ਦੇ ਜਾਣ ਪਿਛੋਂ ਮਾਈ ਭਾਗ ਕੌਰ ਨੇ ਉਨ੍ਹਾਂ ਨੂੰ ਝਿੜਕ ਕੇ ਆਪਣੀ ਭੁੱਲ ਬਖ਼ਸ਼ਾਉਣ ਵਾਸਤੇ ਆਖਿਆ। ਇਸ 'ਤੇ ਸਾਰੇ ਚਾਲੀ ਸਿੰਘ ਗੁਰੂ ਸਾਹਿਬ ਨੂੰ ਭਾਲਣ ਵਾਸਤੇ ਉਨ੍ਹਾਂ ਦੇ ਪਿੱਛੇ ਚਲ ਪਏ।

ਖਿਦਰਾਣੇ ਦੀ ਢਾਬ ਦੇ ਨੇੜੇ ਸਰਹਿੰਦ ਦੀ ਫ਼ੌਜ ਅਤੇ ਇਨ੍ਹਾਂ 40 ਸਿੰਘਾਂ ਵਿਚਕਾਰ ਟੱਕਰ ਹੋ ਗਈ। ਇਨ੍ਹਾਂ ਸਿੰਘਾਂ ਨੇ ਸੈਂਕੜੇ ਮੁਗ਼ਲ ਸਿਪਾਹੀ ਮਾਰ ਕੇ ਸ਼ਹੀਦੀ ਜਾਮ ਪੀਤੇ। ਸ਼ਾਮ ਵੇਲੇ ਤਕ 37 ਸਿੰਘ ਸ਼ਹੀਦ ਹੋ ਚੁੱਕੇ ਸਨ ਅਤੇ ਬਾਕੀ ਤਿੰਨ ਵੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਕੇ ਡਿੱਗ ਚੁੱਕੇ ਸਨ। ਇਨ੍ਹਾਂ ਤਿੰਨਾਂ ਵਿਚ ਭਾਈ ਸੁੰਦਰ ਸਿੰਘ ਵੀ ਸਨ।

ਕੁਝ ਚਿਰ ਮਗਰੋਂ ਗੁਰੂ ਸਾਹਿਬ ਵੀ ਉੱਥੇ ਪੁੱਜ ਗਏ। ਉਨ੍ਹਾਂ ਨੇ ਭਾਈ ਸੁੰਦਰ ਸਿੰਘ ਦਾ ਮੂੰਹ ਪੂੰਝਿਆ, ਉਸ ਨੂੰ ਪਾਣੀ ਪਿਆਇਆ ਅਤੇ ਮਰਹਮ ਪੱਟੀ ਕਰਨ ਦੀ ਕੋਸ਼ਿਸ਼ ਕੀਤੀ ਪਰ ਉਸ ਦੇ ਜ਼ਖ਼ਮ ਏਨੇ ਭਾਰੀ ਸਨ ਕਿ ਉਸ ਦਾ ਬਚਣਾ ਨਾਮੁਮਕਿਨ ਸੀ। ਇਸ ਮਗਰੋਂ ਗੁਰੂ ਸਾਹਿਬ ਭਾਈ ਸੁੰਦਰ ਸਿੰਘ ਤੇ ਦੂਜੇ ਦੋਹਾਂ ਜ਼ਖ਼ਮੀਆਂ ਨਾਲ ਗੱਲਾਂ ਕਰਦੇ ਰਹੇ। ਅੱਧੀ ਰਾਤ ਤੋਂ ਪਹਿਲਾਂ ਹੀ ਭਾਈ ਸੁੰਦਰ ਸਿੰਘ ਚੜ੍ਹਾਈ ਕਰ ਗਿਆ।

ਭਾਈ ਸੁੰਦਰ ਸਿੰਘ ਦਾ ਸਸਕਾਰ ਗੁਰੂ ਸਾਹਿਬ ਨੇ ਆਪਣੇ ਹੱਥੀਂ 30 ਦਸੰਬਰ ਵਾਲੇ ਦਿਨ ਉਸੇ ਥਾਂ 'ਤੇ ਕੀਤਾ।

ਆਪ ਦੇ ਨਾਲ ਹੀ ਆਪ ਦੇ ਪਿਤਾ ਭਾਈ ਬੂੜ ਸਿੰਘ ਵੀ ਆਏ ਹੋਏ ਸਨ। ਉਹ ਵੀ ਇਸ ਲੜਾਈ ਵਿਚ ਸ਼ਹੀਦ ਹੋਏ ਸਨ। ਆਪ ਸਾਰਿਆਂ ਦਾ ਸਸਕਾਰ ਇਕੱਠਾ ਹੀ ਕੀਤਾ ਗਿਆ ਸੀ।

ਭਾਈ ਬੂੜ ਸਿੰਘ

ਭਾਈ ਬੂੜ ਸਿੰਘ ਨੇ 29 ਦਸੰਬਰ 1705 ਦੇ ਦਿਨ ਖਿਦਰਾਣੇ ਦੀ ਢਾਬ 'ਤੇ ਸਰਹਿੰਦ ਦੇ ਨਵਾਬ ਵਜ਼ੀਰ ਖਾਂ ਦੀ ਅਗਵਾਈ ਵਿਚ ਆਈ ਇਕ ਵੱਡੀ ਫ਼ੌਜ ਦਾ ਟਾਕਰਾ ਕਰਦਿਆਂ ਸ਼ਹੀਦੀ ਹਾਸਿਲ ਕੀਤੀ।

ਭਾਈ ਬੂੜ ਸਿੰਘ ਸਾਰਸੁਤ ਬ੍ਰਾਹਮਣ ਪਰਿਵਾਰ ਵਿਚੋਂ ਸਨ ਅਤੇ ਪਿੰਡ ਝੱਲੀਆਂ ਵਾਲਾ (ਨੇੜੇ ਪੱਟੀ) ਦੇ ਰਹਿਣ ਵਾਲੇ ਸਨ। ਆਪ 28 ਦਸੰਬਰ 1705 ਦੇ ਦਿਨ ਗੁਰੂ

ਸਾਹਿਬ ਦੇ ਦਰਸ਼ਨ ਕਰਨ ਪੱਟੀ ਤੋਂ ਆਏ 40 ਸਿੰਘਾਂ ਦੇ ਜਥੇ ਵਿਚ ਆਪਣੇ ਬੇਟੇ ਭਾਈ ਸੁੰਦਰ ਸਿੰਘ ਸਣੇ ਸ਼ਾਮਿਲ ਹੋਏ ਸਨ। ਇਸ ਜਥੇ ਨੇ ਅਗਲੇ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਸ਼ਨ ਕੀਤੇ। ਇਸੇ ਦਿਨ ਇਨ੍ਹਾਂ ਚਾਲ੍ਹੀ ਸਿੰਘਾਂ ਦੀ ਮੁਗ਼ਲ ਫ਼ੌਜਾਂ ਨਾਲ ਲੜਾਈ ਹੋਈ ਸੀ ਜਿਸ ਵਿਚ ਇਹ ਸਾਰੇ ਸਿੰਘ ਸ਼ਹੀਦ ਹੋਏ ਸਨ।

ਵਧੇਰੇ ਤਫ਼ਸੀਲ ਵਾਸਤੇ ਵੇਖੋ: **"ਭਾਈ ਸੁੰਦਰ ਸਿੰਘ ਝੱਲੀਆਂ ਵਾਲਾ"** ਅਤੇ **"ਮੁਕਤਸਰ ਦੇ ਚਾਲ੍ਹੀ ਮੁਕਤੇ"**।

ਭਾਈ ਭਾਗ ਸਿੰਘ ਝਬਾਲ

ਭਾਈ ਭਾਗ ਸਿੰਘ ਝਬਾਲੀਏ 29 ਦਸੰਬਰ 1705 ਦੇ ਦਿਨ ਖਿਦਰਾਣੇ ਦੀ ਢਾਬ ਦੇ ਕੰਢੇ 'ਤੇ ਸ਼ਹੀਦੀ ਪਾਉਣ ਵਾਲੇ ਚਾਲ੍ਹੀ ਸਿੰਘਾਂ ਵਿਚੋਂ ਇਕ ਸਨ।

ਭਾਈ ਭਾਗ ਸਿੰਘ ਝਬਾਲ (ਜ਼ਿਲ੍ਹਾ ਅੰਮ੍ਰਿਤਸਰ) ਦੇ ਰਹਿਣ ਵਾਲੇ ਸਨ। ਆਪ ਮਾਈ ਭਾਗ ਕੌਰ ਦੇ ਨਿੱਕੇ ਵੀਰ ਸਨ। ਭਾਈ ਭਾਗ ਸਿੰਘ ਝਬਾਲ ਦੇ ਇਲਾਕੇ ਦੀ ਬੜੀ ਸਿਰਕਰਦਾ ਸ਼ਖ਼ਸੀਅਤ ਸਨ। ਆਪ ਦੇ ਵੱਡੇ-ਵਡੇਰੇ, ਭਾਈ ਪੈਰੋ ਸ਼ਾਹ, ਭਾਈ ਲੰਗਾਹ ਦੇ ਛੋਟੇ ਭਰਾ ਸਨ ਆਪ ਜੱਟਾਂ ਦੀ ਢਿੱਲੋਂ ਗੋਤ ਵਿਚੋਂ ਸਨ। ਭਾਈ ਲੰਗਾਹ ਆਪਣੇ ਵੇਲੇ ਦੇ ਰੱਜੇ-ਪੁੱਜੇ ਪਰਿਵਾਰ ਵਿਚੋਂ ਸਨ। ਇਹ ਪਰਿਵਾਰ ਗੁਰੂ ਅਰਜਨ ਸਾਹਿਬ ਦੇ ਵੇਲੇ ਤੋਂ ਗੁਰੂ ਘਰ ਦੇ ਸਾਦਿਕ ਰਹੇ ਸਨ ਅਤੇ ਪੰਥ ਦੀ ਸੇਵਾ ਕਰਦੇ ਰਹਿੰਦੇ ਸਨ। ਭਾਈ ਲੰਗਾਹ ਪੱਟੀ ਦਾ ਇਕ ਚੌਧਰੀ ਸੀ। ਉਸ ਨੂੰ ਪੰਜਵੇਂ ਤੇ ਛੇਵੇਂ ਪਾਤਿਸ਼ਾਹ ਨੇ ਇਲਾਕੇ ਦਾ ਮਸੰਦ ਥਾਪਿਆ ਹੋਇਆ ਸੀ। ਚੌਧਰੀ ਲੰਗਾਹ ਢਿੱਲੋਂ ਦਾ ਜ਼ਿਕਰ ਭਾਈ ਗੁਰਦਾਸ ਦੀ ਯਾਰ੍ਹਵੀਂ ਵਾਰ ਦੀ ਬਾਈਵੀਂ ਪਉੜੀ ਵਿਚ ਇੰਞ ਆਉਂਦਾ ਹੈ:

"ਪੱਟੀ ਅੰਦਰਿ ਚਉਧਰੀ ਢਿਲੋਂ ਲਾਲ ਲੰਗਾਹੁ ਸੁਹੰਦਾ।"

ਜਦੋਂ ਗੁਰੂ ਅਰਜਨ ਸਾਹਿਬ ਨੂੰ ਜਹਾਂਗੀਰ ਦੇ ਹੁਕਮ ਨਾਲ ਗ੍ਰਿਫ਼ਤਾਰ ਕੀਤਾ ਗਿਆ ਤਾਂ ਭਾਈ ਲੰਗਾਹ ਵੀ ਉਸ ਵੇਲੇ ਗੁਰੂ ਸਾਹਿਬ ਦੇ ਨਾਲ ਸੀ।

ਭਾਈ ਲੰਗਾਹ ਦੇ ਨਿੱਕੇ ਵੀਰ ਭਾਈ ਪੈਰੋ ਸ਼ਾਹ ਨੇ ਵੀ ਗੁਰੂ ਘਰ ਦੀ ਬੜੀ ਸੇਵਾ ਕੀਤੀ ਸੀ। ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖ਼ਾਲਸਾ ਪਰਗਟ ਕੀਤਾ ਤਾਂ ਭਾਈ

ਪੇਰੋ ਸ਼ਾਹ ਦੇ ਪੋਤੇ ਤੇ ਪੜਪੋਤੇ ਖੰਡੇ ਦੀ ਪਾਹੁਲ ਲੈ ਕੇ ਸਿੰਘ ਸਜ ਗਏ। ਭਾਈ ਭਾਗ ਸਿੰਘ ਉਨ੍ਹਾਂ ਵਿਚੋਂ ਇਕ ਸਨ। ਇਸ ਪਰਿਵਾਰ ਕੋਲ ਪਿੰਡ ਝਬਾਲ ਦੀ ਜਾਗੀਰ ਸੀ। ਇਹ ਪਰਿਵਾਰ ਭਾਈਚਾਰੇ ਵਿਚ ਬੜੀ ਉੱਚੀ ਥਾਂ ਰਖਦਾ ਸੀ ਅਤੇ ਇਨ੍ਹਾਂ ਦੀ ਲਾਹੌਰ ਦਰਬਾਰ ਵਿਚ ਵੀ ਬੜੀ ਪਹੁੰਚ ਸੀ।

ਦਸੰਬਰ 1705 ਦੇ ਦੂਜੇ ਹਫਤੇ ਪੱਟੀ ਦੇ ਭਾਈ ਸੁਲਤਾਨ ਸਿੰਘ ਤੇ ਭਾਈ ਨਿਧਾਨ ਸਿੰਘ ਵੜੈਚ ਦਾ ਪਿਤਾ ਭਾਈ ਦੇਸ ਰਾਜ ਚੜ੍ਹਾਈ ਕਰ ਗਿਆ। ਉਸ ਦਾ ਭੋਗ ਦਸੰਬਰ ਦੇ ਆਖ਼ਰੀ ਹਫਤੇ ਪਾਇਆ ਗਿਆ। ਇਸ ਮੌਕੇ 'ਤੇ ਮਾਤਮ-ਪੁਰਸੀ ਕਰਨ ਪੁੱਜੇ ਰਿਸ਼ਤੇਦਾਰਾਂ ਅਤੇ ਸਬੰਧੀਆਂ ਵਿਚ ਝਬਾਲ ਦਾ ਭਾਈ ਭਾਗ ਸਿੰਘ ਢਿਲੋਂ ਵੀ ਸੀ। ਭੋਗ 'ਤੋਂ ਮਗਰੋਂ ਇਕ ਸਿੱਖ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਵਲੋਂ ਅਨੰਦਪੁਰ ਸਾਹਿਬ ਛੱਡ ਕੇ ਜਾਣ, ਮਾਤਾ ਗੁਜਰੀ, ਚਾਰ ਸਾਹਿਬਜ਼ਾਦਿਆਂ ਅਤੇ ਸੈਂਕੜੇ ਸਿੰਘਾਂ ਦੇ ਸ਼ਹੀਦ ਹੋਣ ਦਾ ਹਾਲ ਦਸਿਆ। ਇਸ ਨੂੰ ਸੁਣ ਕੇ ਸਾਰੇ ਹਾਜ਼ਰ ਸਿੱਖ ਅਫ਼ਸੋਸ ਕਰਨ ਲੱਗ ਪਏ ਕਿ ਅਸੀਂ ਔਖੇ ਵੇਲੇ ਅਨੰਦਪੁਰ ਸਾਹਿਬ ਪੁੱਜ ਕੇ ਗੁਰੂ ਸਾਹਿਬ ਦੀ ਮਦਦ ਨਹੀਂ ਕਰ ਸਕੇ।

ਇਸ ਮੌਕੇ 'ਤੇ ਇਕ ਸਿੰਘ ਨੇ ਸਲਾਹ ਦਿੱਤੀ ਕਿ ਇਸ ਵੇਲੇ ਗੁਰੂ ਸਾਹਿਬ ਦੀਨਾ-ਕਾਂਗੜ ਦੇ ਇਲਾਕੇ ਵਿਚ ਹਨ ਤੇ ਸਾਨੂੰ ਜਾ ਕੇ ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ। ਇਕ ਹੋਰ ਸਿੰਘ ਨੇ ਇਹ ਵੀ ਸਲਾਹ ਦਿੱਤੀ ਕਿ ਭਾਈ ਭਾਗ ਸਿੰਘ ਢਿਲੋਂ ਦੀ ਲਾਹੌਰ ਦਰਬਾਰ ਵਿਚ ਚੰਗੀ ਸੁਣੀ ਜਾਂਦੀ ਹੈ ਸਾਨੂੰ ਉਸ ਰਾਹੀਂ ਦਿੱਲੀ ਦਰਬਾਰ ਤੱਕ ਪਹੁੰਚ ਕਰ ਕੇ ਗੁਰੂ ਸਾਹਿਬ ਦਾ ਔਰੰਗਜ਼ੇਬ ਨਾਲ ਸਮਝੌਤਾ ਕਰਵਾ ਦੇਣਾ ਚਾਹੀਦਾ ਹੈ। ਉੱਥੇ ਹਾਜ਼ਰ ਲੋਕਾਂ ਨੇ ਇਸ ਗੱਲ ਦੀ ਹਾਮੀ ਭਰੀ। ਅਖ਼ੀਰ ਪੱਟੀ ਤੋਂ 40 ਸਿੰਘ ਅਤੇ 41ਵੀਂ ਮਾਤਾ ਭਾਗ ਕੌਰ ਗੁਰੂ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਮਾਲਵੇ ਵਲ ਚੱਲ ਪਏ।

ਗੁਰੂ ਸਾਹਿਬ ਦੀ ਭਾਲ ਵਿਚ ਇਹ ਜੱਥਾ ਮਖੂ ਤੇ ਜ਼ੀਰਾ ਪਾਰ ਕਰ ਕੇ ਜਦੋਂ ਮੋਗਾ ਦੇ ਨੇੜੇ ਪੁੱਜਾ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਨੇ ਉਸ ਦਿਨ ਰਾਮੇਆਣਾ ਤੋਂ ਰੁਪੇਆਣਾ ਵੱਲ ਜਾਣਾ ਸੀ। ਇਹ ਸੁਣ ਕੇ ਇਹ ਸਾਰੇ ਜਣੇ ਰੁਪੇਆਣਾ ਵੱਲ ਚਲ ਪਏ। ਪਿੰਡ ਦੀ ਰੋਹੀ ਵਿਚ (ਜਿੱਥੇ ਅਜ ਕਲ੍ਹ ਪਿੰਡ ਮਲ੍ਹਣ ਸੋਢੀਆਂ ਹੈ) ਗੁਰੂ ਸਾਹਿਬ ਅਤੇ ਇਨ੍ਹਾਂ ਸਿੰਘਾਂ ਦਾ ਮੇਲ ਹੋ ਗਿਆ। ਗੁਰੂ ਸਾਹਿਬ ਉੱਥੇ ਹੀ ਰੋਹੀ ਵਿਚ ਚਾਦਰਾਂ ਵਿਛਾ ਕੇ ਬੈਠ ਗਏ ਅਤੇ ਸੁਖ-ਸਾਂਦ ਪੁੱਛਣ ਲੱਗ ਪਏ।

ਹਾਲ-ਚਾਲ ਪੁੱਛਣ ਮਗਰੋਂ ਭਾਈ ਭਾਗ ਸਿੰਘ ਨੇ ਗੁਰੂ ਸਾਹਿਬ ਨੂੰ ਆਖਿਆ ਕਿ ਅਸੀਂ ਮਾਝੇ ਦੇ ਸਿਰਕਰਦਾ ਲੋਕ ਤੁਹਾਡਾ ਦਿੱਲੀ ਸਰਕਾਰ ਨਾਲ ਸਦਾ ਲਈ ਸਮਝੌਤਾ ਕਰਵਾ ਦੇਂਦੇ ਹਾਂ ਤਾਂ ਜੋ ਤੁਸੀਂ ਅੱਗੋਂ ਤੋਂ ਜ਼ਿੰਦਗੀ ਸੌਖੀ ਬਿਤਾ ਸਕੋ ਅਤੇ ਅਸੀਂ ਤੁਹਾਡੇ ਸੇਵਕ ਬਣੇ ਰਹੀਏ। ਇਹ ਸੁਣ ਕੇ ਗੁਰੂ ਸਾਹਿਬ ਨੇ ਆਖਿਆ ਕਿ ਤੁਸੀਂ ਕੌਣ ਹੋ

ਸਮਝੌਤਾ ਕਰਵਾਉਣ ਵਾਲੇ! ਜਦੋਂ ਪੰਜਵੇਂ ਪਾਤਿਸ਼ਾਹ ਸ਼ਹੀਦ ਕੀਤੇ ਗਏ ਸਨ ਤਾਂ ਉਦੋਂ ਤੁਹਾਡੇ ਵੱਡੇ-ਵਡੇਰੇ ਕਿੱਥੇ ਗਏ ਸਨ? ਛੇਵੇਂ ਪਾਤਿਸ਼ਾਹ ਨੂੰ ਗਵਾਲੀਅਰ ਵਿਚ ਕੈਦ ਕਰਨ ਵੇਲੇ ਤੁਸੀਂ ਕਿੱਥੇ ਸਓ? ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਵੇਲੇ ਤਾਂ ਤੁਸੀਂ ਨਾਂ ਤਕ ਨਹੀਂ ਸੀ ਲਿਆ। ਅਨੰਦਪੁਰ ਸਾਹਿਬ ਨੂੰ ਕਈ ਮਹੀਨੇ ਘੇਰਾ ਪਿਆ ਰਿਹਾ। ਉਦੋਂ ਤੁਸੀਂ ਨਹੀਂ ਆਏ। ਹੁਣ ਕੀ ਲੈਣ ਆਏ ਹੋ? ਤੁਹਾਨੂੰ ਸੰਗ ਨਹੀਂ ਆਉਂਦੀ। ਗੁਰੂ ਸਾਹਿਬ ਦੀਆਂ ਗੱਲਾਂ ਸੁਣ ਕੇ ਭਾਈ ਭਾਗ ਸਿੰਘ ਗੁੱਸੇ ਵਿਚ ਆ ਗਿਆ ਅਤੇ ਜੋਸ਼ ਵਿਚ ਬੋਲਿਆ ਕਿ ਗ਼ਰੀਬ ਨਿਵਾਜ਼ ਜੇ ਤੁਸੀਂ ਇੰਵ ਹੀ ਰਹਿਣਾ ਹੈ ਤਾਂ ਸਾਥੋਂ ਥੋੜੀ ਸਿੱਖੀ ਨਹੀਂ ਨਿਭ ਸਕਦੀ। ਅਸੀਂ ਵਾਪਿਸ ਜਾਂਦੇ ਹਾਂ। ਗੁਰੂ ਸਾਹਿਬ ਨੇ ਉਸ ਨੂੰ ਕਿਹਾ ਕਿ ਭਾਗ ਸਿੰਘਾ ਅਸੀਂ ਤੁਹਾਨੂੰ ਬੁਲਾਇਆ ਨਹੀਂ। ਜੇ ਤੁਸੀਂ ਆਪੇ ਆਏ ਹੋ ਤੇ ਸਿੱਖੀ ਛੱਡਣੀ ਹੈ ਤਾਂ ਲਿਖ ਕੇ ਦੇ ਜਾਓ ਕਿ ਅਜ ਤੋਂ ਮਾਝਾ ਗੁਰੂ ਦਾ ਸਿੱਖ ਨਹੀਂ ਰਿਹਾ। ਗੁਰੂ ਜੀ ਨੇ ਭਾਈ ਮਾਨ ਸਿੰਘ ਨਿਸ਼ਾਨਚੀ ਨੂੰ ਕਾਗਜ਼, ਕਲਮ ਤੇ ਦਵਾਤ ਲਿਆਉਣ ਵਾਸਤੇ ਆਖਿਆ। ਮਾਨ ਸਿੰਘ ਨੇ ਇਕ ਦਮ ਹੁਕਮ ਦੀ ਤਾਮੀਲ ਕੀਤੀ।

ਕਾਗਜ਼, ਕਲਮ, ਦਵਾਤ ਵੇਖ ਕੇ ਜੋਸ਼ ਵਿਚ ਆਏ ਭਾਈ ਭਾਗ ਸਿੰਘ ਨੇ ਪੰਚਾਇਤੀ 'ਬੇਦਾਵਾ' ਲਿਖ ਦਿੱਤਾ। ਇਸ ਉੱਤੇ ਉਸ ਦੇ ਭਰਾ ਭਾਈ ਦਿਲਬਾਗ ਸਿੰਘ, ਘਰਬਾਰਾ ਸਿੰਘ, ਗੰਡਾ ਸਿੰਘ ਵਗੈਰਾ ਨੇ ਦਸਤਖ਼ਤ ਕਰ ਦਿੱਤੇ। ਇਸ ਮਗਰੋਂ ਕਿਸੇ ਹੋਰ ਸਿੱਖ ਨੇ ਦਸਤਖ਼ਤ ਨਹੀਂ ਕੀਤੇ ਪਰ ਮੂੰਹ ਨੀਵਾਂ ਕਰ ਕੇ ਖੜੇ ਰਹੇ।

ਅਜੇ ਬਾਕੀ ਜਣੇ ਚੁਪ-ਚਾਪ ਖੜੇ ਸਨ ਕਿ ਪਿੱਛੋਂ ਕਿਸੇ ਸੂਹੀਏ ਨੇ ਆ ਖ਼ਬਰ ਦਿੱਤੀ ਕਿ ਸਰਹਿੰਦ ਦਾ ਸੂਬੇਦਾਰ ਵਜ਼ੀਰ ਖਾਂ ਆਪ ਫ਼ੌਜ ਲੈ ਕੇ ਗੁਰੂ ਸਾਹਿਬ ਨੂੰ ਢੂੰਡਦਾ ਇਸੇ ਪਾਸੇ ਆ ਰਿਹਾ ਹੈ। ਗੁਰੂ ਸਾਹਿਬ ਨੇ ਸਿੰਘਾਂ ਨੂੰ ਘੋੜਿਆਂ 'ਤੇ ਸਵਾਰ ਹੋ ਕੇ ਨਿਕਲ ਜਾਣ ਵਾਸਤੇ ਆਖਿਆ। ਪਲਕ ਝਪਕਦੇ ਹੀ ਸਭ ਚਲਣ ਵਾਸਤੇ ਤਿਆਰ ਹੋ ਗਏ। ਗੁਰੂ ਸਾਹਿਬ ਨੇ "ਬੇਦਾਵੇ" ਵਾਲਾ ਕਾਗਜ਼ ਫੜ ਕੇ ਬੋਝੇ ਵਿਚ ਪਾਇਆ ਅਤੇ ਅੱਗੇ ਚਾਲੇ ਪਾ ਦਿੱਤੇ।

ਗੁਰੂ ਸਾਹਿਬ ਦੇ ਜਾਣ ਮਗਰੋਂ ਭਾਈ ਭਾਗ ਸਿੰਘ ਅਤੇ ਦਿਲਬਾਗ ਸਿੰਘ ਦੀ ਵੱਡੀ ਭੈਣ ਤੇ ਭਾਈ ਨਿਧਾਨ ਸਿੰਘ ਵੜੈਚ ਦੀ ਸਿੰਘਣੀ ਮਾਈ ਭਾਗ ਕੌਰ ਨੇ ਸਿੰਘਾਂ ਵਲ ਮੂੰਹ ਕਰ ਕੇ ਮਿਹਣਾ ਮਾਰਦਿਆਂ ਆਖਿਆ ਕਿ ਅਜੇ ਤਾਂ ਦੁਨੀ ਚੰਦ ਮਸੰਦ ਵਲੋਂ ਰੱਸਾ ਬੰਨ੍ਹ ਕੇ ਅਨੰਦਗੜ੍ਹ ਕਿਲ੍ਹੇ ਵਿਚੋਂ ਭਜ ਜਾਣ ਦਾ ਕਲੰਕ ਸਾਡੇ ਮੱਥੇ ਤੋਂ ਨਹੀਂ ਉਤਰਿਆ ਤੇ ਤੁਸੀਂ ਨਵਾਂ ਕਲੰਕ ਲਾ ਲਿਆ ਹੈ। ਹੁਣ ਕਿਹੜੇ ਮੂੰਹ ਲੈ ਕੇ ਵਾਪਿਸ ਵਤਨਾਂ ਨੂੰ ਜਾਓਗੇ? ਤੁਹਡੀਆਂ ਸੰਵਾਣੀਆਂ ਕੀ ਆਖਣਗੀਆਂ ਕਿ ਤੁਸੀਂ ਚੰਗੇ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਗਏ ਸਓ! ਲੋਕ ਲਾਹਨਤਾਂ ਪਾਉਣਗੇ। ਕਿਹੜੇ ਮੂੰਹ ਲੈ ਕੇ ਬਾਹਰ ਨਿਕਲੋਗੇ। ਉਠੋ ਸ਼ੇਰੋ ਹੰਭਲਾ ਮਾਰੋ। ਗੁਰੂ ਸਾਹਿਬ ਬਖਸ਼ਣਹਾਰ ਹਨ। ਉਹ ਤੁਹਾਨੂੰ ਮੁਆਫ ਕਰ ਦੇਣਗੇ। ਗੁਰੂ ਸਾਹਿਬ ਅਜੇ ਦੂਰ ਨਹੀਂ ਗਏ ਹੋਏ। ਚਲੋ ਚਲੀਏ!

ਮਾਈ ਭਾਗ ਕੌਰ ਨੇ ਖੜੀ ਹੋ ਕੇ ਪੱਲੂ ਫੇਰਿਆ। ਬਸ ਫੇਰ ਕੀ ਸੀ ਕਈ ਸਿੰਘ ਖੜੇ ਹੋ ਗਏ। ਅਖ਼ੀਰ ਭਾਈ ਭਾਗ ਸਿੰਘ ਤੇ ਬਾਕੀ ਜਣੇ ਵੀ ਉੱਠ ਖੜੋਏ। ਭਾਈ ਭਾਗ ਸਿੰਘ ਨੇ ਜੈਕਾਰਾ ਛੱਡਿਆ ਅਤੇ ਹੌਲੀ-ਹੌਲੀ ਗੁਰੂ ਸਾਹਿਬ ਦੀ ਪੈੜ ਲਭਦੇ-ਲਭਦੇ ਉਹ ਖਿਦਰਾਣੇ ਦੀ ਢਾਬ 'ਤੇ ਪੁੱਜ ਗਏ। ਇਸ ਤੋਂ ਪਹਿਲਾਂ ਕਿ ਉਹ ਗੁਰੂ ਸਾਹਿਬ ਨੂੰ ਮਿਲ ਕੇ ਮੁਆਫ਼ੀ ਮੰਗ ਲੈਂਦੇ ਉਨ੍ਹਾਂ ਦਾ ਟਾਕਰਾ ਸਰਹਿੰਦ ਤੋਂ ਆਈ ਫ਼ੌਜ ਨਾਲ ਹੋ ਗਿਆ। ਇਸ ਫ਼ੌਜ ਦੀ ਤਾਦਾਦ ਹਜ਼ਾਰਾਂ ਵਿਚ ਸੀ ਪਰ ਸਿੱਖ ਸਿਰਫ਼ 40 ਮਰਦ ਤੇ ਇਕ ਔਰਤ ਸਨ।

ਛੇਤੀ ਹੀ ਦੋਹਾਂ ਪਾਸਿਆਂ ਤੋਂ ਤੀਰਾਂ ਤੇ ਬੰਦੂਕਾਂ ਦੀ ਲੜਾਈ ਸ਼ੁਰੂ ਹੋ ਗਈ। ਜਦੋਂ ਤੀਰ ਤੇ ਅਸਲਾ ਮੁਕ ਗਿਆ ਤਾਂ ਦੋਹੀਂ ਪਾਸੀਂ ਜਵਾਨਾਂ ਨੇ ਤਲਵਾਰਾਂ ਸੂਤ ਲਈਆਂ। ਸਿੰਘ ਭਾਵੇਂ 40 ਸਨ ਪਰ ਉਹ ਬੇਮਿਸਾਲ ਬਹਾਦਰੀ ਨਾਲ ਲੜੇ। ਸ਼ਾਮ ਤੱਕ ਸਿੰਘਾਂ ਨੇ ਸੈਂਕੜੇ ਮੁਗ਼ਲ ਸਿਪਾਹੀਆਂ ਦੇ ਸਿਰ ਲਾਹ ਦਿੱਤੇ ਸਨ। ਸੂਰਜ ਛਿਪਣ ਤੋਂ ਪਹਿਲਾਂ 40 ਦੇ 40 ਸਿੰਘ ਵੀ ਜ਼ਮੀਨ 'ਤੇ ਵਿਛ ਚੁੱਕੇ ਸਨ। ਇਨ੍ਹਾਂ ਵਿਚੋਂ ਤਿੰਨ ਅਜੇ ਜ਼ਰਾ-ਜ਼ਰਾ ਸਹਿਕ ਰਹੇ ਸਨ ਪਰ 37 ਸਿੰਘ ਸ਼ਹੀਦ ਹੋ ਚੁੱਕੇ ਸਨ। ਇਨ੍ਹਾਂ 37 ਵਿਚ ਭਾਗ ਸਿੰਘ ਵੀ ਸੀ।

ਹਨੇਰਾ ਪੈਣ ਤਕ ਗੁਰੂ ਸਾਹਿਬ ਵੀ ਉੱਥੇ ਪੁੱਜ ਚੁਕੇ ਸਨ। ਗੁਰੂ ਸਾਹਿਬ ਨੇ ਆ ਕੇ ਸਿੰਘਾਂ ਦੀਆਂ ਲਾਸ਼ਾਂ ਇਕੱਠੀਆਂ ਕਰਵਾਈਆਂ ਅਤੇ ਸਹਿਕ ਰਹੇ ਭਾਈ ਰਾਏ ਸਿੰਘ (ਮਹਾਂ ਸਿੰਘ ਤੇ ਸੁੰਦਰ ਸਿੰਘ ਵੀ) ਦੀ ਅਰਜ਼ ਮੰਨ ਕੇ "ਬੇਦਾਵਾ" ਪਾੜ ਦਿਤਾ ਤੇ ਸਾਰਿਆਂ ਨੂੰ ਫਿਰ ਸਿੱਖੀ ਵਿਚ ਸ਼ਾਮਿਲ ਕਰ ਲਿਆ।

ਅਗਲੇ ਦਿਨ 30 ਦਸੰਬਰ 1705 ਦੇ ਦਿਨ ਗੁਰੂ ਸਾਹਿਬ ਨੇ ਆਪਣੇ ਹੱਥੀਂ ਇਨ੍ਹਾਂ ਚਾਲੀ ਸਿੰਘਾਂ ਦਾ ਸਸਕਾਰ ਕੀਤਾ।

ਭਾਈ ਦਿਲਬਾਗ ਸਿੰਘ ਝਬਾਲ

ਭਾਈ ਦਿਲਬਾਗ ਸਿੰਘ ਝਬਾਲ ਨੇ 29 ਦਸੰਬਰ 1705 ਦੇ ਦਿਹਾੜੇ 39 ਹੋਰ ਸਿੰਘਾਂ ਨਾਲ ਖਿਦਰਾਣੇ ਦੀ ਢਾਬ (ਮੁਕਤਸਰ) ਵਿਚ ਸ਼ਹੀਦੀ ਪਾਈ ਸੀ।

ਭਾਈ ਦਿਲਬਾਗ ਸਿੰਘ ਦੇ ਵੱਡੇ-ਵਡੇਰੇ ਭਾਰੀ ਪੈਰੋ ਸ਼ਾਹ (ਅਤੇ ਉਸ ਦੇ ਵੱਡੇ ਵੀਰ) ਭਾਈ ਲੰਗਾਹ ਗੁਰੂ ਅਰਜਨ ਸਾਹਿਬ ਦੇ ਵੇਲੇ ਤੋਂ ਹੀ ਗੁਰੂ ਘਰ ਦੇ ਸਿਦਕੀ ਪੈਰੋਕਾਰ ਸਨ। ਭਾਈ ਲੰਗਾਹ ਆਪਣੇ ਵੇਲੇ ਵਿਚ ਪੱਟੀ ਦੇ ਚੌਧਰੀ ਸਨ।

ਭਾਈ ਦਿਲਬਾਗ ਸਿੰਘ ਅਤੇ ਉਨ੍ਹਾਂ ਦੇ ਵੱਡੇ ਭਰਾ ਭਾਈ ਭਾਗ ਸਿੰਘ ਢਿੱਲੋਂ ਗੁਰੂ ਘਰ ਵਿਚ ਬੜੀ ਸ਼ਰਧਾ ਰਖਦੇ ਸਨ ਅਤੇ ਦੂਜੇ ਪਾਸੇ ਇਲਾਕੇ ਦੇ ਚੌਧਰੀ ਹੋਣ ਕਰ ਕੇ ਉਨ੍ਹਾਂ ਦੀ ਲਾਹੌਰ ਦਰਬਾਰ ਵਿਚ ਵੀ ਬੜੀ ਪੁੱਛ ਸੀ। ਭਾਈ ਦਿਲਬਾਗ ਸਿੰਘ ਆਪ ਵੀ ਬੜੀ ਮੋਹਤਬਰ ਸ਼ਖ਼ਸੀਅਤ ਸਨ।

ਦਸੰਬਰ 1705 ਵਿਚ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਅਨੰਦਪੁਰ ਸਾਹਿਬ ਛੱਡ ਕੇ ਜਾਣਾ ਪਿਆ ਤਾਂ ਉਹ ਚਮਕੌਰ, ਮਾਛੀਵਾੜਾ, ਅਜਨੇਰ, ਆਲਮਗੀਰ, ਦੀਨਾ-ਕਾਂਗੜ ਹੁੰਦੇ ਹੋਏ ਕੋਟਕਪੂਰੇ ਪੁੱਜੇ। ਇਥੋਂ ਆਪ ਨੇ ਤਲਵੰਡੀ ਸਾਬੋ ਜਾਣ ਦਾ ਫ਼ੈਸਲਾ ਕੀਤਾ। ਆਪ 29 ਦਸੰਬਰ 1705 ਦੀ ਸਵੇਰ ਵੇਲੇ ਰਾਮੇਆਣਾ ਤੋਂ ਰੁਪੇਆਣਾ ਵਲ ਜਾ ਰਹੇ ਸਨ ਤਾਂ ਮਾਝੇ ਤੋਂ ਗੁਰੂ ਸਾਹਿਬ ਦੇ ਦਰਸ਼ਨ ਕਰਨ ਆ ਰਹੇ ਚਾਲੀ ਸਿੰਘ ਜਿਨ੍ਹਾਂ ਵਿਚ ਦਿਲਬਾਗ ਸਿੰਘ ਵੀ ਸ਼ਾਮਿਲ ਸੀ ਅਤੇ ਇਕਤਾਲੀਵੀਂ ਮਾਈ ਭਾਗੋ ਗੁਰੂ ਸਾਹਿਬ ਨੂੰ ਰੁਪੇਆਣਾ ਦੀ ਰੋਹੀ (ਜਿੱਥੇ ਅਜਕਲ, ਪਿੰਡ ਮਲ੍ਹਣ ਸੋਢੀਆਂ ਹੈ) ਵਿਚ ਮਿਲ ਪਏ। ਮਿਜਾਜ-ਪੁਰਸੀ ਤੋਂ ਮਗਰੋਂ ਏਥੇ ਇਸ ਜਥੇ ਦੇ ਆਗੂ ਭਾਈ ਭਾਗ ਸਿੰਘ ਨੇ ਗੁਰੂ ਸਾਹਿਬ ਨੂੰ ਲਾਹੌਰ ਦਰਬਾਰ ਅਤੇ ਦਿੱਲੀ ਸਰਕਾਰ ਨਾਲ ਸਮਝੌਤਾ ਕਰਵਾਉਣ ਦੀ ਪੇਸ਼ਕਸ਼ ਕੀਤੀ। ਗੁਰੂ ਸਾਹਿਬ ਵਲੋਂ ਪੇਸ਼ਕਸ਼ ਰੱਦ ਕੀਤੇ ਜਾਣ 'ਤੇ ਭਾਗ ਸਿੰਘ ਜੋਸ਼ ਵਿਚ ਆ ਗਿਆ ਅਤੇ ਤੈਸ਼ ਵਿਚ ਆ ਕੇ ਗੁਰੂ ਸਾਹਿਬ ਦੀ ਸਿੱਖੀ ਤੋਂ 'ਬੇਦਾਵਾ' ਲਿਖ ਦਿੱਤਾ। ਇਸ ਬੇਦਾਵੇ 'ਤੇ ਭਾਈ ਭਾਗ ਸਿੰਘ ਤੇ ਇਸ ਦੇ ਛੋਟੇ ਭਰਾ ਭਾਈ ਦਿਲਬਾਗ ਸਿੰਘ ਨੇ ਵੀ ਸਹੀ ਪਾ ਦਿੱਤੀ। ਇਸ ਮਗਰੋਂ ਦੋ-ਤਿੰਨ ਹੋਰ ਝਬਾਲੀਆਂ ਨੇ ਵੀ ਇਸ ਪੰਚਾਇਤੀ ਬੇਦਾਵੇ ਤੇ ਦਸਤਖ਼ਤ ਕਰ ਦਿੱਤੇ। ਏਨੇ ਚਿਰ ਵਿਚ ਹੀ ਇਕ ਸੂਹੀਏ ਨੇ ਖ਼ਬਰ ਲਿਆ ਦਿੱਤੀ ਕਿ ਸਰਹਿੰਦ ਦਾ ਸੂਬੇਦਾਰ ਫ਼ੌਜ ਲੈ ਕੇ ਉਸੇ ਇਲਾਕੇ ਦੇ ਨੇੜੇ ਪੁੱਜ ਚੁੱਕਾ ਹੈ। ਇਸ ਖ਼ਬਰ ਨੂੰ ਸੁਣ ਕੇ ਗੁਰੂ ਸਾਹਿਬ ਨੇ ਆਪਣੇ ਸਾਥੀਆਂ ਨੂੰ ਕੂਚ ਦਾ ਹੁਕਮ ਦੇ ਦਿੱਤਾ। ਗੁਰੂ ਸਾਹਿਬ ਨੇ ਝਬਾਲੀਆਂ ਦੇ ਦਸਤਖ਼ਤਾਂ ਵਾਲਾ ਪੰਚਾਇਤੀ ਬੇਦਾਵਾ ਸੰਭਾਲਿਆ ਅਤੇ ਆਪਣੀ ਜੇਬ੍ਹ ਵਿਚ ਪਾ ਲਿਆ।

ਗੁਰੂ ਸਾਹਿਬ ਦੇ ਜਾਣ ਮਗਰੋਂ ਮਾਈ ਭਾਗ ਕੌਰ ਦੇ ਮਿਹਣਾ ਮਾਰਨ 'ਤੇ ਇਹ ਸਾਰੇ ਸਿੰਘ ਭੁੱਲ ਬਖ਼ਸ਼ਾਉਣ ਵਾਸਤੇ ਗੁਰੂ ਸਾਹਿਬ ਦੇ ਪਿੱਛੇ ਚਲ ਪਏ। ਅਜੇ ਇਸ ਜਥੇਦਾ ਗੁਰੂ ਸਾਹਿਬ ਨਾਲ ਮੇਲ ਹੋਇਆ ਸੀ ਕਿ ਇਨ੍ਹਾਂ ਦਾ ਸਾਹਮਣਾ ਸਰਹਿੰਦ ਤੋਂ ਆਈ ਮੁਗ਼ਲ ਫ਼ੌਜ ਨਾਲ ਹੋ ਗਿਆ। ਵੇਖਦਿਆਂ-ਵੇਖਦਿਆਂ ਹੀ ਦੋਹਾਂ ਪਾਸਿਆ ਤੋਂ ਤੀਰਾਂ ਅਤੇ ਗੋਲੀਆਂ ਦਾ ਮੀਂਹ ਵਰ੍ਹਨਾ ਸ਼ੁਰੂ ਹੋ ਗਿਆ। ਇਹ ਜੰਗ ਪੌਣਾ ਘੰਟਾ (ਦੋ ਘੜੀਆਂ) ਚਲਦੀ ਰਹੀ। ਇਸ ਮਗਰੋਂ, ਜਦੋਂ ਅਸਲਾ ਮੁੱਕ ਗਿਆ ਤਾਂ, ਸਿੰਘਾਂ ਨੇ ਸ੍ਰੀ

ਸਾਹਿਬਾਂ ਧੂਹ ਲਈਆਂ। ਹੁਣ ਹੱਥੋ-ਹੱਥ ਲੜਾਈ ਸ਼ੁਰੂ ਹੋ ਗਈ। ਇਸ ਲੜਾਈ ਵਿਚ ਸਿੰਘਾਂ ਨੇ ਖ਼ੂਬ ਬਹਾਦਰੀ ਦਿਖਾਈ।

ਭਾਈ ਦਿਲਬਾਗ ਸਿੰਘ ਇਕ ਬੜੇ ਦਲੇਰ ਨੌਜਵਾਨ ਸਨ। ਉਨ੍ਹਾਂ ਨੇ ਬੜੀ ਫ਼ੁਰਤੀ ਨਾਲ ਦੁਸ਼ਮਣਾਂ 'ਤੇ ਹਮਲਾ ਕੀਤਾ ਅਤੇ ਬਹੁਤ ਸਾਰੇ ਮੁਗ਼ਲ ਸਿਪਾਹੀਆਂ ਨੂੰ ਮਾਰ ਮੁਕਾਇਆ। ਭਾਵੇਂ ਭਾਈ ਦਿਲਬਾਗ ਸਿੰਘ ਨੂੰ ਕਈ ਮੁਗ਼ਲਾਂ ਨੇ ਘੇਰਾ ਪਾ ਕੇ ਹਮਲਾ ਕੀਤਾ ਪਰ ਉਹ ਹਰ ਵਾਰ ਦਾ ਮੂੰਹ-ਤੋੜਵਾਂ ਜਵਾਬ ਦੇਂਦੇ ਰਹੇ। ਅਖ਼ੀਰ ਬਹੁਤ ਸਾਰੇ ਮੁਗ਼ਲ ਸਿਪਾਹੀਆਂ ਨੂੰ ਮਾਰ ਕੇ ਆਪ ਵੀ ਸ਼ਹੀਦ ਹੋ ਗਏ। ਆਪ ਦਾ ਸਸਕਾਰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਹੱਥੀਂ ਅਗਲੇ ਦਿਨ 30 ਦਸੰਬਰ ਨੂੰ ਖਿਦਰਾਣੇ ਦੀ ਢਾਬ ਦੇ ਨੇੜੇ ਕੀਤਾ। ਇਸ ਜਗਹ ਗੁਰਦੁਆਰਾ ਸ਼ਹੀਦ ਗੰਜ (ਅੰਗੀਠਾ ਸਾਹਿਬ) ਬਣਿਆ ਹੋਇਆ ਹੈ।

ਭਾਈ ਦਿਲਬਾਗ ਸਿੰਘ, ਭਾਈ ਭਾਗ ਸਿੰਘ ਮਾਈ ਭਾਗ ਕੌਰ ਦੇ ਛੋਟੇ ਭਰਾ ਸਨ। ਇਸ ਪਰਿਵਾਰ ਦੇ ਜਾਂਨਸ਼ੀਨ ਅਜੇ ਵੀ ਝਬਾਲ ਵਿਚ ਰਹਿੰਦੇ ਹਨ।

ਹੋਰ ਤਫ਼ਸੀਲ ਵਾਸਤੇ ਵੇਖੋ: **''ਮੁਕਤਸਰ ਦੇ ਚਾਲ੍ਹੀ ਮੁਕਤੇ''** ਅਤੇ **''ਭਾਈ ਭਾਗ ਸਿੰਘ ਝਬਾਲ''**।

ਭਾਈ ਘਰਬਾਰਾ ਸਿੰਘ ਝਬਾਲ

ਝਬਾਲ (ਜ਼ਿਲ੍ਹਾ ਅੰਮ੍ਰਿਤਸਰ) ਦੇ ਰਹਿਣ ਵਾਲੇ ਭਾਈ ਘਰਬਾਰਾ ਸਿੰਘ ਮੁਕਤਸਰ ਵਿਚ 29 ਦਸੰਬਰ 1705 ਦੇ ਦਿਨ ਸ਼ਹੀਦ ਹੋਣ ਵਾਲੇ ਚਾਲ੍ਹੀ ਮੁਕਤਿਆਂ ਵਿਚੋਂ ਇਕ ਸਨ।

ਭਾਈ ਘਰਬਾਰਾ ਸਿੰਘ ਉਨ੍ਹਾਂ ਸਿੰਘਾਂ ਵਿਚੋਂ ਇਕ ਸਨ ਜੋ 28 ਦਸੰਬਰ 1705 ਦੇ ਦਿਨ ਪੱਟੀ ਤੋਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਮਾਲਵੇ ਵਲ ਚਲੇ ਸਨ।

ਭਾਈ ਘਰਬਾਰਾ ਸਿੰਘ ਦੇ ਪਿਛੋਕੜ ਬਾਰੇ ਬਹੁਤੀ ਤਫ਼ਸੀਲ ਤਾਂ ਨਹੀਂ ਮਿਲਦੀ ਹਾਂ ਏਨਾ ਜ਼ਰੂਰ ਜਾਪਦਾ ਹੈ ਕਿ ਆਪ ਜਾਂ ਤਾਂ ਭਾਈ ਭਾਗ ਸਿੰਘ-ਦਿਲਬਾਗ ਸਿੰਘ ਝਬਾਲੀਆਂ ਦੇ ਸਾਥੀ ਜਾਂ ਕੋਈ ਕਰੀਬੀ ਰਿਸ਼ਤੇਦਾਰ ਸਨ। ਜਦੋਂ ਭਾਈ ਭਾਗ ਸਿੰਘ ਨੇ

ਤੈਸ਼ ਵਿਚ ਆ ਕੇ ਗੁਰੂ ਸਾਹਿਬ ਨੂੰ ਬੇਦਾਵਾ ਲਿਖ ਕੇ ਦਿੱਤਾ ਤਾਂ ਉਸ ਪੰਚਾਇਤੀ ਬੇਦਾਵੇ ਤੇ ਭਾਈ ਘਰਬਾਰਾ ਸਿੰਘ ਨੇ ਵੀ ਦਸਤਖ਼ਤ ਕੀਤੇ ਸਨ। ਇਨ੍ਹਾਂ ਚੋਹਾਂ ਪੰਜਾਂ ਤੋਂ ਇਲਾਵਾ ਕਿਸੇ ਹੋਰ ਨੇ ਦਸਤਖ਼ਤ ਨਹੀਂ ਕੀਤੇ ਸੀ।

29 ਦਸੰਬਰ ਦੇ ਦਿਨ ਖਿਦਰਾਣੇ ਦੀ ਢਾਬ (ਮੁਕਤਸਰ) 'ਤੇ ਇਨ੍ਹਾਂ ਚਾਲ੍ਹੀ ਸਿੰਘਾਂ ਅਤੇ ਇਕਤਾਲੀਵੀਂ ਮਾਈ ਭਾਗ ਕੋਰ ਦੀ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਨਾਲ ਹੋਈ ਲੜਾਈ ਵਿਚ ਭਾਈ ਘਰਬਾਰਾ ਸਿੰਘ ਨੇ ਵੀ ਡੱਟ ਕੇ ਹਿੱਸਾ ਲਿਆ ਅਤੇ ਬਹੁਤ ਸਾਰੇ ਮੁਗ਼ਲ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰਿਆ। ਦੁਸ਼ਮਣਾਂ ਦੇ ਆਹੂ ਲਾਹੁੰਦੇ ਅਖ਼ੀਰ ਭਾਈ ਘਰਬਾਰਾ ਸਿੰਘ ਵੀ ਸ਼ਹੀਦ ਹੋ ਗਏ। ਆਪ ਨੂੰ ਵੀ ਇਹ ਸ਼ਰਫ਼ ਹਾਸਿਲ ਹੈ ਕਿ ਆਪ ਜੀ ਦਾ ਸਸਕਾਰ ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਹੱਥੀਂ ਕੀਤਾ ਸੀ।

(ਵਧੇਰੇ ਤਫ਼ਸੀਲ ਵਾਸਤੇ ਵੇਖੋ:- "ਮੁਕਤਸਰ ਦੇ ਚਾਲ੍ਹੀ ਮੁਕਤੇ" ਅਤੇ "ਭਾਈ ਭਾਗ ਸਿੰਘ ਝਬਾਲ"।

ਭਾਈ ਗੰਡਾ ਸਿੰਘ ਝਬਾਲ

ਜਿਨ੍ਹਾਂ ਸਿੰਘਾਂ ਨੇ 29 ਦਸੰਬਰ 1705 ਦੇ ਦਿਨ ਖਿਦਰਾਣੇ ਦੀ ਢਾਬ 'ਤੇ ਸ਼ਹਾਦਤ ਪਾਈ ਸੀ ਭਾਈ ਗੰਡਾ ਸਿੰਘ ਉਨ੍ਹਾਂ ਵਿਚੋਂ ਇਕ ਸਨ।

ਭਾਈ ਗੰਡਾ ਸਿੰਘ ਝਬਾਲ ਦੇ ਰਹਿਣ ਵਾਲੇ ਸਨ। 28 ਦਸੰਬਰ 1705 ਦੇ ਦਿਨ ਮਾਝੇ ਦੇ ਕਸਬੇ ਪੱਟੀ ਤੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਮਿਲਣ ਗਏ 40 ਸਿੰਘਾਂ ਅਤੇ ਇਕ ਬੀਬੀ ਵਾਲੇ ਜੱਥੇ ਵਿਚ ਉਹ ਵੀ ਸ਼ਾਮਿਲ ਸਨ। ਭਾਈ ਗੰਡਾ ਸਿੰਘ ਨੇ ਬਾਕੀ ਚਾਲ੍ਹੀਆਂ ਨਾਲ ਪਿੰਡ ਰੁਪੇਆਣਾ ਦੀ ਰੋਹੀ (ਹੁਣ ਵਾਲੇ ਮਲ੍ਹਣ ਸੋਢੀਆਂ ਪਿੰਡ) ਵਿਚ 29 ਦਸੰਬਰ ਦੀ ਸਵੇਰ ਵੇਲੇ ਗੁਰੂ ਸਾਹਿਬ ਦੇ ਦਰਸ਼ਨ ਕਰਨ ਦਾ ਮਾਣ ਹਾਸਿਲ ਕੀਤਾ ਸੀ।

ਇਸ ਮੌਕੇ 'ਤੇ ਭਾਈ ਭਾਗ ਸਿੰਘ ਝਬਾਲੀਏ ਵਲੋਂ ਤੈਸ਼ ਵਿਚ ਆ ਕੇ ਗੁਰੂ ਸਾਹਿਬ ਤੋਂ ਸਬੰਧ ਤੋੜ ਕੇ ਲਾਤਅੱਲਕੀ ਦਾ ਫ਼ੈਸਲਾ ਕਰਨ ਮਗਰੋਂ ਉਸ ਵਲੋਂ ਲਿਖੇ "ਪੰਚਾਇਤੀ

ਬੇਦਾਵੇ' ਉੱਤੇ ਜਿਨ੍ਹਾਂ ਚੋਹਾਂ ਸਿੰਘਾਂ ਨੇ ਦਸਤਖ਼ਤ ਕੀਤੇ ਸਨ, ਭਾਈ ਗੰਡਾ ਸਿੰਘ ਉਨ੍ਹਾਂ ਵਿਚੋਂ ਇਕ ਸਨ। ਇਨ੍ਹਾਂ ਚੋਹਾਂ ਝਬਾਲ ਵਾਸੀਆਂ ਤੋਂ ਇਲਾਵਾ ਹੋਰ ਕਿਸੇ ਨੇ ਵੀ ਇਸ ਪੰਚਾਇਤੀ ਬੇਦਾਵੇ 'ਤੇ ਦਸਤਖ਼ਤ ਨਹੀਂ ਕੀਤੇ ਸਨ। ਇਸ ਤੋਂ ਜਾਪਦਾ ਹੈ ਕਿ ਭਾਈ ਗੰਡਾ ਸਿੰਘ ਜਾਂ ਤਾਂ ਭਾਈ ਭਾਗ ਸਿੰਘ ਦਿਲਬਾਗ ਸਿੰਘ ਦਾ ਰਿਸ਼ਤੇਦਾਰ ਜਾਂ ਕੋਈ ਨਜ਼ਦੀਕੀ ਜਾਂ ਸਾਥੀ ਸੀ, ਅਤੇ ਜਾਂ ਫਿਰ ਉਸ ਨੇ ਝਬਾਲੀਆ ਹੋਣ ਕਰ ਕੇ ਇਲਾਕੇ ਦੇ ਏਕੇ ਵਜੋਂ ਦਸਤਖ਼ਤ ਕੀਤੇ ਹੋਣਗੇ।

ਇਸੇ ਦਿਨ ਖਿਦਰਾਣੇ ਦੀ ਢਾਬ 'ਤੇ ਮੁਗ਼ਲ ਫ਼ੌਜ ਨਾਲ ਹੋਈ ਲੜਾਈ ਵਿਚ ਅੱਗੇ ਹੋ ਕੇ ਲੜਨ ਵਾਲਿਆਂ ਵਿਚ ਭਾਈ ਗੰਡਾ ਸਿੰਘ ਵੀ ਸੀ। ਉਹ ਬੜੀ ਦਲੇਰੀ ਤੇ ਜੋਸ਼ ਨਾਲ ਲੜਿਆ ਅਤੇ ਉਸ ਨੇ ਦੁਸ਼ਮਣਾਂ ਦੇ ਖ਼ੂਬ ਆਹੂ ਲਾਹੇ। ਉਸ ਨੇ ਆਪਣੀ ਸ੍ਰੀ ਸਾਹਿਬ ਦੀ ਪਿਆਸ ਕਈ ਮੁਗ਼ਲ ਫ਼ੌਜੀਆਂ ਦੇ ਖ਼ੂਨ ਨਾਲ ਬੁਝਾਈ । ਇੰਞ ਜੂਝਦਾ-ਜੂਝਦਾ ਭਾਈ ਗੰਡਾ ਸਿੰਘ ਵੀ ਸ਼ਹੀਦ ਹੋ ਗਿਆ। ਉਸ ਦਾ ਸਸਕਾਰ ਗੁਰੂ ਸਾਹਿਬ ਨੇ ਆਪਣੇ ਹੱਥਾਂ ਨਾਲ ਅਗਲੀ ਸਵੇਰ 30 ਦਸੰਬਰ 1705 ਨੂੰ ਕੀਤਾ।

ਭਾਈ ਨਿਧਾਨ ਸਿੰਘ ਵੜੈਚ

ਮਾਈ ਭਾਗ ਕੌਰ ਦੇ 'ਸਿਰਦਾਰ ਜੀ' ਭਾਈ ਨਿਧਾਨ ਸਿੰਘ ਵੜੈਚ ਨੇ 29 ਦਸੰਬਰ 1705 ਦੇ ਦਿਨ ਸ਼ਹੀਦੀ ਜਾਮ ਪੀਤਾ ਸੀ।

ਭਾਈ ਨਿਧਾਨ ਸਿੰਘ ਵੜੈਚ ਪੱਟੀ ਦੇ ਇਲਾਕੇ ਦੇ ਨੇੜੇ-ਤੇੜੇ ਦੇ ਰਹਿਣ ਵਾਲੇ ਸਨ। ਆਪ ਦਾ ਵਿਆਹ ਭਾਈ ਭਾਗ ਸਿੰਘ ਦਿਲਬਾਗ ਸਿੰਘ ਢਿਲੋਂ (ਵਾਸੀ ਝਬਾਲ) ਦੀ ਵੱਡੀ ਭੈਣ (ਮਾਈ) ਭਾਗ ਕੌਰ ਨਾਲ ਹੋਇਆ ਸੀ। ਆਪ ਦੇ ਘਰ ਕਈ ਸਾਲ ਤੱਕ ਕੋਈ ਬੱਚਾ ਨਹੀਂ ਹੋਇਆ ਸੀ।

ਦਸੰਬਰ 1705 ਦੇ ਤੀਜੇ ਹਫ਼ਤੇ ਆਪ ਦੇ ਪਿਤਾ ਭਾਈ ਦੇਸ ਰਾਜ ਦੇ ਭੋਗ ਦੇ ਮੌਕੇ 'ਤੇ ਸਿੰਘਾਂ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਵਲੋਂ ਅਨੰਦਪੁਰ ਛੱਡ ਕੇ ਜਾਣ, ਮਾਤਾ ਗੁਜਰੀ ਜੀ, ਚੋਹਾਂ ਸਾਹਿਬਜ਼ਾਦਿਆਂ ਅਤੇ ਸੈਂਕੜੇ ਸਿੰਘਾਂ ਦੀ ਸ਼ਹੀਦੀ ਦਾ ਪਤਾ ਲੱਗਾ। ਇਹ ਸੁਣ ਕੇ 40 ਸਿੰਘ ਗੁਰੂ ਸਾਹਿਬ ਨੂੰ ਮਿਲਣ ਅਤੇ ਉਨ੍ਹਾਂ ਦੇ ਦਰਸ਼ਨ ਕਰਨ

ਵਾਸਤੇ ਜਾਣ ਲਈ ਤਿਆਰ ਹੋ ਗਏ। ਇਨ੍ਹਾਂ ਚਾਲ੍ਹੀਆਂ ਵਿਚ ਭਾਈ ਨਿਧਾਨ ਸਿੰਘ ਵੜੈਚ ਵੀ ਸ਼ਾਮਿਲ ਸਨ। ਇਸ ਮੌਕੇ 'ਤੇ ਮਾਈ ਭਾਗ ਕੌਰ (ਸਿੰਘਣੀ ਭਾਈ ਨਿਧਾਨ ਸਿੰਘ) ਵੀ ਤਿਆਰ ਹੋ ਗਏ। ਉਨ੍ਹਾਂ ਦੀ ਖ਼ਾਹਿਸ਼ ਸੀ ਕਿ ਉਹ ਗੁਰੂ ਸਾਹਿਬ ਤੋਂ ਔਲਾਦ ਵਾਸਤੇ ਅਸ਼ੀਰਵਾਦ ਹਾਸਿਲ ਕਰ ਸਕਣ।

ਪਰ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਏ ਜੱਥੇ ਦੇ ਇਕ ਆਗੂ, ਆਪ ਦੇ ਸਾਲੇ ਭਾਈ ਭਾਗ ਸਿੰਘ ਨੇ ਜੋਸ਼ ਵਿਚ ਆ ਕੇ ਗੁਰੂ ਸਾਹਿਬ ਨਾਲ ਬਹਿਸ ਕਰਨੀ ਸ਼ੁਰੂ ਕਰ ਦਿੱਤੀ। ਤੈਸ਼ ਵਿਚ ਆ ਕੇ ਉਸ ਨੇ ਗੁਰੂ ਸਾਹਿਬ ਨੂੰ **ਬੇਦਾਵਾ** ਲਿਖ ਕੇ ਦੇ ਦਿੱਤਾ। ਇਸ ਪੰਰਾਇਤੀ ਬੇਦਾਵੇ 'ਤੇ ਦਸਤਖ਼ਤ ਕਰਨ ਵਾਲੇ ਸਿਰਫ਼ ਚਾਰ ਪੰਜ ਝਬਾਲੀਏ ਹੀ ਸਨ। ਭਾਈ ਨਿਧਾਨ ਸਿੰਘ ਵੜੈਚ ਨੇ ਇਸ 'ਤੇ ਦਸਤਖ਼ਤ ਨਹੀਂ ਸਨ ਕੀਤੇ।

ਕੁਝ ਪਲ ਮਗਰੋਂ ਹੀ ਭਾਈ ਨਿਧਾਨ ਸਿੰਘ ਦੀ ਸਿੰਘਣੀ ਨੇ ਇਸ ਬੇਦਾਵੇ ਨੂੰ ਲਿਖਣ 'ਤੇ ਝਿੜਕਾਂ ਮਾਰੀਆਂ। ਇਸ 'ਤੇ ਸ਼ਰਮਿੰਦੇ ਹੋ ਕੇ ਉਹ ਸਾਰੇ ਜਾਣੇ ਗੁਰੂ ਸਾਹਿਬ ਤੋਂ ਭੁਲ ਬਖਸ਼ਾਉਣ ਵਾਸਤੇ ਗੁਰੂ ਸਾਹਿਬ ਨੂੰ ਲੱਭਣ ਵਾਸਤੇ ਚਲ ਪਏ। ਇਸ ਤੋਂ ਪਹਿਲਾਂ ਕਿ ਉਹ ਗੁਰੂ ਸਾਹਿਬ ਨੂੰ ਮਿਲ ਸਕਦੇ, ਉਨ੍ਹਾਂ ਦਾ ਟਾਕਰਾ ਗੁਰੂ ਸਾਹਿਬ ਦਾ ਪਿੱਛਾ ਕਰਨ ਆਈ ਸਰਹਿੰਦ ਦੇ ਨਵਾਬ ਦੀ ਫ਼ੌਜ ਨਾਲ ਹੋ ਗਿਆ। ਇਨ੍ਹਾਂ ਚਾਲ੍ਹੀ ਮਝੈਲ ਸਿੰਘਾਂ ਅਤੇ ਸਰਹਿੰਦੀ ਫ਼ੌਜ ਵਿਚ ਬੜੀ ਜ਼ਬਰਦਸਤ ਲੜਾਈ ਹੋਈ। ਇਸ ਲੜਾਈ ਵਿਚ ਸੈਂਕੜੇ ਮੁਗ਼ਲ ਸਿਪਾਹੀ ਮਾਰੇ ਗਏ। ਇਸ ਦੇ ਨਾਲ ਹੀ ਇਹ ਸਾਰੇ ਸਿੰਘ ਵੀ ਸ਼ਹੀਦੀਆਂ ਪਾ ਗਏ।

ਭਾਈ ਨਿਧਾਨ ਸਿੰਘ ਕਾਫ਼ੀ ਉਮਰ ਦੇ ਸਿੰਘ ਜਾਪਦੇ ਸਨ ਕਿਉਂਕਿ ਉਨ੍ਹਾਂ ਦੀ ਸਿੰਘਣੀ ਮਾਈ ਭਾਗ ਕੌਰ ਭਾਈ ਭਾਗ ਸਿੰਘ ਅਤੇ ਦਿਲਬਾਗ ਸਿੰਘ ਦੋਹਾਂ ਤੋਂ ਵੱਡੀ ਸੀ। ਭਾਈ ਭਾਗ ਸਿੰਘ ਇਲਾਕੇ ਦੇ ਚੌਧਰੀ ਸਨ। ਯਕੀਨਨ ਉਹ ਵੀ ਚੰਗੀ ਉਮਰ ਦੇ ਹੋਣਗੇ। ਇਸ ਹਿਸਾਬ ਨਾਲ ਭਾਈ ਨਿਧਾਨ ਸਿੰਘ 50 ਸਾਲ ਤੋਂ ਕਾਫ਼ੀ ਵੱਧ ਉਮਰ ਦੇ ਹੀ ਹੋਣਗੇ। ਆਪਣੀ ਉਮਰ ਦੇ ਬਾਵਜੂਦ ਉਨ੍ਹਾਂ ਨੇ ਡਟ ਕੇ ਲੜਾਈ ਕੀਤੀ।

ਵਧੇਰੇ ਤਫ਼ਸੀਲ ਵਾਸਤੇ ਵੇਖੋ **"ਮੁਕਤਸਰ ਦੇ ਚਾਲ੍ਹੀ ਮੁਕਤੇ"** ਅਤੇ **"ਭਾਈ ਭਾਗ ਸਿੰਘ ਝਬਾਲ"**।

ਭਾਈ ਸੁਲਤਾਨ ਸਿੰਘ ਵੜੈਚ

ਭਾਈ ਸੁਲਤਾਨ ਸਿੰਘ ਵੜੈਚ ਮੁਕਤਸਰ ਵਿਚ 29 ਦਸੰਬਰ 1705 ਦੇ ਦਿਨ ਸ਼ਹੀਦ ਹੋਣ ਵਾਲੇ ਮੁਕਤਿਆਂ ਵਿਚੋਂ ਇਕ ਸਨ।

ਭਾਈ ਸੁਲਤਾਨ ਸਿੰਘ ਪੱਟੀ ਦੇ ਚੋਧਰੀ ਦੇਸ ਰਾਜ ਵੜੈਚ ਦੇ ਪੁੱਤਰ ਅਤੇ ਭਾਈ ਨਿਧਾਨ ਸਿੰਘ ਦੇ ਭਰਾ ਸਨ। ਦਸੰਬਰ 1705 ਵਿਚ ਆਪ ਦੇ ਪਿਤਾ ਭਾਈ ਦੇਸ ਰਾਜ ਚੜ੍ਹਾਈ ਕਰ ਗਏ। ਇਸ ਪਰਿਵਾਰ ਦੀ ਇਲਾਕੇ ਵਿਚ ਬੜੀ ਇੱਜ਼ਤ ਸੀ ਅਤੇ ਇਹ ਚੰਗੇ ਰੱਜੇ-ਪੁੱਜੇ ਜ਼ਮੀਂਦਾਰ ਸਨ। ਭਾਈ ਦੇਸ ਰਾਜ ਦੀ ਸਤਾਰ੍ਹਵੀਂ ਦੇ ਮੌਕੇ 'ਤੇ ਰੱਖੇ ਪਾਠ ਦੇ ਭੋਗ 'ਤੇ ਆਲੇ-ਦੁਆਲੇ ਦੇ ਮੁਖੀ ਸਿੱਖ ਆਗੂ ਹਾਜ਼ਰ ਹੋਏ। ਭਾਈ ਦੇਸ ਰਾਜ ਤੇ ਭਾਈ ਸੁਲਤਾਨ ਸਿੰਘ ਦੀ ਸਿੱਖ ਪੰਥ ਵਿਚ ਕੋਈ ਖ਼ਾਸ ਹਸਤੀ ਜ਼ਰੂਰ ਹੋਣੀ ਹੈ ਕਿਉਂਕਿ ਇਸ ਮੌਕੇ 'ਤੇ ਗੁਰੂ ਅਮਰ ਦਾਸ ਸਾਹਿਬ ਦੇ ਵਾਰਿਸ ਭਾਈ ਖ਼ੁਸ਼ਹਾਲ ਸਿੰਘ ਤੇ ਉਨ੍ਹਾਂ ਦੇ ਦੋ ਬੇਟੇ, ਅਤੇ ਕਈ ਹੋਰ ਸਿੱਖ ਇਸ ਮੌਕੇ 'ਤੇ ਦੂਰੋਂ-ਦੂਰੋਂ ਪੁੱਜੇ ਹੋਏ ਸਨ।

ਮੁਕਤਸਰ ਵਿਚ ਸ਼ਹੀਦੀ ਪਾਉਣ ਵਾਲੇ ਚਾਲ੍ਹੀ ਸਿੰਘਾਂ (ਮੁਕਤਿਆਂ) ਦਾ ਜੱਥਾ ਆਪ ਦੇ ਘਰੋਂ ਹੀ 28 ਦਸੰਬਰ ਨੂੰ ਘੋੜਿਆਂ 'ਤੇ ਸਵਾਰ ਹੋ ਕੇ ਟੁਰਿਆ ਸੀ। ਆਪ ਖ਼ੁਦ ਵੀ ਇਸ ਜਥੇ ਵਿਚ ਸ਼ਾਮਿਲ ਹੋਏ ਸਨ। ਇਸ ਜੱਥੇ ਨੇ 29 ਦਸੰਬਰ ਦੀ ਸਵੇਰ ਨੂੰ ਗੁਰੂ ਸਾਹਿਬ ਦੇ ਦਰਸ਼ਨ ਕੀਤੇ। ਪਰ ਜਿਵੇਂ ਕਿ ਵਾਹਿਗੁਰੂ ਦਾ ਭਾਣਾ ਵਰਤਣਾ ਸੀ ਇਸ ਜਥੇ ਦੇ ਇਕ ਮੁਖੀ ਆਗੂ ਭਾਈ ਭਾਗ ਸਿੰਘ ਝਬਾਲ ਨੇ ਤੈਸ਼ ਵਿਚ ਆ ਕੇ ਗੁਰੂ ਸਾਹਿਬ ਨਾਲ ਤਕਰਾਰ ਕਰ ਲਿਆ ਅਤੇ ਕਾਹਲੀ ਵਿਚ ਪੰਚਾਇਤੀ ਬੇਦਾਵਾ ਵੀ ਲਿਖ ਬੈਠਾ। ਪਰ ਕੁਝ ਹੀ ਪਲਾਂ ਮਗਰੋਂ ਸਭ ਨੇ ਆਪਣੀ ਗ਼ਲਤੀ ਦਾ ਅਹਿਸਾਸ ਵੀ ਕਰ ਲਿਆ ਤੇ ਗੁਰੂ ਸਾਹਿਬ ਤੋਂ ਭੁੱਲ ਬਖ਼ਸ਼ਵਾਉਣ ਵਾਸਤੇ ਉਨ੍ਹਾਂ ਦੇ ਪਿੱਛੇ ਚਲ ਪਿਆ।

ਗੁਰੂ ਸਾਹਿਬ ਦੀ ਭਾਲ ਵਿਚ ਜਾ ਰਹੇ ਇਸ ਜਥੇ ਦੀ ਟਕਰ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਦੀ ਫ਼ੌਜ ਨਾਲ ਹੋ ਗਈ। ਇਸ ਮੌਕੇ 'ਤੇ ਬੜੀ ਗਹਿ-ਗੱਚ ਲੜਾਈ ਹੋਈ। ਇਸ ਲੜਾਈ ਵਿਚ ਇਹ ਸਾਰੇ ਦੇ ਸਾਰੇ ਸਿੰਘ ਸ਼ਹੀਦ ਹੋ ਗਏ।

ਹੋਰ ਤਫ਼ਸੀਲ ਵਾਸਤੇ ਵੇਖੋ: **"ਮੁਕਤਸਰ ਦੇ ਚਾਲ੍ਹੀ ਮੁਕਤੇ"** ਅਤੇ **"ਭਾਈ ਭਾਗ ਸਿੰਘ ਝਬਾਲ"**।

ਭਾਈ ਖ਼ੁਸ਼ਹਾਲ ਸਿੰਘ ਭੱਲਾ

ਭਾਈ ਖ਼ੁਸ਼ਹਾਲ ਸਿੰਘ ਭੱਲਾ ਨੇ ਆਪਣੇ ਦੋ ਪੁਤਰਾਂ ਸਣੇ 29 ਦਸੰਬਰ 1705 ਦੇ ਦਿਨ ਸ਼ਹੀਦੀ ਜਾਮ ਪੀਤਾ ਸੀ।

ਭਾਈ ਖ਼ੁਸ਼ਹਾਲ ਸਿੰਘ ਤੀਜੇ ਨਾਨਕ ਗੁਰੂ ਅਮਰ ਦਾਸ ਸਾਹਿਬ ਦੇ ਪੁੱਤਰ ਬਾਬਾ ਮੋਹਰੀ ਦੇ ਸਿੱਧੇ ਵਾਰਿਸ ਸਨ ਅਤੇ ਗੁਰੂ ਅਮਰ ਦਾਸ ਸਾਹਿਬ ਤੋਂ ਅਠਵੀਂ ਪੀੜ੍ਹੀ ਵਿਚ ਸਨ।

ਭਾਈ ਖ਼ੁਸ਼ਹਾਲ ਸਿੰਘ ਭੱਲਾ ਦਾ ਸਾਰਾ ਪਰਿਵਾਰ ਹਮੇਸ਼ਾ ਗੁਰੂ ਨਾਨਕ ਸਾਹਿਬ ਦੇ ਹਰ ਵਾਰਿਸ ਦਾ ਸਾਦਿਕ ਰਿਹਾ ਸੀ ਅਤੇ ਗੁਰੂ ਦੇ ਹਰ ਹੁਕਮ 'ਤੇ ਫੁਲ ਚੜ੍ਹਾਉਣ ਵਾਸਤੇ ਹਮੇਸ਼ਾ ਤਿਆਰ ਰਹਿੰਦਾ ਸੀ। ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖ਼ਾਲਸਾ ਪਰਗਟ ਕੀਤਾ ਤਾਂ ਭਾਈ ਖ਼ੁਸ਼ਹਾਲ ਸਿੰਘ ਨੇ ਆਪਣੇ ਪੁੱਤਰਾਂ ਸਣੇ ਅਨੰਦਪੁਰ ਸਾਹਿਬ ਪੁੱਜ ਕੇ ਖੰਡੇ ਦੀ ਪਾਹੁਲ ਲਈ ਸੀ। ਇਸ ਮਗਰੋਂ ਵੀ ਭਾਈ ਖ਼ੁਸ਼ਹਾਲ ਦਾ ਪਰਿਵਾਰ ਅਨੰਦਪੁਰ ਸਾਹਿਬ ਆਉਂਦਾ ਰਿਹਾ ਸੀ।

ਕਿਸੇ ਕਾਰਨ ਵੱਸ ਇਹ ਪਰਿਵਾਰ 1705 ਵਿਚ ਅਨੰਦਪੁਰ ਸਾਹਿਬ ਨਹੀਂ ਜਾ ਸਕਿਆ ਸੀ ਤੇ ਇਸ ਸਾਲ ਸੱਤ ਮਹੀਨੇ ਦੇ ਲੰਬੇ ਘੇਰੇ ਮਗਰੋਂ ਗੁਰੂ ਸਾਹਿਬ ਨੂੰ ਅਨੰਦਪੁਰ ਸਾਹਿਬ ਛੱਡਣਾ ਪਿਆ ਸੀ। ਗੁਰੂ ਸਾਹਿਬ ਅਨੰਦਪੁਰ ਸਾਹਿਬ ਛੱਡਣ ਮਗਰੋਂ ਚਮਕੌਰ, ਮਾਛੀਵਾੜਾ ਹੁੰਦੇ ਹੋਏ ਦੀਨਾ ਕਾਂਗੜ ਪੁੱਜ ਗਏ ਸਨ। ਉੱਥੇ ਤਿੰਨ ਦਿਨ ਰਹਿਣ ਮਗਰੋਂ ਆਪ ਕੋਟਕਪੂਰਾ ਹੁੰਦੇ ਹੋਏ ਤਲਵੰਡੀ ਸਾਬੋ ਵੱਲ ਚਲ ਪਏ ਸਨ।

ਇਧਰ ਪੱਟੀ ਵਿਚ ਇਕ ਸਿਰਕਰਦਾ ਸਿੱਖ ਪਰਿਵਾਰ ਵਿਚ ਇਕ ਬਜ਼ੁਰਗ ਦੀ ਮੌਤ ਦੇ ਭੋਗ 'ਤੇ ਮਾਝੇ ਦੇ ਬਹੁਤ ਸਾਰੇ ਸਿੱਖ ਇਕੱਠੇ ਹੋਏ ਸਨ। ਇਨ੍ਹਾਂ ਵਿਚ ਝਬਾਲ ਅਤੇ ਗੋਇੰਦਵਾਲ ਦੇ ਵੀ ਕਈ ਮੋਹਿਤਬਰ ਸਿੱਖ ਵੀ ਸ਼ਾਮਿਲ ਸਨ। ਤੀਜੇ ਨਾਨਕ ਗੁਰੂ ਅਮਰਦਾਸ ਸਾਹਿਬ ਦੇ ਬੇਟੇ ਮੋਹਰੀ ਦੇ ਇਹ ਵਾਰਿਸ ਵੀ ਇਸ ਮੌਕੇ 'ਤੇ ਪੁੱਜੇ ਹੋਏ ਸਨ।

ਬਾਬਾ ਖ਼ੁਸ਼ਹਾਲ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਦੀ ਸਿੱਖਾਂ ਵਿਚ ਬੜੀ ਇੱਜ਼ਤ ਸੀ ਕਿਉਂਕਿ ਇਸ ਪਰਿਵਾਰ ਨੇ ਕਦੇ ਵੀ ਕੋਈ ਲਾਲਚ ਜਾਂ ਪਕੜ ਨਹੀਂ ਦਿਖਾਈ ਸੀ। ਜਦੋਂ ਗੁਰੂ ਅਮਰਦਾਸ ਸਾਹਿਬ ਨੇ ਗੁਰਗੱਦੀ ਗੁਰੂ ਰਾਮਦਾਸ ਸਾਹਿਬ ਨੂੰ ਦਿੱਤੀ ਸੀ ਤਾਂ ਉਨ੍ਹਾਂ ਦੇ ਬੇਟੇ ਬਾਬਾ ਮੋਹਰੀ ਨੇ ਸਭ ਤੋਂ ਪਹਿਲਾਂ ਗੁਰੂ ਸਾਹਿਬ ਦੇ ਹੁਕਮ ਨੂੰ ਸਿਰ ਮੱਥੇ ਮੰਨ ਕੇ ਗੁਰੂ ਰਾਮ ਦਾਸ ਸਾਹਿਬ ਨੂੰ ਮੱਥਾ ਟੇਕਿਆ ਸੀ। ਇਸ ਮਗਰੋਂ ਵੀ ਬਾਬਾ ਮੋਹਰੀ

ਦੀ ਔਲਾਦ ਗੁਰੂ ਨਾਨਕ ਸਾਹਿਬ ਦੀ ਗੱਦੀ ਦੇ ਹਰ ਇਕ ਵਾਰਿਸ ਦੀ ਸੇਵਾਦਾਰ ਰਹੀ ਸੀ।

5 ਤੇ 6 ਦਸੰਬਰ ਦੀ ਰਾਤ ਨੂੰ ਗੁਰੂ ਸਾਹਿਬ ਵੱਲੋਂ ਅਨੰਦਪੁਰ ਸਾਹਿਬ ਛੱਡਣ, ਮਾਤਾ ਗੁਜਰੀ ਅਤੇ ਚੌਹਾਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਗੋਇੰਦਵਾਲ ਵਾਸੀਆਂ ਨੂੰ ਜਾਂ ਬਾਬਾ ਖ਼ੁਸ਼ਹਾਲ ਸਿੰਘ ਪਰਿਵਾਰ ਨੂੰ ਸ਼ਾਇਦ ਖ਼ਬਰ ਨਹੀਂ ਸੀ ਇਸ ਕਰ ਕੇ ਉਨ੍ਹਾਂ ਵਿਚੋਂ ਕੋਈ ਵੀ ਗੁਰੂ ਸਾਹਿਬ ਵਲ ਨਾ ਜਾ ਸਕਿਆ। ਪਰ ਜਦੋਂ ਪੱਟੀ ਦੇ ਇਕ ਇਕੱਠ ਵਿਚ ਇਸ ਦੀ ਖ਼ਬਰ ਪੁੱਜੀ ਤਾਂ ਹਾਜ਼ਰ ਸੰਗਤਾਂ ਵਿਚੋਂ ਬਹੁਤੇ ਸਿੱਖ ਗੁਰੂ ਸਾਹਿਬ ਦੇ ਦਰਸ਼ਨ ਕਰਨ ਜਾਣ ਵਾਸਤੇ ਉਤਾਵਲੇ ਹੋ ਗਏ। ਭਾਈ ਖ਼ੁਸ਼ਹਾਲ ਸਿੰਘ ਅਤੇ ਉਨ੍ਹਾਂ ਦੇ ਦੋ ਬੇਟੇ ਵੀ ਇਨ੍ਹਾਂ ਵਿਚ ਸ਼ਾਮਿਲ ਸਨ।

ਇਹ ਚਾਲ੍ਹੀ ਸਿੰਘ ਤੇ ਮਾਈ ਭਾਗੋ 28 ਦਸੰਬਰ 1705 ਨੂੰ ਪੱਟੀ ਤੋਂ ਘੋੜਿਆਂ 'ਤੇ ਸਵਾਰ ਹੋ ਕੇ ਗੁਰੂ ਸਾਹਿਬ ਦੀ ਭਾਲ ਵਿਚ ਨਿਕਲ ਪਏ। ਉਨ੍ਹਾਂ ਨੂੰ ਗੁਰੂ ਸਾਹਿਬ ਦੇ ਦੀਨਾ-ਕਾਂਗੜ ਵਿਚ ਹੋਣ ਬਾਰੇ ਇਤਲਾਹ ਮਿਲੀ ਸੀ। ਪਰ ਜਦੋਂ ਉਹ ਮੋਗਾ ਨੇੜੇ ਪੁੱਜੇ ਤਾਂ ਉਨ੍ਹਾਂ ਨੂੰ ਗੁਰੂ ਸਾਹਿਬ ਦੇ ਰੂਪੇਆਣਾ (ਰੁਪਾਣਾ) ਅਤੇ ਰਾਮੇਆਣਾ ਦੇ ਵਿਚਕਾਰ ਹੋਣ ਦਾ ਪਤਾ ਲੱਗਾ। ਇਸ ਕਰਕੇ ਉਹ ਸਾਰੇ ਇਧਰ ਵੱਲ ਹੀ ਹੋ ਟੁਰੇ।

29 ਦਸੰਬਰ 1705 ਦੀ ਸਵੇਰ ਨੂੰ ਇਨ੍ਹਾਂ ਦਾ ਮੇਲ ਗੁਰੂ ਸਾਹਿਬ ਨਾਲ ਹੋ ਗਿਆ। ਸਾਰੇ ਸਿੰਘਾਂ ਨੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਅਤੇ ਗੁਰੂ ਸਾਹਿਬ ਨੇ ਵੀ ਸਭ ਦੀ ਸੁਖ-ਸਾਂਦ ਪੁੱਛੀ। ਇਸੇ ਮੌਕੇ 'ਤੇ ਤੈਸ਼ ਵਿਚ ਆਏ ਭਾਈ ਭਾਗ ਸਿੰਘ ਦਾ ਗੁਰੂ ਸਾਹਿਬ ਨਾਲ ਤਕਰਾਰ ਹੋ ਗਿਆ ਜਿਸ ਦੇ ਨਤੀਜੇ ਵਜੋਂ ਜੋਸ਼ ਵਿਚ ਆਏ ਭਾਈ ਭਾਗ ਸਿੰਘ ਨੇ ਗੁਰੂ ਸਾਹਿਬ ਨੂੰ ਪੰਚਾਇਤੀ ਬੇਦਾਵਾ ਲਿਖ ਦਿੱਤਾ। ਉਸੇ ਵੇਲੇ ਮੁਗ਼ਲ ਫ਼ੌਜਾਂ ਦੇ ਉਸ ਪਾਸੇ ਵੱਲ ਆਉਣ ਦੀ ਇਤਲਾਹ ਮਿਲਣ 'ਤੇ ਗੁਰੂ ਸਾਹਿਬ ਅੱਗੇ ਚਲਣ ਵਾਸਤੇ ਤਿਆਰ ਹੋ ਗਏ ਅਤੇ ਨਾਲ ਹੀ ਉਹ ਪੰਚਾਇਤੀ ਬੇਦਾਵਾ ਵੀ ਲੈ ਗਏ। ਇਹ ਕਾਰਵਾਈ ਏਨੀ ਛੇਤੀ ਵਿਚ ਹੋ ਗਈ ਕਿ ਭਾਈ ਖ਼ੁਸ਼ਹਾਲ ਸਿੰਘ ਤੇ ਭਾਈ ਰਾਏ ਸਿੰਘ ਮੁਲਤਾਨੀ ਵਰਗਿਆਂ ਨੂੰ ਵੀ ਸਮਝ ਨਾ ਪੈ ਸਕੀ ਕਿ ਇਹ ਕੀ ਹੋ ਗਿਆ ਹੈ।

ਗੁਰੂ ਸਾਹਿਬ ਦੇ ਅੱਖੋਂ-ਉਹਲੇ ਹੋ ਜਾਣ ਤੋਂ ਇਕ-ਦਮ ਛੇਤੀ ਹੀ ਸਾਰਿਆਂ ਨੇ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਕਿ ਉਨ੍ਹਾਂ ਤੋਂ ਬੜਾ ਵੱਡਾ ਗੁਨਾਹ ਹੋ ਗਿਆ ਹੈ। ਮਾਈ ਭਾਗ ਕੌਰ ਦੇ ਮਿਹਣੇ ਨੇ ਉਨ੍ਹਾਂ ਸਾਰਿਆਂ ਵਿਚ ਗੁ.ਾਹ ਦਾ ਅਹਿਸਾਸ ਜਗਾ ਦਿੱਤਾ ਅਤੇ ਉਹ ਉਸੇ ਵੇਲੇ ਗੁਰੂ ਸਾਹਿਬ ਤੋਂ ਭੁੱਲ ਬਖਸ਼ਵਾਉਣ ਵਾਸਤੇ ਚਲਣ ਲਈ ਤਿਆਰ ਹੋ ਗਏ।

ਇਨ੍ਹਾਂ ਸਿੰਘਾਂ ਦਾ ਮੇਲ ਗੁਰੂ ਸਾਹਿਬ ਨਾਲ ਹੋਣ ਤੋਂ ਪਹਿਲਾਂ ਹੀ ਮੁਗ਼ਲ ਫ਼ੌਜਾਂ ਇਨ੍ਹਾਂ ਦੇ ਸਾਹਮਣੇ ਆ ਖੜ੍ਹੀਆਂ। ਵੇਖਦਿਆਂ-ਵੇਖਦਿਆਂ ਹੀ ਉਨ੍ਹਾਂ ਸਿੰਘਾਂ ਅਤੇ ਮੁਗ਼ਲ ਫ਼ੌਜਾਂ ਵਿਚਕਾਰ ਗਹਿ-ਗੱਚ ਲੜਾਈ ਸ਼ੁਰੂ ਹੋ ਗਈ। ਪਹਿਲਾਂ ਬੰਦੂਕਾਂ ਤੇ ਤੀਰਾਂ ਦੀ

ਲੜਾਈ ਹੋਈ ਅਤੇ ਫਿਰ ਸ੍ਰੀ ਸਾਹਿਬਾਂ ਨਾਲ ਹੱਥੋ-ਹੱਥ ਲੜਾਈ ਹੋਈ। ਇਸ ਲੜਾਈ ਵਿਚ ਹਰ ਇਕ ਸਿੱਖ ਨੇ ਆਪਣੀ ਬਹਾਦਰੀ ਦੇ ਜੌਹਰ ਦਿਖਾਏ। ਇਕ-ਇਕ ਸਿੱਖ ਨੇ ਕਈ-ਕਈ ਮੁਗ਼ਲ ਸਿਪਾਹੀਆਂ ਨੂੰ ਪਾਰ ਬੁਲਾਇਆ। ਲੜਾਈ ਕਈ ਘੰਟੇ ਚਲਦੀ ਰਹੀ। ਅਖ਼ੀਰ ਇਕ-ਇਕ ਕਰ ਕੇ ਸਾਰੇ ਸਿੰਘ ਜ਼ਮੀਨ 'ਤੇ ਡਿਗ ਪਏ। ਇਨ੍ਹਾਂ ਵਿਚੋਂ 37 ਪੂਰੀ ਤਰ੍ਹਾਂ ਸ਼ਹੀਦ ਹੋ ਚੁੱਕੇ ਸਨ ਅਤੇ ਬਾਕੀ ਦੇ ਤਿੰਨ ਅਤੇ ਮਾਈ ਭਾਗ ਕੌਰ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਸਨ। ਇਹ ਤਿੰਨ ਸਿੰਘ ਵੀ ਅੱਧੀ ਰਾਤ ਤੋਂ ਪਹਿਲਾਂ ਗੁਰੂ ਸਾਹਿਬ ਦੀ ਗੋਦੀ ਵਿਚ ਸ਼ਹੀਦ ਹੋ ਗਏ। ਸ਼ਹੀਦ ਹੋਣ ਵਾਲਿਆਂ 40 ਸਿੰਘਾਂ ਵਿਚ ਭਾਈ ਖ਼ੁਸ਼ਹਾਲ ਸਿੰਘ ਵੀ ਸਨ।

ਭਾਈ ਖ਼ੁਸ਼ਹਾਲ ਸਿੰਘ ਦਾ ਸਸਕਾਰ ਗੁਰੂ ਸਾਹਿਬ ਨੇ ਆਪਣੇ ਹੱਥੀਂ 30 ਦਸੰਬਰ 1705 ਦੇ ਦਿਨ ਕੀਤਾ।

ਭਾਈ ਦਰਬਾਰੀ ਸਿੰਘ ਭੱਲਾ ਤੇ ਭਾਈ ਘਰਬਾਰੀ ਸਿੰਘ ਭੱਲਾ

ਭਾਈ ਦਰਬਾਰੀ ਸਿੰਘ ਤੇ ਭਾਈ ਘਰਬਾਰੀ ਸਿੰਘ ਨੇ 29 ਦਸੰਬਰ 1705 ਦੇ ਦਿਨ ਮੁਕਤਸਰ ਵਿਚ ਮੁਗ਼ਲ ਫ਼ੌਜ ਨਾਲ ਲੜਦਿਆਂ ਸ਼ਹੀਦੀ ਜਾਮ ਪੀਤੇ ਸਨ।

ਭਾਈ ਦਰਬਾਰੀ ਸਿੰਘ ਅਤੇ ਭਾਈ ਘਰਬਾਰੀ ਸਿੰਘ ਦੋਵੇਂ ਭਾਈ ਖ਼ੁਸ਼ਹਾਲ ਸਿੰਘ ਦੇ ਬੇਟੇ ਸਨ। ਆਪ ਗੁਰੂ ਅਮਰਦਾਸ ਸਾਹਿਬ ਦੇ ਪੁੱਤਰ ਬਾਬਾ ਮੋਹਰੀ ਦੀ ਕੁਲ ਦੇ ਅਠਵੇਂ ਵਾਰਿਸ ਸਨ। ਆਪ ਨੇ ਆਪਣੀ ਜ਼ਿੰਦਗੀ ਦਾ ਬਹੁਤਾ ਹਿੱਸਾ ਆਪਣੇ ਪਿਤਾ ਦੇ ਘਰ ਗੋਇੰਦਵਾਲ ਵਿਚ ਹੀ ਬਿਤਾਇਆ ਸੀ। ਮਾਝੇ ਦੇ ਸਾਰੇ ਇਲਾਕੇ ਵਿਚ ਇਸ ਪਰਿਵਾਰ ਦੀ ਬੜੀ ਇੱਜ਼ਤ ਸੀ ਅਤੇ ਸਾਰੇ ਇਲਾਕੇ ਦੇ ਲੋਕ ਉਨ੍ਹਾਂ ਨੂੰ ਹਰ ਖ਼ੁਸ਼ੀ-ਗ਼ਮੀ ਦੇ ਮੌਕੇ 'ਤੇ ਬੁਲਾਇਆ ਕਰਦੇ ਸਨ। ਦੋਵੇਂ ਜਵਾਨ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਬੜਾ ਪਿਆਰ ਕਰਦੇ ਸਨ ਪਰ ਇਤਫ਼ਾਕ ਦੀ ਗੱਲ ਹੈ ਕਿ ਜਦੋਂ ਮਈ ਤੋਂ ਨਵੰਬਰ 1705 ਦੌਰਾਨ, ਸੱਤ ਮਹੀਨੇ ਅਨੰਦਪੁਰ ਸਾਹਿਬ ਨੂੰ ਘੇਰਾ ਪਿਆ ਰਿਹਾ ਤਾਂ ਇਹ ਉਥੇ ਨਾ ਜਾ ਸਕੇ।

28 ਦਸੰਬਰ 1705 ਦੇ ਦਿਨ ਜਦੋਂ ਪੱਟੀ ਤੋਂ ਸਿੰਘਾਂ ਦਾ ਇਕ ਜਥਾ ਗੁਰੂ ਸਾਹਿਬ ਦੇ ਦਰਸ਼ਨਾਂ ਵਾਸਤੇ ਚਲਿਆ ਤਾਂ ਦੋਵੇਂ ਭਰਾ ਵੀ ਆਪਣੇ ਪਿਤਾ ਸਣੇ ਇਸ ਜਥੇ ਵਿਚ ਸ਼ਾਮਿਲ ਹੋਏ। ਇਨ੍ਹਾਂ ਨੇ 29 ਦਸੰਬਰ ਦੇ ਦਿਨ ਦਸਵੇਂ ਨਾਨਕ ਦੇ ਦਰਸ਼ਨ ਕੀਤੇ।

ਉਸੇ ਦਿਨ ਦੁਪਹਿਰ ਵੇਲੇ ਇਨ੍ਹਾਂ ਚਾਲ਼ੀ ਸਿੰਘਾਂ ਦੀ ਮੁਗਲ ਫ਼ੌਜਾਂ ਨਾਲ ਟੱਕਰ ਹੋ ਗਈ। ਖਿਦਰਾਣੇ ਦੀ ਢਾਬ 'ਤੇ ਹੋਈ ਲੜਾਈ ਵਿਚ ਇਨ੍ਹਾਂ ਨੇ ਦੁਸ਼ਮਣਾਂ ਦੇ ਖ਼ੂਬ ਆਹੂ ਲਾਹੇ। ਅਖ਼ੀਰ ਇਹ ਦੋਵੇਂ ਭਰਾ ਵੀ ਬਾਕੀ ਸਾਰੇ ਸਿੰਘਾਂ ਦੇ ਨਾਲ ਹੀ ਸ਼ਹੀਦ ਹੋ ਗਏ।

(ਵਧੇਰੇ ਤਫ਼ਸੀਲ ਵਾਸਤੇ ਵੇਖੋ:-

"ਮੁਕਤਸਰ ਦੇ ਚਾਲ਼ੀ ਮੁਕਤੇ" ਅਤੇ "ਭਾਈ ਖ਼ੁਸ਼ਹਾਲ ਸਿੰਘ ਭੱਲਾ")।

ਭਾਈ ਜਾਦੋ ਸਿੰਘ ਤੇ ਭਾਈ ਕੇਸੋ ਸਿੰਘ

ਇਕ ਸੋਮੇ ਮੁਤਾਬਿਕ 29 ਦਸੰਬਰ 1705 ਦੇ ਦਿਨ ਮੁਕਤਸਰ ਵਿਚ ਸ਼ਹੀਦ ਹੋਣ ਵਾਲਿਆਂ ਵਿਚ ਭਾਈ ਜਾਦੋ ਸਿੰਘ ਅਤੇ ਭਾਈ ਕੇਸੋ ਸਿੰਘ ਵੀ ਸਨ। ਇਨ੍ਹਾਂ ਦੇ ਪਿਛੋਕੜ ਬਾਰੇ ਪੂਰੀ ਤਰ੍ਹਾਂ ਕੁਝ ਨਹੀਂ ਪਤਾ ਲਗਦਾ। ਇਕ ਸੋਮੇ ਵਿਚ ਇਨ੍ਹਾਂ ਦੀ ਮੁਕਤਸਰ ਵਿਚ ਸ਼ਹੀਦੀ ਦਾ ਜ਼ਿਕਰ ਜ਼ਰੂਰ ਆਉਂਦਾ ਹੈ।

ਭਾਈ ਮਾਨ ਸਿੰਘ ਰਾਠੌਰ

ਭਾਈ ਮਾਨ ਸਿੰਘ ਨੇ 17 ਮਾਰਚ 1707 ਦੇ ਦਿਨ ਬਘੋਰ (ਰਾਜਿਸਥਾਨ) ਵਿਚ ਸ਼ਹੀਦੀ ਹਾਸਿਲ ਕੀਤੀ ਸੀ।

ਭਾਈ ਮਾਨ ਸਿੰਘ ਭਾਈ ਅਜੀਤ (ਜੀਤਾ) ਸਿੰਘ ਦੇ ਪੁਤਰ, ਭਾਈ ਰਾਮਾ ਦੇ ਪੋਤਰੇ ਤੇ ਸ਼ਹੀਦ ਭਾਈ ਸੁਖੀਆ ਮਾਂਡਨ ਦੇ ਪੜਪੋਤੇ ਸਨ। ਇਹ ਭਾਈ ਸੁਖੀਆ ਭਾਈ ਮਨੀ ਸਿੰਘ ਦਾ ਸੱਕਾ ਫੁਫੜ ਅਤੇ ਸ਼ਹੀਦ ਭਾਈ ਬੱਲੂ ਦਾ ਜੁਆਈ ਸੀ। ਭਾਈ ਬੱਲੂ ਨੇ 13 ਅਪਰੈਲ 1634 ਦੇ ਦਿਨ ਗੁਰੂ ਦਾ ਚੱਕ, ਅੰਮ੍ਰਿਤਸਰ ਵਿਚ ਸ਼ਹੀਦੀ ਜਾਮ ਪੀਤਾ ਸੀ।

ਭਾਈ ਮਾਨ ਸਿੰਘ ਦੇ ਤਾਇਆ ਭਾਈ ਬਜਰ ਸਿੰਘ ਰਾਠੌਰ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਹਥਿਆਰ ਚਲਾਉਣ ਅਤੇ ਘੋੜ-ਸਵਾਰੀ ਦੀ ਸਿਖਲਾਈ ਦਿੱਤੀ ਸੀ। ਇਹ ਬਜਰ ਸਿੰਘ ਮਗਰੋਂ ਚਪੜਚਿੜੀ, ਸਰਹਿੰਦ ਦੀ ਲੜਾਈ ਵਿਚ, 13 ਮਈ 1710 ਦੇ ਦਿਨ, ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਰਲ ਕੇ ਲੜਿਆ ਸੀ ਤੇ ਸ਼ਹੀਦੀ ਹਾਸਿਲ ਕੀਤੀ ਸੀ। ਭਾਈ ਬਜਰ ਸਿੰਘ ਦੀ ਬੇਟੀ ਬੀਬੀ ਭਿੱਖਾਂ ਨੇ ਭਾਈ ਜੀਵਨ ਸਿੰਘ (ਜੈਤਾ) ਦੇ ਜਥੇ ਨਾਲ 6 ਦਸੰਬਰ 1705 ਦੀ ਸਵੇਰ ਨੂੰ ਪਿੰਡ ਝੱਖੀਆਂ ਦੀ ਜੂਹ ਵਿਚ, ਸ਼ਾਹੀ ਟਿੱਬੀ ਦੇ ਨੇੜੇ, ਸ਼ਹੀਦੀ ਪਾਈ ਸੀ।

ਭਾਈ ਮਾਨ ਸਿੰਘ ਦੇ ਪਿਤਾ ਭਾਈ ਅਜੀਤ ਸਿੰਘ, ਚਾਚਾ ਭਾਈ ਨੇਤਾ ਸਿੰਘ ਤੇ ਵੱਡੇ ਭਰਾਵਾਂ ਭਾਈ ਸੇਵਾ ਸਿੰਘ ਤੇ ਭਾਈ ਮੋਹਰ ਸਿੰਘ ਨੇ 14 ਅਕਤੂਬਰ 1700 ਦੇ ਦਿਨ ਨਿਰਮੋਹਗੜ੍ਹ ਵਿਚ ਸ਼ਹੀਦੀ ਜਾਮ ਪੀਤਾ ਸੀ। ਭਾਈ ਮਾਨ ਸਿੰਘ ਦਾ ਸਭ ਤੋਂ ਵੱਡਾ ਭਰਾ ਭਾਈ ਹਿੰਮਤ ਸਿੰਘ ਵੀ 13 ਅਕਤੂਬਰ 1700 ਦੇ ਦਿਨ ਨਿਰਮੋਹਗੜ੍ਹ ਵਿਚ ਸ਼ਹੀਦ ਹੋ ਚੁੱਕਾ ਸੀ।

ਗੁਰੂ ਗੋਬਿੰਦ ਸਿੰਘ ਸਾਹਿਬ ਜਦੋਂ 30 ਅਕਤੂਬਰ 1706 ਦੇ ਦਿਨ ਤਲਵੰਡੀ ਸਾਬੋ ਤੋਂ ਦੱਖਣ ਵਲ ਟੁਰੇ ਤਾਂ ਜਿਹੜੇ ਗਿਣਤੀ ਦੇ ਸਿੰਘ ਗੁਰੂ ਸਾਹਿਬ ਦੇ ਨਾਲ ਗਏ ਭਾਈ ਮਾਨ ਸਿੰਘ ਉਨ੍ਹਾਂ ਵਿਚੋਂ ਇਕ ਸਨ। ਗੁਰੂ ਸਾਹਿਬ ਤਲਵੰਡੀ ਸਾਬੋ ਤੋਂ ਕੇਵਲ, ਸ਼ੇਰੜ, ਝੰਡਾ, ਸਰਸਾ, ਨੋਹਰ ਹੁੰਦੇ ਹੋਏ 30 ਨਵੰਬਰ ਦੇ ਦਿਨ ਕੁਲਾਇਤ ਪੁੱਜੇ। ਜਦੋਂ ਗੁਰੂ ਸਾਹਿਬ ਕੁਲਾਇਤ ਵਿਚ ਸਨ ਤਾਂ ਉਨ੍ਹਾਂ ਨੂੰ ਭਾਈ ਦਇਆ ਸਿੰਘ ਅਤੇ ਧਰਮ ਸਿੰਘ ਵੀ ਆ ਮਿਲੇ। ਉਨ੍ਹਾਂ ਦਸਿਆ ਕਿ ਉਹ ਔਰੰਗਜ਼ੇਬ ਨੂੰ ਮਿਲ ਕੇ ਗੁਰੂ ਸਾਹਿਬ ਦੀ ਚਿੱਠੀ (ਜ਼ਫ਼ਰਨਾਮਾ) ਦੇ ਆਏ ਸਨ। ਉਨ੍ਹਾਂ ਇਹ ਵੀ ਦਸਿਆ ਕਿ ਔਰੰਗਜ਼ੇਬ ਨੇ ਇਸ ਦੇ ਜਵਾਬ ਵਿਚ ਇਕ ਚਿਠੀ ਲਿਖ ਕੇ ਦਿੱਲੀ ਦਰਬਾਰ ਵੱਲ ਭੇਜ ਦਿੱਤੀ ਸੀ ਤੇ ਗੁਰੂ ਸਾਹਿਬ ਨੂੰ ਮਿਲਣ ਵਾਸਤੇ ਔਰੰਗਾਬਾਦ ਬੁਲਾਇਆ ਸੀ।

ਭਾਈ ਦਇਆ ਸਿੰਘ ਦੀ ਗੱਲ ਸੁਣਨ ਮਗਰੋਂ ਗੁਰੂ ਸਾਹਿਬ ਨੇ ਉਸ ਨੂੰ ਦਸਿਆ ਕਿ ਔਰੰਗਜ਼ੇਬ ਹੁਣ ਤਿਆਰੀਆਂ ਵਿਚ ਹੈ ਤੇ ਉਸ ਨਾਲ ਸਾਡਾ ਮੇਲ ਨਹੀਂ ਹੋ ਸਕਣਾ। ਚਲੋ ਫਿਰ ਵੀ ਆਪਾਂ ਚਲਦੇ ਹਾਂ। ਇਸ ਮਗਰੋਂ ਗੁਰੂ ਸਾਹਿਬ ਦੱਖਣ ਵਲ ਚਲ ਪਏ। ਅਜੇ ਉਹ ਅਰਾਵਲੀ ਪਹਾੜ ਲੰਘੇ ਹੀ ਸਨ ਕਿ ਔਰੰਗਜ਼ੇਬ ਦੇ ਮਰਨ ਦੀ ਖ਼ਬਰ ਆ ਗਈ। ਔਰੰਗਜ਼ੇਬ 20 ਫ਼ਰਵਰੀ 1707 ਦੇ ਦਿਨ ਮਰ ਗਿਆ ਸੀ। ਇਸ ਮਗਰੋਂ ਗੁਰੂ ਸਾਹਿਬ ਨੇ ਦੱਖਣ ਜਾਣ ਦਾ ਇਰਾਦਾ ਛੱਡ ਦਿੱਤਾ ਅਤੇ ਬਘੌਰ ਨਗਰ ਦੇ ਬਾਹਰ ਪੜਾਅ ਕਰ ਲਿਆ। ਇਹ ਗੱਲ 16 ਮਾਰਚ 1707 ਦੀ ਹੈ। ਅਗਲੇ ਦਿਨ 17 ਮਾਰਚ ਨੂੰ ਭਾਈ ਮਾਨ ਸਿੰਘ ਰਾਠੌਰ ਅਤੇ ਕੁਝ ਸਿੰਘ ਉਠਾਂ ਨੂੰ ਘਾਹ ਚਰਵਾਉਣ ਵਾਸਤੇ ਲੈ ਗਏ। ਅਚਾਨਕ ਊਠ ਕਿਸੇ ਦੇ ਬਾਗ਼ ਵਿਚ ਜਾ ਵੜੇ। ਇਸ ਤੋਂ ਪਹਿਲਾਂ ਕਿ ਸਿੰਘ ਉਨ੍ਹਾਂ ਨੂੰ ਬਾਗ਼ ਵਿਚ ਮੂੰਹ ਮਾਰਨੋਂ ਰੋਕ ਸਕਦੇ ਊਠਾਂ ਨੇ ਬਾਗ਼ ਦਾ ਕੁਝ ਹਿੱਸਾ ਉਜਾੜ ਦਿੱਤਾ

ਸੀ। ਕੁਝ ਚਿਰ ਵਿਚ ਹੀ ਬਾਗ਼ ਦੇ ਮਾਲਿਕ (ਜੋ ਪਿੰਡ ਦਾ ਚੌਧਰੀ ਵੀ ਸੀ) ਮਹਾਂ ਨੰਦ ਅਤੇ ਉਸ ਦਾ ਛੋਟਾ ਭਰਾ ਮੋਖਰਾ ਚੰਦ ਦੇ ਬੰਦੇ ਵੀ ਉਥੇ ਆ ਗਏ। ਉਨ੍ਹਾਂ ਨੇ ਗੁੱਸੇ ਵਿਚ ਸਿੰਘਾਂ 'ਤੇ ਹਮਲਾ ਕਰ ਦਿੱਤਾ। ਸਿੰਘਾਂ ਨੇ ਵੀ ਇਸ ਦਾ ਜਵਾਬ ਉਨ੍ਹਾਂ ਦੀ ਬੋਲੀ ਵਿਚ ਹੀ ਦਿੱਤਾ। ਇਸ ਇਕ ਦਮ ਹੋਏ ਹਮਲੇ ਵਿਚ ਭਾਈ ਮਾਨ ਸਿੰਘ ਸ਼ਹੀਦ ਹੋ ਗਏ ਅਤੇ ਭਾਈ ਧਰਮ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਇਹ ਲੜਾਈ ਥੋੜ੍ਹਾ ਚਿਰ ਹੀ ਚਲੀ ਤੇ ਮਹਾਂ ਚੰਦ ਤੇ ਮੋਖਰਾ ਦੇ ਬੰਦੇ ਖ਼ਾਲਸਾ ਫ਼ੌਜਾਂ ਦੇ ਅੱਗੇ ਨਾ ਟਿਕ ਸਕੇ। ਇਸ ਮਗਰੋਂ ਸਿੰਘਾਂ ਨੇ ਭਾਈ ਧਰਮ ਸਿੰਘ ਦੀ ਮਰਹਮ ਪੱਟੀ ਕੀਤੀ ਤੇ ਭਾਈ ਮਾਨ ਸਿੰਘ ਦਾ ਸਸਕਾਰ ਕੀਤਾ। ਮਾਨ ਸਿੰਘ ਦੀ ਚਿਖਾ ਨੂੰ ਗੁਰੂ ਸਾਹਿਬ ਨੇ ਆਪਣੇ ਹੱਥਾਂ ਨਾਲ ਅੱਗ ਲਾਈ।

ਇਹ ਲੜਾਈ 18 ਤੇ 19 ਮਾਰਚ ਦੇ ਦਿਨ ਫੇਰ ਹੋਈ। 19 ਮਾਰਚ ਨੂੰ ਤਾਂ ਬੜੀ ਗਹਿ-ਗੱਚ ਲੜਾਈ ਹੋਈ। ਇਸ ਦਿਨ ਸਿੰਘਾਂ ਨੇ ਮਹਾਂ ਚੰਦ, ਮੋਖਰਾ ਚੰਦ ਅਤੇ ਕਈ ਹੋਰ ਹਮਲਾਵਰ ਵੀ ਮਾਰ ਦਿੱਤੇ। ਇਸ ਲੜਾਈ ਵਿਚ ਚਾਰ ਸਿੰਘ ਵੀ ਮਾਰੇ ਗਏ। ਇਨ੍ਹਾਂ ਸਭ ਦਾ ਸਸਕਾਰ ਵੀ ਗੁਰੂ ਸਾਹਿਬ ਨੇ ਆਪਣੇ ਹੱਥੀਂ ਕੀਤਾ। ਮਹਾਂ ਨੰਦ ਤੇ ਮੋਖਰਾ ਚੰਦ ਦੀ ਮੌਤ ਪਿੱਛੋਂ ਕਿਸੇ ਨੇ ਵੀ ਗੁਰੂ ਸਾਹਿਬ 'ਤੇ ਹਮਲਾ ਨਾ ਕੀਤਾ।

ਭਾਈ ਮਾਨ ਸਿੰਘ ਬੜੇ ਦਲੇਰ ਸ਼ਖ਼ਸ ਸਨ ਅਤੇ ਉਹ ਗੁਰੂ ਸਾਹਿਬ ਦੀਆਂ ਕਈ ਲੜਾਈਆਂ ਵਿਚ ਹਿੱਸਾ ਲੈ ਚੁਕੇ ਸਨ। ਉਹ ਹਮੇਸ਼ਾ ਸਭ ਤੋਂ ਮੂਹਰੇ ਹੋ ਕੇ ਲੜਿਆ ਕਰਦੇ ਸਨ।

ਭਾਈ ਮਾਨ ਸਿੰਘ ਕੁਲ 10 ਭਰਾ ਸਨ ਜਿਨ੍ਹਾਂ ਵਿਚੋਂ ਛੇ ਆਪ ਤੋਂ ਵੱਡੇ ਸਨ। ਆਪ ਦੇ ਤਿੰਨ ਵੱਡੇ ਭਰਾ ਨਿਰਮੋਹਗੜ੍ਹ ਵਿਚ 13 ਤੇ 14 ਅਕਤੂਬਰ 1700 ਦੇ ਦਿਨ ਸ਼ਹੀਦ ਹੋ ਚੁਕੇ ਸਨ। ਆਪ ਦੇ ਬੇਟੇ ਭਾਈ ਚੰਨਣ ਸਿੰਘ ਅਤੇ ਆਪ ਤੋਂ ਵੱਡੇ ਤਿੰਨ ਭਰਾ (ਭਾਈ ਪ੍ਰਸੰਨ ਸਿੰਘ, ਭਾਈ ਅਨੂਪ ਸਿੰਘ ਤੇ ਭਾਈ ਕੇਹਰ ਸਿੰਘ) ਮਗਰੋਂ 11 ਅਕਤੂਬਰ 1711 ਦੇ ਦਿਨ ਆਲੋਵਾਲ ਵਿਚ ਸ਼ਹੀਦ ਕੀਤੇ ਗਏ ਸਨ। ਇਸ ਪਰਿਵਾਰ ਵਿਚੋਂ ਦਰਜਨਾਂ ਜਣਿਆਂ ਨੇ ਪੰਥ ਵਾਸਤੇ ਆਪਣੇ ਸਿਰ ਭੇਟ ਕੀਤੇ ਸਨ।

ਹੋਰ ਤਫ਼ਸੀਲ ਵਾਸਤੇ ਵੇਖੋ: **ਭਾਈ ਜੀਤ ਸਿੰਘ ਦਾ ਕੁਰਸੀਨਾਮਾ।**

ਭਾਈ ਮਾਨ ਸਿੰਘ ਨਿਸ਼ਾਨਚੀ

ਭਾਈ ਮਾਨ ਸਿੰਘ ਨਿਸ਼ਾਨਚੀ 2 ਅਪ੍ਰੈਲ 1708 ਦੇ ਦਿਨ ਚਿਤੌੜ ਦੇ ਕਿਲ੍ਹੇ ਦੇ ਬਾਹਰ ਹੋਈ ਲੜਾਈ ਵਿਚ ਸ਼ਹੀਦ ਹੋਏ ਸਨ।

ਭਾਈ ਮਾਨ ਸਿੰਘ ਭਾਈ ਮਾਈ ਦਾਸ ਅਤੇ ਮਾਤਾ ਮਧਰੀ ਬਾਈ ਦੇ ਪੰਜਵੇਂ ਪੁੱਤਰ ਸਨ। ਆਪ ਦੇ ਦਾਦਾ ਭਾਈ ਬੱਲੂ ਨੇ 13 ਅਪ੍ਰੈਲ 1634 ਦੇ ਦਿਨ ਗੁਰੂ ਦਾ ਚੱਕ ਵਿਚ ਸ਼ਹੀਦੀ ਪਾਈ ਸੀ। ਭਾਈ ਮਾਨ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਇਕ ਖ਼ਾਸ ਦਰਬਾਰੀ ਸਿੰਘ ਸਨ। ਉਨ੍ਹਾਂ ਨੂੰ ਭਾਈ ਮਾਨ ਸਿੰਘ ਨਿਸ਼ਾਨਚੀ ਆਖ ਕੇ ਬੁਲਾਇਆ ਜਾਂਦਾ ਸੀ ਕਿਉਂਕਿ ਉਹ ਨਿਸ਼ਾਨ ਸਾਹਿਬ ਲੈ ਕੇ ਹਰ ਕਾਫ਼ਲੇ ਵਿਚ ਜਾਂ ਹਰ ਲੜਾਈ ਦੇ ਮੌਕੇ 'ਤੇ ਸਭ ਤੋਂ ਅੱਗੇ ਰਿਹਾ ਕਰਦੇ ਸਨ। ਹੋਰ ਤਾਂ ਹੋਰ ਜਦੋਂ ਹੋਲਾ ਮਹੱਲਾ ਦਾ ਜਲੂਸ ਨਿਕਲ ਕੇ ਅਨੰਦਗੜ੍ਹ ਕਿਲ੍ਹੇ ਤੋਂ ਚਰਨ ਗੰਗਾ ਦੇ ਮੈਦਾਨ ਵੱਲ ਜਾਇਆ ਕਰਦਾ ਸੀ ਤਾਂ ਭਾਈ ਮਾਨ ਸਿੰਘ ਖਾਲਸੇ ਦਾ ਨੀਲਾ ਨਿਸ਼ਾਨ ਸਾਹਿਬ ਲੈ ਕੇ ਜਲੂਸ ਦੀ ਅਗਵਾਈ ਕਰਿਆ ਕਰਦੇ ਸਨ। ਇਕ ਸੋਮੇ ਮੁਤਾਬਿਕ ਉਨ੍ਹਾਂ ਦਾ ਨਿਸ਼ਾਨਾ ਬੜਾ ਜ਼ਬਰਦਸਤ ਸੀ ਅਤੇ ਕਦੇ ਚੁਕਦਾ ਨਹੀਂ ਸੀ। ਇਸ ਕਰ ਕੇ ਵੀ ਉਨ੍ਹਾਂ ਨੂੰ ਨਿਸ਼ਾਨਚੀ ਆਖਿਆ ਜਾਂਦਾ ਸੀ। ਭਾਈ ਮਾਨ ਸਿੰਘ ਅਕਸਰ ਅਨੰਦਪੁਰ ਸਾਹਿਬ ਹੀ ਰਿਹਾ ਕਰਦੇ ਸਨ।

ਭਾਈ ਮਾਨ ਸਿੰਘ ਨੇ ਅਨੰਦਪੁਰ ਸਾਹਿਬ ਅਤੇ ਨਿਰਮੋਹਗੜ੍ਹ ਦੀਆਂ ਸਾਰੀਆਂ ਲੜਾਈਆਂ ਵਿਚ ਸਭ ਤੋਂ ਮੂਹਰੇ ਹੋ ਕੇ ਹਿੱਸਾ ਲਿਆ ਸੀ ਅਤੇ ਆਪ ਦੇ ਤੀਰਾਂ ਅਤੇ ਆਪ ਦੀ ਸ੍ਰੀ ਸਾਹਿਬ ਨੇ ਕਈ ਹਮਲਾਵਰਾਂ ਨੂੰ ਮੌਤ ਦੇ ਮੂੰਹ ਪਹੁੰਚਾਇਆ ਸੀ। ਇਨ੍ਹਾਂ ਲੜਾਈਆਂ ਵਿਚੋਂ ਇਕ ਲੜਾਈ ਵਿਚ ਆਪ ਜ਼ਖ਼ਮੀ ਵੀ ਹੋਏ ਸਨ। ਇਹ ਗੱਲ 16 ਜਨਵਰੀ 1704 ਦੀ ਹੈ ਜਦੋਂ ਅਜਮੇਰ ਚੰਦ ਨੇ ਅਨੰਦਪੁਰ ਸਾਹਿਬ 'ਤੇ ਅਚਾਨਕ ਹਮਲਾ ਕਰ ਦਿੱਤਾ ਸੀ। ਇਸ ਹਮਲੇ ਵਿਚ ਹੰਡੂਰ (ਹੁਣ ਨਾਲਾਗੜ੍ਹ) ਦਾ ਰਾਜਾ ਵੀ ਉਸ ਦੇ ਨਾਲ ਸੀ।

16 ਜਨਵਰੀ 1704 ਦੇ ਦਿਨ ਤਕਰੀਬਨ 8 ਘੰਟੇ ਬੜੀ ਗਹਿ-ਗੱਚ ਲੜਾਈ ਹੋਈ। ਇਸ ਲੜਾਈ ਵਿਚ ਭਾਈ ਮਾਨ ਸਿੰਘ ਨੇ ਨਿਸ਼ਾਨ ਸਾਹਿਬ ਜ਼ਮੀਨ 'ਤੇ ਗੱਡ ਕੇ, ਹੱਥ ਵਿਚ ਸ੍ਰੀ ਸਾਹਿਬ ਲੈ ਕੇ, ਡੱਟ ਕੇ ਲੜਾਈ ਕੀਤੀ। ਇਸ ਲੜਾਈ ਦੌਰਾਨ ਆਪ ਬੁਰੀ ਤਰ੍ਹਾਂ ਜ਼ਖ਼ਮੀ ਹੋ ਕੇ ਡਿੱਗ ਪਏ ਅਤੇ ਨਾਲ ਹੀ ਨੀਲਾ ਨਿਸ਼ਾਨ ਸਾਹਿਬ ਵੀ ਆਪ ਦੇ ਹੱਥੋਂ ਛੁੱਟ ਕੇ ਜ਼ਮੀਨ 'ਤੇ ਡਿੱਗ ਪਿਆ। ਇਕ ਸਿੰਘ ਨੇ ਇਕ-ਦਮ ਅੱਗੇ ਵੱਧ ਕੇ

ਨਿਸ਼ਾਨ ਸਾਹਿਬ ਸੰਭਾਲ ਲਿਆ ਅਤੇ ਦੋ ਸਿੰਘ ਭਾਈ ਮਾਨ ਸਿੰਘ ਨੂੰ ਚੁੱਕ ਕੇ ਕੇਸਗੜ੍ਹ ਲੈ ਗਏ ਜਿੱਥੇ ਗੁਰੂ ਸਾਹਿਬ ਨੇ ਉਨ੍ਹਾਂ ਦੀ ਮਰਹਮ ਪੱਟੀ ਕਰਵਾਈ।

ਜਦੋਂ ਗੁਰੂ ਸਾਹਿਬ ਨੂੰ ਨਿਸ਼ਾਨ ਸਾਹਿਬ ਦੇ ਡਿੱਗਣ ਦੀ ਗੱਲ ਪਤਾ ਲੱਗੀ ਤਾਂ ਉਨ੍ਹਾਂ ਨੇ ਉਸੇ ਵੇਲੇ ਹੀ ਆਪਣੀ ਦਸਤਾਰ ਦੇ ਹੇਠੋਂ ਕੇਸਕੀ ਵਿਚੋਂ ਇਕ ਨੀਲੇ ਰੰਗ ਦੀ ਲੀਰ (ਫੱਰਰਾ) ਪਾੜ ਲਈ ਅਤੇ ਆਪਣੀ ਦਸਤਾਰ ਵਿਚ ਨਿਸ਼ਾਨ ਸਾਹਿਬ ਵਾਂਗ ਸਜਾ ਲਿਆ। ਉਨ੍ਹਾਂ ਨੇ ਐਲਾਨ ਕੀਤਾ ਕਿ ਖਾਲਸੇ ਦਾ ਨਿਸ਼ਾਨ ਸਾਹਿਬ ਮੁੜ ਕੇ ਕਦੇ ਵੀ ਨਹੀਂ ਟੁੱਟੇਗਾ ਕਿਉਂਕਿ ਇਹ ਫ਼ੌਜ ਦੇ ਜਰਨੈਲਾਂ ਅਤੇ ਮੂਹਰੇ ਹੋ ਕੇ ਲੜਨ ਵਾਲਿਆਂ ਦੀਆਂ ਦਸਤਾਰਾਂ ਵਿਚ ਫੱਰਰੇ ਵਾਂਗ ਲਟਕਦਾ ਰਿਹਾ ਕਰੇਗਾ। (ਮਗਰੋਂ ਇਸੇ ਘਟਨਾ ਨੂੰ "ਨਿਹੰਗ" ਸਿੰਘਾਂ ਦੀ ਸ਼ੁਰੂਆਤ ਮੰਨ ਲਿਆ ਗਿਆ ਕਿਉਂਕਿ ਫੱਰਰਾ ਇਸੇ ਦਿਨ, 16 ਜਨਵਰੀ 1704, ਤੋਂ ਸ਼ੁਰੂ ਹੋਇਆ ਸੀ)।

ਭਾਈ ਮਾਨ ਸਿੰਘ ਜ਼ਖ਼ਮ ਛੇਤੀ ਹੀ ਠੀਕ ਹੋ ਗਏ ਅਤੇ ਉਨ੍ਹਾ ਨੇ ਸੇਵਾ ਫੇਰ ਸੰਭਾਲ ਲਈ। ਜਦੋਂ ਗੁਰੂ ਸਾਹਿਬ ਨੇ 5 ਤੇ 6 ਦਸੰਬਰ 1705 ਦੀ ਰਾਤ ਨੂੰ ਅਨੰਦਪੁਰ ਸਾਹਿਬ ਛੱਡਿਆ ਤਾਂ ਜਿਨ੍ਹਾਂ 40 ਸਿੰਘਾਂ ਨੇ ਗੁਰੂ ਸਾਹਿਬ ਦੇ ਅੰਗ-ਸੰਗ ਜੀਣ-ਮਰਨ ਦਾ ਪ੍ਰਣ ਕੀਤਾ ਸੀ ਉਨ੍ਹਾਂ ਵਿਚੋਂ ਆਪ ਇਕ ਸਨ। ਆਪ ਗੁਰੂ ਸਾਹਿਬ ਦੇ ਨਾਲ ਹੀ ਅਨੰਦਪੁਰ ਸਾਹਿਬ ਤੋਂ ਚਲੇ ਅਤੇ ਸਰਸਾ ਨਦੀ ਪਾਰ ਕਰਨ ਮਗਰੋਂ ਵੀ ਗੁਰੂ ਸਾਹਿਬ ਦੇ ਨਾਲ ਹੀ ਰਹੇ ਸਨ। ਆਪ 7 ਦਸੰਬਰ 1705 ਦੀ ਸਵੇਰ ਵੇਲੇ ਗੁਰੂ ਸਾਹਿਬ ਦੇ ਨਾਲ ਹੀ ਚਮਕੌਰ ਵਿਚ ਪੁੱਜੇ ਸਨ। ਜਦੋਂ ਹਜ਼ਾਰਾਂ ਦੀ ਗਿਣਤੀ ਵਿਚ ਸਰਹਿੰਦ ਦੀ ਫ਼ੌਜ ਨੇ ਗੁਰੂ ਸਾਹਿਬ 'ਤੇ ਹਮਲਾ ਕੀਤਾ ਤਾਂ ਆਪ ਵੀ ਚਮਕੌਰ ਦੀ ਗੜ੍ਹੀ ਵਿਚ ਮੌਜੂਦ ਸਨ। ਆਪ ਨੇ ਤੀਰ ਚਲਾ-ਚਲਾ ਕੇ ਕਈ ਦੁਸ਼ਮਣ ਪਾਰ ਬੁਲਾਏ ਸਨ।

7 ਤੇ 8 ਦਸੰਬਰ ਦੀ ਅੱਧੀ ਰਾਤ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਨਾਲ ਚਮਕੌਰ ਦੀ ਗੜ੍ਹੀ ਵਿਚੋਂ ਨਿਕਲ ਕੇ ਚਲੇ ਜਾਣ ਵਾਲੇ ਪੰਜ ਸਿੰਘਾਂ ਵਿਚ ਆਪ ਵੀ ਸਨ। ਇਸ ਮਗਰੋਂ ਵੀ ਆਪ ਗੁਰੂ ਸਾਹਿਬ ਦੇ ਨਾਲ-ਨਾਲ ਰਹੇ। ਆਪ ਗੁਰੂ ਸਾਹਿਬ ਦੇ ਨਾਲ ਮਾਛੀਵਾੜਾ, ਦੀਨਾ-ਕਾਂਗੜ, ਖਿਦਰਾਣਾ ਹੁੰਦੇ ਹੋਏ ਤਲਵੰਡੀ ਸਾਬੋ ਪੁੱਜੇ। ਇਥੋਂ ਆਪ ਗੁਰੂ ਸਾਹਿਬ ਦੇ ਨਾਲ ਹੀ 30 ਅਕਤੂਬਰ 1706 ਦੇ ਦਿਨ ਦੱਖਣ ਵੱਲ ਰਵਾਨਾ ਹੋਏ।

ਗੁਰੂ ਸਾਹਿਬ ਪਹਿਲੀ ਅਪ੍ਰੈਲ 1708 ਦੇ ਦਿਨ ਚਿਤੌੜ ਪੁੱਜੇ। 2 ਅਪ੍ਰੈਲ ਨੂੰ ਪਾਲਿਤ ਜ਼ੋਰਾਵਰ ਸਿੰਘ ਆਪਣੇ 20 ਕੁ ਸਾਥੀ ਨਾਲ ਲੈ ਕੇ ਚਿਤੌੜ ਦਾ ਕਿਲ੍ਹਾ ਵੇਖਣ ਗਿਆ। ਕਿਲ੍ਹੇ ਦੇ ਪਹਿਰੇਦਾਰਾਂ ਨੇ ਉਸ ਨੂੰ ਕਿਲ੍ਹੇ ਦੇ ਅੰਦਰ ਨਾ ਵੜਨ ਦਿੱਤਾ। ਉਨ੍ਹਾਂ ਆਖਿਆ ਕਿ ਜਦੋਂ ਦਾ ਇਸ ਕਿਲ੍ਹੇ 'ਤੇ ਮੁਗ਼ਲਾਂ ਨੇ ਕਬਜ਼ਾ ਕੀਤਾ ਹੈ ਇਸ ਵਿਚ ਗ਼ੈਰ-ਮੁਸਲਮਾਨਾਂ ਨੂੰ ਵੜਨ ਦੀ ਇਜਾਜ਼ਤ ਨਹੀਂ ਹੈ। ਇਸ ਗੱਲ 'ਤੇ ਤਕਰਾਰ ਸ਼ੁਰੂ ਹੋ ਗਿਆ। ਹੌਲੀ-ਹੌਲੀ ਬੋਲ-ਬੁਲਾਰਾ ਵੱਧ ਗਿਆ ਅਤੇ ਲੜਾਈ ਸ਼ੁਰੂ ਹੋ ਗਈ। ਇਸ

ਲੜਾਈ ਵਿਚ ਤੀਰਾਂ 'ਤੇ ਤਲਵਾਰਾਂ ਦੀ ਖ਼ੂਬ ਵਰਤੋਂ ਹੋਈ। ਇਸ ਲੜਾਈ ਵਿਚ ਸਵਾ ਸੌ ਵਿਚੋਂ ਸੌ ਦੇ ਕਰੀਬ ਕਿਲ੍ਹੇ ਦੇ ਪਹਿਰੇਦਾਰ ਮਾਰੇ ਗਏ। ਸਿੰਘਾਂ ਵਿਚੋਂ ਵੀ ਭਾਈ ਮਾਨ ਸਿੰਘ ਨਿਸ਼ਾਨਚੀ, ਪਾਲਿਤ ਜ਼ੋਰਾਵਰ ਸਿੰਘ ਅਤੇ 20 ਕੁ ਸਿੰਘ ਵੀ ਸ਼ਹੀਦ ਹੋ ਗਏ। ਇਨ੍ਹਾਂ ਸਾਰਿਆਂ ਦਾ ਸਸਕਾਰ ਗੁਰੂ ਸਾਹਿਬ ਨੇ ਆਪਣੇ ਹੱਥੀਂ ਗੰਭੀਰ ਨਦੀ ਦੇ ਕੰਢੇ 'ਤੇ 3 ਅਪ੍ਰੈਲ 1708 ਦੇ ਦਿਨ ਕੀਤਾ।

ਭਾਈ ਮਾਨ ਸਿੰਘ ਦੀ ਸ਼ਹੀਦੀ ਬਾਰੇ ਇਕ ਇੰਦਰਾਜ **ਭੱਟ ਵਹੀ ਮੁਲਤਾਨੀ ਸਿੰਧੀ** ਵਿਚ ਇੰਞ ਮਿਲਦਾ ਹੈ:

"ਮਾਨ ਸਿੰਘ ਬੇਟਾ ਮਾਈ ਦਾਸ ਕਾ, ਪੋਤਾ ਬੱਲੂ ਕਾ, ਪੜਪੋਤਾ ਮੂਲੇ ਕਾ, ਚੰਦਰਬੰਸੀ ਭਾਰਦਵਾਜੀ ਗੋਤਰਾ ਪੰਵਾਰ, ਬੰਸ ਬੀਝੇ ਕਾ, ਬੰਝਰਉਤ, ਰਦਉਤ, ਜਲਹਾਨਾ, ਬਲਉਤ, ਸਾਲ ਸਤਰਾਂ ਸੈ ਪੈਂਸਠ ਮਿਤੀ ਬੈਸਾਖ ਪਰਵਿਸ਼ਟੇ ਛੇ, ਗੰਭੀਰ ਨਦੀ ਕੇ ਕਿਨਾਰੇ ਗੜ੍ਹ ਚਤਉਰ ਮੈਂ ਤੁਰਕੋਂ ਗੱਲ, ਸਾਮ੍ਹੇਂ ਮਾਥੇ ਜੂਝ ਕਰ ਮਰਾ। ਗੈਲ ਜ਼ੋਰਾਵਰ ਸਿੰਘ, ਬੇਟਾ ਨਥੂ ਕਾ, ਬਾਜੀ ਬਜੀ ਪਠਾਣਾਂ, ਬਾਢੀ ਸੁਤ ਮਰਾ। ਉੱਨੀਸ ਸਾਥੀ ਔਰ ਮਰੇ। ਗੰਭੀਰ ਨਦੀ ਕੇ ਕਿਨਾਰੇ ਦਾਗ ਦੀਆ।"

(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਜਲਹਾਨੋਂ ਕਾ)

ਆਪ ਦੀ ਸ਼ਹੀਦੀ ਦਾ ਜ਼ਿਕਰ "**ਭੱਟ ਵਹੀ ਭਾਦਸੋਂ, ਪਰਗਨਾ ਥਾਨੇਸਰ**' ਦੇ ਸਫ਼ਾ 67 'ਤੇ ਵੀ ਮਿਲਦਾ ਹੈ।

ਹੋਰ ਤਫ਼ਸੀਲ ਵਾਸਤੇ ਵੇਖੋ: **ਭਾਈ ਮਾਈ ਦਾਸ ਦਾ ਕੁਰਸੀਨਾਮਾ।**

ਭਾਈ ਮਾਨ ਸਿੰਘ ਦਾ ਇਕ ਬੇਟਾ ਭਾਈ ਗੁਰਬਖ਼ਸ਼ ਸਿੰਘ ਨਿਹੰਗ ਸੀ ਜੋ ਮਗਰੋਂ ਨਿਹੰਗਾਂ ਦੇ ਜੱਥੇ ਦਾ ਮੁੱਖੀ ਬਣਿਆ ਸੀ।

ਪਾਲਿਤ ਜ਼ੋਰਾਵਰ ਸਿੰਘ

ਪਾਲਿਤ ਜ਼ੋਰਾਵਰ ਸਿੰਘ 2 ਅਪ੍ਰੈਲ 1708 ਦੇ ਦਿਨ ਚਿਤੌੜ ਕਿਲ੍ਹੇ ਦੇ ਬਾਹਰ ਹੋਈ ਲੜਾਈ ਵਿਚ ਆਪਣੇ ਵੀਹ ਸਾਥੀਆਂ ਸਣੇ ਸ਼ਹੀਦ ਹੋਇਆ ਸੀ।

ਪਾਲਿਤ ਜ਼ੋਰਾਵਰ ਸਿੰਘ ਦਾ ਜਨਮ ਭਾਈ ਨੱਥੂ ਰਾਮ ਲੋਟੇ ਤਰਖਾਣ ਅਤੇ ਮਾਤਾ

ਭਿਖੀ ਦੇ ਘਰ 24 ਦਸੰਬਰ 1696 ਦੇ ਦਿਨ ਬੱਜੀ ਪਠਾਣਾਂ, ਮਹੱਲਾ ਬੜਾ ਬੇਹੜਾ ਵਿਚ ਹੋਇਆ ਸੀ। ਤਵਾਰੀਖ਼ ਦੇ ਇਕ ਸੋਮੇ ਵਿਚ ਉਸ ਬਾਰੇ ਇਹ ਵੀ ਆਉਂਦਾ ਹੈ ਕਿ ਉਹ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੋਂ ਇਕ ਦਿਨ ਵੱਡਾ ਸੀ। ਇਸ ਹਿਸਾਬ ਨਾਲ ਉਸ ਦਾ ਜਨਮ 16 ਨਵੰਬਰ 1696 ਦਾ ਹੋਣਾ ਚਾਹੀਦਾ ਹੈ (ਸਾਹਿਬਜ਼ਾਦੇ ਦਾ ਜਨਮ 17 ਨਵੰਬਰ 1696 ਦਾ ਹੈ)। ਪਰ ਪਾਲਿਤ ਜ਼ੋਰਾਵਰ ਸਿੰਘ ਦੇ ਭਰਾਵਾਂ ਨੇ ਉਸ ਦੀਆਂ ਜੋ ਯਾਦਗਾਰਾਂ ਬਣਾਈਆਂ ਹੋਈਆਂ ਹਨ ਉਥੇ ਉਹ ਉਸ ਦਾ ਜਨਮ ਦਿਨ ਪੋਹ ਸੁਦੀ ਇਕਾਦਸ਼ੀ ਸੰਮਤ 1753 ਬਿਕਰਮੀ (24 ਦਸੰਬਰ 1696) ਦੇ ਹਿਸਾਬ ਨਾਲ ਹੀ ਮਨਾਉਂਦੇ ਹਨ।

ਪਾਲਿਤ ਜ਼ੋਰਾਵਰ ਸਿੰਘ ਦੇ ਪਿਤਾ ਅਨੰਦਪੁਰ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰ ਵਿਚ ਸੇਵਾ ਕਰਦੇ ਸਨ। ਉਨ੍ਹਾਂ ਦੀ ਮਾਤਾ ਬੀਬੀ ਭਿੱਖੀ ਮਾਤਾ ਜੀਤ ਕੋਰ ਦੀ ਟਹਿਲ ਕਰਿਆ ਕਰਦੀ ਸੀ ਅਤੇ ਦਸੰਬਰ 1700 ਵਿਚ ਮਾਤਾ ਜੀਤ ਕੋਰ ਜੀ ਦੇ ਚੜ੍ਹਾਈ ਕਰ ਜਾਣ ਮਗਰੋਂ ਮਾਤਾ ਸੁੰਦਰ ਕੋਰ ਦੀ ਸੇਵਾ ਕਰਦੀ ਰਹੀ ਸੀ। ਬੀਬੀ ਭਿੱਖੀ ਨੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਫ਼ਤਹਿ ਸਿੰਘ ਦਾ ਪਾਲਣ-ਪੋਸ਼ਣ ਕਰਨ ਵਿਚ ਵੀ ਬੜੀ ਮਦਦ ਕੀਤੀ ਸੀ। ਭਾਵੇਂ ਬੀਬੀ ਭਿੱਖੀ ਮਾਤਾ ਜੀ ਦੀ ਟਹਿਲਣ ਸੀ ਪਰ ਉਹ ਇਕ ਵੱਡੇ ਘਰ ਦੀ ਧੀ ਸੀ ਉਸ ਦੇ ਪਿਤਾ ਬਾਬਾ ਭਾਨਾ ਫ਼ਸਲਾਂ ਕੱਛਣ ਵਾਲੇ ਸਰਕਾਰੀ ਕੱਛੀ (ਕਾਨੂੰਗੋ) ਸਨ।

ਪਾਲਿਤ ਜ਼ੋਰਾਵਰ ਸਿੰਘ ਨੇ ਆਪਣੀ ਸਾਰੀ ਜ਼ਿੰਦਗੀ ਅਨੰਦਪੁਰ ਸਾਹਿਬ ਵਿਚ ਗੁਰੂ ਸਾਹਿਬ ਦੇ ਘਰ ਹੀ ਬਿਤਾਈ ਸੀ। ਉਹ ਸਾਹਿਬਜ਼ਾਦਿਆਂ ਦੇ ਨਾਲ ਹੀ ਪਲਿਆ ਸੀ। ਗੁਰੂ ਸਾਹਿਬ ਉਸ ਨੂੰ ਆਪਣੇ ਬੱਚਿਆਂ ਵਾਂਗ ਹੀ ਰਖਿਆ ਕਰਦੇ ਸਨ। ਇਕ ਵਾਰ ਪਾਲਿਤ ਜ਼ੋਰਾਵਰ ਸਿੰਘ ਨੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨਾਲ ਕੁਸ਼ਤੀ ਕੀਤੀ ਤੇ ਉਸ ਨੂੰ ਹਰਾ ਦਿੱਤਾ। ਇਸ 'ਤੇ ਗੁਰੂ ਸਾਹਿਬ ਨੇ ਆਖਿਆ ਕਿ 'ਇਹ ਪਾਲਿਤ ਵੀ ਸਾਡਾ ਹੀ ਬੇਟਾ ਹੈ।' **ਗੁਰੂ ਸਾਹਿਬ ਨੇ ਅਜਿਹਾ ਮਾਨ ਪਾਲਿਤ ਜ਼ੋਰਾਵਰ ਸਿੰਘ ਤੋਂ ਇਲਾਵਾ ਚਰਨ ਸਿੰਘ (ਪੁੱਤਰ ਦੀਵਾਨ ਸਾਹਿਬ ਸਿੰਘ ਤੇ ਪੋਤਾ ਭਾਈ ਮਤੀ ਦਾਸ), ਪੰਜਾਬ ਸਿੰਘ ਤੇ ਅਜੈਪਾਲ ਸਿੰਘ ਨੂੰ ਵੀ ਦਿੱਤਾ ਹੋਇਆ ਸੀ। ਇਨ੍ਹਾਂ ਚੋਹਾਂ ਨੂੰ ਗੁਰੂ ਸਾਹਿਬ ਦੇ ਪਾਲਿਤ/ਪਾਲਿਕ ਪੁੱਤਰਾਂ ਵਜੋਂ ਯਾਦ ਕੀਤਾ ਜਾਂਦਾ ਹੈ।**

ਗੁਰੂ ਗੋਬਿੰਦ ਸਿੰਘ ਸਾਹਿਬ ਨੇ 5 ਤੇ 6 ਦਸੰਬਰ 1705 ਦੀ ਰਾਤ ਨੂੰ ਜਦੋਂ ਅਨੰਦਪੁਰ ਛੱਡਿਆ ਤਾਂ ਪਾਲਿਤ ਜ਼ੋਰਾਵਰ ਸਿੰਘ ਵੀ ਉਦੋਂ ਉਥੇ ਹੀ ਸੀ। ਉਸ ਦੀ ਉਮਰ ਅਜੇ ਪੂਰੇ ਨੌਂ ਸਾਲ ਨਹੀਂ ਸੀ ਹੋਈ। ਪਾਲਿਤ ਜ਼ੋਰਾਵਰ ਸਿੰਘ ਭਾਈ ਬਚਿਤਰ ਸਿੰਘ ਦੇ ਜੱਥੇ ਨਾਲ ਕਿਲ੍ਹਾ ਅਨੰਦਗੜ੍ਹ ਤੋਂ ਚਲਿਆ ਸੀ। ਇਹ ਵਹੀਰ ਅਨੰਦਪਰ ਸਾਹਿਬ ਤੋਂ ਚਲ ਕੇ ਕੀਰਤਪੁਰ ਲੰਘ ਕੇ ਸਰਸਾ ਨਦੀ ਦੇ ਨੇੜੇ ਪਹੁੰਚ ਗਈ ਤਾਂ ਪਹਾੜੀ ਫ਼ੌਜਾਂ ਨੇ ਇਸ 'ਤੇ ਹਮਲਾ ਕਰ ਦਿੱਤਾ। ਗੁਰੂ ਸਾਹਿਬ ਨੇ ਸਿੰਘਾਂ ਨੂੰ ਚਾਰ ਹਿੱਸਿਆਂ ਵਿਚ ਵੰਡ ਦਿੱਤਾ। ਇਕ ਜੱਥਾ ਭਾਈ ਉਦੇ ਸਿੰਘ ਦੀ ਅਗਵਾਈ ਵਿਚ ਸ਼ਾਹੀ ਟਿੱਬੀ 'ਤੇ ਅਤੇ

ਦੂਜਾ ਭਾਈ ਜੀਵਨ ਸਿੰਘ ਦੀ ਅਗਵਾਈ ਵਿਚ ਪਿੰਡ ਝੱਖੀਆਂ ਦਾ ਜੂਹ ਵਿਚ ਪਹਾੜੀ ਫ਼ੌਜ ਨੂੰ ਠਲ੍ਹਣ ਵਾਸਤੇ ਤਾਈਨਾਤ ਕਰ ਦਿੱਤਾ ਗਿਆ। ਭਾਈ ਬਚਿਤਰ ਸਿੰਘ ਦੇ ਜੱਥੇ ਨੂੰ ਅੱਗੇ ਵੱਧ ਕੇ ਸਰਹਿੰਦ ਦੀ ਫ਼ੌਜ ਦਾ ਰਾਹ ਰੋਕਣ ਵਾਸਤੇ ਟੋਰ ਦਿੱਤਾ ਗਿਆ।

ਉਧਰ ਭਾਈ ਬਚਿਤਰ ਸਿੰਘ ਦੇ ਜਥੇ ਦਾ ਟਾਕਰਾ ਪਿੰਡ ਮਲਕਪੁਰ ਦੀ ਜੂਹ ਵਿਚ ਸਰਹਿੰਦੀ ਫ਼ੌਜ (ਇਕ ਸੋਮੇ ਮੁਤਾਬਿਕ ਪਿੰਡ ਦੇ ਰੰਘੜਾਂ) ਨਾਲ ਹੋ ਗਿਆ। ਇਸ ਲੜਾਈ ਵਿਚ ਸਿੰਘਾਂ ਨੇ ਹਮਲਾਵਰਾਂ ਦੇ ਖ਼ੂਬ ਪਰਛੇ ਲਾਹੇ ਅਤੇ ਸੈਂਕੜਿਆਂ ਨੂੰ ਮੌਤ ਦੇ ਘਾਟ ਉਤਾਰਿਆ। ਅਖ਼ੀਰ ਇਹ ਸਾਰੇ ਸਿੰਘ ਸ਼ਹੀਦੀਆਂ ਪਾ ਗਏ। ਇਸ ਇਕ ਸੌ ਸਿੰਘਾਂ ਦੇ ਜੱਥੇ ਵਿਚੋਂ ਸਿਰਫ਼ ਭਾਈ ਬਚਿਤਰ ਸਿੰਘ ਅਤੇ ਪਾਲਿਤ ਜ਼ੋਰਾਵਰ ਸਿੰਘ ਹੀ ਬਚੇ ਸਨ। ਉਹ ਦੋਵੇਂ ਬੁਰੀ ਤਰ੍ਹਾਂ ਜ਼ਖ਼ਮੀ ਸਨ। ਇਸ ਲੜਾਈ ਤੋਂ ਕੁਝ ਚਿਰ ਮਗਰੋਂ ਸਾਹਿਬਜ਼ਾਦਾ ਅਜੀਤ ਸਿੰਘ ਦਾ ਜੱਥਾ ਵੀ ਮਲਕਪੁਰ 'ਚੋਂ ਲੰਘਿਆ। ਉਨ੍ਹਾਂ ਨੇ ਜ਼ਖ਼ਮੀ ਪਏ ਹੋਏ ਭਾਈ ਬਚਿਤਰ ਸਿੰਘ ਅਤੇ ਪਾਲਿਤ ਜ਼ੋਰਾਵਰ ਸਿੰਘ ਨੂੰ ਚੁਕਿਆ ਕੇ ਕੋਟਲਾ ਨਿਹੰਗ ਲੈ ਗਏ। ਪਾਲਿਤ ਜ਼ੋਰਾਵਰ ਸਿੰਘ ਨੂੰ ਕੋਟਲਾ ਨਿਹੰਗ ਵਿਚ ਇਕ ਸੈਣੀ ਬਰਾਦਰੀ ਦੇ ਸਿੱਖ ਭਾਈ ਗੁਰਸਾ ਸਿੰਘ ਗਹੂਣੀਆ ਦੇ ਘਰ ਵਿਚ ਰੱਖਿਆ ਗਿਆ। ਉਸ ਨੇ ਪਾਲਿਤ ਜ਼ੋਰਾਵਰ ਸਿੰਘ ਦੀ ਮੁੱਢਲੀ ਮਰਹਮ-ਪੱਟੀ ਕੀਤੀ। ਪਾਲਿਤ ਜ਼ੋਰਾਵਰ ਸਿੰਘ ਨੂੰ ਨਿੱਕੇ-ਵੱਡੇ 22 ਜ਼ਖ਼ਮ ਸਨ ਤੇ ਉਨ੍ਹਾਂ ਨੂੰ ਭਰਨ ਵਿਚ ਕਾਫ਼ੀ ਦਿਨ ਲੱਗ ਜਾਣੇ ਸਨ। ਇਸ ਕਰ ਕੇ ਅੱਠ ਦਸੰਬਰ ਦਾ ਦਿਨ ਉੱਥੇ ਰੱਖਣ ਮਗਰੋਂ ਅੱਠ ਤੇ ਨੌਂ ਦਸੰਬਰ ਦੀ ਰਾਤ ਨੂੰ ਉਹ ਉਸ ਨੂੰ ਇਕ ਬੈਲ ਗੱਡੀ ਵਿਚ ਪਾ ਕੇ ਪਿੰਡ ਡਡਹੇੜੀ (ਨੇੜੇ ਮੰਡੀ ਗੋਬਿੰਦਗੜ੍ਹ) ਲੈ ਗਏ। ਇਥੇ ਮਾਈ ਪੂਪਾਂ ਨਾਂ ਦੀ ਇਕ ਔਰਤ ਰਹਿੰਦੀ ਸੀ ਜੋ ਗੁਰੂ ਘਰ ਦੀ ਬੜੀ ਸਾਦਿਕ ਸੀ ਅਤੇ ਹਰ ਸਾਲ ਆਪਣੇ ਹੱਥੀਂ ਸੂਤ ਕੱਤ ਕੇ ਕੱਪੜਾ ਤਿਆਰ ਕਰ ਕੇ ਗੁਰੂ ਸਾਹਿਬ ਨੂੰ ਭੇਟ ਕਰਿਆ ਕਰਦੀ ਸੀ। ਮਾਈ ਪੂਪਾਂ ਕੋਲ ਉਸ ਵੇਲੇ ਪੰਜ ਗਜ਼ ਕੱਪੜਾ ਪਿਆ ਹੋਇਆ ਸੀ। ਉਸ ਨੇ ਪਾਣੀ 'ਚ ਲੂਣ ਪਾ ਕੇ ਉਬਾਲਾ ਦੇ ਕੇ, ਇਸ ਕੱਪੜੇ ਨੂੰ ਪਾੜ-ਪਾੜ ਕੇ ਰੁਮਾਲ ਬਣਾ ਕੇ, ਪਾਲਿਤ ਜ਼ੋਰਾਵਰ ਸਿੰਘ ਦੇ ਜ਼ਖ਼ਮ ਸਾਫ਼ ਕੀਤੇ। ਕੁਝ ਹੀ ਦਿਨਾਂ ਵਿਚ ਉਹ ਕਾਫ਼ੀ ਹੱਦ ਤਕ ਠੀਕ ਹੋ ਗਿਆ ਅਤੇ ਫਿਰ ਇਥੇ ਉਹ ਰਾਜਪੁਰਾ ਦੇ ਨੇੜੇ ਪਿੰਡ ਉਗਾਣੀ ਵਿਚ ਭਜਨ ਦਾਸ ਮਹੰਤ ਦੇ ਡੇਰੇ 'ਤੇ ਚਲਾ ਗਿਆ। ਉਹ ਕਾਫ਼ੀ ਚਿਰ ਉਥੇ ਠਹਿਰਿਆ। ਇਸ ਮਗਰੋਂ ਉਹ ਖ਼ਿਜ਼ਰਾਬਾਦ ਵੀ ਗਿਆ। ਉਸ ਨੂੰ ਗੁਰੂ ਸਾਹਿਬ ਦੇ ਤਲਵੰਡੀ ਸਾਬੋ ਵਿਚ ਹੋਣ ਦਾ ਅਜੇ ਪਤਾ ਨਹੀਂ ਸੀ ਇਹ ਸੋਚ ਕੇ ਉਹ ਦਿੱਲੀ ਵੱਲ ਚਲਾ ਗਿਆ ਤਾਂ ਜੋ ਉਹ ਮਾਤਾ ਸੁੰਦਰ ਕੌਰ ਕੋਲ ਰਹਿ ਸਕੇ।

1706 ਦੇ ਸ਼ੁਰੂ ਵਿਚ ਮਾਤਾ ਸੁੰਦਰ ਕੌਰ ਅਤੇ ਬਹੁਤ ਸਾਰੇ ਦਿੱਲੀ ਨਿਵਾਸੀ ਸਿੱਖ ਗੁਰੂ ਸਾਹਿਬ ਨੂੰ ਮਿਲਣ ਵਾਸਤੇ ਤਲਵੰਡੀ ਸਾਬੋ ਗਏ। ਇਨ੍ਹਾਂ ਦੇ ਨਾਲ ਹੀ ਪਾਲਿਤ ਜ਼ੋਰਾਵਰ ਸਿੰਘ ਵੀ ਗਿਆ। ਇਕ ਸੋਮੇ ਮੁਤਾਬਿਕ ਪਾਲਿਤ ਜ਼ੋਰਾਵਰ ਸਿੰਘ ਇਨ੍ਹਾਂ ਤੋਂ ਪਹਿਲਾਂ ਹੀ ਤਲਵੰਡੀ ਚਲਾ ਗਿਆ ਸੀ। ਉਸ ਦੇ ਨਾਲ ਮਾਤਾ ਗੁਲਾਬੋ, ਭਾਈ ਜੀਵਨ

ਸਿੰਘ ਦਾ ਪੁੱਤਰ ਭਾਈ ਸੂਰਤ ਸਿੰਘ ਅਤੇ ਭਾਈ ਚਰਨ ਸਿੰਘ (ਪੁੱਤਰ ਦੀਵਾਨ ਸਾਹਿਬ ਸਿੰਘ ਤੇ ਪੋਤਾ ਭਾਈ ਮਤੀ ਦਾਸ ਸ਼ਹੀਦ) ਭਦੌੜ ਵਾਸੀ ਵੀ ਸਨ।

ਪਾਲਿਤ ਜ਼ੋਰਾਵਰ ਸਿੰਘ ਕੁਝ ਦਿਨ ਗੁਰੂ ਸਾਹਿਬ ਕੋਲ ਤਲਵੰਡੀ ਸਾਬੋ ਵਿਚ ਰਿਹਾ ਅਤੇ ਇਸ ਮਗਰੋਂ ਉਹ ਫੇਰ ਵਾਪਿਸ ਆ ਗਿਆ। ਉਹ ਕੁਝ ਦਿਨ ਪਿੰਡ ਢੱਟੀਆਂ (ਨੇੜੇ ਬੋਪਾ ਰਾਏ, ਜਗਰਾਓ) ਵੀ ਰਿਹਾ। ਇਸ ਮਗਰੋਂ ਉਹ (ਉਸ ਦੀ ਸੇਵਾ ਕਰਨ ਵਾਲੀ) ਮਾਈ ਪੂਪਾਂ ਨੂੰ ਮਿਲਣ ਪਿੰਡ ਡੜਹੇੜੀ ਗਿਆ। ਮਾਤਾ ਨੂੰ ਮਿਲਣ ਪਿਛੋਂ ਉਹ ਆਪਣੇ ਜੱਦੀ ਪਿੰਡ ਬੱਸੀ ਪਠਾਣਾਂ ਗਿਆ। ਕੁਝ ਚਿਰ ਮਗਰੋਂ ਉਹ ਖ਼ਿਜਰਾਬਾਦ ਆ ਕੇ ਰਹਿਣ ਲੱਗ ਪਿਆ। ਉਹ ਇਥੇ ਤਕਰੀਬਨ ਡੇਢ-ਪੌਣੇ ਦੋ ਸਾਲ ਰਿਹਾ।

1707 ਦੇ ਅਖ਼ੀਰ ਵਿਚ ਗੁਰੂ ਸਾਹਿਬ ਅਤੇ ਬਹਾਦਰ ਸ਼ਾਹ ਆਗਰੇ ਵਿਚ ਇਕੱਠੇ ਰਹਿ ਰਹੇ ਸਨ। ਇਨ੍ਹੀਂ ਦਿਨੀਂ ਬਹਾਦਰ ਸ਼ਾਹ ਨੂੰ ਆਪਣੇ ਭਰਾ ਦੀ ਬਗ਼ਾਵਤ ਨੂੰ ਦਬਾਉਣ ਵਾਸਤੇ ਕੂਚ ਕਰਨਾ ਪਿਆ। ਉਹ ਦੱਖਣ ਜਾਣ ਤੋਂ ਪਹਿਲਾਂ ਰਾਜਪੂਤਾਨੇ ਦੇ ਇਲਾਕੇ ਵੱਲ ਗਿਆ ਤੇ ਗੁਰੂ ਸਾਹਿਬ ਨੂੰ ਵੀ ਨਾਲ ਲੈ ਗਿਆ। 1708 ਦੇ ਸ਼ੁਰੂ ਵਿਚ ਗੁਰੂ ਸਾਹਿਬ ਜਦੋਂ ਇਤਮਾਦਪੁਰ ਵਿਚ ਸਨ ਤਾਂ ਇੱਥੇ ਪਾਲਿਤ ਜ਼ੋਰਾਵਰ ਸਿੰਘ ਵੀ ਪੁੱਜ ਗਿਆ ਅਤੇ ਗੁਰੂ ਸਾਹਿਬ ਦੇ ਨਾਲ ਰਹਿਣ ਲੱਗ ਪਿਆ।

ਇਤਮਾਦਪੁਰ ਤੋਂ ਰਾਜਪੂਤਾਨਾ ਦੇ ਕਈ ਨਗਰਾਂ ਵਿਚ ਹੁੰਦੇ ਹੋਏ ਗੁਰੂ ਸਾਹਿਬ ਪਹਿਲੀ ਅਪ੍ਰੈਲ 1708 ਦੇ ਦਿਨ ਚਿਤੌੜ ਪੁੱਜੇ। ਚਿਤੌੜ ਵਿਚ ਇਕ ਬੜਾ ਪੁਰਾਣਾ ਰਾਜਪੂਤਾਂ ਦਾ ਕਿਲਾ ਸੀ। ਇਸ ਕਿਲ੍ਹੇ ਦੀ ਸ਼ਾਨ ਨਿਰਾਲੀ ਹੀ ਹੈ। 2 ਅਪ੍ਰੈਲ 1708 ਦੇ ਦਿਨ ਪਾਲਿਤ ਜ਼ੋਰਾਵਰ ਸਿੰਘ 20 ਕੁ ਸਾਥੀਆਂ ਅਤੇ ਭਾਈ ਮਾਨ ਸਿੰਘ ਨਿਸ਼ਾਨਚੀ ਨੂੰ ਨਾਲ ਲੈ ਕੇ ਇਹ ਕਿਲਾ ਵੇਖਣ ਗਿਆ। ਕਿਲ੍ਹੇ 'ਤੇ ਸਵਾ ਕੁ ਸੌ ਮੁਗ਼ਲ ਫ਼ੌਜੀ ਤਾਈਨਾਤ ਸਨ। ਉਨ੍ਹਾਂ ਪਹਿਰੇਦਾਰਾਂ ਨੇ ਸਿੱਖਾਂ ਨੂੰ ਕਿਲ੍ਹੇ ਦੇ ਅੰਦਰ ਵੜਨ ਦੀ ਇਜਾਜ਼ਤ ਨਾ ਦਿੱਤੀ ਤੇ ਆਖਿਆ ਕਿ ਇਸ ਕਿਲ੍ਹੇ ਵਿਚ ਕੋਈ ਗ਼ੈਰ-ਮੁਸਲਿਮ ਦਾਖ਼ਿਲ ਨਹੀਂ ਹੋ ਸਕਦਾ। ਬਹਿਸ-ਮੁਬਾਹਿਸਾ ਹੌਲੀ-ਹੌਲੀ ਧੱਕਾ-ਮੁੱਕੀ ਵਿਚ ਬਦਲ ਗਿਆ। ਇਸ ਦੇ ਨਾਲ ਦੋਹਾਂ ਧਿਰਾਂ ਵਿਚ ਲੜਾਈ ਸ਼ੁਰੂ ਹੋ ਗਈ। ਇਸ ਲੜਾਈ ਵਿਚ ਇਕ ਸੌ ਦੇ ਕਰੀਬ ਮੁਗ਼ਲ ਸਿਪਾਹੀ ਅਤੇ 20 ਸਿੰਘ ਮਾਰੇ ਗਏ। ਇਨ੍ਹਾਂ ਵਿਚ ਪਾਲਿਤ ਜ਼ੋਰਾਵਰ ਸਿੰਘ ਵੀ ਸੀ। ਇਸ ਵੇਲੇ ਉਸ ਦੀ ਉਮਰ ਸਿਰਫ਼ 11 ਸਾਲ 3 ਮਹੀਨੇ 10 ਦਿਨ ਸੀ।

ਪਾਲਿਤ ਜ਼ੋਰਾਵਰ ਸਿੰਘ ਦੇ ਭਰਾ ਦੀ ਔਲਾਦ ਨੇ ਪਾਲਿਤ ਦੀ ਯਾਦ ਵਿਚ ਖ਼ਿਜਰਾਬਾਦ, ਕੋਟਲਾ ਨਿਹੰਗ, ਬੱਸੀ ਪਠਾਣਾਂ, ਡੜਹੇੜੀ ਵਗ਼ੈਰਾ ਵਿਚ ਗੁਰਦੁਆਰੇ ਬਣਾਏ ਹੋਏ ਹਨ। ਪਾਲਿਤ ਆਪ ਤਾਂ ਵਿਆਹਿਆ ਨਹੀਂ ਸੀ ਪਰ ਉਸ ਦੇ ਭਰਾ ਦੀ ਔਲਾਦ ਇਨ੍ਹਾਂ ਗੁਰਦੁਆਰਿਆਂ ਦਾ ਇੰਤਜ਼ਾਮ ਚਲਾਉਂਦੀ ਹੈ।

ਹੋਰ ਤਫ਼ਸੀਲ ਵਾਸਤੇ ਵੇਖੋ: ਪਾਲਿਤ ਜ਼ੋਰਾਵਰ ਸਿੰਘ ਦਾ ਕੁਰਸੀਨਾਮਾ।

ਭਾਈ ਨਗਾਹੀਆ ਸਿੰਘ ਯਾਦਵ

ਭਾਈ ਨਗਾਹੀਆਂ ਸਿੰਘ ਨੇ 6 ਅਪ੍ਰੈਲ 1709 ਦੇ ਦਿਨ ਗੁਰੂ ਦਾ ਚੱਕ (ਅੰਮ੍ਰਿਤਸਰ) ਦੀ ਲੜਾਈ ਵਿਚ ਸ਼ਹੀਦੀ ਹਾਸਿਲ ਕੀਤੀ ਸੀ।

ਭਾਈ ਨਗਾਹੀਆ ਸਿੰਘ ਭਾਈ ਲਖੀ ਸ਼ਾਹ ਵਣਜਾਰਾ (ਦਿੱਲੀ ਵਾਸੀ) ਦੇ ਪੁੱਤਰ, ਭਾਈ ਗੋਧੂ ਦੇ ਪੋਤੇ ਅਤੇ ਭਾਈ ਠਾਕਰ ਦੇ ਪੜਪੋਤੇ ਸਨ। ਭਾਈ ਲੱਖੀ ਸ਼ਾਹ ਵਣਜਾਰਾ ਭਾਈ ਮਨੀ ਸਿੰਘ ਦੇ ਸਹੁਰਾ ਸਨ। ਯਾਨਿ ਭਾਈ ਨਗਾਹੀਆ ਸਿੰਘ ਭਾਈ ਮਨੀ ਸਿੰਘ ਦੇ ਸੱਕਾ ਸਾਲਾ ਸਨ। ਭਾਈ ਲੱਖੀ ਰਾਏ ਦੇ 8 ਪੁੱਤਰ ਸਨ: ਭਾਈ ਨਗਾਹੀਆ ਸਿੰਘ, ਹੇਮ ਸਿੰਘ, ਹਾੜਾ ਸਿੰਘ, ਸੀਤਲ ਸਿੰਘ, ਪੁੰਡਾਰਾ, ਗੁਰਬਖ਼ਸ਼ ਸਿੰਘ, ਬਾਲ ਸਿੰਘ ਤੇ ਜਵਾਹਰ ਸਿੰਘ। ਇਨ੍ਹਾਂ ਵਿਚੋਂ ਭਾਈ ਨਗਾਹੀਆ ਸਿੰਘ ਸਭ ਤੋਂ ਵੱਡਾ ਸੀ।

ਭਾਈ ਨਗਾਹੀਆ ਇਕ ਜ਼ਿੰਮੇਵਾਰ ਨੌਜਵਾਨ ਸੀ ਅਤੇ ਉਸ ਨੇ ਘਰ ਦਾ ਸਾਰਾ ਕਾਰੋਬਾਰ ਸੰਭਾਲਿਆ ਹੋਇਆ ਸੀ। ਉਹ ਆਪਣੇ ਬਾਪ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦਾ ਰਹਿੰਦਾ ਸੀ। 11 ਨਵੰਬਰ 1675 ਦੇ ਦਿਨ ਜਦੋਂ ਗੁਰੂ ਤੇਗ ਬਹਾਦਰ ਸਾਹਿਬ ਨੂੰ ਚਾਂਦਨੀ ਚੌਕ ਦਿੱਲੀ ਵਿਚ ਸ਼ਹੀਦ ਕੀਤਾ ਗਿਆ ਤਾਂ ਗੁਰੂ ਸਾਹਿਬ ਦਾ ਸੀਸ ਭਾਈ ਜੀਵਨ ਸਿੰਘ (ਜੈਤਾ) ਉੱਥੋਂ ਲੈ ਆਇਆ ਅਤੇ ਗੁਰੂ ਸਾਹਿਬ ਦਾ ਧੜ ਭਾਈ ਲਖੀ ਰਾਏ, ਭਾਈ ਨਗਾਹੀਆ ਸਿੰਘ, ਭਾਈ ਹੇਮ ਸਿੰਘ, ਭਾਈ ਹਾੜਾ ਸਿੰਘ ਚਾਰੇ ਜਣੇ ਚੁੱਕ ਕੇ ਲਿਆਏ ਸਨ। ਇਸ ਸਬੰਧੀ ਜਾਦੋ ਬੰਸੀਆਂ ਦੀ ਭੱਟ ਵਹੀ ਵਿਚ ਇਹ ਇੰਦਰਾਜ ਮਿਲਦਾ ਹੈ:

"ਲਖੀਆ ਬੇਟਾ ਗੋਧੂ ਕਾ, ਨਗਾਹੀਆ, ਹੇਮਾ, ਹਾੜੀ ਬੇਟੇ ਲਖੀਏ ਕੇ, ਜਾਦੋਬੰਸੀਏ ਬੜਤੀਏ ਕਨਾਉਂਤ, ਨਾਇਕ ਧੂਮਾ ਬੇਟਾ ਕਾਨ੍ਹੇ ਕਾ, ਤੂਮਰ ਬਿੰਜਲਉਂਤ। ਗੁਰੂ ਤੇਗ ਬਹਾਦਰ ਜੀ ਮਹਲ ਨਾਵਾਂ ਕੀ ਲਾਸ਼ ਉਠਾਇ ਲਾਏ, ਸਾਲ ਸਤਰਾਂ ਸੈ ਬਤੀਸ ਮੰਗਸਰ ਸੁਦੀ ਛਠ ਗੁਰੂਵਾਰ ਕੇ ਦਿਹੁੰ। ਦਾਗ ਦੀਆਂ ਰਸੀਨਾ ਗਾਮ ਮੇਂ ਆਧ ਘਰੀ ਰੈਨ ਰਹੀ।"

(ਭੱਟ ਵਹੀ ਜਾਦੋਬੰਸੀਆਂ ਕੀ, ਖਾਤਾ ਬੜਤੀਏ ਕਨਾਉਂਤੋਂ ਕਾ)

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖ਼ਾਲਸਾ ਪ੍ਰਗਟ ਕੀਤਾ ਅਤੇ ਖੰਡੇ ਦੀ ਪਾਹੁਲ ਸ਼ੁਰੂ ਕੀਤੀ ਤਾਂ ਭਾਈ ਲੱਖੀ ਰਾਏ ਦੇ ਸੱਤਾਂ ਪੁੱਤਰਾਂ ਨੇ ਖੰਡੇ ਦੀ ਪਾਹੁਲ ਲਈ (ਅਜਿਹਾ ਜਾਪਦਾ ਹੈ ਕਿ ਪੁੰਡਾਰਾ, ਜਿਸ ਨੇ ਖੰਡੇ ਦੀ ਪਾਹੁਲ ਨਹੀਂ ਲਈ, ਉਹ ਪਹਿਲਾਂ ਚੜ੍ਹਾਈ ਕਰ ਚੁੱਕਾ ਸੀ) ਅਤੇ ਸਿੰਘ ਸੱਜ ਗਏ। ਭਾਈ ਲੱਖੀ ਰਾਏ ਦਾ ਸਭ ਤੋਂ ਨਿੱਕਾ

ਪੁੱਤਰ ਭਾਈ ਜਵਾਹਰ ਸਿੰਘ 30 ਅਗਸਤ 1700 ਦੇ ਦਿਨ ਕਿਲ੍ਹਾ ਫ਼ਤਹਿਗੜ੍ਹ, ਅਨੰਦਪੁਰ ਸਾਹਿਬ ਦੀ ਲੜਾਈ ਵਿਚ ਸ਼ਹੀਦ ਹੋ ਚੁੱਕਾ ਸੀ ਤੇ ਭਾਈ ਨਗਾਹੀਆ ਸਿੰਘ ਤੋਂ ਛੋਟਾ ਭਾਈ ਹੇਮ ਸਿੰਘ 16 ਜਨਵਰੀ 1704 ਦੇ ਦਿਨ ਅਨੰਦਪੁਰ ਸਾਹਿਬ ਵਿਚ ਸ਼ਹੀਦੀ ਜਾਮ ਪਾ ਚੁੱਕਾ ਸੀ।

ਭਾਈ ਨਗਾਹੀਆ ਸਿੰਘ ਵਪਾਰ ਦੇ ਸਿਲਸਿਲੇ ਵਿਚ ਅਕਸਰ ਦੂਰ-ਦੂਰ ਤਕ ਜਾਂਦੇ ਰਹਿੰਦੇ ਸਨ। ਵਿਸਾਖੀ 1709 ਦੇ ਮੌਕੇ 'ਤੇ ਉਹ ਗੁਰੂ ਦਾ ਚੱਕ (ਅੰਮ੍ਰਿਤਸਰ) ਵਿਚ ਹਾਜ਼ਿਰ ਸਨ। ਇਹ ਵੀ ਹੋ ਸਕਦਾ ਹੈ ਕਿ ਉਹ ਆਪਣੀ ਭੈਣ ਬਸੰਤ ਕੌਰ (ਸੀਤੋ ਬਾਈ), ਜੀਜੇ ਭਾਈ ਮਨੀ ਸਿੰਘ ਅਤੇ ਭਣੇਵਿਆਂ ਨੂੰ ਮਿਲਣ ਵਾਸਤੇ ਹੀ ਉੱਥੇ ਆਏ ਹੋਣ।

29 ਮਾਰਚ 1709 ਦੇ ਦਿਨ ਅੰਮ੍ਰਿਤਸਰ ਵਿਚ ਬਹੁਤ ਸਾਰੇ ਸਿੱਖ ਇਕੱਠੇ ਹੋਏ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜੋਤੀ ਜੋਤ ਸਮਾਉਣ ਮਗਰੋਂ ਇਹ ਪਹਿਲਾ ਇਕੱਠ ਸੀ। ਇਸ ਵੇਲੇ ਤਕ ਬੰਦਾ ਸਿੰਘ ਬਹਾਦਰ ਉੱਥੇ ਨਹੀਂ ਪੁੱਜਾ ਸੀ। ਅੰਮ੍ਰਿਤਸਰ ਨਗਰੀ ਦਾ ਇਲਾਕਾ ਸਾਰਾ ਹੀ ਸਿੱਖਾਂ ਦੀ ਮਲਕੀਅਤ ਸੀ ਅਤੇ ਸ਼ਹਿਰ ਦੀ ਚੁੰਗੀ ਵੀ ਸਿੱਖ ਹੀ ਵਸੂਲ ਕਰਿਆ ਕਰਦੇ ਸਨ। ਉਨੀਂ ਦਿਨੀਂ ਚੂਹੜ ਮੱਲ ਨਾਂ ਦੇ ਇਕ ਮੀਣੇ ਨੇ ਅੰਮ੍ਰਿਤਸਰ ਦੇ ਇਲਾਕੇ ਦੇ ਕੁਝ ਸ਼ਹਿਤੂਤਾਂ ਦੇ ਦਰਖ਼ਤ ਵਢਵਾ ਲਏ। ਪਰ ਜਦੋਂ ਸਿੱਖਾਂ ਨੇ ਉਨ੍ਹਾਂ ਦੀ ਕੀਮਤ ਅਦਾ ਕਰਨ ਵਾਸਤੇ ਆਖਿਆ ਤਾਂ ਉਸ ਨੇ ਦੇਣੋਂ ਨਾਂਹ ਕੀਤੀ। ਜਿਸ ਤੋਂ ਝਗੜਾ ਵੱਧ ਗਿਆ। ਸਿੱਖਾਂ ਨੇ ਉਨ੍ਹਾਂ ਤੋਂ ਤੂਤਾਂ ਦੀ ਖਾਰੀ ਖੋਹ ਲਈ। ਇਸ ਮਗਰੋਂ ਚੂਹੜ ਮੱਲ ਲਾਹੌਰ ਦਰਬਾਰ ਵਿਚ ਪੁੱਜਾ ਅਤੇ ਨਾਇਬ ਨਾਜ਼ਮ ਅਸਲਮ ਖਾਂ ਨੂੰ ਸਿੱਖਾਂ ਦੇ ਖ਼ਿਲਾਫ਼ ਭੜਕਾਇਆ। ਅਸਲਮ ਖਾਂ ਨੇ ਉਸ ਨੂੰ ਪੱਟੀ ਦੇ ਚੌਧਰੀ ਹਰ ਸਹਾਇ ਕੋਲ ਭੇਜ ਦਿੱਤਾ। ਹਰ ਸਹਾਇ ਨੇ 6 ਅਪ੍ਰੈਲ 1709 ਦੇ ਦਿਨ ਫ਼ੌਜ ਲੈ ਕੇ ਅੰਮ੍ਰਿਤਸਰ 'ਤੇ ਹਮਲਾ ਕਰ ਦਿੱਤਾ। ਉਸ ਵੇਲੇ ਅੰਮ੍ਰਿਤਸਰ ਵਿਚ ਕੁਝ ਕੁ ਸਿੱਖ ਅਜੇ ਵੀ ਹਾਜ਼ਿਰ ਸਨ। ਸਿੱਖਾਂ ਨੇ ਭਾਈ ਮਨੀ ਸਿੰਘ ਅਤੇ ਭਾਈ ਤਾਰਾ ਸਿੰਘ ਡੱਲ-ਵਾਂ ਦੀ ਅਗਵਾਈ ਵਿਚ ਹਮਲਾਵਰ ਫ਼ੌਜਾਂ ਦਾ ਡੱਟ ਕੇ ਟਾਕਰਾ ਕੀਤਾ। ਭਾਈ ਤਾਰਾ ਸਿੰਘ ਇਕ ਤਕੜਾ ਜਵਾਨ ਸੀ। ਉਸ ਦੀ ਸ੍ਰੀ ਸਾਹਿਬ ਨੇ ਚੌਧਰੀ ਹਰ ਸਹਾਇ ਦਾ ਸਿਰ ਲਾਹ ਦਿੱਤਾ। ਫ਼ੌਜ ਦਾ ਮੁੱਖੀ ਮਰਨ 'ਤੇ ਪੱਟੀ ਦੀਆਂ ਫ਼ੌਜਾਂ ਹਿਰਨ ਹੋ ਗਈਆਂ। ਮੈਦਾਨ ਸਿੱਖਾਂ ਦੇ ਹੱਥ ਵਿਚ ਰਿਹਾ।

ਇਸ ਲੜਾਈ ਵਿਚ ਭਾਈ ਨਗਾਹੀਆ ਸਿੰਘ ਪੁੱਤਰ ਭਾਈ ਲਖੀ ਰਾਏ ਅਤੇ ਭਾਈ ਕਰਨ ਸਿੰਘ ਪੁੱਤਰ ਭਾਈ ਕੀਰਤ ਸਿੰਘ ਸ਼ਹੀਦ ਹੋ ਗਏ। ਇਸ ਸਬੰਧੀ ਭੱਟ ਵਹੀਆਂ ਵਿਚ ਇਕ ਇੰਦਰਾਜ ਇੰਞ ਮਿਲਦਾ ਹੈ:

''*ਨਗਾਹੀਆ ਸਿੰਘ ਬੇਟਾ ਲਖੀ ਰਾਏ ਕਾ, ਪੋਤਾ ਗੋਧੂ ਕਾ, ਪੜਪੋਤਾ ਠਾਕਰ ਦਾਸ ਕਾ, ਚੰਦਰ ਬੰਸੀ,* ਆਤ੍ਰਿਸ ਜਾਦਵਬੰਸੀ, ਕੁਲ ਪਰਸ਼ੋਤਮ ਦਾਸ ਕਾ, ਬੜਤੀਆ ਕਨਾਉਤ, ਸੰਮਤ

ਸਤਰਾਂ ਸੈ ਛਿਆਹਟਾ, ਬਿਸਾਖ ਪਰਵਿਸ਼ਟੇ ਨਾਵੀਂ, ਗੁਰੂ ਚੱਕ ਕੇ ਮਲ੍ਹਾਨ, ਰਣ ਮੇਂ ਸਾਮ੍ਹੇ ਮਾਥੇ ਜੂਝ ਕਰ ਮਰਾ..."

(ਭਟ ਵਹੀ ਜਾਦੋ ਬੰਸੀਆਂ ਕੀ)

ਭਾਈ ਨਗਾਹੀਆ ਸਿੰਘ ਦੇ ਸੱਤ ਪੁੱਤਰ ਸਨ। ਇੰਨ੍ਹਾਂ ਵਿਚੋਂ ਦੋ ਭਾਈ ਅਘੜ ਸਿੰਘ ਤੇ ਬਰਾਜ ਸਿੰਘ, ਵੀ ਪੰਥ ਵਾਸਤੇ ਜੂਝੇ ਅਤੇ ਕਈ ਦੁਸ਼ਮਣਾਂ ਨੂੰ ਮਾਰ ਕੇ ਆਪ ਵੀ ਸ਼ਹੀਦ ਹੋਏ।

ਹੋਰ ਤਫ਼ਸੀਲ ਵਾਸਤੇ ਵੇਖੋ: *ਭਾਈ ਲੱਖੀ ਰਾਏ ਵਣਜਾਰਾ ਦਾ ਕੁਰਸੀਨਾਮਾ।*

ਭਾਈ ਹਾਨੂ ਸਿੰਘ ਚੌਹਾਨ

ਭਾਈ ਹਾਨੂ ਸਿੰਘ ਨੇ 12 ਅਪ੍ਰੈਲ 1709 ਦੇ ਦਿਨ ਗੁਰੂ ਦਾ ਚੱਕ (ਅੰਮ੍ਰਿਤਸਰ) ਵਿਚ ਪੱਟੀ ਦੇ ਚੌਧਰੀ ਦੇਵਾ ਦੀਆਂ ਫ਼ੌਜਾਂ ਨਾਲ ਲੜਦਿਆਂ ਸ਼ਹੀਦੀ ਪਾਈ।

ਇਹ ਭਾਈ ਹਾਨੂ ਸਿੰਘ ਸਰਹਿੰਦ ਵਿਚ 1759 ਵਿਚ ਸ਼ਹੀਦ ਹੋਣ ਵਾਲੇ ਭਾਈ ਮਨੀ ਸਿੰਘ ਦੇ ਪੋਤਰੇ ਤੇ ਭਾਈ ਚਿੱਤਰ ਸਿੰਘ ਦੇ ਪੁੱਤਰ ਭਾਈ ਹਾਨੂ ਸਿੰਘ ਅਤੇ ਅਹਿਮਦ ਸ਼ਾਹ ਦੁਰਾਨੀ ਦਾ ਮਾਣ ਤੋੜਨ ਵਾਲੇ, ਹਾਨੂ ਸਿੰਘ ਦੋਹਾਂ ਤੋਂ ਵਖਰਾ ਹੈ।

ਇਹ ਸ਼ਹੀਦ ਭਾਈ ਹਾਨੂ ਸਿੰਘ ਭਾਈ ਜੱਗੂ ਦੇ ਪੁੱਤਰ ਭਾਈ ਪਦਮਾ ਦੇ ਪੋਤੇ, ਭਾਈ ਕੋਲ ਜੀ ਦਾਸ ਦੇ ਪੜਪੋਤੇ ਸਨ। ਭਾਈ ਕੋਲ ਜੀ ਦਾਸ ਦੇ ਪਿਤਾ ਭਾਈ ਅੰਬੀਆ ਅਤੇ ਦਾਦਾ ਭਾਈ ਉਦੈ ਕਰਨ ਸਨ। ਇਹ ਪਰਿਵਾਰ ਚੌਹਾਨ ਰਾਜਪੂਤ ਖ਼ਾਨਦਾਨ ਨਾਲ ਸਬੰਧ ਰੱਖਦਾ ਸੀ। ਭਾਈ ਕੋਲ ਜੀ ਦਾਸ ਅਤੇ ਉਸ ਦਾ ਬੇਟਾ ਭਾਈ ਪਦਮਾ ਛੇਵੇਂ ਨਾਨਕ ਦੇ ਬੜੇ ਨਜ਼ਦੀਕੀ ਸਨ। ਉਹ ਗੁਰੂ ਸਾਹਿਬ ਦੇ ਦਰਬਾਰੀ ਸਿੱਖਾਂ ਵਿਚੋਂ ਇਕ ਸਨ ਅਤੇ ਗੁਰੂ ਸਾਹਿਬ ਦੇ ਹਰ ਖ਼ਾਸ ਸਮਾਗਮ ਅਤੇ ਮੁਹਿੰਮ ਵਿਚ ਸ਼ਾਮਿਲ ਹੋਇਆ ਕਰਦੇ ਸਨ। ਭਾਈ ਹਾਨੂ ਸਿੰਘ ਦੇ ਪਿਤਾ ਭਾਈ ਜੱਗੂ ਵੀ ਗੁਰੂ ਹਰਿਰਾਇ ਸਾਹਿਬ ਦਾ ਦਰਬਾਰੀ ਸਿੱਖ ਸਨ। ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਔਰੰਗਜ਼ੇਬ ਨੂੰ ਮਿਲਣ ਵਾਸਤੇ ਦਿੱਲੀ ਗਏ ਸਨ ਤਾਂ ਭਾਈ ਜੱਗੂ ਵੀ ਉਨ੍ਹਾਂ ਦੇ ਨਾਲ ਹੀ ਸੀ। ਭਾਈ ਜੱਗੂ ਦੇ ਵੱਡੇ ਭਰਾ ਭਾਈ ਦੁਰਗਾ ਦਾਸ ਇਲਾਕੇ ਦੇ ਮਸੰਦ ਸਨ। ਭਾਈ ਦੁਰਗਾ ਦਾਸ

ਦਾ ਵੱਡਾ ਬੇਟਾ ਭਾਈ ਆਲਿਮ ਸਿੰਘ ਨੱਚਣਾ ਦਸਵੇਂ ਨਾਨਕ ਦਾ ਡਿਊੜੀ ਬਰਦਾਰ ਸੀ। ਉਹ ਆਪਣੇ ਭਰਾ ਬੀਰ ਸਿੰਘ ਅਤੇ ਦੋ ਪੁੱਤਰਾਂ ਮੋਹਰ ਸਿੰਘ ਤੇ ਅਮੋਲਕ ਸਿੰਘ ਸਮੇਤ ਚਮਕੌਰ ਦੀ ਲੜਾਈ ਵਿਚ 7 ਦਸੰਬਰ 1705 ਨੂੰ ਸ਼ਹੀਦ ਹੋਇਆ ਸੀ। ਭਾਈ ਆਲਿਮ ਸਿੰਘ ਦੀ ਸਿੰਘਣੀ ਬੀਬੀ ਭਿੱਖਾਂ 6 ਦਸੰਬਰ 1705 ਦੇ ਦਿਨ ਪਹਾੜੀ ਫ਼ੌਜਾਂ ਨਾਲ ਲੜਦਿਆਂ ਪਿੰਡ ਝੱਖੀਆਂ ਦੀ ਜੂਹ ਵਿਚ, ਸ਼ਾਹੀ ਟਿੱਬੀ ਦੇ ਨੇੜੇ, ਸ਼ਹੀਦ ਹੋਈ ਸੀ। ਇੰਞ ਇਹ ਪਰਿਵਾਰ ਵੀ ਸ਼ਹੀਦਾਂ ਤੇ ਮੁਰੀਦਾਂ ਦਾ ਪਰਿਵਾਰ ਸੀ।

ਅਪ੍ਰੈਲ 1709 ਵਿਚ ਜਦੋਂ ਭਾਈ ਹਾਨੂ ਸਿੰਘ ਗੁਰੂ ਦਾ ਚੱਕ (ਅੰਮ੍ਰਿਤਸਰ) ਵਿਚ ਸੀ ਤਾਂ ਤੂਤਾਂ ਦੀ ਲਕੜ ਦਾ ਮੁੱਲ ਮੰਗਣ 'ਤੇ ਇਕ ਆਕੜ ਖਾਂ ਚੂਹੜ ਮਲ ਨੇ ਸਿੱਖਾਂ ਨਾਲ ਤਕਰਾਰ ਕੀਤਾ ਅਤੇ ਫਿਰ ਪੱਟੀ ਦੇ ਚੋਧਰੀ ਨੂੰ ਚੜ੍ਹਾ ਕੇ ਅੰਮ੍ਰਿਤਸਰ ਲੈ ਆਇਆ। 6 ਅਪ੍ਰੈਲ 1709 ਦੇ ਦਿਨ ਹੋਈ ਲੜਾਈ ਵਿਚ ਹਰ ਸਹਾਇ ਮਾਰਿਆ ਗਿਆ। ਇਸ ਮਗਰੋਂ ਲਾਹੌਰ ਦੇ ਨਾਇਬ ਸੂਬੇਦਾਰ ਅਸਲਮ ਖਾਂ ਨੇ ਨੌਸ਼ਹਿਰਾ ਪੰਨੂਆਂ ਦੇ ਚੋਧਰੀ ਦੇਵੇ ਨੂੰ ਫ਼ੌਜ ਦੇ ਕੇ ਅੰਮ੍ਰਿਤਸਰ ਹਮਲਾ ਕਰਨ ਵਾਸਤੇ ਟੋਰਿਆ। ਚੌਧਰੀ ਦੇਵਾ ਭਾੜੇ ਦੇ ਸਿਪਾਹੀ ਲੈ ਕੇ 12 ਅਪ੍ਰੈਲ 1709 ਦੇ ਦਿਨ ਅੰਮ੍ਰਿਤਸਰ ਵੱਲ ਚਲ ਪਿਆ। ਅੰਮ੍ਰਿਤਸਰ ਦੀ ਜੂਹ ਦੇ ਬਾਹਰ ਸਿੱਖਾਂ ਅਤੇ ਦੇਵੇ ਦੇ ਬੰਦਿਆਂ ਵਿਚ ਗਹਿ-ਗੱਚ ਲੜਾਈ ਹੋਈ ਪਰ ਸਿੰਘਾਂ ਦੇ ਰੋਹ ਅੱਗੇ ਇਹ ਭਾੜੇ ਦੇ ਬੰਦੇ ਨਾ ਠਹਿਰ ਸਕੇ ਤੇ ਛੇਤੀ ਹੀ ਮੈਦਾਨ ਛੱਡ ਕੇ ਭੱਜ ਗਏ।

ਇਨ੍ਹਾਂ ਦੋਹਾਂ ਲੜਾਈਆਂ ਵਿਚ ਜੂਝਣ ਵਾਲਿਆਂ ਵਿਚ, ਹੋਰਨਾਂ ਤੋਂ ਸਿਵਾ, ਭਾਈ ਹਾਨੂ ਸਿੰਘ ਵੀ ਸੀ। ਭਾਈ ਹਾਨੂ ਸਿੰਘ ਨੇ ਬੜੇ ਰੋਹ ਨਾਲ ਲੜਾਈ ਲੜੀ ਸੀ। ਉਸ ਨੇ ਕਈ ਹਮਲਾਵਰਾਂ ਨੂੰ ਸ੍ਰੀ ਸਾਹਿਬ ਦੇ ਭੇਟ ਕੀਤਾ ਅਤੇ ਅਖ਼ੀਰ ਆਪ ਵੀ ਸ਼ਹੀਦੀ ਹਾਸਿਲ ਕੀਤੀ ਸੀ।

ਇਸ ਲੜਾਈ ਦਾ ਖ਼ੂਬਸੂਰਤ ਜ਼ਿਕਰ ਕਵੀ ਦਰਸ਼ਨ ਨੇ **ਅੰਮ੍ਰਿਤਸਰ ਦੀ ਵਾਰ** ਵਿਚ ਕੀਤਾ ਹੈ। (ਦੇਖੋ: ਪਿਆਰਾ ਸਿੰਘ ਪਦਮ, "ਪੰਜਾਬੀ ਵਾਰਾਂ", ਸਫ਼ਾ 311 ਤੋਂ 319) ਇਸ ਲੜਾਈ ਦਾ ਅਧੂਰਾ ਜ਼ਿਕਰ ਕੇਸਰ ਸਿੰਘ ਛਿਬਰ ਦੇ "**ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਦਾ**" (ਚੈਪਟਰ 14, ਬੰਦ 17 ਤੋਂ 29 ਤਕ ਵਿਚ ਵੀ ਮਿਲਦਾ ਹੈ)।

ਭਾਈ ਹਾਨੂ ਸਿੰਘ ਦੀ ਸ਼ਹੀਦੀ ਦਾ ਜ਼ਿਕਰ ਭੱਟ ਵਹੀਆਂ ਵਿਚ ਇੰਞ ਮਿਲਦਾ ਹੈ:-

"**ਹਾਨੂ ਸਿੰਘ ਬੇਟਾ ਜਗੂ ਕਾ ਪੋਤਾ ਕੌਲਾ ਕਾ**....ਆਠ ਮੇਂ ਸੇ ਕੁਰਾ, ਹਜਾਵਤ ਆਬਿਆਨਾ, ਮਿਤੀ 15 ਵਿਸਾਖ ਸੰਮਤ 1766 ਕੋ ਗੁਰੂ ਚੱਕ ਕੇ ਮਲਾਨ ਰਣ ਮੇਂ ਸਾਮ੍ਹੇ ਮਾਥੇ ਜੂਝ ਕਰ ਮਰਾ। ਗੈਲੋਂ ਕਰਨ ਸਿੰਘ ਬੇਟਾ ਕੀਰਤ ਕਾ ਪੋਤਾ ਕੇਵਲ ਕਾ, ਪੜਪੋਤਾ ਆਂਡੂ ਕਾ, ਚੰਦਰਬੰਸੀ ਅੜ੍ਰਿਸ ਗੋੜ੍ਹਾ ਤੂਰ, ਬੰਸ ਪੰਡੂ ਕਾ, ਬਿੰਜਲਉਤ ਮਰਾ...."

(ਭੱਟ ਵਹੀ ਤਲਉਂਢਾ)

ਹੋਰ ਤਫ਼ਸੀਲ ਵਾਸਤੇ ਵੇਖੋ: *"ਭਾਈ ਜੱਗੂ ਚੌਹਾਨ ਦਾ ਕੁਰਸੀਨਾਮਾ।"*

ਭਾਈ ਕਰਨ ਸਿੰਘ ਰਾਠੌਰ

ਭਾਈ ਕਰਨ ਸਿੰਘ 6 ਅਪ੍ਰੈਲ 1709 ਦੇ ਦਿਨ ਸ਼ਹੀਦ ਹੋਏ ਸਨ।

ਭਾਈ ਕਰਨ ਸਿੰਘ ਭਾਈ ਕੀਰਤ ਸਿੰਘ ਦੇ ਪੁੱਤਰ, ਭਾਈ ਕੇਵਲ ਸਿੰਘ ਦੇ ਪੋਤੇ ਅਤੇ ਭਾਈ ਆੜੂ ਦੇ ਪੜਪੋਤੇ ਸਨ। (ਭਾਈ ਆੜੂ ਭਾਈ ਜਗਤਾ ਦੇ ਪੁੱਤਰ, ਭਾਈ ਭਗਵਾਨਾ ਦੇ ਪੋਤੇ, ਭਾਈ ਰੂਪਾ ਦੇ ਪੜਪੋਤੇ ਸਨ। ਭਾਈ ਰੂਪਾ ਭਾਈ ਰਣ ਮੱਲ ਦਾ ਪੁੱਤਰ ਸੀ। ਭਾਈ ਰੂਪਾ ਦੇ ਦੂਜੇ ਦੋ ਹੋਰ ਭਰਾ ਗੋਦੜੀਆ ਅਤੇ ਭੋਜਾ ਸਨ। ਭਾਈ ਗੋਦੜੀਆ ਦਾ ਪੁੱਤਰ ਭਾਈ ਧੂੜਾ 27 ਸਤੰਬਰ 1621 ਦੇ ਦਿਨ ਰੁਹੀਲਾ ਦੀ ਲੜਾਈ ਵਿਚ ਸ਼ਹੀਦ ਹੋਇਆ ਸੀ। ਇੰਙ ਹੀ ਭਾਈ ਭੋਜਾ ਦੇ ਦੋ ਪੋਤੇ, ਭਾਈ ਫ਼ੱਤਾ ਅਤੇ ਭਾਈ ਅਮੀਆ, 26 ਅਪ੍ਰੈਲ 1635 ਨੂੰ ਕਰਤਾਰਪੁਰ ਵਿਚ ਅਤੇ ਤੀਜਾ ਪੋਤਾ ਭਾਈ ਜੱਗੂ ਫਗਵਾੜੇ ਵਿਚ 29 ਅਪ੍ਰੈਲ 1635 ਦੇ ਦਿਨ ਸ਼ਹੀਦ ਹੋਇਆ ਸੀ। ਭਾਈ ਭੋਜਾ ਦੇ ਇਕ ਪੋਤੇ ਖੇਮਾ ਚੰਦਨੀਆ ਦਾ ਬੇਟਾ ਭਾਈ ਊਦਾ ਉਹੀ ਸੀ ਜੋ ਭਾਈ ਜੀਵਨ ਸਿੰਘ (ਜੈਤਾ) ਤੇ ਭਾਈ ਨਾਨੂ ਦੇ ਨਾਲ ਰਲ ਕੇ ਗੁਰੂ ਤੇਗ ਬਹਾਦਰ ਸਾਹਿਬ ਦਾ ਸੀਸ ਦਿੱਲੀ ਤੋਂ ਅਨੰਦਪੁਰ ਸਾਹਿਬ ਲੈ ਕੇ ਗਿਆ ਸੀ। ਇਹੀ ਭਾਈ ਊਦਾ 18 ਦਸੰਬਰ 1688 ਨੂੰ ਭੰਗਾਣੀ ਦੀ ਲੜਾਈ ਵਿਚ ਸ਼ਹੀਦ ਹੋਇਆ ਸੀ।) ਭਾਈ ਕਰਨ ਸਿੰਘ ਦਾ ਚਾਚਾ ਭਾਈ ਈਸ਼ਰ ਸਿੰਘ 29 ਅਗਸਤ 1700 ਦੇ ਦਿਨ ਤਾਰਾਗੜ੍ਹ ਦੀ ਲੜਾਈ ਵਿਚ ਅਤੇ ਸਭ ਤੋਂ ਨਿੱਕਾ ਚਾਚਾ ਭਾਈ ਸੂਰਤ ਸਿੰਘ 8 ਅਕਤੂਬਰ 1700 ਦੇ ਦਿਨ ਨਿਰਮੋਹਗੜ੍ਹ ਵਿਚ ਸ਼ਹੀਦ ਹੋਇਆ ਸੀ। ਭਾਈ ਕਰਨ ਸਿੰਘ ਦੇ ਦਾਦੇ ਦੇ ਛੋਟੇ ਭਰਾ ਭਾਈ ਗੁੱਲੂ ਦਾ ਪੁੱਤਰ ਭਾਈ ਦਿਆਲ ਸਿੰਘ ਪਹਿਲੀ ਸਤੰਬਰ 1700 ਦੇ ਦਿਨ ਲੋਹਗੜ੍ਹ ਦੀ ਲੜਾਈ ਵਿਚ ਸ਼ਹੀਦ ਹੋਇਆ ਸੀ। ਇਸੇ ਪਰਿਵਾਰ ਦੇ ਵੱਡੇ-ਵਡੇਰਿਆਂ ਵਿਚੋਂ, ਭਾਈ ਰੂਪਾ ਦੇ ਦਾਦੇ ਭਾਈ ਰਾਮਾ ਦੇ ਵੱਡੇ ਭਰਾ ਭਾਈ ਊਦਾ ਦਾ ਪੋਤਾ ਭਾਈ ਸੁਖੀਆ (ਪੁੱਤਰ ਭਾਈ ਮਾਂਡਨ) ਭਾਈ ਮਨੀ ਸਿੰਘ ਦੀ ਭੂਆ ਨਾਲ ਵਿਆਹਿਆ ਹੋਇਆ ਸੀ। ਅਗੋਂ ਉਨ੍ਹਾਂ ਦੇ ਪਰਿਵਾਰ ਵਿਚੋਂ ਵੀ ਦਰਜਨ ਤੋਂ ਵੱਧ ਜਣੇ ਸ਼ਹੀਦ ਹੋਏ ਸਨ। ਇੰਙ ਇਹ ਸਾਰਾ ਖ਼ਾਨਦਾਨ ਗੁਰੂ ਸਾਹਿਬ ਲਈ ਜਾਨਾਂ ਵਾਰਨ ਵਾਲਿਆਂ ਦਾ ਪਰਿਵਾਰ ਸੀ।

ਭਾਈ ਕਰਨ ਸਿੰਘ ਰਾਠੌਰ-ਰਾਜਪੂਤ ਬਰਾਦਰੀ ਨਾਲ ਸਬੰਧ ਰਖਦੇ ਸਨ। ਆਪ ਦੇ ਵੱਡੇ-ਵਡੇਰੇ ਭਾਈ ਰਾਮਾ (ਪਿਤਾ ਭਾਈ ਰਣਮਲ) ਕਾਰਨ 'ਰਮਾਣੇ' ਅਖਵਾਉਂਦੇ ਸਨ। ਭਾਈ ਰਾਮਾ ਦਾ ਦਾਦਾ ਭਾਈ ਜਲ੍ਹਾ ਸੀ। ਇਸ ਕਰਕੇ ਇਨ੍ਹਾਂ ਨੂੰ 'ਰਮਾਣੇ' ਦੇ

ਨਾਲ-ਨਾਲ 'ਜਲ੍ਹਾਨੇ' ਵੀ ਆਖਿਆ ਜਾਂਦਾ ਸੀ। ਭਾਈ ਸੁਖੀਆ ਮਾਂਡਨ ਨੂੰ ਉਸ ਦੇ ਦਾਦੇ ਭਾਈ ਊਦਾ ਕਰ ਕੇ ''ਊਦਾਨੇ'' ਅਤੇ ''ਊਦਾਨੇ-ਜਲ੍ਹਾਨੇ'' ਵੀ ਆਖਿਆ ਜਾਂਦਾ ਸੀ। ਇਹ ਪਰਿਵਾਰ ਵਧੇਰੇ ਕਰ ਕੇ ਸੋਧਰਾ ਅਤੇ ਖੈਰਪੁਰ ਵਿਚ ਰਿਹਾ ਕਰਦੇ ਸਨ।

ਭਾਈ ਕਰਨ ਸਿੰਘ ਆਪਣੇ ਵੱਡੇ-ਵਡੇਰਿਆਂ ਨਾਲ ਅਕਸਰ ਅਨੰਦਪੁਰ ਸਾਹਿਬ ਅਤੇ ਗੁਰੂ ਦਾ ਚੱਕ (ਅੰਮ੍ਰਿਤਸਰ) ਜਾਇਆ ਕਰਦੇ ਸਨ। ਮਾਰਚ 1709 ਦੇ ਆਖ਼ਰੀ ਹਫ਼ਤੇ ਆਪ ਅੰਮ੍ਰਿਤਸਰ ਹੀ ਸਨ ਜਦੋਂ 6 ਅਪ੍ਰੈਲ ਨੂੰ ਪੱਟੀ ਦੇ ਚੌਧਰੀ ਹਰ ਸਹਾਇ ਅਤੇ 12 ਅਪ੍ਰੈਲ ਨੂੰ ਨੌਸ਼ਹਿਰਾ ਪੰਨੂਆਂ ਦੇ ਹਾਕਮ ਚੌਧਰੀ ਦੇਵਾ ਨੇ ਗੁਰੂ ਦਾ ਚੱਕ 'ਤੇ ਹਮਲਾ ਕੀਤਾ। ਆਪ ਸਭ ਤੋਂ ਮੂਹਰੇ ਹੋ ਕੇ ਲੜੇ। ਆਪ ਭਰ-ਜਵਾਨ ਗਭਰੂ ਸਨ। ਆਪ ਨੇ ਆਪਣੀ ਸ੍ਰੀ ਸਾਹਿਬ ਦੀ ਖ਼ੂਨ ਦੀ ਪਿਆਸ ਬੁਝਾਉਣ ਵਾਸਤੇ ਹਰ ਸਹਾਇ ਦੇ ਚੋਣਵੇਂ ਸੂਰਮੇ ਜ਼ਮੀਨ 'ਤੇ ਵਿਛਾ ਦਿੱਤੇ। ਆਪ ਲੰਬਾ ਸਮਾਂ ਸ੍ਰੀ ਸਾਹਿਬ ਚਲਾਉਂਦੇ ਰਹੇ ਅਤੇ ਅਖ਼ੀਰ ਦੁਸ਼ਮਣਾਂ ਦੇ ਆਹੂ ਲਾਹੁੰਦੇ ਹੋਏ ਆਪ ਵੀ ਸ਼ਹੀਦ ਹੋ ਗਏ।

ਭਾਈ ਕਰਨ ਸਿੰਘ ਸ਼ਹੀਦੀ ਸਮੇਂ, ਸ਼ਾਇਦ, ਅਣ-ਵਿਆਹੇ ਸਨ ਇਸੇ ਕਰ ਕੇ ਕੁਰਸੀਨਾਮਿਆਂ ਵਿਚ ਆਪ ਦੇ ਮਗਰੋਂ ਦੀ ਕੋਈ ਤਫ਼ਸੀਲ ਨਹੀਂ ਮਿਲਦੀ।

(ਹੋਰ ਤਫ਼ਸੀਲ ਵਾਸਤੇ ਦੇਖੋ: *''ਭਾਈ ਰਣਮਲ ਰਾਠੌਰ ਦਾ ਕੁਰਸੀਨਾਮਾ''*)

ਭਾਈ ਮਨੋਹਰ ਸਿੰਘ, ਭਾਈ ਛਬੀਲ ਸਿੰਘ, ਭਾਈ ਗੁਰਮੁਖ ਸਿੰਘ, ਭਾਈ ਜੀਤ ਸਿੰਘ

ਇਕ ਸੋਮੇ ਮੁਤਾਬਿਕ 6 ਅਪ੍ਰੈਲ 1709 ਦੇ ਦਿਨ ਗੁਰੂ ਦਾ ਚੱਕ 'ਤੇ ਚੌਧਰੀ ਹਰ ਸਹਾਇ ਪੱਟੀ ਵਲੋਂ ਕੀਤੇ ਹਮਲੇ ਵਿਚ ਭਾਈ ਮਨੋਹਰ ਸਿੰਘ ਪੁੱਤਰ ਭਾਈ ਆਲਾ ਵੀ ਸ਼ਹੀਦ ਹੋਏ ਸਨ।

ਇਕ ਸੋਮੇ ਮੁਤਾਬਿਕ ਚੌਧਰੀ ਦੇਵਾ ਵਲੋਂ ਗੁਰੂ ਦਾ ਚੱਕ 'ਤੇ ਹੋਏ ਹਮਲੇ (12 ਅਪ੍ਰੈਲ 1709) ਵਿਚ ਭਾਈ ਛਬੀਲ ਸਿੰਘ ਪੁੱਤਰ ਭਾਈ ਮੁਰਾਰੀ ਤੇ ਪੋਤਾ ਭਾਈ ਭੂਣਾ ਸਹਸੀਆਣਾ ਆਪਣੇ ਦੋ ਬੇਟਿਆਂ ਭਾਈ ਗੁਰਮੁਖ ਸਿੰਘ ਅਤੇ ਭਾਈ ਜੀਤ ਸਿੰਘ ਸਣੇ ਸ਼ਹੀਦ ਹੋਇਆ ਸੀ।

ਭਾਈ ਸੰਗਰਾਮ ਸਿੰਘ

ਭਾਈ ਸੰਗਰਾਮ ਸਿੰਘ ਨੇ 13 ਮਈ 1710 ਦੇ ਦਿਨ ਚਪੜਚਿੜੀ ਦੀ ਲੜਾਈ ਵਿਚ ਸ਼ਹੀਦੀ ਜਾਮ ਪੀਤਾ ਸੀ।

ਭਾਈ ਸੰਗਰਾਮ ਸਿੰਘ ਸ਼ਹੀਦ ਭਾਈ ਬਚਿਤਰ ਸਿੰਘ ਦੇ ਬੇਟੇ, ਸ਼ਹੀਦ ਭਾਈ ਮਨੀ ਸਿੰਘ ਦੇ ਪੋਤੇ ਤੇ ਭਾਈ ਮਾਈ ਦਾਸ ਪ੍ਰਮਾਰ ਦੇ ਪੜਪੋਤੇ ਸਨ। ਭਾਈ ਸੰਗਰਾਮ ਸਿੰਘ ਆਪਣੇ ਭਰਾਵਾਂ, ਪਿਤਾ, ਤਾਏ, ਚਾਚਿਆਂ ਅਤੇ ਦਾਦੇ ਵਾਂਗ ਗੁਰੂ ਘਰ ਦੇ ਬੜੇ ਸਾਦਿਕ ਸਨ ਅਤੇ ਛੋਟੀ ਉਮਰ ਤੋਂ ਹੀ ਗੁਰੂ ਸਾਹਿਬ ਕੋਲ ਅਨੰਦਪੁਰ ਸਾਹਿਬ ਵਿਚ ਆਉਂਦੇ ਰਹਿੰਦੇ ਸਨ।

ਭਾਈ ਸੰਗਰਾਮ ਸਿੰਘ ਇਕ ਮਸ-ਫੁਟ ਨੌਜਵਾਨ ਸਨ। ਉਹ ਬੜੇ ਦਲੇਰ ਤੇ ਫੁਰਤੀਲੇ ਸਨ। ਸ੍ਰੀ ਸਾਹਿਬ ਚਲਾਉਣ ਵਿਚ ਉਨ੍ਹਾਂ ਦਾ ਕੋਈ ਸਾਨੀ ਨਹੀਂ ਸੀ। ਉਨ੍ਹਾਂ ਨੇ ਸ਼ਸਤਰ ਚਲਾਉਣ ਦੀ ਜਾਚ ਆਪਣੇ ਪਿਤਾ ਭਾਈ ਬਚਿਤਰ ਸਿੰਘ ਅਤੇ ਹਥਿਆਰ ਚਲਾਉਣ ਦੇ ਮਾਹਿਰ ਭਾਈ ਬਜਰ ਸਿੰਘ ਤੋਂ ਸਿੱਖੀ ਸੀ। ਭਾਈ ਸੰਗਰਾਮ ਸਿੰਘ ਕਾਫ਼ੀ ਚਿਰ ਅਨੰਦਪੁਰ ਸਾਹਿਬ ਰਹੇ ਸਨ ਅਤੇ ਮਗਰੋਂ ਆਪਣੇ ਪਿੰਡ ਅਲੀਪੁਰ (ਨੇੜੇ ਮੁਲਤਾਨ) ਚਲੇ ਗਏ ਸਨ। ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਸਹਿਬ ਛੱਡਿਆ ਤਾਂ ਆਪ ਅਨੰਦਪੁਰ ਸਾਹਿਬ ਵਿਚ ਨਹੀਂ ਸਨ। ਉਧਰ ਗੁਰੂ ਸਾਹਿਬ ਅਨੰਦਪੁਰ ਸਾਹਿਬ ਤੋਂ ਤਲਵੰਡੀ ਸਾਬੋ ਜਾ ਕੇ ਫਿਰ ਨੰਦੇੜ ਜਾ ਚੁੱਕੇ ਸਨ।

5 ਅਕਤੂਬਰ 1708 ਦੇ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਥਾਪਣਾ ਲੈ ਕੇ ਬਾਬਾ ਬੰਦਾ ਸਿੰਘ ਪੰਜਾਬ ਵੱਲ ਚਲ ਪਿਆ। ਉਸ ਨੇ ਰਸਤੇ ਵਿਚੋਂ ਹੀ ਸਾਰੇ ਸਿੱਖਾਂ ਨੂੰ ਗੁਰੂ ਸਾਹਿਬ ਦੇ ਪੈਗ਼ਾਮ ਭੇਜ ਦਿੱਤੇ ਅਤੇ ਸਿੱਖ-ਮੁਲਕ ਨੂੰ ਆਜ਼ਾਦ ਕਰਵਾਉਣ ਵਾਸਤੇ ਤਿਆਰ ਰਹਿਣ ਵਾਸਤੇ ਆਖਿਆ। ਤਕਰੀਬਨ ਇਕ ਸਾਲ ਵਿਚ ਉਸ ਨੇ ਹਰ ਪਾਸੇ ਸਿੱਖਾਂ ਨਾਲ ਰਾਬਤਾ ਕਾਇਮ ਕਰ ਲਿਆ ਅਤੇ ਬਹੁਤ ਸਾਰੇ ਹਥਿਆਰ ਇਕੱਠੇ ਕਰ ਲਏ।

ਬਾਬਾ ਬੰਦਾ ਸਿੰਘ ਦੀ ਫ਼ੌਜ ਦੀ ਕਮਾਨ ਹੋਰਨਾਂ ਤੋਂ ਇਲਾਵਾ ਭਾਈ ਬਾਜ ਸਿੰਘ (ਪੁੱਤਰ ਭਾਈ ਨਠੀਆ, ਪੋਤਾ ਭਾਈ ਬੱਲੂ), ਭਾਈ ਰਾਮ ਸਿੰਘ (ਪੁੱਤਰ ਭਾਈ ਬਚਿਤਰ ਸਿੰਘ, ਪੋਤਾ ਭਾਈ ਮਨੀ ਸਿੰਘ), ਭਾਈ ਫ਼ਤਹਿ ਸਿੰਘ (ਪੁੱਤਰ ਭਾਈ ਉਦੈ ਸਿੰਘ, ਪੋਤਾ ਭਾਈ ਮਨੀ ਸਿੰਘ), ਕੋਲ ਵੀ ਸੀ। ਇਸ ਤੋਂ ਇਲਾਵਾ ਗੁਰੂ ਅੰਗਦ ਸਾਹਿਬ ਦੇ ਪਰਿਵਾਰ ਵਿਚੋਂ ਭਾਈ ਬਿਨੋਦ ਸਿੰਘ, ਕਾਹਨ ਸਿੰਘ ਤੇ ਮੀਰੀ ਸਿੰਘ ਵੀ ਬਾਬਾ ਬੰਦਾ

ਸਿੰਘ ਦੀ ਜਦੋ ਜਹਿਦ ਵਿਚ ਸ਼ਾਮਿਲ ਹੋਏ ਸਨ।

ਇਨ੍ਹਾਂ ਖਾਲਸਾ ਫ਼ੌਜਾਂ ਨੇ ਪੰਜਾਬ ਦੀ ਆਜ਼ਾਦੀ ਦੀ ਜਦੋ ਜਹਿਦ 26 ਨਵੰਬਰ 1709 ਦੇ ਦਿਨ ਸਮਾਣਾ ਕਸਬੇ ਤੋਂ ਕੀਤੀ। ਕੁਝ ਹੀ ਘੰਟਿਆਂ ਵਿਚ ਸਿੰਘਾਂ ਨੇ ਸਮਾਣਾ 'ਤੇ ਕਬਜ਼ਾ ਕਰ ਲਿਆ। ਇਸ ਲੜਾਈ ਵਿਚ ਹੋਰਨਾਂ ਤੋਂ ਇਲਾਵਾ ਭਾਈ ਸੰਗਰਾਮ ਸਿੰਘ ਨੇ ਵੀ ਬੜੀ ਬਹਾਦਰੀ ਨਾਲ ਜੰਗ ਲੜੀ 'ਤੇ ਕਈ ਮੁਗਲਾਂ ਨੂੰ ਮੌਤ ਦੇ ਘਾਟ ਉਤਾਰਿਆ। ਸਮਾਣਾ ਸਿੱਖਾਂ ਦੀ ਪਹਿਲੀ ਜਿੱਤ ਸੀ। ਬਾਬਾ ਬੰਦਾ ਸਿੰਘ ਨੇ ਸਮਾਣੇ ਦਾ ਇਲਾਕਾ ਭਾਈ ਫ਼ਤਹਿ ਸਿੰਘ (ਪੁੱਤਰ ਭਾਈ ਉਦੈ ਸਿੰਘ) ਨੂੰ ਸੰਭਾਲਿਆ ਅਤੇ ਇਸ ਮਗਰੋਂ ਅਗਲੇ ਮੋਰਚੇ ਵਾਸਤੇ ਤਿਆਰੀ ਕਰਨ ਲੱਗ ਪਏ।

ਸਿੱਖਾਂ ਦਾ ਸਭ ਤੋਂ ਵੱਡਾ ਐਕਸ਼ਨ ਸਰਹਿੰਦ ਦਾ ਸੀ ਕਿਉਂਕਿ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਬੱਚਿਆਂ ਨੂੰ ਸ਼ਹੀਦ ਕੀਤਾ ਸੀ ਤੇ ਉਹ ਸਿੱਖਾਂ ਦਾ ਸਭ ਤੋਂ ਵੱਡਾ ਦੁਸ਼ਮਨ ਸੀ। ਇਹੀ ਵਜ਼ੀਰ ਖਾਂ ਸੀ ਜੋ ਦਸੰਬਰ 1705 ਦੇ ਆਖ਼ਰੀ ਹਫ਼ਤੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਪਿੱਛਾ ਕਰਨ ਵਾਸਤੇ ਇਕ ਵੱਡੀ ਫ਼ੌਜ ਲੈ ਕੇ ਦੀਨਾ-ਕਾਂਗੜ ਅਤੇ ਫਿਰ ਕੋਟਕਪੂਰਾ-ਖਿਦਰਾਣੇ ਦੀ ਢਾਬ ਤਕ ਗਿਆ ਸੀ। ਵਜ਼ੀਰ ਖਾਂ ਦੇ ਇਹ ਹਮਲੇ ਸਿਰਫ਼ 29 ਦਸੰਬਰ 1705 ਤਕ ਹੀ ਨਹੀਂ ਚਲੇ ਬਲਕਿ ਉਸ ਨੇ ਬਾਦਸ਼ਾਹ ਬਹਾਦਰ ਸ਼ਾਹ ਨਾਲ ਮਿਲ ਕੇ ਜਮਸ਼ੈਦ ਖਾਂ ਨਾਂ ਦਾ ਇਕ ਭਾੜੇ ਦਾ ਬੰਦਾ ਗੁਰੂ ਸਾਹਿਬ ਦੇ ਪਿੱਛੇ ਨੰਦੇੜ ਵੀ ਭੇਜਿਆ ਜਿਸ ਨੇ 5 ਅਕਤੂਬਰ ਦੀ ਰਾਤ ਨੂੰ ਗੁਰੂ ਸਾਹਿਬ 'ਤੇ ਛੁਰਿਆਂ ਨਾਲ ਹਮਲਾ ਕਰ ਕੇ ਉਨ੍ਹਾਂ ਨੂੰ ਸ਼ਹੀਦ ਕੀਤਾ ਸੀ। ਇਸ ਕਰ ਕੇ ਸਰਹਿੰਦ ਦਾ ਸੂਬੇਦਾਰ ਵਜ਼ੀਰ ਖਾਂ ਅਤੇ ਉਸ ਦਾ ਵਜ਼ੀਰ ਸੁੱਚਾ ਨੰਦ ਸਿੱਖਾਂ ਵਾਸਤੇ ਸਭ ਤੋਂ ਵੱਡੇ ਮੁਜਰਿਮ ਸਨ।

ਸਰਹਿੰਦ ਉਸ ਵੇਲੇ ਲਾਹੌਰ ਤੋਂ ਵੀ ਵੱਡੀ ਫ਼ੌਜੀ ਤਾਕਤ ਬਣ ਚੁੱਕਾ ਸੀ ਇਸ ਕਰ ਕੇ ਉਸ 'ਤੇ ਹਮਲਾ ਕਰਨ ਵਾਸਤੇ ਵੱਡੀ ਤਿਆਰੀ ਦੀ ਲੋੜ ਸੀ। ਇਸ ਮਕਸਦ ਵਾਸਤੇ ਹਥਿਆਰ ਅਤੇ ਇਕ ਵੱਡੀ ਫ਼ੌਜ ਦੀ ਲੋੜ ਸੀ। ਸਮਾਣੇ ਦੀ ਜਿੱਤ ਮਗਰੋਂ ਬਾਬਾ ਬੰਦਾ ਸਿੰਘ ਕੋਲ ਕਾਫ਼ੀ ਹਥਿਆਰ ਆ ਚੁੱਕੇ ਸਨ। ਇਸ ਤੋਂ ਇਲਾਵਾ ਵੀ ਸਿੱਖਾਂ ਨੇ ਹੋਰ ਵੀ ਹਥਿਆਰ ਲੁੱਟੇ ਅਤੇ ਖ਼ਰੀਦੇ ਸਨ। 1710 ਦੀਆਂ ਗਰਮੀਆਂ ਦੇ ਸ਼ੁਰੂ ਹੋਣ ਤਕ ਹਜ਼ਾਰਾਂ ਸਿੰਘ ਬਾਬਾ ਬੰਦਾ ਸਿੰਘ ਦੀ ਫ਼ੌਜ ਵਿਚ ਸ਼ਾਮਿਲ ਹੋ ਚੁੱਕੇ ਸਨ। ਦਿਨ-ਬ-ਦਿਨ ਨਵੇਂ ਸਿੱਖ ਜੱਥੇ ਬਾਬਾ ਬੰਦਾ ਸਿੰਘ ਨਾਲ ਰਲਦੇ ਜਾ ਰਹੇ ਸਨ। ਅਖ਼ੀਰ ਮਈ 1710 ਦੇ ਦੂਜੇ ਹਫ਼ਤੇ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਨੇ ਸਰਹਿੰਦ 'ਤੇ ਹਮਲਾ ਕਰਨ ਦੀ ਤਿਆਰੀ ਪੂਰੀ ਕਰ ਲਈ ਸੀ। 10 ਮਈ 1710 ਦੇ ਦਿਨ ਬਾਬਾ ਬੰਦਾ ਸਿੰਘ ਨੇ ਸਰਹਿੰਦ ਵੱਲ ਵੱਧਣਾ ਸ਼ੁਰੂ ਕਰ ਦਿੱਤਾ। ਉਧਰ ਵਜ਼ੀਰ ਖਾਂ ਨੂੰ ਵੀ ਬੰਦਾ ਸਿੰਘ ਵਲੋਂ ਕੂਚ ਕਰਨ ਦੀ ਖ਼ਬਰ ਮਿਲ ਗਈ। ਉਸ ਨੇ ਵੀ ਬੰਦਾ ਸਿੰਘ ਨੂੰ ਅਗੋਂ ਟਕਰਨ ਦਾ ਫ਼ੈਸਲਾ ਕੀਤਾ। ਉਹ ਆਪਣੇ ਫ਼ੌਜ ਨੂੰ ਸਰਹਿੰਦ ਤੋਂ 15 ਕਿਲੋਮੀਟਰ ਦੂਰ ਚਪੜ-ਚਿੜੀ

ਪਿੰਡਾਂ ਦੀ ਜੂਹ ਵਿਚ ਲੈ ਆਇਆ। 12 ਮਈ ਨੂੰ ਵਜ਼ੀਰ ਖ਼ਾਂ ਦੀਆਂ ਅਤੇ ਖਾਲਸਾ ਫ਼ੌਜਾਂ ਚਪੜ-ਚਿੜੀ ਦੇ ਮੈਦਾਨ ਵਿਚ ਆ ਡਟੀਆਂ। ਛੇਤੀ ਹੀ ਦੋਹਾਂ ਪਾਸਿਆਂ ਤੋਂ ਗਹਿ-ਗੱਚ ਲੜਾਈ ਸ਼ੁਰੂ ਹੋ ਗਈ।

ਚਪੜ-ਚਿੜੀ ਦੀ ਲੜਾਈ ਵਿਚ ਖਾਲਸਾ ਫ਼ੌਜਾਂ ਨੇ ਵਜ਼ੀਰ ਖ਼ਾਂ ਦੀ ਫ਼ੌਜ 'ਤੇ ਤਿੰਨ ਪਾਸਿਓਂ ਹਮਲਾ ਕੀਤਾ। ਖੱਬੇ ਪਾਸੇ ਦੀ ਕਮਾਨ ਬਾਬਾ ਬਿਨੋਦ ਸਿੰਘ, ਕਾਹਨ ਸਿੰਘ, ਮੀਰੀ ਸਿੰਘ, ਬਿਜੇ ਸਿੰਘ ਅਤੇ ਗੁਲਾਬ ਸਿੰਘ ਬਖ਼ਸ਼ੀ ਕੋਲ ਸੀ। ਸੱਜੇ ਪਾਸੇ ਦੀ ਕਮਾਨ ਭਾਈ ਬਾਜ ਸਿੰਘ, ਰਾਮ ਸਿੰਘ, ਫ਼ਤਹਿ ਸਿੰਘ, ਆਲੀ ਸਿੰਘ ਅਤੇ ਮਾਲੀ ਸਿੰਘ ਕੋਲ ਸੀ। ਵਿਚਕਾਰਲਾ ਪਾਸਾ ਬਾਬਾ ਬੰਦਾ ਸਿੰਘ ਦੀ ਆਪਣੀ ਕਮਾਨ ਹੇਠ ਸੀ। ਖਾਲਸਾ ਫ਼ੌਜਾਂ ਨੇ ਇਹ ਲੜਾਈ ਸਭ ਤੋਂ ਵੱਧ ਜਜ਼ਬਾਤ ਨਾਲ ਲੜੀ ਸੀ। ਸਿੱਖ ਗੁਰੂ ਸਾਹਿਬ ਦੀ ਮਾਤਾ, ਚਾਰ ਸਾਹਿਬਜ਼ਾਦਿਆਂ, ਸੈਂਕੜੇ ਸਿੱਖਾਂ ਅਤੇ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਵਾਲੇ ਜ਼ਾਲਮ ਵਜ਼ੀਰ ਖ਼ਾਂ ਨੂੰ ਨਾਸਤੋ-ਨਾਬੂਦ ਕਰ ਦੇਣਾ ਚਾਹੁੰਦੇ ਸਨ। ਇਸ ਮੌਕੇ 'ਤੇ ਹਰ ਇਕ ਸਿੱਖ ਨੇ ਆਪਣੀ ਪੂਰੀ ਤਾਕਤ ਨਾਲ ਜੰਗ ਲੜੀ। ਹਰ ਇਕ ਸਿੱਖ ਦੀ ਬਹਾਦਰੀ ਬੇਮਿਸਾਲ ਸੀ। ਇਹ ਆਖਣਾ ਮੁਸ਼ਕਿਲ ਸੀ ਕਿ ਸਭ ਤੋਂ ਵੱਧ ਜੂਝਣ ਵਾਲਾ ਕਿਹੜਾ ਸਿੱਖ ਸੀ।

ਚਪੜ-ਚਿੜੀ ਦੀ ਲੜਾਈ ਹਨੇਰਾ ਪੈਣ ਤਕ ਚਲਦੀ ਰਹੀ। ਇਸ ਮਗਰੋਂ ਵਜ਼ੀਰ ਖ਼ਾਂ ਦੀਆਂ ਫ਼ੌਜਾਂ ਸਰਹਿੰਦ ਵੱਲ ਮੁੜ ਗਈਆਂ ਅਤੇ ਉਸ ਨੇ ਆਪਣੇ ਆਪ ਨੂੰ ਸਰਹਿੰਦ ਦੇ ਕਿਲ੍ਹੇ ਵਿਚ ਕੈਦ ਕਰ ਲਿਆ। (ਇਸ ਕਿਲ੍ਹੇ ਦੀਆਂ ਨਿਸ਼ਾਨੀਆਂ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਦੇ ਨੇੜੇ ਅਜੇ ਵੀ ਜ਼ਰਾ-ਮਾਸਾ ਨਜ਼ਰ ਆਉਂਦੀਆਂ ਹਨ)। ਅਗਲੇ ਦਿਨ ਖਾਲਸਾ ਫ਼ੌਜਾਂ ਨੇ ਸਰਹਿੰਦ ਦੇ ਕਿਲ੍ਹੇ 'ਤੇ ਵੀ ਹਮਲਾ ਕੀਤਾ ਅਤੇ ਲੰਬੀ ਲੜਾਈ ਮਗਰੋਂ ਇਸ 'ਤੇ ਕਬਜ਼ਾ ਕਰ ਲਿਆ। ਵਜ਼ੀਰ ਖ਼ਾਂ ਅਤੇ ਉਸ ਦਾ ਜ਼ਾਲਿਮ ਵਜ਼ੀਰ ਸੁੱਚਾ ਨੰਦ ਗ੍ਰਿਫ਼ਤਾਰ ਕਰ ਕੇ ਕਤਲ ਕਰ ਦਿੱਤੇ ਗਏ।

13 ਮਈ 1710 ਦੇ ਦਿਨ ਹੋਈ ਚਪੜ-ਚਿੜੀ ਦੀ ਲੜਾਈ ਵਿਚ ਮੁਗਲਾਂ ਦੇ ਹਜ਼ਾਰਾਂ ਸਿਪਾਹੀ ਮਾਰੇ ਗਏ। ਇਸ ਮੌਕੇ 'ਤੇ ਸੈਂਕੜੇ ਸਿੱਖਾਂ ਨੇ ਵੀ ਸ਼ਹੀਦੀ ਹਾਸਿਲ ਕੀਤੀ। ਸ਼ਹੀਦੀ ਹਾਸਿਲ ਕਰਨ ਵਾਲਿਆਂ ਵਿਚ ਇਹ ਨੌਜਵਾਨ ਭਾਈ ਸੰਗਰਾਮ ਸਿੰਘ ਵੀ ਸ਼ਾਮਿਲ ਸੀ।

ਭਾਈ ਸੰਗਰਾਮ ਸਿੰਘ ਦੇ ਤਿੰਨ ਪੁੱਤਰ (ਭਾਈ ਸਰੂਪ ਸਿੰਘ, ਗਿਆਨ ਸਿੰਘ ਤੇ ਸੁਜਾਨ ਸਿੰਘ) ਸਨ। ਇਨ੍ਹਾਂ ਵਿਚੋਂ ਭਾਈ ਗਿਆਨ ਸਿੰਘ ਦੀ ਔਲਾਦ ਚਲੀ ਸੀ। ਭਾਈ ਗਿਆਨ ਸਿੰਘ ਦੇ ਚਾਰ ਪੁੱਤਰ ਸਨ: ਭਾਈ ਖੜਕ ਸਿੰਘ, ਫ਼ਤਹਿ ਸਿੰਘ, ਜੈਮਲ ਸਿੰਘ, ਵਜ਼ੀਰ ਸਿੰਘ। ਭਾਈ ਖੜਕ ਸਿੰਘ ਦੇ ਤਿੰਨ ਪੁੱਤਰ ਸਨ: ਭਾਈ ਅਤਰ ਸਿੰਘ, ਮਾਂਗਾ ਸਿੰਘ ਤੇ ਹਾੜਾ ਸਿੰਘ। ਇੰਞ ਹੀ ਭਾਈ ਜੈਮਲ ਸਿੰਘ ਦੇ ਪੰਜ ਪੁੱਤਰ ਸਨ : ਭਾਈ ਨੱਥਾ ਸਿੰਘ, ਬੁੱਧ ਸਿੰਘ, ਵਧਾਵਾ ਸਿੰਘ, ਵਸਾਵਾ ਸਿੰਘ ਤੇ ਦੂਲਾ ਸਿੰਘ। ਇਨ੍ਹਾਂ ਵਿਚੋਂ ਭਾਈ

ਬੁੱਧ ਸਿੰਘ ਦੇ ਅੱਗੋਂ 8 ਪੁੱਤਰ ਸਨ: ਭਾਈ ਬੰਤਾ ਸਿੰਘ, ਰਾਮ ਸਿੰਘ, ਲਾਲ ਸਿੰਘ, ਹਰਨਾਮ ਸਿੰਘ, ਕਰਤਾਰ ਸਿੰਘ, ਪਾਲਾ ਸਿੰਘ, ਸੁੱਚਾ ਸਿੰਘ, ਛੋਜਾ ਸਿੰਘ। ਇਨ੍ਹਾਂ ਦੀ ਅੱਗੋਂ ਹੋਰ ਔਲਾਦ ਵੀ ਹੈ। ਇਨ੍ਹਾਂ ਵਿਚੋਂ ਬਹੁਤ ਸਾਰੇ ਪਰਿਵਾਰ ਅੱਜ ਕਲ੍ਹ ਪਿੰਡ ਸੂਹਰੋਂ ਜ਼ਿਲ੍ਹਾ ਪਟਿਆਲਾ ਵਿਚ ਰਹਿ ਰਹੇ ਹਨ।

ਭਾਈ ਸੰਗਰਾਮ ਸਿੰਘ ਦੇ ਪੁੱਤਰ, ਪੋਤਰੇ ਤੇ ਪੜਪੋਤੇ ਬਾਬਾ ਦਰਬਾਰਾ ਸਿੰਘ, ਨਵਾਬ ਕਪੂਰ ਸਿੰਘ ਤੇ ਜੱਸਾ ਸਿੰਘ ਆਹਲੂਵਾਲੀਆ ਦੇ ਨਾਲ ਰਲ ਕੇ ਜੰਗਾਂ ਵਿਚ ਜੂਝਦੇ ਰਹੇ ਸਨ।

ਭਾਈ ਸੰਗਰਾਮ ਸਿੰਘ ਦੀ ਸ਼ਹੀਦੀ ਦਾ ਜ਼ਿਕਰ "**ਭੱਟ ਵਹੀ ਭਾਦਸੋਂ ਪਰਗਨਾ ਥਾਨੇਸਰ** ਵਿਚ ਮਿਲਦਾ ਹੈ।

ਹੋਰ ਤਫ਼ਸੀਲ ਵਾਸਤੇ ਵੇਖੋ: *ਭਾਈ ਬਚਿੱਤਰ ਸਿੰਘ ਦਾ ਕੁਰਸੀਨਾਮਾ।*

ਭਾਈ ਮਹਿਬੂਬ ਸਿੰਘ

ਭਾਈ ਮਹਿਬੂਬ ਸਿੰਘ 13 ਮਈ 1710 ਦੇ ਦਿਨ ਸਰਹਿੰਦ ਤੋਂ 15 ਕਿਲੋਮੀਟਰ ਦੂਰ ਚਪੜ-ਚਿੜੀ ਦੇ ਮੈਦਾਨ ਵਿਚ ਵਜ਼ੀਰ ਖਾਂ ਦੀ ਫ਼ੌਜ ਨਾਲ ਲੜਦਿਆਂ ਸ਼ਹੀਦ ਹੋਏ ਸਨ।

ਭਾਈ ਮਹਿਬੂਬ ਸਿੰਘ ਸ਼ਹੀਦ ਭਾਈ ਊਦੈ ਸਿੰਘ ਦੇ ਸੱਤਾਂ ਬੇਟਿਆਂ ਵਿਚੋਂ ਸਭ ਤੋਂ ਵੱਡੇ ਸਨ। ਆਪ ਦੇ ਦਾਦਾ ਸ਼ਹੀਦ ਭਾਈ ਮਨੀ ਸਿੰਘ ਤੇ ਪੜਦਾਦਾ ਭਾਈ ਮਾਈ ਦਾਸ ਸਨ। ਆਪਣੇ ਬਾਪ ਸ਼ਹੀਦ ਭਾਈ ਊਦੈ ਸਿੰਘ ਵਾਂਗ ਭਾਈ ਮਹਿਬੂਬ ਸਿੰਘ ਵੀ ਆਖਰਾਂ ਦੀ ਤਾਕਤ ਅਤੇ ਫ਼ੁਰਤੀ ਦੇ ਮਾਲਿਕ ਸਨ। ਉਹ ਦੋ-ਦੋ ਤਲਵਾਰਾਂ ਸੂਤ ਕੇ ਮੈਦਾਨ ਵਿਚ ਜੂਝਣ ਵਾਲੇ ਯੋਧੇ ਸਨ। ਭਾਈ ਮਹਿਬੂਬ ਸਿੰਘ ਨੇ ਤੀਰ ਚਲਾਉਣ ਵਿਚ ਵੀ ਮਹਾਰਤ ਹਾਸਿਲ ਕੀਤੀ ਹੋਈ ਸੀ। ਉਨ੍ਹਾਂ ਨੇ ਸ੍ਰੀ ਸਾਹਿਬ ਚਲਾਉਣ ਦਾ ਹੁਨਰ ਆਪਣੇ ਤਾਇਆ ਭਾਈ ਬਚਿੱਤਰ ਸਿੰਘ ਤੋਂ ਅਤੇ ਇਕ ਹੋਰ ਮਾਹਿਰ ਉਸਤਾਦ ਭਾਈ ਬਜਰ ਸਿੰਘ ਤੋਂ ਸਿੱਖਿਆ ਸੀ। ਇਹ ਭਾਈ ਬਜਰ ਸਿੰਘ ਉਹੀ ਸਨ ਜਿਨ੍ਹਾਂ ਨੇ ਗੁਰੂ

ਗੋਬਿੰਦ ਸਿੰਘ ਸਾਹਿਬ ਨੂੰ ਵੀ ਸ਼ਸਤਰ ਚਲਾਉਣ ਦੀ ਟਰੇਨਿੰਗ ਦਿੱਤੀ ਸੀ।

ਆਪਣੇ ਪਿਤਾ ਦੀ ਸ਼ਹੀਦੀ ਮਗਰੋਂ ਭਾਈ ਮਹਿਬੂਬ ਸਿੰਘ ਆਪਣੇ ਪਿੰਡ ਅਲੀਪੁਰ (ਜ਼ਿਲ੍ਹਾ ਮੁਜ਼ੱਫ਼ਰਗੜ੍ਹ) ਵਿਚ ਹੀ ਰਹੇ ਸਨ। 1709 ਵਿਚ ਜਦੋਂ ਉਨ੍ਹਾਂ ਨੂੰ ਬਾਬਾ ਬੰਦਾ ਸਿੰਘ ਦਾ ਖ਼ਤ ਪੁੱਜਾ ਤਾਂ ਉਹ ਅਰਦਾਸਾ ਸੋਧ ਕੇ, ਘਰਦਿਆਂ ਨੂੰ ਫ਼ਤਹਿ ਬੁਲਾ ਕੇ, ਘੋੜੇ 'ਤੇ ਸਵਾਰ ਹੋ ਕੇ ਪਿੰਡੋਂ ਤੁਰ ਪਏ। ਕੁਝ ਹੀ ਦਿਨਾਂ ਵਿਚ ਉਹ ਬਾਬਾ ਬੰਦਾ ਸਿੰਘ ਨਾਲ ਜਾ ਮਿਲੇ। ਉਨ੍ਹਾਂ ਦੇ ਉਥੇ ਪਹੁੰਚਣ 'ਤੇ ਉਨ੍ਹਾਂ ਨੂੰ ਆਪਣੇ ਪੜਦਾਦੇ ਭਾਈ ਮਾਈ ਦਾਸ ਦੇ ਨਿੱਕੇ ਭਰਾ ਭਾਈ ਨਠੀਆ ਦੇ ਚਾਰ ਪੁੱਤਰ ਭਾਈ ਭਗਵੰਤ ਸਿੰਘ, ਕੁਇਰ ਸਿੰਘ, ਬਾਜ਼ੂ ਸਿੰਘ ਤੇ ਸ਼ਾਮ ਸਿੰਘ ਬਾਹਾਂ ਖੋਲ੍ਹ ਕੇ ਮਿਲੇ। ਆਪਣੇ ਤਾਏ ਦੇ ਵਾਰਿਸ ਦੀ ਜਵਾਨੀ ਵੇਖ ਕੇ ਉਹ ਬੜੇ ਖ਼ੁਸ਼ ਹੋਏ।

ਜਦੋਂ ਬਾਬਾ ਬੰਦਾ ਸਿੰਘ ਨੇ ਸਮਾਣੇ 'ਤੇ ਹਮਲਾ ਕੀਤਾ ਤਾਂ ਭਾਈ ਮਹਿਬੂਬ ਸਿੰਘ ਨੇ ਜੀਅ-ਜਾਨ ਤੋਂ ਲੜਾਈ ਕੀਤੀ। ਇਸ ਲੜਾਈ ਵਿਚ ਉਨ੍ਹਾਂ ਨੂੰ ਕਈ ਜ਼ਖ਼ਮ ਵੀ ਆਏ ਪਰ ਉਹ ਏਨੇ ਹਠੀ ਸਨ ਕਿ ਉਨ੍ਹਾਂ ਨੇ ਇਨ੍ਹਾਂ ਜ਼ਖ਼ਮਾਂ ਦੀ ਪਰਵਾਹ ਨਾ ਕੀਤੀ। ਵਾਹਿਗੁਰੂ ਨੇ ਕੁਝ ਹੀ ਦਿਨਾਂ ਵਿਚ ਉਨ੍ਹਾਂ ਦੇ ਜ਼ਖ਼ਮ ਭਰ ਦਿੱਤੇ ਅਤੇ ਉਹ ਫੇਰ ਅਗਲੀ ਲੜਾਈ ਵਾਸਤੇ ਤਿਆਰ ਹੋ ਗਏ। ਸਮਾਣੇ ਤੋਂ ਮਗਰੋਂ ਕੁਝ ਹੋਰ ਨਿੱਕੀਆਂ-ਲੜਾਈਆਂ ਤੋਂ ਮਗਰੋਂ ਖਾਲਸਾ ਫ਼ੌਜ ਨੇ ਸਰਹਿੰਦ 'ਤੇ ਹਮਲਾ ਕਰਨ ਦਾ ਗੁਰਮਤਾ ਕੀਤਾ। ਇਸ ਲੜਾਈ ਵੇਲੇ ਤਕ ਖਾਲਸਾ ਫ਼ੌਜਾਂ ਦੀ ਗਿਣਤੀ ਕਈ ਹਜ਼ਾਰ ਤਕ ਪਹੁੰਚ ਚੁੱਕੀ ਸੀ। ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੇ ਖਾਲਸਾ ਫ਼ੌਜਾਂ ਨੂੰ ਤਿੰਨ ਹਿੱਸਿਆਂ ਵਿਚ ਵੰਡ ਦਿੱਤਾ ਤਾਂ ਜੋ ਵਜ਼ੀਰ ਖ਼ਾਂ ਦੀ ਫ਼ੌਜ ਨੂੰ ਤਿੰਨਾਂ ਪਾਸਿਆਂ ਤੋਂ ਘੇਰਿਆ ਜਾ ਸਕੇ। ਭਾਈ ਮਹਿਬੂਬ ਸਿੰਘ ਖੱਬੇ ਪਾਸੇ ਤੋਂ ਸਰਹਿੰਦੀ ਫ਼ੌਜ 'ਤੇ ਹਮਲਾ ਕਰਨ ਵਾਲੀ ਕਮਾਨ ਵਿਚ ਸ਼ਾਮਿਲ ਸਨ। ਇਸ ਹਿੱਸੇ ਵਿਚ ਭਾਈ ਮਹਿਬੂਬ ਸਿੰਘ ਦੇ ਕਈ ਹੋਰ ਰਿਸ਼ਤੇਦਾਰ ਵੀ ਡਟੇ ਹੋਏ ਸਨ। ਉਨ੍ਹਾਂ ਦੇ ਵੀਰ ਭਾਈ ਫ਼ਤਹਿ ਸਿੰਘ ਵੀ ਉਨ੍ਹਾਂ ਦੇ ਨਾਲ ਹੀ ਮੋਢੇ ਨਾਲ ਮੋਢਾ ਜੋੜ ਕੇ ਲੜਨ ਵਾਸਤੇ ਆਏ ਹੋਏ ਸਨ।

12 ਮਈ 1710 ਦੀ ਸ਼ਾਮ ਤਕ ਚਪੜ-ਚਿੜੀ ਦੇ ਮੈਦਾਨ ਵਿਚ ਸਰਹਿੰਦ ਦੀਆਂ ਅਤੇ ਖਾਲਸੇ ਦੀਆਂ ਫ਼ੌਜਾਂ ਆਹਮਣੇ-ਸਾਹਮਣੇ ਡਟ ਗਈਆਂ। ਸਵੇਰ ਚੜ੍ਹਦਿਆਂ ਹੀ ਲੜਾਈ ਸ਼ੁਰੂ ਹੋ ਗਈ। ਇਸ ਲੜਾਈ ਵਿਚ ਸਿੱਖ ਫ਼ੌਜਾਂ ਨੇ ਆਪਣੀ ਪੂਰੀ ਰੂਹ ਨਾਲ ਸ੍ਰੀ ਸਾਹਿਬਾਂ ਚਲਾਈਆਂ ਅਤੇ ਸੂਬੇਦਾਰ ਵਜ਼ੀਰ ਖ਼ਾਂ ਦੀ ਫ਼ੌਜ ਦੇ ਹਜ਼ਾਰਾਂ ਜਵਾਨਾਂ ਨੂੰ ਮੌਤ ਦੇ ਘਾਟ ਉਤਾਰਿਆ। ਇਹ ਲੜਾਈ ਹਨੇਰਾ ਪੈਣ ਤਕ ਚਲਦੀ ਰਹੀ। ਇਸ ਮਗਰੋਂ ਮੁਗ਼ਲ ਫ਼ੌਜਾਂ ਨੇ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ।

ਇਸ ਲੜਾਈ ਵਿਚ ਜਿਥੇ ਹਜ਼ਾਰਾਂ ਮੁਗ਼ਲ ਸਿਪਾਹੀ ਮਾਰੇ ਗਏ ਉਥੇ ਸੈਂਕੜੇ ਸਿੰਘ ਵੀ ਸ਼ਹੀਦ ਹੋ ਗਏ। ਇਨ੍ਹਾਂ ਵਿਚ ਭਾਈ ਮਹਿਬੂਬ ਸਿੰਘ ਵੀ ਸਨ। (ਲੜਾਈ ਦਾ ਹੋਰ ਹਾਲ ਜਾਣਣ ਵਾਸਤੇ ਪੜ੍ਹੋ: ਭਾਈ ਸੰਗਰਾਮ ਸਿੰਘ ਦੀ ਜੀਵਨੀ)।

ਭਾਈ ਮਹਿਬੂਬ ਸਿੰਘ ਦੇ ਦੋ ਬੇਟੇ ਸਨ: ਭਾਈ ਸੁਖਾ ਸਿੰਘ ਤੇ ਭਾਈ ਮੇਹਰ ਸਿੰਘ। ਭਾਈ ਸੁਖਾ ਸਿੰਘ ਦੇ ਅਗੋਂ ਦੋ ਬੇਟੇ ਸਨ: ਭਾਈ ਸੇਵਾ ਸਿੰਘ ਤੇ ਭਾਈ ਰਾਜਾ ਸਿੰਘ। ਭਾਈ ਮੇਹਰ ਸਿੰਘ ਦਾ ਵੀ ਇਕ ਬੇਟਾ ਸੀ: ਭਾਈ ਭਾਗ ਸਿੰਘ। ਭਾਈ ਮਹਿਬੂਬ ਸਿੰਘ ਦੇ ਸਭ ਤੋਂ ਵੱਡੇ ਪੋਤੇ ਭਾਈ ਸੇਵਾ ਸਿੰਘ ਦੇ ਤਿੰਨ ਬੇਟੇ ਸਨ। ਵਿਚਕਾਰਲੇ ਬੇਟੇ ਭਾਈ ਧੰਨਾ ਸਿੰਘ ਦੀਆਂ ਅਗੋਂ ਦਸ ਪੁਸ਼ਤਾਂ ਵਿਚ ਸਭ ਦੇ ਵੱਡੇ ਪਰਿਵਾਰ ਸਨ। ਇਨ੍ਹਾਂ ਵਿਚੋਂ ਕਈ ਅੱਜ ਵੀ ਜ਼ਿਲ੍ਹਾ ਪਟਿਆਲਾ ਵਿਚ ਰਹਿ ਰਹੇ ਹਨ।

ਹੋਰ ਤਫ਼ਸੀਲ ਵਾਸਤੇ ਦੇਖੋ: **ਭਾਈ ਉਦੈ ਸਿੰਘ ਦਾ ਕੁਰਸੀਨਾਮਾ।**

ਭਾਈ ਫ਼ਤਹਿ ਸਿੰਘ

13 ਮਈ 1710 ਦੇ ਦਿਨ ਚਪੜ-ਚਿੜੀ (ਸਰਹਿੰਦ ਦੇ ਨੇੜੇ) ਸ਼ਹੀਦ ਹੋਣ ਵਾਲਿਆਂ ਵਿਚ ਭਾਈ ਫ਼ਤਹਿ ਸਿੰਘ ਵੀ ਸ਼ਾਮਿਲ ਸਨ।

ਭਾਈ ਫ਼ਤਹਿ ਸਿੰਘ ਸ਼ਹੀਦ ਭਾਈ ਉਦੈ ਸਿੰਘ ਦੇ ਸੱਤਾਂ ਪੁੱਤਰਾਂ ਵਿਚੋਂ ਤੀਜੇ ਨੰਬਰ 'ਤੇ ਸਨ। ਸ਼ਹੀਦ ਭਾਈ ਮਨੀ ਸਿੰਘ ਦੇ ਪੋਤੇ, ਭਾਈ ਮਾਈ ਦਾਸ ਦੇ ਪੜਪੋਤੇ ਨੂੰ ਜੂਝਣ ਅਤੇ ਸ਼ਹੀਦੀ ਦੀ ਗੁੜ੍ਹਤੀ ਆਪਣੇ ਖ਼ਾਨਦਾਨ ਦੇ ਦਰਜਨਾਂ ਸ਼ਹੀਦਾਂ ਤੋਂ ਮਿਲੀ ਸੀ। ਆਪ ਦੇ ਪਿਤਾ ਭਾਈ ਉਦੈ ਸਿੰਘ, ਦੋ ਤਾਏ, ਦੋ ਚਾਚੇ, ਦਾਦਾ ਅਤੇ ਹੋਰ ਕਈ ਬੜੇ ਨਜ਼ਦੀਕੀ ਰਿਸ਼ਤੇਦਾਰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰੀ ਸਿੱਖ ਸਨ।

ਭਾਈ ਫ਼ਤਹਿ ਸਿੰਘ ਤਲਵਾਰਾਂ ਦੀ ਛਾਂ ਹੇਠ ਜਵਾਨ ਹੋਏ ਸਨ। ਉਨ੍ਹਾਂ ਦੀਆਂ ਰਗਾਂ ਵਿਚ ਪਰਮਾਰ ਰਾਜਪੂਤ ਖ਼ਾਨਦਾਨ ਦਾ ਖ਼ੂਨ ਦੌੜ ਰਿਹਾ ਸੀ ਜੋ ਉਨ੍ਹਾਂ ਦੀ ਬਹਾਦਰੀ, ਦਲੇਰੀ ਅਤੇ ਜਜ਼ਬਾਤ ਨੂੰ ਰੋਸ਼ਨ ਕਰ ਰਿਹਾ ਸੀ। ਉਹ ਇਕ ਜੰਗ-ਜੂ ਨੌਜਵਾਨ ਸਨ ਅਤੇ ਸ੍ਰੀ ਸਾਹਿਬ ਚਲਾਉਣ ਵਿਚ ਉਹ ਆਪਣੀ ਮਿਸਾਲ ਆਪ ਹੀ ਸਨ। ਭਾਈ ਫ਼ਤਹਿ

ਸਿੰਘ ਨੂੰ ਅਨੰਦਪੁਰ ਸਾਹਿਬ ਜਾ ਕੇ ਕਈ ਵਾਰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਸ਼ਨ ਕਰਨ ਦਾ ਸ਼ਰਫ਼ ਹਾਸਿਲ ਸੀ। ਉਨ੍ਹਾਂ ਦੇ ਪਿਤਾ ਅਤੇ ਹੋਰ ਕਈ ਰਿਸ਼ਤੇਦਾਰ ਗੁਰੂ ਸਾਹਿਬ ਦੇ ਕੋਲ ਹੀ ਰਿਹਾ ਕਰਦੇ ਸਨ ਇਸ ਕਰ ਕੇ ਉਨ੍ਹਾਂ ਨੂੰ ਗੁਰੂ ਸਾਹਿਬ ਦੇ ਨੇੜੇ ਰਹਿਣ ਦਾ ਬੜਾ ਮੌਕਾ ਮਿਲਿਆ। ਉਨ੍ਹਾਂ ਨੇ ਤਲਵਾਰ ਚਲਾਉਣ ਦੀ ਜਾਚ ਅਨੰਦਪੁਰ ਸਾਹਿਬ ਵਿਚ ਰਹਿ ਕੇ ਹਾਸਿਲ ਕੀਤੀ ਸੀ। ਉਹ ਆਪਣੇ ਭਰਾ ਮਹਿਬੂਬ ਸਿੰਘ, ਫ਼ਤਹਿ ਸਿੰਘ ਤੇ ਅਲਬੇਲ ਸਿੰਘ ਵਾਂਗ ਹੋਲਾ-ਮਹੱਲਾ ਦੇ ਮੌਕੇ 'ਤੇ ਗਤਕਾ ਅਤੇ ਤਲਵਾਰ ਬਾਜ਼ੀ ਦੇ ਮੁਕਾਬਲਿਆਂ ਵਿਚ ਹਿੱਸਾ ਲਿਆ ਕਰਦੇ ਸਨ। ਅਨੰਦਪੁਰ ਸਾਹਿਬ ਦੇ ਘੇਰੇ ਸਮੇਂ ਉਹ ਆਪਣੇ ਪਿੰਡ ਵਿਚ ਹੀ ਸਨ।

ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਨੂੰ ਮੁਗ਼ਲਾਂ ਤੋਂ ਆਜ਼ਾਦ ਕਰਵਾਉਣ ਦੀ ਜਦੋ—ਜਹਿਦ ਸ਼ੁਰੂ ਕੀਤੀ ਤਾਂ ਉਨ੍ਹਾਂ ਨੇ ਸਾਰੇ ਪਾਸੇ ਸਿੱਖਾਂ ਨੂੰ ਪੈਗਾਮ ਭੇਜੇ। ਉਨ੍ਹਾਂ ਦਾ ਅਜਿਹਾ ਪੈਗਾਮ ਪਿੰਡ ਅਲੀਪੁਰ ਵਿਚ ਵੀ ਪੁੱਜਾ। ਪੰਥ ਦੀ ਸੇਵਾ ਕਰਨ ਦਾ ਚਾਅ ਭਾਈ ਫ਼ਤਹਿ ਸਿੰਘ ਨੂੰ ਪਹਿਲੋਂ ਹੀ ਸੀ। ਉਨ੍ਹਾਂ ਨੇ ਆਪਣੇ ਘਰਦਿਆਂ ਨੂੰ ਆਖ਼ਰੀ ਫ਼ਤਹਿ ਬੁਲਾਈ ਅਤੇ ਬਾਬਾ ਬੰਦਾ ਸਿੰਘ ਨਾਲ ਸ਼ਾਮਿਲ ਹੋਣ ਵਾਸਤੇ ਚਲ ਪਏ। ਜਦੋਂ ਉਹ ਅਤੇ ਉਨ੍ਹਾਂ ਦੇ ਭਰਾ ਭਾਈ ਮਹਿਬੂਬ ਸਿੰਘ, ਅਲਬੇਲ ਸਿੰਘ, ਮੋਹਰ ਸਿੰਘ ਤੇ ਬਾਘ ਸਿੰਘ ਬਾਬਾ ਬੰਦਾ ਸਿਘ ਦੇ ਕੈਂਪ ਵਿਚ ਪੁੱਜੇ ਤਾਂ ਬਾਬਾ ਬੰਦਾ ਸਿੰਘ ਉਨ੍ਹਾਂ ਨੂੰ ਜੱਫੀ ਵਿਚ ਲੈ ਕੇ ਮਿਲੇ। ਜਦੋਂ ਖ਼ਾਲਸਾ ਫ਼ੌਜਾਂ ਨੂੰ ਪਤਾ ਲੱਗਾ ਕਿ ਸ਼ਾਹੀ ਟਿੱਬੀ 'ਤੇ ਸ਼ਹੀਦ ਹੋਣ ਵਾਲੇ ਭਾਈ ਉਦੇ ਸਿੰਘ ਦੇ ਬੇਟੇ ਵੀ ਉਨ੍ਹਾਂ ਨਾਲ ਆ ਮਿਲੇ ਹਨ ਤਾਂ ਉਨ੍ਹਾਂ ਨੇ ਜੈਕਾਰਿਆਂ ਨਾਲ ਉਨ੍ਹਾਂ ਨੂੰ ਜੀ ਆਇਆਂ ਆਖਿਆ। ਭਾਈ ਫ਼ਤਹਿ ਸਿੰਘ ਨੇ ਸਮਾਣਾ ਅਤੇ ਹੋਰ ਲੜਾਈਆਂ ਵਿਚ ਦਿਲੋ-ਜਾਨ ਤੋਂ ਹਿੱਸਾ ਲਿਆ।

ਅਪ੍ਰੈਲ 1710 ਤਕ ਖ਼ਾਲਸਾ ਫ਼ੌਜਾਂ ਬਹੁਤ ਸਾਰਾ ਇਲਾਕਾ ਮੱਲ ਕੇ ਹਥਿਆਰਾਂ ਦਾ ਚੋਖਾ ਵੱਡਾ ਖ਼ਜ਼ਾਨਾ ਕਾਬੂ ਕਰ ਚੁੱਕੀਆਂ ਸਨ। ਇਸ ਮਗਰੋਂ ਉਨ੍ਹਾਂ ਨੇ ਸਰਹਿੰਦ ਵੱਲ ਮੂੰਹ ਕੀਤਾ। ਸਰਹਿੰਦ 'ਤੇ ਕਬਜ਼ਾ ਕਰਨ ਵਾਸਤੇ 13-14 ਮਈ ਦੇ ਦਿਨ ਬੜੀ ਜ਼ਬਰਦਸਤ ਜੰਗ ਹੋਈ। (ਜੰਗ ਬਾਰੇ ਤਫ਼ਸੀਲ ਜਾਣਨ ਵਾਸਤੇ ਵੇਖੋ: ਭਾਈ ਸੰਗਰਾਮ ਸਿੰਘ)। ਇਸ ਜੰਗ ਵਿਚ ਹਜ਼ਾਰਾਂ ਸਰਹਿੰਦੀ ਸਿਪਾਹੀ ਮਾਰੇ ਗਏ ਅਤੇ ਸੈਂਕੜੇ ਸਿੰਘ ਵੀ ਇਸ ਮੌਕੇ 'ਤੇ ਸ਼ਹੀਦ ਹੋਏ। ਸ਼ਹੀਦ ਹੋਣ ਵਾਲਿਆਂ ਵਿਚ ਇਹ ਬਹਾਦਰ ਨੌਜਵਾਨ ਭਾਈ ਫ਼ਤਹਿ ਸਿੰਘ ਵੀ ਸਨ।

ਭਾਈ ਫ਼ਤਹਿ ਸਿੰਘ ਸ਼ਾਦੀ-ਸ਼ੁਦਾ ਸਨ। ਉਨ੍ਹਾਂ ਦਾ ਇਕ ਬੇਟਾ ਭਾਈ ਈਸ਼ਰ ਸਿੰਘ ਸੀ। ਈਸ਼ਰ ਸਿੰਘ ਦਾ ਵੀ ਅਗੋਂ ਇਕ ਬੇਟਾ ਭਾਈ ਬੇਲਾ ਸਿੰਘ ਸੀ। ਇਨ੍ਹਾਂ ਦੋਹਾਂ ਨੇ ਵੀ ਖ਼ਾਲਸਾ ਫ਼ੌਜਾਂ ਦੀ ਦਿਲੋਂ-ਜਾਨ ਤੋਂ ਸੇਵਾ ਕੀਤੀ ਸੀ।

ਭਾਈ ਫ਼ਤਹਿ ਸਿੰਘ ਦੀ ਸ਼ਹੀਦੀ ਦਾ ਜ਼ਿਕਰ "**ਭੱਟ ਵਹੀ ਭਾਦਸੋਂ, ਪਰਗਨਾ ਥਾਨੇਸਰ**' ਵਿਚ ਮਿਲਦਾ ਹੈ।

ਹੋਰ ਤਫ਼ਸੀਲ ਵਾਸਤੇ ਵੇਖੋ: ***ਭਾਈ ਉਦੈ ਸਿੰਘ ਦਾ ਕੁਰਸੀਨਾਮਾ।***

ਭਾਈ ਬਜਰ ਸਿੰਘ

ਉਸਤਾਦ ਭਾਈ ਬਜਰ ਸਿੰਘ ਨੇ 13 ਮਈ 1710 ਦੇ ਦਿਨ ਚਪੜ-ਚਿੜੀ ਦੀ ਜੂਹ ਵਿਚ ਜੂਝਦਿਆਂ ਸ਼ਹੀਦੀ ਪਾਈ ਸੀ।

ਭਾਈ ਬਜਰ ਸਿੰਘ ਇਕ ਮਹਾਨ ਹਸਤੀ ਸਨ। ਆਪ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਘੋੜ-ਸਵਾਰੀ ਅਤੇ ਹਥਿਆਰ ਚਲਾਉਣ ਦੀ ਸਿਖਲਾਈ ਦੇਣ ਵਾਲੇ ਉਸਤਾਦ ਸਨ। ਆਪ ਨੇ ਵੱਡੇ ਦੋਹਾਂ ਸਾਹਿਬਜ਼ਾਦਿਆਂ ਤੇ ਭਾਈ ਮਨੀ ਸਿੰਘ ਦੇ ਪੁੱਤਰਾਂ ਨੂੰ ਵੀ ਹਥਿਆਰ ਚਲਾਉਣ ਦੀ ਟਰੇਨਿੰਗ ਦਿੱਤੀ ਸੀ।

ਭਾਈ ਬਜਰ ਸਿੰਘ ਰਾਠੌਰ ਰਾਜਪੂਤ ਖ਼ਾਨਦਾਨ ਨਾਲ ਸਬੰਧ ਰਖਦੇ ਸਨ। ਆਪ ਭਾਈ ਰਾਮਾ ਦੇ ਪੁੱਤਰ, ਸ਼ਹੀਦ ਭਾਈ ਸੁਖੀਆ ਦੇ ਪੋਤੇ ਅਤੇ ਭਾਈ ਮਾਂਡਨ ਦੇ ਪੜਪੋਤੇ ਸਨ। ਆਪ ਦੇ ਪੜਦਾਦਾ ਭਾਈ ਮਾਂਡਨ 27 ਸਤੰਬਰ 1621 ਦੇ ਦਿਨ ਰੁਹੀਲਾ ਦੀ ਲੜਾਈ ਵਿਚ ਸਭ ਤੋਂ ਅੱਗੇ ਹੋ ਕੇ ਲੜੇ ਸਨ। ਆਪ ਨੇ ਇਸ ਲੜਾਈ ਵਿਚ ਕਾਨ੍ਹੇ ਦੇ ਪੁੱਤਰ ਭਗਵਾਨੇ ਘੇਰੜ ਅਤੇ ਕਈ ਹੋਰ ਹਮਲਾਵਰਾਂ ਨੂੰ ਮੌਤ ਦੇ ਘਾਟ ਉਤਾਰਿਆ ਸੀ। ਉਹ ਆਪ ਵੀ ਇਸ ਲੜਾਈ ਵਿਚ ਬੁਰੀ ਤਰ੍ਹਾਂ ਜ਼ਖਮੀ ਹੋਏ ਸਨ। ਭਾਈ ਬਜਰ ਸਿੰਘ ਦੇ ਦਾਦਾ ਭਾਈ ਸੁਖੀਆ 16 ਦਸੰਬਰ 1634 ਦੇ ਦਿਨ ਮਹਿਰਾਜ ਵਿਚ ਹੋਈ ਲੜਾਈ ਵਿਚ ਡੱਟ ਕੇ ਲੜੇ ਸਨ ਅਤੇ ਬਹੁਤ ਸਾਰੇ ਮੁਗ਼ਲ ਸਿਪਾਹੀਆਂ ਨੂੰ ਮਾਰਨ ਮਗਰੋਂ ਆਪ ਵੀ ਸ਼ਹੀਦ ਹੋਏ ਸਨ। ਆਪ ਦੇ ਤਿੰਨ ਨਿੱਕੇ ਵੀਰ ਸਨ: ਭਾਈ ਅਜੀਤ ਸਿੰਘ (ਜੀਤਾ ਸਿੰਘ), ਭਾਈ ਨੇਤਾ ਸਿੰਘ ਤੇ ਭਾਈ ਉਦੈ ਸਿੰਘ। ਇਹ ਤਿੰਨੇ ਵੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਫ਼ੌਜ ਦੇ ਮੰਨੇ-ਪਰਮੰਨੇ ਸਿਪਾਹੀ ਸਨ। ਇਹ ਤਿੰਨੇ ਵੱਖ-ਵੱਖ ਲੜਾਈਆਂ ਵਿਚ ਸ਼ਹੀਦ ਹੋਏ ਸਨ। ਭਾਈ ਅਜੀਤ ਸਿੰਘ ਤੇ ਨੇਤਾ ਸਿੰਘ 14 ਅਕਤੂਬਰ ਦੇ ਦਿਨ ਨਿਰਮੋਹਗੜ੍ਹ ਵਿਚ ਸ਼ਹੀਦ ਹੋਏ ਸਨ। ਅਗੋਂ ਭਾਈ ਜੀਤਾ ਸਿੰਘ ਦੇ ਸਾਰੇ ਬੱਚਿਆਂ ਅਤੇ ਭਾਈ ਨੇਤਾ ਸਿੰਘ ਦੇ ਇਕ ਬੇਟੇ ਨੇ ਵੀ ਸ਼ਹੀਦੀ ਜਾਮ ਪੀਤੇ ਸਨ।

ਉਸਤਾਦ ਭਾਈ ਬਜਰ ਸਿੰਘ ਭਾਈ ਆਲਿਮ ਸਿੰਘ ਨੱਚਣਾ, ਜੋ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਡਿਉਢੀ-ਬਰਦਾਰ ਸੀ, ਦੇ ਸਹੁਰਾ ਸਨ। ਭਾਈ ਬਜਰ ਸਿੰਘ ਦੀ ਬੇਟੀ ਭਿੱਖਾਂ (ਜੋ 6 ਦਸੰਬਰ 1705 ਦੇ ਦਿਨ ਪਿੰਡ ਝੱਖੀਆਂ ਦੀ ਜੂਹ ਵਿਚ ਸ਼ਹੀਦ ਹੋਈ ਸੀ) ਉਨ੍ਹਾਂ ਨਾਲ ਵਿਆਹੀ ਹੋਈ ਸੀ। ਇਹ ਭਾਈ ਆਲਿਮ ਸਿੰਘ ਵੀ 7 ਦਸੰਬਰ 1705 ਦੀ ਸ਼ਾਮ ਵੇਲੇ ਚਮਕੌਰ ਦੀ ਗੜ੍ਹੀ ਦੇ ਬਾਹਰ ਸ਼ਹੀਦ ਹੋਏ ਸਨ।

ਮਈ 1705 ਵਿਚ ਜਦੋਂ ਅਨੰਦਪੁਰ ਸਾਹਿਬ ਨੂੰ ਘੇਰਾ ਪਿਆ ਤਾਂ ਭਾਈ ਬਜਰ

ਸਿੰਘ ਉੱਥੇ ਹਾਜ਼ਿਰ ਨਹੀਂ ਸਨ। ਵਡੇਰੀ ਉਮਰ ਦੇ ਹੋਣ ਕਰ ਕੇ ਉਹ ਆਪਣੇ ਪਿੰਡ ਵਿਚ ਹੀ ਰਹਿੰਦੇ ਸਨ।

ਅਨੰਦਪੁਰ ਸਾਹਿਬ ਨੂੰ ਛੱਡ ਜਾਣ ਮਗਰੋਂ ਗੁਰੂ ਗੋਬਿੰਦ ਸਿੰਘ ਸਾਹਿਬ ਤਲਵੰਡੀ ਸਾਬੋ ਅਤੇ ਫੇਰ ਦੱਖਣ ਵੱਲ ਚਲੇ ਗਏ ਸਨ। ਉਹ 1708 ਦੇ ਦੂਜੇ ਅਧ ਵਿਚ ਨੰਦੇੜ ਵਿਚ ਸਨ ਜਿਥੇ ਉਹ 7 ਅਕਤੂਬਰ ਨੂੰ ਸ਼ਹੀਦੀ ਜਾਮ ਪੀ ਗਏ ਸਨ। ਜਾਣ ਤੋਂ ਪਹਿਲਾਂ ਉਹ ਖਾਲਸਾ ਫ਼ੌਜਾਂ ਦੀ ਕਮਾਨ ਬਾਬਾ ਬੰਦਾ ਸਿੰਘ ਨੂੰ ਸੌਂਪ ਗਏ ਸਨ।

ਬਾਬਾ ਬੰਦਾ ਸਿੰਘ ਨੇ ਪੰਜਾਬ ਪੁੱਜ ਕੇ ਗੁਰੂ ਸਾਹਿਬ ਦੇ ਸਾਰੇ ਸਿੱਖਾਂ ਨੂੰ ਹੁਕਮਨਾਮੇ ਭੇਜੇ। ਗੁਰੂ ਸਾਹਿਬ ਦਾ ਪੈਗ਼ਾਮ, ਬਾਬਾ ਬੰਦਾ ਸਿੰਘ ਰਾਹੀਂ, ਹਾਸਿਲ ਕਰਦਿਆਂ ਹੀ ਸਾਰੇ ਸਿੱਖ ਉਸ ਕੋਲ ਆਉਣੇ ਸ਼ੁਰੂ ਹੋ ਗਏ। ਇਕ ਸਾਲ ਦੇ ਅੰਦਰ-ਅੰਦਰ ਹਜ਼ਾਰਾਂ ਸਿੱਖ ਬਾਬਾ ਬੰਦਾ ਸਿੰਘ ਨਾਲ ਮਿਲ ਚੁੱਕੇ ਸਨ। ਨਵੰਬਰ 1709 ਵਿਚ ਉਸ ਨੇ ਪੰਜਾਬ ਦੀ ਆਜ਼ਾਦੀ ਦੀ ਜੰਗ ਸ਼ੁਰੂ ਕਰ ਦਿੱਤੀ। (ਤਫ਼ਸੀਲ ਵਾਸਤੇ ਵੇਖੋ: ਭਾਈ ਸੰਗਰਾਮ ਸਿੰਘ)। ਇਸ ਜੰਗ ਦਾ ਪਹਿਲਾ ਸਭ ਤੋਂ ਵੱਡਾ ਪੜਾਅ ਸੀ ਸਰਹਿੰਦ 'ਤੇ ਕਬਜ਼ਾ ਕਰਨਾ ਅਤੇ ਵਜ਼ੀਰ ਖ਼ਾਂ ਤੇ ਸੁੱਚਾ ਨੰਦ ਨੂੰ ਸਜ਼ਾ ਦੇਣਾ। ਸਰਹਿੰਦ ਦੇ ਸੂਬੇਦਾਰ ਕੋਲ ਬੜੀ ਵੱਡੀ ਫ਼ੌਜ ਅਤੇ ਇਕ ਚੰਗਾ ਤਕੜਾ ਹਥਿਆਰਾਂ ਦਾ ਖ਼ਜ਼ਾਨਾ ਸੀ। ਇਸ ਕਰ ਕੇ ਖਾਲਸਾ ਫ਼ੌਜ ਨੂੰ ਵੱਡੀ ਤਿਆਰੀ ਦੀ ਲੋੜ ਸੀ। ਅਪ੍ਰੈਲ 1710 ਤਕ ਖਾਲਸਾ ਫ਼ੌਜਾਂ ਨੇ ਇਸ ਹਮਲੇ ਦੀ ਪੂਰੀ ਵਿਉਂਤ ਬਣਾ ਲਈ। ਉਧਰ ਵਜ਼ੀਰ ਖ਼ਾਂ ਨੂੰ ਵੀ ਇਸ ਦਾ ਪਤਾ ਲੱਗਾ ਤੇ ਉਹ ਵੀ ਮੁਕਾਬਲੇ ਵਾਸਤੇ ਤਿਆਰ ਹੋ ਗਿਆ।

ਦੋਹਾਂ ਫ਼ੌਜਾਂ ਵਿਚ ਸਭ ਤੋਂ ਵੱਡੀ ਲੜਾਈ 13 ਤੇ 14 ਮਈ 1710 ਦੇ ਦਿਨ ਤਰਤੀਬਵਾਰ ਚਪੜ-ਚਿੜੀ ਦੇ ਮੈਦਾਨ ਅਤੇ ਸਰਹਿੰਦ ਦੇ ਕਿਲ੍ਹੇ ਦੇ ਬਾਹਰ ਹੋਈ ਸੀ। ਇਸ ਲੜਾਈ ਵਿਚ ਭਾਈ ਬਜਰ ਸਿੰਘ ਤੇ ਸਾਰੇ ਸਿੰਘਾਂ ਨੇ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ, ਇਸ ਲੜਾਈ ਵਿਚ ਹਜ਼ਾਰਾਂ ਮੁਗ਼ਲ ਸਿਪਾਹੀ ਮਾਰੇ ਗਏ ਤੇ ਫ਼ਤਹਿ ਸਿੰਘਾਂ ਨੂੰ ਹਾਸਿਲ ਹੋਈ। ਪਰ ਇਸ ਫ਼ਤਹਿ ਨੂੰ ਹਾਸਿਲ ਕਰਨ ਵਾਸਤੇ ਸੈਂਕੜੇ ਸਿੱਖ ਸ਼ਹੀਦ ਵੀ ਹੋਏ। ਸ਼ਹੀਦ ਹੋਣ ਵਾਲਿਆਂ ਵਿਚ ਹੋਰਨਾਂ ਤੋਂ ਇਲਾਵਾ ਉਸਤਾਦ ਭਾਈ ਬਜਰ ਸਿੰਘ ਵੀ ਸ਼ਾਮਿਲ ਸਨ।

ਹੋਰ ਤਫ਼ਸੀਲ ਵਾਸਤੇ ਵੇਖੋ: *ਭਾਈ ਸੁਖੀਆ ਮਾਂਡਨ ਦਾ ਕੁਰਸੀਨਾਮਾ।*

ਭਾਈ ਸੁੱਖਾ ਸਿੰਘ ਬੰਗੇਸ਼ਰੀ

ਭਾਈ ਸੁੱਖਾ ਸਿੰਘ ਨੇ 20 ਨਵੰਬਰ 1710 ਦੇ ਦਿਨ ਸਰਹਿੰਦ ਦੀ ਲੜਾਈ ਵਿਚ ਸ਼ਹੀਦੀ ਪਾਈ ਸੀ।

ਭਾਈ ਸੁੱਖਾ ਸਿੰਘ ਭਾਈ ਨਠੀਏ ਦੇ ਅੱਠਾਂ ਪੁੱਤਰਾਂ ਵਿਚੋਂ ਛੇਵੇਂ ਥਾਂ 'ਤੇ ਸਨ। ਭਾਈ ਸੁੱਖਾ ਸਿੰਘ ਦੇ ਤਾਇਆ ਭਾਈ ਮਨੀ ਸਿੰਘ ਦਾ ਪਿਤਾ ਭਾਈ ਮਾਈ ਦਾਸ ਅਤੇ ਪਿਤਾ ਭਾਈ ਨਠੀਆ ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਤੋਂ ਹੀ ਗੁਰੂ ਘਰ ਦੇ ਸਾਦਿਕ ਸਨ। ਭਾਈ ਸੁੱਖਾ ਸਿੰਘ ਦੇ ਦਾਦਾ ਭਾਈ ਬੱਲੂ 13 ਅਪ੍ਰੈਲ 1634 ਦੇ ਦਿਨ ਗੁਰੂ ਦਾ ਚੱਕ (ਅੰਮ੍ਰਿਤਸਰ) ਦੀ ਲੜਾਈ ਵਿਚ ਮੁਗਲ ਫ਼ੌਜੀ ਜਰਨੈਲ ਮੁਰਤਜ਼ਾ ਖ਼ਾਂ ਤੇ ਕਈ ਹੋਰਾਂ ਨੂੰ ਮਾਰ ਕੇ ਸ਼ਹੀਦ ਹੋਏ ਸਨ। (ਇੰਞ ਰਿਸ਼ਤੇ ਵਿਚ ਭਾਈ ਸੁੱਖਾ ਸਿੰਘ ਤੇ ਭਾਈ ਮਨੀ ਸਿੰਘ ਚਚੇਰੇ ਭਰਾ ਸਨ)।

ਭਾਈ ਸੁੱਖਾ ਸਿੰਘ ਦਾ ਜਨਮ ਪਿੰਡ ਖੈਰਪੁਰ (ਮੁਲਤਾਨ ਤੋਂ ਕਰੀਬ 100 ਕਿਲੋਮੀਟਰ) ਵਿਚ ਹੋਇਆ ਸੀ। ਆਪ ਦੇ ਪਿਤਾ ਬੰਗੇਸ਼ਰ ਇਲਾਕੇ ਦੇ ਚੌਧਰੀ ਸਨ। ਇਸੇ ਕਰ ਕੇ ਆਪ ਨੂੰ ਬੰਗੇਸ਼ਰੀ ਵੀ ਆਖਿਆ ਜਾਂਦਾ ਸੀ। ਆਪ ਦੇ ਸਭ ਤੋਂ ਵੱਡੇ ਭਰਾ ਭਗਵੰਤ ਸਿੰਘ ਨੂੰ ਔਰੰਗਜ਼ੇਬ ਵਲੋਂ ਪੰਜ ਹਜ਼ਾਰੀ ਮਨਸਬ ਵੀ ਮਿਲਿਆ ਹੋਇਆ ਸੀ। ਇਸ ਪਰਿਵਾਰ ਦਾ ਬੜਾ ਵੱਡਾ ਵਪਾਰ ਸੀ ਜੋ ਦੇਸ ਪਰਦੇਸ ਵਿਚ ਦੂਰ-ਦੂਰ ਤੱਕ ਫੈਲਿਆ ਹੋਇਆ ਸੀ।

ਜਦੋਂ ਗੁਰੂ ਗੋਬਿੰਦ ਸਿੰਘ ਅਨੰਦਪੁਰ ਸਾਹਿਬ ਵਿਚ ਰਹਿੰਦੇ ਸਨ ਤਾਂ ਭਾਈ ਸੁੱਖਾ ਸਿੰਘ ਆਪਣੇ ਵੱਡੇ ਭਰਾ ਨਾਲ ਅਕਸਰ ਉਨ੍ਹਾਂ ਦੇ ਦਰਸ਼ਨ ਕਰਨ ਆਇਆ ਕਰਦੇ ਸਨ। ਭਾਈ ਸੁਖਾ ਸਿੰਘ ਨੇ ਇਹੋ ਜਿਹੇ ਹੀ ਇਕ ਮੌਕੇ 'ਤੇ ਹੀ ਆਪਣੇ ਭਰਾਵਾਂ ਨਾਲ ਖੰਡੇ ਦੀ ਪਾਹੁਲ ਲਈ ਸੀ।

ਭਾਈ ਸੁੱਖਾ ਸਿੰਘ ਇਕ ਬੜੇ ਦਲੇਰ ਨੌਜਵਾਨ ਸਨ। ਉਨ੍ਹਾਂ ਦੇ ਦਿਲ ਵਿਚ ਜੋਸ਼ ਅਤੇ ਜਿਸਮ ਵਿਚ ਬੇਹਦ ਜਾਨ ਸੀ। ਉਨ੍ਹਾਂ ਨੇ ਸ੍ਰੀ ਸਾਹਿਬ ਚਲਾਉਣ ਦੀ ਸਿਖਲਾਈ ਆਪਣੇ ਪਿਤਾ ਭਾਈ ਨਠੀਆ ਤੋਂ ਹਾਸਿਲ ਕੀਤੀ ਸੀ। ਭਾਈ ਨਠੀਆ ਆਪ ਵੀ ਬੜੇ ਦਲੇਰ ਅਤੇ ਜਾਂਬਾਜ਼ ਸ਼ਖ਼ਸ ਸਨ। ਉਨ੍ਹਾਂ ਨੇ ਕਰਤਾਰਪੁਰ ਦੀ ਲੜਾਈ (ਅਪ੍ਰੈਲ 1635) ਵਿਚ ਵੱਧ ਚੜ੍ਹ ਕੇ ਹਿੱਸਾ ਲਿਆ ਸੀ। 28 ਅਪ੍ਰੈਲ ਦੇ ਦਿਨ 9 ਘੰਟੇ ਲਗਾਤਾਰ ਹੋਈ ਲੜਾਈ ਵਿਚ ਭਾਈ ਨਠੀਆ ਅਤੇ ਭਾਈ ਮਾਧੋ ਨੇ ਅਸਮਾਨ ਖ਼ਾਂ ਝਾਂਗੜੀ ਦੇ ਜੱਥੇ ਨਾਲ ਹੱਥੋ-ਹੱਥ ਲੜਾਈ ਵਿਚ ਅਸਮਾਨ ਖ਼ਾਂ ਅਤੇ ਉਸਦੇ ਕਈ ਹੋਰ ਸਾਥੀ ਮਾਰ ਦਿੱਤੇ

ਸਨ। ਭਾਈ ਨਠੀਆ ਆਪ ਵੀ ਇਸ ਲੜਾਈ ਵਿਚ ਜ਼ਖਮੀ ਹੋਏ ਸਨ।

ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸ਼ਹੀਦੀ (7 ਅਕਤੂਬਰ 1708) ਮਗਰੋਂ, ਗੁਰੂ ਸਾਹਿਬ ਦੇ ਹੁਕਮ ਮੁਤਾਬਿਕ, ਬਾਬਾ ਬੰਦਾ ਸਿੰਘ ਨੇ ਸਿੱਖ ਮੁਲਕ ਨੂੰ ਮੁਗਲਾਂ ਤੋਂ ਆਜ਼ਾਦ ਕਰਵਾਉਣ ਵਾਸਤੇ ਸਾਰੇ ਪਾਸੇ ਖ਼ਤ ਲਿਖ ਕੇ ਸਿੱਖਾਂ ਨੂੰ ਫ਼ੌਜ ਵਿਚ ਸ਼ਾਮਿਲ ਹੋਣ ਵਾਸਤੇ ਆਖਿਆ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਭਾਈ ਸੁੱਖਾ ਸਿੰਘ ਨੇ ਵੀ ਆਪਣੇ ਆਪ ਨੂੰ ਪੇਸ਼ ਕੀਤਾ ਤੇ ਹਰ ਲੜਾਈ ਵਿਚ ਮੂਹਰੇ ਹੋ ਕੇ ਲੜੇ। ਇਸ ਲੜੀ ਵਿਚ ਸਭ ਤੋਂ ਅਹਿਮ ਲੜਾਈ ਸਰਹਿੰਦ ਦੇ ਨੇੜੇ ਚਪੜ-ਚਿੜੀ ਦੀ ਸੀ। ਇਸ ਲੜਾਈ ਨੂੰ ਜਿੱਤਣ ਮਗਰੋਂ ਬਾਬਾ ਬੰਦਾ ਸਿੰਘ ਨੇ ਖਾਲਸਾ ਰਾਜ ਦੀ ਕਾਇਮੀ ਦਾ ਐਲਾਨ ਕਰ ਦਿੱਤਾ। ਬਾਬਾ ਬੰਦਾ ਸਿੰਘ ਨੇ ਭਾਈ ਲਾਲ ਸਿੰਘ ਦੇ ਵੱਡੇ ਭਰਾ ਭਾਈ ਬਾਜ਼ ਸਿੰਘ ਨੂੰ ਸਰਹਿੰਦ ਦਾ ਫ਼ੌਜਦਾਰ ਤਾਈਨਾਤ ਕਰ ਦਿੱਤਾ। ਭਾਈ ਲਾਲ ਸਿੰਘ ਵੀ ਆਪਣੇ ਵੱਡੇ ਭਰਾ ਨਾਲ ਰਹਿਣ ਅਤੇ ਸਰਹਿੰਦ ਦੇ ਨਿਜ਼ਾਮ ਵਿਚ ਹਿੱਸਾ ਪਾਉਣ ਲੱਗ ਪਏ। ਸਰਹਿੰਦ ਦਾ ਨਿਜ਼ਾਮ ਪੰਜ ਮਹੀਨੇ ਬੜੇ ਸੁਹਣੇ ਤਰੀਕੇ ਨਾਲ ਚਲਦਾ ਰਿਹਾ। ਬਾਬਾ ਬੰਦਾ ਸਿੰਘ ਬਹਾਦਰ ਨੇ ਸਹੀ ਮਾਅਨਿਆਂ ਵਿਚ ਖਾਲਸਾ ਹਕੂਮਤ ਕਾਇਮ ਕਰ ਦਿੱਤੀ। ਖਾਲਸਾ ਨਿਜ਼ਾਮ ਵਿਚ ਆ ਕੇ ਸਾਰੇ ਲੋਕ ਬੜੇ ਸੌਖਿਆਂ ਮਹਿਸੂਸ ਕਰਨ ਲੱਗ ਪਏ। ਲੋਕਾਂ ਨੂੰ ਮੁਗਲਈ ਧੌਂਸ ਅਤੇ ਜ਼ੁਲਮ ਤੋਂ ਛੁਟਕਾਰਾ ਮਿਲ ਗਿਆ ਸੀ।

ਸਰਹਿੰਦ 'ਤੇ ਖਾਲਸਾ ਰਾਜ ਦਾ ਝੰਡਾ ਝੁੱਲਣ ਦੀ ਖ਼ਬਰ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਤਕ ਵੀ ਪੁੱਜ ਗਈ। ਪਹਿਲੋਂ, 17 ਮਈ 1710 ਦੇ ਨੇੜੇ-ਤੇੜੇ, ਜਦੋਂ ਬਾਦਸ਼ਾਹ ਟੋਡਾ (ਰਾਜਿਸਥਾਨ), ਵਿਚ ਪੜਾਅ ਕਰ ਰਿਹਾ ਸੀ ਤਾਂ ਉਸ ਨੂੰ ਗੁਰੂ ਦਾ ਚੱਕ (ਅਪ੍ਰੈਲ 1709), ਸਮਾਣਾ (ਨਵੰਬਰ 1709) ਤਕ ਦੀਆਂ ਲੜਾਈਆਂ ਦੀ ਇਤਲਾਹ ਮਿਲ ਚੁੱਕੀ ਸੀ। ਉਸ ਨੂੰ ਦੱਸਿਆ ਗਿਆ ਸੀ ਕਿ "ਖਾਲਸਾ ਦਲ ਦੂਰ-ਦੂਰ ਤਕ ਛਾ ਗਿਆ ਹੈ।" ਇਸ ਮਗਰੋਂ ਉਸ ਨੂੰ ਸਰਹਿੰਦ ਦੀ ਖ਼ਬਰ ਵੀ ਪੁੱਜ ਗਈ। ਇਸ ਵੇਲੇ ਤਕ ਸਿੱਖ ਫ਼ੌਜਾਂ ਨੇ ਸਮਾਣਾ, ਸਰਹਿੰਦ, ਰਾਹੋਂ, ਸਢੌਰਾ, ਥਾਨੇਸਰ (ਕੁਰਖੇਤਰ), ਸਹਾਰਨਪੁਰ, ਨਨੌਤਾ ਨੂੰ ਜਿੱਤ ਲਿਆ ਸੀ। ਰਾਵੀ ਤੋਂ ਜਮਨਾ ਤਕ ਦੇ ਇਲਾਕੇ ਵਿਚ ਹੁਣ ਸਿੱਖਾਂ ਦੀ ਸਰਦਾਰੀ ਕਾਇਮ ਹੋ ਚੁੱਕੀ ਸੀ।

ਜਿਹਾ ਕਿ ਉਪਰ ਜ਼ਿਕਰ ਕੀਤਾ ਹੈ ਕਿ ਬਾਦਸ਼ਾਹ ਨੂੰ ਖਾਲਸੇ ਦੀਆਂ ਜਿੱਤਾਂ ਦੀ ਕੁਝ ਖ਼ਬਰ 17 ਮਈ 1710 ਦੇ ਦਿਨ ਹੀ ਮਿਲ ਚੁੱਕੀ ਸੀ। ਉਸ ਨੇ ਅਜਮੇਰ ਪੁੱਜ ਕੇ ਸਿੱਖਾਂ ਦੇ ਖ਼ਿਲਾਫ਼ ਜਹਾਦ ਦਾ ਐਲਾਨ ਕਰ ਦਿੱਤਾ। ਉਸ ਦੀ ਆਵਾਜ਼ 'ਤੇ ਮੁਸਲਮਾਨ ਹੀ ਨਹੀਂ ਬਲਕਿ ਬੁੰਦੇਲਾ ਦੇ ਰਾਜਪੂਤ ਅਤੇ ਹੋਰ ਬਹੁਤ ਸਾਰੇ ਹਿੰਦੂ ਵੀ ਉਸ ਦੀ ਫ਼ੌਜ ਵਿਚ ਸ਼ਾਮਿਲ ਹੋ ਕੇ ਪੰਜਾਬ ਵਲ ਚਲ ਪਏ। ਇਸ ਵੱਡੀ, ਕਈ ਲੱਖੀ, ਫ਼ੌਜ ਦੀ ਅਗਵਾਈ ਬਾਦਸ਼ਾਹ ਸ਼ਾਹ ਆਪ ਕਰ ਰਿਹਾ ਸੀ। ਇਨ੍ਹਾਂ ਹਿੰਦੂ 'ਤੇ ਮੁਗਲ ਫ਼ੌਜਾਂ ਨੇ ਸਭ ਤੋਂ ਪਹਿਲੀ ਕਾਮਯਾਬੀ 22 ਅਕਤੂਬਰ ਦੇ ਦਿਨ ਸੋਨੀਪਤ ਵਿਚ ਹਾਸਿਲ ਕੀਤੀ।

ਐਨੀ ਵੱਡੀ ਫ਼ੌਜ ਦਾ ਮੁਕਾਬਲਾ ਸੈਂਕੜੇ ਸਿੱਖਾਂ ਨੇ ਕੀ ਕਰ ਸਕਣਾ ਸੀ! ਛੇਤੀ ਹੀ ਸੋਨੀਪਤ ਬਾਦਸ਼ਾਹ ਬਹਾਦਰ ਸ਼ਾਹ ਦੇ ਕਬਜ਼ੇ ਵਿਚ ਆ ਗਿਆ।

ਸੋਨੀਪਤ ਜਿੱਤਣ ਮਗਰੋਂ ਬਾਦਸ਼ਾਹ ਨੇ ਆਲੇ ਦੁਆਲੇ ਦੇ ਕਈ ਹੋਰ ਇਲਾਕੇ ਸਿੱਖਾਂ ਤੋਂ ਖੋਹ ਲਏ। ਹੁਣ ਉਸ ਨੇ ਸਰਹਿੰਦ ਵੱਲ ਮੂੰਹ ਕੀਤਾ। ਸਰਹਿੰਦ ਵਿਚ ਵੀ ਸਿੱਖਾਂ ਦੀ ਗਿਣਤੀ ਕੋਈ ਬਹੁਤੀ ਨਹੀਂ ਸੀ ਪਰ ਫਿਰ ਵੀ ਸਿੱਖਾਂ ਨੇ ਬਹਾਦਰ ਸ਼ਾਹ ਦਾ ਡੱਟ ਕੇ ਮੁਕਾਬਲਾ ਕੀਤਾ। ਇਥੇ 20 ਨਵੰਬਰ 1710 ਦੇ ਦਿਨ ਜ਼ਬਰਦਸਤ ਜੰਗ ਹੋਈ ਜਿਸ ਵਿਚ ਬਹੁਤ ਸਾਰੇ ਮੁਗਲ ਤੇ ਰਾਜਪੂਤ ਸਿਪਾਹੀ ਸਿੱਖਾਂ ਹੱਥੋਂ ਮਾਰੇ ਗਏ। ਇਸ ਲੜਾਈ ਵਿਚ ਸੈਂਕੜੇ ਸਿੱਖ ਵੀ ਸ਼ਹੀਦ ਹੋਏ। ਸ਼ਹੀਦ ਹੋਣ ਵਾਲਿਆਂ ਵਿਚ ਭਾਈ ਸੁੱਖਾ ਸਿੰਘ ਬੰਗੇਸ਼ਰੀ ਵੀ ਸਨ। ਇਸ ਮੌਕੇ 'ਤੇ ਇਨ੍ਹਾਂ ਦਾ ਇਕ ਵੱਡਾ ਭਰਾ ਸ਼ਾਮ ਸਿੰਘ ਵੀ ਸਖ਼ਤ ਜ਼ਖ਼ਮੀ ਹੋਇਆ।

ਭਾਈ ਸੁੱਖਾ ਸਿੰਘ ਦੀ ਸ਼ਹੀਦੀ ਦਾ ਜ਼ਿਕਰ "**ਭੱਟ ਵਹੀ ਭਾਦਸੋਂ, ਪਰਗਨਾ ਥਾਨੇਸਰ**' ਦੇ ਸਫ਼ਾ 70 'ਤੇ ਮਿਲਦਾ ਹੈ।

ਹੋਰ ਤਫ਼ਸੀਲ ਵਾਸਤੇ ਵੇਖੋ: *ਭਾਈ ਨਠੀਆ ਦਾ ਕੁਰਸੀਨਾਮਾ।*

ਭਾਈ ਲਾਲ ਸਿੰਘ

ਭਾਈ ਲਾਲ ਸਿੰਘ ਨੇ 20 ਨਵੰਬਰ 1710 ਦੇ ਦਿਨ ਸਰਹਿੰਦ ਦੀ ਲੜਾਈ ਵਿਚ ਸ਼ਹੀਦੀ ਜਾਮ ਪੀਤਾ ਸੀ।

ਇਸ ਮੱਸ-ਫੁੱਟ ਨੌਜਵਾਨ ਦੀ ਦਲੇਰੀ ਬੇਮਿਸਾਲ ਸੀ। ਉਹ ਤਲਵਾਰ ਚਲਾਉਣ 'ਚ ਬੜਾ ਮਾਹਿਰ ਸੀ ਅਤੇ ਪੰਜ ਸੱਤ ਸੂਰਮਿਆਂ ਨਾਲ ਇਕੱਲਾ ਹੀ ਲੜ ਸਕਦਾ ਸੀ। ਭਾਈ ਲਾਲ ਸਿੰਘ ਨੇ ਨਿੱਕੇ ਹੁੰਦਿਆਂ ਹੀ ਖੰਡੇ ਦੀ ਪਾਹੁਲ ਹਾਸਿਲ ਕਰ ਲਈ ਸੀ। ਉਸ ਵਿਚ ਸਿੱਖੀ ਜਜ਼ਬਾਤ ਕੁੱਟ-ਕੁੱਟ ਕੇ ਭਰੇ ਹੋਏ ਸਨ।

ਜਦੋਂ ਬੰਦਾ ਸਿੰਘ ਬਹਾਦਰ ਨੇ ਪੰਜਾਬ ਦੀ ਆਜ਼ਾਦੀ ਵਾਸਤੇ ਸਾਰੇ ਸਿੱਖਾਂ ਨੂੰ ਜੂਝਣ ਦਾ ਪੈਗ਼ਾਮ ਭੇਜਿਆ ਤਾਂ ਭਾਈ ਲਾਲ ਸਿੰਘ ਵੀ ਫ਼ੌਜ ਵਿਚ ਆ ਸ਼ਾਮਿਲ ਹੋਏ। ਉਨ੍ਹਾਂ ਨੇ ਕਈ ਲੜਾਈਆਂ ਵਿਚ ਹਿੱਸਾ ਲਿਆ ਅਤੇ ਆਪਣੀ ਬਹਾਦਰੀ ਦਾ ਕਮਾਲ ਦਿਖਾਇਆ।

ਜਦੋਂ ਸਰਹਿੰਦ ਜਿੱਤਣ ਮਗਰੋਂ ਬਾਬਾ ਬੰਦਾ ਨੇ ਭਾਈ ਬਾਜ਼ ਸਿੰਘ ਨੂੰ ਉਥੋਂ ਦਾ ਸੂਬੇਦਾਰ ਤਾਈਨਾਤ ਕਰ ਦਿੱਤਾ ਤਾਂ ਭਾਈ ਲਾਲ ਸਿੰਘ ਵੀ ਉਸ ਦੇ ਨਾਲ ਸੇਵਾ ਵਿਚ ਹਿੱਸਾ ਵੰਡਾਉਣ ਲੱਗ ਪਏ। ਸਿੱਖਾਂ ਦਾ ਸਰਹਿੰਦ 'ਤੇ ਕਬਜ਼ਾ ਤਕਰੀਬਨ ਪੰਜ ਮਹੀਨੇ ਰਿਹਾ। ਆਖ਼ੀਰ ਲੱਖਾਂ ਫ਼ੌਜਾਂ ਨੂੰ ਲੈ ਕੇ ਬਾਦਸ਼ਾਹ ਬਹਾਦਰ ਸ਼ਾਹ ਨੇ ਆਪ ਪੰਜਾਬ ਵੱਲ ਕੂਚ ਕੀਤਾ। 20 ਨਵੰਬਰ 1710 ਦੇ ਦਿਨ ਸਰਹਿੰਦ ਵਿਚ ਸਿੱਖਾਂ ਅਤੇ ਮੁਗ਼ਲਾਂ ਵਿਚ ਜ਼ਬਰਦਸਤ ਲੜਾਈ ਹੋਈ। ਸਿੱਖ ਗਿਣਤੀ ਵਿਚ ਬਹੁਤ ਹੀ ਥੋੜ੍ਹੇ ਸਨ ਪਰ ਉਨ੍ਹਾਂ ਨੇ ਡੱਟ ਕੇ ਮੁਕਾਬਲਾ ਕੀਤਾ। ਹਾਲਾਂਕਿ ਬਿਨੋਦ ਸਿੰਘ ਅਤੇ ਉਸ ਦੇ ਸਾਥੀਆਂ ਵਾਂਗ ਭਾਈ ਲਾਲ ਸਿੰਘ ਅਤੇ ਭਾਈ ਸੁੱਖਾ ਸਿੰਘ ਵੀ ਉਥੋਂ ਮਹਿਫ਼ੂਜ਼ ਨਿਕਲ ਸਕਦੇ ਸਨ ਪਰ ਉਨ੍ਹਾਂ ਨੇ ਡੱਟ ਕੇ ਲੜਨ ਨੂੰ ਹੀ ਤਰਜੀਹ ਦਿੱਤੀ। ਅਖੀਰ, ਦੁਸ਼ਮਣਾਂ ਦੇ ਆਹੂ ਲਾਹੁੰਦੇ, ਉਹ ਆਪ ਵੀ ਸ਼ਹੀਦੀ ਜਾਮ ਪੀ ਗਏ।

ਇਕ ਸੋਮੇ ਮੁਤਾਬਿਕ ਭਾਈ ਲਾਲ ਸਿੰਘ ਭਾਈ ਨਠੀਆ ਦੇ ਬੇਟੇ ਸਨ। ਪਰ ਭਾਈ ਨਠੀਆ ਦੇ ਕੁਰਸੀਨਾਮੇ ਵਿਚ ਸਭ ਤੋਂ ਛੋਟੇ ਬੇਟੇ ਦਾ ਨਾਂ ਭਾਈ ਸੰਤ ਸਿੰਘ (ਸ਼ਹੀਦੀ ਚਮਕੌਰ) ਲਿਖਿਆ ਮਿਲਦਾ ਹੈ। ਅਜਿਹਾ ਜਾਪਦਾ ਹੈ ਕਿ ਇਹ ਭਾਈ ਲਾਲ ਸਿੰਘ ਭਾਈ ਪ੍ਰੇਮ ਸਿੰਘ ਦਾ ਬੇਟਾ ਅਤੇ ਭਾਈ ਹਠੀ ਚੰਦ (ਸ਼ਹੀਦ ਭੰਗਾਣੀ 18 ਸਤੰਬਰ 1688) ਦਾ ਪੋਤਾ ਹੋਵੇਗਾ। ਪਰ ਇਸ ਬਾਰੇ ਯਕੀਨ ਨਾਲ ਕੁਝ ਨਹੀਂ ਕਿਹਾ ਜਾ ਸਕਦਾ।

ਭਾਈ ਮਾਹੀ ਸਿੰਘ, ਭਾਈ ਦਰਗਾਹੀ ਸਿੰਘ

ਭਾਈ ਮਾਹੀ ਸਿੰਘ ਅਤੇ ਦਰਗਾਹੀ ਸਿੰਘ ਦੋਵੇਂ 10 ਸਤੰਬਰ 1711 ਦੇ ਦਿਨ ਸਾਂਬਾ (ਜੰਮੂ ਨੇੜੇ) ਵਿਚ ਸ਼ਹੀਦ ਕੀਤੇ ਗਏ ਸਨ।

10 ਦਸੰਬਰ 1710 ਦੇ ਦਿਨ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਵਲੋਂ ਸਿੱਖਾਂ ਦਾ

ਕਤਲੇਆਮ ਕਰਨ ਵਾਸਤੇ ਜਾਰੀ ਕੀਤੇ ਗਏ ਹੁਕਮ 'ਤੇ ਅਮਲ ਵਜੋਂ, ਆਪਣੀ ਕਾਰਵਾਈ ਦਿਖਾਉਣ, ਇਨਾਮ ਲੈਣ ਅਤੇ ਸ਼ਾਬਾਸ਼ ਖੱਟਣ ਵਾਸਤੇ ਕੁਝ ਮੁਗ਼ਲ ਹਾਕਮਾਂ ਨੇ ਸਿੱਖਾਂ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ। ਇਸ ਮੁਹਿੰਮ ਵਿਚ ਸਾਂਬਾ ਦੇ ਇਕ ਥਾਣੇਦਾਰ ਨੇ ਭਾਈ ਭੀਖਾ ਰਾਠੌਰ ਦੇ ਦੋ ਪੁੱਤਰਾਂ ਭਾਈ ਮਾਹੀ ਸਿੰਘ ਤੇ ਦਰਗਾਹੀ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ। ਇਨ੍ਹਾਂ ਦੋਹਾਂ ਨੂੰ ਕਾਜ਼ੀ ਸਾਹਮਣੇ ਪੇਸ਼ ਕੀਤਾ ਗਿਆ। ਕਾਜ਼ੀ ਨੇ ਉਨ੍ਹਾਂ ਨੂੰ "ਇਸਲਾਮ ਜਾਂ ਮੌਤ" ਵਿਚੋਂ ਇਕ ਚੁਣਨ ਵਾਸਤੇ ਆਖਿਆ। ਦੋਹਾਂ ਸਿੰਘਾਂ ਨੇ ਜਾਨ ਪਿਆਰੀ ਮੰਨ ਕੇ ਮੁਸਲਮਾਨ ਬਣਨੋਂ ਨਾਂਹ ਕਰ ਦਿੱਤੀ।

ਦੋਹਾਂ ਨੂੰ ਭਾਈ ਸਤੀ ਦਾਸ (ਸਾਕਾ 11 ਨਵੰਬਰ 1675, ਚਾਂਦਨੀ ਚੌਕ, ਦਿੱਲੀ) ਵਾਂਗ ਰੂੰ ਵਿਚ ਲਪੇਟ ਕੇ ਅੱਗ ਲਾ ਕੇ ਜਿਊਂਦਿਆਂ ਸਾੜ ਦਿੱਤਾ ਗਿਆ। ਇਹ ਸ਼ਹੀਦੀਆਂ ਜੰਮੂ-ਪਠਾਨਕੋਟ ਰਾਹ 'ਤੇ ਆਉਂਦੇ ਪਿੰਡ ਸਾਂਬਾ ਵਿਚ ਹੋਈਆਂ ਸਨ।

ਭਾਈ ਸਹਿਜ ਸਿੰਘ ਚੌਹਾਨ

ਭਾਈ ਸਹਿਜ ਸਿੰਘ ਨੂੰ 11 ਅਕਤੂਬਰ 1711 ਦੇ ਦਿਨ ਆਲੋਵਾਲ (ਲਾਹੌਰ) ਜਿਊਂਦਿਆਂ ਜ਼ਮੀਨ ਵਿਚ ਗੱਡ ਕੇ ਸ਼ਹੀਦ ਕੀਤਾ ਗਿਆ ਸੀ।

ਭਾਈ ਸਹਜਿ ਸਿੰਘ ਭਾਈ ਜੱਗੂ ਦੇ ਪੁੱਤਰ, ਭਾਈ ਪਦਮਾ ਦੇ ਪੋਤੇ ਤੇ ਭਾਈ ਕਉਲ ਦਾਸ ਦੇ ਪੜਪੋਤੇ ਸਨ। ਆਪ "ਦਬੁਰਜੀ ਉਦੈਕਰਨ ਵਾਲੀ" (ਜ਼ਿਲਾ ਸਿਆਲਕੋਟ) ਦੇ ਰਹਿਣ ਵਾਲੇ ਸਨ। ਇਹ ਪਿੰਡ ਭਾਈ ਉਦੈ ਕਰਨ (ਪੁੱਤਰ ਭਾਈ ਹਾਜਲ, ਪੋਤਾ ਭਾਈ ਗੋਇਲ) ਦੇ ਨਾਂ 'ਤੇ ਵਸਿਆ ਹੋਇਆ ਸੀ। ਭਾਈ ਉਦੈ ਕਰਨ ਦਾ ਪੋਤਾ ਭਾਈ ਕਉਲ ਦਾਸ ਭਾਈ ਸਹਿਜ ਸਿੰਘ ਚੌਹਾਨ ਦਾ ਪੜਦਾਦਾ ਸੀ।

ਇਹ ਪਰਿਵਾਰ ਪੰਜਵੇਂ ਨਾਨਕ ਤੋਂ ਹੀ ਸਿੱਖ ਪੰਥ ਦਾ ਇਕ ਖ਼ਾਸ ਹਿੱਸਾ ਸੀ। ਇਸ ਪਰਿਵਾਰ ਵਿਚੋਂ ਬਹੁਤ ਸਾਰੇ ਜਣਿਆਂ ਨੇ ਪੰਥ ਵਾਸਤੇ ਜਾਨਾਂ ਕੁਰਬਾਨ ਕੀਤੀਆਂ ਸਨ। ਇਸ ਪਰਿਵਾਰ ਦੇ ਭਾਈ ਕਉਲ ਦਾਸ ਤੇ ਉਸ ਦੇ ਬੇਟੇ ਭਾਈ ਪਦਮਾ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਬਾਰੀ ਸਿੱਖਾਂ ਵਿਚੋਂ ਸਨ ਅਤੇ ਉਹ ਅਕਸਰ ਗੁਰੂ ਸਾਹਿਬ

ਦੇ ਨਾਲ ਹੀ ਰਿਹਾ ਕਰਦੇ ਸਨ। ਭਾਈ ਪਦਮਾ ਦੇ ਸੱਤ ਪੁੱਤਰ ਸਨ: ਭਾਈ ਦੁਰਗਾ (ਇਹ ਇਲਾਕੇ ਦਾ ਮਸੰਦ ਸੀ), ਜੱਗੂ, ਗੁਰਦਾਸ, ਖਾਨੂ, ਹੇਮਦਾਸ, ਚਤਰਾ ਅਤੇ ਸੁਖਨ। ਸਭ ਤੋਂ ਵੱਡੇ ਭਾਈ ਦੁਰਗਾ ਦੇ ਤਿੰਨ ਬੇਟੇ ਸਨ। ਸ਼ਹੀਦ ਭਾਈ ਆਲਿਮ ਸਿੰਘ ਨੱਚਣਾ, ਸ਼ਹੀਦ ਭਾਈ ਬੀਰ ਸਿੰਘ ਤੇ ਚੋਪਾ ਸਿੰਘ। ਭਾਈ ਦੁਰਗੂ ਤੋਂ ਛੋਟੇ ਭਾਈ ਜੱਗੂ ਦੇ ਅੱਠ ਬੇਟੇ ਸਨ: ਭਾਈ ਸਹਿਜ ਸਿੰਘ, ਭਾਈ ਸੰਗਤ, ਭਾਈ ਹਨੂਮੰਤ, ਮੁਨਸ਼ਾ ਸਿੰਘ, ਹਾਠੂ ਸਿੰਘ, ਹੀਰਾ ਸਿੰਘ, ਤੇ ਦਿਆਲ ਸਿੰਘ। ਇਨ੍ਹਾਂ ਵਿਚੋਂ ਭਾਈ ਹਨੂਮੰਤ ਅਤੇ ਭਾਈ ਸੰਗਤ ਦੋਵੇਂ ਗੁਲੇਰ ਦੀ ਲੜਾਈ ਵਿਚ (19 ਫ਼ਰਵਰੀ 1696) ਸ਼ਹੀਦ ਹੋਏ ਸਨ। ਭਾਈ ਹਾਠੂ ਸਿੰਘ 12 ਅਪ੍ਰੈਲ 1709 ਦੇ ਦਿਨ ਗੁਰੂ ਦਾ ਚੱਕ (ਅੰਮ੍ਰਿਤਸਰ) ਵਿਚ ਸ਼ਹੀਦ ਹੋਇਆ ਸੀ। ਬਾਕੀ ਦੇ ਪੰਜਾਂ ਵਿਚੋਂ ਚਾਰ (ਸਹਿਜ ਸਿੰਘ, ਡੋਗਰ ਸਿੰਘ, ਹੀਰਾ ਸਿੰਘ ਤੇ ਦਿਆਲ ਸਿੰਘ) 11 ਅਕਤੂਬਰ 1711 ਦੇ ਦਿਨ ਆਲੋਵਾਲ ਵਿਚ ਸ਼ਹੀਦ ਹੋਏ ਸਨ।

ਮਈ 1710 ਦੇ ਅਖ਼ੀਰ ਵਿਚ ਜਦੋਂ ਬਹਾਦਰ ਸ਼ਾਹ ਬਾਦਸ਼ਾਹ ਨੂੰ ਪਤਾ ਲੱਗਾ ਕਿ ਬਾਬਾ ਬੰਦਾ ਸਿੰਘ ਦੀ ਅਗਵਾਈ ਵਿਚ ਸਿੱਖਾਂ ਨੇ ਪੰਜਾਬ ਵਿਚ ਕਾਫ਼ੀ ਇਲਾਕੇ ਵਿਚ ਆਪਣੀ ਸਰਦਾਰੀ ਕਾਇਮ ਕਰ ਲਈ ਹੈ ਤਾਂ ਉਸ ਨੇ ਪੰਜਾਬ ਵੱਲ ਕੂਚ ਕਰਨ ਦਾ ਫ਼ੈਸਲਾ ਕੀਤਾ। ਉਹ ਅਕਤੂਬਰ 1710 ਵਿਚ ਇਕ ਬੜੀ ਵੱਡੀ ਫ਼ੌਜ ਲੈ ਕੇ ਪੰਜਾਬ ਵਲ ਟੁਰ ਪਿਆ। ਉਸ ਨੇ ਸੋਨੀਪਤ, ਸਢੌਰਾ, ਸਮਾਣਾ, ਸਰਹਿੰਦ ਵਗ਼ੈਰਾ 'ਤੇ ਦੁਬਾਰਾ ਕਬਜ਼ਾ ਕਰ ਲਿਆ। ਇਸ ਮਗਰੋਂ ਉਸ ਨੇ ਬਾਬਾ ਬੰਦਾ ਸਿੰਘ ਦਾ ਪਿੱਛਾ ਕਰਨਾ ਸ਼ੁਰੂ ਕੀਤਾ। ਪਰ ਬੰਦਾ ਸਿੰਘ 30 ਨਵੰਬਰ 1710 ਦੇ ਦਿਨ ਲੋਹਗੜ੍ਹ ਦੇ ਕਿਲ੍ਹੇ ਵਿਚੋਂ ਗ਼ਾਇਬ ਹੋ ਗਿਆ। ਇਸ ਮਗਰੋਂ ਬਾਦਸ਼ਾਹ ਨੇ ਲਾਹੌਰ ਵਿਚ ਡੇਰੇ ਲਾ ਲੈਣ ਦਾ ਫ਼ੈਸਲਾ ਕੀਤਾ। 10 ਦਸੰਬਰ 1710 ਦੇ ਦਿਨ ਬਹਾਦਰ ਸ਼ਾਹ ਨੇ ਸਿੱਖਾਂ ਦਾ ਆਮ ਕਤਲੇਆਮ ਕਰਨ (**ਨਾਨਕ ਪ੍ਰਸਤਾਂ ਰਾ ਹਰ ਜਾ ਬਯਾਬੰਦ ਬਕਤਲ ਰਸਾਨੰਦ**) ਦਾ ਹੁਕਮ ਜਾਰੀ ਕੀਤਾ।

"The Emperor asked Bakhshi-Ul-Mumalik Mahabat Khan that under his name orders should be issued to the Faujdar around Shahjahanabad that wherever the Nanak-worshippers be found they should be murdered." (29 Shawwal, 4th Bahadurshahi, A.H. 1123), (ਦੇਖੋ: Punjab past and present, October 1984, p.49}

ਉਸ ਨੇ 30 ਦਸੰਬਰ 1710 ਦੇ ਦਿਨ ਆਲੋਵਾਲ (ਲਾਹੌਰ), ਜਿਥੇ ਕਿ ਕਾਜ਼ੀ ਦੀ ਅਦਾਲਤ ਅਤੇ ਬਾਦਸ਼ਾਹ ਦਾ ਦਰਬਾਰੇ ਖ਼ਾਸ ਵੀ ਲਾਇਆ ਗਿਆ ਸੀ, ਵਿਚ ਪਾਲਿਤ ਅਜੀਤ ਸਿੰਘ ਨੂੰ ਗੁਰੂ ਦਾ ਚੱਕ (ਅੰਮ੍ਰਿਤਸਰ) ਅਤੇ 12 ਪਿੰਡਾਂ ਦੀ ਜਾਗੀਰ ਦੇਣ ਦਾ ਐਲਾਨ ਵੀ ਕੀਤਾ ਤਾਂ ਜੋ ਉਸ ਨੂੰ ਸਿੱਖਾਂ ਵਿਚ ਬਾਬਾ ਬੰਦਾ ਸਿੰਘ ਦੀ ਮੁਖ਼ਾਲਫ਼ਤ ਕਰਨ ਵਾਸਤੇ ਵਰਤਿਆ ਜਾ ਸਕੇ। ਬਹਾਦਰ ਸ਼ਾਹ ਨੇ ਮਾਤਾ ਸੁੰਦਰ ਕੌਰ

ਤੋਂ ਬਾਬਾ ਬੰਦਾ ਸਿੰਘ ਦੇ ਖ਼ਿਲਾਫ਼ ਹੁਕਮਨਾਮਾ ਵੀ ਜਾਰੀ ਕਰਵਾਇਆ।

ਬਹਾਦਰ ਸ਼ਾਹ ਨੇ ਇਕ ਪਾਸੇ ਤਾਂ ਸਿੱਖਾਂ ਵਿਚ ਫੁਟ ਪਾਉਣ ਵਾਸਤੇ ਕਦਮ ਚੁੱਕੇ ਅਤੇ ਦੂਜੇ ਪਾਸੇ ਸਿੱਖਾਂ ਦਾ ਆਮ ਕਤਲੇਆਮ ਕਰਨ ਦੇ ਹੁਕਮ ਵੀ ਜਾਰੀ ਕੀਤੇ। ਅਜਿਹਾ ਜਾਪਦਾ ਹੈ ਕਿ ਇਸ ਹੁਕਮ ਹੇਠ ਉਹੀ ਸਿੱਖ ਕਤਲ ਕੀਤੇ ਜਾਣੇ ਸਨ ਜੋ ਬਾਬਾ ਬੰਦਾ ਸਿੰਘ ਦੀ ਮੁਖ਼ਾਲਫ਼ਤ ਨਹੀਂ ਸਨ ਕਰਦੇ।

ਸਿੱਖਾਂ ਦੇ ਆਮ ਕਤਲੇਆਮ ਦੇ ਨਾਂ ਹੇਠ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚੋਂ ਸਿੱਖ ਗ੍ਰਿਫ਼ਤਾਰ ਕੀਤੇ ਗਏ। ਇਨ੍ਹਾਂ ਵਿਚ ਭਾਈ ਜੱਗੂ ਚੋਹਾਨ ਪਰਿਵਾਰ ਦੇ ਚਾਰ, ਭਾਈ ਕੋਹਿਬ ਭੱਟ ਪਰਿਵਾਰ ਦੇ ਸੱਤ, ਭਾਈ ਜੀਤਾ ਸਿੰਘ ਪਰਿਵਾਰ ਦੇ ਚਾਰ, ਭਾਈ ਮਨੀ ਸਿੰਘ ਦੇ ਦੋ ਭਰਾ ਤੇ ਇਕ ਭਤੀਜਾ, ਭਾਈ ਛਬੀਲਾ ਦੇ ਬੇਟੇ ਭਾਈ ਜੇਠਾ ਸਿੰਘ ਤੇ ਭਾਈ ਧਰਮ ਸਿੰਘ ਅਤੇ 21 ਹੋਰ ਜਣੇ ਵੀ ਸ਼ਾਮਿਲ ਸਨ। ਇਹ ਸਾਰੀਆਂ ਗ੍ਰਿਫ਼ਤਾਰੀਆਂ ਜੁਲਾਈ-ਅਗਸਤ 1711 ਵਿਚ ਕੀਤੀਆਂ ਗਈਆਂ। ਇਨ੍ਹਾਂ ਸਾਰਿਆਂ ਨੂੰ ਵੱਖ-ਵੱਖ ਥਾਵਾਂ ਤੋਂ ਗ੍ਰਿਫ਼ਤਾਰ ਕਰ ਕੇ ਲਾਹੌਰ ਲਿਆਂਦਾ ਗਿਆ। ਅਗਲੇ ਤਿੰਨ ਮਹੀਨੇ ਇਨ੍ਹਾਂ 'ਤੇ ਜ਼ਬਰਦਸਤ ਤਸ਼ੱਦਦ ਕੀਤਾ ਗਿਆ ਅਤੇ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦਿੱਤੇ ਗਏ। ਉਨ੍ਹਾਂ ਨੂੰ ਇਲਸਾਮ ਵਿਚ ਲਿਆਉਣ ਵਾਸਤੇ ਤਰ੍ਹਾਂ-ਤਰ੍ਹਾਂ ਦੇ ਲਾਲਚ ਵੀ ਦਿੱਤੇ ਗਏ। ਅਖੀਰ ਜਦੋਂ ਲਾਲਚ ਤੇ ਤਸੀਹੇ, ਦੋਵੇਂ, ਉਨ੍ਹਾਂ ਨੂੰ ਸਿੱਖੀ ਛੱਡਣ ਵਾਸਤੇ ਮਜਬੂਰ ਨਾ ਕਰ ਸਕੇ ਤਾਂ ਕਾਜ਼ੀ ਦੇ ਫ਼ਤਵੇ ਹੇਠ ਉਨ੍ਹਾਂ ਨੂੰ ਆਲੋਵਾਲ (ਜ਼ਿਲ੍ਹਾ ਲਾਹੌਰ) ਵਿਚ ਜਿਉਂਦਿਆਂ ਨੂੰ ਜ਼ਮੀਨ ਵਿਚ ਗੱਡ ਦਿੱਤਾ ਗਿਆ। ਇਹ ਘਟਨਾ 11 ਅਕਤੂਬਰ 1711 ਦੀ ਹੈ। ਇਨ੍ਹਾਂ ਚਾਲ੍ਹੀਆਂ ਵਿਚ ਇਹ ਭਾਈ ਸਹਿਜ ਸਿੰਘ ਚੋਹਾਨ ਵੀ ਸ਼ਾਮਿਲ ਸਨ।

ਇਨ੍ਹਾਂ ਸ਼ਹੀਦੀਆਂ ਦਾ ਜ਼ਿਕਰ **"ਭੱਟ ਵਹੀ ਤਲਉਂਢਾ"**, **"ਭੱਟ ਵਹੀ ਭਾਦਸੋਂ ਪਰਗਨਾ ਥਾਨੇਸਰ"**, **"ਭੱਟ ਵਹੀ ਮੁਲਤਾਨੀ ਸਿੰਧੀ"** ਅਤੇ **"ਭੱਟ ਵਹੀ ਸਿਰਸਮਾ"** ਵਿਚ ਵੀ ਮਿਲਦਾ ਹੈ।

ਭਾਈ ਸਹਿਜ ਸਿੰਘ ਦੇ ਨਾਲ ਉਸਦੇ ਤਿੰਨ ਹੋਰ ਭਰਾ (ਭਾਈ ਡੋਗਰ ਸਿੰਘ, ਭਾਈ ਹੀਰਾ ਸਿੰਘ ਤੇ ਭਾਈ ਦਿਆਲ ਸਿੰਘ) ਵੀ ਨਾਲ ਹੀ ਸ਼ਹੀਦ ਕੀਤੇ ਗਏ ਸਨ।

ਹੋਰ ਤਫ਼ਸੀਲ ਵਾਸਤੇ ਦੇਖੋ: *ਭਾਈ ਜੱਗੂ ਚੌਹਾਨ ਦਾ ਕੁਰਸੀਨਾਮਾ।*

ਭਾਈ ਡੋਗਰ ਸਿੰਘ ਚੌਹਾਨ

ਭਾਈ ਡੋਗਰ ਸਿੰਘ 11 ਅਕਤੂਬਰ 1711 ਦੇ ਦਿਨ ਆਲੋਵਾਲ ਵਿਚ ਜਿਊਂਦੇ ਜ਼ਮੀਨ ਵਿਚ ਗੱਡ ਕੇ ਮਾਰੇ ਜਾਣ ਵਾਲੇ 40 ਸਿੰਘਾਂ ਵਿਚੋਂ ਇਕ ਸਨ।

ਭਾਈ ਡੋਗਰ ਸਿੰਘ ਭਾਈ ਜੱਗੂ ਦੇ ਪੁੱਤਰ, ਭਾਈ ਪਦਮਾ ਦੇ ਪੋਤੇ ਅਤੇ ਭਾਈ ਕਉਲ ਦਾਸ ਦੇ ਪੜਪੋਤੇ ਸਨ। ਆਪ ਚੌਹਾਨ-ਰਾਜਪੂਤ ਪਰਿਵਾਰ ਨਾਲ ਸਬੰਧ ਰੱਖਦੇ ਸਨ। ਉਨ੍ਹਾਂ ਦਿਨਾਂ ਵਿਚ ਆਪ ਦਬੁਰਜੀ ਉਦੈ ਕਰਨ ਵਾਲੀ (ਜ਼ਿਲ੍ਹਾ ਸਿਆਲਕੋਟ) ਵਿਚ ਰਹਿੰਦੇ ਸਨ। ਭਾਈ ਡੋਗਰ ਭਾਈ ਜੱਗੂ ਦੇ ਅੱਠਾਂ ਪੁੱਤਰਾਂ ਵਿਚੋਂ ਦੂਜੇ ਨੰਬਰ 'ਤੇ ਸਨ। ਇਸ ਪਰਿਵਾਰ ਵਿਚੋਂ ਕਈ ਜਣਿਆਂ ਨੇ ਸ਼ਹੀਦੀ ਜਾਮ ਪੀਤੇ ਸਨ। ਇਨ੍ਹਾਂ ਦੇ ਵੱਡੇ-ਵਡੇਰੇ ਛੇਵੇਂ ਤੇ ਦਸਵੇਂ ਨਾਨਕ ਤਕ ਦੇ ਵੇਲੇ ਵਿਚ ਗੁਰੂ ਸਾਹਿਬ ਦੇ ਦਰਬਾਰੀ ਸਿੱਖ ਰਹੇ ਸਨ।

10 ਦਸੰਬਰ 1710 ਦੇ ਬਾਦਸ਼ਾਹ ਬਹਾਦਰ ਸ਼ਾਹ ਵਲੋਂ ਜਾਰੀ ਕੀਤੇ 'ਸਿੱਖਾਂ ਦੇ ਆਮ ਕਤਲੇਆਮ' ਬਾਰੇ ਫ਼ੁਰਮਾਨ ਦੇ ਸਬੰਧ ਵਿਚ ਜੋ 40 ਸਿੱਖ ਜੁਲਾਈ-ਅਗਸਤ 1711 ਵਿਚ ਗ੍ਰਿਫ਼ਤਾਰ ਕੀਤੇ ਗਏ ਸਨ, ਭਾਈ ਡੋਗਰ ਸਿੰਘ ਵੀ ਉਨ੍ਹਾਂ ਵਿਚੋਂ ਇਕ ਸਨ। ਆਪ ਨੂੰ ਇਸ ਚਾਲ੍ਹੀਆਂ ਦੀ ਚੌਕੀ (ਜੱਥੇ) ਵਿਚ ਲਾਹੌਰ ਲਿਆ ਕੇ ਤਿੰਨ ਮਹੀਨੇ ਹਿਰਾਸਤ ਵਿਚ ਰੱਖਿਆ ਗਿਆ ਤੇ ਤਸੀਹੇ ਦਿੱਤੇ ਗਏ। ਅਖ਼ੀਰ ਜਦੋਂ ਇਨ੍ਹਾਂ ਵਿਚੋਂ ਕਿਸੇ ਨੇ ਵੀ ਧਰਮ ਬਦਲਣ ਤੋਂ ਨਾਂਹ ਕਰ ਦਿੱਤੀ ਤਾਂ ਇਨ੍ਹਾਂ ਨੂੰ ਆਲੋਵਾਲ ਵਿਚ ਜ਼ਮੀਨ ਵਿਚ ਜਿਊਂਦਿਆਂ ਹੀ ਗੱਡ ਦਿੱਤਾ ਗਿਆ।

ਹੋਰ ਤਫ਼ਸੀਲ ਵਾਸਤੇ ਵੇਖੋ: **''ਭਾਈ ਸਹਿਜ ਸਿੰਘ ਚੌਹਾਨ** ਅਤੇ **''ਭਾਈ ਜੱਗੂ ਚੌਹਾਨ ਦਾ ਕੁਰਸੀਨਾਮਾ''**।

ਭਾਈ ਹੀਰਾ ਸਿੰਘ ਚੌਹਾਨ

11 ਅਕਤੂਬਰ 1711 ਦੇ ਦਿਨ ਆਲੋਵਾਲ ਵਿਚ ਸ਼ਹੀਦ ਕੀਤੇ ਜਾਣ ਵਾਲੇ 40 ਸਿੰਘਾਂ ਵਿਚ ਭਾਈ ਹੀਰਾ ਸਿੰਘ ਵੀ ਸ਼ਾਮਿਲ ਸਨ।

ਭਾਈ ਹੀਰਾ ਸਿੰਘ ਭਾਈ ਜੱਗੂ ਦੇ ਪੁੱਤਰ, ਭਾਈ ਪਦਮਾ ਦੇ ਪੋਤੇ ਤੇ ਭਾਈ ਕਉਲ ਦਾਸ ਦੇ ਪੜਪੋਤੇ ਸਨ। ਇਹ ਚੌਹਾਨ-ਰਾਜਪੂਤ ਪਰਿਵਾਰ ਉਨ੍ਹਾਂ ਦਿਨਾਂ ਵਿਚ ਸਿਆਲਕੋਟ ਜ਼ਿਲ੍ਹੇ ਦੇ ਪਿੰਡ ਦਬੁਰਜੀ ਉਦੇ ਕਰਨ ਵਾਲੀ ਵਿਚ ਰਿਹਾ ਕਰਦਾ ਸੀ। ਭਾਈ ਹੀਰਾ ਸਿੰਘ ਆਪਣੇ ਪਿਤਾ ਦੇ ਅੱਠਾਂ ਪੁੱਤਰਾਂ ਵਿਚੋਂ ਸਤਵੇਂ ਨੰਬਰ 'ਤੇ ਸਨ।

ਭਾਈ ਹੀਰਾ ਸਿੰਘ ਗੁਰੂ ਸਾਹਿਬ ਦੇ ਦਰਬਾਰੀ ਸਿੱਖਾਂ ਦੇ ਪਰਿਵਾਰ ਨਾਲ ਸਬੰਧ ਰੱਖਦੇ ਸਨ। ਆਪ ਦੇ ਪਿਤਾ, ਦਾਦਾ, ਪੜਦਾਦਾ ਅਤੇ ਕਈ ਹੋਰ ਰਿਸ਼ਤੇਦਾਰ ਛੇਵੇਂ ਤੋਂ ਦਸਵੇਂ ਨਾਨਕ ਤਕ ਦੇ ਸਮੇਂ ਵਿਚ ਗੁਰੂ ਸਾਹਿਬ ਦੇ ਸਭ ਤੋਂ ਨਜ਼ਦੀਕੀ ਖ਼ਾਸ ਸਿੱਖਾਂ ਵਿਚੋਂ ਸਨ।

ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸ਼ਹੀਦੀ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਇਕ ਵਾਰ ਤਾਂ ਪੰਜਾਬ ਵਿਚ ਖਾਲਸਾ ਰਾਜ ਕਾਇਮ ਕਰ ਦਿੱਤਾ। ਪਰ ਇਹ ਹਕੂਮਤ ਸਿਰਫ਼ ਕੁਝ ਮਹੀਨੇ ਹੀ ਚਲੀ। ਮੁਗਲ ਬਾਦਸ਼ਾਹ ਨੇ ਇਕ ਬੜੀ ਵੱਡੀ ਫ਼ੌਜ ਲੈ ਕੇ ਬਾਬਾ ਬੰਦਾ ਸਿੰਘ ਦੀ ਸਾਰੀ ਰਿਆਸਤ ਖੋਹ ਲਈ ਅਤੇ ਨਾਲ ਹੀ ਸਿੱਖਾਂ ਦੇ ਆਮ ਕਤਲੇਆਮ ਦਾ ਹੁਕਮ ਵੀ ਜਾਰੀ ਕਰ ਦਿੱਤਾ। ਇਸ ਹੁਕਮ ਦੀ ਤਾਮੀਲ ਦੇ ਨਾਂ ਹੇਠ ਮੁਗਲਾਂ ਨੇ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚੋਂ ਗੁਰੂ ਸਾਹਿਬ ਦੇ ਉਹ ਸਿਦਕੀ ਸਿੱਖ ਗ੍ਰਿਫ਼ਤਾਰ ਕਰ ਲਏ ਜੋ ਬਾਬਾ ਬੰਦਾ ਸਿੰਘ ਦੇ ਹਿਮਾਇਤੀ ਸਨ। ਇਨ੍ਹਾਂ ਗ੍ਰਿਫ਼ਤਾਰ ਕੀਤੇ ਸਿੱਖਾਂ ਨੂੰ ਅਗਸਤ 1711 ਵਿਚ ਲਾਹੌਰ ਲਿਜਾਇਆ ਗਿਆ। ਇਨ੍ਹਾਂ ਨੂੰ ਮੁਸਲਮਾਨ ਬਣਾਉਣ ਵਾਸਤੇ ਬਹੁਤ ਲਾਲਚ, ਅਤੇ ਮਗਰੋਂ ਤਸੀਹੇ, ਦਿੱਤੇ ਗਏ। ਪਰ ਇਨ੍ਹਾਂ ਨੇ ਆਪਣਾ ਧਰਮ ਛੱਡਣ ਤੋਂ ਨਾਂਹ ਕਰ ਦਿੱਤੀ। ਅਖ਼ੀਰ ਤਿੰਨ ਮਹੀਨੇ ਦੇ ਤਸੀਹਿਆਂ ਮਗਰੋਂ ਇਨ੍ਹਾਂ ਜਿਊਂਦਿਆਂ ਹੀ ਜ਼ਮੀਨ ਵਿਚ ਗੱਡ ਦਿੱਤਾ ਗਿਆ। ਇਹ ਘਟਨਾ ਆਲੋਵਾਲ (ਜ਼ਿਲ੍ਹਾ ਲਾਹੌਰ) ਵਿਚ 11 ਅਕਤੂਬਰ 1711 ਦੇ ਦਿਨ ਹੋਈ ਸੀ। ਇਨ੍ਹਾਂ 40 ਸਿੰਘਾਂ ਵਿਚ ਭਾਈ ਹੀਰਾ ਸਿੰਘ ਦੇ ਨਾਲ ਉਸ ਦੇ ਤਿੰਨ ਹੋਰ ਭਰਾ ਵੀ ਸ਼ਹੀਦ ਕੀਤੇ ਗਏ ਸਨ।

(ਹੋਰ ਤਫ਼ਸੀਲ ਵਾਸਤੇ ਵੇਖੋ: "**ਭਾਈ ਸਹਿਜ ਸਿੰਘ ਚੌਹਾਨ**" ਅਤੇ "**ਭਾਈ ਜਗੂ ਚੌਹਾਨ ਦਾ ਕੁਰਸੀਨਾਮਾ**"।

ਭਾਈ ਦਿਆਲ ਸਿੰਘ ਚੌਹਾਨ

ਭਾਈ ਦਿਆਲ ਸਿੰਘ 11 ਅਕਤੂਬਰ 1711 ਦੇ ਦਿਨ ਸ਼ਹੀਦ ਕੀਤੇ ਗਏ ਸਨ।

ਆਪ ਭਾਈ ਜੱਗੂ ਦੇ ਅੱਠ ਪੁੱਤਰਾਂ ਵਿਚੋਂ ਸਭ ਤੋਂ ਨਿੱਕੇ ਸਨ। ਆਪ ਚੌਹਾਨ-ਰਾਜਪੂਤ ਪਰਿਵਾਰ ਨਾਲ ਸਬੰਧ ਰੱਖਦੇ ਸਨ। ਆਪਦੇ ਦਾਦਾ ਭਾਈ ਪਦਮਾ ਅਤੇ ਪੜਦਾਦਾ ਭਾਈ ਕਉਲਾ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਬਾਰੀ ਸਿੱਖਾਂ ਵਿਚ ਸ਼ਾਮਿਲ ਸਨ। ਇਸ ਮਗਰੋਂ ਭਾਈ ਜੱਗੂ ਵੀ ਗੁਰੂ ਹਰਿ ਰਾਇ ਸਾਹਿਬ ਦੇ ਖ਼ਾਸ ਦਰਬਾਰੀਆਂ ਵਿਚੋਂ ਇਕ ਰਹੇ ਸਨ।

ਭਾਈ ਦਿਆਲ ਸਿੰਘ ਨੂੰ ਜੁਲਾਈ-ਅਗਸਤ 1711 ਵਿਚ ਮੁਗ਼ਲ ਹਾਕਮਾਂ ਨੇ, ਤਿੰਨ ਹੋਰ ਭਰਾਵਾਂ ਸਣੇ, ਗ੍ਰਿਫ਼ਤਾਰ ਕੀਤਾ ਅਤੇ ਲਾਹੌਰ ਲੈ ਆਏ। ਇਥੇ ਉਨ੍ਹਾਂ ਨੂੰ ਮੁਸਲਮਾਨ ਬਣਨ ਜਾਂ ਮੌਤ ਨੂੰ ਗਲੇ ਲਗਾਉਣ ਵਿਚੋਂ ਇਕ ਚੁਣਨ ਵਾਸਤੇ ਕਿਹਾ ਗਿਆ। ਉਨ੍ਹਾਂ ਨੇ ਲਾਲਚ ਹੇਠ ਜਾਂ ਦਹਿਸ਼ਤ ਤੋਂ ਡਰ ਕੇ ਧਰਮ ਛੱਡਣਾ ਕਬੂਲ ਨਾ ਕੀਤਾ। ਇਸ ਕਰ ਕੇ ਉਨ੍ਹਾਂ ਨੂੰ 11 ਅਕਤੂਬਰ 1711 ਦੇ ਦਿਨ ਆਲੋਵਾਲ (ਲਾਹੌਰ ਦੇ ਨੇੜੇ) ਜ਼ਮੀਨ ਵਿਚ ਜਿਊਂਦੇ ਗੱਡ ਕੇ ਸ਼ਹੀਦ ਕਰ ਦਿੱਤਾ ਗਿਆ। ਇਸ ਮੌਕੇ 'ਤੇ ਕੁਲ ਚਾਲ੍ਹੀ ਸਿੰਘ ਜਿਊਂਦੇ ਜ਼ਮੀਨ ਵਿਚ ਦਬ ਦਿੱਤੇ ਗਏ। ਇਨ੍ਹਾਂ ਚਾਲ੍ਹੀਆਂ ਵਿਚ ਭਾਈ ਦਿਆਲ ਸਿੰਘ ਤੇ ਉਸ ਦੇ ਤਿੰਨ ਵੱਡੇ ਭਰਾ (ਸਹਿਜ ਸਿੰਘ, ਡੋਗਰ ਸਿੰਘ ਤੇ ਹੀਰਾ ਸਿੰਘ) ਵੀ ਸ਼ਾਮਿਲ ਸਨ।

ਹੋਰ ਤਫ਼ਸੀਲ ਵਾਸਤੇ ਵੇਖੋ:-

"ਭਾਈ ਸਹਿਜ ਸਿੰਘ ਚੌਹਾਨ" ਅਤੇ *"ਭਾਈ ਜੱਗੂ ਚੌਹਾਨ ਦਾ ਕੁਰਸੀਨਾਮਾ।"*

ਭਾਈ ਕੇਸੋ ਸਿੰਘ ਭੱਟ

ਭਾਈ ਕੇਸੋ ਸਿੰਘ ਭੱਟ 11 ਅਕਤੂਬਰ 1711 ਦੇ ਦਿਨ ਆਲੋਵਾਲ ਵਿਚ ਜ਼ਮੀਨ ਵਿਚ ਜਿਊਂਦੇ ਗੱਡ ਕੇ ਸ਼ਹੀਦ ਕੀਤੇ ਗਏ ਚਾਲ੍ਹੀ ਸਿੱਖਾਂ ਵਿਚੋਂ ਇਕ ਸਨ।

ਭਾਈ ਕੇਸੋ ਸਿੰਘ ਪੁੱਤਰ ਭਾਈ ਬੋਹਿਥ, ਪੋਤਾ ਸ਼ਹੀਦ ਭਾਈ ਕੀਰਤ ਅਤੇ ਪੜਪੋਤਾ ਭਾਈ ਭੀਖਾ ਭੱਟ ਸਨ। ਆਪ ਕੋਸ਼ਿਸ਼-ਗੋੜ ਬ੍ਰਾਹਮਣ ਪਰਿਵਾਰ ਨਾਲ ਸਬੰਧ ਰੱਖਦੇ ਸਨ। ਆਪ ਦੇ ਵੱਡੇ-ਵਡੇਰੇ ਗੁਰੂ ਅਮਰ ਦਾਸ ਸਾਹਿਬ ਦੇ ਵੇਲੇ ਸਿੱਖ ਪੰਥ ਵਿਚ ਸ਼ਾਮਿਲ ਹੋਏ ਸਨ।

ਭੱਟ ਪਰਿਵਾਰ ਗੁਰੂ ਸਾਹਿਬ ਦੇ ਸਿਦਕੀ ਸਿੱਖਾਂ ਵਿਚ ਸ਼ਾਮਿਲ ਸਨ। ਇਹ ਨਾ ਸਿਰਫ਼ ਫ਼ਨਕਾਰ ਸਨ ਬਲਕਿ ਜੁਝਾਰੂ ਵੀ ਸਨ। ਇਨ੍ਹਾਂ ਵਿਚੋਂ ਭਾਈ ਕੀਰਤ ਅਤੇ ਉਸ ਦੇ ਵੱਡੇ ਭਰਾ ਭਾਈ ਮਥਰਾ ਤਾਂ ਗੁਰੂ ਹਰਿਗੋਬਿੰਦ ਸਿੰਘ ਦੀਆਂ ਲੜਾਈਆਂ ਵਿਚ ਸ਼ਹੀਦ ਵੀ ਹੋਏ ਸਨ।

ਭੱਟ ਚੰਗੇ ਕਵੀ ਵੀ ਸਨ ਅਤੇ "ਅਖ਼ਬਾਰ-ਨਵੀਸ" ਵੀ। ਉਨ੍ਹਾਂ ਨੇ ਗੁਰੂ ਸਾਹਿਬ ਦੇ ਵੇਲੇ ਤੋਂ ਅਠਾਰਵੀਂ ਸਦੀ ਦੇ ਅਖ਼ੀਰ ਤਕ ਦੀਆਂ ਅਹਿਮ ਘਟਨਾਵਾਂ ਨੂੰ ਆਪਣੀਆਂ 'ਵਹੀਆਂ' ਵਿਚ ਸੰਭਾਲਿਆ ਹੋਇਆ ਸੀ ਬਹੁਤੇ ਭੱਟ ਚੰਗੇ ਕਵੀ ਵੀ ਸਨ। 11 ਭੱਟਾਂ ਦਾ ਕਲਾਮ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਹੈ।

ਭਾਵੇਂ ਬਹੁਤ ਸਾਰੇ ਭੱਟ ਗੁਰੂ ਘਰ ਦਾ ਹਿੱਸਾ ਸਨ ਪਰ ਖੰਡੇ ਦੀ ਪਾਹੁਲ ਹਾਸਿਲ ਕਰਨ ਦਾ ਮਾਣ ਸਿਰਫ਼ ਸ਼ਹੀਦ ਕੀਰਤ ਭੱਟ ਦੇ ਪੋਤਿਆਂ ਅਤੇ ਪੜੋਤਿਆਂ (ਅਤੇ ਉਨ੍ਹਾਂ ਦੇ ਵਾਰਿਸਾਂ) ਨੂੰ ਹੀ ਮਿਲਿਆ।

ਸ਼ਹੀਦੀ ਭਾਈ ਕੀਰਤ ਦੇ ਚਾਰ ਬੇਟੇ ਸਨ: ਭਾਈ ਬੋਹਿਥ, ਬੇਦਸੀ, ਕੰਥਾ ਅਤੇ ਗੋਪੀ। ਭਾਈ ਬੋਹਿਥ ਦੇ ਤਿੰਨ ਪੁੱਤਰ ਸਨ: ਭਾਈ ਕੇਸੋ ਸਿੰਘ, ਹਰੀ ਸਿੰਘ ਅਤੇ ਦੇਸਾ ਸਿੰਘ। ਭਾਈ ਕੇਸੋ ਸਿੰਘ ਦੇ ਅੱਗੋਂ ਦੋ ਬੇਟੇ ਸਨ: ਭਾਈ ਨਰਬਦ ਸਿੰਘ ਤੇ ਸ਼ਿਵਲਾਲ ਸਿੰਘ। ਇੰਞ ਹੀ ਭਾਈ ਹਰੀ ਸਿੰਘ ਦੇ ਵੀ ਤਿੰਨ ਬੇਟੇ ਸਨ: ਭਾਈ ਤਾਰਾ ਸਿੰਘ, ਸੇਵਾ ਸਿੰਘ ਤੇ ਦੇਵਾ ਸਿੰਘ। ਭਾਈ ਦੇਵਾ ਸਿੰਘ ਨੇ ਵੀ ਤਿੰਨ ਪੁੱਤਰਾਂ ਨੂੰ ਜਨਮ ਦਿੱਤਾ: ਭਾਈ ਭੀਮ ਸਿੰਘ, ਅਮਰ ਸਿੰਘ ਅਤੇ ਗਉਰ ਸਿੰਘ। ਇਨ੍ਹਾਂ ਸਾਰੇ ਪਰਿਵਾਰਾਂ ਨੇ ਗੁਰੂ ਘਰ ਦੀ ਬੜੀ ਸੇਵਾ ਕੀਤੀ।

ਬਾਬਾ ਬੰਦਾ ਸਿੰਘ ਵਲੋਂ ਪੰਜਾਬ ਨੂੰ ਇਕ ਵਾਰੀ ਆਜ਼ਾਦ ਕਰਵਾ ਲੈਣ ਮਗਰੋਂ

ਇਕ ਵਾਰ ਫੇਰ ਬਹਾਦਰ ਸ਼ਾਹ ਨੇ ਮੁਲਕ 'ਤੇ ਕਬਜ਼ਾ ਕਰ ਲਿਆ। ਇਸ ਦੇ ਨਾਲ ਹੀ ਉਸ ਨੇ ਸਿੱਖਾਂ ਦਾ ਨਾਂ-ਨਿਸ਼ਾਨ ਮਿਟਾ ਦੇਣ ਦੇ ਹੁਕਮ ਜਾਰੀ ਕਰ ਦਿੱਤੇ। ਇਨ੍ਹਾਂ ਹੁਕਮਾਂ ਦੀ ਤਾਮੀਲ ਵਜੋਂ ਮੁਗ਼ਲ ਹਾਕਮਾਂ ਨੇ ਜੁਲਾਈ-ਅਗਸਤ 1711 ਵਿਚ ਹੋਰਨਾਂ 33 ਸਿੱਖਾਂ ਦੇ ਨਾਲ ਸੱਤ ਭੱਟ ਵੀ ਗ੍ਰਿਫ਼ਤਾਰ ਕਰ ਲਏ।

ਇਨ੍ਹਾਂ ਭੱਟਾਂ ਨੂੰ ਮੁਗ਼ਲਾਂ ਨੇ ਧਰਮ ਬਦਲਣ ਵਾਸਤੇ ਲਾਲਚ ਦੇਣੇ ਸ਼ੁਰੂ ਕਰ ਦਿੱਤੇ ਪਰ ਜਦੋਂ ਇਨ੍ਹਾਂ ਨੇ 'ਨੰਨਾ' ਹੀ ਫੜੀ ਰਖਿਆ ਤਾਂ ਮੁਗ਼ਲਾਂ ਨੇ ਤਸੀਹੇ ਦੇਣੇ ਸ਼ੁਰੂ ਕਰ ਦਿੱਤੇ। ਇਸ ਨਾਲ ਵੀ ਜਦੋਂ ਇਹ ਸਿੱਖ ਨਾ ਝੁਕੇ ਤਾਂ ਮੁਗ਼ਲਾਂ ਨੇ 'ਇਸਲਾਮ ਜਾਂ ਮੌਤ' ਵਿਚੋਂ ਇਕ ਚੁਣਨ ਵਾਸਤੇ ਆਖ ਦਿੱਤਾ। ਜਦੋਂ ਇਨ੍ਹਾਂ ਚਾਲ੍ਹੀਆਂ ਨੇ ਧਰਮ ਬਦਲਣੋਂ ਨਾਂਹ ਕਰ ਦਿੱਤੀ ਤਾਂ ਇਨ੍ਹਾਂ ਨੂੰ 11 ਅਕਤੂਬਰ 1711 ਦੇ ਦਿਨ ਆਲੋਵਾਲ (ਲਾਹੌਰ ਨੇੜੇ) ਜ਼ਮੀਨ ਵਿਚ ਜਿਊਂਦਿਆਂ ਗੱਡ ਦਿੱਤਾ ਗਿਆ। ਇਸ ਮੌਕੇ 'ਤੇ ਭਾਈ ਕੇਸੋ ਸਿੰਘ ਦੇ ਨਾਲ ਉਸ ਦਾ ਬੇਟਾ ਭਾਈ ਨਰਬਦ ਸਿੰਘ, ਉਸ (ਕੇਸੋ ਸਿੰਘ) ਦੇ ਦੋ ਛੋਟੇ ਭਰਾ (ਹਰੀ ਸਿੰਘ ਤੇ ਦੇਸਾ ਸਿੰਘ) ਅਤੇ ਹਰੀ ਸਿੰਘ ਦੇ ਤਿੰਨ ਪੁੱਤਰ (ਤਾਰਾ ਸਿੰਘ, ਸੇਵਾ ਸਿੰਘ ਅਤੇ ਦੇਵਾ ਸਿੰਘ) ਵੀ ਸਨ। ਇਹ ਸੱਤੇ ਭੱਟ ਇਕੋ ਵੇਲੇ ਸ਼ਹੀਦੀ ਜਾਮ ਪੀ ਗਏ।

ਕੇਸੋ ਸਿੰਘ ਦੇ ਪੁੱਤਰ ਨਰਬਦ ਸਿੰਘ ਦੀ ਅਗੋਂ ਔਲਾਦ ਚਲਦੀ ਹੈ। ਉਸ ਦਾ ਬੇਟਾ ਪੂਰਨ ਸਿੰਘ ਸੀ। ਪੂਰਨ ਸਿੰਘ ਦਾ ਸਭ ਤੋਂ ਵੱਡਾ ਪੁੱਤਰ ਮੁਕੰਦ ਸਿਘ, ਮੁਕੰਦ ਸਿੰਘ ਦੇ ਚੂਹੜ ਸਿੰਘ, ਕੇਸਾ ਸਿੰਘ ਤੇ ਨੱਥਾ ਸਿੰਘ ਸਨ। ਭਾਈ ਚੂਹੜ ਸਿੰਘ ਦੇ ਤਿੰਨ ਪੁੱਤਰ ਸਨ: ਭਾਈ ਰੂਪ ਸਿੰਘ (ਜਿਸ ਨੇ **ਗੁਰੂ ਦੀਆਂ ਸਾਖੀਆਂ** ਲਿਖੀਆਂ) ਭਾਈ ਸੇਵਾ ਸਿੰਘ ਕੌਸ਼ਿਸ਼ (ਜਿਸਨੇ **ਸ਼ਹੀਦ ਬਿਲਾਸ** ਲਿਖੀ) ਅਤੇ ਭਾਈ ਬਲਬੀਰ ਸਿੰਘ। ਇੰਵ ਹੀ ਭਾਈ ਚੂਹੜ ਸਿੰਘ ਦੇ ਛੋਟੇ ਭਰਾ ਭਾਈ ਕੇਸਰ ਸਿੰਘ ਦੇ ਦੋ ਪੁੱਤਰ ਸਨ: ਸੇਵਾ ਸਿੰਘ ਅਤੇ ਮੇਵਾ ਸਿੰਘ। ਇਨ੍ਹਾਂ ਵਿਚੋਂ ਭਾਈ ਰੂਪ ਸਿੰਘ (ਸਰੂਪ ਸਿੰਘ) ਦੇ ਵੀ ਅੱਗੋਂ ਤਿੰਨ ਪੁੱਤਰ ਸਨ: ਰਾਮ ਸਿੰਘ, ਬਸੰਤ ਸਿੰਘ ਤੇ ਸ਼ਾਮ ਸਿੰਘ। ਸਭ ਤੋਂ ਵੱਡੇ ਰਾਮ ਸਿੰਘ ਦੇ ਸੱਤ ਪੁੱਤਰ ਸਨ: ਕਿਸ਼ਨ ਸਿੰਘ, ਬਿਸ਼ਨ ਸਿੰਘ, ਹੁਸਨਾ ਸਿੰਘ, ਮੋਹਨਾ ਸਿੰਘ, ਲਾਇਕਾ ਸਿੰਘ, ਸਾਲਗਾ ਸਿੰਘ ਤੇ ਛੱਜੂ ਸਿੰਘ। ਇਸੇ ਛਜੂ ਸਿੰਘ ਨੇ ਗੁਰੂ ਦੀਆਂ ਸਾਖੀਆਂ ਨੂੰ ਭੱਟਾਖਰੀ ਤੋਂ ਗੁਰਮੁਖੀ ਵਿਚ ਉਤਾਰਿਆ ਸੀ। ਸਿੱਖ ਪੰਥ ਦੀ ਤ਼ਾਰੀਖ਼ ਦੇ ਸਭ ਤੋਂ ਅਹਿਮ ਦੋ ਸੋਮੇ ਭਾਈ ਚੂਹੜ ਸਿੰਘ ਦੇ ਦੋਹਾਂ ਪੁੱਤਰਾਂ (ਰੂਪ/ਸਰੂਪ ਸਿੰਘ ਅਤੇ ਸੇਵਾ ਸਿੰਘ) ਨੇ ਲਿਖੇ ਸਨ।

ਭੱਟਾਂ ਨੇ ਜਿਥੇ ਗੁਰੂ ਸਾਹਿਬ ਦੀ ਤ਼ਾਰੀਖ਼ ਨੂੰ ਵਹੀਆਂ ਵਿਚ ਸੰਭਾਲਿਆ ਉੱਥੇ ਕਈ ਸ਼ਹੀਦਾਂ ਮੁਰੀਦਾਂ ਦੀ ਜ਼ਿੰਦਗੀ ਦੇ ਹਾਲਾਤ ਵੀ ਇਨ੍ਹਾਂ ਵਹੀਆਂ ਵਿਚ ਸੰਭਾਲੇ ਹਨ। ਇਨ੍ਹਾਂ ਭੱਟਾਂ ਦੀ ਆਪਣੀ ਸ਼ਹੀਦੀ ਬਾਰੇ ਇੰਦਰਾਜ ਵੀ ਭੱਟ ਵਹੀਆਂ ਵਿਚ ਮਿਲ ਜਾਂਦੇ ਹਨ:

"ਕੇਸੋ ਸਿੰਘ ਬੋਹਥ ਕਾ, ਹਰੀ ਸਿੰਘ ਬੋਹਥ ਕਾ, ਦੇਸਾ ਸਿੰਘ ਬੋਹਥ ਕਾ-ਪੋਤੇ

ਕੀਰਤ ਕੇ ਪੜਪੋਤੇ ਭਿਖੇ ਕੇ, ਨਰਬਦ ਸਿੰਘ ਕੇਸੋ ਸਿੰਘ ਕਾ, ਤਾਰਾ ਸਿੰਘ ਹਰੀ ਸਿੰਘ ਕਾ, ਸੇਵਾ ਸਿੰਘ ਹਰੀ ਸਿੰਘ ਕਾ, ਦੇਵਾ ਸਿੰਘ ਹਰੀ ਸਿੰਘ ਕਾ, ਕੋਸ਼ਿਸ਼ ਗੋਤ੍ਰੇ.....ਸ਼ਾਹੀ ਹੁਕਮ ਗੈਲ ਸਾਤੋਂ ਭੱਟ ਕਤਕ ਪਰਵਿਸ਼ਟੇ 9 ਸੰਮਤ 1768 ਕੋ ਆਲੋਵਾਲ ਕੇ ਮਲ੍ਹਾਨ, ਪਰਗਣਾ ਲਾਹੌਰ, ਭੂਮੀ ਮੇਂ ਗਾਡ ਕਰ ਮਾਰ ਦੀਏ।''

(ਭਟ ਵਹੀ ਤਲਉਂਢਾ, ਪਰਗਨਾ ਜੀਂਦ)

ਹੋਰ ਤਫ਼ਸੀਲ ਵਾਸਤੇ ਵੇਖੋ: **''ਭਾਈ ਸਹਿਜ ਸਿੰਘ ਚੌਹਾਨ''** ਅਤੇ **ਭੱਟਾਂ ਦਾ ਕੁਰਸੀਨਾਮਾ।**

ਇਨ੍ਹਾਂ ਚਾਲੀਆਂ ਦੇ ਕਤਲ ਕਰਨ ਸਬੰਧੀ ਹੁਕਮ ਦਾ ਹਵਾਲਾ ਬਹਾਦਰ ਸ਼ਾਹ ਜ਼ਫ਼ਰ ਦੇ ਦਰਬਾਰ ਦੀ ਡਾਇਰੀ ਵਿਚੋਂ ਵੀ ਮਿਲ ਜਾਂਦਾ ਹੈ:

Sarbrah Khan Kotwal was told that about forty banjaras who were Nanak-worshippers had been brought in the premises of kotwali from the areas surrounding Multan. If they embraced Islam that would be better otherwise they should be killed. The emperor was imformed that they did not change the path of infidelity. They were ordered to be killed." (10 Ramzan, 5th Bahadurshahi, A.H. 1123)

ਦੇਖੋ: *(Punjab past and Present, October 1984, p.88)*

ਭਾਈ ਹਰੀ ਸਿੰਘ ਭੱਟ

ਭਾਈ ਹਰੀ ਸਿੰਘ 11 ਅਕਤੂਬਰ 1711 ਦੇ ਦਿਨ ਆਲੋਵਾਲ ਵਿਚ ਸ਼ਹੀਦ ਹੋਣ ਵਾਲੇ ਚਾਲ੍ਹੀ ਸਿੱਖਾਂ ਵਿਚੋਂ ਇਕ ਸਨ।

ਭਾਈ ਹਰੀ ਸਿੰਘ ਭਾਈ ਬੋਹਥ ਭੱਟ ਦੇ ਬੇਟੇ, ਸ਼ਹੀਦ ਭਾਈ ਕੀਰਤ ਭੱਟ ਦੇ ਪੋਤੇ

ਅਤੇ ਭਾਈ ਭੀਖਾ ਭੱਟ ਦੇ ਪੜਪੋਤੇ ਸਨ। ਆਪ ਭਾਈ ਬੋਹਥ ਦੇ ਤਿੰਨਾਂ ਬੇਟਿਆਂ ਵਿਚੋਂ ਦੂਜੇ ਥਾਂ 'ਤੇ ਸਨ।

ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸ਼ਹੀਦੀ ਮਗਰੋਂ ਬਾਬਾ ਬੰਦਾ ਸਿੰਘ ਵਲੋਂ ਪੰਜਾਬ ਨੂੰ ਆਜ਼ਾਦ ਕਰਵਾ ਲਏ ਜਾਣ ਦੀ ਖ਼ਬਰ ਜਦੋਂ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੂੰ ਮਿਲੀ ਤਾਂ ਉਹ ਆਪ ਇਕ ਵੱਡੀ ਫ਼ੌਜ ਲੈ ਕੇ ਪੰਜਾਬ ਵੱਲ ਚੱਲ ਪਿਆ। ਉਸ ਨੇ 10 ਦਸੰਬਰ 1710 ਦੇ ਦਿਨ ਇਹ ਹੁਕਮ ਵੀ ਜਾਰੀ ਕਰ ਦਿੱਤਾ ਕਿ ਗੁਰੂ ਨਾਨਕ ਨਾਮ ਲੇਵਾ (ਸਿੱਖ) ਜਿੱਥੇ ਵੀ ਮਿਲਣ ਫੜ ਕੇ ਕਤਲ ਕਰ ਦਿੱਤੇ ਜਾਣ। ਇਸ ਹੁਕਮ ਦੀ ਤਾਮੀਲ ਕਰਨ ਵਾਸਤੇ ਮੁਲਤਾਨ ਦੇ ਆਲੇ-ਦੁਆਲੇ ਦੇ ਇਲਾਕੇ ਦੇ ਸਰਕਾਰੀ ਅਹਿਲਕਾਰਾਂ ਨੇ 40 ਦੇ ਕਰੀਬ ਸਿੱਖ ਸ਼ਖ਼ਸੀਅਤਾਂ ਗ੍ਰਿਫ਼ਤਾਰ ਕਰ ਲਈਆਂ। ਇਹ ਗ੍ਰਿਫ਼ਤਾਰੀਆਂ ਜੁਲਾਈ ਤੇ ਅਗਸਤ 1711 ਵਿਚ ਕੀਤੀਆਂ ਗਈਆਂ ਸਨ। ਇਨ੍ਹਾਂ ਸਾਰਿਆਂ ਨੂੰ ਲਾਹੌਰ ਲਿਆਂਦਾ ਗਿਆ ਤੇ ਫਿਰ ਆਲੋਵਾਲ ਵਿਚ ਕਾਜ਼ੀ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਉਨ੍ਹਾਂ ਨੂੰ ''ਇਸਲਾਮ ਜਾਂ ਮੌਤ'' ਵਿਚੋਂ ਇਕ ਚੁਣਨ ਵਾਸਤੇ ਆਖਿਆ ਗਿਆ। ਜਦੋਂ ਉਨ੍ਹਾਂ ਨੇ ਨਾਂਹ ਕਰ ਦਿੱਤੀ ਤਾਂ ਉਨ੍ਹਾਂ ਨੂੰ ਲਾਲਚ ਅਤੇ ਫੇਰ ਤਸੀਹੇ ਦਿੱਤੇ ਗਏ। ਇਹ ਤਸੀਹੇ ਲਗਾਤਾਰ ਤਿੰਨ ਮਹੀਨੇ ਦਿੱਤੇ ਜਾਂਦੇ ਰਹੇ। ਜਦੋਂ ਉਹ ਫਿਰ ਵੀ ਨਾ ਡੋਲੇ ਤਾਂ ਉਨ੍ਹਾਂ ਨੂੰ ਜਿਊਂਦੇ ਜ਼ਮੀਨ ਵਿਚ ਗੱਡ ਕੇ ਮਾਰ ਦਿੱਤਾ ਗਿਆ। ਇਨ੍ਹਾਂ ਚਾਲ੍ਹੀਆਂ ਵਿਚ ਇਹ ਭਾਈ ਹਰੀ ਸਿੰਘ ਵੀ ਸਨ। ਭਾਈ ਹਰੀ ਸਿੰਘ ਦੇ ਨਾਲ ਉਨ੍ਹਾਂ ਦੇ ਦੋ ਭਰਾ ਭਾਈ ਕੇਸੋ ਸਿੰਘ ਤੇ ਭਾਈ ਦੇਸਾ ਸਿੰਘ ਅਤੇ ਦੇਸਾ ਸਿੰਘ ਦੇ ਤਿੰਨੇ ਦੇ ਤਿੰਨੇ ਪੁੱਤਰ ਭਾਈ ਤਾਰਾ ਸਿੰਘ, ਸੇਵਾ ਸਿੰਘ ਤੇ ਦੇਵਾ ਸਿੰਘ ਅਤੇ ਇਕ ਭਤੀਜਾ ਭਾਈ ਨਰਬਦ ਸਿੰਘ ਵੀ ਸਨ।

(ਹੋਰ ਤਫ਼ਸੀਲ ਵਾਸਤੇ ਵੇਖੋ:-

''ਭਾਈ ਸਹਿਜ ਸਿੰਘ ਚੌਹਾਨ'' ''ਭਾਈ ਕੇਸੋ ਸਿੰਘ ਭੱਟ'' ਅਤੇ *''ਭੱਟਾਂ ਦਾ ਕੁਰਸੀਨਾਮਾ'')।*

ਭਾਈ ਦੇਸਾ ਸਿੰਘ ਭੱਟ

ਭਾਈ ਦੇਸਾ ਸਿੰਘ ਨੂੰ 11 ਅਕਤੂਬਰ 1711 ਦੇ ਦਿਨ ਆਲੋਵਾਲ (ਲਾਹੌਰ) ਵਿਚ ਧਰਮ ਨਾ ਛੱਡਣ ਬਦਲੇ ਜ਼ਮੀਨ ਵਿਚ ਜਿਊਂਦਾ ਗੱਡ ਕੇ ਸ਼ਹੀਦ ਕੀਤਾ ਗਿਆ ਸੀ।

ਭਾਈ ਦੇਸਾ ਸਿੰਘ ਭੱਟ ਭਾਈ ਬੋਹਥ ਦੇ ਪੁੱਤਰ, ਸ਼ਹੀਦ ਭਾਈ ਕੀਰਤ ਭੱਟ ਦੇ ਪੋਤਰੇ ਅਤੇ ਭਾਈ ਭਿੱਖਾ ਦੇ ਪੜਪੋਤੇ ਸਨ। ਉਹ ਭਾਈ ਬੋਹਥ ਭੱਟ ਦੇ ਤਿੰਨਾਂ ਪੁੱਤਰਾਂ ਵਿਚੋਂ ਸਭ ਤੋਂ ਛੋਟੇ ਸਨ।

ਬਹਾਦਰ ਸ਼ਾਹ ਬਾਦਸ਼ਾਹ ਵਲੋਂ ਸਿੱਖਾਂ ਦੇ ਕਤਲੇਆਮ ਦੇ ਹੁਕਮ ਦੀ ਤਾਮੀਲ ਵਿਚ ਮੁਲਤਾਨ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿਚੋਂ ਗ੍ਰਿਫ਼ਤਾਰ ਕੀਤੇ ਗਏ 40 ਮੋਹਤਬਰ ਸਿੱਖਾਂ ਵਿਚੋਂ ਆਪ ਵੀ ਇਕ ਸਨ। ਆਪ ਸਭ ਨੂੰ 11 ਅਕਤੂਬਰ 1711 ਦੇ ਦਿਨ ਲਾਹੌਰ ਜ਼ਿਲ੍ਹੇ ਦੇ ਆਲੋਵਾਲ ਕਸਬੇ ਦੇ ਬਾਹਰ ਜ਼ਮੀਨ ਵਿਚ ਜਿਊਂਦਾ ਦਬਾ ਕੇ ਸ਼ਹੀਦ ਕਰ ਦਿੱਤਾ ਗਿਆ। ਉਨ੍ਹਾਂ ਨੇ ਸਿੱਖ ਧਰਮ ਛੱਡ ਕੇ ਮੁਸਲਮਾਨ ਬਣਨੋਂ ਨਾਂਹ ਕਰ ਦਿੱਤੀ ਅਤੇ ਲਾਲਚ ਤੇ ਤਸੀਹਿਆਂ ਨੂੰ ਖਿੜੇ ਮੱਥੇ ਸੀਨੇ 'ਤੇ ਹੰਢਾਇਆ। ਤਿੰਨ ਮਹੀਨੇ ਦੇ ਬੇਪਨਾਹ ਤਸੀਹੇ ਵੀ ਉਨ੍ਹਾਂ ਨੂੰ ਸਿੱਖ ਧਰਮ ਤੋਂ ਡੁਲ੍ਹਾ ਨਾ ਸਕੇ। ਉਨ੍ਹਾਂ ਨੇ ਆਪਣੀ ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾਈ।

ਭਾਈ ਦੇਸਾ ਸਿੰਘ ਦੇ ਤਿੰਨ ਬੇਟੇ ਸਨ: ਭਾਈ ਭੀਮ ਸਿੰਘ, ਭਾਈ ਅਮਰ ਸਿੰਘ ਤੇ ਭਾਈ ਗਉਰ ਸਿੰਘ। 1711 ਦੀਆਂ ਗ੍ਰਿਫ਼ਤਾਰੀਆਂ ਵੇਲੇ ਉਹ ਅਜੇ ਬੜੇ ਨਿੱਕੇ ਸਨ, ਇਸ ਕਰ ਕੇ ਉਹ ਬਚ ਗਏ। ਪਰ ਉਹ ਵੀ ਮਗਰੋਂ ਸਿੱਖ ਪੰਥ ਦੀ ਸੇਵਾ ਵਿਚ ਆਪਣਾ ਹਿੱਸਾ ਪਾਉਂਦੇ ਰਹੇ।

ਹੋਰ ਤਫ਼ਸੀਲ ਵਾਸਤੇ ਵੇਖੋ: "**ਭਾਈ ਸਹਿਜ ਸਿੰਘ ਚੌਹਾਨ**", "**ਭਾਈ ਕੇਸੋ ਸਿੰਘ ਭੱਟ**" ਅਤੇ "**ਭੱਟਾਂ ਦਾ ਕੁਰਸੀਨਾਮਾ**।"

ਭਾਈ ਨਰਬਦ ਸਿੰਘ

ਆਲੋਵਾਲ ਵਿਚ 11 ਅਕਤੂਬਰ 1711 ਦੇ ਦਿਨ ਸ਼ਹੀਦ ਹੋਣ ਵਾਲੇ 40 ਸਿੱਖਾਂ ਦੀ ਚਉਂਕੀ (ਜੱਥੇ) ਵਿਚ ਭਾਈ ਨਰਬਦ ਸਿੰਘ ਵੀ ਸ਼ਾਮਿਲ ਸੀ।

ਭਾਈ ਨਰਬਦ/ਨਰਬੁਦ ਸਿੰਘ ਸ਼ਹੀਦ ਭਾਈ ਕੇਸੋ ਸਿੰਘ ਦੇ ਪੁੱਤਰ, ਭਾਈ ਬੋਹਥ ਦੇ ਪੋਤੇ ਅਤੇ ਸ਼ਹੀਦ ਭਾਈ ਕੀਰਤ ਦੇ ਪੜਪੋਤੇ ਸਨ। ਭਾਈ ਨਰਬਦ ਸਿੰਘ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਕੋਲ ਅਨੰਦਪੁਰ ਸਾਹਿਬ ਜਾ ਕੇ ਖੰਡੇ ਦੀ ਪਾਹੁਲ ਹਾਸਿਲ ਕੀਤੀ ਸੀ। ਇਸ ਮਗਰੋਂ ਉਹ ਫਿਰ ਵਾਪਿਸ ਆਪਣੇ ਪਿੰਡ ਆ ਗਏ ਸਨ। ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਤਲਵੰਡੀ ਸਾਬੋ ਆ ਗਏ (ਜਨਵਰੀ 1706) ਤਾਂ ਭਾਈ ਨਰਬਦ ਸਿੰਘ ਵੀ ਉਨ੍ਹਾਂ ਦੇ ਦਰਸ਼ਨ ਕਰਨ ਆਏ ਸਨ। 30 ਅਕਤੂਬਰ 1706 ਨੂੰ ਜਦੋਂ ਗੁਰੂ ਸਾਹਿਬ ਦੱਖਣ ਵੱਲ ਗਏ ਤਾਂ ਭਾਈ ਨਰਬਦ ਸਿੰਘ ਵੀ ਉਨ੍ਹਾਂ ਦੇ ਨਾਲ ਹੀ ਚਲੇ ਗਏ ਸਨ। ਗੁਰੂ ਸਾਹਿਬ ਦੀ ਸ਼ਹੀਦੀ ਵੇਲੇ ਵੀ ਉਹ ਉੱਥੇ ਹਾਜ਼ਿਰ ਸਨ। ਇਸ ਦਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ **ਭੱਟ ਵਹੀ ਤਲਉਂਢਾ** ਵਿਚ ਉਨ੍ਹਾਂ ਦੇ ਹੱਥ ਦਾ ਇਕ ਇੰਦਰਾਜ ਮਿਲਦਾ ਹੈ। ਇਸ ਇੰਦਰਾਜ ਵਿਚ ਗੁਰੂ ਸਾਹਿਬ ਵਲੋਂ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦੇਣ ਦਾ ਐਲਾਨ ਹੈ:

"ਗੁਰੂ ਗੋਬਿੰਦ ਸਿੰਘ ਮਹਲ ਦਸਮਾ, ਬੇਟਾ ਗੁਰੂ ਤੇਗ ਬਹਾਦਰ ਜੀ ਕਾ, ਮੁਕਾਮ ਨਦੇੜ, ਤਟ ਗੁਦਾਵਰੀ, ਦੇਸ ਦੱਖਣ, ਸਤਰਾਂ ਸੈ ਪੈਂਸਠ, ਕਾਰਤਕ ਮਾਸੇ ਸੁਦੀ ਚਉਥ, ਸ਼ੁਕਲਾ ਪਖੇ ਬੁਧਵਾਰ ਦੇ ਦਿਹੁੰ, ਭਾਈ ਦੈਆ ਸਿੰਘ ਸੇ ਬਚਨ ਹੋਆ, ਗ੍ਰੰਥ ਸਾਹਿਬ ਲੇ ਲਾਓ, ਬਚਨ ਪਾਏ ਦੈਆ ਸਿੰਘ ਗ੍ਰੰਥ ਸਾਹਿਬ ਲੈ ਆਏ। ਗੁਰੂ ਜੀ ਨੇ ਪਾਂਚ ਪੈਸੇ ਏਕ ਨਲੀਏਰ ਆਗੇ ਭੇਟਾ ਰਖ ਮਾਥਾ ਟੇਕਾ। ਸਰਬੱਤ ਸੰਗਤ ਸੇ ਕਹਾ—ਮੇਰਾ ਹੁਕਮ ਹੈ, ਮੇਰੀ ਜਗ੍ਹਾ ਗੁਰੂ, ਗ੍ਰੰਥ ਜੀ ਕੋ ਜਾਨਨਾ/ਜੋ ਸਿੱਖ ਜਾਨੇਗਾ, ਤਿਸ ਕੀ ਘਾਲ ਥਾਂਇ ਪਏਗੀ, ਗੁਰੂ ਤਿਸ ਕੀ ਬਹੁੜੀ ਕਰੇਗਾ, ਸਤਿ ਕਰ ਮਾਨਨਾ।"

(ਭੱਟ ਵਹੀ ਤਲਉਂਢਾ, ਪਰਗਨਾ ਜੀਂਦ)

1711 ਵਿਚ ਭੱਟ ਨਰਬਦ ਸਿੰਘ ਆਪਣੇ ਪਿੰਡ ਸੀ ਕਿ ਉਸ ਨੂੰ ਉਸ ਦੇ ਪਿਤਾ ਕੇਸੋ ਸਿੰਘ, ਦੋਹਾਂ ਚਾਚਿਆਂ ਅਤੇ ਤਿੰਨ ਚਚੇਰੇ ਭਰਾਵਾਂ ਸਣੇ ਗ੍ਰਿਫ਼ਤਾਰ ਕਰ ਕੇ ਲਾਹੌਰ ਲਿਜਾਇਆ ਗਿਆ ਜਿਥੇ ਉਸ ਨੂੰ 'ਇਸਲਾਮ ਜਾਂ ਮੌਤ' ਵਿਚੋਂ ਇਕ ਚੁਣਨ ਵਾਸਤੇ ਆਖਿਆ ਗਿਆ। ਗੁਰੂ ਸਾਹਿਬ ਨੂੰ ਸਿਰ ਪਹਿਲੋਂ ਹੀ ਭੇਟਾ ਕਰ ਚੁੱਕਣ ਵਾਲਿਆਂ ਵਲੋਂ ਧਰਮ ਬਦਲਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ, ਇਸ ਕਰ ਕੇ ਭਾਈ ਨਰਬਦ

ਸਿੰਘ ਨੇ ਸ਼ਹੀਦੀ ਦਾ ਰਾਹ ਹੀ ਚੁਣਨਾ ਸੀ। ਮੁਗਲਾਂ ਨੇ ਭਾਈ ਨਰਬਦ ਸਿੰਘ ਨੂੰ 39 ਹੋਰ ਸਿੱਖਾਂ ਦੇ ਨਾਲ ਕੈਦ ਵਿਚ ਭਾਰੀ ਤਸੀਹੇ ਦਿੱਤੇ ਤੇ ਅਖੀਰ ਤਿੰਨ ਮਹੀਨੇ ਦੇ ਵਹਿਸ਼ੀਆਨਾ ਤਸੀਹਿਆਂ ਮਗਰੋਂ ਉਨ੍ਹਾਂ ਨੂੰ ਜਿਊਂਦੇ ਹੀ ਜ਼ਮੀਨ ਵਿਚ ਗੱਡ ਕੇ ਮਾਰ ਦਿੱਤਾ ਗਿਆ।

(ਹੋਰ ਤਫ਼ਸੀਲ ਵਾਸਤੇ ਵੇਖੋ:-

ਭਾਈ ਸਹਿਜ ਸਿੰਘ ਚੌਹਾਨ, "ਭਾਈ ਕੇਸੋ ਸਿੰਘ ਚੌਹਾਨ" ਅਤੇ *ਭੱਟਾਂ ਦਾ ਕੁਰਸੀਨਾਮਾ।)*

ਭਾਈ ਤਾਰਾ ਸਿੰਘ ਭੱਟ
ਭਾਈ ਸੇਵਾ ਸਿੰਘ ਭੱਟ, ਭਾਈ ਦੇਵਾ ਸਿੰਘ ਭੱਟ

ਭਾਈ ਤਾਰਾ ਸਿੰਘ, ਭਾਈ ਸੇਵਾ ਸਿੰਘ ਅਤੇ ਭਾਈ ਦੇਵਾ ਸਿੰਘ, ਤਿੰਨੇ ਭਰਾ, 11 ਅਕਤੂਬਰ 1711 ਦੇ ਦਿਨ ਆਲੋਵਾਲ ਵਿਚ ਸ਼ਹੀਦ ਕੀਤੇ ਗਏ ਸਨ।

ਇਹ ਤਿੰਨੇ ਭਰਾ ਭਾਈ ਹਰੀ ਸਿੰਘ ਭੱਟ ਦੇ ਪੁੱਤਰ, ਭਾਈ ਬੋਹਥ ਭੱਟ ਦੇ ਪੋਤੇ ਅਤੇ ਸ਼ਹੀਦ ਭਾਈ ਕੀਰਤ ਭੱਟ ਦੇ ਪੜਪੋਤੇ ਸਨ। ਇਨ੍ਹਾਂ ਤਿੰਨਾਂ ਨੂੰ ਇਨ੍ਹਾਂ ਦੇ ਪਿਤਾ, ਚਾਚਾ, ਤਾਇਆ ਅਤੇ ਇਕ ਚਚੇਰੇ ਭਰਾ ਸਣੇ 1711 ਦੀਆਂ ਬਰਸਾਤਾਂ ਦੇ ਦਿਨਾਂ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਨ੍ਹਾਂ ਦੇ ਨਾਲ 33 ਹੋਰ ਸਿੱਖ ਵੀ ਵੱਖ-ਵੱਖ ਇਲਾਕਿਆਂ ਵਿਚੋਂ ਗ੍ਰਿਫ਼ਤਾਰ ਕੀਤੇ ਗਏ ਸਨ। ਇਨ੍ਹਾਂ ਉਤੇ ਕਿਸੇ ਕਿਸਮ ਦਾ ਕੋਈ ਦੋਸ਼ ਨਹੀਂ ਸੀ ਸਿਰਫ ਇਸ ਤੋਂ ਇਲਾਵਾ ਕਿ ਉਹ ਸਿੱਖ ਸਨ। ਇਨ੍ਹਾਂ ਸਾਰਿਆਂ ਨੂੰ ਗ੍ਰਿਫ਼ਤਾਰ ਕਰ ਕੇ ਆਲੋਵਾਲ (ਲਾਹੌਰ) ਕਾਜ਼ੀ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਜਿਥੇ ਇਨ੍ਹਾਂ ਨੂੰ ਮੁਸਲਮਾਨ ਬਣ ਕੇ ਜਾਨ ਬਚਾਉਣ ਦੀ ਪੇਸ਼ਕਸ਼ ਕੀਤੀ ਗਈ। ਪਰ ਇਨ੍ਹਾਂ ਨੇ ਧਰਮ ਛੱਡਣ ਤੋਂ ਨਾਂਹ ਕਰ ਦਿੱਤੀ। ਨਤੀਜੇ ਵਜੋਂ ਇਨ੍ਹਾਂ ਨੂੰ ਤਿੰਨ ਮਹੀਨੇ ਦੇ ਤਸੀਹਿਆਂ ਮਗਰੋਂ ਜਿਊਂਦੇ ਜ਼ਮੀਨ ਵਿਚ ਦੱਬ ਦਿੱਤਾ ਗਿਆ।

(ਹੋਰ ਤਫ਼ਸੀਲ ਵਾਸਤੇ ਵੇਖੋ:-

"ਭਾਈ ਸਹਿਜ ਸਿੰਘ ਚੌਹਾਨ", "ਭਾਈ ਕੇਸੋ ਸਿੰਘ ਭੱਟ" ਅਤੇ *"ਭੱਟਾਂ ਦਾ ਕੁਰਸੀਨਾਮਾ")।*

ਭਾਈ ਜੇਠਾ ਸਿੰਘ ਚੌਹਾਨ

11 ਅਕਤੂਬਰ 1711 ਦੇ ਦਿਨ ਆਲੋਵਾਲ ਵਿਚ ਸ਼ਹੀਦ ਕੀਤੇ ਜਾਣ ਵਾਲੇ 40 ਸਿੰਘਾਂ ਵਿਚ ਭਾਈ ਜੇਠਾ ਸਿੰਘ ਵੀ ਸ਼ਾਮਿਲ ਸਨ।

ਭਾਈ ਜੇਠਾ ਸਿੰਘ ਭਾਈ ਛਬੀਲ ਸਿੰਘ (ਛਬੀਲੇ) ਦਾ ਬੇਟਾ, ਭਾਈ ਚੰਦਾ ਦਾ ਪੋਤਾ ਅਤੇ ਭਾਈ ਲੱਧਾ ਦਾ ਪੜਪੋਤਾ ਸੀ। ਉਹ ਬਤਸ (ਵਤਸ) ਚੌਹਾਨ-ਰਾਜਪੂਤ ਖ਼ਾਨਦਾਨ ਨਾਲ ਸਬੰਧ ਰਖਦੇ ਸਨ। ਇਹ ਪਰਿਵਾਰ ਸਿਆਲਕੋਟ ਅਤੇ ਮੁਲਤਾਨ ਦੇ ਵਿਚਕਾਰਲੇ ਇਲਾਕੇ ਵਿਚ ਰਿਹਾ ਕਰਦਾ ਸੀ। ਭਾਈ ਜੇਠਾ ਸਿੰਘ ਨੇ ਅਨੰਦਪੁਰ ਸਾਹਿਬ ਵਿਚ ਜਾ ਕੇ ਕਈ ਵਾਰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਸ਼ਨ ਕੀਤੇ ਸਨ। ਉਸ ਨੇ ਖੰਡੇ ਦੀ ਪਾਹੁਲ ਵੀ ਅਨੰਦਪੁਰ ਸਾਹਿਬ ਵਿਚ ਲਈ ਸੀ।

ਚੌਹਾਨ ਪਰਿਵਾਰਾਂ ਦੇ ਬਹੁਤ ਸਾਰੇ ਜਣੇ ਗੁਰੂ ਸਾਹਿਬ ਦੇ ਬੜੇ ਨਜ਼ਦੀਕੀ ਸਿੰਘਾਂ ਵਿਚੋਂ ਸਨ। ਗੁਰੂ ਸਾਹਿਬ ਦੇ ਡਿਊਢੀ-ਬਰਦਾਰ ਭਾਈ ਆਲਿਮ ਸਿੰਘ ਨੱਚਣਾ ਦੀ ਵੀ ਇਸੇ ਪਰਿਵਾਰ ਨਾਲ ਅੰਗਲੀ-ਸੰਗਲੀ ਰਲਦੀ ਸੀ।

ਬਾਬਾ ਬੰਦਾ ਸਿੰਘ ਬਹਾਦਰ ਵਲੋਂ ਪੰਜਾਬ ਆਜ਼ਾਦ ਕਰਾਉਣ ਮਗਰੋਂ ਬਹਾਦਰ ਸ਼ਾਹ ਬਾਦਸ਼ਾਹ ਵਲੋਂ ਸਿੱਖਾਂ ਦਾ ਕਤਲੇਆਮ ਕਰਨ ਦੇ ਆਮ ਹੁਕਮ ਹੇਠ ਭਾਈ ਜੇਠਾ ਸਿੰਘ ਨੂੰ ਉਸ ਦੇ ਘਰੋਂ ਗ੍ਰਿਫ਼ਤਾਰ ਕਰ ਕੇ ਲਾਹੌਰ ਲਿਆਂਦਾ ਗਿਆ। ਉਸ ਨੂੰ 'ਮੁਸਲਮਾਨ ਬਣਨ ਜਾਂ ਮਰਨ ਵਾਸਤੇ ਤਿਆਰ ਹੋਣਾ' ਵਿਚੋਂ ਇਕ ਚੁਣਨ ਵਾਸਤੇ ਆਖਿਆ ਗਿਆ। ਉਸ ਨੇ ਧਰਮ ਛੱਡਣ ਤੋਂ ਨਾਂਹ ਕਰ ਦਿੱਤੀ। ਇਸ ਮਗਰੋਂ ਉਸ ਨੂੰ ਤਸੀਹੇ ਦੇ ਕੇ ਡਰਾਉਣ ਦੀ ਕੋਸ਼ਿਸ਼ ਵੀ ਕੀਤੀ ਗਈ। ਪਰ ਨਿਡਰ ਜੇਠਾ ਸਿੰਘ ਨੂੰ ਕੋਈ ਵੀ ਜ਼ੁਲਮ ਜਾਂ ਲਾਲਚ ਡਰਾ ਨਾ ਸਕਿਆ। ਅਖ਼ੀਰ ਉਸ ਨੂੰ 39 ਹੋਰ ਸਿੰਘਾਂ, ਜੋ ਸਿੱਖ ਹੋਣ ਦਾ ਇਲਜ਼ਾਮ ਹੋਣ ਕਰ ਕੇ ਉੱਥੇ ਲਿਆਂਦੇ ਹੋਏ ਸਨ, ਦੇ ਨਾਲ ਹੀ ਆਲੋਵਾਲ ਵਿਚ ਜ਼ਮੀਨ ਵਿਚ ਜਿਊਂਦਿਆਂ ਦੱਬ ਕੇ ਸ਼ਹੀਦ ਕਰ ਦਿੱਤਾ ਗਿਆ।

ਹੋਰ ਤਫ਼ਸੀਲ ਵਾਸਤੇ ਵੇਖੋ:
ਭਾਈ ਸਹਿਜ ਸਿੰਘ ਚੌਹਾਨ।

ਭਾਈ ਜੇਠਾ ਸਿੰਘ ਪਰਮਾਰ

ਭਾਈ ਜੇਠਾ ਸਿੰਘ ਨੂੰ 11 ਅਕਤੂਬਰ 1711 ਦੇ ਦਿਨ ਆਲੋਵਾਲ ਵਿਚ ਸ਼ਹੀਦੀ ਹਾਸਿਲ ਹੋਈ ਸੀ।

ਭਾਈ ਜੇਠਾ ਸਿੰਘ ਭਾਈ ਮਾਈਦਾਸ ਦੇ ਬੇਟੇ, ਸ਼ਹੀਦ ਭਾਈ ਬੱਲੂ ਦੇ ਪੋਤੇ ਅਤੇ ਭਾਈ ਮੂਲਾ ਦੇ ਪੜਪੋਤੇ ਸਨ। ਭਾਈ ਮਾਈ ਦਾਸ ਦੇ 12 ਬੇਟਿਆਂ ਵਿਚੋਂ ਭਾਈ ਜੇਠਾ ਸਭ ਤੋਂ ਵੱਡੇ ਸਨ। ਭਾਈ ਦਿਆਲ ਦਾਸ ਅਤੇ ਭਾਈ ਮਨੀ ਸਿੰਘ ਆਪ ਤੋਂ ਤਰਤੀਬਵਾਰ ਦੂਜੇ ਅਤੇ ਤੀਜੇ ਥਾਂ 'ਤੇ ਸਨ। ਭਾਈ ਬੱਲੂ ਦੇ ਸਾਰੇ ਪੁੱਤਰ ਅਤੇ ਖ਼ਾਸ ਕਰ ਕੇ ਭਾਈ ਮਾਈ ਦਾਸ ਅਤੇ ਉਨ੍ਹਾਂ ਦਾ ਸਾਰਾ ਪਰਿਵਾਰ, ਹੀ ਗੁਰੂ ਘਰ ਦੇ ਹਮੇਸ਼ਾ ਸਾਦਿਕ ਰਹੇ ਸਨ। ਭਾਈ ਜੇਠਾ ਸਿੰਘ ਨੇ ਭਾਈ ਮਾਈ ਦਾਸ ਪਰਿਵਾਰ ਦੀਆਂ ਸਾਰੀਆਂ ਜ਼ਿੰਮੇਦਾਰੀਆਂ ਆਪ ਸੰਭਾਲੀਆਂ ਹੋਈਆਂ ਸਨ ਇਸ ਕਰ ਕੇ ਉਹ ਅਨੰਦਪੁਰ ਸਾਹਿਬ ਘਟ ਹੀ ਗਏ ਸਨ ਤੇ ਖੇਤੀ ਬਾੜੀ ਦਾ ਕੰਮ ਕਰਦੇ ਰਹਿੰਦੇ ਸਨ। ਇਹ ਇਕ ਸਾਂਝਾ ਪਰਿਵਾਰ ਸੀ ਅਤੇ ਦਰਜਨਾਂ ਜਣੇ ਇਸ ਦਾ ਹਿੱਸਾ ਸਨ। ਭਾਵੇਂ ਸਾਰੇ ਜਣੇ ਰਲ-ਮਿਲ ਕੇ ਕੰਮ ਕਰਦੇ ਸਨ ਪਰ ਵਧੇਰੇ ਸੇਵਾ ਭਾਈ ਜੇਠਾ ਸਿੰਘ ਕਰਿਆ ਕਰਦੇ ਸਨ। ਭਾਈ ਜੇਠਾ ਸਿੰਘ ਨੇ ਗੁਰੂ ਗੋਬਿੰਦ ਸਿੰਘ ਪਾਸੋਂ ਅਨੰਦਪੁਰ ਸਾਹਿਬ ਆ ਕੇ ਖੰਡੇ ਦੀ ਪਾਹੁਲ ਹਾਸਿਲ ਕੀਤੀ ਸੀ। ਉਹ ਇਸ ਮਗਰੋਂ ਫਿਰ ਪਿੰਡ ਅਲੀਪੁਰ (ਜ਼ਿਲਾ ਮੁਜ਼ੱਫ਼ਰਗੜ੍ਹ) ਆ ਕੇ ਰਹਿਣ ਲੱਗ ਪਏ ਸਨ।

1711 ਦੀਆਂ ਬਰਸਾਤਾਂ ਵਿਚ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਵਲੋਂ ਸਿੱਖਾਂ ਦਾ ਕਤਲੇਆਮ ਕਰਨ ਦੇ ਹੁਕਮ (10 ਦਸੰਬਰ 1710) ਦੀ ਤਾਮੀਲ ਦੇ ਸਬੰਧ ਵਿਚ ਇਕ ਮੁਗ਼ਲ ਥਾਣੇਦਾਰ ਨੇ ਪਿੰਡ ਅਲੀਪੁਰ ਆ ਕੇ ਭਾਈ ਜੇਠਾ ਸਿੰਘ ਤੇ ਉਸ ਦੇ ਵੱਡੇ ਬੇਟੇ ਹਰੀ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਇਨ੍ਹਾਂ ਦੇ ਨਾਲ ਭਾਈ ਜੇਠਾ ਸਿੰਘ ਦਾ ਇਕ ਭਰਾ ਰੂਪ ਸਿੰਘ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਇਨ੍ਹਾਂ ਤਿੰਨਾਂ ਨੂੰ ਲਾਹੌਰ ਲਿਜਾਇਆ ਗਿਆ ਜਿਥੇ ਉਨ੍ਹਾਂ ਨੂੰ "ਇਸਲਾਮ ਜਾਂ ਮੌਤ" ਵਿਚੋਂ ਇਕ ਚੁਣਨ ਵਾਸਤੇ ਆਖਿਆ ਗਿਆ। ਸ਼ਹੀਦਾਂ ਦੇ ਇਸ ਪਰਿਵਾਰ ਦੇ ਕਿਸੇ ਜੀਅ ਤੋਂ ਧਰਮ ਬਦਲੀ ਦੀ ਆਸ ਰੱਖਣਾ ਬੇਵਕੂਫ਼ੀ ਸੀ। ਭਾਈ ਜੇਠਾ ਸਿੰਘ ਨੂੰ ਕਈ ਤਰ੍ਹਾਂ ਦੇ ਲਾਲਚ ਵੀ ਦਿੱਤੇ ਗਏ ਪਰ ਗੁਰੂ ਦੇ ਸਿੱਖ ਨੇ ਧਰਮ ਛੱਡਣ ਤੋਂ ਕੋਰੀ ਨਾਂਹ ਕਰ ਦਿੱਤੀ। ਇਸ ਮਗਰੋਂ ਇਨ੍ਹਾਂ ਨੂੰ ਤਿੰਨ ਮਹੀਨੇ ਘੋਰ ਤਸੀਹੇ ਦਿੱਤੇ ਗਏ। ਜਦੋਂ ਇਹ ਤਸੀਹੇ ਵੀ ਬੇਅਸਰ ਹੋ

ਗਏ ਤਾਂ ਇਨ੍ਹਾਂ ਨੂੰ ਜ਼ਮੀਨ ਵਿਚ ਜਿਊਂਦੇ ਗੱਡ ਕੇ ਸ਼ਹੀਦ ਕਰ ਦਿੱਤਾ ਗਿਆ।

ਭਾਈ ਜੇਠਾ ਸਿੰਘ ਦੇ ਤਿੰਨ ਪੁੱਤਰ ਸਨ: ਭਾਈ ਹਰੀ ਸਿੰਘ, ਭਾਈ ਚੈਨ ਸਿੰਘ ਤੇ ਭਾਈ ਭੂਪਤ ਸਿੰਘ। ਸਭ ਤੋਂ ਵੱਡੇ ਭਾਈ ਹਰੀ ਸਿੰਘ ਨੂੰ ਆਪ ਦੇ ਨਾਲ ਹੀ ਸ਼ਹੀਦ ਕੀਤਾ ਗਿਆ ਸੀ। ਭਾਈ ਹਰੀ ਸਿੰਘ ਦੇ ਅੱਗੋਂ ਤਿੰਨ ਪੁੱਤਰ ਸਨ: ਭਾਈ ਛੱਜੂ ਸਿੰਘ, ਗੁਰਦੇਵ ਸਿੰਘ ਤੇ ਸੁੱਖਾ ਸਿੰਘ। ਭਾਈ ਛੱਜੂ ਸਿੰਘ ਦੇ ਦੋ ਬੇਟੇ ਸਨ: ਟਹਿਲ ਸਿੰਘ ਅਤੇ ਚੈਨ ਸਿੰਘ। ਟਹਿਲ ਸਿੰਘ ਦੇ ਵੀ ਅੱਗੋਂ ਦੋ ਬੇਟੇ ਸਨ: ਦਿਆਲ ਸਿੰਘ ਤੇ ਰੂਪ ਸਿੰਘ। ਇੰਞ ਹੀ ਦਿਆਲ ਸਿੰਘ ਦੇ ਤਿੰਨ ਪੁੱਤਰ ਸਨ: ਮੋਹਰ ਸਿੰਘ, ਮੋਹਕਮ ਸਿੰਘ ਤੇ ਹਜ਼ਾਰਾ ਸਿੰਘ। ਇਨ੍ਹਾਂ ਵਿਚੋਂ ਸਭ ਤੋਂ ਵੱਡੇ ਮੋਹਰ ਸਿੰਘ ਦੇ ਅੱਗੋਂ ਦੋ ਬੇਟੇ ਹੀਰਾ ਸਿੰਘ ਤੇ ਮੱਖਣ ਸਿੰਘ ਹੋਏ। ਇਨ੍ਹਾਂ ਵਿਚੋਂ ਕਈਆਂ ਦੇ ਪਰਿਵਾਰ ਹਨ। ਇਨ੍ਹਾਂ ਪਰਿਵਾਰਾਂ ਵਿਚੋਂ ਬਹੁਤ ਸਾਰੇ ਪਰਿਵਾਰ ਜੰਮੂ-ਕਸ਼ਮੀਰ ਦੇ ਪਿੰਡ ਸਿੱਖ ਆੜਾ (ਨੇੜੇ ਭੱਡੂ ਬਲੌਰ) ਵਿਚ ਅਜੇ ਵੀ ਰਹਿ ਰਹੇ ਹਨ।

ਭਾਈ ਜੇਠਾ ਸਿੰਘ ਦੀ ਸ਼ਹੀਦੀ ਦਾ ਜ਼ਿਕਰ "**ਭੱਟ ਵਹੀ ਕਰਸਿੰਧੂ, ਪਰਗਨਾ ਸਫੈਦੋਂ** ਦੋ, ਦੇ ਸਫ਼ਾ 97 'ਤੇ ਵੀ ਮਿਲਦਾ ਹੈ।"

"**ਜੇਠਾ ਸਿੰਘ ਮਾਈ ਦਾਸ ਕਾ, ਰੂਪ ਸਿੰਘ ਮਾਈ ਦਾਸ ਕਾ, ਪੋਤੇ ਬੱਲੂ ਕੇ, ਪੜਪੋਤੇ ਮੂਲੇ ਕੇ,** ਚੰਦਰ ਬੰਸੀ ਭਾਰਦਵਾਜੀ ਗੋਤਰੇ ਪੰਵਾਰ, ਬੰਸ ਬੀਝੇ ਕਾ, ਬੰਝਰਉਤ, ਰਦਉਤ, ਜਲ੍ਹਾਨੇ, ਸ਼ਾਹੀ ਹੁਕਮ ਗੈਲ, ਚਾਲੀਓਂ ਕੀ ਚਉਂਕੀ ਮੇਂ ਤੀਨ ਮਾਸ ਅਧਿਕ ਦੁਖ ਦੇ ਕਰ, ਸੰਬਤ 1768, ਮਿਤੀ ਕਤਕ ਦਿਨ 9 ਕੋ ਆਲੋਵਾਲ ਕੇ ਮਲਹਾਨ, ਪਰਗਨਾ ਲਾਹੌਰ ਮੇਂ ਮਾਰੇ ਗਏ।"

ਹੋਰ ਤਫ਼ਸੀਲ ਵਾਸਤੇ ਵੇਖੋ: *"ਭਾਈ ਜੇਠਾ ਸਿੰਘ ਦਾ ਕੁਰਸੀਨਾਮਾ।"*

ਭਾਈ ਹਰੀ ਸਿੰਘ ਪਰਮਾਰ

ਭਾਈ ਹਰੀ ਸਿੰਘ ਆਪਣੇ ਪਿਤਾ ਭਾਈ ਜੇਠਾ ਸਿੰਘ ਨਾਲ 11 ਅਕਤੂਬਰ 1711 ਦੇ ਦਿਨ ਆਲੋਵਾਨ ਵਿਚ ਸ਼ਹੀਦ ਹੋਇਆ ਸੀ।

ਭਾਈ ਹਰੀ ਸਿੰਘ ਭਾਈ ਜੇਠਾ ਸਿੰਘ ਦੇ ਬੇਟੇ, ਭਾਈ ਮਾਈਦਾਸ ਦੇ ਪੋਤੇ ਅਤੇ ਸ਼ਹੀਦ ਭਾਈ ਬੱਲੂ ਦੇ ਪੜਪੋਤੇ ਸਨ। ਭਾਈ ਹਰੀ ਸਿੰਘ ਨੇ ਆਪਣੀ ਜ਼ਿੰਦਗੀ ਦਾ

ਬਹੁਤ ਸਮਾਂ ਆਪਣੇ ਪਿੰਡ ਅਲੀਪੁਰ (ਜ਼ਿਲ੍ਹਾ ਮੁਜ਼ੱਫਰਗੜ੍ਹ) ਵਿਚ ਬਿਤਾਇਆ ਸੀ।

ਬਾਦਸ਼ਾਹ ਬਹਾਦਰ ਸ਼ਾਹ ਵਲੋਂ ਸਿੱਖਾਂ ਦਾ ਕਤਲੇਆਮ ਦੇ ਹੁਕਮ ਦੀ ਤਾਮੀਲ ਵਜੋਂ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਨੂੰ ਧਰਮ ਬਦਲਣ ਵਾਸਤੇ ਲਾਲਚ ਅਤੇ ਤਸੀਹੇ ਦਿੱਤੇ ਗਏ ਅਤੇ ਅਖ਼ੀਰ 11 ਅਕਤੂਬਰ 1711 ਦੇ ਦਿਨ ਲਾਹੌਰ ਜ਼ਿਲ੍ਹਾ ਦੇ ਕਸਬੇ ਆਲੋਵਾਲ ਵਿਚ ਜਿਊਂਦੇ ਜ਼ਮੀਨ ਵਿਚ ਗੱਡ ਕੇ ਸ਼ਹੀਦ ਕਰ ਦਿੱਤਾ ਗਿਆ।

ਹੋਰ ਤਫ਼ਸੀਲ ਵਾਸਤੇ ਵੇਖੋ:-

''ਭਾਈ ਸਹਿਜ ਸਿੰਘ ਚੌਹਾਨ'' ''ਭਾਈ ਜੇਠਾ ਸਿੰਘ ਪਰਮਾਰ'' ਅਤੇ ''ਭਾਈ ਜੇਠਾ ਸਿੰਘ ਦਾ ਕੁਰਸੀਨਾਮਾ।''

ਭਾਈ ਰੂਪ ਸਿੰਘ ਪਰਮਾਰ

ਭਾਈ ਰੂਪ ਸਿੰਘ ਨੇ ਧਰਮ ਦੀ ਆਨ ਤੇ ਸ਼ਾਨ ਖ਼ਾਤਿਰ 11 ਅਕਤੂਬਰ 1711 ਦੇ ਦਿਨ ਆਲੋਵਾਲ ਵਿਚ ਸ਼ਹੀਦੀ ਜਾਮ ਪੀਤਾ।

ਭਾਈ ਰੂਪ ਸਿੰਘ ਭਾਈ ਮਾਈ ਦਾਸ ਦੇ ਪੁੱਤਰ, ਸ਼ਹੀਦ ਭਾਈ ਬੱਲੂ ਦੇ ਪੋਤੇ ਅਤੇ ਭਾਈ ਮੂਲਾ ਦੇ ਪੜਪੋਤੇ ਸਨ। ਭਾਈ ਮਾਈ ਦਾਸ ਦੇ 12 ਪੁੱਤਰਾਂ ਵਿਚੋਂ ਭਾਈ ਰੂਪ ਸਿੰਘ ਸਤਵੇਂ ਥਾਂ 'ਤੇ ਸਨ। ਇਹ ਪਰਿਵਾਰ ਗੁਰੂ ਅਰਜਨ ਸਾਹਿਬ ਵੇਲੇ ਸਿੱਖ ਪੰਥ ਵਿਚ ਸ਼ਾਮਿਲ ਹੋਇਆ ਸੀ ਅਤੇ ਥੋੜ੍ਹੇ ਚਿਰ ਵਿਚ ਹੀ ਇਹ ਗੁਰੂ-ਘਰ ਦਾ ਇਕ ਅਟੁੱਟ ਹਿੱਸਾ ਬਣ ਗਿਆ ਸੀ। ਇਸ ਪਰਿਵਾਰ ਨੇ ਸਿੱਖ ਪੰਥ ਦੀ ਬਹੁਤ ਸੇਵਾ ਕੀਤੀ। ਇਸ ਪਰਮਾਰ-ਰਾਜਪੂਤ ਪਰਿਵਾਰ ਦੇ ਬਹੁਤ ਸਾਰੇ ਜਣੇ ਗੁਰੂ ਹਰਿਗੋਬਿੰਦ ਸਾਹਿਬ ਦੀ ਫ਼ੌਜ ਵਿਚ ਸ਼ਾਮਿਲ ਹੋਏ ਸਨ। ਇਸ ਮਗਰੋਂ ਵੀ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ ਇਨ੍ਹਾਂ ਪਰਿਵਾਰਾਂ ਦਾ ਗੁਰੂ ਘਰ ਨਾਲ ਡੂੰਘਾ ਸਬੰਧ ਰਿਹਾ ਸੀ। ਇਨ੍ਹਾਂ ਪਰਿਵਾਰਾਂ ਦੇ ਬਹੁਤ ਸਾਰੇ ਜਣੇ ਗੁਰੂ ਘਰ ਦੇ ਦਰਬਾਰੀ ਸਿੱਖ ਸਨ ਅਤੇ ਗੁਰੂ ਸਾਹਿਬ ਦੇ ਬਹੁਤ ਨਜ਼ਦੀਕ ਸਨ।

ਭਾਈ ਰੂਪ ਸਿੰਘ ਨੇ ਅਨੰਦਪੁਰ ਸਾਹਿਬ ਵਿਚ ਗੁਰੂ ਸਾਹਿਬ ਤੋਂ ਖੰਡੇ ਦੀ ਪਾਹੁਲ ਹਾਸਿਲ ਕੀਤੀ ਸੀ ਅਤੇ ਰੂਪ ਚੰਦ ਤੋਂ ਰੂਪ ਸਿੰਘ ਬਣੇ ਸਨ। ਭਾਈ ਰੂਪ ਸਿੰਘ ਦੇ ਸੱਤ

ਭਰਾ ਉਨ੍ਹਾਂ ਦੀ ਸ਼ਹੀਦੀ ਤੋਂ ਪਹਿਲਾਂ ਸ਼ਹੀਦੀ ਜਾਮ ਪੀ ਚੁੱਕੇ ਸਨ। ਇਹ ਸਨ: ਭਾਈ ਦਿਆਲ ਦਾਸ (11 ਨਵੰਬਰ 1675), ਭਾਈ ਦਾਨ ਸਿੰਘ (7 ਦਸੰਬਰ 1705), ਭਾਈ ਮਾਨ ਸਿੰਘ (2 ਅਪ੍ਰੈਲ 1708) ਅਤੇ ਛੋਟੇ: ਭਾਈ ਸੋਹਣ ਚੰਦ (20 ਮਾਰਚ 1691), ਲਹਿਣੂ (19 ਫ਼ਰਵਰੀ 1696), ਰਾਇ ਸਿੰਘ (29 ਦਸੰਬਰ 1705) ਅਤੇ ਹਠੀ ਚੰਦ (18 ਸਤੰਬਰ 1688)।

ਜਦੋਂ ਮੁਗਲ ਬਾਦਸ਼ਾਹ ਨੇ ਸਿੱਖਾਂ ਦਾ ਕਤਲੇਆਮ ਕਰਨ ਦਾ ਹੁਕਮ ਜਾਰੀ ਕੀਤਾ ਤਾਂ ਲਾਹੌਰ ਅਤੇ ਮੁਲਤਾਨ ਦੇ ਹਾਕਮਾਂ ਨੇ ਬਾਦਸ਼ਾਹ ਨੂੰ ਖ਼ੁਸ਼ ਕਰਨ ਵਾਸਤੇ ਛਾਪੇ ਮਾਰ ਕੇ ਥਾਂ-ਥਾਂ ਤੋਂ ਸਿੱਖ ਫੜਨੇ ਸ਼ੁਰੂ ਕਰ ਦਿੱਤੇ। ਇਸੇ ਸਿਲਸਿਲੇ ਵਿਚ ਅਲੀਪਰ (ਮੁਲਤਾਨ) ਤੋਂ ਭਾਈ ਰੂਪ ਸਿੰਘ ਪਰਮਾਰ, ਉਨ੍ਹਾਂ ਦੇ ਵੱਡੇ ਭਰਾ ਜੇਠਾ ਸਿੰਘ ਤੇ ਭਤੀਜੇ ਹਰੀ ਸਿੰਘ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਇਨ੍ਹਾਂ ਸਾਰਿਆਂ ਨੂੰ ਮੁਸਲਮਾਨ ਬਣਾਉਣ ਵਾਸਤੇ ਲਾਲਚ ਦਿੱਤੇ ਗਏ। ਪਰ ਇਸ ਸ਼ਹੀਦ ਪਰਿਵਾਰ ਤੋਂ ਅਜਿਹੀ ਆਸ ਰੱਖਣੀ ਬੇਵਕੂਫ਼ੀ ਸੀ। ਅਖ਼ੀਰ ਉਨ੍ਹਾਂ ਨੂੰ ਕਾਜ਼ੀ ਕੋਲ ਪੇਸ਼ ਕੀਤਾ ਗਿਆ। ਕਾਜ਼ੀ ਨੇ ਉਨ੍ਹਾਂ ਨੂੰ "ਇਸਲਾਮ ਜਾਂ ਮੌਤ" ਵਿਚੋਂ ਇਕ ਚੁਣਨ ਵਾਸਤੇ ਆਖਿਆ। ਉਨ੍ਹਾਂ ਨੇ ਮੌਤ ਕਬੂਲ ਕਰਨ ਨੂੰ ਤਰਜੀਹ ਦਿੱਤੀ। ਉਨ੍ਹਾਂ ਨੂੰ ਤਿੰਨ ਮਹੀਨੇ ਕੈਦ ਵਿਚ ਰੱਖ ਕੇ ਆਖ਼ਰਾਂ ਦੇ ਤਸੀਹੇ ਦਿੱਤੇ ਗਏ ਅਤੇ ਜਦੋਂ ਇਹ ਤਸੀਹੇ ਵੀ ਅਸਰ-ਅੰਦਾਜ਼ ਨਾ ਹੋਏ ਤਾਂ ਉਨ੍ਹਾਂ ਨੂੰ ਜਿਊਂਦੇ ਜ਼ਮੀਨ ਵਿਚ ਗੱਡ ਕੇ ਸ਼ਹੀਦ ਕਰ ਦਿੱਤਾ ਗਿਆ। ਆਪ ਦੀ ਸ਼ਹੀਦੀ ਬਾਰੇ "ਭੱਟ ਵਹੀ ਕਰਸਿੰਧੂ" ਦੇ ਸਫ਼ਾ 97 'ਤੇ ਜ਼ਿਕਰ ਮਿਲਦਾ ਹੈ।

(ਹੋਰ ਵੇਰਵੇ ਵਾਸਤੇ ਵੇਖੋ: **ਭਾਈ ਸਹਿਜ ਸਿੰਘ ਚੌਹਾਨ** ਅਤੇ "**ਭਾਈ ਜੇਠਾ ਸਿੰਘ ਪਰਮਾਰ**")

ਭਾਈ ਰੂਪ ਸਿੰਘ ਦੇ ਦੋ ਬੇਟੇ ਸਨ: ਭਾਈ ਦੇਸਾ ਸਿੰਘ ਤੇ ਭਾਈ ਭਗਵਾਨ ਸਿੰਘ। ਭਾਈ ਦੇਸਾ ਸਿੰਘ ਦੇ ਅਗੋਂ ਦੋ ਬੇਟੇ ਸਨ: ਭਾਈ ਲਛਮਣ ਸਿੰਘ ਤੇ ਕਈ ਸੁੱਖਾ ਸਿੰਘ। ਇਵੇਂ ਹੀ ਭਾਈ ਰੂਪ ਸਿੰਘ ਦੇ ਛੋਟੇ ਬੇਟੇ ਭਾਈ ਭਗਵਾਨ ਸਿੰਘ ਦੇ ਵੀ ਅਗੋਂ ਤਿੰਨ ਬੇਟੇ ਸਨ: ਭਾਈ ਗੁਰਬਖ਼ਸ਼ ਸਿੰਘ, ਸਾਧੂ ਸਿੰਘ ਅਤੇ ਗੇਂਦਾ ਸਿੰਘ। ਭਾਈ ਗੁਰਬਖ਼ਸ਼ ਸਿੰਘ ਦੇ ਅੱਗੋਂ ਛੇ ਬੇਟੇ ਸਨ: ਭਾਈ ਬੀਰ ਸਿੰਘ, ਭਾਈ ਜੀਤ ਸਿੰਘ, ਜੈ ਸਿੰਘ, ਮਹਿਤਾਬ ਸਿੰਘ, ਜੋਧ ਸਿੰਘ ਤੇ ਆਤੂ ਸਿੰਘ। ਇਨ੍ਹਾਂ ਦੇ ਅੱਗੋਂ ਪੁੱਤ, ਪੜਪੋਤੇ ਅਤੇ ਉਸ ਤੋਂ ਮਗਰੋਂ ਵੀ ਕਈ ਪੀੜ੍ਹੀਆਂ ਹੋ ਚੁੱਕੀਆਂ ਹਨ। ਇਨ੍ਹਾਂ ਵਿਚੋਂ ਕਈ ਪਰਿਵਾਰ ਅੱਜ ਵੀ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਕਲੀਚਪੁਰ ਵਿਚ ਰਹਿੰਦੇ ਹਨ। ਇਹ ਪਰਿਵਾਰ ਭਾਈ ਰੂਪ ਸਿੰਘ ਦੀ ਸ਼ਹੀਦੀ ਤੋਂ ਮਗਰੋਂ ਵੀ ਪੰਥ ਦੀ ਸੇਵਾ ਵਿਚ ਹਿੱਸਾ ਪਾਉਂਦੇ ਰਹੇ ਸਨ।

ਹੋਰ ਤਫ਼ਸੀਲ ਵਾਸਤੇ ਵੇਖੋ: **ਭਾਈ ਰੂਪ ਸਿੰਘ ਦਾ ਕੁਰਸੀਨਾਮਾ।"**

ਭਾਈ ਪ੍ਰਸੰਨ ਸਿੰਘ ਰਾਠੌਰ

11 ਅਕਤੂਬਰ 1711 ਦੇ ਦਿਨ ਸ਼ਹੀਦ ਹੋਣ ਵਾਲੇ ਧਰਮੀ ਸਿੰਘਾਂ ਵਿਚ ਭਾਈ ਪ੍ਰਸੰਨ ਸਿੰਘ ਰਾਠੌਰ ਵੀ ਸਨ।

ਭਾਈ ਪ੍ਰਸੰਨ ਸਿੰਘ ਸ਼ਹੀਦ ਭਾਈ ਅਜੀਤ ਸਿੰਘ (ਜੀਤਾ ਸਿੰਘ) ਦੇ ਪੁੱਤਰ ਭਾਈ ਤੇਗਾ ਦੇ ਪੋਤਰੇ ਅਤੇ ਸ਼ਹੀਦ ਭਾਈ ਸੁਖੀਆ ਮਾਂਡਨ ਦੇ ਪੜਪੋਤੇ ਸਨ। (ਭਾਈ ਸੁਖੀਆ ਮਾਂਡਨ ਭਾਈ ਮਨੀ ਸਿੰਘ ਦੇ ਸੱਕਾ ਫੁੱਫੜ ਸਨ)। ਭਾਈ ਪ੍ਰਸੰਨ ਸਿੰਘ ਦੇ ਪਿਤਾ ਭਾਈ ਅਜੀਤ ਸਿੰਘ ਤੇ ਚਾਚਾ ਭਾਈ ਨੇਤਾ ਸਿੰਘ ਨੇ 14 ਅਕਤੂਬਰ 1700 ਦੇ ਦਿਨ ਨਿਰਮੋਹਗੜ੍ਹ ਵਿਚ ਸ਼ਹੀਦੀ ਪਾਈ ਸੀ। ਭਾਈ ਪ੍ਰਸੰਨ ਸਿੰਘ ਦੇ ਵੱਡੇ ਤਾਇਆ ਭਾਈ ਬਜਰ ਸਿੰਘ (ਜਿਨ੍ਹਾਂ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਹਥਿਆਰ ਚਲਾਉਣ ਦੀ ਟਰੇਨਿੰਗ ਦਿੱਤੀ ਸੀ) ਚਪੜ-ਚਿੜੀ ਦੀ ਲੜਾਈ ਵਿਚ 13 ਮਈ 1710 ਦੇ ਦਿਨ ਸ਼ਹੀਦ ਹੋਏ ਸਨ। ਭਾਈ ਬਜਰ ਸਿੰਘ ਦੀ ਬੇਟੀ ਬੀਬੀ ਭਿੱਖਾਂ 6 ਦਸੰਬਰ 1705 ਦੇ ਦਿਨ ਝੱਖੀਆਂ ਪਿੰਡ ਦੀ ਜੂਹ ਵਿਚ ਸ਼ਹੀਦ ਹੋ ਚੁੱਕੀ ਸੀ। ਇੰਞ ਹੀ ਭਾਈ ਪ੍ਰਸੰਨ ਸਿੰਘ ਦੇ ਵੱਡੇ ਭਰਾ ਭਾਈ ਹਿੰਮਤ ਸਿੰਘ ਨੇ 13 ਅਕਤੂਬਰ 1700 ਦੇ ਦਿਨ ਨਿਰਮੋਹਗੜ੍ਹ ਵਿਚ ਸ਼ਹੀਦੀ ਜਾਮ ਪੀਤਾ ਸੀ। ਭਾਈ ਪ੍ਰਸੰਨ ਸਿੰਘ ਦੇ ਦੋ ਛੋਟੇ ਭਰਾ ਭਾਈ ਮੋਹਰ ਸਿੰਘ ਤੇ ਸੇਵਾ ਸਿੰਘ 14 ਅਕਤੂਬਰ 1700 ਦੇ ਦਿਨ ਨਿਰਮੋਹਗੜ੍ਹ ਵਿਚ ਸ਼ਹੀਦੀ ਪਾ ਚੁੱਕੇ ਸਨ।

ਉਨ੍ਹਾਂ ਦਾ ਇਕ ਛੋਟਾ ਭਰਾ ਭਾਈ ਮਾਨ ਸਿੰਘ 17 ਮਾਰਚ 1707 ਦੇ ਦਿਨ ਬਘੌਰ ਵਿਚ ਸ਼ਹੀਦ ਹੋਇਆ ਸੀ। ਇੰਞ ਇਸ ਪਰਿਵਾਰ ਵਿਚੋਂ ਘੱਟੋ-ਘੱਟ 9 ਜਣੇ 1710 ਤੱਕ ਸ਼ਹੀਦ ਹੋ ਚੁੱਕੇ ਸਨ।

10 ਦਸੰਬਰ 1710 ਦੇ ਦਿਨ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੇ ਸਿੱਖਾਂ ਦੇ ਕਤਲੇਆਮ ਦਾ ਹੁਕਮ ਜਾਰੀ ਕੀਤਾ ਸੀ। ਇਸ ਹੁਕਮ ਦੀ ਤਾਮੀਲ ਵਜੋਂ ਕੁਝ ਮੁਗ਼ਲ ਹਾਕਮ ਸਿੱਖਾਂ ਦਾ ਖੁਰਾ-ਖੋਜ ਲਭਦੇ ਰਹਿੰਦੇ ਸਨ। ਅਜਿਹੀ ਹੀ ਇਕ ਮੁਹਿੰਮ ਵਿਚ ਇਕ ਮੁਗ਼ਲ ਅਫ਼ਸਰ ਨੇ ਮੁਲਤਾਨ ਦੇ ਆਲੇ-ਦੁਆਲੇ ਛਾਪੇ ਮਾਰ ਕੇ ਚਾਲ੍ਹੀ ਦੇ ਕਰੀਬ ਸਿੱਖ ਗ੍ਰਿਫ਼ਤਾਰ ਕੀਤੇ ਸਨ। ਇਨ੍ਹਾਂ ਵਿਚ ਭਾਈ ਪ੍ਰਸੰਨ ਸਿੰਘ ਅਤੇ ਉਸ ਦੇ ਦੋ ਛੋਟੇ ਵੀਰ ਭਾਈ ਅਨੂਪ ਸਿੰਘ, ਤੇ ਭਾਈ ਕੇਹਰ ਸਿੰਘ ਵੀ ਸਨ।

ਇਨ੍ਹਾਂ ਸਾਰਿਆਂ ਨੂੰ ਗ੍ਰਿਫ਼ਤਾਰ ਕਰ ਕੇ ਮੁਸਲਮਾਨ ਬਣਾਉਣ ਦੀ ਕੋਸ਼ਿਸ਼ ਹੇਠ ਕਈ ਲਾਲਚ ਦਿੱਤੇ ਅਤੇ ਫਿਰ ਤਸੀਹੇ ਦਿੱਤੇ ਗਏ। ਜਦੋਂ **ਗੁਰੂ ਦੇ ਸ਼ੇਰ** ਧਰਮ ਛੱਡਣ

ਵਾਸਤੇ ਤਿਆਰ ਨਾ ਹੋਏ ਤਾਂ ਤਿੰਨ ਮਹੀਨੇ ਘੋਰ ਤਸੀਹੇ ਦੇਣ ਮਗਰੋਂ ਉਨ੍ਹਾਂ ਨੂੰ ਆਲੋਵਾਲ (ਲਾਹੌਰ ਜ਼ਿਲ੍ਹਾ) ਦੇ ਬਾਹਰ ਜ਼ਮੀਨ ਵਿਚ ਜਿਊਂਦਿਆਂ ਦੱਬ ਦਿੱਤਾ ਗਿਆ।

ਭਾਈ ਪ੍ਰਸੰਨ ਸਿੰਘ ਸ਼ਾਦੀ-ਸ਼ੁਦਾ ਸਨ। ਉਨ੍ਹਾਂ ਦੇ ਚਾਰ ਬੇਟੇ ਸਨ: ਭਾਈ ਜੇਠਾ ਸਿੰਘ, ਭਾਈ ਕਿਰਪਾ ਸਿੰਘ, ਭਾਈ ਅਮੀਰ ਸਿੰਘ, ਤੇ ਭਾਈ ਬੀਬਾ ਸਿੰਘ।

ਇਨ੍ਹਾਂ ਵਿਚੋਂ ਭਾਈ ਅਮੀਰ ਸਿੰਘ ਦੇ ਅੱਗੋਂ ਦੋ ਬੇਟੇ ਸਨ: ਭਾਈ ਸੰਗਤ ਸਿੰਘ ਤੇ ਭਾਈ ਗੁਰਦਿੱਤ ਸਿੰਘ। ਭਾਈ ਸੰਗਤ ਸਿੰਘ ਦੇ ਚਾਰ ਬੇਟੇ ਸਨ: ਭਾਈ ਘਸੀਟਾ ਸਿੰਘ, ਭਾਈ ਜਵਾਹਰ ਸਿੰਘ, ਭਾਈ ਬੂਟਾ ਸਿੰਘ ਅਤੇ ਭਾਈ ਮਹਾਂ ਸਿੰਘ। ਸਭ ਤੋਂ ਵੱਡੇ ਭਾਈ ਘਸੀਟਾ ਸਿੰਘ ਦੇ ਛੇ ਬੇਟੇ ਸਨ: ਭਾਈ ਨੱਥਾ ਸਿੰਘ, ਭਾਈ ਹਾਕਮ ਸਿੰਘ, ਭਾਈ ਨੈਣਾ ਸਿੰਘ, ਭਾਈ ਕੱਥਾ ਸਿੰਘ, ਭਾਈ ਦਿਆਲ ਸਿੰਘ ਅਤੇ ਭਾਈ ਨਾਨਕ ਸਿੰਘ। ਇਨ੍ਹਾਂ ਵਿਚੋਂ ਅੱਗੋਂ ਹੋਰ ਵੀ ਦੋ ਤਿੰਨ ਪੀੜ੍ਹੀਆਂ ਹੋ ਚੁੱਕੀਆਂ ਹਨ। ਇਨ੍ਹਾਂ ਪਰਿਵਾਰਾਂ ਵਿਚੋਂ ਕਈ ਘਰ ਇਸ ਵਕਤ ਪਟਿਆਲਾ ਸ਼ਹਿਰ ਵਿਚ ਰਹਿ ਰਹੇ ਹਨ। ਇਹ ਲੋਕ 1947 ਵਿਚ ਪੱਛਮੀ ਪੰਜਾਬ ਤੋਂ ਇੱਥੇ ਆ ਵਸੇ ਸਨ।

ਆਲੋਵਾਲ ਦੀਆਂ ਸ਼ਹੀਦੀਆਂ ਬਾਰੇ ਹੋਰ ਵੇਰਵੇ ਵਾਸਤੇ ਵੇਖੋ: **''ਭਾਈ ਸਹਿਜ ਸਿੰਘ ਚੌਹਾਨ''।**

ਇਸ ਪਰਿਵਾਰ ਬਾਰੇ ਹੋਰ ਤਫ਼ਸੀਲ ਵਾਸਤੇ ਵੇਖੋ:

''ਭਾਈ ਜੀਤਾ ਸਿੰਘ ਦਾ ਕੁਰਸੀਨਾਮਾ''

ਭਾਈ ਅਨੂਪ ਸਿੰਘ ਰਾਠੌਰ, ਭਾਈ ਕਿਹਰ ਸਿੰਘ ਰਾਠੌਰ

ਭਾਈ ਅਨੂਪ ਸਿੰਘ ਤੇ ਉਨ੍ਹਾਂ ਦੇ ਨਿੱਕੇ ਵੀਰ ਭਾਈ ਕਿਹਰ ਸਿੰਘ 11 ਅਕਤੂਬਰ 1711 ਦੇ ਦਿਨ ਆਲੋਵਾਲ ਵਿਚ 38 ਹੋਰ ਸਿੰਘਾਂ ਨਾਲ ਸ਼ਹੀਦ ਕੀਤੇ ਗਏ ਸਨ।

ਭਾਈ ਅਨੂਪ ਸਿੰਘ ਅਤੇ ਭਾਈ ਕਿਹਰ ਸਿੰਘ ਭਾਈ ਅਜੀਤ ਸਿੰਘ ਦੇ ਬੇਟੇ, ਭਾਈ ਤੇਗਾ ਦੇ ਪੋਤਰੇ ਅਤੇ ਸ਼ਹੀਦ ਭਾਈ ਸੁਖੀਆ ਮਾਂਡਨ ਦੇ ਪੜਪੋਤੇ ਸਨ। ਇਹ ਸਿੰਘ ਰਾਠੌਰ ਰਾਜਪੂਤ ਖ਼ਾਨਦਾਨ ਨਾਲ ਸਬੰਧ ਰੱਖਦੇ ਸਨ। ਇਨ੍ਹਾਂ ਦੇ ਪਰਿਵਾਰ ਵਿਚੋਂ ਘੱਟੋ-ਘੱਟ 9 ਜਣੇ 1710 ਤੱਕ ਸ਼ਹੀਦੀਆਂ ਪਾ ਚੁੱਕੇ ਸਨ।

ਮੁਗਲ ਬਾਦਸ਼ਾਹ ਬਹਾਦਰ ਸ਼ਾਹ ਦੇ ਹੁਕਮ 'ਤੇ ਇਨ੍ਹਾਂ ਨੂੰ ਇਨ੍ਹਾਂ ਦੇ ਵੱਡੇ ਭਰਾ ਪ੍ਰਸੰਨ ਸਿੰਘ ਦੇ ਨਾਲ ਗ੍ਰਿਫਤਾਰ ਕੀਤਾ ਗਿਆ। ਇਨ੍ਹਾਂ ਨੂੰ ਮੁਸਲਮਾਨ ਬਣਾਉਣ ਵਾਸਤੇ ਲਾਲਚ ਦਿੱਤੇ ਗਏ ਪਰ ਜਦੋਂ ਇਨ੍ਹਾਂ ਨੇ ਧਰਮ ਛੱਡਣ ਤੋਂ ਨਾਂਹ ਕਰ ਦਿੱਤੀ ਤਾਂ ਇਨ੍ਹਾਂ ਨੂੰ ਤਸੀਹੇ ਦੇਣੇ ਸ਼ੁਰੂ ਕਰ ਦਿੱਤੇ ਗਏ। ਜਦੋਂ ਲਗਾਤਾਰ ਤਿੰਨ ਮਹੀਨੇ ਦੇ ਘੋਰ ਤਸੀਹੇ ਵੀ ਉਨ੍ਹਾਂ ਨੂੰ ਡੁਲ੍ਹਾ ਨਾ ਸਕੇ ਤਾਂ ਉਨ੍ਹਾਂ ਨੂੰ ਆਲੋਵਾਲ ਦੇ ਬਾਹਰ ਜਿਊਂਦਿਆਂ ਨੂੰ ਹੀ ਜ਼ਮੀਨ ਵਿਚ ਗੱਡ ਕੇ ਮਾਰ ਦਿੱਤਾ ਗਿਆ। ਆਪ ਦੇ ਨਾਲ ਆਪ ਦੇ ਵੱਡੇ ਭਰਾ ਭਾਈ ਪ੍ਰਸੰਨ ਸਿੰਘ ਵੀ ਸਨ।

ਹੋਰ ਤਫ਼ਸੀਲ ਵਾਸਤੇ ਵੇਖੋ: **''ਭਾਈ ਪ੍ਰਸੰਨ ਸਿੰਘ ਰਾਠੌਰ,'' ''ਭਾਈ ਸਹਿਜ ਸਿੰਘ ਚੌਹਾਨ'' ਅਤੇ ''ਭਾਈ ਜੀਤਾ ਸਿੰਘ ਦਾ ਕੁਰਸੀਨਾਮਾ।''**

ਭਾਈ ਚੰਨਣ ਸਿੰਘ

11 ਅਕਤੂਬਰ 1711 ਦੇ ਦਿਨ ਸ਼ਹੀਦ ਹੋਣ ਵਾਲਿਆਂ ਵਿਚ ਭਾਈ ਚੰਨਣ ਸਿੰਘ ਵੀ ਸ਼ਾਮਿਲ ਸਨ।

ਭਾਈ ਚੰਨਣ ਸਿੰਘ ਭਾਈ ਮਾਨ ਸਿੰਘ ਰਾਠੌਰ (ਸ਼ਹੀਦੀ ਬਘੌਰ 17 ਮਾਰਚ 1707) ਦੇ ਬੇਟੇ ਭਾਈ ਅਜੀਤ ਸਿੰਘ ਦੇ ਪੋਤੇ ਅਤੇ ਭਾਈ ਰਾਮਾ ਦੇ ਪੜਪੋਤੇ ਸਨ। ਭਾਈ ਰਾਮਾ ਦੇ ਪਿਤਾ ਭਾਈ ਸੁਖੀਆ ਮਾਂਡਨ 16 ਦਸੰਬਰ 1634 ਦੇ ਦਿਨ ਮਹਿਰਾਜ ਵਿਚ ਸ਼ਹੀਦ ਹੋਏ ਸਨ।

ਇਸ ਦਿਨ, 11 ਅਕਤੂਬਰ 1711 ਨੂੰ, ਭਾਈ ਚੰਨਣ ਸਿੰਘ ਨੂੰ ਧਰਮ ਨਾ ਛੱਡਣ ਬਦਲੇ ਜਿਊਂਦਿਆਂ ਜ਼ਮੀਨ ਵਿਚ ਗੱਡ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਉਸ ਦੇ ਨਾਲ ਹੀ ਉਸਦੇ ਤਿੰਨ ਤਾਏ ਪ੍ਰਸੰਨ ਸਿੰਘ, ਅਨੂਪ ਸਿੰਘ ਤੇ ਕੇਹਰ ਸਿੰਘ) ਵੀ ਸ਼ਹੀਦ ਕੀਤੇ ਗਏ ਸਨ। ਇਸ ਪਰਿਵਾਰ ਨੇ 1700 ਤੋਂ 1711 ਤੱਕ ਘਟੋ ਘੱਟ 13 ਸ਼ਹੀਦੀਆਂ ਦਿੱਤੀਆਂ ਸਨ।

ਹੋਰ ਤਫ਼ਸੀਲ ਵਾਸਤੇ ਦੇਖੋ:-

''ਭਾਈ ਸਹਿਜ ਸਿੰਘ ਚੌਹਾਨ'' ''ਭਾਈ ਪ੍ਰਸੰਨ ਸਿੰਘ ਰਾਠੌਰ'' ਅਤੇ *''ਭਾਈ ਜੀਤਾ ਸਿੰਘ ਦਾ ਕੁਰਸੀਨਾਮਾ''।*

ਭਾਈ ਧਰਮ ਸਿੰਘ

ਭਾਈ ਧਰਮ ਸਿੰਘ ਨੇ 11 ਅਕਤੂਬਰ 1711 ਦੇ ਦਿਨ ਆਲੋਵਾਲ ਵਿਖੇ ਸ਼ਹੀਦੀ ਜਾਮ ਪੀਤਾ ਸੀ।

ਭਾਈ ਧਰਮ ਸਿੰਘ ਭਾਈ ਛਬੀਲਾ ਦੇ ਬੇਟੇ, ਭਾਈ ਚੰਦਾ ਦੇ ਪੋਤੇ ਅਤੇ ਭਾਈ ਲੱਧਾ ਦੇ ਪੜਪੋਤੇ ਸਨ। ਪ੍ਰੋ: ਪਿਆਰਾ ਸਿੰਘ ਪਦਮ (ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰੀ ਰਤਨ ਸਫ਼ਾ 187-88, ਐਡੀਸ਼ਨ 1994) ਮੁਤਾਬਿਕ ਇਸ ਖ਼ਾਨਦਾਨ ਦਾ ਕਹਿਣਾ ਹੈ ਕਿ ਭਾਈ ਧਰਮ ਸਿੰਘ ਨੂੰ ਉਨ੍ਹਾਂ ਦੇ ਭਰਾ ਭਾਈ ਜੇਠਾ ਸਿੰਘ ਦੇ ਨਾਲ ਹੀ ਪਿੰਡ ਖੈਰਪੁਰ ਸਾਦਾਤ (ਜ਼ਿਲ੍ਹਾ ਮੁਜ਼ੱਫਰਗੜ੍ਹ) ਵਿਚੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਇਹ ਗ੍ਰਿਫ਼ਤਾਰੀਆਂ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਵੱਲੋਂ ਸਿੱਖਾਂ ਦਾ ਕਤਲੇਆਮ ਕਰਨ ਦੇ ਹੁਕਮ ਦੀ ਤਾਮੀਲ ਵਜੋਂ ਕੀਤੀਆਂ ਗਈਆਂ ਸਨ।

ਬਾਕੀ 39 ਸਿੱਖਾਂ ਵਾਂਗ ਭਾਈ ਧਰਮ ਸਿੰਘ ਨੂੰ ਵੀ 'ਇਸਲਾਮ ਜਾਂ ਮੌਤ' ਵਿਚੋਂ ਇਕ ਦੀ ਚੋਣ ਕਰਨ ਵਾਸਤੇ ਆਖਿਆ ਗਿਆ। ਭਾਈ ਧਰਮ ਸਿੰਘ ਨੇ ਜਾਨ ਪਿਆਰੀ ਜਾਣ ਕੇ ਧਰਮ ਛੱਡਣ ਤੋਂ ਨਾਂਹ ਕਰ ਦਿੱਤੀ। ਇਸ ਕਰ ਕੇ ਤਿੰਨ ਮਹੀਨੇ ਦੇ ਤਸੀਹਿਆਂ ਮਗਰੋਂ ਉਨ੍ਹਾਂ ਨੂੰ ਵੀ ਜ਼ਮੀਨ ਵਿਚ ਜ਼ਿੰਦਾ ਗੱਡ ਕੇ ਸ਼ਹੀਦ ਕਰ ਦਿੱਤਾ ਗਿਆ।

ਪ੍ਰੋ: ਪਦਮ ਮੁਤਾਬਿਕ ਇਸ ਖ਼ਾਨਦਾਨ ਦਾ ਕਹਿਣਾ ਹੈ ਕਿ ਭਾਈ ਧਰਮ ਸਿੰਘ ਅਨੰਦਪੁਰ ਸਾਹਿਬ ਵਿਚ ਰਹਿੰਦਿਆਂ ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਪੜ੍ਹਾਉਂਦੇ ਵੀ ਰਹੇ ਸਨ। ਇਨ੍ਹਾਂ ਮੁਤਾਬਿਕ ਇਨ੍ਹਾਂ ਦਾ ਇਕ ਬੇਟਾ ਭਾਈ ਭਗਤ ਸਿੰਘ ਸੀ। ਇਨ੍ਹਾਂ ਦਾ ਕਹਿਣਾ ਹੈ ਕਿ ਇਹ ਉਹੀ ਭਗਤ ਸਿੰਘ ਹੈ ਜਿਸ ਬਾਰੇ **ਗੁਰ ਬਿਲਾਸ ਪਾਤਸ਼ਾਹੀ ਛੇਵੀਂ** ਦਾ ਲੇਖਕ ਇਹ ਆਖਦਾ ਹੈ ਕਿ ਉਸ (ਭਗਤ ਸਿੰਘ) ਨੇ ਭਾਈ ਮਨੀ ਸਿੰਘ ਤੋਂ ਸਿੱਖ ਇਤਿਹਾਸ ਦੀ ਕਥਾ ਸੁਣੀ ਸੀ ਅਤੇ ਉਸੇ ਦੇ ਆਧਾਰ 'ਤੇ **ਗੁਰੂ ਬਿਲਾਸ ਪਾਤਸ਼ਾਹੀ ਛੇਵੀਂ** ਲਿਖਿਆ ਗਿਆ ਸੀ। ਇਨ੍ਹਾਂ ਮੁਤਾਬਿਕ ਇਸੇ ਧਰਮ ਸਿੰਘ ਨੇ ਪੰਚ-ਤੰਤ੍ਰ, ਕੋਕ ਸੰਵਾਦ, ਕਥਾ ਰਾਜਾ ਭਰਥਰੀ ਹਰੀ ਕਿਤਾਬਾਂ ਵੀ ਲਿਖੀਆਂ ਸਨ।

ਹੋਰ ਤਫ਼ਸੀਲ ਵਾਸਤੇ ਵੇਖੋ: ***ਭਾਈ ਸਹਿਜ ਸਿੰਘ ਚੌਹਾਨ।***

ਭਾਈ ਕੇਸੋ ਸਿੰਘ

ਭਾਈ ਕੇਸੋ ਸਿੰਘ ਨੂੰ 28 ਦਸੰਬਰ 1711 ਦੇ ਦਿਨ ਬਿਲਾਸਪੁਰ ਦੀ ਲੜਾਈ ਵਿਚ ਸ਼ਹੀਦੀ ਹਾਸਿਲ ਹੋਈ ਸੀ।

ਭਾਈ ਕੇਸੋ ਸਿੰਘ ਸ਼ਹੀਦ ਭਾਈ ਚਿਤਰ ਸਿੰਘ ਪਰਮਾਰ ਦੇ ਪੁੱਤਰ ਸ਼ਹੀਦ ਭਾਈ ਮਨੀ ਸਿੰਘ ਦੇ ਪੋਤੇ ਅਤੇ ਭਾਈ ਮਾਈ ਦਾਸ ਦੇ ਪੜਪੋਤੇ ਸਨ। ਆਪ ਭਾਈ ਚਿਤਰ ਸਿੰਘ ਦੇ ਚੋਹਾਂ ਪੁੱਤਰਾਂ (ਕੇਸੋ ਸਿੰਘ, ਸੈਣਾ ਸਿੰਘ, ਗਰਜਾ ਸਿੰਘ, ਹਾਠੂ ਸਿੰਘ) ਵਿਚੋਂ ਸਭ ਤੋਂ ਵੱਡੇ ਸਨ। ਭਾਈ ਚਿਤਰ ਸਿੰਘ ਨੇ ਆਪਣੀ ਉਮਰ ਦਾ ਕਾਫ਼ੀ ਹਿੱਸਾ ਅਨੰਦਪੁਰ ਸਾਹਿਬ ਵਿਚ ਬਿਤਾਇਆ ਸੀ। ਇਸ ਕਰ ਕੇ ਭਾਈ ਕੇਸੋ ਸਿੰਘ ਵੀ ਅਕਸਰ ਉੱਥੇ ਰਿਹਾ ਕਰਦੇ ਸਨ। ਭਾਈ ਕੇਸੋ ਸਿੰਘ ਨੇ ਅਨੰਦਪੁਰ ਸਾਹਿਬ ਵਿਚ ਹੀ ਖੰਡੇ ਦੀ ਪਾਹੁਲ ਹਾਸਿਲ ਕੀਤੀ। ਉਨ੍ਹਾਂ ਨੇ ਆਪਣੇ ਪਿਤਾ ਤੋਂ ਤੀਰ, ਖੰਡਾ ਅਤੇ ਸ੍ਰੀ ਸਾਹਿਬ ਚਲਾਉਣ ਦੇ ਨਾਲ-ਨਾਲ ਘੋੜਸਵਾਰੀ ਵੀ ਸਿੱਖੀ।

ਜਦੋਂ ਅਨੰਦਪੁਰ ਸਾਹਿਬ ਨੂੰ ਘੇਰਾ ਪਿਆ ਉਦੋਂ ਭਾਈ ਕੇਸੋ ਸਿੰਘ ਆਪਣੇ ਪਿੰਡ ਅਲੀਪੁਰ (ਜ਼ਿਲ੍ਹਾ ਮੁਜ਼ੱਫ਼ਰਗੜ੍ਹ) ਵਿਚ ਸਨ। ਇਸ ਕਰ ਕੇ ਉਹ ਅਨੰਦਪੁਰ ਦੀ ਲੜਾਈ ਵਿਚ ਆਪਣੇ ਜੌਹਰ ਨਾ ਦਿਖਾ ਸਕੇ। ਜਦੋਂ ਬੰਦਾ ਸਿੰਘ ਬਹਾਦਰ ਨੇ ਪੰਜਾਬ ਦੀ ਆਜ਼ਾਦੀ ਦੀ ਜਦੋਜਹਿਦ ਸ਼ੁਰੂ ਕੀਤੀ ਤਾਂ ਭਾਈ ਕੇਸੋ ਸਿੰਘ ਵੀ ਅਲੀਪੁਰ ਤੋਂ ਆ ਕੇ ਉਸ ਦੇ ਨਾਲ ਸ਼ਾਮਿਲ ਹੋ ਗਏ।

1710 ਦੀ ਅਕਤੂਬਰ ਤੱਕ ਖ਼ਾਲਸਾ ਫ਼ੌਜਾਂ ਨੇ ਜਮਨਾ ਤੋਂ ਰਾਵੀ ਦਰਿਆਵਾਂ ਵਿਚਕਾਰਲੇ ਇਲਾਕੇ 'ਤੇ ਖ਼ਾਲਸਾ ਰਾਜ ਕਾਇਮ ਕਰ ਲਿਆ ਸੀ। ਜਦੋਂ ਬਹਾਦਰ ਸ਼ਾਹ ਬਾਦਸ਼ਾਹ ਨੂੰ ਇਸ ਦੀ ਖ਼ਬਰ ਮਿਲੀ ਤਾਂ ਉਹ ਇਕ ਬੜੀ ਵੱਡੀ ਫ਼ੌਜ ਲੈ ਕੇ ਪੰਜਾਬ ਵੱਲ ਚਲ ਪਿਆ। ਉਸ ਦੇ ਲੱਖਾਂ ਸਿਪਾਹੀਆਂ ਦਾ ਮੁਕਾਬਲਾ ਕੁਝ ਹਜ਼ਾਰ ਸਿੱਖ ਨਾ ਕਰ ਸਕੇ। ਉਹ ਅਕਤੂਬਰ ਵਿਚ ਸੋਨੀਪਤ ਜਿੱਤਣ ਮਗਰੋਂ ਨਵੰਬਰ ਦੇ ਤੀਜੇ ਹਫ਼ਤੇ ਵਿਚ ਸਰਹਿੰਦ ਤੱਕ ਪਹੁੰਚ ਗਿਆ। ਸਰਹਿੰਦ ਸਿੱਖਾਂ ਹਥੋਂ 20 ਨਵੰਬਰ 1710 ਨੂੰ ਨਿਕਲ ਗਿਆ। ਇਸ ਮਗਰੋਂ ਬਾਬਾ ਬੰਦਾ ਸਿੰਘ ਅਤੇ ਬੱਚੇ-ਖੁਚੇ ਸਿੱਖ ਮੁਖ਼ਲਸਪੁਰ "ਕਿਲ੍ਹਾ ਲੋਹਗੜ੍ਹ" ਨੂੰ ਚਲੇ ਗਏ। ਇਧਰ ਬਹਾਦਰ ਸ਼ਾਹ ਨੇ ਆਪਣੀਆਂ ਫ਼ੌਜਾਂ ਨੂੰ ਮੁਖ਼ਲਸਪੁਰ ਵੱਲੋਂ ਟੋਰ ਦਿੱਤਾ। 30 ਨਵੰਬਰ 1710 ਦੇ ਦਿਨ ਬਹਾਦਰ ਸ਼ਾਹ ਦੀਆਂ ਫ਼ੌਜਾਂ ਨੇ ਤਿੰਨ ਪਾਸਿਓਂ ਕਿਲ੍ਹੇ ਨੂੰ ਘੇਰਾ ਪਾ ਲਿਆ। ਇਸ ਮੌਕੇ 'ਤੇ ਬਾਬਾ ਬੰਦਾ ਸਿੰਘ ਬਚ ਕੇ ਪਹਾੜਾਂ ਵਲ ਨਿਕਲ ਗਏ। ਪਿੱਛੋਂ ਮੁਗ਼ਲ ਫ਼ੌਜ ਨੇ ਉਨ੍ਹਾਂ ਦੀ ਸ਼ਕਲ ਦੇ ਭਾਈ

ਗੁਲਾਬ ਸਿੰਘ (ਗੁਲਾਬੂ) ਨੂੰ ਗ੍ਰਿਫ਼ਤਾਰ ਕਰ ਲਿਆ ਤੇ ਉਨ੍ਹਾਂ ਨੂੰ ਦਿੱਲੀ ਲੈ ਗਏ।

ਕਿਲਾ ਲੋਹਗੜ੍ਹ ਵਿਚੋਂ ਨਿਕਲਣ ਤੋਂ ਮਗਰੋਂ ਬਾਬਾ ਬੰਦਾ ਸਿੰਘ ਨੇ ਸਿੱਖ ਫ਼ੌਜਾਂ ਨੂੰ ਨਾਲ ਲੈ ਕੇ ਫੇਰ ਜਥੇਬੰਦ ਕੀਤਾ। ਇਕ ਸਾਲ ਮਗਰੋਂ ਉਸ ਨੇ ਬਿਲਾਸਪੁਰ ਵੱਲ ਕੂਚ ਕਰ ਦਿੱਤਾ। ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਨੇ ਸਿੱਖਾਂ ਨਾਲ ਬੜਾ ਧੱਕਾ ਕੀਤਾ ਸੀ। ਗੁਰੂ ਸਾਹਿਬ ਤੋਂ ਅਨੰਦਪੁਰ ਛੁਡਾਉਣ ਵਾਲਾ ਵੀ ਇਹੀ ਰਾਜਾ ਅਜਮੇਰ ਚੰਦ ਸੀ। ਬਾਬਾ ਬੰਦਾ ਸਿੰਘ ਉਸ ਨੂੰ ਸਬਕ ਸਿਖਾਉਣਾ ਚਾਹੁੰਦੇ ਸਨ। ਉਧਰ ਅਜਮੇਰ ਚੰਦ ਵੀ ਅਜੇ ਆਕੜ ਵਿਚ ਸੀ। ਉਹ ਸੋਚਦਾ ਸੀ ਕਿ ਜੇ ਮੈਂ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਅਨੰਦਪੁਰ ਸਾਹਿਬ ਛੱਡਣ 'ਤੇ ਮਜਬੂਰ ਕਰ ਸਕਦਾ ਹਾਂ ਤਾਂ ਇਸ ਸਿੱਖ ਫ਼ੌਜ ਦਾ ਕੀ ਹੈ? ਇਸ ਕਰ ਕੇ ਉਸ ਨੇ ਬਾਬਾ ਬੰਦਾ ਸਿੰਘ ਦੇ ਕੂਚ ਦੀ ਖ਼ਬਰ ਮਿਲਦਿਆਂ ਹੀ ਆਪਣੀ ਫ਼ੌਜ ਇਕੱਠੀ ਕਰ ਲਈ ਅਤੇ ਬਿਲਾਸਪੁਰ ਸ਼ਹਿਰ ਤੋਂ ਬਾਹਰ ਬਰਸਾਣਾਂ ਨਦੀ ਦੇ ਕੰਢੇ 'ਤੇ ਆ ਗਿਆ। ਇਹ ਗੱਲ 28 ਦਸੰਬਰ 1711 ਦੀ ਹੈ। ਉਸ ਦਿਨ ਸਿੱਖਾਂ ਅਤੇ ਪਹਾੜੀਆਂ ਵਿਚ ਬੜੀ ਕਹਿਰ ਦੀ ਲੜਾਈ ਹੋਈ। ਪਹਾੜੀ ਰਾਜਪੂਤਾਂ ਦੇ ਮੁਕਾਬਲੇ ਵਿਚ ਸਿੱਖ ਰਾਜਪੂਤ ਤੇ ਹੋਰ ਦੂਜੇ ਸਿੱਖ ਜੀਅ-ਜਾਨ ਤੋਂ ਲੜੇ। ਇਸ ਲੜਾਈ ਵਿਚ ਪਹਾੜੀਆਂ ਦਾ ਬੜਾ ਨੁਕਸਾਨ ਹੋਇਆ। ਸੈਂਕੜੇ ਪਹਾੜੀ ਸਿਪਾਹੀ ਮਾਰੇ ਗਏ। ਅਖ਼ੀਰ ਉਨ੍ਹਾਂ ਨੇ ਹਥਿਆਰ ਸੁੱਟ ਦਿੱਤੇ। ਅਜਮੇਰ ਚੰਦ ਨੇ ਮੁਆਫ਼ੀ ਵੀ ਮੰਗੀ ਅਤੇ ਖਰਾਜ ਦੇਣਾ ਵੀ ਮਨਜ਼ੂਰ ਕੀਤਾ।

ਬਿਲਾਸਪੁਰ ਦੀ ਇਸ ਲੜਾਈ ਵਿਚ ਕੁਝ ਸਿੰਘਾਂ ਨੇ ਵੀ ਸ਼ਹੀਦੀ ਜਾਮ ਪੀਤੇ। ਇਨ੍ਹਾਂ ਵਿਚ ਭਾਈ ਕੇਸੋ ਸਿੰਘ ਵੀ ਇਕ ਸੀ। ਭਾਈ ਕੇਸੋ ਸਿੰਘ ਦੀ ਸ਼ਹੀਦੀ ਦਾ ਜ਼ਿਕਰ **''ਭੱਟ ਵਹੀ ਤਲਉਂਢਾ''** ਅਤੇ **''ਭੱਟ ਵਹੀ ਭਾਦਸੋਂ, ਪਰਗਨਾ ਥਾਨੇਸਰ''** ਵਿਚ ਮਿਲਦਾ ਹੈ।

ਹੋਰ ਤਫ਼ਸੀਲ ਵਾਸਤੇ ਵੇਖੋ:

''ਭਾਈ ਚਿਤਰ ਸਿੰਘ ਦਾ ਕੁਰਸੀਨਾਮਾ''।

ਭਾਈ ਬਾਘ ਸਿੰਘ

ਭਾਈ ਬਾਘ ਸਿੰਘ ਨੇ 28 ਦਸੰਬਰ 1711 ਦੇ ਦਿਨ ਬਿਲਾਸਪੁਰ ਦੀ ਲੜਾਈ ਵਿਚ ਸ਼ਹੀਦੀ ਜਾਮ ਪੀਤਾ ਸੀ।

ਭਾਈ ਬਾਘ ਸਿੰਘ ਸ਼ਹੀਦ ਭਾਈ ਊਦੈ ਸਿੰਘ ਦੇ ਬੇਟੇ, ਸ਼ਹੀਦ ਭਾਈ ਮਨੀ ਸਿੰਘ ਦੇ ਪੋਤੇ ਅਤੇ ਭਾਈ ਮਾਈ ਦਾਸ ਦੇ ਪੜਪੋਤੇ ਸਨ। ਉਹ ਭਾਈ ਊਦੈ ਸਿੰਘ ਦੇ ਸੱਤਾਂ ਪੁੱਤਰਾਂ ਵਿਚੋਂ ਛੇਵੇਂ ਥਾਂ 'ਤੇ ਸਨ। ਆਪਣੀ ਸ਼ਹੀਦੀ ਵੇਲੇ ਉਨ੍ਹਾਂ ਦੀ ਉਮਰ ਬੜੀ ਥੋੜ੍ਹੀ ਸੀ। ਉਹ ਅਜੇ ਮਸ-ਫੁਟ ਜਵਾਨ ਹੀ ਸਨ। ਉਹ ਆਪਣੇ ਪਿਤਾ ਨੂੰ ਮਿਲਣ ਅਨੰਦਪੁਰ ਸਾਹਿਬ ਅਕਸਰ ਆਉਂਦੇ ਰਹਿੰਦੇ ਸਨ। ਭਾਵੇਂ ਉਹ ਉਮਰ ਵਿਚ ਨਿੱਕੇ ਸਨ ਪਰ ਉਹ ਘੋੜ-ਸਵਾਰੀ ਤੇ ਹਥਿਆਰ ਚਲਾਉਣ ਵਿਚ ਬੜੇ ਮਾਹਿਰ ਸਨ।

ਜਦੋਂ ਅਨੰਦਪੁਰ ਸਾਹਿਬ ਨੂੰ ਘੇਰਾ ਪਿਆ ਤਾਂ ਭਾਈ ਬਾਘ ਸਿੰਘ ਆਪਣੇ ਪਿੰਡ ਵਿਚ ਹੀ ਸਨ। ਉਨ੍ਹਾਂ ਦੀ ਉਮਰ ਅਜੇ ਨਿੱਕੀ ਸੀ। ਪਰ ਜਦੋਂ ਬਾਬਾ ਬੰਦਾ ਸਿੰਘ ਨੇ ਪੰਜਾਬ ਦੀ ਆਜ਼ਾਦੀ ਦੀ ਜਦੋਜਹਿਦ ਸ਼ੁਰੂ ਕੀਤੀ ਤਾਂ ਉਹ ਖ਼ਾਲਸਾ ਫ਼ੌਜ ਵਿਚ ਸ਼ਾਮਿਲ ਹੋ ਗਏ। ਉਨ੍ਹਾਂ ਨੇ ਕਈ ਲੜਾਈਆਂ ਵਿਚ ਹਿੱਸਾ ਲਿਆ। ਜਦੋਂ ਬਾਬਾ ਬੰਦਾ ਸਿੰਘ ਨੇ ਅਨੰਦਪੁਰ ਸਾਹਿਬ 'ਤੇ ਵਾਰ-ਵਾਰ ਹਮਲਾ ਕਰਨ ਵਾਲੇ ਬਿਲਾਸਪੁਰੀ ਰਾਜੇ ਨੂੰ ਸਜ਼ਾ ਦੇਣ ਵਾਸਤੇ ਬਿਲਾਸਪੁਰ 'ਤੇ ਹਮਲਾ ਕੀਤਾ ਤਾਂ ਭਾਈ ਬਾਘ ਸਿੰਘ ਵੀ ਉਨ੍ਹਾਂ ਦੇ ਨਾਲ ਸਨ। ਇਸ ਮੁਹਿੰਮ ਦੌਰਾਨ 28 ਦਸੰਬਰ 1711 ਦੇ ਦਿਨ ਬਿਲਾਸਪੁਰ ਦੇ ਬਾਹਰ ਬਰਸਾਣਾਂ ਨਾਲੇ ਦੇ ਕੰਢੇ 'ਤੇ ਸਿੱਖਾਂ ਫ਼ੌਜਾਂ ਅਤੇ ਬਿਲਾਸਪੁਰੀ ਫ਼ੌਜਾਂ ਵਿਚ ਜ਼ਬਰਦਸਤ ਲੜਾਈ ਹੋਈ। ਅੱਧੇ ਦਿਨ ਦੀ ਲੜਾਈ ਮਗਰੋਂ ਰਾਜਾ ਅਜਮੇਰ ਚੰਦ ਨੇ ਹਥਿਆਰ ਸੁੱਟ ਦਿੱਤੇ।

ਭਾਵੇਂ ਇਹ ਲੜਾਈ ਖ਼ਾਲਸਾ ਫ਼ੌਜਾਂ ਨੇ ਜਿੱਤ ਲਈ ਪਰ ਇਸ ਵਿਚ ਭਾਈ ਬਾਘ ਸਿੰਘ ਤੇ ਕੁਝ ਹੋਰ ਸਿੰਘ ਸ਼ਹੀਦੀਆਂ ਪਾ ਗਏ।

ਹੋਰ ਤਫ਼ਸੀਲ ਵਾਸਤੇ ਵੇਖੋ: **"ਭਾਈ ਊਦੈ ਸਿੰਘ", "ਭਾਈ ਕੇਸੋ ਸਿੰਘ"** ਅਤੇ **"ਭਾਈ ਊਦੈ ਸਿੰਘ ਦਾ ਕੁਰਸੀਨਾਮਾ।"**

ਭਾਈ ਅਲਬੇਲ ਸਿੰਘ

ਭਾਈ ਅਲਬੇਲ ਸਿੰਘ ਨੇ 22 ਜੂਨ 1713 ਦੇ ਦਿਨ ਸਢੌਰਾ ਵਿਚ ਸ਼ਹੀਦੀ ਜਾਮ ਪੀਤਾ ਸੀ।

ਭਾਈ ਅਲਬੇਲ ਸਿੰਘ ਭਾਈ ਉਦੈ ਸਿੰਘ ਦੇ ਬੇਟੇ ਭਾਈ ਮਨੀ ਸਿੰਘ ਦੇ ਪੋਤੇ ਤੇ ਭਾਈ ਮਾਈ ਦਾਸ ਦੇ ਪੜਪੋਤੇ ਸਨ। ਆਪ ਉਦੈ ਸਿੰਘ ਦੇ ਸੱਤਾਂ ਬੇਟਿਆਂ ਵਿਚੋਂ ਚੌਥੇ ਥਾਂ 'ਤੇ ਸਨ। ਆਪ ਪਰਮਾਰ ਰਾਜਪੂਤ ਖ਼ਾਨਦਾਨ ਨਾਲ ਸਬੰਧ ਰੱਖਦੇ ਸੀ। ਆਪ ਦਾ ਜਨਮ ਪਿੰਡ ਅਲੀਪੁਰ (ਜ਼ਿਲ੍ਹਾ ਮੁਜ਼ੱਫ਼ਰਗੜ੍ਹ) ਵਿਚ ਹੋਇਆ ਸੀ। ਆਪ ਦਾ ਬਚਪਨ ਪਿੰਡ ਹੀ ਬੀਤਿਆ ਅਤੇ ਜਦੋਂ ਜ਼ਰਾ ਕੁ ਵੱਡੇ ਹੋਏ ਤਾਂ ਅਨੰਦਪੁਰ ਸਾਹਿਬ ਆਪਣੇ ਪਿਤਾ ਭਾਈ ਉਦੈ ਸਿੰਘ ਨੂੰ ਮਿਲਣ ਵਾਸਤੇ ਗਏ। ਭਾਈ ਉਦੈ ਸਿੰਘ ਨੇ ਆਪਣੇ ਬੇਟੇ ਨੂੰ ਘੋੜਸਵਾਰੀ ਅਤੇ ਹਥਿਆਰ ਚਲਾਉਣ ਦੀ ਸਿਖਲਾਈ ਦਿੱਤੀ। ਆਪ ਨੇ ਨਿੱਕੀ ਉਮਰ ਵਿਚ ਹੀ ਇਕ ਚੰਗੇ ਫ਼ੌਜੀ ਜਿੰਨੀ ਮਹਾਰਤ ਹਾਸਿਲ ਕਰ ਲਈ। ਇਸ ਮਗਰੋਂ ਆਪ ਪਿੰਡ ਵਾਪਿਸ ਆ ਗਏ।

ਮਈ 1705 ਵਿਚ ਅਨੰਦਪੁਰ ਸਾਹਿਬ ਨੂੰ ਘੇਰਾ ਪੈ ਗਿਆ ਅਤੇ ਗੁਰੂ ਸਾਹਿਬ ਤੇ ਸਿੱਖਾਂ ਨੂੰ ਨਗਰ ਛੱਡਣਾ ਪੈ ਗਿਆ। ਇਸ ਹਿਜਰਤ ਦੌਰਾਨ ਆਪ ਦੇ ਪਿਤਾ ਭਾਈ ਉਦੈ ਸਿੰਘ 6 ਦਸੰਬਰ 1705 ਦੀ ਸਵੇਰ ਵੇਲੇ, ਸਰਸਾ ਨਦੀ ਦੇ ਕੰਢੇ ਦੇ ਨੇੜੇ, ਸ਼ਾਹੀ ਟਿੱਬੀ ਦੀ ਲੜਾਈ ਵਿਚ ਸ਼ਹੀਦ ਹੋ ਗਏ ਸਨ। ਇਸ ਤੋਂ ਪੌਣੇ ਤਿੰਨ ਸਾਲ ਮਗਰੋਂ ਗੁਰੂ ਗੋਬਿੰਦ ਸਿੰਘ ਸਾਹਿਬ ਵੀ 7 ਅਕਤੂਬਰ 1708 ਦੇ ਦਿਨ ਸ਼ਹੀਦ ਹੋ ਗਏ ਸਨ।

ਸ਼ਹੀਦੀ ਤੋਂ ਪਹਿਲਾਂ ਗੁਰੂ ਸਾਹਿਬ ਨੇ ਬਾਬਾ ਬੰਦਾ ਸਿੰਘ ਨੂੰ ਖ਼ਾਲਸਾ ਫ਼ੌਜ ਦੀ ਕਮਾਨ ਦੇ ਕੇ ਸਿੱਖ ਹੋਮਲੈਂਡ ਨੂੰ ਆਜ਼ਾਦ ਕਰਵਾਉਣ ਵਾਸਤੇ ਟੋਰ ਦਿੱਤਾ ਸੀ। ਬਾਬਾ ਬੰਦਾ ਸਿੰਘ ਨੇ ਪੰਜਾਬ ਵਿਚ ਆ ਕੇ ਸਿੰਘਾਂ ਨੂੰ ਇਕੱਠਿਆਂ ਕੀਤਾ ਅਤੇ ਇਕ ਤਕੜੀ ਫ਼ੌਜ ਬਣਾ ਲਈ। ਬਾਬਾ ਬੰਦਾ ਸਿੰਘ ਦੀ ਪਹਿਲੀ ਜਿੱਤ ਸਮਾਣਾ ਨਗਰ ਦੀ ਸੀ। ਇਸ ਮਗਰੋਂ ਉਸ ਨੇ ਸਰਹਿੰਦ ਵੀ ਜਿੱਤ ਲਈ। ਕੁਝ ਮਹੀਨਿਆਂ ਵਿਚ ਹੀ ਪੰਜਾਬ ਦਾ ਬਹੁਤਾ ਹਿੱਸਾ ਆਜ਼ਾਦ ਹੋ ਚੁੱਕਿਆ ਸੀ।

ਜਦੋਂ ਇਸ ਦੀ ਖ਼ਬਰ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੂੰ ਮਿਲੀ ਤਾਂ ਉਹ ਇਕ ਵੱਡੀ ਫ਼ੌਜ ਲੈ ਕੇ ਪੰਜਾਬ ਵੱਲ ਚੱਲ ਪਿਆ। ਉਸ ਨੇ ਡੇਢ ਮਹੀਨੇ ਵਿਚ ਹੀ ਬਹੁਤ ਸਾਰੇ ਇਲਾਕੇ ਦੋਬਾਰਾ ਖੋਹ ਲਏ।

ਇਸ ਹਾਲਤ ਵਿਚ ਬਾਬਾ ਬੰਦਾ ਸਿੰਘ ਪਹਾੜਾਂ ਵੱਲ ਨਿਕਲ ਗਏ। ਪਰ ਵਾਹਿਗੁਰੂ ਦੀ ਕਰਣੀ, ਬਹਾਦਰ ਸ਼ਾਹ ਫ਼ਰਵਰੀ 1712 ਵਿਚ ਮਰ ਗਿਆ। ਹੁਣ ਬਾਬਾ ਬੰਦਾ ਸਿੰਘ ਫੇਰ ਪੰਜਾਬ ਪਰਤ ਆਏ ਅਤੇ ਦੋਬਾਰਾ ਇਲਾਕੇ ਮੱਲਣੇ ਸ਼ੁਰੂ ਕਰ ਦਿੱਤੇ। ਇਸ ਮੁਹਿੰਮ ਦੌਰਾਨ ਉਸ ਨੇ 22 ਜੂਨ 1713 ਦੇ ਦਿਨ ਸਢੌਰਾ 'ਤੇ ਵੀ ਹਮਲਾ ਕੀਤਾ। ਇਸ ਮਹਿੰਮ 'ਚ ਭਾਈ ਅਲਬੇਲ ਸਿੰਘ ਵੀ ਉਨ੍ਹਾਂ ਦੇ ਨਾਲ ਸਨ। ਭਾਈ ਅਲਬੇਲ ਸਿੰਘ ਆਪਣੇ ਪਿਤਾ ਵਾਂਗ ਦਲੇਰ ਅਤੇ ਜੰਗਜੂ ਸ਼ਖ਼ਸ ਸਨ। ਉਨ੍ਹਾਂ ਨੇ ਸਭ ਤੋਂ ਮੂਹਰੇ ਹੋ ਕੇ ਲੜਾਈ ਲੜੀ। ਅਲਬੇਲ ਸਿੰਘ ਨੇ ਆਪਣੀ ਸ੍ਰੀ ਸਾਹਿਬ ਦੀ ਪਿਆਸ ਬਹੁਤ ਸਾਰੇ ਮੁਗਲਾਂ ਨੂੰ ਮਾਰ ਕੇ ਬੁਝਾਈ । ਇਕ ਲੰਮਾ ਸਮਾਂ ਲੜ ਕੇ ਆਹੂ ਲਾਹੁਣ ਮਗਰੋਂ ਭਾਈ ਅਲਬੇਲ ਸਿੰਘ ਆਪ ਵੀ ਸ਼ਹੀਦੀ ਜਾਮ ਪੀ ਗਏ। ਇਸ ਲੜਾਈ ਵਿਚ ਉਨ੍ਹਾਂ ਦੇ ਨਿੱਕੇ ਭਰਾ ਮੋਹਰ ਸਿੰਘ ਵੀ ਉਨ੍ਹਾਂ ਦੇ ਨਾਲ ਹੀ ਸ਼ਹੀਦ ਹੋਏ ਸਨ।

ਹੋਰ ਤਫ਼ਸੀਲ ਵਾਸਤੇ ਵੇਖੋ: *ਭਾਈ ਉਦੈ ਸਿੰਘ ਦਾ ਕੁਰਸੀਨਾਮਾ।*

ਭਾਈ ਮੋਹਰ ਸਿੰਘ

22 ਜੂਨ 1713 ਦੇ ਦਿਨ ਸਢੌਰੇ ਵਿਚ ਸ਼ਹੀਦ ਹੋਣ ਵਾਲਿਆਂ ਵਿਚ ਭਾਈ ਮੋਹਰ ਸਿੰਘ ਵੀ ਸ਼ਾਮਿਲ ਸਨ।

ਭਾਈ ਮੋਹਰ ਸਿੰਘ ਸ਼ਹੀਦ ਭਾਈ ਉਦੈ ਸਿੰਘ ਦੇ ਬੇਟੇ, ਸ਼ਹੀਦ ਭਾਈ ਮਨੀ ਸਿੰਘ ਦੇ ਪੋਤੇ ਅਤੇ ਭਾਈ ਮਾਈ ਦਾਸ ਦੇ ਪੜਪੋਤੇ ਸਨ। ਆਪ ਭਾਈ ਉਦੈ ਸਿੰਘ ਦੇ ਸੱਤਾਂ ਬੇਟਿਆਂ ਵਿਚੋਂ ਪੰਜਵੇਂ ਥਾਂ 'ਤੇ ਸਨ। ਭਾਈ ਉਦੈ ਸਿੰਘ 6 ਦਸੰਬਰ 1705 ਦੀ ਸਵੇਰ ਨੂੰ ਸ਼ਾਹੀ ਟਿੱਬੀ (ਸਰਸਾ ਨਦੀ ਦੇ ਕੰਢੇ) 'ਤੇ ਸ਼ਹੀਦ ਹੋ ਗਏ ਸਨ। ਉਸ ਵੇਲੇ ਆਪ ਦੀ ਉਮਰ ਬਹੁਤ ਥੋੜ੍ਹੀ ਸੀ। ਜਿਉਂ ਹੀ ਆਪ ਜ਼ਰਾ ਕੁ ਵੱਡੇ ਹੋਏ ਤਾਂ ਆਪ ਨੇ ਘੋੜਸਵਾਰੀ ਅਤੇ ਹਥਿਆਰ ਚਲਾਉਣ ਦੀ ਸਿਖਲਾਈ ਹਾਸਿਲ ਕੀਤੀ।

ਭਾਈ ਮੋਹਰ ਸਿੰਘ ਨੇ ਬਹੁਤਾ ਸਮਾਂ ਆਪਣੇ ਪਿੰਡ ਅਲੀਪੁਰ ਵਿਚ ਹੀ ਬਿਤਾਇਆ ਸੀ। 1712 ਵਿਚ ਜਦੋਂ ਬਾਬਾ ਬੰਦਾ ਸਿੰਘ ਨੇ ਸਿੱਖ ਹੋਮਲੈਂਡ ਦੀ ਆਜ਼ਾਦੀ

ਦੀ ਦੂਜੀ ਜੱਦੋਜਹਿਦ ਸ਼ੁਰੂ ਕੀਤੀ ਤਾਂ ਆਪ ਬਾਬਾ ਬੰਦਾ ਸਿੰਘ ਦੀ ਫ਼ੌਜ ਵਿਚ ਸ਼ਾਮਿਲ ਹੋ ਗਏ। ਆਪ ਨੇ ਕਈ ਲੜਾਈਆਂ ਵਿਚ ਹਿੱਸਾ ਲਿਆ। ਇਸੇ ਮੁਹਿੰਮ ਦੌਰਾਨ ਬਾਬਾ ਬੰਦਾ ਸਿੰਘ ਨੇ 22 ਜੂਨ 1713 ਦੇ ਦਿਨ ਸਢੌਰਾ ਨਗਰ 'ਤੇ ਹਮਲਾ ਕੀਤਾ। ਇਸ ਮੌਕੇ 'ਤੇ ਬੜੀ ਗਹਿ-ਗੱਚ ਲੜਾਈ ਹੋਈ। ਖ਼ਾਲਸਾ ਅਤੇ ਮੁਗ਼ਲ ਫ਼ੌਜਾਂ ਨੇ ਇਕ--ਦੂਜੇ ਦਾ ਡੱਟ ਕੇ ਮੁਕਾਬਲਾ ਕੀਤਾ। ਇਸ ਲੜਾਈ ਵਿਚ ਹੋਰਨਾਂ ਤੋਂ ਇਲਾਵਾ ਭਾਈ ਮੋਹਰ ਸਿੰਘ ਤੇ ਉਸ ਦਾ ਵੱਡਾ ਭਰਾ ਭਾਈ ਅਲਬੇਲ ਸਿੰਘ ਸਭ ਤੋਂ ਮੂਹਰੇ ਹੋ ਕੇ ਲੜੇ ਅਤੇ ਕਈ ਮੁਗਲਾਂ ਦੇ ਸਿਰ ਲਾਹੇ। ਆਪਣੀ ਸ੍ਰੀ ਸਾਹਿਬ ਦੇ ਜੌਹਰ ਦਿਖਾਉਂਦਿਆਂ ਇਹ ਦੋਵੇਂ ਭਰਾ ਅਖ਼ੀਰ ਆਪ ਵੀ ਸ਼ਹੀਦੀ ਜਾਮ ਪੀ ਗਏ।

ਹੋਰ ਤਫ਼ਸੀਲ ਵਾਸਤੇ ਵੇਖੋ:-

''ਭਾਈ ਅਲਬੇਲ ਸਿੰਘ'' ਅਤੇ ''ਭਾਈ ਉਦੈ ਸਿੰਘ ਦਾ ਕੁਰਸੀਨਾਮਾ''।

ਭਾਈ ਸੈਣਾ ਸਿੰਘ

ਭਾਈ ਸੈਣਾ ਸਿੰਘ ਨੇ 22 ਜੂਨ 1713 ਦੇ ਦਿਨ ਸਢੌਰਾ ਵਿਖੇ ਸ਼ਹੀਦੀ ਹਾਸਿਲ ਕੀਤੀ ਸੀ।

ਭਾਈ ਸੈਣਾ ਸਿੰਘ ਸ਼ਹੀਦ ਭਾਈ ਚਿਤਰ ਸਿੰਘ ਦੇ ਬੇਟੇ, ਸ਼ਹੀਦ ਭਾਈ ਮਨੀ ਸਿੰਘ ਦੇ ਪੋਤੇ ਅਤੇ ਭਾਈ ਮਾਈ ਦਾਸ ਦੇ ਪੜਪੋਤੇ ਸਨ। ਆਪ ਭਾਈ ਚਿਤਰ ਸਿੰਘ ਦੇ ਚੋਹਾਂ ਬੇਟਿਆਂ ਵਿਚੋਂ ਦੂਜੇ ਥਾਂ 'ਤੇ ਸਨ। ਇਸ ਪਰਿਵਾਰ ਵਿਚੋਂ ਬਹੁਤ ਸਾਰੇ ਜਣਿਆਂ ਨੇ ਸ਼ਹੀਦੀ ਜਾਮ ਪੀਤੇ ਸਨ। ਆਪ ਦਾ ਵੱਡਾ ਭਰਾ ਭਾਈ ਕੇਸੋ ਸਿੰਘ ਵੀ 28 ਦਸੰਬਰ 1711 ਦੇ ਦਿਨ ਬਿਲਾਸਪੁਰ ਵਿਚ ਸ਼ਹੀਦ ਹੋਇਆ ਸੀ।

ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਸਿੱਖ ਮੁਲਕ ਦੀ ਆਜ਼ਾਦੀ ਵਾਸਤੇ ਜੱਦੋਜਹਿਦ ਸ਼ੁਰੂ ਕੀਤੀ ਤਾਂ ਭਾਈ ਸੈਣਾ ਸਿੰਘ ਵੀ ਉਸ ਦੀ ਫ਼ੌਜ ਵਿਚ ਸ਼ਾਮਿਲ ਹੋਏ ਸਨ। ਉਨ੍ਹਾਂ ਨੇ ਕਈ ਲੜਾਈਆਂ ਵਿਚ ਹਿੱਸਾ ਲਿਆ ਸੀ। 22 ਜੂਨ 1713 ਦੇ ਦਿਨ ਸਢੌਰੇ ਵਿਚ ਹੋਈ ਲੜਾਈ ਵਿਚ ਵੀ ਭਾਈ ਸੈਣਾ ਸਿੰਘ ਨੇ ਮੂਹਰੇ ਹੋ ਕੇ ਆਪਣੀ ਬਹਾਦਰੀ ਦੇ ਜੌਹਰ ਦਿਖਾਏ। ਇਸ ਲੜਾਈ ਵਿਚ ਭਾਈ ਸੈਣਾ ਸਿੰਘ ਆਪ ਵੀ

ਸ਼ਹੀਦ ਹੋ ਗਏ।

ਭਾਈ ਸੈਣਾ ਸਿੰਘ ਦੇ ਪਿਤਾ ਭਾਈ ਚਿਤਰ ਸਿੰਘ ਅਤੇ ਦਾਦਾ ਭਾਈ ਮਨੀ ਸਿੰਘ ਨੂੰ ਉਨ੍ਹਾਂ ਦੀ ਸ਼ਹੀਦੀ ਤੋਂ 21 ਸਾਲ ਮਗਰੋਂ 24 ਜੂਨ 1734 ਦੇ ਦਿਨ ਲਾਹੌਰ ਵਿਚ ਸ਼ਹੀਦ ਕੀਤਾ ਗਿਆ ਸੀ। ਆਪ ਦੇ ਸਭ ਤੋਂ ਨਿੱਕੇ ਵੀਰ ਭਾਈ ਹਾਠੂ ਸਿੰਘ ਆਪ ਦੀ ਸ਼ਹੀਦੀ ਤੋਂ 45 ਸਾਲ ਮਗਰੋਂ 27 ਮਾਰਚ 1758 ਦੇ ਦਿਨ ਸਰਹਿੰਦ ਦੀ ਇਕ ਲੜਾਈ ਵਿਚ ਸ਼ਹੀਦ ਹੋਏ ਸਨ। ਇੰਞ ਇਸ ਪਰਿਵਾਰ ਵਿਚੋਂ ਵੀ ਬਹੁਤ ਜਣਿਆਂ ਨੇ ਪੰਥ ਲਈ ਸ਼ਹੀਦੀਆਂ ਦਿੱਤੀਆਂ।

ਹੋਰ ਤਫ਼ਸੀਲ ਵਾਸਤੇ ਵੇਖੋ: *"ਭਾਈ ਚਿਤਰ ਸਿੰਘ ਦਾ ਕੁਰਸੀਨਾਮਾ"*।

ਬਾਬਾ ਬੰਦਾ ਸਿੰਘ, ਭੁਝੰਗੀ ਅਜੈ ਸਿੰਘ

ਬਾਬਾ ਬੰਦਾ ਸਿੰਘ ਨੂੰ 9 ਜੂਨ 1716 ਦੇ ਦਿਨ ਦਿੱਲੀ ਦੇ ਬਾਹਰ ਕੁਤਬ ਮੀਨਾਰ ਕੋਲ ਸ਼ਹੀਦ ਕੀਤਾ ਗਿਆ ਸੀ।

ਬਾਬਾ ਬੰਦਾ ਸਿੰਘ ਦਾ ਜਨਮ 27 ਅਕਤੂਬਰ 1670 ਦੇ ਦਿਨ ਭਾਈ ਰਾਮ ਦੇਵ ਦੇ ਘਰ, ਰਜੌੜੀ (ਕਸ਼ਮੀਰ) ਵਿਚ ਹੋਇਆ ਸੀ। ਆਪ ਰਾਜਪੂਤ ਖ਼ਾਨਦਾਨ ਨਾਲ ਸਬੰਧ ਰੱਖਦੇ ਸਨ। ਬਾਬਾ ਬੰਦਾ ਸਿੰਘ ਦਾ ਪਹਿਲਾ ਨਾਂ ਲਛਮਣ ਦਾਸ ਸੀ। ਲਛਮਣ ਦਾਸ ਜਦੋਂ ਜਵਾਨ ਹੋਇਆ ਤਾਂ ਉਸ ਨੇ ਘੋੜਸਵਾਰੀ ਅਤੇ ਹਥਿਆਰ ਚਲਾਉਣ ਦੀ ਸਿਖਿਆ ਲਈ। ਉਸ ਨੂੰ ਸ਼ਿਕਾਰ ਕਰਨ ਦਾ ਬੜਾ ਸ਼ੌਕ ਸੀ ਅਤੇ ਉਹ ਸ਼ਿਕਾਰ ਕਰਨ ਵਾਸਤੇ ਉੱਚੇ ਪਹਾੜਾਂ ਵੱਲ ਅਕਸਰ ਜਾਇਆ ਕਰਦਾ ਸੀ। ਇਕ ਵਾਰ ਉਸ ਨੇ ਇਕ ਹਿਰਨੀ ਦਾ ਸ਼ਿਕਾਰ ਕੀਤਾ। ਉਸ ਹਿਰਨੀ ਦਾ ਇਕ ਬੱਚਾ ਉਸ ਦੇ ਸਾਹਮਣੇ ਤੜਪ-ਤੜਪ ਕੇ ਮਰ ਗਿਆ। ਇੱਤਫ਼ਾਕਨ ਉਨ੍ਹੀਂ ਦਿਨੀਂ ਹੀ ਇਕ ਵੈਰਾਗੀ ਸਾਧੂਆਂ ਦਾ ਟੋਲਾ ਵੀ ਉਸ ਨੂੰ ਮਿਲਿਆ। ਇਸ ਮਾਹੌਲ ਨੇ ਉਸ ਦੀ ਸੋਚ ਬਦਲ ਦਿੱਤੀ ਅਤੇ ਉਹ ਸ਼ਿਕਾਰ ਅਤੇ ਰਾਜਪੂਤੀ ਜ਼ਿੰਦਗੀ ਦੇ ਤੌਰ ਤਰੀਕੇ ਛੱਡ ਕੇ ਬੈਰਾਗੀ ਸਾਧੂ ਬਣ ਗਿਆ। ਸਾਧੂਆਂ ਨੇ ਉਸ ਦਾ ਨਾਂ ਮਾਧੋ ਦਾਸ ਰੱਖਿਆ। ਉਹ ਸਾਧੂਆਂ ਨਾਲ ਘੁੰਮਦਾ-ਘੁੰਮਦਾ ਇਕ ਵਾਰ ਬੁਰਹਾਨਪੁਰ (ਮੱਧ ਪ੍ਰਦੇਸ਼) ਗਿਆ। ਜਿੱਥੇ ਉਹ ਬਾਬਾ ਲੂਣੀਆਂ ਕੋਲ 3 ਸਾਲ ਰਿਹਾ। ਇਸ ਵਕਤ ਉਸ ਦੀ ਉਮਰ ਸਿਰਫ਼ 22 ਸਾਲ ਸੀ। 1692 ਵਿਚ ਉਹ

ਦੱਖਣ ਚਲਾ ਗਿਆ ਅਤੇ ਨੰਦੇੜ ਵਿਚ ਆਪਣਾ ਡੇਰਾ ਕਾਇਮ ਕਰ ਲਿਆ। ਦੋ ਸਾਲ ਮਗਰੋਂ ਜੁਲਾਈ 1694 ਵਿਚ ਉਹ ਹਰਦੁਆਰ ਅਤੇ ਕਨਖਲ ਆਇਆ। ਇੱਥੇ ਉਸ ਦੀ ਮੁਲਾਕਾਤ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਹੋਈ। ਗੁਰੂ ਸਾਹਿਬ ਦੀ ਸ਼ਖ਼ਸੀਅਤ ਨੇ ਉਸ 'ਤੇ ਅਮਿਟ ਛਾਪ ਛੱਡ ਦਿੱਤੀ। ਗੁਰੂ ਸਾਹਿਬ ਛੇਤੀ ਹੀ ਅਨੰਦਪੁਰ ਸਾਹਿਬ ਮੁੜ ਗਏ ਤੇ ਉਨ੍ਹਾਂ ਦੀ ਹੋਰ ਮੁਲਾਕਾਤ ਨਾ ਹੋ ਸਕੀ।

ਜੁਲਾਈ 1708 ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਨੰਦੇੜ ਗਏ। ਇੱਥੇ ਉਹ ਇਸੇ ਮਾਧੋ ਦਾਸ ਦੇ ਡੇਰੇ 'ਤੇ ਠਹਿਰੇ। ਮਾਧੋ ਦਾਸ ਗੁਰੂ ਸਾਹਿਬ ਦੇ ਦੋਬਾਰਾ ਦਰਸ਼ਨ ਕਰ ਕੇ ਬੜਾ ਖ਼ੁਸ਼ ਹੋਇਆ। ਗੁਰੂ ਸਾਹਿਬ ਦੀ ਸ਼ਖ਼ਸੀਅਤ ਨੇ ਤਾਂ ਪਹਿਲੋਂ ਹੀ ਉਸ ਨੂੰ ਅਸਰ-ਅੰਦਾਜ਼ ਕੀਤਾ ਹੋਇਆ ਸੀ, ਹੁਣ ਉਸ ਨੇ ਗੁਰੂ ਸਾਹਿਬ ਦਾ ਸਿੱਖ ਬਣਨ ਦੀ ਖ਼ਾਹਿਸ਼ ਦਾ ਇਜ਼ਹਾਰ ਕੀਤਾ। ਅਖ਼ੀਰ 3 ਸਿਤੰਬਰ 1708 ਦੇ ਦਿਨ ਗੁਰੂ ਸਾਹਿਬ ਨੇ ਉਸ ਨੂੰ ਖੰਡੇ ਦੀ ਪਾਹੁਲ ਦਿੱਤੀ ਅਤੇ ਉਸ ਦਾ ਨਾਂ ਬੰਦਾ ਸਿੰਘ ਰੱਖਿਆ।

5 ਅਕਤੂਬਰ 1708 ਨੂੰ ਗੁਰੂ ਸਾਹਿਬ ਨੇ ਬੰਦਾ ਸਿੰਘ ਨੂੰ ਖ਼ਾਲਸਾ ਫ਼ੌਜਾਂ ਦਾ ਮੁਖੀ ਬਣਾ ਕੇ ਸਿੱਖ ਹੋਮਲੈਂਡ ਨੂੰ ਆਜ਼ਾਦ ਕਰਵਾਉਣ ਅਤੇ ਜ਼ਾਲਮਾਂ ਨੂੰ ਸਜ਼ਾ ਦੇਣ ਵਾਸਤੇ ਪੰਜਾਬ ਭੇਜਿਆ। ਬੰਦਾ ਸਿੰਘ ਨੇ ਪੰਜਾਬ ਆ ਕੇ ਗੁਰੂ ਸਾਹਿਬ ਦੇ ਖ਼ਾਸ-ਖ਼ਾਸ ਸਿੱਖਾਂ ਨਾਲ ਰਾਬਤਾ ਬਣਾਇਆ। ਗੁਰੂ ਸਾਹਿਬ ਦੇ ਹੁਕਮਨਾਮੇ ਵੇਖ ਕੇ ਸਾਰੇ ਸਿੱਖ ਖ਼ਾਲਸਾ ਫ਼ੌਜ ਵਿਚ ਸ਼ਾਮਿਲ ਹੋ ਗਏ। ਸਿਰਫ਼ ਇਕ ਸਾਲ ਦੇ ਅੰਦਰ ਅੰਦਰ ਹੀ ਬੰਦਾ ਸਿੰਘ ਨਾਲ ਹਜ਼ਾਰਾਂ ਸਿੱਖ ਰਲ ਚੁੱਕੇ ਸਨ।

ਬਾਬਾ ਬੰਦਾ ਸਿੰਘ ਦਾ ਪਹਿਲਾ ਐਕਸ਼ਨ 26 ਸਤੰਬਰ 1709 ਦੇ ਦਿਨ ਸਮਾਣਾ 'ਤੇ ਸੀ। ਇਸ ਪਹਿਲੀ ਲੜਾਈ ਵਿਚ ਖ਼ਾਲਸਾ ਫ਼ੌਜਾਂ ਨੇ ਕਮਾਲ ਦੀ ਜਿੱਤ ਹਾਸਿਲ ਕੀਤੀ। ਇਸ ਮਗਰੋਂ ਉਸ ਨੇ ਘੁੜਾਮ, ਠਸਕਾ, ਸ਼ਾਹਬਾਦ ਮੁਸਤਫ਼ਾਬਾਦ 'ਤੇ ਸਢੌਰਾ 'ਤੇ ਵੀ ਕਬਜ਼ਾ ਕਰ ਲਿਆ। 12 ਤੋਂ 14 ਮਈ 1710 ਦੀ ਲੜਾਈ ਮਗਰੋਂ ਸਰਹਿੰਦ ਵੀ ਬੰਦਾ ਸਿੰਘ ਦੇ ਕਬਜ਼ੇ ਵਿਚ ਆ ਗਿਆ। ਸਰਹਿੰਦ ਤੇ ਕਬਜ਼ੇ ਮਗਰੋਂ ਬੰਦਾ ਸਿੰਘ ਨੇ ਖ਼ਾਲਸਾ ਰਾਜ ਦਾ ਸਿੱਕਾ ਜਾਰੀ ਕੀਤਾ। ਉਨ੍ਹਾਂ ਨੇ ਖ਼ਾਲਸਾ ਰਾਜ ਦੀ ਮੋਹਰ ਅਤੇ ਨਵਾਂ ਸੰਮਤ ਵੀ ਜਾਰੀ ਕੀਤਾ। ਬੰਦਾ ਸਿੰਘ ਨੇ ਜਿੱਤੇ ਹੋਏ ਇਲਾਕਿਆਂ ਦਾ ਨਿਜ਼ਾਮ ਸਿੱਖ ਜਰਨੈਲਾਂ ਨੂੰ ਸੌਂਪ ਦਿੱਤਾ। ਉਨ੍ਹਾਂ ਨੇ ਇਸ ਦੇ ਬਾਵਜੂਦ, ਆਪਣੇ ਆਪ ਨੂੰ ਹਾਕਮ ਨਾ ਐਲਾਨਿਆ ਅਤੇ ਨਾ ਹੀ "ਮਹਾਰਾਜਾ" ਦਾ ਖ਼ਿਤਾਬ ਲਿਆ। ਉਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਦੇ ਨਾਂ 'ਤੇ ਗੁਰੂ ਦੀ ਹਕੂਮਤ ਕਾਇਮ ਕੀਤੀ।

ਜਦੋਂ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੂੰ ਸਿੱਖਾਂ ਦੀ ਕਾਮਯਾਬੀ ਦਾ ਪਤਾ ਲੱਗਾ ਤਾਂ ਉਹ ਇਕ ਬੜੀ ਵੱਡੀ ਫ਼ੌਜ ਲੈ ਕੇ ਪੰਜਾਬ ਵੱਲ ਆ ਗਿਆ। ਬਹਾਦਰ ਸ਼ਾਹ ਨੇ ਇਕ-ਡੇਢ ਮਹੀਨੇ ਵਿਚ ਹੀ ਪੰਜਾਬ 'ਤੇ ਮੁੜ ਆਪਣੀ ਹਕੂਮਤ ਕਾਇਮ ਕਰ ਲਈ ਸੀ। ਉਸ ਨੇ ਬੰਦਾ ਸਿੰਘ ਦਾ ਕਿਲ੍ਹਾ ਲੋਹਗੜ੍ਹ ਵੀ ਘੇਰ ਲਿਆ ਪਰ 30 ਨਵੰਬਰ 1710

ਦੇ ਦਿਨ ਬਾਬਾ ਬੰਦਾ ਸਿੰਘ ਇਥੋਂ ਬੱਚ ਕੇ ਪਹਾੜਾਂ ਵੱਲ ਨਿਕਲ ਗਏ। ਇਸ ਦੋਰਾਨ ਸੈਂਕੜੇ ਸਿੱਖ ਸ਼ਹੀਦ ਹੋਏ।

1711 ਦੀਆਂ ਗਰਮੀਆਂ ਵਿਚ ਉਹ ਫੇਰ ਫ਼ੌਜ ਲੈ ਕੇ ਪੰਜਾਬ ਮੁੜ ਆਏ। ਇਸ ਦੋਰਾਨ ਉਨ੍ਹਾਂ ਨੇ ਬਹਾਦਰ ਸ਼ਾਹ ਦੀ ਫ਼ੌਜ ਨਾਲ ਟੱਕਰ ਲੈਣੀ ਮੁਨਾਸਿਬ ਨਾ ਸਮਝੀ। ਰੱਬ ਦੀ ਕਰਣੀ ਬਹਾਦਰ ਸ਼ਾਹ 28 ਫ਼ਰਵਰੀ 1711 ਦੇ ਦਿਨ ਲਾਹੌਰ ਵਿਚ ਮਰ ਗਿਆ। ਇਸ ਮਗਰੋਂ ਬੰਦਾ ਸਿੰਘ ਨੇ ਫੇਰ ਕਈ ਇਲਾਕੇ ਮੁੜ ਜਿੱਤ ਲਏ। ਉਧਰ ਦਿੱਲੀ ਦਰਬਾਰ ਵਿਚ ਗੜਬੜ ਚਲਦੀ ਰਹੀ ਸੀ ਤੇ ਬੰਦਾ ਸਿੰਘ ਦਾ ਮੁਕਾਬਲਾ ਕਰਨ ਕੋਈ ਨਾ ਆਇਆ। 11 ਫ਼ਰਵਰੀ 1713 ਨੂੰ ਫ਼ਰੁਖ਼ਸੀਅਰ ਦਿੱਲੀ ਦੇ ਤਖ਼ਤ ਤੇ ਬੈਠਾ। ਉਸ ਨੇ ਅਬਦੁਲ ਸਮਦ ਖਾਂ ਨੂੰ ਲਾਹੌਰ ਦਾ ਗਵਰਨਰ ਤਾਈਨਾਤ ਕਰ ਦਿੱਤਾ। ਅਬਦੁਲ ਸਮਦ ਖਾਨ ਦੇ ਸਿੱਖਾਂ ਦੇ ਖ਼ਿਲਾਫ਼ ਮੁਹਿੰਮ ਸ਼ੁਰੂ ਕਰ ਦਿੱਤੀ। ਉਸ ਨੇ ਘਰਾਂ ਵਿਚੋਂ ਫੜ-ਫੜ ਕੇ ਸਿੱਖ ਮਾਰਨੇ ਸ਼ੁਰੂ ਕਰ ਦਿੱਤੇ। ਨਵੰਬਰ 1713 ਵਿਚ ਉਸ ਨੇ ਸ਼ਹੀਦ ਹੋਏ ਸਿੱਖਾਂ ਦੇ 900 ਸਿਰ ਗੱਡਿਆਂ 'ਤੇ ਲੱਦ ਕੇ ਦਿੱਲੀ ਭੇਜੇ ਅਤੇ 29 ਨਵੰਬਰ ਨੂੰ ਚਾਂਦਨੀ ਚੋਕ ਵਿਚ ਇਨ੍ਹਾਂ ਦੀ 'ਨੁਮਾਇਸ਼' ਲਾਈ।

ਉਧਰ ਬੰਦਾ ਸਿੰਘ ਨੇ ਵੀ ਆਪਣੀ ਮੁਹਿੰਮ ਜਾਰੀ ਰੱਖੀ ਪਰ ਹੋਣੀ ਨੇ ਵੀ ਬੰਦਾ ਸਿੰਘ ਦਾ ਪਿੱਛਾ ਨਾ ਛੱਡਿਆ। ਅਪ੍ਰੈਲ 1715 ਵਿਚ ਜਦੋਂ ਉਹ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਸੀ ਤਾਂ ਮੁਗ਼ਲ ਫ਼ੌਜਾਂ ਨੇ ਗੜ੍ਹੀ ਨੂੰ ਘੇਰਾ ਪਾ ਲਿਆ। ਬੰਦਾ ਸਿੰਘ ਨੇ ਇਥੇ ਗੁਰੀਲਾ ਲੜਾਈ ਸ਼ੁਰੂ ਕਰ ਦਿੱਤੀ। ਉਨ੍ਹਾਂ ਦੇ ਸੈਂਕੜੇ ਸਾਥੀ ਇੰਞ ਮਾਰੇ ਗਏ। ਇਹ ਘੇਰਾ 8 ਮਹੀਨੇ ਪਿਆ ਰਿਹਾ। ਅਖ਼ੀਰ ਗੜ੍ਹੀ ਦੇ ਅੰਦਰ ਦਾਣੇ ਮੁੱਕ ਗਏ ਤੇ ਸਿੰਘਾਂ ਵਿਚ ਲੜਨ ਦੀ ਤਾਕਤ ਮੁਕਣ ਲੱਗ ਪਈ। ਇੰਞ ਨਿਢਾਲ ਪਏ ਸਿੱਖਾਂ ਨੂੰ ਮੁਗ਼ਲ ਫ਼ੌਜਾਂ ਨੇ 7 ਦਸੰਬਰ 1715 ਦੇ ਦਿਨ ਗ੍ਰਿਫ਼ਤਾਰ ਕਰ ਲਿਆ। ਇਨ੍ਹਾਂ ਵਿਚ ਬਾਬਾ ਬੰਦਾ ਸਿੰਘ, ਉਸ ਦਾ 4 ਸਾਲ ਦਾ ਬੇਟਾ ਅਤੇ 740 ਸਿੱਖ ਸ਼ਾਮਿਲ ਸਨ। ਇਨ੍ਹਾਂ ਨੂੰ ਰੱਸਿਆਂ ਨਾਲ ਬੰਨ੍ਹ ਕੇ ਦਿੱਲੀ ਲਿਜਾਇਆ ਗਿਆ। 29 ਫ਼ਰਵਰੀ ਤੇ ਪਹਿਲੀ ਮਾਰਚ 1716 ਨੂੰ ਇਨ੍ਹਾਂ ਸਾਰਿਆਂ ਨੂੰ 3-4 ਹਜ਼ਾਰ ਸ਼ਹੀਦ ਹੋਏ ਸਿੱਖਾਂ ਦੇ ਸਿਰਾਂ ਸਣੇ ਬਜ਼ਾਰਾਂ ਵਿਚ ਜਲੂਸ ਦੀ ਸ਼ਕਲ ਵਿਚ ਲਿਜਾਇਆ ਗਿਆ।

ਬਾਬਾ ਬੰਦਾ ਸਿੰਘ ਨੂੰ 6 ਮਹੀਨੇ ਦੀ ਕੈਦ ਮਗਰੋਂ ਕਤਲ ਕਰਨ ਦਾ ਹੁਕਮ ਦੇ ਦਿੱਤਾ ਗਿਆ। ਜੂਨ 1716 ਦੇ ਪਹਿਲੇ ਹਫ਼ਤੇ ਵਿਚ ਹਰ ਰੋਜ਼ 100-100 ਸਿੱਖ ਕਤਲ ਕੀਤੇ ਗਏ। 9 ਜੂਨ 1716 ਦੇ ਦਿਨ ਬਾਬਾ ਬੰਦਾ ਸਿੰਘ ਨੂੰ ਵੀ ਸ਼ਹੀਦ ਕਰ ਦਿੱਤਾ ਗਿਆ। ਬਾਬਾ ਬੰਦਾ ਸਿੰਘ ਨੂੰ ਬੜੀ ਬੇਰਹਿਮੀ ਨਾਲ ਕਤਲ ਕੀਤਾ ਗਿਆ। ਸਭ ਤੋਂ ਪਹਿਲਾਂ ਉਨ੍ਹਾਂ ਦੇ 4 ਸਾਲ ਦੇ ਬੇਟੇ ਅਜੈ ਸਿੰਘ ਨੂੰ ਕਤਲ ਕੀਤਾ ਗਿਆ ਤੇ ਉਸ ਬੱਚੇ ਦਾ ਸੀਨਾ ਵੱਢ ਕੇ ਉਸ ਦਾ ਕਲੇਜਾ ਕੱਢ ਕੇ ਉਨ੍ਹਾਂ ਦੇ ਮੂੰਹ ਵਿਚ ਧੱਕਣ ਦੀ ਕੋਸ਼ਿਸ਼ ਕੀਤੀ ਗਈ।

ਇਸ ਤੋਂ ਬਾਅਦ ਸੀਖਾਂ ਗਰਮ ਕਰ ਕੇ ਬੰਦਾ ਸਿੰਘ ਦੀਆਂ ਅੱਖਾਂ ਕੱਢੀਆਂ ਗਈਆਂ। ਫਿਰ ਉਨ੍ਹਾਂ ਦੀਆਂ ਬਾਹਾਂ ਲੱਤਾਂ ਵੱਢੀਆਂ ਗਈਆਂ। ਇੰਞ ਇਸ ਸ਼ੇਰ ਖ਼ਾਲਸੇ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। (ਵਾਹਿਗੁਰੂ ਦਾ ਭਾਣਾ ਇਹ ਹੋਇਆ ਕਿ ਤਿੰਨ ਸਾਲ ਮਗਰੋਂ ਬੰਦਾ ਸਿੰਘ ਨੂੰ ਇੰਞ ਸ਼ਹੀਦ ਕਰਨ ਦਾ ਹੁਕਮ ਦੇਣ ਵਾਲੇ ਬਾਦਸ਼ਾਹ ਫ਼ਰੁਖ਼ਸੀਅਰ ਨੂੰ ਵੀ ਇੰਞ ਹੀ ਮਾਰਿਆ ਗਿਆ)।

ਬਾਬਾ ਬੰਦਾ ਸਿੰਘ ਖ਼ਾਲਸਾ ਰਾਜ ਦੇ ਮੋਢੀ ਸਨ। ਉਨ੍ਹਾਂ ਨੇ ਪੰਜਾਬ ਜਿੱਤਣ ਮਗਰੋਂ ਰਣਜੀਤ ਸਿੰਘ ਵਾਂਗ, ਬਾਦਸ਼ਾਹ ਦਾ ਤਾਜ ਨਹੀਂ ਪਹਿਨਿਆ ਅਤੇ ਨਾ ਹੀ ਉਹ ਬਾਦਸ਼ਾਹ ਅਖਵਾਇਆ, ਨਾ ਹੀ ਉਨ੍ਹਾਂ ਨੇ ਆਪਣਾ ਖ਼ਾਨਦਾਨ ਜਾਂ ਰਿਸ਼ਤੇਦਾਰ ਅੱਗੇ ਲਿਆਂਦੇ। ਉਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਦੇ ਨਾਂ 'ਤੇ ਹਕੂਮਤ ਕੀਤੀ। ਉਨ੍ਹਾਂ ਨੇ ਸਿਰਫ਼ ਕਾਬਲ ਬੰਦੇ ਹੀ ਨਾਜ਼ਮ ਤੇ ਜਰਨੈਲ ਬਣਾਏ। ਜਿੱਥੇ ਰਣਜੀਤ ਸਿੰਘ ਦੀ ਹਕੂਮਤ ਖ਼ਾਨਦਾਨੀ ਸੀ ਉਥੇ ਬੰਦਾ ਸਿੰਘ ਬਹਾਦਰ ਦੀ ਹਕੂਮਤ ਖ਼ਾਲਸਈ ਸੀ।

ਬਾਬਾ ਬੰਦਾ ਸਿੰਘ ਜਦੋਂ ਖ਼ਾਲਸਾ ਫ਼ੌਜਾਂ ਦੇ ਜਰਨੈਲ ਬਣੇ ਉਦੋਂ ਉਹ ਅਜੇ ਕੁਆਰੇ ਸਨ। ਉਨ੍ਹਾਂ ਦਾ ਵਿਆਹ ਬੀਬੀ ਸਾਹਿਬ ਕੌਰ, ਬੇਟੀ ਭਾਈ ਸ਼ਿਵ ਰਾਮ ਕਪੂਰ, ਨਾਲ 20 ਜੂਨ 1710 ਦੇ ਦਿਨ ਸਰਹਿੰਦ ਵਿਚ ਹੋਇਆ ਸੀ। ਇਸ ਸ਼ਿਵ ਰਾਮ ਕਪੂਰ ਦੀ ਘਰਵਾਲੀ ਭਾਗਵੰਤੀ ਭਾਈ ਨੰਦ ਲਾਲ ਪੁਰੀ ਦੀ ਬੇਟੀ ਸੀ। (ਭਾਈ ਨੰਦ ਲਾਲ ਦੇ ਚਾਰ ਬੱਚੇ ਸਨ: ਭਾਗਵੰਤੀ, ਮੰਗਲ ਸੈਨ, ਭਾਗ ਮੱਲ ਅਤੇ ਬਾਗ ਮੱਲ। ਅਪ੍ਰੈਲ 1660 ਵਿਚ ਗੁਰੂ ਹਰਿਰਾਇ ਸਾਹਿਬ ਜਦੋਂ ਸਿਆਲਕੋਟ ਆਏ ਸਨ ਤਾਂ ਕੁਝ ਦਿਨ ਇਨ੍ਹਾਂ ਦੇ ਘਰ ਠਹਿਰੇ ਸਨ। ਸ਼ਹੀਦ ਹਕੀਕਤ ਰਾਏ ਜਿਸ ਦਾ ਅਸਲ ਨਾਂ ਹਕੀਕਤ ਸਿੰਘ ਸੀ, ਇਸੇ ਖ਼ਾਨਦਾਨ ਵਿਚੋਂ ਸੀ। ਉਹ ਭਾਈ ਬਾਗ ਮਲ ਦਾ ਬੇਟਾ ਸੀ। ਉਸ ਨੂੰ 18 ਜਨਵਰੀ 1735 ਦੇ ਦਿਨ ਉਸ ਦੇ ਮਾਮੇ ਭਾਈ ਅਰਜਨ ਸਿੰਘ ਨਾਲ ਸ਼ਹੀਦ ਕੀਤਾ ਗਿਆ ਸੀ)। ਬਾਬਾ ਬੰਦਾ ਸਿੰਘ ਦੇ ਘਰ ਦੋ ਬੇਟੇ ਪੈਦਾ ਹੋਏ: ਵੱਡਾ ਅਜੈ ਸਿੰਘ ਸੀ ਤੇ ਛੋਟਾ ਰਣਜੀਤ ਸਿੰਘ। ਰਣਜੀਤ ਸਿੰਘ ਦਾ ਜਨਮ ਟਾਂਡਾ ਛੋਟਾ (ਰਿਆਸੀ) ਵਿਚ ਭਾਈ ਮੇਹਰ ਸਿੰਘ ਧੂਤਾ ਦੇ ਮਕਾਨ ਵਿਚ ਹੋਇਆ ਸੀ।

ਬਾਬਾ ਬੰਦਾ ਸਿੰਘ ਦੀ ਲਾਸ਼ ਦੇ ਟੁਕੜੇ ਉਸ ਦਾ ਸਾਲਾ ਸਾਹਿਬ ਸਿੰਘ ਤੇ ਇਕ ਵੀਜ਼ਰ ਸਿੰਘ (ਇਕ ਥਾਂ ਅਮਰ ਸਿੰਘ ਵੀ ਲਿਖਿਆ ਹੈ)। ਇਕ ਸੂਹੀ ਪੱਗ ਵਿਚ ਬੰਨ੍ਹ ਕੇ ਰਿਆਸੀ ਲੈ ਆਏ ਸਨ, ਜਿੱਥੇ ਸਸਕਾਰ ਕਰ ਦਿੱਤਾ ਗਿਆ ਸੀ।

ਬਾਬਾ ਬੰਦਾ ਸਿੰਘ ਦਾ ਵੱਡਾ ਬੇਟਾ ਉਨ੍ਹਾਂ ਦੇ ਨਾਲ ਹੀ ਸ਼ਹੀਦ ਕਰ ਦਿੱਤਾ ਗਿਆ ਸੀ। ਛੋਟੇ ਬੇਟੇ ਰਣਜੀਤ ਸਿੰਘ ਦੀ ਪੀੜ੍ਹੀ ਚਲਦੀ ਰਹੀ ਸੀ। ਰਣਜੀਤ ਸਿੰਘ ਦੀ ਮੌਤ 24 ਜੁਲਾਈ 1753 ਦੇ ਦਿਨ ਹੋਈ। ਰਣਜੀਤ ਸਿੰਘ ਦੇ ਦੋ ਬੇਟੇ ਸਨ: ਜੁਝਾਰ ਸਿੰਘ ਤੇ ਜ਼ੋਰਾਵਰ ਸਿੰਘ। ਜੁਝਾਰ ਸਿੰਘ ਦੇ ਅੱਗੋਂ ਦੋ ਬੇਟੇ ਸਨ: ਫ਼ਤਿਹ ਸਿੰਘ ਤੇ ਸੁਚੇਤ ਸਿੰਘ। ਜ਼ੋਰਾਵਰ ਸਿੰਘ ਦਾ ਇਕ ਬੇਟਾ ਸੀ: ਅਰਜਨ ਸਿੰਘ। ਅਰਜਨ ਸਿੰਘ ਦਾ ਬੇਟਾ

ਖੜਕ ਸਿੰਘ ਦਾ ਬੇਟਾ ਦਇਆ ਸਿੰਘ ਦਾ ਬੇਟਾ ਸੁਜਾਨ ਸਿੰਘ ਸੀ। ਸੁਜਾਨ ਸਿੰਘ ਬਿਨਾਂ ਔਲਾਦ ਚੜ੍ਹਾਈ ਕਰ ਗਿਆ ਸੀ। ਉਸ ਦੇ ਮਗਰੋਂ ਰਿਆਸੀ ਦੀ ਸੇਵਾ ਸੰਭਾਲ ਭਾਈ ਸਰਦੂਲ ਸਿੰਘ ਨੂੰ ਸੰਭਾਲੀ ਗਈ। ਉਨ੍ਹਾਂ ਤੋਂ ਬਾਅਦ ਜਤਿੰਦਰਪਾਲ ਸਿੰਘ ਨੇ ਸੇਵਾ ਸੰਭਾਲੀ।

ਭਾਈ ਭਗਵੰਤ ਸਿੰਘ ਬੰਗੇਸ਼ਰੀ

ਭਾਈ ਭਗਵੰਤ ਸਿੰਘ ਨੂੰ 9 ਜੂਨ 1716 ਦੇ ਦਿਨ ਦਿੱਲੀ ਦੇ ਬਾਹਰ ਮਹਿਰੌਲੀ ਵਿਚ ਕੁਤਬ ਮੀਨਾਰ ਦੇ ਨੇੜੇ, ਜਮਨਾ ਦਰਿਆ ਦੇ ਕੰਢੇ 'ਤੇ ਸ਼ਹੀਦ ਕੀਤਾ ਗਿਆ ਸੀ।

ਭਾਈ ਭਗਵੰਤ ਸਿੰਘ ਭਾਈ ਨਠੀਆ ਦੇ ਬੇਟੇ, ਸ਼ਹੀਦ ਭਾਈ ਬੱਲੂ ਦੇ ਪੋਤੇ ਅਤੇ ਭਾਈ ਮੂਲਾ ਦੇ ਪੜਪੋਤੇ ਸਨ। (ਭਾਈ ਨਠੀਆ ਭਾਈ ਮਨੀ ਸਿੰਘ ਦੇ ਸੱਕੇ ਚਾਚਾ ਸਨ)।

ਭਾਈ ਭਗਵੰਤ ਸਿੰਘ ਭਾਈ ਨਠੀਆ ਦੇ ਅੱਠਾਂ ਬੇਟਿਆਂ ਵਿਚੋਂ ਸਭ ਤੋਂ ਵੱਡੇ ਸੀ। ਉਨ੍ਹਾਂ ਦਾ ਜਨਮ ਪਿੰਡ ਅਲੀਪੁਰ (ਮੁਲਤਾਨ ਤੋਂ 110 ਕਿਲੋਮੀਟਰ ਦੂਰ) ਜ਼ਿਲ੍ਹਾ ਮੁਜ਼ੱਫਰਗੜ੍ਹ ਵਿਚ ਹੋਇਆ ਸੀ।

ਭਾਵੇਂ ਆਪ ਪਰਮਾਰ ਰਾਜਪੂਤ ਖ਼ਾਨਦਾਨ ਨਾਲ ਸਬੰਧ ਰੱਖਦੇ ਸਨ, ਪਰ ਆਪ ਨੂੰ 'ਬੰਗੇਸ਼ਰੀ' ਆਖਿਆ ਜਾਂਦਾ ਸੀ ਕਿਉਂਕਿ ਆਪ ਕੋਲ ਬੰਗਸ਼ ਇਲਾਕੇ ਦੀ ਸਿਰਦਾਰੀ ਸੀ। ਭਾਈ ਭਗਵੰਤ ਸਿੰਘ ਕੋਲ ਪੰਜ ਹਜ਼ਾਰੀ ਦਾ ਮਨਸਬ ਵੀ ਸੀ, ਇਸ ਦਾ ਜ਼ਿਕਰ ਭੱਟ ਵਹੀਆਂ ਵਿਚ ਵੀ ਮਿਲਦਾ ਹੈ। ਸ਼ਹੀਦ ਭਾਈ ਨਰਬਦ ਸਿੰਘ ਭੱਟ ਦੇ ਲਫ਼ਜ਼ ਹਨ:

ਬਲਊਂਤ ਪੰਵਾਰ ਬਾਂਕੇ ਖੈਰਪੁਰ ਕੇ ਜਲਹਾਨੌਂ
ਸਾਤੌਂ ਭੁਜਾ ਤੁਮਾਰੀ ਤਉਸੈ ਕਉਨ ਅਰੈ।
ਭਾਗੂ, ਕੁਰੀਆ, ਬਾਜੂ, ਸੁਖੀਆ, ਰਨੂ, ਸ਼ਾਮਾ,
ਸੰਗਤੀ ਘੂਰੇ ਦਮਾਮੇ ਦੂਹਰੇ ਮੋਹਰੇ ਹੋ ਹੋ ਲਰੈ।

ਬੱਲੂ ਰਾਉ ਕੇ ਮਲੂਕੀ ਜਨਮੀ, ਜਗ ਮੇਂ ਉਜਲ ਹੋਈ
ਦਾਨ ਦੇਹ ਮੂੰਡ ਭਟੋਂ ਕਾ ਭਰੈ।
ਭਾਗੂ ਤੇਰੇ ਹਾਥ ਸਰ ਕੋਲ ਬਾਂਧੀ,
ਮੁਖ ਬੀੜਾ ਖਾਇਆ ਤੇਰੀ ਬੰਗੇਸ਼ਰ ਹੱਲਕ ਪਰੈ।
ਪਾਂਚ ਹਜ਼ਾਰੀ ਕਾ ਮਨਸਬ ਤਉ ਪਾ ਕੇ ਰੋਸ਼ਨ ਕੀਆ
ਭਾਰਾ ਬੱਲੂ ਕਾ ਤੇਰਾ ਨਾਮ ਚਹੁੰ ਕੁੰਟੀ ਮੁਖ ਰਹੈ।
ਬਲੂ ਨਠੀਆ ਸਮ ਕੀਆ ਤਉ ਸਾਕਾ
ਕਮਾਲ ਖਾਨ ਕੇ ਬਰਛੀ ਲਾਈ ਤੇਰੀ ਸਾਂਗ ਝਰਮਲ ਕਰੈ।
ਖਾਂਡੂ ਸੇ ਵਿਗੜੀ ਨਰਬਦਾ ਘਾਟੀ
ਖਾਨ ਦੇਸ ਪਰ ਕਾਇਆ ਛੋਰਾ ਨਹੀ ਦਾਨਾਂ
ਸ਼ੋਲਾਪੁਰ ਕੇ ਖਾਂਡੂ ਸਭੀ ਮਰੈ।
ਜਸ ਜੋੜ ਕੇਸੋ ਭੱਟ ਭਨਿਆ,
ਸਤਰਾ ਸੈ ਪਚਾਵਨ ਸ਼ੋਲਾਪੁਰ ਕੇ ਮਲਹਾਨ
ਤੇਰਾ ਨਾਮ ਤਿਰਲੋਕੀ ਸਭ ਉਚਰੈ।

ਇਹ ਦੋਹਾ ਕੇਸੋ ਭੱਟ ਨੇ 1698 ਵਿਚ ਸੁਣਾਇਆ ਸੀ। ਇਹ ਖੰਡੇ ਦੀ ਪਾਹੁਲ ਤੋਂ ਪਹਿਲਾਂ ਦਾ ਹੈ। ਇਹੀ ਭਾਗੂ ਭਗਵੰਤ ਸਿੰਘ, ਕੁਰੀਆ ਕੁਇਰ ਸਿੰਘ, ਬਾਜੂ ਬਾਜ ਸਿੰਘ, ਸੁਖੀਆ ਸੁਖਾ ਸਿੰਘ, ਰਨੂ ਰਣ ਸਿੰਘ, ਸ਼ਾਮਾ ਸ਼ਾਮ ਸਿੰਘ ਤੇ ਸੰਗਤ ਸੰਤ ਸਿੰਘ ਬਣੇ ਸਨ।

ਬਲਉਂਤ ਜਲਹਾਨੋ ਸਾਤੋ ਭੁਜਾ ਤੁਮਾਰੀ
ਸਾਤੋਂ ਕਾ ਜਸ ਚਹੁੰ ਕੁੰਟੀ ਛਾਇਆ।
ਹੁਕਮ ਭਇਆ ਸਚੇ ਸਾਹਿਬ ਕਾ
ਭਗਵੰਤ ਨਾਇਕ ਕੋ ਗੁਰੂ ਬਧਾਇਆ।
ਅਜਬ ਕੀ ਆਏ ਤੁੰਗ ਤੀਨ ਬਨਾ ਕੇ
ਖੀਚ ਸਾਂਗ ਤਉ ਮੂੰਡ ਭਮਾਇਆ।
ਕਾਮਲ ਖਾਨ ਨੇ ਲਾਈ ਬਰਛੀ
ਪਾਂਚ ਹਜ਼ਾਰੀ ਕਾ ਮਨਸਬ ਤਉ ਪਾਇਆ।
ਸੋਲਾਂ ਜਤਿਆ ਮੇਂ ਉਜਲ ਹੂਆ
ਬੰਸ ਜੱਲੇ ਕਾ ਨਾਮ ਬਢਾਇਆ।
ਕਰਮਾਂ ਬਾਈ ਜਸ ਤਉ ਕਾ ਗਾਂਊਂ
ਸਾਤ ਸਪੂਤ ਬੀਰੋਂ ਕੀ ਮਾਇਆ।

ਬਾਜ ਸਿੰਘ ਕਉਰ ਸਿੰਘ ਤਉ ਬੇਟੇ ਗਾਊ
ਮਨਸਬ ਜਿਨ ਕਾ ਸੀ ਦੂਨ ਸਵਾਇਆ।
ਜਸ ਗਾਊਂ ਤਉ ਮੂਲੇ ਬੱਲੂ ਨਠੀਆ ਕਾ
ਜਿਹ ਕੀ ਬੰਸ ਗੁਰ ਹੁਕਮ ਬਜਾਇਆ।
ਦਾਨ ਦੀਆ ਭਟੋਂ ਕੋ ਉਜਲ
ਥਾਲ ਮੁਹਰੈਂ ਕਾ ਭਗਵੰਤ ਸਿੰਘ ਭਰ ਲਿਆਇਆ।
ਸਾਲ ਸਤਰਾਂ ਸੈ ਪੈਂਸਠ ਆਹ
ਨਰਬੁਦਾ ਦੋਹਾ ਜੋੜ ਸੁਨਾਇਆ।
ਥਾਨ ਗੰਗਾ ਦੀ ਘਾਟੀ ਤੇ ਖੜ
ਬੀਰ ਜਲਹਾਨੋਂ ਕਾ ਜਸ ਗਾਇਆ।

(ਇਹ ਦੋਹਾ ਨਰਬਦ ਸਿੰਘ ਭੱਟ ਨੇ ਨੰਦੇੜ ਵਿਚ ਤਿੰਨ ਅਕਤੂਬਰ 1708 ਦੇ ਦਿਨ ਪੜ੍ਹਿਆ ਸੀ। ਇਸ ਵੇਲੇ ਤੱਕ ਸਾਰੇ ਬੰਗੇਸ਼ਰੀ ਭਰਾ ਖੰਡੇ ਦੀ ਪਾਹੁਲ ਲੈ ਕੇ ਸਿੰਘ ਸਜ ਚੁੱਕੇ ਸਨ)।

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੰਦੇੜ ਵਿਚ ਸਨ ਤਾਂ ਭਾਈ ਭਗਵੰਤ ਸਿੰਘ ਬੰਗੇਸ਼ਰੀ, ਭਾਈ ਕੁਇਰ ਸਿੰਘ ਅਤੇ ਭਾਈ ਬਾਜ਼ ਸਿੰਘ ਵੀ ਗੁਰੂ ਸਾਹਿਬ ਦੇ ਦਰਸ਼ਨ ਕਰਨ ਪੁੱਜੇ। ਪੰਜ ਅਕਤੂਬਰ 1708 ਦੇ ਦਿਨ ਜਦੋਂ ਗੁਰੂ ਸਾਹਿਬ ਨੇ ਬਾਬਾ ਬੰਦਾ ਸਿੰਘ ਨੂੰ ਪੰਜਾਬ ਭੇਜਿਆ ਤਾਂ ਉਹ ਭਾਈ ਭਗਵੰਤ ਸਿੰਘ ਦੇ ਟਾਂਡੇ ਵਿਚ ਹੀ ਪੰਜਾਬ ਆਏ ਸਨ। "ਭੱਟ ਵਹੀ ਮੁਲਤਾਨੀ ਸਿੰਧੀ' ਵਿਚ ਇਸ ਦਾ ਜ਼ਿਕਰ ਇੰਞ ਮਿਲਦਾ ਹੈ:

"ਗੁਰੂ ਗੋਬਿੰਦ ਸਿੰਘ ਮਹਲ ਦਸਮਾ, ਬੇਟਾ ਗੁਰੂ ਤੇਗ ਬਹਾਦਰ ਜੀ ਕਾ, ਨੇ ਸੰਮਤ ਸਤਰਾਂ ਸੈ ਪੈਂਸਠ ਕਾਰਤਕ ਮਾਸੇ ਸੁਦੀ ਤੀਜ ਮੰਗਲਵਾਰ ਕੇ ਦਿਹੁੰ ਗਾਮ ਨੰਦੇੜ, ਦੇਸ ਦਖਣ, ਤਟ ਗੋਦਾਵਰੀ ਸੇ, ਬੰਦਾ ਸਿੰਘ ਕੋ ਮਦਰ ਦੇਸ ਜਾਨੇ ਕਾ ਬਚਨ ਹੂਆ। ਗੈਲੋਂ ਬਾਵਾ ਬਾਜ ਸਿੰਘ, ਕਿਨੋਦ ਸਿੰਘ, ਕਾਹਨ ਸਿੰਘ, ਭਗਵੰਤ ਸਿੰਘ, ਕੁਇਰ ਸਿੰਘ, ਪਾਂਚ ਸਿਖ ਤਿਆਰ ਕੀਏ।

ਛੀਦੇ ਸਿੱਖ ਬਣਜਾਰਾ ਟਾਂਡਾ ਮੇਂ ਪੰਜਾਬ ਆਏ।

ਪੰਜਾਬ ਪੁੱਜਣ ਮਗਰੋਂ ਬਾਬਾ ਬੰਦਾ ਸਿੰਘ ਅਤੇ ਇਨ੍ਹਾਂ ਪੰਜਾਂ ਜਰਨੈਲਾਂ ਨੇ ਪੰਜਾਬ ਨੂੰ ਅਜ਼ਾਦ ਕਰਵਾਉਣ ਵਾਸਤੇ ਬੜੀ ਜਦੋਜਹਿਦ ਕੀਤੀ। ਇਨ੍ਹਾਂ ਨੇ ਇਕ ਵਾਰ ਤਾਂ ਪੰਜਾਬ ਨੂੰ ਆਜ਼ਾਦ ਕਰਵਾ ਲਿਆ ਪਰ ਮਗਰੋਂ ਦਿੱਲੀ ਦੇ ਤਖਤ 'ਤੇ ਬੈਠੇ ਬਹਾਦਰ ਸ਼ਾਹ ਨੇ ਇਕ ਬੜੀ ਹੀ ਵੱਡੀ ਫ਼ੌਜ ਲਿਆ ਕੇ ਸਾਰੇ ਇਲਾਕੇ 'ਤੇ ਦੋਬਾਰਾ ਕਬਜ਼ਾ ਕਰ ਲਿਆ। ਕੁਝ ਚਿਰ ਮਗਰੋਂ ਕਾਹਨ ਸਿੰਘ ਤੇ ਬਿਨੋਦ ਸਿੰਘ ਨੇ ਬਾਬਾ ਬੰਦਾ ਸਿੰਘ ਨਾਲ ਵਿਗੜਨ ਮਗਰੋਂ ਮੁਗਲਾਂ ਨਾਲ ਮਿਲਵਰਤਨ ਕਰਨਾ ਸ਼ੁਰੂ ਕਰ ਦਿੱਤਾ ਪਰ ਬੰਗੇਸ਼ਰੀ

ਭਰਾ ਬਾਬਾ ਬੰਦਾ ਸਿੰਘ ਦੇ ਨਾਲ ਰਹੇ। 7 ਦਸੰਬਰ 1711 ਦੇ ਦਿਨ ਇਹ ਵੀ ਬਾਬਾ ਬੰਦਾ ਸਿੰਘ ਦੇ ਨਾਲ ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਗ੍ਰਿਫ਼ਤਾਰ ਕਰ ਲਏ ਗਏ ਤੇ 9 ਮਾਰਚ 1716 ਦੇ ਦਿਨ ਸ਼ਹੀਦ ਕਰ ਦਿੱਤੇ ਗਏ।

ਭਾਈ ਭਗਵੰਤ ਸਿੰਘ ਦੀ ਸ਼ਹੀਦੀ ਸਬੰਧੀ ਜ਼ਿਕਰ ਭੱਟ ਵਹੀਆਂ ਵਿਚ ਇੰਜ ਮਿਲਦਾ ਹੈ:

"ਭਗਵੰਤ ਸਿੰਘ ਬੇਟਾ ਨਠੀਆ ਕਾ, ਕਉਰ ਸਿੰਘ ਬੇਟਾ ਨਠੀਆ ਕਾ, ਬਾਜ ਸਿੰਘ ਬੇਟਾ ਨਠੀਆ ਕਾ, ਸ਼ਾਮ ਸਿੰਘ ਬੇਟਾ ਨਠੀਆ ਕਾ, ਪੋਤੇ ਬੱਲੂ ਰਾਓ ਕੇ, ਪੜਪੋਤੇ ਨਾਇਕ ਮੂਲ ਚੰਦ ਕੇ, ਚੰਦਰਬੰਸੀ, ਭਾਰਦਵਾਜੀ, ਗੋਤ੍ਰੇ ਪੁਆਰ, ਬੰਸ ਬੀਂਝੇਕਾ, ਬੰਝਰਉਂਤ, ਜਲ੍ਹਾਨੇ, ਸੰਮਤ 1773 ਅਸਾਢ ਮਾਸੇ ਸੁਦੀ ਏਕਮ ਕੇ ਦਿਵਸ, ਸਵਾ ਪਹਿਰ ਦਿਹੁੰ ਚੜ੍ਹੇ ਬਖਤਕਾਰ ਕਾਕੀ ਕੇ ਮਕਬਰੇ ਪਾਸ ਜਮਨਾ ਨਦੀ ਕਿਨਾਰੇ ਬਾਬਾ ਬੰਦਾ ਸਿੰਘ ਸਾਹਿਬ ਨਾਲ ਸ਼ਹਾਦਤਾਂ ਪਾਇ ਗਏ। ਆਗੇ ਗੁਰੂ ਭਾਣੇ ਕਾ ਖਾਵਿੰਦ, ਗੁਰੂ ਕੀ ਗਤਿ ਗੁਰੂ ਜਾਣੇ। ਗੁਰੂ ਗੁਰੂ ਜਪਣਾ ਜਨਮ ਸਉਰੇਗਾ॥

"ਭੱਟ ਵਹੀ ਭਾਦਸੋਂ, ਪਰਗਨਾ ਥਾਨੇਸਰ"

ਭਾਈ ਭਗਵੰਤ ਸਿੰਘ ਦਾ ਇਕ ਬੇਟਾ ਵੀ ਸੀ ਜਿਸ ਦਾ ਨਾਂ ਭਾਈ ਟੇਕ ਸਿੰਘ ਸੀ। ਭਾਈ ਟੇਕ ਸਿੰਘ ਦੀ ਪੀੜ੍ਹੀ ਅੱਗੇ ਚਲਣ ਸਬੰਧੀ ਜਾਣਕਾਰੀ ਨਹੀਂ ਮਿਲ ਸਕੀ।

ਹੋਰ ਤਫ਼ਸੀਲ ਵਾਸਤੇ ਵੇਖੋ: *ਭਾਈ ਨਠੀਆ ਦਾ ਕੁਰਸੀਨਾਮਾ।*

ਭਾਈ ਬਾਜ਼ ਸਿੰਘ ਬੰਗੇਸ਼ਰੀ

ਭਾਈ ਬਾਜ਼ ਸਿੰਘ, ਸੂਬੇਦਾਰ ਸਰਹਿੰਦ, ਨੂੰ 9 ਜੂਨ 1716 ਦੇ ਦਿਨ ਦਿੱਲੀ ਦੇ ਬਾਹਰ ਜਮਨਾ ਨਦੀ ਦੇ ਕੰਢੇ ਸ਼ਹੀਦੀ ਹਾਸਿਲ ਹੋਈ ਸੀ।

ਭਾਈ ਬਾਜ਼ ਸਿੰਘ ਭਾਈ ਨਠੀਆ ਦੇ ਬੇਟੇ, ਸ਼ਹੀਦ ਭਾਈ ਬੱਲੂ ਦੇ ਪੋਤੇ ਅਤੇ ਭਾਈ ਮੂਲਾ ਦੇ ਪੜਪੋਤੇ ਸਨ। ਆਪ ਭਾਈ ਨਠੀਆ ਦੇ ਅੱਠਾਂ ਬੇਟਿਆਂ ਵਿਚ ਦੂਜੇ ਥਾਂ 'ਤੇ ਸਨ। ਆਪ ਦਾ ਜਨਮ ਪਿੰਡ ਅਲੀਪੁਰ (ਜ਼ਿਲ੍ਹਾ ਮੁਜ਼ੱਫ਼ਰਗੜ੍ਹ) ਵਿਚ ਹੋਇਆ ਸੀ। ਮਗਰੋਂ ਆਪ ਦੇ ਪਿਤਾ ਬੰਗਸ਼ ਇਲਾਕੇ ਵੱਲ ਚਲੇ ਗਏ ਸਨ। ਆਪ ਦਾ ਬਚਪਨ ਦਾ

ਨਾਂ ਬਾਜੂ ਸੀ ਤੇ ਆਪ ਖੰਡੇ ਦੀ ਪਾਹੁਲ ਹਾਸਿਲ ਕਰਨ ਮਗਰੋਂ ਭਾਈ ਬਾਜ਼ ਸਿੰਘ ਬਣ ਗਏ ਸਨ। ਆਪ ਦਾ ਖ਼ਾਨਦਾਨ ਗੁਰੂ ਘਰ ਦਾ ਸੇਵਕ ਸੀ ਅਤੇ ਉਨ੍ਹਾਂ ਨੇ ਪੰਥ ਦੀ ਚੜ੍ਹਦੀ ਕਲਾ ਵਾਸਤੇ ਬੜੀਆਂ ਕੁਰਬਾਨੀਆਂ ਕੀਤੀਆਂ ਸਨ।

ਪੰਜ ਅਕਤੂਬਰ 1708 ਦੇ ਦਿਨ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਬਾਬਾ ਬੰਦਾ ਸਿੰਘ ਨੂੰ ਖ਼ਾਲਸਾ ਫ਼ੌਜਾਂ ਦਾ ਮੁਖੀ ਬਣਾ ਕੇ ਪੰਜਾਬ ਭੇਜਿਆ ਤਾਂ ਉਸ ਦੇ ਨਾਲ ਭੇਜੇ ਗਏ ਪੰਜ ਸਾਥੀਆਂ ਵਿਚ ਭਾਈ ਬਾਜ਼ ਸਿੰਘ ਵੀ ਸਨ। ਮਗਰੋਂ ਇਨ੍ਹਾਂ ਨੇ ਪੰਜਾਬ ਦਾ ਕਾਫ਼ੀ ਹਿੱਸਾ ਆਜ਼ਾਦ ਕਰਵਾ ਲਿਆ। 14 ਮਈ 1710 ਦੇ ਦਿਨ ਸਰਹਿੰਦ ਨੂੰ ਆਜ਼ਾਦ ਕਰਵਾਉਣ ਮਗਰੋਂ ਭਾਈ ਬਾਜ਼ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਲਾਇਆ ਗਿਆ।

ਭਾਈ ਬਾਜ਼ ਸਿੰਘ ਨੇ ਸਰਹਿੰਦ ਦਾ ਇੰਤਜ਼ਾਮ ਪੰਜ ਮਹੀਨੇ ਬਖ਼ੂਬੀ ਚਲਾਇਆ। ਉਸ ਨੇ ਸਾਬਿਤ ਕਰ ਦਿੱਤਾ ਕਿ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੇ ਹੁਕਮ ਮੁਤਾਬਿਕ ਰਾਜ ਕਿੰਞ ਚਲਾਇਆ ਜਾਣਾ ਚਾਹੀਦਾ ਹੈ। ਸਰਹਿੰਦ ਦੇ ਲੋਕਾਂ ਨੇ ਸੱਚੇ ਖ਼ਾਲਸਾ ਰਾਜ ਦਾ ਨਿਜ਼ਾਮ ਵੇਖਿਆ। ਨਿਜ਼ਾਮ, ਇਨਸਾਫ਼, ਹਿਫ਼ਾਜ਼ਤ, ਮਾਲੀ ਸਕੂਨ ਦੀ ਜੋ ਦੇਣ ਭਾਈ ਬਾਜ਼ ਸਿੰਘ ਨੇ ਕੁਝ ਹੀ ਮਹੀਨਿਆਂ ਵਿਚ ਲੋਕਾਂ ਨੂੰ ਦਿੱਤੀ ਸੀ, ਸਰਹਿੰਦ ਦੇ ਲੋਕ ਇਸ ਨੂੰ ਖ਼੍ਵਾਬ ਵਿਚ ਵੀ ਨਹੀਂ ਸੋਚ ਸਕਦੇ ਸਨ। ਪਰ ਇਹ ਮਾਹੌਲ ਬਹੁਤੀ ਦੇਰ ਨਾ ਰਹਿ ਸਕਿਆ। ਨਵੰਬਰ 1710 ਵਿਚ ਬਹਾਦਰ ਸ਼ਾਹ ਵਲੋਂ ਇਕ ਵੱਡੀ ਫ਼ੌਜ ਨਾਲ ਹਮਲੇ ਕੀਤੇ ਜਾਣ ਮਗਰੋਂ ਸਿੱਖ ਆਗੂਆਂ ਨੂੰ ਸਰਹਿੰਦ ਤੋਂ ਜਾਣਾ ਪਿਆ।

ਇਸ ਮਗਰੋਂ ਬਾਜ਼ ਸਿੰਘ ਨੇ ਫੇਰ ਬੰਦਾ ਸਿੰਘ ਨਾਲ ਰਲ ਕੇ ਜਦੋਜਹਿਦ ਕੀਤੀ। ਉਨ੍ਹਾਂ ਨੇ ਕੁਝ ਕਾਮਯਾਬੀ ਵੀ ਹਾਸਿਲ ਕੀਤੀ ਪਰ ਇਸ ਦਾ ਅਖ਼ੀਰ ਉਦੋਂ ਆ ਗਿਆ ਜਦੋਂ ਉਹ 8 ਮਹੀਨੇ ਭੁੱਖੇ-ਭਾਣੇ ਰਹਿਣ ਕਰ ਕੇ ਬੜੇ ਕਮਜ਼ੋਰ ਹੋਣ ਮਗਰੋਂ ਗ੍ਰਿਫ਼ਤਾਰ ਕਰ ਲਏ ਗਏ ਅਤੇ ਦਿੱਲੀ ਵਿਚ 9 ਮਾਰਚ 1716 ਦੇ ਦਿਨ ਸ਼ਹੀਦ ਕਰ ਦਿੱਤੇ ਗਏ।

ਭਾਈ ਬਾਜ਼ ਸਿੰਘ ਅਤੇ ਉਸ ਦੇ ਤਿੰਨ ਭਰਾਵਾਂ ਦੀ ਸ਼ਹੀਦੀ ਦਾ ਜ਼ਿਕਰ ਕਰਦਿਆਂ ਭਾਈ ਰਤਨ ਸਿੰਘ ਭੰਗੂ ਇੰਞ ਲਿਖਦਾ ਹੈ:

ਬਾਜ ਸਿੰਘ ਨੇ ਭਲੀ ਨਿਬਾਹੀ।
ਮੁਏ ਬੰਦੈ ਸੰਗ ਚਾਰਊਂ ਭਾਈ।

(ਪ੍ਰਾਚੀਨ ਪੰਥ ਪ੍ਰਕਾਸ਼, ਸਫ਼ਾ 158, ਐਡਿਟ ਭਾਈ ਵੀਰ ਸਿੰਘ, ਐਡੀਸ਼ਨ 1982)

ਭਾਈ ਬਾਜ਼ ਸਿੰਘ ਦੇ ਚਾਰ ਬੇਟੇ ਸਨ: ਭਾਈ ਕੇਸਰ ਸਿੰਘ, ਨਾਹਰ ਸਿੰਘ, ਸ਼ੇਰ ਸਿੰਘ ਤੇ ਅਲਬੇਲ ਸਿੰਘ। ਇਨ੍ਹਾਂ ਵਿਚੋਂ ਨਿੱਕੇ ਤਿੰਨੇ ਉਸ ਦੇ ਨਾਲ ਸ਼ਹੀਦ ਕੀਤੇ ਗਏ ਸਨ। ਇਨ੍ਹਾਂ ਤਿੰਨਾਂ ਦੀਆਂ ਅੱਗੋਂ ਪੀੜ੍ਹੀਆਂ ਚਲੀਆਂ ਸਨ।

ਹੋਰ ਤਫ਼ਸੀਲ ਵਾਸਤੇ ਵੇਖੋ: *ਨਾਹਰ ਸਿੰਘ, ਸ਼ੇਰ ਸਿੰਘ, ਅਲਬੇਲ ਸਿੰਘ ਦਾ ਕੁਰਸੀਨਾਮਾ।*

ਭਾਈ ਕੁਇਰ ਸਿੰਘ ਬੰਗੇਸ਼ਰੀ

ਭਾਈ ਕੁਇਰ ਸਿੰਘ ਬੰਗੇਸ਼ਰੀ ਨੂੰ ਵੀ ਬਾਬਾ ਬੰਦਾ ਸਿੰਘ ਦੇ ਨਾਲ 9 ਜੂਨ 1716 ਦੇ ਦਿਨ ਦਿੱਲੀ ਵਿਚ ਸ਼ਹੀਦ ਕੀਤਾ ਗਿਆ ਸੀ।

ਭਾਈ ਕੁਇਰ ਸਿੰਘ ਸ਼ਹੀਦ ਭਾਈ ਨਠੀਆ ਦੇ ਬੇਟੇ, ਸ਼ਹੀਦ ਭਾਈ ਬੱਲੂ ਦੇ ਪੋਤੇ ਅਤੇ ਭਾਈ ਮੂਲਾ ਦੇ ਪੜਪੋਤੇ ਸਨ। ਆਪ ਪਰਮਾਰ-ਰਾਜਪੂਤ ਖ਼ਾਨਦਾਨ ਨਾਲ ਸਬੰਧ ਰੱਖਦੇ ਸਨ। ਆਪ ਦੇ ਖ਼ਾਨਦਾਨ ਕੋਲ ਬੰਗਸ਼ ਇਲਾਕੇ ਦੀ ਸਿਰਦਾਰੀ ਸੀ ਇਸ ਕਰ ਕੇ ਆਪ ਨੂੰ ਬੰਗੇਸ਼ਰੀ ਆਖਿਆ ਜਾਣ ਲੱਗ ਪਿਆ ਸੀ। ਭਾਈ ਕੁਇਰ ਸਿੰਘ ਭਾਈ ਨਠੀਆ ਦੇ ਅੱਠਾਂ ਬੇਟਿਆਂ ਵਿਚੋਂ ਤੀਜੇ ਥਾਂ 'ਤੇ ਸਨ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜਦੋਂ 5 ਅਕਤੂਬਰ 1705 ਦੇ ਦਿਨ ਬਾਬਾ ਬੰਦਾ ਸਿੰਘ ਨੂੰ ਖ਼ਾਲਸਾ ਫ਼ੌਜਾਂ ਦਾ ਜਥੇਦਾਰ ਬਣਾ ਕੇ ਪੰਜਾਬ ਭੇਜਿਆ ਤਾਂ ਜਿਹੜੇ ਪੰਜ ਸਿੰਘ ਉਨ੍ਹਾਂ ਨਾਲ ਭੇਜੇ ਗਏ ਸਨ ਭਾਈ ਕੁਇਰ ਸਿੰਘ ਉਨ੍ਹਾਂ ਵਿਚੋਂ ਇਕ ਸਨ। ਭਾਈ ਕੁਇਰ ਸਿੰਘ ਨੇ ਬਾਬਾ ਬੰਦਾ ਸਿੰਘ ਨਾਲ ਰਲ ਕੇ ਹਰ ਲੜਾਈ ਵਿਚ ਹਿੱਸਾ ਪਾਇਆ ਅਤੇ ਮੂਹਰੇ ਹੋ ਕੇ ਲੜਦੇ ਰਹੇ।

7 ਦਸੰਬਰ 1715 ਨੂੰ ਜਦੋਂ ਬਾਬਾ ਬੰਦਾ ਸਿੰਘ ਅਤੇ 740 ਸਿੱਖ ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਗ੍ਰਿਫ਼ਤਾਰ ਕੀਤੇ ਗਏ ਤਾਂ ਉਨ੍ਹਾਂ ਵਿਚ ਆਪ ਵੀ ਸ਼ਾਮਿਲ ਸਨ। ਆਪ ਨੂੰ 9 ਜੂਨ 1716 ਦੇ ਦਿਨ ਬਾਬਾ ਬੰਦਾ ਸਿੰਘ ਨਾਲ ਸ਼ਹੀਦ ਕਰ ਦਿੱਤਾ ਗਿਆ।

ਭਾਈ ਕੁਇਰ ਸਿੰਘ ਦੇ ਦੋ ਬੇਟੇ ਸਨ: ਭਾਈ ਕਰਮ ਸਿੰਘ ਤੇ ਭਾਈ ਬਾਘ ਸਿੰਘ। ਅਗੋਂ ਭਾਈ ਕਰਮ ਸਿੰਘ ਦੇ ਵੀ ਤਿੰਨ ਬੇਟੇ ਸਨ: ਭਾਈ ਭੀਮ ਸਿੰਘ, ਤੇਗਾ ਸਿੰਘ ਤੇ ਖੜਗ ਸਿੰਘ। ਇਨ੍ਹਾਂ ਸਾਰਿਆਂ ਦੀ ਅਗੋਂ ਔਲਾਦ ਚਲੀ ਦਸੀ ਜਾਂਦੀ ਹੈ।

ਹੋਰ ਤਫ਼ਸੀਲ ਵਾਸਤੇ ਵੇਖੋ:-

"ਭਾਈ ਭਗਵੰਤ ਸਿੰਘ ਬੰਗੇਸ਼ਰੀ" ਅਤੇ "ਭਾਈ ਨਠੀਆ ਦਾ ਕੁਰਸੀਨਾਮਾ।"

ਭਾਈ ਸ਼ਾਮ ਸਿੰਘ ਬੰਗੇਸ਼ਰੀ

9 ਜੂਨ 1716 ਦੇ ਦਿਨ ਮਹਿਰੌਲੀ (ਦਿੱਲੀ) ਵਿਚ ਬਾਬਾ ਬੰਦਾ ਸਿੰਘ ਦੇ ਨਾਲ ਸ਼ਹੀਦ ਹੋਣ ਵਾਲੇ 14 ਸਿੰਘਾਂ ਵਿਚ ਭਾਈ ਸ਼ਾਮ ਸਿੰਘ ਵੀ ਸ਼ਾਮਿਲ ਸਨ।

ਭਾਈ ਸ਼ਾਮ ਸਿੰਘ ਭਾਈ ਨਠੀਆ ਦੇ ਬੇਟੇ, ਸ਼ਹੀਦ ਭਾਈ ਬੱਲੂ ਦੇ ਪੋਤੇ ਅਤੇ ਭਾਈ ਮੂਲਾ ਦੇ ਪੜਪੋਤੇ ਸਨ। ਆਪ ਭਾਈ ਨਠੀਆ ਦੇ 8 ਬੇਟਿਆਂ ਵਿਚ ਪੰਜਵੇਂ ਥਾਂ ਸਨ। ਆਪ ਨੇ ਆਪਣਾ ਬਚਪਨ ਪਿੰਡ ਵਿਚ ਹੀ ਗੁਜ਼ਾਰਿਆ ਸੀ। ਆਪ ਪਰਮਾਰ-ਰਾਜਪੂਤ ਖ਼ਾਨਦਾਨ ਨਾਲ ਸਬੰਧ ਰੱਖਦੇ ਸਨ। ਇਸ ਕਰ ਕੇ ਆਪ ਨੂੰ ਖ਼ਾਨਦਾਨੀ ਰਿਵਾਇਤ ਮੁਤਾਬਿਕ ਘੋੜ-ਸਵਾਰੀ ਅਤੇ ਹਥਿਆਰਾਂ ਦੀ ਸਿਖਲਾਈ ਦਿੱਤੀ ਗਈ। ਆਪ ਛੇਤੀ ਹੀ ਇਕ ਬੜੇ ਮਾਹਿਰ ਫ਼ੌਜੀ ਬਣ ਗਏ ਸਨ।

ਜਦੋਂ ਬਾਬਾ ਬੰਦਾ ਸਿੰਘ ਨੇ ਪੰਜਾਬ ਆਜ਼ਾਦ ਕਰਾਉਣ ਵਾਸਤੇ ਸਿੱਖਾਂ ਨੂੰ ਫ਼ੌਜ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਤਾਂ ਭਾਈ ਸ਼ਾਮ ਸਿੰਘ ਨੇ ਵੀ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ। ਭਾਈ ਸ਼ਾਮ ਸਿੰਘ ਨੇ ਕਈ ਲੜਾਈਆਂ ਵਿਚ ਹਿੱਸਾ ਲਿਆ।

ਜਦੋਂ 7 ਦਸੰਬਰ 1716 ਨੂੰ ਬਾਬਾ ਬੰਦਾ ਸਿੰਘ ਤੇ 740 ਹੋਰ ਸਿੱਖਾਂ ਨੂੰ ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਗ੍ਰਿਫ਼ਤਾਰ ਕੀਤਾ ਗਿਆ ਤਾਂ ਆਪ ਵੀ ਉਸ ਦੇ ਨਾਲ ਹੀ ਸਨ। ਆਪ ਨੂੰ ਬੰਦਾ ਸਿੰਘ ਦੇ ਨਾਲ 9 ਜੂਨ 1716 ਦੇ ਦਿਨ ਜਮਨਾ ਦੇ ਕੰਢੇ, ਮਹਿਰੌਲੀ (ਦਿੱਲੀ) ਵਿਚ ਸ਼ਹੀਦ ਕਰ ਦਿੱਤਾ ਗਿਆ।

ਹੋਰ ਤਫ਼ਸੀਲ ਵਾਸਤੇ ਵੇਖੋ: *"ਭਾਈ ਭਗਵੰਤ ਸਿੰਘ ਬੰਗੇਸ਼ਰੀ"*
ਅਤੇ *"ਭਾਈ ਨਠੀਆ ਦਾ ਕੁਰਸੀਨਾਮਾ।"*

ਭਾਈ ਨਾਹਰ ਸਿੰਘ

ਆਪਣੇ ਪਿਤਾ ਭਾਈ ਬਾਜ਼ ਸਿੰਘ ਨਾਲ 9 ਜੂਨ 1716 ਦੇ ਦਿਨ ਸ਼ਹੀਦੀ ਪਾਉਣ ਵਾਲੇ ਤਿੰਨਾਂ ਭਰਾਵਾਂ ਵਿਚ ਭਾਈ ਨਾਹਰ ਸਿੰਘ ਵੀ ਸਨ।

ਭਾਈ ਨਾਹਰ ਸਿੰਘ ਭਾਈ ਬਾਜ਼ ਸਿੰਘ ਦੇ ਬੇਟੇ, ਭਾਈ ਨਠੀਆ ਦੇ ਪੋਤੇ ਤੇ ਭਾਈ ਮਾਈ ਦਾਸ ਦੇ ਪੜਪੋਤੇ ਸਨ। ਭਾਈ ਨਾਹਰ ਸਿੰਘ ਭਾਈ ਬਾਜ਼ ਸਿੰਘ ਦੇ ਚਾਰਾਂ ਬੇਟਿਆਂ ਵਿਚੋਂ ਦੂਜੇ ਥਾਂ 'ਤੇ ਸਨ।

ਆਪ ਨੇ ਆਪਣਾ ਬਚਪਨ ਆਪਣੇ ਪਿੰਡ ਵਿਚ ਹੀ ਬਿਤਾਇਆ ਸੀ। ਉਂਞ ਆਪ ਆਪਣੇ ਪਿਤਾ ਨਾਲ ਵਪਾਰ ਦੇ ਸਿਲਸਿਲੇ ਵਿਚ ਵੱਖ-ਵੱਖ ਇਲਾਕਿਆਂ ਵਿਚ ਜਾਂਦੇ ਰਹਿੰਦੇ ਸਨ। ਜਦੋਂ ਬਾਬਾ ਬੰਦਾ ਸਿੰਘ ਨੇ ਸਰਹਿੰਦ ਆਜ਼ਾਦ ਕਰਵਾ ਲਿਆ ਤੇ ਇਸ ਦੀ ਸੂਬੇਦਾਰੀ ਭਾਈ ਬਾਜ਼ ਸਿੰਘ ਨੂੰ ਸੌਂਪੀ ਗਈ। ਇਸ ਮੌਕੇ 'ਤੇ ਪਿਤਾ ਨਾਲ ਹੱਥ ਵੰਡਾਉਣ ਵਾਸਤੇ ਭਾਈ ਨਾਹਰ ਸਿੰਘ ਵੀ ਸਰਹਿੰਦ ਆ ਗਏ। ਨਵੰਬਰ 1710 ਵਿਚ ਜਦੋਂ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੇ ਪੰਜਾਬ ਵੱਲ ਕੂਚ ਕੀਤਾ ਤਾਂ ਸਿੱਖਾਂ ਨੇ ਪਹਿਲਾਂ ਤਾਂ ਮੁਕਾਬਲਾ ਕਰਨ ਦਾ ਇਰਾਦਾ ਕੀਤਾ ਪਰ ਐਨੀ ਵੱਡੀ ਫ਼ੌਜ ਵੇਖ ਕੇ ਉਨ੍ਹਾਂ ਪੈਂਤੜਾ ਬਦਲ ਲਿਆ ਅਤੇ ਪਹਾੜਾਂ ਵੱਲ ਨਿਕਲ ਗਏ ਤਾਂ ਜੋ ਉਹ ਗੁਰੀਲਾ ਲੜਾਈ ਕਰ ਸਕਣ।

ਬਾਬਾ ਬੰਦਾ ਸਿੰਘ, ਭਾਈ ਬਾਜ਼ ਸਿੰਘ ਤੇ ਬਾਕੀ ਸਾਰੇ ਸਾਥੀ ਪਹਾੜਾਂ ਵਿਚੋਂ ਆ ਕੇ ਵੱਖ-ਵੱਖ ਇਲਾਕਿਆਂ ਵਿਚ ਮਾਰ ਕਰਦੇ ਰਹੇ। ਇਸੇ ਜਦੋਜਹਿਦ ਵਿਚ ਇਹ ਸਾਰੇ ਸਿੰਘ 1715 ਦੀਆਂ ਗਰਮੀਆਂ ਵਿਚ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਘਿਰ ਗਏ ਜਿਥੇ 8 ਮਹੀਨਿਆਂ ਦੇ ਲੰਬੇ ਘੇਰੇ ਦੌਰਾਨ ਉਨ੍ਹਾਂ ਕੋਲ ਦਾਣੇ ਤਕ ਮੁਕ ਗਏ ਜਿਸ ਨਾਲ ਉਨ੍ਹਾਂ ਵਿਚ ਜਿਸਮਾਨੀ ਤਾਕਤ ਖ਼ਤਮ ਹੋ ਗਈ। ਨਤੀਜੇ ਵਜੋਂ ਉਨ੍ਹਾਂ ਨੂੰ 7 ਦਸੰਬਰ 1715 ਦੇ ਦਿਨ ਗ੍ਰਿਫ਼ਤਾਰ ਕਰ ਲਿਆ ਗਿਆ। ਇਨ੍ਹਾਂ ਗ੍ਰਿਫ਼ਤਾਰਾਂ ਵਿਚ ਭਾਈ ਨਾਹਰ ਸਿੰਘ ਵੀ ਸ਼ਾਮਿਲ ਸਨ। ਨਾਹਰ ਸਿੰਘ ਨੂੰ ਬਾਬਾ ਬੰਦਾ ਸਿੰਘ ਅਤੇ ਹੋਰਨਾਂ ਨਾਲ 9 ਜੂਨ 1716 ਦੇ ਦਿਨ ਮਹਿਰੌਲੀ ਵਿਚ, ਕੁਤਬ ਦੀ ਲਾਠ ਦੇ ਨੇੜੇ, ਸ਼ਹੀਦ ਕਰ ਦਿੱਤਾ ਗਿਆ।

ਭਾਈ ਨਾਹਰ ਸਿੰਘ ਆਪਣੇ ਪਿੱਛੇ ਤਿੰਨ ਬੇਟੇ ਛੱਡ ਗਏ ਸਨ: ਭਾਈ ਹੀਰਾ ਸਿੰਘ, ਵਜ਼ੀਰ ਸਿੰਘ ਤੇ ਰਣਧੀਰ ਸਿੰਘ। ਅਗੋਂ ਇਨ੍ਹਾਂ ਸਾਰਿਆਂ ਦੇ ਵੱਡੇ ਪਰਿਵਾਰ ਸਨ ਜੋ ਅਜ ਕੱਲ੍ਹ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚ ਰਹਿ ਰਹੇ ਹਨ।

ਹੋਰ ਤਫ਼ਸੀਲ ਵਾਸਤੇ ਵੇਖੋ:-

"ਭਾਈ ਭਗਵੰਤ ਸਿੰਘ ਬੰਗੇਸ਼ਰੀ", "ਭਾਈ ਬਾਜ਼ ਸਿੰਘ ਬੰਗੇਸ਼ਰੀ' ਅਤੇ "ਭਾਈ ਨਠੀਆ ਦਾ ਕੁਰਸੀਨਾਮਾ।"

ਭਾਈ ਸ਼ੇਰ ਸਿੰਘ

9 ਜੂਨ 1716 ਦੇ ਦਿਨ ਬਾਬਾ ਬੰਦਾ ਸਿੰਘ ਨਾਲ ਸ਼ਹੀਦ ਹੋਣ ਵਾਲੇ ਭਾਈ ਸ਼ੇਰ ਸਿੰਘ ਭਾਈ ਬਾਜ਼ ਸਿੰਘ ਦੇ ਬੇਟੇ, ਭਾਈ ਨਠੀਆ ਦੇ ਪੋਤੇ ਅਤੇ ਭਾਈ ਮਾਈ ਦਾਸ ਦੇ ਪੜਪੋਤੇ ਸਨ। ਆਪ ਭਾਈ ਬਾਜ਼ ਸਿੰਘ ਦੇ ਚੌਹਾਂ ਬੇਟਿਆਂ ਵਿਚੋਂ ਤੀਜੇ ਥਾਂ 'ਤੇ ਸਨ।

ਭਾਈ ਸ਼ੇਰ ਸਿੰਘ ਆਪਣੇ ਪਿਤਾ ਅਤੇ ਆਪਣੇ ਵੱਡੇ ਵੀਰ ਨਾਹਰ ਸਿੰਘ ਤੇ ਛੋਟੇ ਵੀਰ ਅਲਬੇਲ ਸਿੰਘ ਨਾਲ ਸਿੱਖ ਪੰਥ ਦੀ ਜਦੋਜਹਿਦ ਦੌਰਾਨ ਬਾਬਾ ਬੰਦਾ ਸਿੰਘ ਦੇ ਮੋਢੇ ਨਾਲ ਮੋਢਾ ਜੋੜ ਕੇ, ਵੱਧ ਚੜ੍ਹ ਕੇ, ਹਿੱਸਾ ਪਾਉਂਦੇ ਰਹੇ। ਉਨ੍ਹਾਂ ਨੇ ਬਾਬਾ ਬੰਦਾ ਸਿੰਘ ਦੀ ਹਰ ਮੁਹਿੰਮ ਵਿਚ ਮੂਹਰਲੀਆਂ ਕਤਾਰਾਂ ਵਿਚ ਰਹਿ ਕੇ ਹਿੱਸਾ ਪਾਇਆ।

7 ਦਸੰਬਰ 1715 ਦੇ ਦਿਨ ਜਦੋਂ ਬਾਬਾ ਬੰਦਾ ਸਿੰਘ ਅਤੇ ਉਨ੍ਹਾਂ ਨਾਲ 740 ਸਿੱਖ ਗ੍ਰਿਫ਼ਤਾਰ ਕੀਤੇ ਗਏ ਤਾਂ ਭਾਈ ਸ਼ੇਰ ਸਿੰਘ ਵੀ ਉਨ੍ਹਾਂ ਵਿਚੋਂ ਇਕ ਸਨ। ਆਪ ਨੂੰ ਦਿੱਲੀ ਲਿਜਾ ਕੇ ਬਾਬਾ ਬੰਦਾ ਸਿੰਘ ਅਤੇ ਪਿਤਾ ਭਾਈ ਬਾਜ਼ ਸਿੰਘ ਸੂਬੇਦਾਰ ਦੇ ਨਾਲ ਸ਼ਹੀਦ ਕਰ ਦਿੱਤਾ ਗਿਆ।

ਭਾਈ ਸ਼ੇਰ ਸਿੰਘ ਸ਼ਾਦੀ ਸ਼ੁਦਾ ਸਨ। ਆਪ ਦਾ ਇਕ ਬੇਟਾ ਭਾਈ ਹਿੰਮਤ ਸਿੰਘ ਸੀ।

ਹੋਰ ਤਫ਼ਸੀਲ ਵਾਸਤੇ ਵੇਖੋ:

'ਭਾਈ ਭਗਵੰਤ ਸਿੰਘ ਬੰਗੇਸ਼ਰੀ' 'ਭਾਈ ਬਾਜ਼ ਸਿੰਘ ਬੰਗੇਸ਼ਰੀ'

ਅਤੇ *"ਭਾਈ ਨਠੀਆ ਦਾ ਕੁਰਸੀਨਾਮਾ।"*

ਭਾਈ ਅਲਬੇਲ ਸਿੰਘ ਬੰਗੇਸ਼ਰੀ

ਭਾਈ ਅਲਬੇਲ ਸਿੰਘ ਨੇ 9 ਜੂਨ 1716 ਦੇ ਦਿਨ ਸ਼ਹੀਦੀ ਪਾਈ ਸੀ।

ਆਪ ਭਾਈ ਬਾਜ਼ ਸਿੰਘ ਦੇ ਬੇਟੇ, ਭਾਈ ਨਠੀਆ ਦੇ ਪੋਤੇ ਅਤੇ ਭਾਈ ਮਾਈ ਦਾਸ ਦੇ ਪੜਪੋਤੇ ਸਨ। ਭਾਈ ਬਾਜ਼ ਸਿੰਘ ਦੇ ਚਾਰ ਬੇਟਿਆਂ ਵਿਚੋਂ ਆਪ ਚੌਥੇ ਥਾਂ 'ਤੇ ਸਨ। ਭਾਈ ਬਾਜ਼ ਸਿੰਘ ਉਨ੍ਹਾਂ ਪੰਜਾਂ ਵਿਚੋਂ ਸਨ ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਨੰਦੇੜ ਤੋਂ ਬਾਬਾ ਬੰਦਾ ਸਿੰਘ ਦੇ ਨਾਲ ਟੋਰਿਆ ਸੀ। ਸਰਹਿੰਦ ਦੀ ਜਿੱਤ ਮਗਰੋਂ ਭਾਈ ਬਾਜ਼ ਸਿੰਘ ਸਰਹਿੰਦ ਦੇ ਸੂਬੇਦਾਰ ਬਣਾਏ ਗਏ ਸਨ। ਭਾਈ ਅਲਬੇਲ ਸਿੰਘ 1710 ਦੇ ਦੂਜੇ ਅੱਧ ਵਿਚ ਆਪਣੇ ਇਲਾਕੇ (ਬੰਗਸ਼ ਦੇਸ਼) ਤੋਂ ਸਰਹਿੰਦ ਆ ਗਏ ਸਨ ਅਤੇ ਆਪਣੇ ਪਿਤਾ ਦੇ ਨਾਲ ਸੂਬੇ ਦੇ ਨਿਜ਼ਾਮ ਵਿਚ ਹੱਥ ਵੰਡਾਉਂਦੇ ਰਹਿੰਦੇ ਸਨ।

ਨਵੰਬਰ 1710 ਵਿਚ ਬਾਬਾ ਬੰਦਾ ਸਿੰਘ ਨੂੰ ਇਕ ਵਾਰ ਫੇਰ ਪੰਜਾਬ ਛੱਡ ਕੇ ਪਹਾੜਾਂ ਵੱਲ ਨਿਕਲਣਾ ਪਿਆ। ਇਸ ਮੌਕੇ 'ਤੇ ਵੀ ਭਾਈ ਬਾਜ਼ ਸਿੰਘ ਅਤੇ ਉਸ ਦੇ ਪਰਿਵਾਰ ਨੇ ਬਾਬਾ ਬੰਦਾ ਸਿੰਘ ਦਾ ਸਾਥ ਨਾ ਛੱਡਿਆ। ਉਹ ਸਾਰੇ ਬਾਬਾ ਬੰਦਾ ਸਿੰਘ ਦੇ ਨਾਲ ਹਰ ਮੋਰਚੇ ਵਿਚ ਡਟੇ ਰਹੇ। ਹੋਰ ਤਾਂ ਹੋਰ ਜਦੋਂ ਭਾਈ ਕਾਹਨ ਸਿੰਘ ਤੇ ਬਿਨੋਦ ਸਿੰਘ ਤਰੇਹਨ ਵੀ ਮੁਗ਼ਲਾਂ ਨਾਲ ਸਮਝੌਤਾ ਕਰ ਗਏ ਤਾਂ ਵੀ ਇਹ ਸਾਰੇ ਬੰਗੇਸ਼ਰੀ ਬਾਬਾ ਬੰਦਾ ਸਿੰਘ ਦੇ ਨਾਲ ਰਹੇ।

7 ਦਸੰਬਰ 1715 ਦੇ ਦਿਨ ਜਦੋਂ ਬਾਬਾ ਬੰਦਾ ਸਿੰਘ ਨੂੰ ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਗ੍ਰਿਫ਼ਤਾਰ ਕੀਤਾ ਗਿਆ ਤਾਂ ਭਾਈ ਅਲਬੇਲ ਸਿੰਘ ਵੀ ਉਨ੍ਹਾਂ ਦੇ ਨਾਲ ਹੀ ਸਨ। ਇਨ੍ਹਾਂ ਸਾਰਿਆਂ ਨੂੰ ਦਿੱਲੀ ਲਿਜਾ ਕੇ ''ਇਸਲਾਮ ਜਾਂ ਮੌਤ'' ਵਿਚੋਂ ਇਕ ਚੁਣਨ ਦੀ ਪੇਸ਼ਕਸ਼ ਕੀਤੀ ਗਈ। ਹਰ ਇਕ ਸਿੱਖ ਵਾਂਗ ਭਾਈ ਅਲਬੇਲ ਸਿੰਘ ਨੇ ਵੀ ਧਰਮ ਛੱਡ ਕੇ ਜਾਨ ਪਿਆਰੀ ਨਾ ਕੀਤੀ।

ਭਾਈ ਅਲਬੇਲ ਸਿੰਘ ਸ਼ਹੀਦੀ ਵੇਲੇ ਵਿਆਹੇ ਹੋਏ ਸਨ। ਉਨ੍ਹਾਂ ਦੇ ਦੋ ਬੇਟੇ ਸਨ: ਭਾਈ ਮੋਤੀ ਸਿੰਘ ਤੇ ਭਾਈ ਜੋਤੀ ਸਿੰਘ। ਇਨ੍ਹਾਂ ਵਿਚੋਂ ਵੱਡੇ ਭਾਈ ਮੋਤੀ ਸਿੰਘ ਦੇ ਅੱਗੋਂ ਦੋ ਬੇਟੇ ਸਨ: ਭਾਈ ਗੁਲਾਬ ਸਿੰਘ ਤੇ ਰੁਲਦਾ ਸਿੰਘ। ਇਨ੍ਹਾਂ ਦੀ ਅੱਗੋਂ ਔਲਾਦ ਵੀ ਚਲੀ ਸੀ। ਇਹ ਪਰਿਵਾਰ ਅਜ ਕੱਲ੍ਹ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚ ਫੈਲੇ ਹੋਏ ਹਨ।

ਹੋਰ ਤਫ਼ਸੀਲ ਵਾਸਤੇ ਵੇਖੋ:-

''ਭਾਈ ਭਗਵੰਤ ਸਿੰਘ ਬੰਗੇਸ਼ਰੀ'', ''ਭਾਈ ਬਾਜ਼ ਸਿੰਘ ਬੰਗੇਸ਼ਰੀ'' ਅਤੇ ''ਭਾਈ ਨਠੀਆ ਦਾ ਕੁਰਸੀਨਾਮਾ।''

ਭਾਈ ਰਾਮ ਸਿੰਘ

ਬਾਬਾ ਬੰਦਾ ਸਿੰਘ ਨਾਲ ਸ਼ਹੀਦੀ ਜਾਮ ਪੀਣ ਵਾਲਿਆਂ ਵਿਚ ਭਾਈ ਰਾਮ ਸਿੰਘ ਵੀ ਸ਼ਾਮਿਲ ਸਨ।

ਭਾਈ ਰਾਮ ਸਿੰਘ ਸ਼ਹੀਦ ਭਾਈ ਬਚਿਤਰ ਸਿੰਘ ਦੇ ਬੇਟੇ, ਭਾਈ ਮਨੀ ਸਿੰਘ ਦੇ ਪੋਤੇ ਅਤੇ ਭਾਈ ਮਾਈ ਦਾਸ ਦੇ ਪੜਪੋਤੇ ਸਨ। ਭਾਈ ਬਚਿਤਰ ਸਿੰਘ ਦੇ ਦੋਹਾਂ ਬੇਟਿਆਂ ਵਿਚੋਂ ਆਪ ਨਿੱਕੇ ਸਨ।

ਭਾਈ ਰਾਮ ਸਿੰਘ ਨੇ ਆਪਣਾ ਬਚਪਨ ਪਿੰਡ ਅਲੀਪੁਰ (ਜ਼ਿਲਾ ਮੁਜ਼ੱਫ਼ਰਗੜ੍ਹ) ਵਿਚ ਹੀ ਬਿਤਾਇਆ ਸੀ ਪਰ ਉਹ ਅਕਸਰ ਆਪਣੇ ਪਿਤਾ ਕੋਲ ਅਨੰਦਪੁਰ ਸਾਹਿਬ ਵਿਚ ਵੀ ਰਿਹਾ ਕਰਦੇ ਸਨ। ਜਵਾਨ ਹੋਣ ਮਗਰੋਂ ਆਪ ਨੇ ਆਪਣੇ ਪਿਤਾ ਅਤੇ ਚਾਚਾ ਸ਼ਹੀਦ ਭਾਈ ਉਦੈ ਸਿੰਘ ਤੋਂ ਘੋੜ-ਸਵਾਰੀ ਅਤੇ ਹਥਿਆਰ ਚਲਾਉਣ ਦੀ ਸਿੱਖਿਆ ਹਾਸਿਲ ਕੀਤੀ। ਇਸ ਮਗਰੋਂ ਆਪ ਅਨੰਦਪੁਰ ਸਾਹਿਬ ਵਿਚ ਹੀ ਰਹਿਣ ਲੱਗ ਪਏ।

5 ਤੇ 6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਸਾਹਿਬ ਛੱਡਿਆ ਤਾਂ ਆਪ ਵੀ ਗੁਰੂ ਸਾਹਿਬ ਦੇ ਨਾਲ ਹੀ ਸਨ। ਅਜਿਹਾ ਜਾਪਦਾ ਹੈ ਕਿ ਆਪ ਸਰਸਾ ਨਦੀ ਤਕ ਗੁਰੂ ਸਾਹਿਬ ਦੇ ਨਾਲ ਰਹੇ ਸਨ। ਇਥੋਂ ਗੁਰੂ ਸਾਹਿਬ ਕੋਟਲਾ ਨਿਹੰਗ ਵੱਲ ਚਲੇ ਗਏ ਅਤੇ ਭਾਈ ਰਾਮ ਸਿੰਘ ਬਾਕੀ ਸਿੰਘਾਂ ਨਾਲ ਚਮਕੌਰ ਵੱਲ ਨਿਕਲ ਗਏ। 7 ਦਸੰਬਰ ਦੇ ਸਵੇਰ ਵੇਲੇ ਆਪ ਸਾਰੇ ਫਿਰ ਇਕੱਠੇ ਹੋ ਗਏ ਅਤੇ ਚਮਕੌਰ ਦੀ ਗੜ੍ਹੀ ਵਿਚ ਆਰਾਮ ਕਰਨ ਲੱਗ ਪਏ। ਦੁਪਹਿਰ ਮਗਰੋਂ ਜਦੋਂ ਰੋਪੜ ਤੋਂ ਆਈ ਸਰਹਿੰਦੀ ਫ਼ੌਜ ਨੇ ਗੜ੍ਹੀ ਨੂੰ ਘੇਰ ਲਿਆ ਤਾਂ ਭਾਈ ਰਾਮ ਸਿੰਘ ਵੀ ਉਥੇ ਹੀ ਸਨ। ਆਪ ਗੜ੍ਹੀ ਦੇ ਅੰਦਰੋਂ ਤੀਰਾਂ ਦਾ ਮੀਂਹ ਵਰ੍ਹਾਉਂਦੇ ਰਹੇ। ਸ਼ਾਮ ਤੋਂ ਮਗਰੋਂ ਹਨੇਰਾ ਪੈਣ ਨਾਲ ਲੜਾਈ ਬੰਦ ਹੋ ਗਈ। ਇਸ ਵੇਲੇ ਤਕ ਗੜ੍ਹੀ ਵਿਚ ਸਿਰਫ਼ ਸੱਤ ਸਿੰਘ ਹੀ ਬਚੇ ਸਨ। ਜਿਨ੍ਹਾਂ ਵਿਚ ਭਾਈ ਰਾਮ ਸਿੰਘ ਵੀ ਸ਼ਾਮਿਲ ਸਨ। ਅੱਧੀ ਰਾਤ ਨੂੰ ਜਦੋਂ ਗੁਰੂ ਸਾਹਿਬ ਗੜ੍ਹੀ 'ਚੋਂ ਨਿਕਲੇ ਤਾਂ ਜਿਹੜੇ ਹੋਰ 5 ਸਿੰਘ ਇਸ ਮਗਰੋਂ ਉਥੋਂ ਨਿਕਲਣ ਵਿਚ ਕਾਮਯਾਬ ਹੋ ਸਕੇ ਭਾਈ ਰਾਮ ਸਿੰਘ ਵੀ ਉਨ੍ਹਾਂ ਵਿਚੋਂ ਇਕ ਸਨ। ਇਹ ਪੰਜੇ ਗੁਰੂ ਸਾਹਿਬ ਨੂੰ ਮਾਛੀਵਾੜਾ ਵਿਚ ਦੋਬਾਰਾ ਜਾ ਮਿਲੇ। ਇਥੋਂ ਗੁਰੂ ਸਾਹਿਬ ''ਉੱਚ ਦਾ ਪੀਰ'' ਬਣ ਕੇ ਨਿਕਲ ਗਏ। ਭਾਈ ਰਾਮ ਸਿੰਘ ਅਤੇ ਉਨ੍ਹਾਂ ਦੇ ਸਾਥੀ ਮੁਗ਼ਲ ਅਹਿਦੀਆਂ ਦੇ ਭੇਸ ਵਿਚ ਉੱਥੋਂ ਚਲ ਕੇ ਗੁਰੂ ਸਾਹਿਬ ਦੇ ਜਾਣ ਵਾਲੇ ਰਸਤੇ 'ਤੇ ਨਜ਼ਰਸਾਨੀ ਕਰਨ ਅਤੇ ਇੰਤਜ਼ਾਮ ਵਗ਼ੈਰਾ ਵਾਸਤੇ ਅੱਗੇ-ਅੱਗੇ ਚਲਦੇ ਗਏ। ਭਾਈ

ਰਾਮ ਸਿੰਘ ਗੁਰੂ ਸਾਹਿਬ ਨਾਲ ਤਲਵੰਡੀ ਸਾਬੋ ਤਕ ਗਏ। ਇਥੋਂ ਆਪ ਸ਼ਾਇਦ ਆਪਣੇ ਪਿੰਡ ਚੱਕਰ ਲਾਉਣ ਵੀ ਗਏ ਹੋਣਗੇ ਜਾਂ ਫਿਰ ਸੰਗਤਾਂ ਨੂੰ ਪੈਗਾਮ ਤੇ ਹੁਕਮਨਾਮੇ ਪਹੁੰਚਾਉਣ ਵਾਸਤੇ ਵੀ ਭੇਜੇ ਗਏ ਹੋਣਗੇ।

30 ਅਕਤੂਬਰ 1706 ਦੇ ਦਿਨ ਜਦੋਂ ਗੁਰੂ ਸਾਹਿਬ ਦੱਖਣ ਵੱਲ ਰਵਾਨਾ ਹੋਏ ਤਾਂ ਵੀ ਭਾਈ ਰਾਮ ਸਿੰਘ ਆਪ ਦੇ ਨਾਲ ਸਨ। ਜਦੋਂ ਗੁਰੂ ਸਾਹਿਬ ਵਲੋਂ ਬਾਬਾ ਬੰਦਾ ਸਿੰਘ ਨੂੰ ਨੰਦੇੜ ਤੋਂ ਪੰਜਾਬ ਭੇਜਿਆ ਤਾਂ ਜਾਪਦਾ ਹੈ ਕਿ ਆਪ ਨੂੰ ਉਨ੍ਹਾਂ ਦੇ ਨਾਲ ਹੀ ਭੇਜਿਆ ਗਿਆ ਉਹ ਗੁਰੂ ਸਾਹਿਬ ਦੇ ਕੋਲ ਹੀ ਰਹੇ। ਗੁਰੂ ਸਾਹਿਬ ਦੀ ਸ਼ਹੀਦੀ ਤੋਂ ਕੁਝ ਚਿਰ ਮਗਰੋਂ ਆਪ ਪੰਜਾਬ ਆ ਗਏ ਅਤੇ ਬਾਬਾ ਬੰਦਾ ਸਿੰਘ ਦੇ ਨਾਲ ਰਲ ਕੇ ਜਦੋਜਹਿਦ ਵਿਚ ਹਿੱਸਾ ਪਾਇਆ। 7 ਦਸੰਬਰ 1715 ਦੇ ਦਿਨ ਜਦੋਂ ਬਾਬਾ ਬੰਦਾ ਸਿੰਘ ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਗ੍ਰਿਫਤਾਰ ਹੋਏ ਤਾਂ ਭਾਈ ਰਾਮ ਸਿੰਘ ਵੀ ਉਨ੍ਹਾਂ ਦੇ ਨਾਲ ਹੀ ਸਨ। ਭਾਈ ਰਾਮ ਸਿੰਘ ਨੂੰ ਬਾਬਾ ਬੰਦਾ ਸਿੰਘ ਦੇ ਨਾਲ ਹੀ ਸ਼ਹੀਦ ਕੀਤਾ ਗਿਆ। ਸ਼ਹੀਦੀ ਵੇਲੇ ਭਾਈ ਰਾਮ ਸਿੰਘ ਦਾ ਵਿਆਹ ਸ਼ਾਇਦ ਅਜੇ ਨਹੀਂ ਹੋਇਆ ਸੀ ਇਸ ਕਰ ਕੇ ਆਪ ਦੀ ਪੀੜ੍ਹੀ ਅੱਗੇ ਨਹੀਂ ਚੱਲੀ।

ਹੋਰ ਤਫ਼ਸੀਲ ਵਾਸਤੇ ਵੇਖੋ:-
"ਭਾਈ ਬਚਿਤਰ ਸਿੰਘ", "ਭਾਈ ਮਨੀ ਸਿੰਘ" ਅਤੇ "ਭਾਈ ਬਚਿਤਰ ਦਾ ਕੁਰਸੀਨਾਮਾ।"

ਭਾਈ ਆਲੀ ਸਿੰਘ, ਭਾਈ ਮਾਲੀ ਸਿੰਘ

ਭਾਈ ਆਲੀ ਸਿੰਘ ਅਤੇ ਭਾਈ ਮਾਲੀ ਸਿੰਘ ਦੋਹਾਂ ਨੂੰ ਬਾਬਾ ਬੰਦਾ ਸਿੰਘ ਦੇ ਨਾਲ 9 ਜੂਨ 1716 ਦੇ ਦਿਨ ਸ਼ਹੀਦ ਕੀਤਾ ਗਿਆ ਸੀ।

ਭਾਈ ਆਲੀ ਸਿੰਘ ਤੇ ਮਾਲੀ ਸਿੰਘ ਦੋਵੇਂ ਸੱਕੇ ਭਰਾ ਸਨ। ਉਹ ਸਰਹਿੰਦ ਦੇ ਨੇੜੇ ਦੇ ਇਕ ਪਿੰਡ ਸਲੋਦੀ ਦੇ ਰਹਿਣ ਵਾਲੇ ਸਨ। ਉਹ ਦੋਵੇਂ ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਂ ਦੀ ਮੁਲਾਜ਼ਮਤ ਵਿਚ ਸਨ। ਜਦੋਂ ਬਾਬਾ ਬੰਦਾ ਸਿੰਘ ਨੇ ਪੰਜਾਬ ਵਿਚ ਮੱਲ੍ਹਾਂ ਮਾਰਨੀਆਂ ਸ਼ੁਰੂ ਕੀਤੀਆਂ ਤਾਂ ਇਸ ਦੀ ਖ਼ਬਰ ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਂ ਨੂੰ

ਵੀ ਹੋਈ। ਇਸ 'ਤੇ ਵਜ਼ੀਰ ਖਾਂ ਨੇ ਆਲੀ ਸਿੰਘ ਨੂੰ ਆਪਣੇ ਦਰਬਾਰ ਵਿਚ ਬੁਲਾਇਆ ਅਤੇ ਟਿੱਚਰ ਕੀਤੀ ਜਿਸ ਦਾ ਮਾਲੀ ਸਿੰਘ ਨੇ ਬੁਰਾ ਮਨਾਇਆ। ਇਸ 'ਤੇ ਵਜ਼ੀਰ ਖਾਂ ਨੇ ਉਸ ਨੂੰ ਕੈਦ ਕਰ ਦਿੱਤਾ। ਇਸ ਦਾ ਜ਼ਿਕਰ ਭਾਈ ਰਤਨ ਸਿੰਘ ਭੰਗੂ ਨੇ "**ਪ੍ਰਾਚੀਨ ਪੰਥ ਪ੍ਰਕਾਸ਼**" ਵਿਚ ਇੰਞ ਕੀਤਾ ਹੈ।

ਸ੍ਰਿਹੰਦ ਢਿਗ ਇਕ ਸਿਲੌਂਦੀ ਗ੍ਰਾਮ। ਹੁਤੇ ਉਹਾਂ ਸਿੰਘਨ ਕੇ ਧਾਮ।
ਤਿਨ ਮੈ ਇਕ ਆਲੀ ਸਿੰਘ ਨਾਮ। ਚਾਕਰੀ ਕਰਤ ਵਜ਼ੀਰੇ ਧਾਮ।
ਨਵਾਬ ਸਰਹਿੰਦੀ ਉਸੈ ਬੁਲਾਯੋ। ਸਦ ਪੁਛਯੋ 'ਤੁਮ ਗੁਰ ਔਰ ਆਯੋ'।
ਤੁਮ ਕੋ ਚਾਹੀਅਤ ਉਸ ਪਹਿ ਜਾਓ। ਉਸ ਕੋ ਤੁਮ ਈਹਾਂ ਲੈ ਆਓ।
ਈਹਾਂ ਆਇ ਦੇਊਂ ਅਲਖ ਮਿਟਾਇ। ਰਲੈ ਪੂਰਨ ਗੁਰ ਸ਼ਿਤਾਬੀ ਜਾਇ।
ਸਿੰਘਨ ਕਹੀਂ ਜਿ ਹੁਇ ਗੁਰ ਪੂਰਾ। ਤੌ ਆਪੈ ਆਊਗੁ ਕਯਾ ਤੁਮੈਂ ਜ਼ਰੂਰਾ।
ਫਿਰ ਉਨ ਕਯੋ ਤੁਮ ਕੈਦੇ ਪਾਵੈਂ। ਤਬ ਛੋਡੈਂ ਜਬ ਹਮੈਂ ਦਿਖਾਵੈਂ।

ਇਸ ਮਗਰੋਂ ਕਿਸੇ ਤਰੀਕੇ ਨਾਲ ਉਹ ਆਜ਼ਾਦ ਹੋਏ ਕੇ ਆਪਣੇ ਭਰਾ ਮਾਲੀ ਸਿੰਘ ਅਤੇ 10 ਹੋਰ ਸਿੰਘ ਲੈ ਕੇ ਬਾਬਾ ਬੰਦਾ ਸਿੰਘ ਨੂੰ ਲੱਭਣ ਟੁਰ ਪਏ। ਭਾਈ ਰਤਨ ਸਿੰਘ ਭੰਗੂ ਮੁਤਾਬਿਕ ਬੰਦਾ ਸਿੰਘ ਨਾਲ ਉਨ੍ਹਾਂ ਦਾ ਮੇਲ ਖਖਰੋਡ ਦੇ ਨੇੜੇ (ਦਿੱਲੀ ਤੋਂ 50 ਕੁ ਕਿਲੋਮੀਟਰ ਦੂਰ) ਹੋ ਗਿਆ ਸੀ।

12 ਤੋਂ 14 ਮਈ 1710 ਨੂੰ ਇਨ੍ਹਾਂ ਸਾਰਿਆਂ ਦੀ ਅਗਵਾਈ ਵਿਚ ਖਾਲਸਾ ਫ਼ੌਜਾਂ ਨੇ ਸਰਹਿੰਦ 'ਤੇ ਹਮਲਾ ਕਰ ਕੇ ਭਾਰੀ ਸ਼ਹੀਦੀਆਂ ਮਗਰੋਂ ਸ਼ਹਿਰ 'ਤੇ ਕਬਜ਼ਾ ਕਰ ਲਿਆ। ਬਾਬਾ ਬੰਦਾ ਸਿੰਘ ਨੇ ਭਾਈ ਬਾਜ਼ ਸਿੰਘ ਨੂੰ ਸਰਹਿੰਦ ਦਾ ਨਵਾਬ ਤਾਈਨਾਤ ਕੀਤਾ ਅਤੇ ਭਾਈ ਆਲੀ ਸਿੰਘ ਨੂੰ ਨਾਇਬ ਸੂਬੇਦਾਰ ਦੀ ਸੇਵਾ ਸੌਂਪੀ :

ਆਲੀ ਸਿੰਘ ਨਾਇਬ ਠਹਿਰਾਯਾ। ਮੁਲਕ ਬਾਵਨੀ ਉਨ ਉਗਰਾਯਾ॥

(ਪ੍ਰਾਚੀਨ ਪੰਥ ਪ੍ਰਕਾਸ਼, ਸਫ਼ 98)

ਭਾਈ ਆਲੀ ਸਿੰਘ ਦੇ ਭਰਾ ਭਾਈ ਮਾਲੀ ਸਿੰਘ ਨੂੰ ਵੀ ਬਾਬਾ ਬੰਦਾ ਸਿੰਘ ਨੇ ਸਰਹਿੰਦ ਦੇ ਨਿਜ਼ਾਮ ਵਿਚ ਸੇਵਾ 'ਤੇ ਲਾ ਦਿੱਤਾ। ਮਗਰੋਂ ਨਵੰਬਰ 1710 ਵਿਚ ਸਿੱਖਾਂ ਨੂੰ ਸਰਹਿੰਦ ਖ਼ਾਲੀ ਕਰਨਾ ਪਿਆ। ਇਸ ਮਗਰੋਂ ਵੀ ਇਹ ਦੋਵੇਂ ਭਰਾ ਬਾਬਾ ਬੰਦਾ ਸਿੰਘ ਦੇ ਨਾਲ ਹੀ ਰਹੇ। ਉਹ ਦੋਵੇਂ ਬਾਬਾ ਬੰਦਾ ਸਿੰਘ ਨਾਲ ਹਰ ਮੋਰਚੇ ਅਤੇ ਹਰ ਮੁਹਿੰਮ ਵਿਚ ਪੂਰਾ ਸਾਥ ਦੇਂਦੇ ਰਹੇ। 1715 ਦੀਆਂ ਗਰਮੀਆਂ ਵਿਚ ਜਦੋਂ ਬਾਬਾ ਬੰਦਾ ਸਿੰਘ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਘਿਰ ਗਏ ਤਾਂ ਭਾਈ ਆਲੀ ਸਿੰਘ ਤੇ ਮਾਲੀ ਸਿੰਘ ਵੀ ਉਨ੍ਹਾਂ ਦੇ ਨਾਲ ਸਨ। ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਮਗਰੋਂ ਦਿੱਲੀ ਵਿਚ ਲਿਜਾਇਆ ਗਿਆ ਜਿਥੇ ਉਨ੍ਹਾਂ ਨੂੰ 9 ਜੂਨ 1716 ਦੇ ਦਿਨ ਸ਼ਹੀਦ ਕਰ ਦਿੱਤਾ ਗਿਆ।

ਹੋਰ ਤਫ਼ਸੀਲ ਵਾਸਤੇ ਦੇਖੋ: ***ਬਾਬਾ ਬੰਦਾ ਸਿੰਘ ਬਹਾਦਰ।***

ਭਾਈ ਗੁਲਾਬ ਸਿੰਘ ਬਖ਼ਸ਼ੀ

ਭਾਈ ਗੁਲਾਬ ਸਿੰਘ ਬਖ਼ਸ਼ੀ ਨੂੰ ਬਾਬਾ ਬੰਦਾ ਸਿੰਘ ਦੇ ਨਾਲ 9 ਜੂਨ 1710 ਦੇ ਦਿਨ ਦਿੱਲੀ ਵਿਚ ਸ਼ਹੀਦ ਕੀਤਾ ਗਿਆ ਸੀ।

ਭਾਈ ਗੁਲਾਬ ਸਿੰਘ ਦੇ ਪਿਛੋਕੜ ਬਾਰੇ ਕੋਈ ਬਹੁਤੀ ਜਾਣਕਾਰੀ ਨਹੀਂ ਮਿਲਦੀ ਬਸ ਸਿਰਫ ਏਨਾ ਜ਼ਿਕਰ ਹੀ ਮਿਲਦਾ ਹੈ ਕਿ ਉਹ ਗੁਲਾਬੂ ਨਾਂ ਦੇ ਇਕ ਵਪਾਰੀ ਸਨ ਤੇ ਪਹਿਲਾਂ ਤੰਬਾਕੂ ਦਾ ਵਪਾਰ ਕਰਦੇ ਹੁੰਦੇ ਸੀ, ਪਰ ਖੰਡੇ ਦੀ ਪਾਹੁਲ ਲੈ ਕੇ ਗੁਲਾਬ ਸਿੰਘ ਬਣਨ ਮਗਰੋਂ ਪੰਥਕ ਸੇਵਾ 'ਚ ਹਿੱਸਾ ਪਾਉਣ ਲੱਗ ਪਏ ਸਨ। ਉਹ ਮੁੰਝਾਲ ਬ੍ਰਾਹਮਣ ਖ਼ਾਨਦਾਨ ਨਾਲ ਸਬੰਧ ਰਖਦੇ ਸੀ।

ਜਦੋਂ ਬਾਬਾ ਬੰਦਾ ਸਿੰਘ ਨੇ ਪੰਜਾਬ ਦੀ ਆਜ਼ਾਦੀ ਦੀ ਜਦੋਜਹਿਦ ਸ਼ੁਰੂ ਕੀਤੀ ਤਾਂ ਭਾਈ ਗੁਲਾਬ ਸਿੰਘ ਵੀ ਉਨ੍ਹਾਂ ਦੇ ਨਾਲ ਸਨ। ਨਵੰਬਰ 1710 ਵਿਚ ਜਦੋਂ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਬਾਬਾ ਬੰਦਾ ਸਿੰਘ ਦੇ ਖ਼ਿਲਾਫ਼ ਇਕ ਵੱਡੀ ਫ਼ੌਜ ਲੈ ਕੇ ਨਿਕਲਿਆ ਤਾਂ ਭਾਈ ਗੁਲਾਬ ਸਿੰਘ ਵੀ ਬਾਬਾ ਬੰਦਾ ਸਿੰਘ ਦੇ ਨਾਲ ਹੀ ਸਨ। 29-30 ਨਵੰਬਰ ਨੂੰ ਉਹ ਸਾਰੇ ਸਿੰਘ, ਕਿਲ੍ਹਾ ਲੋਹਗੜ੍ਹ (ਮੁਖਲਸਪੁਰ) ਵਿਚ ਘਿਰ ਗਏ। ਇਸ ਮੌਕੇ 'ਤੇ ਸਿੰਘਾਂ ਨੇ ਬਾਬਾ ਬੰਦਾ ਸਿੰਘ ਨੂੰ ਉੱਥੋਂ ਨਿਕਲ ਜਾਣ ਵਾਸਤੇ ਆਖਿਆ। ਭਾਈ ਗੁਲਾਬ ਸਿੰਘ ਬਖ਼ਸ਼ੀ ਜਿਨ੍ਹਾਂ ਦਾ ਚਿਹਰਾ ਬਾਬਾ ਬੰਦਾ ਸਿੰਘ ਦੇ ਨਾਲ ਕਾਫ਼ੀ ਮਿਲਦਾ ਸੀ, ਨੇ ਉਨ੍ਹਾਂ ਦੇ ਕੱਪੜੇ ਪਾ ਲਏ ਅਤੇ ਉਨ੍ਹਾਂ ਨੂੰ ਨਿਕਲ ਜਾਣ ਵਿਚ ਮਦਦ ਕੀਤੀ। ਅਗਲੇ ਦਿਨ ਮੁਗ਼ਲ ਫ਼ੌਜਾਂ ਨੇ ਭਾਈ ਗੁਲਾਬ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਉਹ ਭਾਈ ਗੁਲਾਬ ਸਿੰਘ ਨੂੰ ਬਾਬਾ ਬੰਦਾ ਸਿੰਘ ਸਮਝ ਕੇ ਬੜੇ ਖ਼ੁਸ਼ ਹੋਏ ਪਰ ਜਦੋਂ ਉਨ੍ਹਾਂ ਨੂੰ ਅਸਲੀਅਤ ਪਤਾ ਲੱਗੀ ਤਾਂ ਉਹ ਬੜਾ ਸਟਪਟਾਏ। ਇਸ 'ਤੇ ਟਿਪਣੀ ਕਰਦਾ ਹੋਇਆ ਮੁਗ਼ਲ ਲੇਖਕ: ਖ਼ਾਫ਼ੀ ਖ਼ਾਂ ਲਿਖਦਾ ਹੈ:

"The hawk had flown and an fowl had been caught"

ਭਾਈ ਗੁਲਾਬ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਜਾਇਆ ਗਿਆ। ਉਹ ਸਾਢੇ ਪੰਜ ਸਾਲ ਹਿਰਾਸਤ ਵਿਚ ਰਹੇ। ਹਿਰਾਸਤ ਵਿਚ ਉਨ੍ਹਾਂ ਨੂੰ ਬੜੇ ਤਸੀਹੇ ਦਿੱਤੇ ਗਏ। ਅਖ਼ੀਰ 9 ਜੂਨ 1716 ਨੂੰ ਉਨ੍ਹਾਂ ਨੂੰ ਬਾਬਾ ਬੰਦਾ ਸਿੰਘ ਦੇ ਨਾਲ ਸ਼ਹੀਦ ਕਰ ਦਿੱਤਾ ਗਿਆ।

ਨੋਟ : ਭਾਈ ਗੁਲਾਬਾ ਦੀ 30 ਨਵੰਬਰ 1710 ਨੂੰ ਗ੍ਰਿਫ਼ਤਾਰੀ ਹੋਣ ਮਗਰੋਂ ਜਦੋਂ ਮੁੜ ਬਾਬਾ ਬੰਦਾ ਸਿੰਘ ਨੇ ਨਵੀਂ ਮੁਹਿੰਮ ਸ਼ੁਰੂ ਕੀਤੀ ਤਾਂ ਇਸ ਦੌਰਾਨ ਉਨ੍ਹਾਂ ਨੇ

ਬੂੜੀਆ ਨਗਰ ਵੀ ਜਿੱਤ ਲਿਆ। ਬੰਦਾ ਸਿੰਘ ਨੇ ਭਾਈ ਗੁਲਾਬ ਸਿੰਘ ਦੀ ਕਦਰ ਕਰਦਿਆਂ ਇਸ ਨਗਰ ਦਾ ਨਾਂ 'ਗੁਲਾਬ ਨਗਰ' ਰੱਖ ਦਿੱਤਾ ਸੀ। ਇਹ ਵਖਰੀ ਗੱਲ ਹੈ ਕਿ ਹੁਣ ਵੀ ਇਸ ਨਗਰ ਦਾ ਨਾਂ ਬੂੜੀਆ ਹੀ ਚਲਦਾ ਹੈ।

ਭਾਈ ਰਾਇ ਸਿੰਘ ਹਜ਼ੂਰੀ

ਭਾਈ ਰਾਇ ਸਿੰਘ ਹਜ਼ੂਰੀ ਨੂੰ ਬਾਬਾ ਬੰਦਾ ਸਿੰਘ ਦੇ ਨਾਲ 9 ਜੂਨ 1716 ਦੇ ਦਿਨ ਦਿੱਲੀ ਵਿਚ ਸ਼ਹੀਦ ਕੀਤਾ ਗਿਆ ਸੀ।

ਭਾਈ ਰਾਇ ਸਿੰਘ ਭਾਈ ਜੰਤੀ ਦਾਸ ਦੇ ਬੇਟੇ, ਭਾਈ ਕਬੂਲਾ ਦੇ ਪੋਤੇ ਤੇ ਬਾਬਾ ਦਵਾਰਕਾ ਦਾਸ ਦੇ ਪੜਪੋਤੇ ਸਨ। (ਬਾਬਾ ਦਵਾਰਕਾ ਦਾਸ ਸ਼ਹੀਦ ਭਾਈ ਪਰਾਗਾ ਦੇ ਬੇਟੇ ਸਨ।) ਆਪ ਛਿਬਰ-ਬ੍ਰਾਹਮਣ ਖ਼ਾਨਦਾਨ ਨਾਲ ਸਬੰਧ ਰੱਖਦੇ ਸਨ। ਸ਼ਹੀਦ ਭਾਈ ਮਤੀ ਦਾਸ ਅਤੇ ਸਤੀ ਦਾਸ ਆਪ ਦੇ ਚਾਚੇ ਭਾਈ ਹੀਰਾ ਨੰਦ ਦੇ ਬੇਟੇ ਸਨ। ਇੰਞ ਹੀ ਚਮਕੌਰ ਵਿਚ ਸ਼ਹੀਦ ਹੋਣ ਵਾਲੇ ਭਾਈ ਮੁਕੰਦ ਸਿੰਘ (ਦੂਜਾ) ਆਪ ਦੇ ਵੱਡੇ ਭਰਾ ਭਾਈ ਜੰਤੀ ਦਾਸ ਦੇ ਬੇਟੇ ਸਨ।

ਭਾਈ ਰਾਇ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰੀ ਸਿੱਖਾਂ ਵਿਚੋਂ ਇਕ ਸਨ। ਉਹ ਗੁਰੂ ਸਾਹਿਬ ਦੇ ਨੇੜੇ ਰਹਿੰਦੇ ਹੋਣ ਕਰ ਕੇ, "ਹਜ਼ੂਰੀ" ਵਜੋਂ ਜਾਣੇ ਜਾਂਦੇ ਸਨ। ਗੁਰੂ ਸਾਹਿਬ ਦੇ ਵੇਲੇ ਭਾਈ ਰਾਇ ਸਿੰਘ ਨਾਂ ਦੇ ਦੋ ਸਿੱਖ ਗੁਰੂ ਸਾਹਿਬ ਦੇ ਖ਼ਾਸ ਦਰਬਾਰੀ ਸਨ। ਉਨ੍ਹਾਂ ਨੂੰ ਵੱਖਰਿਆਉਣ ਵਾਸਤੇ ਇਕ ਰਾਇ ਸਿੰਘ ਨੂੰ 'ਮੁਲਤਾਨੀ' (ਇਹ ਭਾਈ ਮਨੀ ਸਿੰਘ ਦੇ ਭਰਾ ਸਨ) ਅਤੇ ਇਸ ਰਾਇ ਸਿੰਘ ਨੂੰ 'ਹਜ਼ੂਰੀ' ਆਖ ਕੇ ਬੁਲਾਇਆ ਜਾਂਦਾ ਸੀ।

ਅਜਿਹਾ ਜਾਪਦਾ ਹੈ ਕਿ 1705 ਦੇ 8 ਮਹੀਨੇ ਦੇ ਘੇਰੇ ਵੇਲੇ ਭਾਈ ਰਾਇ ਸਿੰਘ ਹਜ਼ੂਰੀ ਅਨੰਦਪੁਰ ਸਾਹਿਬ ਵਿਚ ਨਹੀਂ ਸਨ। ਹੋ ਸਕਦਾ ਹੈ ਕਿ ਜਦੋਂ ਗੁਰੂ ਸਾਹਿਬ ਨੇ ਗ੍ਰਹਿਸਤੀ ਸਿੰਘਾਂ ਨੂੰ ਘਰੋ-ਘਰੀਂ ਟੁਰ ਜਾਣ ਵਾਸਤੇ ਹੁਕਮ ਕੀਤਾ ਸੀ ਤਾਂ ਭਾਈ ਰਾਇ ਸਿੰਘ ਵੀ ਚਲੇ ਗਏ ਹੋਣ।

ਜਦੋਂ ਬਾਬਾ ਬੰਦਾ ਸਿੰਘ ਨੇ ਪੰਜਾਬ ਦੀ ਆਜ਼ਾਦੀ ਦੀ ਜਦੋਜਹਿਦ ਸ਼ੁਰੂ ਕੀਤੀ

ਤਾਂ ਭਾਈ ਰਾਇ ਸਿੰਘ ਨੇ ਉਸ ਦਾ ਪੂਰਾ ਸਾਥ ਦਿੱਤਾ। 7 ਦਸੰਬਰ 1716 ਨੂੰ ਜਦੋਂ ਬਾਬਾ ਬੰਦਾ ਸਿੰਘ ਗ੍ਰਿਫ਼ਤਾਰ ਹੋਏ ਤਾਂ ਭਾਈ ਰਾਇ ਸਿੰਘ ਵੀ ਉਨ੍ਹਾਂ ਦੇ ਨਾਲ ਹੀ ਸਨ। ਭਾਈ ਰਾਇ ਸਿੰਘ ਨੂੰ ਵੀ ਬਾਬਾ ਬੰਦਾ ਸਿੰਘ ਦੇ ਨਾਲ ਦਿੱਲੀ ਵਿਚ ਸ਼ਹੀਦ ਕਰ ਦਿੱਤਾ ਗਿਆ।

ਭਾਈ ਰਾਇ ਸਿੰਘ ਦੇ ਤਿੰਨ ਬੇਟੇ ਸਨ: ਭਾਈ ਹਰਿਜਸ ਸਿੰਘ, ਭਾਈ ਧਰਮਜਸ ਸਿੰਘ ਤੇ ਭਾਈ ਜੈਭਾਨ ਸਿੰਘ। ਇਨ੍ਹਾਂ ਵਿਚੋਂ ਵਿਚਕਾਰਲੇ, ਭਾਈ ਧਰਮਜਸ ਸਿੰਘ ਦੀ ਅੱਗੋਂ ਔਲਾਦ ਚਲੀ ਸੀ। ਉਹ ਜਾਂ ਤਾਂ ਮੁਗ਼ਲਾਂ ਦੇ ਜ਼ੁਲਮ ਤੋਂ ਡਰ ਕੇ ਅਤੇ ਜਾਂ ਫਿਰ ਬ੍ਰਾਹਮਣੀ ਕਿੱਤਾ ਜਾਰੀ ਰੱਖਣ ਕਰ ਕੇ ਸਿੱਖ ਧਰਮ ਛੱਡ ਕੇ ਹਿੰਦੂ ਬਣ ਗਏ। ਭਾਈ ਧਰਮਜਸ ਸਿੰਘ ਦਾ ਪੁੱਤਰ ਰਾਮ ਕਿਸ਼ਨ ਸਿੰਘ ਤੋਂ ਰਾਮ ਕਿਸ਼ਨ ਬਣ ਗਿਆ।

ਇੰਞ ਹੀ ਭਾਈ ਰਾਇ ਸਿੰਘ ਦੇ ਤੀਜੇ ਤੇ ਸਭ ਤੋਂ ਛੋਟੇ ਪੁੱਤਰ ਭਾਈ ਜੈਭਾਨ ਸਿੰਘ ਦੇ ਬੱਚੇ ਵੀ ਸਿੱਖ ਧਰਮ ਛੱਡ ਗਏ ਅਤੇ ਹਿੰਦੂ ਬਣ ਗਏ। ਭਾਈ ਜੈਭਾਨ ਸਿੰਘ ਦੇ ਪੰਜ ਪੁੱਤਰ ਸਨ: ਰਾਜੂ, ਰਾਮ ਦਿਆਲ, ਹਰਿ ਦਿਆਲ, ਉਤਮ ਚੰਦ ਅਤੇ ਮੰਗਲ ਸੈਨ। ਇਨ੍ਹਾਂ ਵਿਚੋਂ ਰਾਜੂ ਦਾ ਪੁੱਤਰ ਮੇਹਰ ਸੀ। ਮੇਹਰੇ ਦੇ ਅੱਗੋਂ ਸੱਤ ਪੁੱਤਰ ਸਨ। ਇਨ੍ਹਾਂ ਵਿਚੋਂ ਤੀਜੇ ਥਾਂ 'ਤੇ ਅਮੀਰ ਚੰਦ ਸੀ ਇਸਦੇ ਅੱਗੋਂ ਤਿੰਨ ਪੁੱਤਰ ਸਨ। ਇਨ੍ਹਾਂ ਵਿਚੋਂ ਸਭ ਤੋਂ ਛੋਟਾ ਤਾਰਾ ਚੰਦ ਸੀ। ਤਾਰਾ ਚੰਦ ਦੇ ਅਗੋਂ ਦੋ ਪੁੱਤਰ ਸਨ: ਪਰਮਾ ਨੰਦ ਅਤੇ ਬਾਲ ਮੁਕੰਦ। **ਇਹ ਪਰਮਾ ਨੰਦ ਉਹੀ ਹੈ ਜੋ ਮਗਰੋਂ "ਹਿੰਦੂ ਮਹਾਂ ਸਭਾ" ਦਾ ਪ੍ਰਧਾਨ ਬਣਿਆ।** ਇਸ ਦਾ ਪੁੱਤਰ ਮਹਾਂਬੀਰ ਵੀ ਹਿੰਦੂ ਜਥੇਬੰਦੀਆਂ ਦਾ ਮੁਖੀ ਆਗੂ ਰਿਹਾ ਸੀ। ਇੰਞ ਭਾਈ ਰਾਇ ਸਿੰਘ ਹਜ਼ੂਰੀ ਦੀਆਂ ਅਗਲੀਆਂ ਸੱਤ ਪੁਸ਼ਤਾਂ ਹਿੰਦੂ ਹੀ ਰਹੀਆਂ। ਹਾਂ ਅਠਵੀਂ ਪੁਸ਼ਤ ਵਿਚ ਇਕ ਪਰਿਵਾਰ ਸਿੰਘ ਸਜ ਗਿਆ ਸੀ। ਉਹ ਸੀ ਭਾਈ ਪਰਮਾ ਨੰਦ ਦੇ ਭਰਾ ਬਾਲ ਮੁਕੰਦ ਦੇ ਤਿੰਨਾਂ ਵਿਚੋਂ ਸਭ ਤੋਂ ਛੋਟੇ ਬੇਟੇ ਭਾਈ ਕੁੰਦਨ ਲਾਲ ਦਾ। ਭਾਈ ਕੁੰਦਨ ਲਾਲ ਦੇ ਚਾਰ ਬੇਟੇ ਸਨ। ਇਹ ਚਾਰੇ ਸਿੰਘ ਸਜੇ ਸਨ। ਇਹ ਸਨ: ਭਾਈ ਪਰਮਜੀਤ ਸਿੰਘ, ਭਾਈ ਅਮਰਜੀਤ ਸਿੰਘ, ਭਾਈ ਭਾਰਤਦੀਪ ਸਿੰਘ ਤੇ ਭਾਈ ਅਸ਼ੋਕ ਸਿੰਘ। ਇਹ ਸਾਰੇ ਮਧੂਬਨ (ਨੇੜੇ ਕਰਨਾਲ), ਹਰਿਆਣਾ ਵਿਚ ਰਹਿੰਦੇ ਰਹੇ ਹਨ। ਇਨ੍ਹਾਂ ਦੇ ਅਗੋਂ ਹੋਰ ਪਰਿਵਾਰ ਵੀ ਹਨ।

ਹੋਰ ਤਫ਼ਸੀਲ ਵਾਸਤੇ ਦੇਖੋ: *"ਭਾਈ ਰਾਇ ਸਿੰਘ ਹਜ਼ੂਰੀ ਦਾ ਕੁਰਸੀਨਾਮਾ।"*

ਭਾਈ ਤਾਰਾ ਸਿੰਘ ਡੱਲ-ਵਾਂ

ਭਾਈ ਤਾਰਾ ਸਿੰਘ ਡੱਲ-ਵਾਂ ਨੇ 14 ਜਨਵਰੀ 1723 ਦੇ ਦਿਨ ਸ਼ਹੀਦੀ ਜਾਮ ਪੀਤਾ ਸੀ।

ਆਪ ਭਾਈ ਅੱਟਲ ਰਾਇ ਦੇ ਬੇਟੇ ਸਨ ਅਤੇ ਬੁਟਰ-ਜੱਟ ਖ਼ਾਨਦਾਨ ਨਾਲ ਸਬੰਧ ਰੱਖਦੇ ਸਨ। ਆਪ ਪਾਕਿਸਤਾਨ ਦੀ ਸਰਹੱਦ ਨਾਲ ਲੱਗਦੇ ਪਿੰਡ ਡਲ-ਵਾਂ (ਇਹ ਦੋ ਪਿੰਡ ਸਨ, ਹੁਣ ਇਕੱਠੇ ਡੱਲ-ਵਾਂ ਵਜਦੇ ਸਨ।) ਵਿਚ ਰਹਿੰਦੇ ਸੰਨ। ਆਪ ਗੁਰੂ ਦਾ ਚੱਕ ਦੇ ਦਰਸ਼ਨ ਕਰਨ ਆਉਣ ਵਾਲੇ ਸਿੰਘਾਂ ਦੀ ਲੰਗਰ ਪਾਣੀ ਨਾਲ ਸੇਵਾ ਕਰਿਆ ਕਰਦੇ ਸਨ।

ਇਸ ਗੱਲ ਦਾ ਕੋਈ ਪਤਾ ਨਹੀਂ ਲਗਦਾ ਕਿ ਕੀ ਭਾਈ ਤਾਰਾ ਸਿੰਘ ਜੀ ਗੁਰੂ ਗੋਬਿੰਦ ਸਿੰਘ ਸਾਹਿਬ ਕੋਲ ਅਨੰਦਪੁਰ ਅਕਸਰ ਜਾਇਆ ਕਰਦੇ ਸਨ ਕੀ ਨਹੀਂ। ਹਾਂ, ਉਨ੍ਹਾਂ ਨੇ ਖੰਡੇ ਦੀ ਪਾਹੁਲ ਭਾਈ ਮਨੀ ਸਿੰਘ ਕੋਲੋਂ ਲਈ ਸੀ। ਭਾਈ ਤਾਰਾ ਸਿੰਘ ਗੁਰੂ ਦਾ ਚੱਕ (ਅੰਮ੍ਰਿਤਸਰ) ਅਕਸਰ ਜਾਂਦੇ ਰਹਿੰਦੇ ਸਨ।

ਮਾਰਚ 1709 ਦੇ ਅਖ਼ੀਰਲੇ ਦਿਨਾਂ ਵਿਚ ਗੁਰੂ ਦਾ ਚੱਕ (ਅੰਮ੍ਰਿਤਸਰ) ਵਿਚ ਚੂਹੜ ਮੱਲ ਓਹਰੀ ਨਾਂ ਦੇ ਇਕ ਧੱਕੇ-ਖੋਰ ਬੰਦੇ ਦਾ ਸਿੱਖਾਂ ਨਾਲ ਇਕ ਮਾਮੂਲੀ ਗੱਲ ਤੋਂ ਝਗੜਾ ਹੋ ਗਿਆ। ਇਸ ਮੌਕੇ 'ਤੇ ਸਿੰਘਾਂ ਨੇ ਉਸ ਦੀ ਲਾਹ-ਪਾਹ ਕੀਤੀ ਤਾਂ ਉਹ ਲਾਹੌਰ ਦਰਬਾਰ ਜਾ ਫ਼ਰਿਆਦੀ ਹੋਇਆ ਅਤੇ ਉਥੋਂ ਮਦਦ ਲੈ ਆਇਆ। ਨਤੀਜੇ ਦੇ ਤੌਰ ਤੇ ਪੱਟੀ ਦੇ ਚੌਧਰੀ ਹਰ ਸਹਾਇ ਨੇ 6 ਅਪ੍ਰੈਲ 1709 ਨੂੰ ਗੁਰੂ ਦਾ ਚੱਕ 'ਤੇ ਹਮਲਾ ਕਰ ਦਿੱਤਾ। ਇਸ ਲੜਾਈ ਵਿਚ ਪੱਟੀ ਦਾ ਚੌਧਰੀ ਹਰ ਸਹਾਇ ਭਾਈ ਤਾਰਾ ਸਿੰਘ ਡੱਲ-ਵਾਂ ਦੇ ਹੱਥੋਂ ਮਾਰਿਆ ਗਿਆ।

ਮਾਰਿਆ ਹਰਸੁ ਬੀਚ ਮੈਦਾਨੇ ਤਾਰਾ ਸਿੰਘ ਡਲ ਵਾਈ।
ਸੇਵਾ ਹਰੀ, ਰਾਮਦਾਸ ਗੁਰੂ ਨੇ ਖਾਲਸੇ ਪੈਜ ਰਖਾਈ॥ 9॥

(ਸ਼ਹੀਦ ਬਿਲਾਸ, ਸਫ਼ਾ 77)

ਹਰ ਸਹਾਇ ਦੇ ਰਿਸ਼ਤੇਦਾਰਾਂ ਨੂੰ ਆਪ ਦੀ ਸ਼ਨਾਖ਼ਤ ਕਾਫ਼ੀ ਦੇਰ ਬਾਅਦ ਹੋਈ। ਉਨ੍ਹਾਂ ਦੇ ਦਿਲ ਵਿਚ ਭਾਈ ਤਾਰਾ ਸਿੰਘ ਤੋਂ ਬਦਲਾ ਲੈਣ ਦੀ ਸੋਚ ਪਣਪਦੀ ਰਹੀ ਅਖ਼ੀਰ ਉਨ੍ਹਾਂ ਨੇ ਭਾਈ ਤਾਰਾ ਸਿੰਘ ਦੀ ਸ਼ਿਕਾਇਤ ਲਾਹੌਰ ਜਾ ਕੀਤੀ ਕਿ ਉਹ ਗੁਰੂ ਦਾ ਚੱਕ ਆਏ ਸਿੰਘਾਂ ਨੂੰ ਖਾਣਾ, ਹਥਿਆਰ ਅਤੇ ਨਕਦ ਰਕਮ ਦੇਂਦਾ ਹੈ। ਇਸ 'ਤੇ

ਮੋਮਨ ਖਾਂ ਦੀ ਅਗਵਾਈ ਵਿਚ ਮੁਗਲ ਫ਼ੌਜਾਂ ਡੱਲ-ਵਾਂ ਪਿੰਡ 'ਤੇ ਆ ਚੜ੍ਹੀਆਂ। ਜਦੋਂ ਭਾਈ ਤਾਰਾ ਸਿੰਘ ਨੂੰ ਇਸ ਧਾਵੇ ਦਾ ਪਤਾ ਲੱਗਾ ਤਾਂ ਉਹ ਪਿੰਡ ਵਾਸੀਆਂ ਨੂੰ ਇਸ ਲੜਾਈ ਦੀ ਮਾਰ ਤੋਂ ਬਚਾਉਣ ਵਾਸਤੇ ਪਿੰਡ ਤੋਂ ਬਾਹਰ ਆ ਗਏ। ਉਨ੍ਹਾਂ ਦੇ ਰੋਕਣ ਦੇ ਬਾਵਜੂਦ 22 ਸਿੰਘ ਉਨ੍ਹਾਂ ਦੇ ਨਾਲ ਆ ਗਏ। ਪਿੰਡ ਦੀ ਜੂਹ ਵਿਚ ਲਹੂ-ਡੋਲ੍ਹਵੀਂ ਲੜਾਈ ਹੋਈ। ਇਸ ਲੜਾਈ ਵਿਚ ਸੌ ਤੋਂ ਵੱਧ ਮੁਗਲ ਸਿਪਾਹੀ ਮਾਰੇ ਗਏ ਅਤੇ 22 ਦੇ 22 ਸਿੰਘ ਵੀ ਸ਼ਹੀਦ ਹੋ ਗਏ।

ਲਿਖ ਕਰ ਪਾਤੀ ਭੇਜੀ, ਦਿੱਲੀ ਮਾਤਕੂ। ਸਤਿਗੁਰ ਕੇ ਪ੍ਰਸਾਦਿ ਹੋ ਗਈ ਏਕਤਾ।
ਤੁਰਕ ਰਹਿਆ ਝਖ ਮਾਰ, ਬੀਚ ਪੰਜਾਬ ਦੇ। ਤਾਰਾ ਸਿੰਘ ਜਹੇ ਬੀਰ ਸ਼ਹੀਦੀ ਪਾ ਗਏ।

(ਸ਼ਹੀਦ ਬਿਲਾਸ, ਸਫ਼ਾ 84)

ਇਕ ਸੋਮੇ ਮੁਤਾਬਿਕ ਭਾਈ ਤਾਰਾ ਸਿੰਘ ਨਾਲ ਸ਼ਹੀਦੀ ਪਾਉਣ ਵਾਲਿਆਂ ਵਿਚ ਭਾਈ ਬੂੜ ਸਿੰਘ ਦੇ ਦੋ ਪੋਤੇ (ਭਾਈ ਸੁੰਦਰ ਸਿੰਘ ਦੇ ਪੁੱਤਰ) ਵੀ ਸ਼ਾਮਿਲ ਸਨ। ਇਹ ਭਾਈ ਸੁੰਦਰ ਸਿੰਘ ਤੇ ਬੂੜ ਸਿੰਘ ਉਹੀ ਹਨ ਜੋ 29 ਦਸੰਬਰ 1705 ਦੇ ਦਿਨ ਮੁਕਤਸਰ ਵਿਚ ਸ਼ਹੀਦ ਹੋਏ ਸਨ। ਇਹ ਸ਼ਹੀਦ ਝੱਲੀਆਂ ਵਾਲਾ ਪਿੰਡ ਦੇ ਸਾਰਸੁਤ ਬ੍ਰਾਹਮਣ ਸਨ।

ਸ਼ਹੀਦੀ ਵੇਲੇ ਭਾਈ ਤਾਰਾ ਸਿੰਘ ਦਾ ਇਕ ਬੇਟਾ ਭਾਈ ਮੱਜਾ ਸਿੰਘ ਵੀ ਸੀ (ਜੋ ਬਚ ਗਿਆ ਸੀ)। ਭਾਈ ਮੱਜਾ ਸਿੰਘ ਦੇ ਦੋ ਬੇਟੇ ਸਨ: ਭਾਈ ਦਿਆਲ ਸਿੰਘ ਤੇ ਭਾਈ ਸੁਜਾਨ ਸਿੰਘ। ਭਾਈ ਦਿਆਲ ਸਿੰਘ ਦੇ ਅਗੋਂ ਭਾਈ ਦੇਵਾ ਸਿੰਘ ਸੀ। ਦੇਵਾ ਸਿੰਘ ਦਾ ਜਵਾਲਾ ਸਿੰਘ ਅਤੇ ਜਵਾਲਾ ਸਿੰਘ ਦਾ ਬੇਟਾ ਸੰਤ ਸਿੰਘ ਜੀ।

ਇੰਞ ਹੀ ਭਾਈ ਤਾਰਾ ਸਿੰਘ ਦੇ ਦੂਜੇ ਪੋਤੇ ਭਾਈ ਸੁਜਾਨ ਸਿੰਘ ਦਾ ਬੇਟਾ ਮਤਾਬ ਸਿੰਘ ਸੀ। ਉਸ ਦੇ ਅੱਗੋਂ ਦੋ ਪੁੱਤਰ ਭਾਈ ਵਧਾਵਾ ਸਿੰਘ ਅਤੇ ਲਹਿਣਾ ਸਿੰਘ ਸਨ। ਇਨ੍ਹਾਂ ਦੀ ਅਗੋਂ ਔਲਾਦ ਚਲਦੀ ਹੈ।

ਹੋਰ ਤਫ਼ਸੀਲ ਵਾਸਤੇ ਵੇਖੋ: *ਭਾਈ ਤਾਰਾ ਸਿੰਘ ਡੱਲ-ਵਾਂ ਦਾ ਕੁਰਸੀਨਾਮਾ।*

(ਮਾਮਾ) ਕਿਰਪਾਲ ਸਿੰਘ ਸੁਭਿੱਖੀ

(ਮਾਮਾ) ਕਿਰਪਾਲ ਸਿੰਘ ਨੂੰ 3 ਜਨਵਰੀ 1724 ਦੇ ਦਿਨ ਸ਼ਹੀਦ ਕੀਤਾ ਗਿਆ ਸੀ।

ਆਪ ਭਾਈ ਲਾਲ ਚੰਦ ਸੁਭਿੱਖੀ ਦੇ ਛੋਟੇ ਬੇਟੇ ਸਨ। ਆਪ ਦੀ ਵੱਡੀ ਭੈਣ ਮਾਤਾ ਗੁਜਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਪਤਨੀ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਮਾਤਾ ਸੀ। ਗੁਰੂ ਤੇਗ ਬਹਾਦਰ ਸਾਹਿਬ ਦੇ ਵਿਆਹ ਵੇਲੇ ਇਹ ਪਰਿਵਾਰ ਕਰਤਾਰਪੁਰ (ਜਲੰਧਰ) ਰਹਿੰਦਾ ਸੀ ਅਤੇ ਮਗਰੋਂ ਲਖਨੌਰ (ਜ਼ਿਲਾ ਅੰਬਾਲਾ) ਵਿਚ ਚਲਾ ਗਿਆ ਸੀ।

ਮਾਮਾ ਕਿਰਪਾਲ (ਸਿੰਘ) ਦਾ ਗੁਰੂ ਤੇਗ ਬਹਾਦਰ ਸਾਹਿਬ ਨਾਲ ਬੜਾ ਪਿਆਰ ਸੀ। ਉਹ ਅਕਸਰ ਗੁਰੂ ਸਾਹਿਬ ਦੇ ਨਾਲ ਹੀ ਰਿਹਾ ਕਰਦੇ ਸਨ। ਜਦੋਂ 1656 ਵਿਚ ਗੁਰੂ ਤੇਗ ਬਹਾਦਰ ਸਾਹਿਬ ਬਿਹਾਰ, ਬੰਗਾਲ ਅਤੇ ਅਸਾਮ ਦੇ 8 ਸਾਲਾ ਦੌਰ 'ਤੇ ਗਏ ਸਨ ਤਾਂ ਆਪ ਵੀ ਗੁਰੂ ਸਾਹਿਬ ਦੇ ਨਾਲ ਗਏ ਸਨ। ਇਸ ਦੌਰੇ ਦੌਰਾਨ 18 ਦਸੰਬਰ 1661 ਦੇ ਦਿਨ (ਗੁਰੂ) ਗੋਬਿੰਦ ਸਿੰਘ ਜੀ ਦਾ ਜਨਮ ਪਟਨਾ ਵਿਚ ਹੋਇਆ। ਆਪ ਉਨ੍ਹਾਂ ਦੀ ਦੇਖ-ਭਾਲ ਵਾਸਤੇ ਪਟਨਾ ਵਿਚ ਰਹੇ। ਇਸ ਮਗਰੋਂ ਗੁਰੂ ਤੇਗ ਬਹਾਦਰ ਸਾਹਿਬ 1664 ਵਿਚ ਭਾਵੇਂ ਪੰਜਾਬ ਆ ਗਏ ਪਰ ਆਪ (ਮਾਮਾ ਕਿਰਪਾਲ) ਪਟਨਾ ਵਿਚ ਹੀ ਰਹੇ। ਮਗਰੋਂ 1670 ਵਿਚ ਜਦੋਂ (ਗੁਰੂ) ਗੋਬਿੰਦ ਸਿੰਘ ਸਾਹਿਬ ਪੰਜਾਬ ਆ ਗਏ ਤਾਂ ਆਪ ਵੀ ਆਪਣੇ ਭਾਣਜੇ ਅਤੇ ਭੈਣ (ਮਾਤਾ ਗੁਜਰੀ) ਦੇ ਨਾਲ ਪਟਨਾ ਤੋਂ ਆ ਗਏ।

1670 ਤੋਂ ਮਗਰੋਂ ਵੀ ਆਪ ਗੁਰੂ ਤੇਗ ਬਹਾਦਰ ਸਾਹਿਬ ਅਤੇ ਉਨ੍ਹਾਂ ਦੀ ਸ਼ਹੀਦੀ (11 ਨਵੰਬਰ 1675) ਤਕ ਅਤੇ ਮਗਰੋਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਨਾਲ ਰਹੇ। ਆਪ ਗੁਰੂ ਸਾਹਿਬ ਦੇ ਪਰਿਵਾਰ ਦੀ ਸੇਵਾ-ਸੰਭਾਲ ਕਰਦੇ ਰਹੇ।

ਅਪ੍ਰੈਲ 1685 ਵਿਚ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨਾਹਨ ਗਏ ਤਾਂ ਆਪ ਵੀ ਉਨ੍ਹਾਂ ਦੇ ਨਾਲ ਹੀ ਗਏ। ਇਥੇ ਆਉਣ ਮਗਰੋਂ ਗੁਰੂ ਸਾਹਿਬ ਨੇ ਪਾਉਂਟਾ ਸਾਹਿਬ ਦੀ ਨੀਂਹ ਰੱਖੀ ਅਤੇ ਉਥੇ ਰਹਿਣ ਲੱਗ ਪਏ। ਮਾਮਾ ਕ੍ਰਿਪਾਲ ਨੇ ਵੀ ਗੁਰੂ ਸਾਹਿਬ ਦੇ ਨਾਲ ਹੀ ਪਾਉਂਟਾ ਵਿਚ ਹੀ ਰਹਿਣਾ ਸ਼ੁਰੂ ਕਰ ਦਿੱਤਾ।

18 ਸਤੰਬਰ 1688 ਦੇ ਦਿਨ ਗੜ੍ਹਵਾਲ ਦੇ ਰਾਜੇ ਫ਼ਤਹਿ ਸ਼ਾਹ ਨੇ ਪਾਉਂਟਾ ਸਾਹਿਬ 'ਤੇ ਹਮਲਾ ਕਰ ਦਿੱਤਾ। ਇਸ ਲੜਾਈ ਵਿਚ ਮਾਮਾ ਕ੍ਰਿਪਾਲ ਵੀ ਸ੍ਰੀ ਸਾਹਿਬ

ਹੱਥ ਵਿਚ ਲੈ ਕੇ ਜੂਝੇ ਸਨ।

ਤਹਾਂ ਮਾਤਲੇਯੰ ਕ੍ਰਿਪਾਲੰ ਕ੍ਰੁੱਧੰ। ਛਕਿਓ ਛੋਭ ਛੱਤ੍ਰੀ ਕਰਯੋ ਜੁੱਧ ਸੁੱਧੰ॥
ਸਹੇ ਦੇਹ ਆਪੰ ਮਹਾਂਬੀਰ ਬਾਣੰ। ਕਰੋ ਖਾਨ ਬਾਨੀਨ ਖਾਲੀ ਪਲਾਣੰ॥ 9॥

(ਬਚਿਤ੍ਰ ਨਾਟਕ)

ਅਕਤੂਬਰ 1688 ਵਿਚ ਜਦੋਂ ਗੁਰੂ ਸਾਹਿਬ ਪਾਉਂਟਾ ਤੋਂ ਅਨੰਦਪੁਰ ਸਾਹਿਬ ਆ ਗਏ ਤਾਂ ਮਾਮਾ ਕ੍ਰਿਪਾਲ ਸਿੰਘ ਵੀ ਉਨ੍ਹਾਂ ਦੇ ਨਾਲ ਆਏ। ਆਪ ਗੁਰੂ ਸਾਹਿਬ ਦੇ ਘਰ-ਬਾਰ ਦੀ ਨਿਗਰਾਨੀ ਕਰਿਆ ਕਰਦੇ ਸਨ। ਅਪ੍ਰੈਲ 1705 ਵਿਚ ਜਦੋਂ ਗੁਰੂ ਸਾਹਿਬ ਨੇ ਮਾਤਾ ਸੁੰਦਰ ਕੌਰ ਅਤੇ ਸਾਹਿਬ ਕੌਰ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਦੀ ਘਰ ਵਾਲੀ ਬੀਬੀ ਤਾਰਾ ਕੌਰ ਨਾਲ ਦਿੱਲੀ ਟੋਰਿਆ ਤਾਂ ਮਾਮਾ ਕਿਰਪਾਲ ਸਿੰਘ ਨੂੰ ਵੀ ਉਨ੍ਹਾਂ ਦੇ ਨਾਲ ਭੇਜਿਆ। ਉਹ ਇਸ ਮਗਰੋਂ ਦਿੱਲੀ ਵਿਚ ਹੀ ਟਿਕੇ ਰਹੇ।

ਦਸੰਬਰ 1711 ਦੇ ਅਖ਼ੀਰ ਵਿਚ ਜਦੋਂ ਬਹਾਦਰ ਸ਼ਾਹ ਨੇ ਸਿੱਖਾਂ ਵਿਚ ਫੁਟ ਪੁਆਉਣ ਵਾਸਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਖ਼ਿਲਾਫ਼ ਪਾਲਿਤ ਅਜੀਤ ਸਿੰਘ ਨੂੰ ਖੜਾ ਕੀਤਾ ਅਤੇ ਗੁਰੂ ਦਾ ਚੱਕ (ਅੰਮ੍ਰਿਤਸਰ) ਉਸ ਦੇ ਹਵਾਲੇ ਕਰ ਦਿਤਾ ਤਾਂ ਮਾਮਾ ਕ੍ਰਿਪਾਲ ਸਿੰਘ ਵੀ ਪਾਲਿਤ ਦੇ ਨਾਲ ਉੱਥੇ ਆਏ। ਉਨ੍ਹਾਂ ਨੇ ਗੁਰੂ ਦਾ ਚੱਕ ਦੀ ਸੇਵਾ-ਸੰਭਾਲ ਵਾਸਤੇ ਵੱਖ-ਵੱਖ ਸਿੱਖਾਂ ਦੀਆਂ ਡਿਊਟੀਆਂ ਲਾਈਆਂ। (ਇਸ ਦੀ ਤਫ਼ਸੀਲ ਕੇਸਰ ਸਿੰਘ ਛਿਬਰ ਨੇ "**ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਦਾ**" ਦੇ ਚੌਧਵੇਂ ਚੈਪਟਰ (ਬੰਦ 5 ਤੋਂ 22 ਤਕ) ਵਿਚ ਦਿੱਤੀ ਹੋਈ ਹੈ।) ਇਸ ਮੌਕੇ 'ਤੇ ਮਾਮਾ ਕ੍ਰਿਪਾਲ ਸਿੰਘ ਪਾਸ ਕਾਫ਼ੀ ਚਿਰ ਭਾਈ ਮਨੀ ਸਿੰਘ ਵੀ ਮਹਿਮਾਨ ਬਣ ਕੇ ਰਹੇ:

"ਕਈ ਕਾਲ ਮਾਮੇ ਜੀ ਪਾਸ ਮਨੀ ਸਿੰਘ ਜੀ ਰਹੇ।"
ਤਬ ਤਾਰਾ ਸਿੰਘ ਵਾਸੀ ਡਲ-ਵਾਂਇ ਸਭ ਕਹੈ।
ਗੁਲਾਬ ਸਿੰਘ ਵਾਸੀ ਸਾਂਙਣਾ ਗਿਰਾਊਂ ਦਾ ਅਹੈ।
ਭਾਈ ਬਖ਼ਸ਼ ਸਿੰਘ ਮੈਣੀ ਹੋਰ ਸਿੱਖ ਪਰਦੇਸੀ,
ਮਾਮੇ ਜੀ ਪਾਸ ਆਇ ਰਹੈ॥ 21 ॥

(ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਦਾ)

ਇਸ ਮਗਰੋਂ ਮਾਮਾ ਕ੍ਰਿਪਾਲ ਸਿੰਘ ਫਿਰ ਦਿੱਲੀ ਚਲੇ ਗਏ। ਰੱਬ ਦੀ ਕਰਣੀ ਇਕ ਦਿਨ ਪਾਲਿਤ ਅਜੀਤ ਸਿੰਘ ਹੱਥੋਂ ਇਕ ਮੁਲਸਮਾਨ, ਫ਼ਕੀਰ ਦੀ ਬੇਇੱਜ਼ਤੀ ਹੋਈ। ਇਸ ਮੌਕੇ 'ਤੇ ਸਿੰਘਾਂ ਹੱਥੋਂ ਉਸ ਨੂੰ ਕੁਝ ਸੱਟ-ਫੇਟ ਵੀ ਲੱਗ ਗਈ। ਉਹ ਅਚਾਨਕ ਮਰ ਗਿਆ। ਇਸ ਘਟਨਾ ਮਗਰੋਂ ਮੁਸਲਮ ੲ ਫ਼ਕੀਰਾਂ ਨੇ ਬੇਵਜ੍ਹਾ ਹਾਲ-ਪਾਹਰਿਆ ਕੀਤਾ। ਇਸ 'ਤੇ ਗੁੱਸੇ ਵਿਚ ਆ ਕੇ ਦਿੱਲੀ . ਹਾਕਮਾਂ ਨੇ ਪਾਲਿਤ ਅਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਦੇ ਨਾਲ ਮੀ 6 ਦੇ ਕਰੀਬ ਹੋਰ ਸਿੱਖ ਜਿਨ੍ਹਾਂ

ਦਾ ਪਾਲਿਤ ਨਾਲ ਜਰਾ-ਮਾਸਾ ਵੀ ਸਬੰਧ ਸੀ, ਵੀ ਗ੍ਰਿਫ਼ਤਾਰ ਕਰ ਲਏ ਗਏ। ਇਨ੍ਹਾਂ 60 ਸਿੱਖਾਂ ਵਿਚ ਮਾਮਾ ਕ੍ਰਿਪਾਲ ਸਿੰਘ, ਮਾਤਾ ਸਾਹਿਬ ਕੌਰ ਦਾ ਭਰਾ ਸਾਹਿਬ ਸਿੰਘ ਤੇ ਭਾਈ ਚੌਪਾ ਸਿੰਘ ਵੀ ਸਨ। ਇਨ੍ਹਾਂ ਸਾਰਿਆਂ ਨੂੰ 3 ਜਨਵਰੀ 1724 ਦੇ ਦਿਨ ਕਤਲ ਕਰ ਦਿੱਤਾ ਗਿਆ। ਇਸ ਦਾ ਜ਼ਿਕਰ **ਸ਼ਹੀਦ ਬਿਲਾਸ** (ਲੇਖਕ ਭਾਈ ਸੇਵਾ ਸਿੰਘ) ਵਿਚ ਇੰਞ ਮਿਲਦਾ ਹੈ।

ਦਿਲੀ ਮਹਿ ਇਕ ਕਲ ਉਠੀ, ਸੁਣੋ ਗਾਥ ਅਬ ਤਾਹਿ॥ 153॥
ਬੇਨਵਾ ਇਕ ਫਕੀਰ ਸੀ, ਮਰਯੋ ਅਪਣੀ ਆਇ।
ਤਿਸ ਮੈਂ ਸਾਹਿਬ ਅਜੀਤ ਕੌ, ਤੁਰਕ ਪਕੜਨਾ ਚਾਇ॥ 154॥
ਅੰਮ੍ਰਿਤਸਰ ਮੈਂ ਇਹ ਸੁਨ ਆਈ। ਸਿੰਘ ਅਜੀਤ ਸ਼ਹੀਦੀ ਪਾਈ।
ਸਾਹਿਬ ਸਿੰਘ ਗੁਰ ਰਿਸ਼ਤੇਦਾਰ। ਗੈਲ ਅਜੀਤ ਸਿੰਘ ਜਿਸ ਕਾ ਪਿਆਰ।
ਸਾਠ ਬਲੀ ਸਿੰਘਨ ਕੇ ਸਾਥ। ਹੋਯੋ ਸ਼ਹੀਦ ਰਖ ਸਾਂਵੇ ਮਾਥ।

....

ਮਾਤਾ ਗੈਲ ਹਠੀ ਸਿੰਘ ਲੈ ਕੇ, ਗਈ ਨਿਕਲ ਇਹ ਮੁਖ ਥੀਂ ਕਹਿ ਕੇ।
ਨਾਸ ਤੁਰਕ ਰਾਜ ਕਾ ਹੋਵੈ। ਸ਼ਕਤਿ ਅਕਾਲ ਇਨੈ ਕੀ ਖੋਵੈ॥

ਭਾਈ ਚੌਪਾ ਸਿੰਘ

ਭਾਈ ਚੌਪਾ ਸਿੰਘ ਨੂੰ 3 ਜਨਵਰੀ 1724 ਦੇ ਦਿਨ ਸ਼ਹੀਦੀ ਹਾਸਿਲ ਹੋਈ ਸੀ।

ਆਪ ਬਾਵਾ ਪੈਰਾ ਦੇ ਬੇਟੇ ਤੇ ਬਾਬਾ ਗੌਤਮ ਰਮਦਾਸ ਦੇ ਪੋਤੇ ਸਨ। ਆਪ ਦੇ ਦਾਦਾ ਗੁਰੂ ਨਾਨਕ ਸਾਹਿਬ ਦੀ ਚੌਥੀ ਉਦਾਸੀ ਵੇਲੇ ਸਿੱਖ ਪੰਥ ਦਾ ਹਿੱਸਾ ਬਣ ਗਏ ਸਨ। ਬਾਵਾ ਪੈਰਾ ਦਾ ਵੀ ਗੁਰੂ ਘਰ ਨਾਲ ਡੂੰਘਾ ਸਬੰਧ ਸੀ। ਉਹ ਗੁਰੂ ਸਾਹਿਬ ਦੇ ਹਜ਼ੂਰੀ ਸਿੱਖਾਂ ਵਿਚੋਂ ਇਕ ਸਨ। ਭਾਈ ਚੌਪਾ ਸਿੰਘ ਦਾ ਪਹਿਲਾ ਨਾਂ ਚਉਪਤਿ ਰਾਇ ਸੀ। ਜਦੋਂ ਚਉਪਤਿ ਰਾਏ ਅਜੇ ਨਿੱਕਾ ਹੀ ਸੀ ਤਾਂ ਬਾਵਾ ਪੈਰਾ ਨੇ ਉਸ ਨੂੰ ਗੁਰੂ ਹਰਿ ਰਾਇ ਸਾਹਿਬ ਦੇ ਅਰਪਣ ਕਰ ਦਿੱਤਾ ਅਤੇ ਇਸ ਮਗਰੋਂ ਉਹ ਗੁਰੂ ਸਾਹਿਬ ਕੋਲ

ਕੀਰਤਪੁਰ ਹੀ ਰਿਹਾ ਸੀ।

8 ਜੂਨ 1656 ਦੇ ਦਿਨ ਜਦੋਂ (ਗੁਰੂ) ਤੇਗ ਬਹਾਦਰ ਸਾਹਿਬ ਕੀਰਤਪੁਰ ਤੋਂ ਲੰਬੀ ਯਾਤਰਾ 'ਤੇ ਨਿਕਲੇ ਤਾਂ ਭਾਈ ਚਉਪਤਿ ਰਾਇ ਵੀ ਉਨ੍ਹਾਂ ਦੇ ਨਾਲ ਗਿਆ। ਇਸ ਸਬੰਧੀ ਭੱਟ ਵਹੀਆਂ ਵਿਚ ਇਹ ਇੰਦਰਾਜ ਮਿਲਦਾ ਹੈ:-

''ਗੁਰੂ ਤੇਗ ਬਹਾਦਰ ਜੀ ਬੇਟਾ ਗੁਰੂ ਹਰਿਗੋਬਿੰਦ ਜੀ ਮਹਲ ਛਟੇ ਕਾ, ਪੋਤਾ ਗੁਰੂ ਅਰਜਨ ਕਾ, ਸੋਢੀ ਖਤਰੀ, ਬਾਸੀ ਕੀਰਤਪੁਰ ਪਰਗਣਾ ਕਹਿਲੂਰ, ਸੰਮਤ ਸਤਰਾਂ ਸੈ ਤੇਰਾਂ ਅਸਾਢ ਪ੍ਰਵਿਸ਼ਟੇ ਗਿਆਰਾਂ ਤੀਰਥ ਯਾਤਰਾ ਜਾਨੇ ਕੀ ਤਿਆਰੀ ਕੀ। ਗੈਲੋਂ ਮਾਤਾ ਨਾਨਕੀ ਜੀ ਆਈ, ਇਸਤਰੀ ਗੁਰੂ ਹਰਿਗੋਬਿੰਦ ਜੀ ਕੀ, ਮਾਤਾ ਨੇਤੀ ਜੀ ਆਈ ਇਸਤਰੀ ਗੁਰੂ ਗੁਰਦਿੱਤਾ ਜੀ ਕੀ, ਮਾਤਾ ਹਰੀ ਜੀ ਆਈ ਇਸਤਰੀ ਗੁਰੂ ਸੂਰਜ ਮੱਲ ਜੀ ਦੀ, ਬਾਵਾ ਬਾਲੂ ਹਸਨਾ ਤੇ ਬਾਵਾ ਅਲਮਸਤ ਜੀ ਆਏ ਚੇਲੇ ਗੁਰੂ ਗੁਰਦਿੱਤਾ ਜੀ ਕੇ, ਮਾਤਾ ਗੁਜਰੀ ਜੀ ਆਈ ਇਸਤਰੀ ਗੁਰੂ ਤੇਗ ਬਹਾਦਰ ਜੀ ਕੀ, ਕ੍ਰਿਪਾਲ ਚੰਦ ਆਇਆ ਬੇਟਾ ਬਾਬਾ ਲਾਲ ਚੰਦ ਸੁਭਿੱਖੀ ਕਾ, ਦੀਵਾਨ ਦਰਗਾਹ ਮਲ ਆਇਆ ਬੇਟਾ ਦਵਾਰਕਾ ਦਾਸ ਛਿਬਰ ਬ੍ਰਾਹਮਣ ਦਾ, ਸਾਧੂ ਰਾਮ ਆਇਆ ਬੇਟਾ ਧਰਮ ਚੰਦ ਖੋਸਲੇ ਕਾ, ਦੁਰਗਾ ਦਾਸ ਆਇਆ ਬੇਟਾ ਪਦਮ ਰਾਇ ਹਜਾਬਤ ਚੌਹਾਨ ਕਾ, ਦਰੀਆ ਆਇਆ ਬੇਟਾ ਮੂਲ ਚੰਦ ਜਲ੍ਹਾਨੇ ਪੁਆਰ ਕਾ, ਦਿਆਲ ਦਾਸ ਆਇਆ ਬੇਟਾ ਮਾਈ ਦਾਸ ਪੁਆਰ ਬਲਉਂਤ ਕਾ, **ਚਉਪਤਿ ਰਾਇ ਆਇਆ ਬੇਟਾ ਪੈਰਾ ਰਾਮ ਛਿਬਰ ਕਾ।** ਹੋਰ ਸਿਖ ਫਕੀਰ ਆਏ।''

(ਭੱਟ ਵਹੀ ਤਲਉਂਢਾ, ਪਰਗਣਾ ਜੀਂਦ)

(ਗੁਰੂ ਤੇਗ ਬਹਾਦਰ ਸਾਹਿਬ ਇਸ ਧਰਮ-ਪ੍ਰਚਾਰ ਦੌਰੇ 'ਤੇ 8 ਜੂਨ 1656 ਦੇ ਦਿਨ ਚਲੇ ਸਨ। ਇਸ ਤੋਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਚਉਪਤਿ ਰਾਇ ਜੇ ਇਸ ਵੇਲੇ ਪੰਦਰਾਂ ਵੀਹ ਕੁ ਸਾਲ ਦਾ ਵੀ ਹੋਵੇ ਤਾਂ ਵੀ ਉਹ 1635 ਤੇ 40 ਦੇ ਵਿਚਕਾਰ ਪੈਦਾ ਹੋਇਆ ਹੋਵੇਗਾ। ਇੰਞ 4 ਜਨਵਰੀ 1724 ਨੂੰ ਜਿਸ ਦਿਨ ਉਸ ਨੂੰ ਸ਼ਹੀਦ ਕੀਤਾ ਗਿਆ, ਉਸ ਦੀ ਉਮਰ 85 ਅਤੇ 90 ਸਾਲ ਦੇ ਵਿਚਕਾਰ ਹੋਵੇਗੀ।)

ਗੁਰੂ ਤੇਗ ਬਹਾਦਰ ਸਾਹਿਬ ਜੂਨ 1656 ਵਿਚ ਕੀਰਤਪੁਰ ਸਾਹਿਬ ਤੋਂ ਚਲ ਕੇ ਕੁਰਖੇਤਰ, ਹਰਦੁਆਰ, ਪ੍ਰਯਾਗ, ਬਨਾਰਸ ਅਤੇ ਵਖ-ਵੱਖ ਧਰਮਾਂ ਦੇ ਸੈਂਟਰਜ਼ ਤੋਂ ਹੁੰਦੇ ਹੋਏ ਬਿਹਾਰ ਗਏ ਸਨ ਜਿਥੇ ਉਹ 1664 ਦੇ ਸ਼ੁਰੂ ਤਕ ਰਹੇ ਸਨ। ਇਸ ਮਗਰੋਂ ਵੀ ਮਾਰਚ 1664 ਤੋਂ ਅਕਤੂਬਰ 1665 ਤਕ (ਤਕਰੀਬਨ ਡੇਢ ਸਾਲ) ਪੰਜਾਬ ਦੇਸ਼ ਵਿਚ ਵਿਚਰਨ (ਚੱਕ ਨਾਨਕੀ ਦੀ ਨੀਂਹ ਰੱਖਣ ਸਣੇ) ਮਗਰੋਂ ਉਹ ਫੇਰ ਬਿਹਾਰ, ਅਸਾਮ, ਬੰਗਾਲ ਦੇ ਦੌਰੇ 'ਤੇ ਚਲੇ ਗਏ ਸਨ। ਜਿਥੋਂ ਮੁੜਕੇ ਉਹ 1670 ਵਿਚ ਵਾਪਿਸ ਆਏ ਸਨ। ਇਸ ਸਮੇਂ ਦੌਰਾਨ (1656 ਤੋਂ 1670 ਤਕ), ਤਕਰੀਬਨ 14 ਸਾਲ, ਮਾਤਾ ਗੁਜਰੀ ਜੀ, ਮਾਮਾ ਕਿਰਪਾਲ ਅਤੇ ਚਉਪਤਿ ਰਾਇ ਅਤੇ ਕੁਝ ਹੋਰ ਸਿੱਖ ਪਟਨਾ ਵਿਚ

ਹੀ ਰਹੇ ਸਨ। ਇਥੇ ਹੀ 18 ਦਸੰਬਰ 1661 ਦੇ ਦਿਨ (ਗੁਰੂ) ਗੋਬਿੰਦ ਦਾਸ (ਸਿੰਘ) ਸਾਹਿਬ ਦਾ ਜਨਮ ਹੋਇਆ ਸੀ। ਭਾਈ ਚਉਪਤਿ ਰਾਇ (ਗੁਰੂ) ਗੋਬਿੰਦ ਦਾਸ ਜੀ ਨੂੰ ਬਚਪਨ ਵਿਚ ਖਿਡਾਉਂਦੇ ਰਹਿੰਦੇ ਸਨ। ਇਸ ਕਰਕੇ ਤਾਰੀਖ਼ ਵਿਚ ਉਨ੍ਹਾਂ ਨੂੰ "ਚਉਪਤਿ ਰਾਇ ਖਿਡਾਵਾ" ਲਿਖਿਆ ਵੀ ਮਿਲਦਾ ਹੈ। (ਗੁਰੂ) ਗੋਬਿੰਦ ਦਾਸ ਨੂੰ ਬਚਪਨ 'ਚ ਪਹਿਲੀ ਪੜ੍ਹਾਈ ਵੀ ਚਉਪਤਿ ਰਾਇ ਨੇ ਹੀ ਕਰਵਾਈ ਸੀ।

1670 ਵਿਚ (ਗੁਰੂ) ਗੋਬਿੰਦ ਦਾਸ ਪਹਿਲੀ ਵਾਰੀ ਪੰਜਾਬ ਆਏ ਤੇ ਵੱਖ-ਵੱਖ ਨਗਰਾਂ ਤੋਂ ਹੁੰਦੇ ਹੋਏ 28 ਅਗਸਤ 1670 ਨੂੰ ਆਪਣੇ ਨਾਨਕੇ ਲਖਨੌਰ ਪੁੱਜੇ। ਇਸ ਮੌਕੇ 'ਤੇ ਵੀ ਭਾਈ ਚਉਪਤਿ ਰਾਇ ਗੁਰੂ ਤੇਗ ਬਹਾਦਰ ਸਾਹਿਬ ਦੇ ਪਰਿਵਾਰ ਦੇ ਨਾਲ ਹੀ ਸਨ। ਇਸ ਮਗਰੋਂ ਉਹ ਬਕਾਲੇ 'ਤੇ ਫੇਰ ਚੱਕ ਨਾਨਕੀ ਵਿਚ ਰਹਿ ਕੇ ਗੁਰੂ ਘਰ ਦੀ ਸੇਵਾ ਕਰਦੇ ਰਹੇ। 11 ਨਵੰਬਰ 1675 ਦੇ ਵਿਚ ਗੁਰੂ ਤੇਗ ਬਹਾਦਰ ਸਾਹਿਬ ਸ਼ਹੀਦ ਹੋ ਗਏ। ਚਉਪਤਿ ਰਾਇ ਇਸ ਮਗਰੋਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਘਰ ਦੇ ਸੇਵਾਦਾਰ ਬਣ ਕੇ ਚੱਕ ਨਾਨਕੀ ਅਤੇ ਅਨੰਦਪੁਰ ਸਾਹਿਬ ਰਹਿੰਦੇ ਰਹੇ।

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸਾ ਪਰਗਟ ਕੀਤਾ ਤੇ ਖੰਡੇ ਦੀ ਪਾਹੁਲ ਤਿਆਰ ਕੀਤੀ ਤਾਂ ਚਰਨ ਪਾਹੁਲ ਵਾਲੀ ਗਾਗਰ ਨੂੰ ਸਤਲੁਜ ਦਰਿਆ ਵਿਚ ਡੋਲ੍ਹ ਕੇ ਖੰਡੇ ਦੀ ਪਾਹੁਲ ਤਿਆਰ ਕਰਨ ਦੀ ਸੇਵਾ ਵੀ ਚਉਪਤਿ ਰਾਇ ਨੂੰ ਸੌਂਪੀ ਗਈ ਸੀ। ਅਜਿਹਾ ਜਾਪਦਾ ਹੈ ਕਿ ਚਉਪਤਿ ਰਾਇ ਘਰ ਦੀਆਂ ਅਤੇ ਦਰਬਾਰ ਦੀਆਂ ਅਹਿਮ ਜ਼ਿੰਮੇਦਾਰੀਆਂ ਵੀ ਨਿਭਾਇਆ ਕਰਦੇ ਸਨ। ਅਨੰਦਪੁਰ ਸਾਹਿਬ ਵਿਚ ਹੋਣ ਵਾਲੇ ਹਰ ਸਮਾਗਮ ਦਾ ਇੰਤਜ਼ਾਮ ਉਨ੍ਹਾਂ ਦੇ ਜ਼ਿੰਮੇ ਹੀ ਹੁੰਦਾ ਸੀ। ਇਸ ਵਿਚ ਤੰਬੂ, ਲੰਗਰ, ਸੰਗਤਾਂ ਦੇ ਆਰਾਮ ਦਾ ਖ਼ਿਆਲ ਰੱਖਣਾ ਵੀ ਸ਼ਾਮਿਲ ਹੁੰਦਾ ਸੀ। ਇਕ ਸੋਮਾ ਤਾਂ ਖੰਡੇ ਦੇ ਅੰਮ੍ਰਿਤ ਵਿਚ ਪਤਾਸੇ ਪੁਆਉਣ ਦੀ ਘਟਨਾ ਨੂੰ ਵੀ ਭਾਈ ਚਉਪਤਿ ਰਾਇ ਨਾਲ ਜੋੜਦਾ ਹੈ।

ਜਦੋਂ ਖੰਡੇ ਦੀ ਪਾਹੁਲ ਦੇਣੀ ਸ਼ੁਰੂ ਕੀਤੀ ਗਈ ਤਾਂ ਪੰਜ ਪਿਆਰਿਆਂ ਅਤੇ ਪੰਜ ਮੁਕਤਿਆਂ ਤੋਂ ਬਾਅਦ ਪਹਿਲੇ ਬੈਚ ਵਿਚ ਗੁਰੂ ਸਾਹਿਬ ਨੇ ਆਪਣੇ ਹੱਥੀਂ ਜਿਨ੍ਹਾਂ ਯਾਰ੍ਹਾਂ ਸਿੱਖਾਂ ਨੂੰ ਅੰਮ੍ਰਿਤ ਛਕਾਇਆ ਉਨ੍ਹਾਂ ਵਿਚ ਭਾਈ ਮਨੀ ਸਿੰਘ, ਉਸ ਦੇ ਛੇ ਬੇਟਿਆਂ, ਭਾਈ ਰਾਮ ਕੰਵਰ, ਦੀਵਾਨ ਧਰਮ ਚੰਦ, ਆਲਮ ਚੰਦ ਨੱਚਣਾ ਦੇ ਨਾਲ ਭਾਈ ਚਉਪਤਿ ਰਾਇ ਵੀ ਸ਼ਾਮਿਲ ਸਨ। ਇੰਞ ਪਹਿਲੇ ਇਕੀ ਖਾਲਸਿਆਂ ਵਿਚ ਉਹ ਵੀ ਸ਼ਾਮਿਲ ਸਨ।

ਇਸ ਮਗਰੋਂ ਵੀ ਭਾਈ ਚਉਪਤ ਰਾਇ, ਜੋ ਹੁਣ ਚੋਪਾ ਸਿੰਘ ਬਣ ਗਏ ਸਨ, ਗੁਰੂ ਪਰਿਵਾਰ ਦੀ ਸੇਵਾ ਕਰਦੇ ਰਹੇ ਅਤੇ ਹਮੇਸ਼ਾ ਹੀ ਉਨ੍ਹਾਂ ਦੇ ਨਾਲ ਰਹੇ। ਅਪ੍ਰੈਲ 1705 ਵਿਚ ਜਦੋਂ ਗੁਰੂ ਸਾਹਿਬ ਨੇ ਮਹਿਸੂਸ ਕੀਤਾ ਕਿ ਹੁਣ ਅਨੰਦਪੁਰ ਸਾਹਿਬ ਵਿਚ ਜੰਗ ਦਾ ਹੀ ਮਾਹੌਲ ਰਹੇਗਾ ਤਾਂ ਉਨ੍ਹਾਂ ਨੇ ਮਾਤਾ ਸੁੰਦਰ ਕੌਰ, ਮਾਤਾ ਸਾਹਿਬ ਕੌਰ ਤੇ ਬੀਬੀ ਤਾਰਾ

ਕੌਰ ਨੂੰ ਦਿੱਲੀ ਭੇਜ ਦਿੱਤਾ। ਉਨ੍ਹਾਂ ਦੇ ਨਾਲ ਭਾਈ ਚੋਪਾ ਸਿੰਘ ਤੇ ਕੁਝ ਹੋਰ ਸਿੰਘ ਵੀ ਭੇਜੇ ਗਏ। ਦਸੰਬਰ 1705 ਵਿਚ ਗੁਰੂ ਸਾਹਿਬ ਨੂੰ ਅਨੰਦਪੁਰ ਛੱਡ ਕੇ ਜਾਣਾ ਪਿਆ। ਇਸ ਸਾਰੇ ਸਮੇਂ ਵਿਚ ਵੀ ਚੋਪਾ ਸਿੰਘ ਦਿੱਲੀ ਹੀ ਰਹੇ ਅਤੇ ਮਾਤਾਵਾਂ ਦੀ ਸੇਵਾ ਕਰਦੇ ਰਹੇ।

3 ਜਨਵਰੀ 1724 ਦੇ ਦਿਨ ਮਾਤਾ ਸੁੰਦਰ ਕੌਰ ਦੇ ਪਾਲਿਤ ਪੁੱਤਰ ਅਜੀਤ ਸਿੰਘ ਨਾਲ ਇਕ ਝੜਪ ਮਗਰੋਂ ਇਕ ਮੁਸਲਮਾਨ ਫ਼ਕੀਰ ਦੀ ਅਚਾਨਕ ਮੌਤ ਹੋਣ ਨੂੰ ਹਾਕਮਾਂ ਨੇ ਧਾਰਮਿਕ ਮਸਲਾ ਬਣਾ ਕੇ 60 ਸਿੱਖ ਗ੍ਰਿਫ਼ਤਾਰ ਕਰ ਲਏ। ਇਨ੍ਹਾਂ ਨੂੰ ਅਗਲੇ ਦਿਨ 4 ਜਨਵਰੀ ਨੂੰ ਕਤਲ ਕਰ ਦਿੱਤਾ ਗਿਆ। ਇਨ੍ਹਾਂ ਵਿਚ ਇਹ ਬਜ਼ੁਰਗ ਸੇਵਾਦਾਰ ਭਾਈ ਚੋਪਾ ਸਿੰਘ ਵੀ ਸਨ।

ਇੰਞ ਭਾਈ ਚੋਪਾ ਸਿੰਘ ਗੁਰੂ ਘਰ ਦੀ ਸੇਵਾ ਕਰਦੇ-ਕਰਦੇ ਜ਼ਿੰਦਗੀ ਬਿਤਾ ਗਏ। ਉਨ੍ਹਾਂ ਆਪਣੀ ਜ਼ਿੰਦਗੀ ਦੇ 85-90 ਸਾਲਾਂ ਵਿਚੋਂ ਤਕਰੀਬਨ 70-75 ਸਾਲ ਗੁਰੂ ਘਰ ਦੀ ਸੇਵਾ ਕੀਤੀ। ਸਿੱਖ ਪੰਥ ਵਿਚ ਭਾਈ ਮਨੀ ਸਿੰਘ ਤੋਂ ਬਾਅਦ ਏਨੀ ਸੇਵਾ ਕਰਨ ਦਾ ਮਾਣ ਸਿਰਫ਼ ਭਾਈ ਚੋਪਾ ਸਿੰਘ ਨੂੰ ਹੀ ਹਾਸਿਲ ਹੋਇਆ ਹੈ।

ਹੋਰ ਤਫ਼ਸੀਲ ਵਾਸਤੇ ਵੇਖੋ: *"ਭਾਈ ਗੌਤਮ ਛਿਬਰ ਦਾ ਕੁਰਸੀਨਾਮਾ।"*

ਭਾਈ ਸਾਹਿਬ ਸਿੰਘ

ਭਾਈ ਸਾਹਿਬ ਸਿੰਘ ਨੂੰ 3 ਜਨਵਰੀ 1724 ਦੇ ਦਿਨ 60 ਸਿੱਖਾਂ ਦੀ ਚਉਕੀ ਵਿਚ ਦਿੱਲੀ ਵਿਚ ਸ਼ਹੀਦ ਕੀਤਾ ਗਿਆ ਸੀ।

ਭਾਈ ਸਾਹਿਬ ਸਿੰਘ ਭਾਈ ਰਾਮੂ ਰਿਖੀਰਾਵ ਦਾ ਬੇਟਾ ਸੀ। ਇਹ ਪਰਿਵਾਰ ਰੋਹਤਾਸ ਦਾ ਰਹਿਣ ਵਾਲਾ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਦੀ ਤੀਜੀ ਸਿੰਘਣੀ ਮਾਤਾ ਸਾਹਿਬ ਕੌਰ ਇਸ ਦੀ ਸੱਕੀ ਭੈਣ ਸੀ। ਜੁਲਾਈ 1701 ਵਿਚ ਭਾਈ ਰਾਮੂ ਰਿਖੀਰਾਵ ਅਨੰਦਪੁਰ ਸਾਹਿਬ ਆਇਆ। ਉਸ ਦੇ ਨਾਲ ਉਸ ਦੀ ਬੇਟੀ ਵੀ ਸੀ। ਉਸ

ਨੇ 5 ਜੁਲਾਈ ਦੇ ਦਿਨ ਆਪਣੀ ਬੇਟੀ ਸਾਹਿਬ ਕੌਰ ਗੁਰੂ ਸਾਹਿਬ ਨੂੰ ਸਮਰਪਣ ਕਰ ਦਿੱਤੀ। ਪਰ ਗੁਰੂ ਸਾਹਿਬ ਨੇ ਇਹ ਵਿਆਹ ਕਰਨਾ ਮਨਜ਼ੂਰ ਨਾ ਕੀਤਾ। ਅਖ਼ੀਰ ਕੁੜੀ ਅਤੇ ਉਸ ਦੇ ਪਿਤਾ ਦੀ ਜ਼ਿਦ ਵੇਖ ਕੇ ਉਨ੍ਹਾਂ ਨੇ ਉਸ ਨੂੰ ਆਪਣੇ ਘਰ ਵਿਚ ਰਹਿਣ ਅਤੇ ਸੇਵਾ ਕਰਨ ਦੀ ਇਜਾਜ਼ਤ ਦੇ ਦਿੱਤੀ। ਮਾਤਾ ਸਾਹਿਬ ਕੌਰ ਦਾ ਭਰਾ ਭਾਈ ਸਾਹਿਬ ਸਿੰਘ ਪਹਿਲੋਂ ਹੀ ਉਥੇ ਹੀ ਰਹਿੰਦਾ ਸੀ।

ਅਪ੍ਰੈਲ 1705 ਵਿਚ ਜਦੋਂ ਗੁਰੂ ਸਾਹਿਬ ਨੇ ਮਹਿਸੂਸ ਕੀਤਾ ਕਿ ਹੁਣ ਅਨੰਦਪੁਰ ਸਾਹਿਬ ਨੂੰ ਇਕ ਲੰਬੇ ਜੰਗ ਦਾ ਟਾਕਰਾ ਕਰਨਾ ਪਵੇਗਾ ਤਾਂ ਉਨ੍ਹਾਂ ਨੇ ਮਾਤਾਵਾਂ ਸੁੰਦਰ ਕੌਰ, ਸਾਹਿਬ ਕੌਰ ਅਤੇ ਬੀਬੀ ਤਾਰਾ ਕੌਰ ਨੂੰ ਭਾਈ ਸਾਹਿਬ ਸਿੰਘ, ਭਾਈ ਚੰਪਾ ਸਿੰਘ, ਮਾਮਾ ਕਿਰਪਾਲ ਸਿੰਘ ਅਤੇ ਕੁਝ ਹੋਰਨਾਂ ਦੇ ਨਾਲ ਦਿੱਲੀ ਵੱਲ ਭੇਜ ਦਿੱਤਾ। ਇਹ ਸਾਰੇ, ਇਸ ਮਗਰੋਂ, ਵਧੇਰਾ ਸਮਾਂ ਦਿੱਲੀ ਵਿਚ ਹੀ ਰਹੇ।

2 ਜਨਵਰੀ 1724 ਦੇ ਦਿਨ ਪਾਲਿਤ ਅਜੀਤ ਸਿੰਘ ਹੱਥੋਂ ਇਕ ਮੁਸਲਮਾਨ ਫ਼ਕੀਰ ਨੂੰ ਝਿੜਕ ਮਾਰਨ ਅਤੇ ਕਿਸੇ ਸਿੰਘ ਵੱਲੋਂ ਧੱਕਾ ਮਾਰਨ ਮਗਰੋਂ ਉਸ ਫ਼ਕੀਰ ਦੀ ਮੌਤ ਹੋ ਗਈ। ਕੁਝ ਮੁਸਲਮਾਨ ਫ਼ਕੀਰਾਂ ਨੇ ਇਸ ਨੂੰ ਧਰਮ ਦਾ ਸਵਾਲ ਬਣਾ ਕੇ ਦਿੱਲੀ ਦੇ ਹਾਕਮ ਨੂੰ ਭੜਕਾ ਕੇ ਸਿੱਖਾਂ 'ਤੇ ਹਮਲਾ ਕਰਵਾ ਦਿੱਤਾ। ਇਸ ਮੁਹਿੰਮ ਵਿਚ 60 ਸਿੱਖ ਗ੍ਰਿਫ਼ਤਾਰ ਕੀਤੇ ਗਏ ਅਤੇ 3 ਜਨਵਰੀ ਨੂੰ ਕਤਲ ਕਰ ਦਿੱਤੇ ਗਏ। ਇਨ੍ਹਾਂ ਵਿਚ ਭਾਈ ਸਾਹਿਬ ਸਿੰਘ ਵੀ ਸ਼ਾਮਿਲ ਸਨ।

ਸਾਹਿਬ ਸਿੰਘ ਗੁਰ ਰਿਸ਼ਤੇਦਾਰ। ਗੈਲ ਅਜੀਤ ਸਿੰਘ ਜਿਸ ਦਾ ਪਿਆਰ।
ਸਾਠ ਬਲੀ ਸਿੰਘਨ ਕੇ ਸਾਥ। ਹੋਯੋ ਸ਼ਹੀਦ ਰਖ ਸਾਂਵੇ ਮਾਥ।

(ਸ਼ਹੀਦ ਬਿਲਾਸ, ਸਫ਼ਾ 84)

ਭਾਈ ਸਾਹਿਬ ਸਿੰਘ ਗੁਰੂ ਸਾਹਿਬ ਕੋਲ ਕਈ ਸਾਲ ਤੋਂ ਰਹਿ ਰਿਹਾ ਸੀ। ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਪਾਉਂਟਾ ਸਾਹਿਬ ਵਿਚ ਰਹੇ ਤਾਂ ਇਹ ਸਾਹਿਬ ਸਿੰਘ ਵੀ ਉਨ੍ਹਾਂ ਕੋਲ ਸੀ। 18 ਸਤੰਬਰ 1688 ਦੇ ਦਿਨ ਜਦੋਂ ਗੜ੍ਹਵਾਲੀਏ ਰਾਜੇ ਫ਼ਤਹਿ ਸ਼ਾਹ ਨੇ ਪਾਉਂਟਾ 'ਤੇ ਹਮਲਾ ਕੀਤਾ ਤਾਂ ਸਾਹਿਬ ਸਿੰਘ ਨੇ ਵੀ ਸ੍ਰੀ ਸਾਹਿਬ ਹੱਥ ਵਿਚ ਲੈ ਕੇ ਹਮਲਾਵਰ ਫ਼ੌਜਾਂ ਦਾ ਟਾਕਰਾ ਕੀਤਾ। ਇਸ ਦਾ ਜ਼ਿਕਰ **'ਬਚਿਤਰ ਨਾਟਕ'** ਵਿਚ ਇੰਞ ਆਇਆ ਹੈ:

ਹਠਿਯੋ ਸਾਹਬੰ ਚੰਦ ਖੇਤੰ ਖੜ੍ਹਿਯਾਣੰ। ਹਨੇ ਖਾਨ ਖੂਨੀ ਖੁਰਾਸਾਨ ਭਾਨੰ।
ਤਹਾਂ ਬੀਰ ਬੰਕੇ ਭਲੀ ਭਾਂਤਿ ਮਾਰੇ। ਬਚੇ ਪ੍ਰਾਨ ਲੈ ਕੇ ਸਿਪਾਹੀ ਸਿਧਾਰੇ॥ 10॥

(ਜਾਨਿ ਅਣਖ ਵਾਲੇ ਖਤਰੀ, ਸਾਹਿਬ ਚੰਦ ਹਠੀ ਨੇ, ਮੈਦਾਨਿ-ਜੰਗ ਵਿਚ ਖ਼ੂਨੀ 'ਖਾਨ' ਸਿਪਾਹੀ ਮਾਰ ਦਿੱਤੇ ਅਤੇ ਖੁਰਾਸਾਨ ਦੇ ਪਠਾਣਾਂ ਦੇ ਸਿਰ ਭੰਨ ਦਿੱਤੇ। ਉਸ ਨੇ ਤਕੜੇ-ਤਕੜੇ ਸੂਰਮੇ ਮਾਰੇ। ਉਸ ਦੀ ਮਾਰ ਤੋਂ ਡਰ ਕੇ ਕਈ ਸਿਪਾਹੀ ਭੱਜ ਗਏ ਤੇ ਆਪਣੀ ਜਾਨ ਬਚਾਈ)।

ਅਜਿਹਾ ਜਾਪਦਾ ਹੈ ਕਿ ਸਾਹਿਬ ਸਿੰਘ ਦਾ ਵਿਆਹ ਨਹੀਂ ਹੋਇਆ ਸੀ ਕਿਉਂਕਿ ਉਸਦੀ ਔਲਾਦ ਬਾਰੇ ਕਿਤੇ ਕੋਈ ਹਵਾਲਾ ਨਹੀਂ ਮਿਲਦਾ।

ਭਾਈ ਮਨੀ ਸਿੰਘ

ਭਾਈ ਮਨੀ ਸਿੰਘ ਦਾ ਜਨਮ 10 ਮਾਰਚ 1644 ਦੇ ਦਿਨ ਭਾਈ ਮਾਈ ਦਾਸ ਦੇ ਘਰ ਪਿੰਡ ਅਲੀਪੁਰ, ਜ਼ਿਲਾ ਮੁਜ਼ੱਫਰਗੜ੍ਹ (ਪਾਕਿਸਤਾਨ) ਵਿਚ ਹੋਇਆ ਸੀ। ਜਨਮ ਵੇਲੇ ਉਨ੍ਹਾਂ ਦਾ ਨਾਂ ਮਨੀ ਰਾਮ ਰੱਖਿਆ ਗਿਆ ਸੀ। ਆਪ ਨੂੰ ਲਾਡ ਨਾਲ 'ਮਣੀਆ' ਆਖ ਕੇ ਬੁਲਾਇਆ ਜਾਂਦਾ ਸੀ। 1657 ਵਿਚ ਆਪ ਦੇ ਪਿਤਾ ਭਾਈ ਮਾਈ ਦਾਸ ਆਪ ਨੂੰ ਕੀਰਤਪੁਰ ਲੈ ਕੇ ਆਏ ਤੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਅਰਪਣ ਕਰ ਦਿੱਤਾ। ਉਸ ਦਿਨ ਤੋਂ ਭਾਈ ਮਨੀ ਸਿੰਘ ਕੀਰਤਪੁਰ ਰਹਿਣ ਲੱਗ ਪਏ। ਤਕਰੀਬਨ ਡੇਢ ਸਾਲ ਆਪ ਨੇ ਗੁਰ ਦਰਬਾਰ ਵਿਚ ਸੇਵਾ ਕੀਤੀ। 1659 ਵਿਚ ਆਪ ਵਾਪਿਸ ਆਪਣੇ ਪਿੰਡ ਚਲੇ ਗਏ। ਆਪ ਦਾ ਵਿਆਹ ਬੀਬੀ ਸੀਤੋਂ (1698 ਤੋਂ ਮਗਰੋਂ ਬਸੰਤ ਕੌਰ) ਪੁੱਤਰੀ ਭਾਈ ਲਖੀ ਰਾਏ ਯਾਦਵ ਵਣਜਾਰਾ (ਜੋ ਉਦੋਂ ਪਿੰਡ ਖੈਰਪੁਰ ਵਿਚ ਰਹਿੰਦੇ ਸਨ ਤੇ ਮਗਰੋਂ ਪਿੰਡ ਰਸਾਇਨਾ, ਦਿੱਲੀ ਚਲੇ ਗਏ ਸਨ) ਨਾਲ ਹੋਇਆ। ਵਿਆਹ ਤੋਂ ਮਗਰੋਂ ਕੁਝ ਮਹੀਨੇ ਅਲੀਪੁਰ ਰਹਿ ਕੇ ਆਪ ਵਾਪਿਸ ਕੀਰਤਪੁਰ ਪਰਤ ਗਏ ਤੇ ਗੁਰੂ ਦਰਬਾਰ ਵਿਚ ਸੇਵਾ ਕਰਨ ਲੱਗ ਪਏ।

6 ਅਕਤੂਬਰ 1661 ਦੇ ਦਿਨ ਗੁਰੂ ਹਰਿ ਰਾਇ ਸਾਹਿਬ ਜੋਤੀ ਜੋਤਿ ਸਮਾ ਗਏ। ਇਸ ਮਗਰੋਂ ਭਾਈ ਮਨੀ ਸਿੰਘ ਗੁਰੂ ਹਰਕ੍ਰਿਸ਼ਨ ਸਾਹਿਬ ਦੀ ਸੇਵਾ ਵਿਚ ਵੀ ਹਾਜ਼ਰ ਰਹੇ। ਜਦੋਂ ਔਰੰਗਜ਼ੇਬ ਨੇ ਗੁਰੂ ਹਰਕ੍ਰਿਸ਼ਨ ਸਾਹਿਬ ਨੂੰ ਦਿੱਲੀ ਬੁਲਾਇਆ ਤਾਂ ਆਪ ਵੀ ਗੁਰੂ ਸਾਹਿਬ ਦੇ ਨਾਲ ਗਏ। 25 ਮਾਰਚ 1664 ਦੇ ਦਿਨ ਗੁਰੂ ਹਰਿਕ੍ਰਿਸ਼ਨ ਸਾਹਿਬ ਅਤੇ ਔਰੰਗਜ਼ੇਬ ਵਿਚ ਮੁਲਾਕਾਤ ਹੋਈ। (ਉਦੋਂ ਆਪ ਵੀ ਉਥੇ ਹਾਜ਼ਿਰ ਸਨ) ਗੁਰੂ ਹਰਕ੍ਰਿਸ਼ਨ ਸਾਹਿਬ 30 ਮਾਰਚ ਨੂੰ ਜੋਤੀ ਜੋਤਿ ਸਮਾ ਗਏ ਅਤੇ (ਗੁਰੂ) ਤੇਗ

ਬਹਾਦਰ ਸਾਹਿਬ ਨੂੰ ਨੌਵਾਂ ਨਾਨਕ ਥਾਪ ਗਏ। ਅਗਸਤ ਦੇ ਸ਼ੁਰੂ ਵਿਚ ਆਪ ਮਾਤਾ ਸੁਲਖਣੀ ਤੇ ਹੋਰਾਂ ਨਾਲ ਦਿੱਲੀ ਤੋਂ ਪੰਜਾਬ ਵੱਲ ਚਲ ਪਏ। 11 ਅਗਸਤ 1664 ਦੇ ਦਿਨ (ਗੁਰੂ) ਤੇਗ ਬਹਾਦਰ ਸਾਹਿਬ ਨੂੰ ਬਕਾਲਾ ਵਿਖੇ ਰਸਮੀ ਤੌਰ 'ਤੇ ਗੁਰਿਆਈ ਸੌਂਪੀ ਗਈ। ਆਪ ਵੀ ਉਸ ਰਸਮ ਵਿਚ ਸ਼ਾਮਿਲ ਹੋਏ। ਇਸ ਮਗਰੋਂ ਆਪ ਗੁਰੂ ਤੇਗ ਬਹਾਦਰ ਸਾਹਿਬ ਦੀ ਸੇਵਾ ਵਿਚ ਹਾਜ਼ਿਰ ਰਹੇ। ਜਦੋਂ ਗੁਰੂ ਤੇਗ ਬਹਾਦਰ ਸਾਹਿਬ 20 ਅਗਸਤ ਨੂੰ ਬਕਾਲਾ ਤੋਂ ਕੀਰਤਪੁਰ ਸਾਹਿਬ ਵਾਸਤੇ ਚਲੇ ਤਾਂ ਭਾਈ ਮਨੀ ਸਿੰਘ ਵੀ ਉਨ੍ਹਾਂ ਦੇ ਨਾਲ ਗਏ। ਕੁਝ ਚਿਰ ਮਗਰੋਂ ਭਾਈ ਮਨੀ ਸਿੰਘ ਆਪਣੇ ਪਿੰਡ ਪਰਤ ਗਏ।

ਮਾਰਚ 1672 ਵਿਚ ਗੁਰੂ ਤੇਗ ਬਹਾਦਰ ਸਾਹਿਬ ਬਕਾਲਾ ਤੋਂ ਚੱਕ ਨਾਨਕੀ (ਅਨੰਦਪੁਰ ਸਾਹਿਬ) ਆ ਗਏ। ਕੁਝ ਦਿਨਾਂ ਮਗਰੋਂ ਭਾਈ ਮਨੀ ਸਿੰਘ ਵੀ ਗੁਰ ਦਰਬਾਰ ਵਿਚ ਹਾਜ਼ਿਰ ਹੋ ਗਏ। 25 ਮਈ 1675 ਦੇ ਦਿਨ ਕਸ਼ਮੀਰੀ ਪੰਡਤ ਭਾਈ ਕਿਰਪਾ ਰਾਮ ਦੱਤ ਦੀ ਅਗਵਾਈ ਹੇਠ ਚੱਕ ਨਾਨਕੀ ਵਿਚ ਗੁਰੂ ਸਾਹਿਬ ਕੋਲ ਫ਼ਰਿਆਦ ਕਰਨ ਪੁੱਜੇ ਅਤੇ ਗੁਰੂ ਸਾਹਿਬ ਨੂੰ ਅਰਜ਼ ਕੀਤੀ ਕਿ ਉਹ ਔਰੰਗਜ਼ੇਬ ਤੋਂ ਕਸ਼ਮੀਰੀ ਹਿੰਦੂਆਂ ਦੀ ਜਬਰੀ ਧਰਮ ਬਦਲੀ ਬੰਦ ਕਰਵਾਉਣ। ਗੁਰੂ ਤੇਗ ਬਹਾਦਰ ਸਾਹਿਬ ਨੇ ਸੋਚ ਵਿਚਾਰ ਕੇ ਦਿੱਲੀ ਜਾਣ ਦਾ ਫ਼ੈਸਲਾ ਕੀਤਾ। ਗੁਰੂ ਸਾਹਿਬ ਨੇ 8 ਜੁਲਾਈ 1675 ਦੇ ਦਿਨ (ਗੁਰੂ) ਗੋਬਿੰਦ ਸਿੰਘ ਸਾਹਿਬ ਨੂੰ ਗੁਰਗੱਦੀ ਸੌਂਪੀ ਅਤੇ 11 ਜੁਲਾਈ ਨੂੰ ਆਪ ਦਿੱਲੀ ਵਾਸਤੇ ਚਲ ਪਏ। ਗੁਰੂ ਤੇਗ ਬਹਾਦਰ ਸਾਹਿਬ ਦੇ ਜਾਣ ਮਗਰੋਂ ਭਾਈ ਮਨੀ ਸਿੰਘ ਚੱਕ ਨਾਨਕੀ ਰਹੇ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸੇਵਾ ਵਿਚ ਹਾਜ਼ਿਰ ਰਹੇ। ਇਸ ਵੇਲੇ ਆਪ ਦੀ ਉਮਰ 31 ਸਾਲ ਦੀ ਸੀ। ਭਾਈ ਮਨੀ ਸਿੰਘ ਨੇ ਗੁਰਬਾਣੀ ਦਾ ਬਹੁਤ ਡੂੰਘਾ ਮੁਤਾਲਿਆ ਕੀਤਾ ਹੋਇਆ ਸੀ। ਆਪ ਨੂੰ ਬਹੁਤ ਸਾਰੀ ਬਾਣੀ ਜ਼ਬਾਨੀ ਯਾਦ ਸੀ। ਆਪ ਨੇ ਗੁਰਬਾਣੀ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਫ਼ਲਸਫ਼ੇ ਅਤੇ ਤਵਾਰੀਖ਼ ਦੀਆਂ ਕਿਤਾਬਾਂ ਪੜ੍ਹੀਆਂ ਹੋਈਆਂ ਸਨ।

ਇਨ੍ਹਾਂ ਦਿਨਾਂ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਭਾਈ ਮਨੀ ਸਿੰਘ ਤੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਵਾਈ। ਇਹ ਬੀੜ ਜੁਲਾਈ 1678 ਵਿਚ ਤਿਆਰ ਹੋ ਚੁੱਕੀ ਸੀ। (ਕਿਉਂਕਿ ਇਹ ਬੀੜ ਆਦਿ ਸਿੰਘਾਸਨ ਦਮਦਮਾ ਸਾਹਿਬ ਤਖ਼ਤ (ਚੱਕ ਨਾਨਕੀ) ਦੇ ਅਸਥਾਨ ਤੇ ਤਿਆਰ ਹੋਈ ਸੀ ਇਸ ਕਰ ਕੇ ਇਸ ਨੂੰ "ਦਮਦਮੇ ਵਾਲੀ ਬੀੜ" ਵੀ ਆਖਿਆ ਜਾਂਦਾ ਹੈ। ਉਨ੍ਹੀਂ ਦਿਨੀਂ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਸਰੂਪ (ਜੋ ਗੁਰੂ ਅਰਜਨ ਸਾਹਿਬ ਨੇ ਤਿਆਰ ਕਰਵਾਇਆ ਸੀ ਤੇ ਭਾਈ ਗੁਰਦਾਸ ਨੇ ਕਿਤਾਬਤ ਕੀਤੀ ਸੀ।) ਧੀਰ ਮੱਲ ਦੇ ਡੇਰੇ 'ਤੇ ਬਕਾਲਾ ਵਿਖੇ ਪਿਆ ਸੀ। ਉਧਰ 24 ਜੁਲਾਈ 1678 ਦੇ ਦਿਨ ਧੀਰ ਮੱਲ ਦੇ ਪੁੱਤਰ ਰਾਮ ਚੰਦ ਨੂੰ ਔਰੰਗਜ਼ੇਬ ਨੇ ਦਿੱਲੀ ਵਿਚ ਕਤਲ ਕਰਵਾ ਦਿੱਤਾ ਸੀ। 9 ਅਗਸਤ 1678 ਦੇ ਦਿਨ ਰਾਮ ਚੰਦ ਦੇ ਭਰਾ ਭਾਰ ਮੱਲ ਨੇ ਆਪਣੇ ਭਰਾ ਨਮਿਤ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਪਾਇਆ ਅਤੇ

ਅੰਤਿਮ ਅਰਦਾਸ ਕੀਤੀ। ਇਸ ਮੌਕੇ 'ਤੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਭਾਈ ਮਨੀ ਸਿੰਘ ਨੂੰ ਆਪਣੇ ਨੁਮਾਇੰਦੇ ਵਜੋਂ ਬਕਾਲੇ ਭੇਜਿਆ। ਭੋਗ ਤੋਂ ਮਗਰੋਂ ਭਾਈ ਮਨੀ ਸਿੰਘ ਨੇ ਭਾਰ ਮੱਲ ਨੂੰ ਆਖਿਆ ਕਿ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਵਾਈ ਹੈ। ਉਸ ਤੋਂ ਇਲਾਵਾ ਹੋਰ ਬੀੜਾਂ ਵੀ ਤਿਆਰ ਹੋ ਰਹੀਆਂ ਹਨ। ਉਨ੍ਹਾਂ ਦੀ ਸੁਧਾਈ ਵਾਸਤੇ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਸਰੂਪ ਕੁਝ ਚਿਰ ਵਾਸਤੇ ਦੇ ਦਿਓ। ਭਾਰ ਮੱਲ ਨੇ ਬਹਾਨਾ ਲਾਇਆ ਕਿ ਉਹ ਬਕਾਲਾ ਛੱਡ ਕੇ ਕਰਤਾਰਪੁਰ ਜਾ ਰਿਹਾ ਹੈ ਤੇ ਗੁਰੂ ਸਾਹਿਬ ਕਿਸੇ ਨੂੰ ਬੀੜ ਦੇ ਕੇ ਕਰਤਾਰਪੁਰ ਭੇਜ ਦੇਣ ਤੇ ਉੱਥੇ ਆ ਕੇ ਲਗਾ ਮਾਤਰਾਂ ਸੋਧ ਲਈਆਂ ਜਾਣ। ਭਾਈ ਮਨੀ ਸਿੰਘ ਨੇ ਸਾਰੀ ਗੱਲਬਾਤ ਗੁਰੂ ਸਾਹਿਬ ਨੂੰ ਜਾ ਦੱਸੀ। ਅਖ਼ੀਰ ਗੁਰੂ ਸਾਹਿਬ ਨੇ ਕਿਸੇ ਨੂੰ ਕਰਤਾਰਪੁਰ ਭੇਜ ਕੇ ਉਤਾਰਾ ਕਰਵਾ ਲਿਆ ਅਤੇ ਫਿਰ ਆਪ ਸੁਧਾਈ ਕਰਵਾ ਕੇ ਭਾਈ ਮਨੀ ਸਿੰਘ ਤੋਂ ਬੀੜ ਮੁਕੰਮਲ ਕਰਵਾਈ। ਇਸ ਮਗਰੋਂ ਭਾਈ ਮਨੀ ਸਿੰਘ ਨੇ ਹੋਰ ਵੀ ਪੋਥੀਆਂ ਦੇ ਉਤਾਰੇ ਕੀਤੇ ਅਤੇ ਵੱਖ-ਵੱਖ ਪਾਸੇ ਸੰਗਤਾਂ ਨੂੰ ਭੇਜੀਆਂ।

ਭਾਈ ਮਨੀ ਸਿੰਘ ਸਿਰਫ਼ ਕਾਤਿਬ ਹੀ ਨਹੀਂ ਸਨ ਬਲਕਿ ਨਾਮ ਸਿਮਰਨ ਵੀ ਬਹੁਤ ਕਰਿਆ ਕਰਦੇ ਸਨ। ਇਸ ਦੇ ਨਾਲ-ਨਾਲ ਹੀ ਬਾਣੀ ਦੀ ਕਥਾ ਦਾ ਪਰਵਾਹ ਵੀ ਚਲਾਇਆ ਕਰਦੇ ਸਨ। "ਸੰਤ" ਦੇ ਨਾਲ ਨਾਲ ਭਾਈ ਮਨੀ ਸਿੰਘ "ਸਿਪਾਹੀ" ਵੀ ਸਨ। ਆਪ ਘੋੜ-ਸਵਾਰੀ ਤੇ ਤਲਵਾਰ ਚਲਾਉਣ ਵਿਚ ਬਹੁਤ ਮਾਹਿਰ ਸਨ। ਆਪ ਦਾ ਜਿਸਮ ਇਕਹਿਰਾ ਸੀ ਤੇ ਆਪ ਬੜੇ ਫੁਰਤੀਲੇ ਤੇ ਚੁਸਤ ਸਨ।

28 ਮਾਰਚ 1685 ਦੇ ਦਿਨ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਦਾ ਵਜ਼ੀਰ ਅਨੰਦਪੁਰ ਆਇਆ। ਉਸ ਨੇ ਅਰਜ਼ ਕੀਤੀ ਕਿ ਗੁਰੂ ਸਾਹਿਬ ਨਾਹਨ ਵਿਚ ਦਰਸ਼ਨ ਦੇਣ। 13 ਅਪ੍ਰੈਲ ਦੇ ਦਿਨ ਗੁਰੂ ਸਾਹਿਬ ਨਾਹਨ ਪੁੱਜੇ। ਮੇਦਨੀ ਪ੍ਰਕਾਸ਼ ਨੇ ਗੁਰੂ ਸਾਹਿਬ ਨੂੰ ਸ਼ਾਹੀ "ਜੀ ਆਇਆਂ" ਆਖਿਆ ਅਤੇ ਅਰਜ਼ ਕੀਤੀ ਕਿ ਗੁਰੂ ਸਾਹਿਬ ਉਸ ਦੀ ਰਿਆਸਤ ਵਿਚ ਆ ਕੇ ਰਹਿਣ। ਗੁਰੂ ਸਾਹਿਬ ਨੇ ਉਸ ਦੀ ਅਰਜ਼ ਕਬੂਲ ਕਰ ਕੇ ਪਾਉਂਟਾ ਸਾਹਿਬ ਪਿੰਡ ਵਸਾ ਕੇ ਉਥੇ ਰਹਿਣਾ ਸ਼ੁਰੂ ਕੀਤਾ। ਇਸ ਸਾਰੇ ਸਮੇਂ ਦੌਰਾਨ ਭਾਈ ਮਨੀ ਸਿੰਘ ਗੁਰੂ ਸਾਹਿਬ ਦੇ ਨਾਲ ਹੀ ਸਨ।

4 ਸਤੰਬਰ 1687 ਦੇ ਦਿਨ ਰਾਮ ਰਾਏ ਦੀ ਮੌਤ ਹੋ ਗਈ। ਗੁਰੂ ਸਾਹਿਬ ਉਸ ਦੀ ਅੰਤਿਮ ਅਰਦਾਸ ਵਾਸਤੇ ਖੁਰਵੱਧੀ ਗਏ। ਇਸ ਮੌਕੇ 'ਤੇ ਭਾਈ ਮਨੀ ਸਿੰਘ ਵੀ ਉਨ੍ਹਾਂ ਦੇ ਨਾਲ ਗਏ। ਅਗਲੇ ਸਾਲ ਉਸ ਦੀ ਬਰਸੀ ਮਨਾਈ ਗਈ। ਇਸ ਵਾਰ ਗੁਰੂ ਸਾਹਿਬ ਨੇ ਦੀਵਾਨ ਨੰਦ ਚੰਦ ਅਤੇ ਭਾਈ ਮਨੀ ਸਿੰਘ ਨੂੰ ਭੇਜਿਆ। ਭੋਗ ਵੇਲੇ ਗੁਰਬਖ਼ਸ਼ ਰਾਏ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠਾ ਸੀ। ਜਦੋਂ ਦੀਵਾਨ ਨੰਦ ਚੰਦ ਅਰਦਾਸ ਕਰਨ ਲੱਗਾ ਤਾਂ ਮਸੰਦ ਗੁਰਬਖ਼ਸ਼ ਰਾਏ ਨੇ ਕੋਈ ਮਾੜਾ ਬੋਲ ਬੋਲਿਆ। ਇਸ 'ਤੇ ਭਾਈ ਮਨੀ ਸਿੰਘ ਨੇ ਉਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਤੋਂ ਉਠਾ ਕੇ ਬਾਂਹ

ਫੜ ਕੇ ਹੇਠਾਂ ਸੁੱਟ ਦਿੱਤਾ। ਹੇਠਾਂ ਡਿੱਗਣ ਮਗਰੋਂ ਜਦੋਂ ਗੁਰਬਖ਼ਸ਼ ਰਾਏ ਨੇ ਫੇਰ ਬੋਲਣਾ ਸ਼ੁਰੂ ਕੀਤਾ ਤਾਂ ਸਿੰਘਾਂ ਨੇ ਕਿਰਪਾਨਾਂ ਧੂਹ ਲਈਆਂ। ਇਸ 'ਤੇ ਮਸੰਦ ਗੁਰਬਖ਼ਸ਼ ਰਾਏ ਅਤੇ ਉਸ ਦੇ ਸਾਥੀ ਦੌੜ ਗਏ। ਗੁਰਬਖ਼ਸ਼ ਰਾਏ ਨੇ ਗੜ੍ਹਵਾਲ ਦੇ ਰਾਜੇ ਫਤੇ ਸ਼ਾਹ ਨੂੰ ਭੁਸਲਾ ਕੇ ਪਾਉਂਟਾ ਸਾਹਿਬ 'ਤੇ ਹਮਲਾ ਕਰਵਾ ਦਿੱਤਾ। 18 ਸਤੰਬਰ 1688 ਦੇ ਦਿਨ ਭੰਗਾਣੀ ਵਿਖੇ ਲੜਾਈ ਹੋਈ। ਇਸ ਲੜਾਈ ਵਿਚ ਭਾਈ ਮਨੀ ਸਿੰਘ ਨੇ ਵੀ ਖ਼ੂਬ ਜੌਹਰ ਦਿਖਾਏ।

27 ਅਕਤੂਬਰ 1688 ਦੇ ਦਿਨ ਗੁਰੂ ਸਾਹਿਬ ਪਾਉਂਟਾ ਤੋਂ ਆਨੰਦਪੁਰ ਸਾਹਿਬ ਚਲ ਪਏ। ਭਾਈ ਮਨੀ ਸਿੰਘ ਵੀ ਉਨ੍ਹਾਂ ਦੇ ਨਾਲ ਗਏ। ਭਾਈ ਮਨੀ ਸਿੰਘ ਦਾ ਗੁਰ ਦਰਬਾਰ ਵਿਚ ਦਰਜਾ ਦੀਵਾਨ ਨੰਦ ਚੰਦ ਮਗਰੋਂ ਦੂਜੇ ਨੰਬਰ 'ਤੇ ਸੀ। ਭਾਈ ਮਨੀ ਸਿੰਘ ਪਹਿਲੇ ਪਹਿਰ ਉਠ ਕੇ, ਇਸ਼ਨਾਨ ਕਰ ਕੇ, ਗੁਰੂ ਸਾਹਿਬ ਨੂੰ ਮੱਥਾ ਟੇਕ ਕੇ, ਪਾਠ ਕਰਕੇ, ਸੇਵਾ ਵਿਚ ਜੁੱਟ ਜਾਇਆ ਕਰਦੇ ਸਨ। ਉਨ੍ਹਾਂ ਨੇ ਇਹ ਰੋਜ਼ਨਾਮਚਾ ਹਮੇਸ਼ਾ ਅਪਨਾਈ ਰਖੀ। ਸੰਗਤਾਂ ਵਿਚ ਵੀ ਭਾਈ ਮਨੀ ਸਿੰਘ ਨੂੰ ਅਦਬ ਤੇ ਇੱਜ਼ਤ ਵਾਲਾ ਦਰਜਾ ਹਾਸਿਲ ਸੀ। ਗੁਰੂ ਸਾਹਿਬ ਭਾਈ ਮਨੀ ਸਿੰਘ ਨੂੰ ਬਹੁਤ ਪਿਆਰ ਕਰਦੇ ਸਨ।

ਮਾਰਚ 1691 ਵਿਚ ਅਲਫ਼ ਖ਼ਾਨ ਨੇ ਪਹਾੜੀ ਰਾਜਿਆਂ 'ਤੇ ਹਮਲਾ ਕਰ ਦਿੱਤਾ। ਬਿਲਾਸਪੁਰ ਦੇ ਰਾਜੇ ਭੀਮ ਚੰਦ ਨੇ ਗੁਰੂ ਜੀ ਤੋਂ ਮਦਦ ਮੰਗੀ। ਗੁਰੂ ਸਾਹਿਬ ਨੇ ਦੀਵਾਨ ਨੰਦ ਚੰਦ, ਦੀਵਾਨ ਧਰਮ ਚੰਦ ਛਿਬਰ, ਭਾਈ ਮਨੀ ਸਿੰਘ ਤੇ ਭਾਈ ਆਲਮ ਚੰਦ ਦੀ ਅਗਵਾਈ ਵਿਚ ਸਿੱਖ ਫ਼ੌਜ ਨੂੰ ਨਦੌਣ ਭੇਜਿਆ। 19 ਮਾਰਚ 1691 ਦੇ ਦਿਨ ਨਦੌਣ ਦੀ ਲੜਾਈ ਵਿਚ ਭਾਈ ਮਨੀ ਸਿੰਘ ਨੇ ਖ਼ੂਬ ਬਹਾਦਰੀ ਦਿਖਾਈ। ਉਨ੍ਹਾਂ ਦੇ ਤੀਰਾਂ ਦੇ ਮੀਂਹ ਨੇ ਅਲਫ਼ ਖ਼ਾਨ ਦੀ ਫ਼ੌਜ ਦੇ ਛੱਕੇ ਛੁਡਾ ਦਿੱਤੇ। ਲੜਾਈ ਜਿੱਤਣ ਮਗਰੋਂ ਗੁਰੂ ਸਾਹਿਬ 7 ਦਿਨ ਨਦੌਣ ਦੇ ਰਾਜੇ ਦੇ ਮਹਲ ਵਿਚ ਰਹੇ। ਅਠਵੇਂ ਦਿਨ ਅਨੰਦਪੁਰ ਸਾਹਿਬ ਵੱਲ ਚਲ ਪਏ ਤੇ 28 ਮਾਰਚ 1691 ਦੇ ਦਿਨ ਅਨੰਦਪੁਰ ਸਾਹਿਬ ਪੁੱਜੇ।

ਇਸ ਵੇਲੇ ਦੀਵਾਨ ਨੰਦ ਚੰਦ ਗੁਰੂ ਸਾਹਿਬ ਦਾ "ਦਰਬਾਰੀ ਦੀਵਾਨ' ਸੀ। ਇਕ ਵਾਰ ਕੁਝ ਉਦਾਸੀ ਉਸ ਨੂੰ ਗੁਰੂ ਗ੍ਰੰਥ ਸਾਹਿਬ ਦਾ ਇਕ ਉਤਾਰਾ ਦੇ ਗਏ ਤਾਂ ਜੋ ਉਹ ਸੁਧਾਈ ਕਰ ਦੇਵੇ। ਦੀਵਾਨ ਨੰਦ ਚੰਦ ਉਸ ਬੀੜ ਨੂੰ ਆਪਣੇ ਪਿੰਡ ਲੈ ਗਿਆ ਸੀ ਤੇ ਆਪਣੇ ਘਰ ਛੱਡ ਆਇਆ ਸੀ। ਜਦੋਂ ਉਦਾਸੀਆਂ ਨੇ ਬੀੜ ਮੰਗੀ ਤਾਂ ਉਹ ਮੁਕਰ ਗਿਆ। ਉਦਾਸੀ ਇਹ ਮਾਮਲਾ ਗੁਰੂ ਸਾਹਿਬ ਕੋਲ ਲੈ ਗਏ। ਜਦੋਂ ਦੀਵਾਨ ਨੰਦ ਚੰਦ ਨੂੰ ਇਹ ਪਤਾ ਲੱਗਾ ਤਾਂ ਉਹ ਘਬਰਾ ਕੇ ਅਨੰਦਪੁਰ ਸਾਹਿਬ ਤੋਂ ਖਿਸਕ ਗਿਆ। (ਮਗਰੋਂ ਧੀਰ ਮਲੀਆਂ ਨੇ ਉਸ ਨੂੰ ਕਤਲ ਕਰ ਦਿੱਤਾ।)

ਦੀਵਾਨ ਨੰਦ ਚੰਦ ਦੇ ਖਿਸਕ ਜਾਣ ਮਗਰੋਂ 29 ਮਾਰਚ 1691 ਦੇ ਦਿਨ ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਨੂੰ "ਦਰਬਾਰੀ ਦੀਵਾਨ' ਥਾਪ ਦਿੱਤਾ। ਭਾਈ ਧਰਮ

ਚੰਦ "ਘਰਬਾਰੀ ਦੀਵਾਨ" ਸੀ। ਹੁਣ ਦੋਵੇਂ ਦੀਵਾਨ ਗੁਰੂ ਦਰਬਾਰ ਤੇ ਗੁਰੂ ਘਰ ਦਾ ਇੰਤਜ਼ਾਮ ਕਰਨ ਲੱਗ ਪਏ।

ਮਈ 1693 ਵਿਚ ਗੁਰੂ ਸਾਹਿਬ ਨੇ ਬਾਂਗਰ ਦੇਸ਼ ਦਾ ਦੌਰਾ ਕੀਤਾ। ਇਸ ਦੌਰਾਨ ਵੀ ਭਾਈ ਮਨੀ ਸਿੰਘ ਆਪ ਦੇ ਨਾਲ ਰਹੇ। ਫ਼ਰਵਰੀ 1694 ਵਿਚ ਗੁਰੂ ਸਾਹਿਬ ਖੁਰਦਪੀ (ਡੇਹਰਾਦੂਨ) ਅਤੇ ਹਰਦੁਆਰ ਵੱਲ ਗਏ ਤਾਂ ਭਾਈ ਮਨੀ ਸਿੰਘ ਵੀ ਆਪ ਦੇ ਨਾਲ ਸਨ। ਹਰਦੁਆਰ ਦੀ ਪੰਡਾ ਵਹੀ ਵਿਚ ਭਾਈ ਮਨੀ ਸਿੰਘ ਦੇ ਗੁਰੂ ਸਾਹਿਬ ਦੇ ਨਾਲ 28 ਫਰਵਰੀ 1696 ਦੇ ਦਿਨ ਹਰਦੁਆਰ ਪੁੱਜਣ ਦਾ ਜ਼ਿਕਰ ਹੈ।

ਜਦੋਂ ਗੁਰੂ ਸਾਹਿਬ ਨੇ ਖ਼ਾਲਸਾ ਪ੍ਰਗਟ ਕੀਤਾ ਤੇ ਖੰਡੇ ਦੀ ਪਾਹੁਲ ਦੇਣੀ ਸ਼ੁਰੂ ਕੀਤੀ। ਪੰਜ ਪਿਆਰਿਆਂ ਅਤੇ ਪੰਜ ਮੁਕਤਿਆਂ ਤੋਂ ਮਗਰੋਂ ਬਾਕੀ ਸਿੰਘਾਂ ਨੂੰ ਖੰਡੇ ਦੀ ਪਾਹੁਲ ਦਿੱਤੀ ਗਈ ਤਾਂ ਇਨ੍ਹਾਂ ਦਸਾਂ ਤੋਂ ਮਗਰੋਂ ਸਭ ਤੋਂ ਪਹਿਲੇ ਬੈਚ ਵਿਚ ਯਾਰਾਂ ਸਿੰਘਾਂ ਨੇ ਅੰਮ੍ਰਿਤ ਪਾਨ ਕੀਤਾ। ਇਹ ਸਨ: ਭਾਈ ਮਨੀ ਸਿੰਘ, ਉਨ੍ਹਾਂ ਦੇ ਛੇ ਪੁੱਤਰ (ਚਿਤਰ ਸਿੰਘ, ਬਚਿਤਰ ਸਿੰਘ, ਉਦੈ ਸਿੰਘ, ਅਨਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ), ਚੋਪਾ ਸਿੰਘ, ਦੀਵਾਨ ਧਰਮ ਸਿੰਘ, ਭਾਈ ਆਲਿਮ ਸਿੰਘ ਅਤੇ ਭਾਈ ਗੁਰਬਖ਼ਸ਼ ਸਿੰਘ (ਰਾਮ ਕੁੰਵਰ)।

ਇਸੇ ਦਿਨ ਗੁਰੂ ਦਾ ਚੱਕ (ਰਾਮਦਾਸਪੁਰਾ, ਅੰਮ੍ਰਿਤਸਰ) ਦੀਆਂ ਸੰਗਤਾਂ ਨੇ ਗੁਰੂ ਸਾਹਿਬ ਨੂੰ ਅਰਜ਼ ਕੀਤੀ ਕਿ ਮੀਣੇ ਅੰਮ੍ਰਿਤਸਰ ਛੱਡ ਕੇ ਚਲੇ ਗਏ ਹਨ। ਤੁਸੀਂ ਕਿਸੇ ਮੁਖੀ ਸਿੱਖ ਨੂੰ ਉਥੋਂ ਦੀ ਸੇਵਾ ਸੰਭਾਲਣ ਵਾਸਤੇ ਭੇਜ ਦਿਓ। ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਨੂੰ ਪੰਜ ਸਿੰਘ ਨਾਲ ਦੇ ਕੇ ਅੰਮ੍ਰਿਤਸਰ ਦਾ ਇੰਚਾਰਜ ਬਣਾ ਕੇ ਭੇਜਿਆ। ਭਾਈ ਮਨੀ ਸਿੰਘ 2 ਮਈ 1698 ਦੇ ਦਿਨ ਅੰਮ੍ਰਿਤਸਰ ਪੁੱਜੇ ਅਤੇ 3 ਮਈ ਨੂੰ ਦਰਬਾਰ ਸਾਹਿਬ 'ਚ ਨਿਸ਼ਾਨ ਸਾਹਿਬ ਝੁਲਾ ਕੇ ਗੁਰ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ। ਇਸ ਤੋਂ ਬਾਅਦ ਭਾਈ ਮਨੀ ਸਿੰਘ ਅੰਮ੍ਰਿਤਸਰ ਹੀ ਰਹਿਣ ਲੱਗ ਪਏ।

ਹੁਣ ਅੰਮ੍ਰਿਤਸਰ ਵਿਚ ਸੰਗਤਾਂ ਦੋਬਾਰਾ ਆਉਣ ਲੱਗ ਪਈਆਂ। ਭਾਈ ਮਨੀ ਸਿੰਘ ਰੋਜ਼ ਕਥਾ ਕਰਨ ਲੱਗ ਪਏ। ਵਿਚ-ਵਿਚ ਆਪ ਅਨੰਦਪੁਰ ਸਾਹਿਬ ਵੀ ਜਾਇਆ ਕਰਦੇ ਸਨ। ਅਗਸਤ 1700 ਵਿਚ ਜਦੋਂ ਅਜਮੇਰ ਚੰਦ ਬਿਲਾਸਪੁਰੀ ਨੇ ਅਨੰਦਪੁਰ ਸਾਹਿਬ 'ਤੇ ਹਮਲਾ ਕੀਤਾ ਤਾਂ ਆਪ ਵੀ ਉੱਥੇ ਹੀ ਸਨ। ਪਹਿਲੀ ਸਤੰਬਰ 1700 ਦੇ ਦਿਨ ਕਿਲ੍ਹਾ ਲੋਹਗੜ੍ਹ ਦੀ ਲੜਾਈ ਵਿਚ ਆਪ ਆਪਣੇ ਬੇਟਿਆਂ ਭਾਈ ਬਚਿਤਰ ਸਿੰਘ ਤੇ ਭਾਈ ਉਦੈ ਸਿੰਘ ਨਾਲ ਰਲ ਕੇ ਪਹਾੜੀ ਫ਼ੌਜਾਂ ਦੇ ਖ਼ਿਲਾਫ਼ ਡੱਟ ਕੇ ਲੜੇ। ਆਪ ਇਸ ਲੜਾਈ ਵਿਚ ਸਖ਼ਤ ਜ਼ਖ਼ਮੀ ਹੋ ਗਏ। ਇਸ ਮਗਰੋਂ ਆਪ ਫੇਰ ਅੰਮ੍ਰਿਤਸਰ ਚਲੇ ਗਏ। ਅਗਲੇ ਪੰਜ ਸਾਲ ਆਪ ਅੰਮ੍ਰਿਤਸਰ ਰਹੇ ਅਤੇ ਕਈ ਵਾਰ ਅਨੰਦਪੁਰ ਸਾਹਿਬ ਆਏ। 2 ਅਕਤੂਬਰ 1703 ਦੇ ਦਿਨ ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਪਰਿਵਾਰ ਨੂੰ ਖ਼ਾਸ ਹੁਕਮਨਾਮਾ ਬਖ਼ਸ਼ਿਆ, ਜਿਸ ਵਿਚ ਉਨ੍ਹਾਂ ਦੇ ਪੁੱਤਰਾਂ ਨੂੰ "ਫ਼ਰਜ਼ੰਦਹ ਖ਼ਾਨੇ

ਜ਼ਾਦ'' ਆਖਿਆ ਸੀ:

''ਸਤਿਗੁਰੂ ਜੀ ਕੀ ਆਗਿਆ ਹੈ। ਭਾਈ ਬਚਿਤਰ ਸਿੰਘ ਜੀ। ਭਾਈ ਉਦੈ ਸਿੰਘ ਜੀ। ਭਾਈ ਅਨਿਕ ਜੀ। ਭਾਈ ਅਜਬ ਸਿੰਘ ਜੀ। ਭਾਈ ਅਜਾਇਬ ਸਿੰਘ ਜੀ। ਨਾਇਕ ਮਾਈ ਦਾਸ ਵੋਇ ਮਨੀ ਸਿੰਘ ਨੂੰ ਵਾਹਿਗੁਰੂ ਸਰਮ ਰਖੇਗਾ। ਤੁਸੀਂ ਮੇਰੇ ਪੁੱਤਰ ਫ਼ਰਜੰਦਹ ਖ਼ਾਨੇ ਜ਼ਾਦ ਹੋ। ਤੁਸਾਂ ਉਪਰ ਮੇਰੀ ਖ਼ੁਸ਼ੀ ਹੈ। ਸਭ ਵਰਤਾਰੇ ਕੇ ਤੁਸੀਂ ਮਹਿਰਮ ਹੋ। ਹੋਰ ਕੌਡੀ ਦਮੜੀ ਪੈਸਾ ਧੇਲਾ ਰੁਪਇਆ ਗਛਿਆ ਦਾ ਜੋ ਅਸਾਨੂੰ ਦੇਏਗਾ। ਇਹ ਮੇਰੇ ਫ਼ਰਜੰਦ ਹੈਨ। ਸਿੱਖਾਂ (ਪੁੱਤਾਂ) ਸੇਵਾ ਦਾ ਵੇਲਾ ਹੈ। ਜੋ ਲੋਚ ਕੈ ਸੇਵਾ ਕਰੋਗੇ ਤੁਹਾਡੇ ਸੇਵਾ ਦਰਗਾਹਿ ਥਾਇ ਪਵੇਗੀ। ਤੁਸੀਂ ਉਪਰ ਵਾਹਿਗੁਰੂ ਰਖਿਆ ਕਰੇਗਾ। ਸੰਮਤ 1760 ਮਿਤੀ ਕਤਕ 1''

ਭਾਈ ਮਨੀ ਸਿੰਘ ਦੇ ਪੁੱਤਰਾਂ ਨੂੰ ਇਹ ਸਨਮਾਨ ਗੁਰੂ ਸਾਹਿਬ ਵਲੋਂ ਦਿੱਤਾ ਜਾਣਾ ਇਹ ਸਾਬਿਤ ਕਰਦਾ ਹੈ ਕਿ ਇਸ ਪਰਿਵਾਰ ਦੀ ਗੁਰੂ ਘਰ ਵਿਚ ਖ਼ਾਸ ਤੇ ਅਹਿਮ ਥਾਂ ਸੀ। ਭਾਈ ਮਨੀ ਸਿੰਘ ਨੇ ਆਪਣੇ ਇਹ ਪੰਜੇ ਪੁੱਤਰ ਗੁਰੂ ਸਾਹਿਬ ਨੂੰ ਭੇਟ ਕੀਤੇ ਹੋਏ ਸਨ ਤੇ ਉਹ ਗੁਰੂ ਸਾਹਿਬ ਦੇ ਅੰਗ-ਸੰਗ ਹੀ ਰਹਿੰਦੇ ਸਨ।

5-6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਛੱਡਿਆ ਤਾਂ ਭਾਈ ਮਨੀ ਸਿੰਘ ਅੰਮ੍ਰਿਤਸਰ ਹੀ ਸਨ। ਆਪ ਜਨਵਰੀ 1706 ਵਿਚ ਗੁਰੂ ਸਾਹਿਬ ਨੂੰ ਤਲਵੰਡੀ ਸਾਬੋ ਜਾ ਕੇ ਮਿਲੇ। ਆਪ ਕੁਝ ਚਿਰ ਤਲਵੰਡੀ ਸਾਬੋ ਰਹਿ ਕੇ ਫੇਰ ਅੰਮ੍ਰਿਤਸਰ ਚਲੇ ਗਏ। ਅਕਤੂਬਰ 1706 ਵਿਚ ਜਦੋਂ ਗੁਰੂ ਸਾਹਿਬ ਨੇ ਤਲਵੰਡੀ ਸਾਬੋ ਤੋਂ ਜਾਣ ਦਾ ਪ੍ਰੋਗਰਾਮ ਬਣਾਇਆ ਤਾਂ ਭਾਈ ਮਨੀ ਸਿੰਘ ਫੇਰ ਅੰਮ੍ਰਿਤਸਰ ਤੋਂ ਚਲ ਕੇ ਤਲਵੰਡੀ ਸਾਬੋ ਪੁੱਜੇ।

ਗੁਰੂ ਸਾਹਿਬ ਨੇ ਟੁਰਨ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਵਾਇਆ। ਪਾਠ ਦੀ ਸ਼ੁਰੂਆਤ ਭਾਈ ਮਨੀ ਸਿੰਘ ਨੇ ਕੀਤੀ। 30 ਅਕਤੂਬਰ 1706 ਦੇ ਦਿਨ ਪਾਠ ਦਾ ਭੋਗ ਪਾਇਆ ਗਿਆ। ਇਸ ਮੌਕੇ 'ਤੇ ਦੂਰ-ਦੂਰ ਤੋਂ ਸੰਗਤਾਂ ਹਾਜ਼ਿਰ ਸਨ। ਦੀਵਾਨ ਦੇ ਖ਼ਤਮ ਹੋਣ ਮਗਰੋਂ ਗੁਰੂ ਸਾਹਿਬ ਤਲਵੰਡੀ ਸਾਬੋ ਤੋਂ ਚਲ ਪਏ। ਆਪ ਦੇ ਨਾਲ ਭਾਈ ਮਨੀ ਸਿੰਘ ਤੇ ਚਾਰ ਹੋਰ ਸਿੰਘ ਘੋੜਿਆਂ 'ਤੇ ਸਵਾਰ ਹੋ ਕੇ ਚਲ ਪਏ।

30 ਨਵੰਬਰ 1705 ਦੇ ਦਿਨ ਗੁਰੂ ਸਾਹਿਬ ਤੇ ਪੰਜੇ ਸਿੰਘ ਕੁਲਾਇਤ ਪੁੱਜੇ। ਇੱਥੇ ਆਪ ਨੂੰ ਭਾਈ ਦਯਾ ਸਿੰਘ ਤੇ ਭਾਈ ਧਰਮ ਸਿੰਘ ਆ ਮਿਲੇ। ਉਨ੍ਹਾਂ ਔਰੰਗਜ਼ੇਬ ਨੂੰ ''ਜ਼ਫ਼ਰਨਾਮਾ'' ਦੇਣ ਅਤੇ ਉਸ ਦੇ ਜਵਾਬੇ-ਅਮਲ ਬਾਰੇ ਦੱਸਿਆ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਕਿਹਾ ਕਿ ਬਾਦਸ਼ਾਹ ਦੀ ਮੌਤ ਨੇੜੇ ਹੈ ਤੇ ਹੁਣ ਉਸ ਨਾਲ ਮੇਲ ਨਹੀਂ ਹੋ ਸਕਣਾ। 20 ਫ਼ਰਵਰੀ 1707 ਨੂੰ ਔਰੰਗਜ਼ੇਬ ਮਰ ਗਿਆ। ਉਸ ਵੇਲੇ ਗੁਰੂ ਸਾਹਿਬ ਬਘੌਰ ਵਿਚ ਸਨ। ਹੁਣ ਆਪ ਨੇ ਅਹਿਮਦ ਨਗਰ ਜਾਣ ਦਾ ਖ਼ਿਆਲ ਛੱਡ ਦਿੱਤਾ। ਏਥੋਂ ਆਪ ਨੇ 19 ਮਾਰਚ 1707 ਦੇ ਦਿਨ ਭਾਈ ਮਨੀ ਸਿੰਘ ਤੇ ਚਾਰ ਹੋਰ ਸਿੱਖਾਂ ਨੂੰ ਅੰਮ੍ਰਿਤਸਰ ਵਾਪਿਸ ਜਾਣ ਵਾਸਤੇ ਵਿਦਾ ਕਰ ਦਿੱਤਾ। ਗੁਰੂ ਸਾਹਿਬ ਆਪ

ਸ਼ਾਹਜਹਾਨਬਾਦ ਵੱਲ ਚਲ ਪਏ।

ਭਾਈ ਮਨੀ ਸਿੰਘ ਨੇ ਅੰਮ੍ਰਿਤਸਰ ਆ ਕੇ ਫੇਰ ਦੀਵਾਨ ਸਜਾਣੇ ਸ਼ੁਰੂ ਕਰ ਦਿੱਤੇ। ਉਧਰ 7 ਅਕਤੂਬਰ 1708 ਦੇ ਦਿਨ ਗੁਰੂ ਸਾਹਿਬ ਜੋਤੀ ਜੋਤਿ ਸਮਾ ਗਏ। ਇਸ ਤੋਂ ਪਹਿਲਾਂ ਉਹ 5 ਅਕਤੂਬਰ ਨੂੰ ਬਾਬਾ ਬੰਦਾ ਸਿੰਘ ਨੂੰ ਪੰਜਾਬ ਤੋਰ ਚੁੱਕੇ ਸਨ। ਬਾਬਾ ਬੰਦਾ ਸਿੰਘ ਨੇ ਸਿੱਖਾਂ ਨੂੰ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ।

ਉਧਰ, ਭਾਵੇਂ ਮੀਣੇ 1697 ਵਿਚ ਅੰਮ੍ਰਿਤਸਰ ਤੋਂ ਜਾ ਕੇ ਚੁੱਕੇ ਸਨ ਪਰ ਉਨ੍ਹਾਂ ਦਾ ਇਕ ਮੁਖ਼ਤਿਆਰ ਚੂਹੜ ਮਲ ਅਜੇ ਵੀ ਉਥੇ ਹੀ ਸੀ। ਚੂਹੜ ਮਲ ਦੇ ਦੋ ਪੁੱਤਰ ਸਨ: ਮੋਹਕਮ ਸਿੰਘ (ਜੋ ਸਿੰਘ ਸਜ ਗਿਆ ਸੀ) ਅਤੇ ਰਾਮੂ ਮਲ। ਵਿਸਾਖੀ (29 ਮਾਰਚ 1709) ਦੇ ਦਿਨਾਂ ਵਿਚ ਇਸ ਚੂਹੜ ਮੱਲ ਨੇ ਗੁਰਦੁਆਰੇ ਦੀ ਜ਼ਮੀਨ ਵਿਚੋਂ ਕੁਝ ਤੂਤਾਂ ਦੇ ਦਰਖ਼ਤ ਕਟਵਾ ਲਏ। ਸਿੰਘਾਂ ਨੇ ਉਸ ਨੂੰ ਇਨ੍ਹਾਂ ਦਾ ਮੁਲ ਤਾਰਨ ਵਾਸਤੇ ਆਖਿਆ। ਪਰ ਉਹ ਆਕੜ ਗਿਆ ਤੇ ਧਮਕੀਆਂ ਦੇਣ ਲੱਗ ਪਿਆ। ਇਸ 'ਤੇ ਸਿੰਘਾਂ ਨੇ ਉਸ ਦੀ 'ਸੇਵਾ' ਕਰ ਦਿੱਤੀ। ਉਹ ਸੜਿਆ-ਬਲਿਆ ਲਾਹੌਰ ਦਰਬਾਰ ਜਾ ਹਾਜ਼ਿਰ ਹੋਇਆ। ਪਹਿਲਾਂ ਤਾਂ ਲਾਹੌਰ ਦਰਬਾਰ ਨੇ ਉਸ ਦੀ ਪਰਵਾਹ ਨਾ ਕੀਤੀ ਪਰ ਅਖ਼ੀਰ ਉਸ ਵਲੋਂ ਵਾਰ-ਵਾਰ ਅਰਜ਼ੋਈ ਕਰਨ 'ਤੇ ਲਾਹੌਰ ਦੇ ਨਾਇਬ ਸੂਬੇਦਾਰ ਨੇ ਪੱਟੀ ਦੇ ਚੌਧਰੀ ਹਰ ਸਹਾਇ ਨੂੰ ਗੁਰੂ ਦਾ ਚੱਕ 'ਤੇ ਹਮਲਾ ਕਰਨ ਵਾਸਤੇ ਆਖ ਦਿੱਤਾ। ਹਰ ਸਹਾਇ ਨੇ 6 ਅਪ੍ਰੈਲ ਨੂੰ ਅੰਮ੍ਰਿਤਸਰ 'ਤੇ ਹਮਲਾ ਕਰ ਦਿੱਤਾ। ਭਾਈ ਮਨੀ ਸਿੰਘ ਤੇ ਭਾਈ ਤਾਰਾ ਸਿੰਘ ਡੱਲ-ਵਾਂ ਦੀ ਅਗਵਾਈ ਹੇਠ ਸਿੰਘਾਂ ਨੇ ਪੱਟੀ ਦੀ ਫ਼ੌਜ ਦੇ ਖ਼ੂਬ ਆਹੂ ਲਾਹੇ। ਹਰ ਸਹਾਇ ਭਾਈ ਤਾਰਾ ਸਿੰਘ ਡੱਲ-ਵਾਂ ਹੱਥੋਂ ਮਾਰਿਆ ਗਿਆ। ਫਿਰ ਚੂਹੜ ਮਲ 12 ਅਪ੍ਰੈਲ ਨੂੰ ਦੇਵਾ ਨਾਂ ਦੇ ਚੌਧਰੀ ਦੀ ਕਮਾਨ ਹੇਠ ਫ਼ੌਜ ਲੈ ਆਇਆ। ਸਿੰਘਾਂ ਨੇ ਇਸ ਫ਼ੌਜ ਨੂੰ ਵੀ ਬੁਰੀ ਤਰ੍ਹਾਂ ਪਛਾੜਿਆ। ਇਸ ਮਗਰੋਂ ਕੁਝ ਚਿਰ ਆਰਾਮ ਰਿਹਾ।

26 ਸਤੰਬਰ 1709 ਦੇ ਦਿਨ ਬਾਬਾ ਬੰਦਾ ਸਿੰਘ ਨੇ ਸਮਾਣੇ 'ਤੇ ਹਮਲਾ ਕੀਤਾ। ਇਸ ਨਾਲ ਪੰਜਾਬ ਵਿਚ ਸਿੱਖਾਂ ਦਾ ਬੋਲਬਾਲਾ ਕਾਇਮ ਹੋਣ ਲੱਗ ਪਿਆ। ਬੰਦਾ ਸਿੰਘ ਬਹਾਦਰ ਦੀਆਂ ਜਿੱਤਾਂ ਮਗਰੋਂ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਆਪ ਵੱਡੀ ਫ਼ੌਜ ਲੈ ਕੇ ਲਾਹੌਰ ਆ ਗਿਆ। ਇਸ ਦੌਰਾਨ ਬਾਬਾ ਬੰਦਾ ਸਿੰਘ ਪਹਾੜਾਂ ਵੱਲ ਨਿਕਲ ਗਿਆ। ਭਾਈ ਮਨੀ ਸਿੰਘ ਵੀ ਹਾਲਾਤ ਨੂੰ ਸਮਝਦੇ ਹੋਏ ਅੰਮ੍ਰਿਤਸਰ ਤੋਂ ਚਲੇ ਗਏ। ਬਹਾਦਰ ਸ਼ਾਹ ਨੇ 30 ਦਸੰਬਰ 1711 ਨੂੰ ਅਜੀਤ ਸਿੰਘ ਪਾਲਿਤ ਨੂੰ ਅੰਮ੍ਰਿਤਸਰ ਦੀ ਜਾਗੀਰ ਦੇ ਦਿੱਤੀ, ਤਾਂ ਜੋ ਉਸ ਨੂੰ ਬਾਬਾ ਬੰਦਾ ਸਿੰਘ ਦੇ ਖ਼ਿਲਾਫ਼ ਵਰਤਿਆ ਜਾ ਸਕੇ। ਫ਼ਰਵਰੀ 1712 ਵਿਚ ਬਹਾਦਰ ਸ਼ਾਹ ਮਰ ਗਿਆ ਤੇ ਅਜੀਤ ਸਿੰਘ ਪਾਲਿਤ ਅੰਮ੍ਰਿਤਸਰ ਤੋਂ ਚਲਾ ਗਿਆ।

ਇਸ ਦੌਰਾਨ ਭਾਈ ਮਨੀ ਸਿੰਘ ਕੁਝ ਚਿਰ ਝੰਗ ਦੇ ਇਲਾਕੇ ਵਿਚ ਵੀ ਰਹੇ ਸਨ।

9 ਮਾਰਚ 1716 ਦੇ ਦਿਨ ਬਾਬਾ ਬੰਦਾ ਸਿੰਘ ਸ਼ਹੀਦ ਕਰ ਦਿੱਤੇ ਗਏ। ਇਸ ਹਾਲਤ ਵਿਚ ਆਪ ਅੰਮ੍ਰਿਤਸਰ ਨਾ ਮੁੜ ਸਕੇ।

ਅਗਲੇ ਪੰਜ ਸਾਲ ਸਿੱਖਾਂ ਵਾਸਤੇ ਕਈ ਪੱਖੋਂ ਔਖੇ ਸਨ। ਇਨ੍ਹਾਂ ਵਿਚ ਇਕ ਵੱਡਾ ਮਸਲਾ ਸੀ "ਤੱਤ ਖਾਲਸਾ" ਤੇ "ਬੰਦਈ ਖਾਲਸਾ" ਦੇ ਨਾਂ ਹੇਠ ਝਗੜਾ। ਹਾਲਾਂਕਿ ਅਖੌਤੀ ਤੱਤ-ਖਾਲਸਾ ਨੇ ਪਹਿਲੋਂ ਮੁਗਲਾਂ ਨਾਲ ਸਮਝੌਤੇ ਵੀ ਕੀਤੇ ਸਨ। ਹੁਣ ਕੁਝ ਚੁਪ ਵਰਤਣ ਮਗਰੋਂ ਉਨ੍ਹਾਂ ਦਰਬਾਰ ਸਾਹਿਬ ਦਾ ਇੰਤਜ਼ਾਮ ਆਪਣੇ ਹੱਥੀਂ ਲੈਣ ਦੀ ਕੋਸ਼ਿਸ਼ ਕੀਤੀ। 1721 ਵਿਚ ਭਾਈ ਮਨੀ ਸਿੰਘ ਦੋਬਾਰਾ ਅੰਮ੍ਰਿਤਸਰ ਆ ਗਏ ਸਨ ਅਤੇ ਉਨ੍ਹਾਂ ਨੇ ਦੀਵਾਨ ਸਜਾਉਣੇ ਸ਼ੁਰੂ ਕਰ ਦਿੱਤੇ ਸਨ। ਉਸ ਵੇਲੇ ਅਕਾਲ ਤਖ਼ਤ ਸਾਹਿਬ 'ਤੇ ਔਖਤੀ ਤੱਤ-ਖਾਲਸਾ ਦੇ ਬਾਬਾ ਕਾਹਨ ਸਿੰਘ ਦਾ ਕਬਜ਼ਾ ਸੀ ਅਤੇ ਝੰਡਾ ਬੁੰਗਾ ਤੇ ਮਹੰਤ ਅਮਰ ਸਿੰਘ (ਅਖੌਤੀ ਬੰਦਈ ਖਾਲਸਾ) ਦਾ ਕਬਜ਼ਾ ਸੀ। ਇਕ ਦਿਨ ਅਮਰ ਸਿੰਘ ਰੱਥ ਤੇ ਸਵਾਰ ਹੋ ਕੇ ਸਾਥੀਆਂ ਨੂੰ ਲੈ ਕੇ ਦਰਬਾਰ ਸਾਹਿਬ 'ਤੇ ਕਬਜ਼ਾ ਕਰਨ ਵਾਸਤੇ ਆਇਆ। ਇਸ 'ਤੇ ਭਾਈ ਮਨੀ ਸਿੰਘ ਨੇ ਸਾਰੇ ਸਿੱਖ ਇਕੱਠ ਸੱਦ ਕੇ ਗੁਰਮਤਾ ਕੀਤਾ ਕਿ ਅੰਮ੍ਰਿਤਸਰ ਸਰੋਵਰ ਵਿਚ ਦੋਹਾਂ ਧੜਿਆਂ ਦੀਆਂ ਪਰਚੀਆਂ ਪਾਈਆਂ ਜਾਣ। ਜਿਸ ਧੜੇ ਦੀ ਪਰਚੀ ਪਹਿਲੋਂ ਨਿਕਲ ਆਵੇ ਉਸ ਅੱਗੇ ਦੂਜਾ ਸਿਰ ਨਿਵਾ ਦੇਵੇ। ਅਖੌਤੀ ਤੱਤ ਖਾਲਸਾ ਧੜੇ ਦੀ ਪਰਚੀ ਪਹਿਲੋਂ ਤਰ ਆਈ। ਇਸ 'ਤੇ ਬਾਕੀ ਬੰਦਈ-ਖਾਲਸਾ ਤਾਂ ਮੰਨ ਗਿਆ ਪਰ ਅਮਰ ਸਿੰਘ ਨਾ ਮੰਨਿਆ। ਇਸ ਦੌਰਾਨ ਹੋਏ ਝਗੜੇ ਵਿਚ ਅਮਰ ਸਿੰਘ ਦੀ ਮੌਤ ਹੋ ਗਈ। ਇਸ ਮਗਰੋਂ ਅਖੌਤੀ ਤੱਤ-ਖਾਲਸਾ ਤੇ ਅਖੌਤੀ ਬੰਦਈ ਖਾਲਸਾ ਦਾ ਝਗੜਾ ਆਪਣੇ ਆਪ ਖ਼ਤਮ ਹੋ ਗਿਆ। ਹੌਲੀ-ਹੌਲੀ ਸਾਰਿਆਂ ਨੇ ਭਾਈ ਮਨੀ ਸਿੰਘ ਦੀ ਸਿਰਦਾਰੀ ਮੰਨ ਲਈ। ਇਹ ਗੱਲ 18 ਅਕਤੂਬਰ 1723 ਦੀ ਹੈ। ਅਗਲੇ ਤਿੰਨ ਸਾਲ ਭਾਈ ਸਾਹਿਬ ਨੇ ਅੰਮ੍ਰਿਤਸਰ ਵਿਚ ਖ਼ੂਬ ਰੌਣਕਾਂ ਲਾਈਆਂ। ਸਵੇਰੇ ਦਰਬਾਰ ਸਾਹਿਬ ਤੇ ਸ਼ਾਮ ਨੂੰ ਅਕਾਲ ਤਖ਼ਤ ਸਾਹਿਬ 'ਤੇ ਭਾਰੀ ਇਕੱਠ ਹੋਣ ਲੱਗ ਪਏ। ਇਹ ਸਿਲਸਿਲਾ ਕਾਫ਼ੀ ਦੇਰ ਤੱਕ ਸੁਚੱਜੇ ਤਰੀਕੇ ਨਾਲ ਚਲਦਾ ਰਿਹਾ।

14 ਜਨਵਰੀ 1723 ਦੇ ਦਿਨ ਭਾਈ ਤਾਰਾ ਸਿੰਘ ਵਾਂ ਦੀ ਸ਼ਹੀਦੀ ਮਗਰੋਂ ਸਿੱਖਾਂ ਨੇ ਸਰਕਾਰ ਨਾਲ ਦੋ ਹੱਥ ਕਰਨ ਦਾ ਗੁਰਮਤਾ ਕੀਤਾ ਸੀ। 1726 ਵਿਚ ਸਿੱਖਾਂ ਨੇ ਕਈ ਥਾਵਾਂ 'ਤੇ ਸਰਕਾਰੀ ਖ਼ਜ਼ਾਨੇ ਲੁੱਟ ਲਏ। ਇਸ ਨਾਲ ਭਾਈ ਮਨੀ ਸਿੰਘ ਨੂੰ ਇਕ ਵਾਰ ਫੇਰ ਤਿਆਰੀਆਂ ਕਰਨੀਆਂ ਪਈਆਂ। ਕੁਝ ਸਾਲ ਸਿੱਖਾਂ ਅਤੇ ਸਰਕਾਰ ਵਿਚ ਲੁਕਣ ਮੀਟੀ ਚਲਦੀ ਰਹੀ। ਅਖ਼ੀਰ ਜ਼ਕਰੀਆ ਖ਼ਾਨ ਨੇ ਸਿੱਖਾਂ ਨੂੰ ਨਵਾਬੀ ਦੀ ਪੇਸ਼ਕਸ਼ ਕੀਤੀ। 29 ਮਾਰਚ 1733 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਇਕੱਠ ਹੋਇਆ। ਭਾਈ ਮਨੀ ਸਿੰਘ, ਨਵਾਬ ਕਪੂਰ ਸਿੰਘ, ਦੀਵਾਨ ਦਰਬਾਰਾ ਸਿੰਘ ਸਾਰੇ ਹਾਜ਼ਿਰ ਸਨ। ਕਈ ਸਿੱਖਾਂ ਨੇ ਜਗੀਰ ਕਬੂਲ ਕਰਨ ਦੀ ਮੁਖ਼ਾਲਫ਼ਤ ਕੀਤੀ ਪਰ ਅਖ਼ੀਰ ਗੁਰਮਤਾ ਹੋਇਆ ਕਿ ਤਜਰਬੇ ਵਜੋਂ ਨਵਾਬੀ ਮਨਜ਼ੂਰ ਕਰ ਲਈ ਜਾਏ।

ਸਿੱਖਾਂ ਨੇ ਨਵਾਬੀ ਕਬੂਲ ਤਾਂ ਕਰ ਲਈ ਪਰ ਅੰਦਰੋਂ ਉਨ੍ਹਾਂ ਦਾ ਮਨ ਨਾ ਮੰਨਿਆ। ਜ਼ਾਲਮ ਹਕੂਮਤ ਨਾਲ ਸਮਝੌਤਾ ਅਸੂਲੀ ਤੌਰ ਤੇ ਗਲਤ ਸੀ। ਇਸ ਕਰ ਕੇ ਦੋ ਤਿੰਨ ਮਹੀਨੇ ਮਗਰੋਂ ਹੀ ਸਿੱਖਾਂ ਨੇ ਸਮਝੌਤਾ ਤੋੜਨਾ ਸ਼ੁਰੂ ਕਰ ਦਿੱਤਾ ਅਤੇ ਕਈ ਜਗ੍ਹਾ ਖਜ਼ਾਨੇ ਲੁੱਟੇ ਤੇ ਮਾਲੀਆ ਉਗਰਾਹਿਆ। ਇਸ 'ਤੇ ਸਰਕਾਰ ਨੇ ਸਿੱਖਾਂ 'ਤੇ ਫੇਰ ਸਖਤੀ ਸ਼ੁਰੂ ਕਰ ਦਿੱਤੀ। ਅੰਮ੍ਰਿਤਸਰ ਦੇ ਇਕੱਠ ਵੀ ਬੰਦ ਹੋ ਗਏ। ਜਾਗੀਰ ਜ਼ਬਤ ਹੋਣ ਮਗਰੋਂ ਸਿੱਖ ਫੇਰ ਆਪਣੀਆਂ ਪਨਾਹਗਾਹਾਂ ਵਿਚ ਪਰਤ ਗਏ। ਭਾਵੇਂ ਭਾਈ ਮਨੀ ਸਿੰਘ ਅੰਮ੍ਰਿਤਸਰ ਹੀ ਰਹੇ ਪਰ ਸਿੱਖਾਂ ਦਾ ਆਉਣਾ ਜਾਣਾ ਬਿਲਕੁਲ ਘੱਟ ਗਿਆ। 1733 ਦੀ ਅਕਤੂਬਰ ਵਿਚ ਭਾਈ ਮਨੀ ਸਿੰਘ ਨੇ ਹਕੂਮਤ ਨਾਲ ਗੱਲਬਾਤ ਕਰ ਕੇ 10 ਹਜ਼ਾਰ ਰੁਪੈ ਦੇ ਟੈਕਸ ਦੀ ਅਦਾਇਗੀ ਦੀ ਸ਼ਰਤ 'ਤੇ ਦੀਵਾਲੀ ਵਾਲੇ ਦਿਨਾਂ ਵਿਚ ਅੰਮ੍ਰਿਤਸਰ 'ਚ ਸਿੰਘਾਂ ਦਾ ਇਕ ਇਕੱਠ ਸੱਦਿਆ। ਇਹ ਇਕੱਠ 20 ਤੋਂ 26 ਅਕਤੂਬਰ 1733 ਨੂੰ ਹੋਣਾ ਸੀ। ਇਕ ਪਾਸੇ ਮੁਗਲ ਹਕੂਮਤ ਨੇ ਇਜਾਜ਼ਤ ਦੇ ਦਿੱਤੀ ਪਰ ਦੂਜੇ ਪਾਸੇ ਫ਼ੌਜ ਨੂੰ ਚੌਕਸ ਕਰ ਦਿੱਤਾ ਤਾਂ ਜੋ ਮੌਕੇ 'ਤੇ ਹਮਲਾ ਕਰ ਕੇ ਵੱਧ ਤੋਂ ਵੱਧ ਸਿੰਘ ਸ਼ਹੀਦ ਜਾਂ ਗ੍ਰਿਫਤਾਰ ਕੀਤੇ ਜਾ ਸਕਣ। ਇਸ ਐਕਸ਼ਨ ਵਾਸਤੇ ਲਖਪਤ ਰਾਏ ਵਜ਼ੀਰ ਨੂੰ ਤਾਈਨਾਤ ਕੀਤਾ ਹੋਇਆ ਸੀ। ਉਸ ਨੇ ਕਈ ਸਿੱਖ ਗ੍ਰਿਫਤਾਰ ਕਰ ਕੇ ਸ਼ਹੀਦ ਕੀਤੇ ਵੀ ਸਨ। ਇਹ ਖ਼ਬਰ ਸਿੱਖਾਂ ਤੱਕ ਵੀ ਪੁੱਜ ਗਈ ਅਤੇ ਇਸ ਕਰ ਕੇ ਇਕੱਠ ਨਾ ਹੋ ਸਕਿਆ। ਚੜ੍ਹਾਵਾ ਨਾ ਚੜ੍ਹਨ ਕਰ ਕੇ ਭਾਈ ਮਨੀ ਸਿੰਘ ਮਿੱਥੀ ਰਕਮ ਨਾ ਤਾਰ ਸਕੇ। ਅਖ਼ੀਰ ਭਾਈ ਸਾਹਿਬ ਨੇ ਇਕ ਵਿਸਾਖ 1734 (9 ਅਪ੍ਰੈਲ 1734) ਤੱਕ ਦੀ ਮੁਹਲਤ ਹਾਸਿਲ ਕਰ ਲਈ। ਵਿਸਾਖੀ 'ਤੇ ਵੀ ਮੁਗਲ ਫ਼ੌਜਾਂ ਨੇ ਸਿੱਖਾਂ 'ਤੇ ਹਮਲਾ ਕਰਨ ਦੀ ਤਿਆਰੀ ਕਰ ਰਖੀ ਸੀ। ਇਸ ਦਾ ਵੀ ਸਿੱਖਾਂ ਨੂੰ ਪਤਾ ਲੱਗ ਗਿਆ। ਇਸ ਨਾਲ ਇਕੱਠ ਫੇਰ ਨਾ ਹੋ ਸਕਿਆ ਅਤੇ ਭਾਈ ਮਨੀ ਸਿੰਘ ਪੈਸੇ ਦਾ ਇੰਤਜ਼ਾਮ ਨਾ ਕਰ ਸਕੇ।

ਇਸ 'ਤੇ ਜ਼ਕਰੀਆਂ ਖਾਂ ਨੇ ਭਾਈ ਸਾਹਿਬ ਅਤੇ ਅੰਮ੍ਰਿਤਸਰ ਵਿਚ ਰਹਿ ਰਹੇ ਬਾਕੀ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ। ਭਾਈ ਸਾਹਿਬ ਦੇ ਨਾਲ ਉਨ੍ਹਾਂ ਦੇ ਭਰਾ ਭਾਈ ਜਗਤ ਸਿੰਘ, ਦੋ ਪੁੱਤਰਾਂ (ਭਾਈ ਚਿਤਰ ਸਿੰਘ ਤੇ ਭਾਈ ਗੁਰਬਖਸ਼ ਸਿੰਘ), ਭਾਈ ਗੁਲਜ਼ਾਰ ਸਿੰਘ, (ਬੇਟਾ ਸ਼ਹੀਦ ਭਾਈ ਆਲਮ ਸਿੰਘ) ਭਾਈ ਸੰਗਤ ਸਿੰਘ ਤੇ ਭਾਈ ਰਣ ਸਿੰਘ (ਪੁੱਤਰ ਭਾਈ ਨਠੀਆ) ਨੂੰ ਵੀ ਗ੍ਰਿਫਤਾਰ ਕਰ ਲਿਆ। ਇਹ ਸਾਰੇ ਭਾਈ ਸਾਹਿਬ ਦੇ ਪਰਿਵਾਰਾਂ ਵਿਚੋਂ ਹੀ ਸਨ। ਇਨ੍ਹਾਂ ਸੱਤਾਂ ਤੋਂ ਇਲਾਵਾ ਭਾਈ ਭੂਪਤ ਸਿੰਘ ਸਪੁੱਤਰ ਭਾਈ ਜੇਠਾ ਸਿੰਘ, ਭਾਈ ਮੋਹਕਮ ਸਿੰਘ, ਭਾਈ ਅਉਲੀਆ ਸਿੰਘ, ਭਾਈ ਕੀਰਤ ਸਿੰਘ ਸਪੁੱਤਰ ਭਾਈ ਫਤਹਿ ਸਿੰਘ, ਭਾਈ ਕਾਹਨ ਸਿੰਘ ਤੇ ਕਈ ਹੋਰਾਂ ਨੂੰ ਵੀ ਗ੍ਰਿਫਤਾਰ ਕੀਤਾ ਗਿਆ। ਇਨ੍ਹਾਂ ਸਾਰਿਆਂ ਨੂੰ ਲਾਹੌਰ ਦੇ ਕੈਦਖਾਨੇ ਵਿਚ ਤਸੀਹੇ ਦਿੱਤੇ ਗਏ। ਇਨ੍ਹਾਂ ਨੂੰ ''ਮੌਤ'' ਜਾਂ ''ਇਸਲਾਮ'' ਵਿਚੋਂ ਇਕ ਦੀ ਚੋਣ ਕਰਨ ਦੀ ਪੇਸ਼ਕਸ਼ ਕੀਤੀ ਗਈ ਪਰ, ਸਾਰਿਆਂ ਨੇ ਸ਼ਹੀਦੀ ਕਬੂਲ ਕੀਤੀ। ਭਾਈ ਮਨੀ ਸਿੰਘ ਨੂੰ ਬੰਦ-

ਬੰਦ ਕੱਟ ਕੇ ਸ਼ਹੀਦ ਕੀਤਾ ਗਿਆ। ਭਾਈ ਭੂਪਤ ਸਿੰਘ ਦੀਆਂ ਅੱਖਾਂ ਕੱਢ ਕੇ ਉਨ੍ਹਾਂ ਨੂੰ ਚਰਖੜੀ ਤੇ ਚਾੜ੍ਹ ਕੇ ਸ਼ਹੀਦ ਕੀਤਾ ਗਿਆ। ਭਾਈ ਗੁਲਜ਼ਾਰ ਸਿੰਘ ਜੀ ਨੂੰ ਪੁੱਠਾ ਲਟਕਾ ਕੇ ਉਨ੍ਹਾਂ ਦੀ ਖੱਲ ਉਤਾਰੀ ਗਈ। ਇੰਞ ਹੀ ਬਾਕੀ ਸਿੰਘਾਂ ਨੂੰ ਵੀ ਵਹਿਸ਼ੀ ਤਰੀਕੇ ਨਾਲ ਸ਼ਹੀਦ ਕੀਤਾ ਗਿਆ।

ਭਾਈ ਮਨੀ ਸਿੰਘ ਨੇ 90 ਸਾਲ ਤੋਂ ਵੱਧ ਉਮਰ ਭੋਗੀ ਪਰ ਇਸ ਵਿਚੋਂ 77 ਸਾਲ ਉਹ ਪੰਥ ਦੀ ਸੇਵਾ ਕਰਦੇ ਰਹੇ। ਆਪ ਇਕ ਸੱਚੇ ਸੰਤ-ਸਿਪਾਹੀ ਸਨ। ਆਪ ਇਕ ਬਹਾਦਰ ਯੋਧੇ, ਵਿਦਵਾਨ, ਗਿਆਨੀ ਅਤੇ ਉਚੇ ਇਖ਼ਲਾਕ ਵਾਲੇ ਸ਼ਖ਼ਸ ਸਨ। ਪੰਥ ਦੀ ਤਵਾਰੀਖ 'ਚ ਆਪ ਦਾ ਨਾਂ ਹਮੇਸ਼ਾ ਅਦਬ ਨਾਲ ਲਿਆ ਜਾਂਦਾ ਰਹੇਗਾ।

ਭਾਈ ਮਨੀ ਸਿੰਘ ਦੇ ਨਾਂ ਨਾਲ ਦੋ ਕਿਤਾਬਾਂ ਵੀ ਜੋੜੀਆਂ ਜਾਂਦੀਆਂ ਹਨ: "**ਸਿੱਖਾਂ ਦੀ ਭਗਤਮਾਲ**" ਅਤੇ "**ਗਿਆਨ ਰਤਨਾਵਲੀ**"। ਪਰ ਅਜਿਹਾ ਜਾਪਦਾ ਹੈ ਕਿ ਇਹ ਰਚਨਾਵਾਂ ਭਾਈ ਮਨੀ ਸਿੰਘ ਜੀ ਤੋਂ ਕਥਾ ਸੁਣਨ ਵਾਲੇ ਕਿਸੇ ਸਿੱਖ ਨੇ ਲਿਖੀਆਂ ਹੋਣ। ਇਹ ਵੀ ਹੋ ਸਕਦਾ ਹੈ ਕਿ ਭਾਈ ਮਨੀ ਸਿੰਘ ਜੀ ਤੋਂ ਕਥਾ ਸੁਣਨ ਵਾਲੇ ਤੇ ਮਗਰੋਂ ਕਿਸੇ ਹੋਰ ਨੇ ਉਸ ਸਿੰਘ ਕੋਲੋਂ ਸੁਣ ਕੇ ਲਿਖੀਆਂ ਹੋਣ।

ਭਾਈ ਆਲਿਮ ਸਿੰਘ ਰਾਠੌਰ

ਭਾਈ ਆਲਿਮ ਸਿੰਘ ਨੂੰ ਭਾਈ ਮਨੀ ਸਿੰਘ ਦੇ ਨਾਲ 24 ਜੂਨ 1734 ਦੇ ਦਿਨ ਸ਼ਹੀਦ ਕੀਤਾ ਗਿਆ ਸੀ।

ਭਾਈ ਆਲਿਮ ਸਿੰਘ ਭਾਈ ਨੇਤਾ ਸਿੰਘ ਦੇ ਬੇਟੇ, ਭਾਈ ਰਾਮਾ ਦੇ ਪੋਤੇ ਅਤੇ ਸ਼ਹੀਦ ਭਾਈ ਸੁਖੀਆ ਮਾਂਡਨ ਦੇ ਪੜਪੋਤੇ ਸਨ। ਆਪ ਭਾਈ ਨੇਤਾ ਸਿੰਘ ਦੇ ਤਿੰਨਾਂ ਬੇਟਿਆਂ (ਭਾਈ ਆਲਿਮ ਸਿੰਘ, ਨਰੈਣ ਸਿੰਘ ਤੇ ਕਾਹਨ ਸਿੰਘ) ਵਿਚੋਂ ਸਭ ਤੋਂ ਵੱਡੇ ਸਨ। ਇਕ ਸੋਮੇ ਵਿਚ ਆਪ ਦਾ ਇਕ ਹੋਰ ਭਰਾ ਜੈਮਲ ਸਿੰਘ ਵੀ ਦੱਸਿਆ ਗਿਆ ਹੈ। ਆਪ ਰਾਠੌਰ ਰਾਜਪੂਤ ਖ਼ਾਨਦਾਨ ਨਾਲ ਸਬੰਧ ਰੱਖਦੇ ਸਨ।

ਇਹ ਪਰਿਵਾਰ ਜੁਝਾਰੂਆਂ ਅਤੇ ਸ਼ਹੀਦਾਂ ਦਾ ਪਰਿਵਾਰ ਸੀ। ਭਾਈ ਸੁਖੀਆ

ਮਾਂਡਨ (ਜੋ ਭਾਈ ਮਨੀ ਸਿੰਘ ਦੇ ਸੱਕੇ ਫੁਫੜ ਸਨ) 16 ਦਸੰਬਰ 1634 ਦੇ ਦਿਨ ਮਹਿਰਾਜ ਦੀ ਜੰਗ ਵਿਚ ਸ਼ਹੀਦ ਹੋਏ ਸਨ। ਭਾਈ ਨੇਤਾ ਸਿੰਘ ਆਪਣੇ ਭਰਾ ਭਾਈ ਜੀਤਾ ਸਿੰਘ ਤੇ ਉਨ੍ਹਾਂ ਦੇ ਦੋ ਬੇਟਿਆਂ ਸੇਵਾ ਸਿੰਘ ਤੇ ਮੋਹਰ ਸਿੰਘ ਨਾਲ 14 ਅਕਤੂਬਰ 1700 ਦੇ ਦਿਨ ਨਿਰਮੋਹਗੜ੍ਹ ਵਿਚ ਸ਼ਹੀਦ ਹੋਏ ਸਨ। ਭਾਈ ਨੇਤਾ ਸਿੰਘ ਦੇ ਇਕ ਹੋਰ ਭਤੀਜੇ ਭਾਈ ਹਿੰਮਤ ਸਿੰਘ (ਪੁੱਤਰ ਭਾਈ ਜੀਤਾ ਸਿੰਘ) 13 ਅਕਤੂਬਰ 1700 ਦੇ ਦਿਨ ਨਿਰਮੋਹਗੜ੍ਹ ਵਿਚ ਸ਼ਹੀਦ ਹੋਏ ਸਨ। ਭਾਈ ਨੇਤਾ ਸਿੰਘ ਦੇ ਸਭ ਤੋਂ ਵੱਡੇ ਭਰਾ ਭਾਈ ਬਜਰ ਸਿੰਘ (ਜੋ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸ਼ਸਤਰ ਵਿਦਿਆ ਦੇ ਉਸਤਾਦ ਸਨ) ਚਪੜ-ਚਿੜੀ ਵਿਚ 13 ਮਈ 1710 ਦੇ ਦਿਨ ਸ਼ਹੀਦ ਹੋਏ ਸਨ। ਇਕ ਸੋਮੇ ਮੁਤਾਬਿਕ ਇਸ ਮੌਕੇ 'ਤੇ ਨੇਤਾ ਸਿੰਘ ਦੇ ਦੋ ਪੋਤੇ ਵੀ ਸ਼ਹੀਦ ਹੋਏ ਸਨ। ਨੇਤਾ ਸਿੰਘ ਦੇ ਇਕ ਬੇਟੇ ਭਾਈ ਕਾਨ੍ਹ ਸਿੰਘ 16 ਜਨਵਰੀ 1704 ਦੇ ਦਿਨ ਅਨੰਦਪੁਰ ਸਾਹਿਬ ਵਿਚ ਸ਼ਹੀਦ ਹੋਏ ਸਨ।

ਭਾਈ ਆਲਿਮ ਸਿੰਘ ਆਪਣੇ ਪਿਤਾ ਅਤੇ ਹੋਰ ਵਡੇਰਿਆਂ ਵਾਂਗ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰੀ ਸਿੱਖ ਸਨ। ਗੁਰੂ ਸਾਹਿਬ ਦੀ ਸ਼ਹੀਦੀ ਮਗਰੋਂ ਉਹ ਭਾਈ ਮਨੀ ਸਿੰਘ ਦੇ ਨਾਲ ਅੰਮ੍ਰਿਤਸਰ ਰਹਿਣ ਲੱਗ ਪਏ ਸਨ। ਅਪ੍ਰੈਲ 1734 ਵਿਚ ਜਦੋਂ ਭਾਈ ਮਨੀ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ (*ਤਫ਼ਸੀਲ ਵਾਸਤੇ ਵੇਖੋ:* **ਭਾਈ ਮਨੀ ਸਿੰਘ**) ਤਾਂ ਗੁਰੂ ਦਾ ਚੱਕ ਵਿਚ ਰਹਿਣ ਵਾਲੇ ਸਾਰੇ ਦੇ ਸਾਰੇ ਸਿੱਖ ਗ੍ਰਿਫ਼ਤਾਰ ਕਰ ਲਏ ਗਏ ਸਨ। ਇਨ੍ਹਾਂ ਵਿਚ ਆਪ ਵੀ ਸ਼ਾਮਿਲ ਸਨ:

ਜਿਤਨ ਸਿੰਘ ਸੀ ਪੁਰ ਰਾਮਦਾਸ। ਰਹਿੰਦੇ ਚੱਕ ਮਨੀ ਸਿੰਘ ਪਾਸ।
ਲਿਆਏ ਪਕੜ ਸਭਨ ਕੇ ਤਾਈ। ਬਾਲ ਬਿਰਧ ਨਹਿ ਛੋੜਿਯੋ ਕਾਈ।
ਪੁਨ ਸਭ ਲੂਟ ਲੀਆ ਥੀ ਡੇਰਾ। ਅਪਨਾ ਬਹਿ ਬਿਗਾਨਾ ਹੇਰਾ।
ਨੇੜ ਤੇੜਿਯੋਂ ਸਭ ਫੜ ਆਂਦੇ। ਸਿੱਖ ਗੁਰੂ ਕੇ ਜੋ ਅਖਵਾਂਦੇ।

(ਸ਼ਹੀਦ ਬਿਲਾਸ ਸਫ਼ਾ 90)

ਇਨ੍ਹਾਂ ਸਾਰਿਆਂ ਨੂੰ ਕੈਦ ਕਰ ਕੇ ਲਾਹੌਰ ਬੰਦੀਖਾਨੇ ਵਿਚ ਰੱਖ ਕੇ ਤਸੀਹੇ ਦਿੱਤੇ ਗਏ ਅਤੇ ਅਖ਼ੀਰ "**ਇਸਲਾਮ ਜਾਂ ਮੌਤ**" ਵਿਚੋਂ ਇਕ ਚੁਣਨ ਵਾਸਤੇ ਕਿਹਾ ਗਿਆ। ਕਿਸੇ ਵੀ ਸਿੱਖ ਨੇ ਜਾਨ ਬਚਾਉਣ ਵਾਸਤੇ ਸਿੱਖੀ ਛੱਡ ਕੇ ਮੁਸਲਮਾਨ ਬਣਨਾ ਕਬੂਲ ਨਾ ਕੀਤਾ। ਅਖ਼ੀਰ 24 ਜੂਨ 1734 ਦੇ ਦਿਨ ਉਨ੍ਹਾਂ ਨੂੰ ਨਖਾਸ ਚੌਕ ਲਾਹੌਰ ਵਿਚ ਸ਼ਹੀਦ ਕਰ ਦਿੱਤਾ ਗਿਆ।

ਭਾਈ ਆਲਿਮ ਸਿੰਘ ਸ਼ਹੀਦੀ ਵੇਲੇ ਵਿਆਹੇ ਹੋਏ ਸਨ। ਆਪ ਦੇ ਦੋ ਬੇਟੇ ਸਨ: ਭਾਈ ਸੂਰਤ ਸਿੰਘ ਅਤੇ ਸਾਧੂ ਸਿੰਘ। ਇਨ੍ਹਾਂ ਵਿਚੋਂ ਨਿੱਕੇ ਬੇਟੇ ਸਾਧੂ ਸਿੰਘ ਦੇ ਅੱਗੋਂ ਚਾਰ ਬੇਟੇ ਸਨ: ਨੋਧ ਸਿੰਘ, ਗੁਲਾਬ ਸਿੰਘ, ਸੁੱਖਾ ਸਿੰਘ ਤੇ ਬੁੱਢਾ ਸਿੰਘ। ਅਗੋਂ ਬੁੱਢਾ ਸਿੰਘ ਦੇ ਤਿੰਨ ਬੇਟੇ ਸਨ: ਜਵਾਹਰ ਸਿੰਘ, ਗੁਰਦਿੱਤ ਸਿੰਘ ਤੇ ਮਿਤ ਸਿੰਘ। ਮਿਤ ਸਿੰਘ ਦੇ

ਵੀ ਤਿੰਨ ਪੁੱਤਰ ਸਨ: ਜਵਾਲਾ ਸਿੰਘ, ਵਰਿਆਮ ਸਿੰਘ ਤੇ ਲਾਲ ਸਿੰਘ। ਲਾਲ ਸਿੰਘ ਦੇ ਦੋ ਬੇਟੇ ਕਰਮ ਸਿੰਘ ਤੇ ਦੀਵਾਨ ਸਿੰਘ ਸਨ। ਕਰਮ ਸਿੰਘ ਦੇ ਵੀ ਦੋ ਬੇਟੇ ਸਨ: ਜਸਵੰਤ ਸਿੰਘ, (ਬੰਤਾ ਸਿੰਘ) ਤੇ ਮਹਿੰਦਰ ਸਿੰਘ। ਇਨ੍ਹਾਂ ਦੀ ਵੀ ਅਗੋਂ ਔਲਾਦ ਚਲੀ ਹੈ। 1947 ਤੋਂ ਪਹਿਲਾਂ ਇਹ ਪਰਿਵਾਰ ਕਰਤਾਰਪੁਰ (ਪਾਕਿਸਤਾਨ) ਵਿਚ ਰਹਿੰਦਾ ਰਿਹਾ ਹੈ।

ਹੋਰ ਤਫ਼ਸੀਲ ਵਾਸਤੇ ਵੇਖੋ:-

"ਭਾਈ ਮਨੀ ਸਿੰਘ" ਅਤੇ "ਭਾਈ ਨੇਤਾ ਸਿੰਘ ਦਾ ਕੁਰਸੀਨਾਮਾ"।

ਭਾਈ ਗੁਲਜ਼ਾਰ ਸਿੰਘ

ਭਾਈ ਮਨੀ ਸਿੰਘ ਨਾਲ ਸ਼ਹੀਦ ਹੋਣ ਵਾਲਿਆਂ ਵਿਚ ਉਨ੍ਹਾਂ ਦੇ ਚਾਚਾ ਭਾਈ ਗੁਲਜ਼ਾਰ ਸਿੰਘ ਵੀ ਸ਼ਾਮਿਲ ਸਨ।

ਭਾਈ ਗੁਲਜ਼ਾਰ ਸਿੰਘ ਭਾਈ ਆਲਿਮ ਸਿੰਘ ਦੇ ਬੇਟੇ, ਭਾਈ ਦਰੀਆ ਦੇ ਪੋਤੇ ਅਤੇ ਭਾਈ ਮੂਲਾ ਦੇ ਪੜਪੋਤੇ ਸਨ। (ਭਾਈ ਦਰੀਆ ਸ਼ਹੀਦ ਭਾਈ ਬੱਲੂ ਦੇ ਛੋਟੇ ਵੀਰ ਸਨ ਤੇ ਉਹ ਗੁਰੂ ਹਰਿ ਰਾਇ ਸਾਹਿਬ ਦੇ ਵੇਲੇ ਦੇ ਹਜ਼ੂਰੀ ਸਿੱਖ ਸਨ। ਭਾਈ ਗੁਲਜ਼ਾਰ ਸਿੰਘ ਭਾਈ ਆਲਿਮ ਸਿੰਘ ਦੇ ਤੇਰ੍ਹਾਂ ਪੁੱਤਰਾਂ ਵਿਚੋਂ ਸਭ ਤੋਂ ਛੋਟੇ ਸੀ। ਆਪ ਪਰਮਾਰ-ਰਾਜਪੂਤ ਖ਼ਾਨਦਾਨ ਨਾਲ ਸਬੰਧ ਰੱਖਦੇ ਸਨ।

ਭਾਈ ਗੁਲਜ਼ਾਰ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਵੇਲੇ ਦੇ ਹਜ਼ੂਰੀ ਸਿੱਖ ਸਨ। 1698 ਵਿਚ ਜਦੋਂ ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਨੂੰ ਗੁਰੂ ਕਾ ਚੱਕ (ਅੰਮ੍ਰਿਤਸਰ) ਦੀ ਸੇਵਾ-ਸੰਭਾਲ ਵਾਸਤੇ ਭੇਜਿਆ ਤਾਂ ਉਨ੍ਹਾਂ ਨਾਲ ਭੇਜੇ ਗਏ ਪੰਜ ਮੁਖੀ ਸਿੱਖਾਂ ਵਿਚ ਭਾਈ ਗੁਲਜ਼ਾਰ ਸਿੰਘ ਵੀ ਸ਼ਾਮਿਲ ਸੀ।

ਪੰਚ ਸਿੱਖ ਗੈਲ ਕੀਏ ਤਿਆਰ। ਭੂਪਤ ਸਿੰਘ, ਔ ਸਿੰਘ ਗੁਲਜ਼ਾਰ।
ਚੰਦਰਾ ਕੋਇਰ ਸਿੰਘ, ਸਿੰਘ ਕਾਨ। ਪੰਚਮ ਕੀਰਤ ਸਿੰਘ ਸੁਜਾਨ।

1698 ਮਗਰੋਂ ਭਾਈ ਗੁਲਜ਼ਾਰ ਸਿੰਘ ਅੰਮ੍ਰਿਤਸਰ ਹੀ ਰਹੇ। 1706 ਵਿਚ ਜਦੋਂ ਗੁਰੂ ਸਾਹਿਬ ਤਲਵੰਡੀ ਵਿਚ ਸਨ ਤਾਂ ਆਪ ਗੁਰੂ ਸਾਹਿਬ ਦਾ ਹੁਕਮਨਾਮਾ ਮਿਲਣ 'ਤੇ ਭਾਈ ਮਨੀ

ਸਿੰਘ ਤੇ ਭੂਪਤ ਸਿੰਘ ਨਾਲ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲੈ ਕੇ ਤਲਵੰਡੀ ਸਾਬੋ ਪੁੱਜੇ। ਆਪ ਕੁਝ ਦਿਨ ਤਲਵੰਡੀ ਰਹੇ ਅਤੇ ਫਿਰ ਅੰਮ੍ਰਿਤਸਰ ਮੁੜ ਆਏ। ਮਈ 1708 ਵਿਚ ਜਦੋਂ ਗੁਰੂ ਸਾਹਿਬ ਬੁਰਹਾਨਪੁਰ ਵਿਚ ਸਨ ਤਾਂ ਆਪ ਭਾਈ ਮਨੀ ਸਿੰਘ ਦਾ ਇਕ ਖ਼ਤ ਲੈ ਕੇ ਗੁਰੂ ਸਾਹਿਬ ਕੋਲ ਗਏ ਸਨ। ਬਾਬਾ ਬੰਦਾ ਸਿੰਘ ਦੀ ਮੁਹਿੰਮ ਵੇਲੇ ਆਪ ਕੁਝ ਚਿਰ ਵਾਸਤੇ ਅੰਮ੍ਰਿਤਸਰ ਤੋਂ ਚਲੇ ਵੀ ਗਏ ਸਨ ਪਰ 1721 ਤੋਂ ਮਗਰੋਂ ਫੇਰ ਵਾਪਿਸ ਆ ਗਏ ਸਨ।

ਅਪ੍ਰੈਲ 1734 ਵਿਚ ਜਦੋਂ ਭਾਈ ਮਨੀ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। (ਤਫ਼ਸੀਲ ਵਾਸਤੇ ਵੇਖੋ: **ਭਾਈ ਮਨੀ ਸਿੰਘ**) ਤਾਂ ਆਪ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਨੂੰ "ਇਸਲਾਮ" ਜਾਂ "ਮੌਤ" ਵਿਚੋਂ ਇਕ ਦੀ ਚੋਣ ਕਰਨ ਦੀ ਪੇਸ਼ਕਸ਼ ਕੀਤੀ ਗਈ। ਜਦੋਂ ਉਨ੍ਹਾਂ ਇਸਲਾਮ ਕਬੂਲਣ ਤੋਂ ਨਾਂਹ ਕਰ ਦਿੱਤੀ ਤਾਂ ਉਨ੍ਹਾਂ ਦੀ ਪੁੱਠੀ ਖੱਲ ਲਾਹ ਕੇ ਟੋਟੇ-ਟੋਟੇ ਕੀਤਾ ਗਿਆ। ਇਸ ਸਬੰਧੀ ਤਾਰੀਖ਼ੀ ਸੋਮਿਆਂ ਵਿਚ ਇੰਝ ਜ਼ਿਕਰ ਮਿਲਦਾ ਹੈ:-

"ਗੁਲਜ਼ਾਰ ਸਿੰਘ ਬੇਟਾ ਆਲਿਮ ਸਿੰਘ ਕਾ, ਪੋਤਾ ਦਰੀਏ ਕਾ, ਪੜਪੋਤਾ ਮੂਲੇ ਕਾ, ਚੰਦਰਬੰਸੀ ਭਾਰਦੁਆਜੀ ਗੋਤਰਾ ਪੁਆਰ, ਬੰਝਰਊਂਤ ਜਲ੍ਹਾਨਾ, ਸੰਮਤ ਸਤਰਾਂ ਸੈ ਇਕਾਨਵੇਂ ਅਸਾਢ ਸੁਦੀ ਦਿਹੁੰ ਪੰਚਮੀ ਲਾਹੌਰ ਕੇ ਮਲਾਨ, ਗੈਲੋਂ ਭਾਈ ਮਨੀ ਸਿੰਘ ਬੇਟਾ ਮਾਈ ਦਾਸ ਕਾ...... ਮਾਰਾ ਗਯਾ।"

(ਭੱਟ ਵਹੀ ਤਲਊਂਢਾ ਜੀਂਦ)

"ਜਬ ਉਨ੍ਹੋਂ ਨੇ ਇਸਲਾਮ ਕਬੂਲ ਨਾ ਕੀਆ ਤੋ ਭਾਈ ਗੁਲਜ਼ਾਰ ਸਿੰਘ ਕਾ ਬੰਦ ਬੰਦ ਔਰ ਪੋਸਤ ਉਖਾੜਾ ਗਇਆ" (**ਤਹਿਕੀਕਾਤਿ ਚਿਸ਼ਤੀ**, ਮੋਲਵੀ ਨੂਰ ਅਹਿਮਦ ਸਫ਼ਾ 695, ਹਵਾਲਾ **ਸ਼ਹੀਦ ਬਿਲਾਸ**, ਸਫ਼ਾ 92 'ਤੇ)

"ਪੀਛੇ ਸਿੰਘ ਗੁਲਜਾਰੇ ਕੇਰੀ। ਪੁੱਠੀ ਖੱਲ ਲਾਹੀ ਬਿਨ ਦੇਰੀ।

(ਸ਼ਹੀਦ ਬਿਲਾਸ, ਸਫ਼ਾ 92)

ਭਾਈ ਗੁਲਜ਼ਾਰ ਸਿੰਘ ਸ਼ਾਦੀ-ਸ਼ੁਦਾ ਸਨ। ਉਨ੍ਹਾਂ ਦੇ ਤਿੰਨ ਬੇਟੇ ਸਨ: ਭਾਈ ਪਿਸ਼ੌਰਾ ਸਿੰਘ, ਕਿਸ਼ੋਰਾ ਸਿੰਘ ਅਤੇ ਕੇਸਰ ਸਿੰਘ। ਇਨ੍ਹਾਂ ਦੀ ਅਗੋਂ ਔਲਾਦ ਚਲੀ ਸੀ।

ਹੋਰ ਤਫ਼ਸੀਲ ਵਾਸਤੇ ਵੇਖੋ: ***"ਭਾਈ ਮਨੀ ਸਿੰਘ"*** ਅਤੇ ***"ਭਾਈ ਦਰੀਆ ਦਾ ਕੁਰਸੀਨਾਮਾ"।***

ਭਾਈ ਰਣ ਸਿੰਘ ਬੰਗੇਸ਼ਰੀ

ਭਾਈ ਰਣ ਸਿੰਘ ਬੰਗੇਸ਼ਰੀ ਨੂੰ 24 ਜੂਨ 1734 ਦੇ ਦਿਨ ਲਾਹੌਰ ਦੇ ਨਿਖਾਸ ਚੌਕ ਵਿਚ ਭਾਈ ਮਨੀ ਸਿੰਘ ਦੇ ਨਾਲ ਸ਼ਹੀਦੀ ਹਾਸਿਲ ਹੋਈ ਸੀ।

ਭਾਈ ਰਣ ਸਿੰਘ ਭਾਈ ਨਠੀਆ ਦੇ ਬੇਟੇ, ਸ਼ਹੀਦ ਭਾਈ ਬੱਲੂ ਦੇ ਪੋਤੇ ਅਤੇ ਭਾਈ ਮੂਲਾ ਦੇ ਪੜਪੋਤੇ ਸਨ। ਆਪ ਪਰਮਾਰ-ਰਾਜਪੂਤ ਖ਼ਾਨਦਾਨ ਨਾਲ ਸਬੰਧ ਰੱਖਦੇ ਸਨ। ਆਪ ਭਾਈ ਨਠੀਆ ਦੇ ਅੱਠਾਂ ਬੇਟਿਆਂ ਵਿਚੋਂ ਚੌਥੇ ਥਾਂ 'ਤੇ ਸਨ।

ਅਪ੍ਰੈਲ 1734 ਵਿਚ ਆਪ ਨੂੰ ਭਾਈ ਮਨੀ ਸਿੰਘ ਦੇ ਨਾਲ ਅੰਮ੍ਰਿਤਸਰ 'ਚੋਂ ਗ੍ਰਿਫ਼ਤਾਰ ਕੀਤਾ ਗਿਆ ਅਤੇ ਇਸਲਾਮ ਕਬੂਲ ਨਾ ਕਰਨ 'ਤੇ ਲਾਹੌਰ ਵਿਚ ਸ਼ਹੀਦ ਕਰ ਦਿੱਤਾ ਗਿਆ।

ਹੋਰ ਤਫ਼ਸੀਲ ਵਾਸਤੇ ਵੇਖੋ:-

''ਭਾਈ ਬਾਜ ਸਿੰਘ ਬੰਗੇਸ਼ਰੀ, ''ਭਾਈ ਭਗਵੰਤ ਸਿੰਘ ਬੰਗੇਸ਼ਰੀ'', ''ਭਾਈ ਮਨੀ ਸਿੰਘ'', ''ਭਾਈ ਸੰਗਤ ਸਿੰਘ ਬੰਗੇਸ਼ਰੀ'' ਅਤੇ ''ਭਾਈ ਨਠੀਆ ਦਾ ਕੁਰਸੀਨਾਮਾ''।

ਭਾਈ ਸੰਗਤ ਸਿੰਘ ਬੰਗੇਸ਼ਰੀ

24 ਜੂਨ 1734 ਦੇ ਦਿਨ ਭਾਈ ਮਨੀ ਸਿੰਘ ਨਾਲ ਸ਼ਹੀਦ ਹੋਣ ਵਾਲਿਆਂ ਵਿਚ ਭਾਈ ਸੰਗਤ ਸਿੰਘ ਵੀ ਸ਼ਾਮਿਲ ਸਨ।

ਭਾਈ ਸੰਗਤ ਸਿੰਘ ਭਾਈ ਨਠੀਆ ਦੇ ਬੇਟੇ, ਸ਼ਹੀਦ ਭਾਈ ਬੱਲੂ ਦੇ ਪੋਤੇ ਅਤੇ ਭਾਈ ਮੂਲਾ ਦੇ ਪੜਪੋਤੇ ਸਨ। ਆਪ ਭਾਈ ਨਠੀਆ ਦੇ ਅੱਠਾਂ ਬੇਟਿਆਂ ਵਿਚੋਂ ਸਤਵੇਂ ਥਾਂ 'ਤੇ ਸਨ। ਇਕ ਸੋਮੇ ਵਿਚ ਚਮਕੌਰ ਵਿਚ ਸ਼ਹੀਦ ਹੋਣ ਵਾਲੇ ਭਾਈ ਸੰਤ ਸਿੰਘ

ਬੰਗੇਸ਼ਰੀ ਨੂੰ ਗ਼ਲਤੀ ਨਾਲ ਸੰਗਤ ਸਿੰਘ ਲਿਖਿਆ ਹੈ। ਦਰਅਸਲ ਚਮਕੌਰ ਵਿਚ ਮਿਲਦੇ ਨਾਂਵਾਂ ਵਾਲੇ ਦੋ ਸਿੰਘ ਸਨ। ਇਕ ਸੰਗਤ ਸਿੰਘ ਛਾਬੜਾ ਜਾਤ ਦਾ ਅਰੋੜਾ ਸੀ ਅਤੇ ਦੂਜਾ ਸੰਤ ਸਿੰਘ ਪਰਮਾਰ ਰਾਜਪੂਤ ਭਾਈ ਨਠੀਆ ਦਾ ਬੇਟਾ। ਇਕ ਲੇਖਕ ਨੇ ਸੰਗਤ ਸਿੰਘ ਅਰੋੜਾ ਨੂੰ ਵੀ ਸੰਤ ਸਿੰਘ ਅਰੋੜਾ ਲਿਖਿਆ ਹੈ। ਇੰਞ ਹੀ ਇਕ ਸੋਮੇ ਵਿਚ ਭਾਈ ਨਠੀਆ ਦੇ ਅੱਠਾਂ ਪੁੱਤਰਾਂ ਵਿਚੋਂ ਸਭ ਤੋਂ ਨਿੱਕੇ ਦੋਹਾਂ ਦਾ ਨਾਂ ਸੰਗਤ ਸਿੰਘ ਤੇ ਸੰਤ ਸਿੰਘ ਦੀ ਥਾਂ ਸੰਗਤ ਸਿੰਘ ਅਤੇ ਲਾਲ ਸਿੰਘ ਲਿਖਿਆ ਹੋਇਆ ਹੈ। ਭਾਈ ਨਠੀਆ ਦੇ ਅੱਠ ਪੁੱਤਰ ਇਹ ਸਨ: ਭਾਗੂ (ਭਗਵੰਤ ਸਿੰਘ), ਕੁਰੀਆ (ਕੁਇਰ ਸਿੰਘ) ਬਾਜੂ (ਬਾਜ਼ ਸਿੰਘ, ਰਣਸੀ) (ਰਣ ਸਿੰਘ ਸ਼ਾਮ (ਸ਼ਾਮ ਸਿੰਘ) ਸੁੱਖਾ (ਸੁੱਖਾ ਸਿੰਘ) ਸੰਤਾ (ਸੰਤ ਸਿੰਘ) ਸੰਗਤਾ (ਸੰਗਤ ਸਿੰਘ)।

ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸ਼ਹੀਦੀ ਮਗਰੋਂ ਭਾਈ ਸੰਗਤ ਸਿੰਘ ਭਾਈ ਮਨੀ ਸਿੰਘ ਕੋਲ ਅੰਮ੍ਰਿਤਸਰ ਰਹਿੰਦੇ ਰਹੇ ਸਨ। ਅਪ੍ਰੈਲ 1734 ਵਿਚ ਉਨ੍ਹਾਂ ਨੂੰ ਭਾਈ ਮਨੀ ਸਿੰਘ ਦੇ ਨਾਲ ਗ੍ਰਿਫ਼ਤਾਰ ਕਰ ਕੇ 24 ਜੂਨ ਦੇ ਦਿਨ ਲਾਹੌਰ ਵਿਚ ਸ਼ਹੀਦ ਕਰ ਦਿੱਤਾ ਗਿਆ। (ਵਧੇਰੇ ਤਫ਼ਸੀਲ ਵਾਸਤੇ ਪੜ੍ਹੋ ਭਾਈ ਮਨੀ ਸਿੰਘ) ਭਾਈ ਸੰਗਤ ਸਿੰਘ ਦੀ ਸ਼ਹੀਦੀ ਦਾ ਜ਼ਿਕਰ ਤਾਰੀਖ਼ੀ ਸੋਮਿਆਂ ਵਿਚ ਇੰਞ ਮਿਲਦਾ ਹੈ:

"**ਸੰਗਤ ਸਿੰਘ ਨਠੀਏ ਕਾ**, ਰਣ ਸਿੰਘ ਨਠੀਏ ਕਾ, ਪੋਤੇ ਬੱਲੂ ਕੇ, ਪੜਪੋਤੇ ਮੂਲੇ ਕੇ......ਚੰਦਰ ਬੰਸੀ ਭਾਰਦੁਆਜੀ ਗੋਤ੍ਰੇ ਪੁਆਰ ਸੰਮਤ ਸੱਤਰਾਂ ਸੈ ਇਕਾਨਮੇ ਅਸਾਢ ਸੁਦੀ ਪੰਚਮੀ ਲਾਹੌਰ ਕੇ ਮਲ੍ਹਾਨ ਛੇ ਘੜੀ ਦਿਹੁੰ ਚੜ੍ਹੇ, ਲਵਪੁਰ ਨਿਖਾਸ ਚੌਕ ਮੇਂ। ਲਾਇ, ਕਾਜ਼ੀ ਕੇ ਹੁਕਮ ਸਾਥ ਭਾਈ ਮਨੀ ਸਿੰਘ ਗੈਲੋਂ ਖਿੜੇ ਮਾਥੇ ਸ਼ਹਾਦਤ ਪਾਇ ਗਏ।

(ਭੱਟ ਵਹੀ ਪੂਰਬੀ ਦਖਣੀ ਤੇ ਭੱਟ ਵਹੀ ਕਰਸਿੰਧੂ)

ਸੰਗਤ ਸਿੰਘ ਨਾਮ ਹੋ ਜਾਂ ਕੋ। ਦੋ ਜੁਝੇ ਹੈ ਬੰਸ ਸੁ ਬਾਂਕੋ

ਔਰ ਸਿੰਘ ਹੈ ਬਡੇ ਬਡੇਰੇ। ਪਰੇ ਨਿਖਾਸਤ ਬੀਚ ਸੁ ਹੇਰੇ।

(ਕੁਇਰ ਸਿੰਘ: **ਗੁਰ ਬਿਲਾਸ ਪਾਤਸ਼ਾਹੀ 10**, ਚੈਪਟਰ 21)

(ਇਸ ਪਰਿਵਾਰ ਬਾਰੇ ਵਧੇਰੇ ਤਫ਼ਸੀਲ ਵਾਸਤੇ ਵੇਖੋ: **ਭਾਈ ਭਗਵੰਤ ਸਿੰਘ ਬੰਗੇਸ਼ਰੀ, ਭਾਈ ਬਾਜ਼ ਸਿੰਘ ਬੰਗੇਸ਼ਰੀ**, ਭਾਈ ਮਨੀ ਸਿੰਘ ਅਤੇ **ਭਾਈ ਨਠੀਆ ਦਾ ਕੁਰਸੀਨਾਮਾ**।

ਭਾਈ ਜਗਤ ਸਿੰਘ

ਭਾਈ ਮਨੀ ਸਿੰਘ ਦੇ ਛੋਟੇ ਭਰਾ ਭਾਈ ਜਗਤ ਸਿੰਘ ਨੂੰ ਵੀ ਉਨ੍ਹਾਂ ਦੇ ਨਾਲ 24 ਜੂਨ 1734 ਦੇ ਦਿਨ ਲਾਹੌਰ ਦੇ ਨਿਖਾਸ ਚੌਕ ਵਿਚ ਸ਼ਹੀਦ ਕੀਤਾ ਗਿਆ ਸੀ।

ਭਾਈ ਜਗਤ ਸਿੰਘ ਭਾਈ ਮਾਈ ਦਾਸ ਦੇ ਬੇਟੇ, ਸ਼ਹੀਦ ਭਾਈ ਬੱਲੂ ਦੇ ਪੋਤੇ ਅਤੇ ਭਾਈ ਮੂਲਾ ਦੇ ਪੜਪੋਤੇ ਸਨ। ਆਪ ਭਾਈ ਮਾਈ ਦਾਸ ਦੇ 12 ਬੇਟਿਆਂ ਵਿਚੋਂ ਅਠਵੇਂ ਥਾਂ 'ਤੇ ਸਨ।

ਭਾਈ ਜਗਤ ਸਿੰਘ ਨੂੰ ਅਪ੍ਰੈਲ 1734 ਵਿਚ ਅੰਮ੍ਰਿਤਸਰ ਵਿਚ ਭਾਈ ਮਨੀ ਸਿੰਘ ਦੇ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ। ਆਪ ਨੂੰ ਬਾਕੀ ਸਾਥੀਆਂ ਵਾਂਗ "**ਇਸਲਾਮ ਜਾਂ ਮੌਤ**' ਦੀ ਪੇਸ਼ਕਸ਼ ਕੀਤੀ ਗਈ ਸੀ ਪਰ ਆਪ ਨੇ ਜਾਨ ਬਚਾਉਣ ਵਾਸਤੇ ਧਰਮ ਛੱਡਣਾ ਕਬੂਲ ਨਾ ਕੀਤਾ। ਆਪ ਦੀ ਸ਼ਹੀਦੀ ਦਾ ਜ਼ਿਕਰ "**ਭੱਟ ਵਹੀ ਮੁਲਤਾਨੀ ਸਿੰਧੀ**' ਵਿਚ ਇੰਞ ਮਿਲਦਾ ਹੈ:

"ਮਨੀ ਦਾਸ ਬੇਟਾ ਮਾਈ ਦਾਸ ਕਾ, ਪੋਤਾ ਬੱਲੂ ਕਾ, ਪੜਪੋਤਾ ਮੂਲੇ ਕਾ, ਸ਼ਾਹੀ ਹੁਕਮ ਗੈਲ ਸੰਮਤ ਸਤਰਾਂ ਸੈ ਇਕਾਨਮੇ ਅਸਾਢ ਸੁਦੀ ਪਚੰਮੀ ਲਾਹੌਰ ਕੇ ਮਲ੍ਹਾਨ, ਛੇ ਘਰੀ ਦਿਹੁੰ ਚਢੇ ਬੰਦ-ਬੰਦ ਕਾਟਾ। ਭੂੰ ਕਾਟ ਆਇਆ। *ਗੈਲੋਂ ਜਗਤ ਸਿੰਘ ਬੇਟਾ ਮਾਈ ਦਾਸ ਕਾ, ਚਿਤਰ ਸਿੰਘ ਬੇਟਾ ਮਨੀ ਸਿੰਘ ਕਾ, ਗੁਰਬਖ਼ਸ਼ ਸਿੰਘ ਬੇਟਾ ਮਨੀ ਸਿੰਘ ਕਾ ਮਾਰੇ ਗਏ.....।"*

ਭਾਈ ਜਗਤ ਸਿੰਘ ਦਾ ਇਕ ਬੇਟਾ ਸੀ: ਭਾਈ ਬਹਾਏ ਸਿੰਘ। ਭਾਈ ਬਹਾਏ ਸਿੰਘ ਦੇ ਅੱਗੋਂ ਦੋ ਬੇਟੇ, ਸੁਖਾ ਸਿੰਘ ਤੇ ਲਾਲ ਸਿੰਘ ਸਨ। ਸੁੱਖਾ ਸਿੰਘ ਦੇ ਅੱਗੋਂ ਛੇ ਬੇਟੇ ਸਨ: ਮੁਸ਼ਤਾਕ ਸਿੰਘ, ਅਰਜਨ ਸਿੰਘ, ਧਰਮ ਸਿੰਘ, ਬੁੱਧ ਸਿੰਘ, ਚੂਹੜ ਸਿੰਘ ਤੇ ਕੀਰਤ ਸਿੰਘ। ਇਨ੍ਹਾਂ ਵਿਚੋਂ ਧਰਮ ਸਿੰਘ ਦੇ ਅੱਗੋਂ ਤਿੰਨ ਬੇਟੇ ਸਨ: ਆਸਾ ਸਿੰਘ, ਤੇਲਾ ਸਿੰਘ ਤੇ ਕਾਲਾ ਸਿੰਘ। ਇੰਞ ਹੀ ਬੁਧ ਸਿੰਘ ਦੇ ਅਗੋਂ ਤਿੰਨ ਬੇਟੇ ਸਨ: ਰਾਜਾ ਸਿੰਘ, ਦੇਸਾ ਸਿੰਘ ਤੇ ਗੁਰਬਖ਼ਸ਼ ਸਿੰਘ। ਅਗੋਂ ਵੱਡੇ ਬੇਟੇ ਰਾਜਾ ਸਿੰਘ ਦੇ ਪੰਜ ਬੇਟੇ ਸਨ: ਰਾਮ ਸਿੰਘ, ਮੋਹਰ ਸਿੰਘ, ਜ਼ਾਲਿਮ ਸਿੰਘ, ਨੰਦ ਸਿੰਘ ਤੇ ਸ਼ਿਵਰਾਮ ਸਿੰਘ। ਰਾਮ ਸਿੰਘ ਦੇ ਅੱਗੋਂ ਪ੍ਰਤਾਪ ਸਿੰਘ ਤੇ ਮੰਗਤ ਸਿੰਘ ਸਨ।

ਇੰਞ ਹੀ ਭਾਈ ਧਰਮ ਸਿੰਘ ਦੇ ਵੱਡੇ ਬੇਟੇ ਆਸਾ ਸਿੰਘ ਦੇ ਬੇਟੇ ਦੇਸਾ ਸਿੰਘ ਤੇ ਮੱਜਾ ਸਿੰਘ ਸਨ। ਧਰਮ ਸਿੰਘ ਦੇ ਛੋਟੇ ਬੇਟੇ ਕਾਲਾ ਸਿੰਘ ਦੇ ਪੰਜ ਬੇਟੇ ਸਨ: ਸੁਖਾ ਸਿੰਘ, ਭੂਨਾ ਸਿੰਘ, ਮਹਾਂ ਸਿੰਘ, ਬਾਲ ਸਿੰਘ ਤੇ ਰਾਮ ਸਿੰਘ।

ਭਾਈ ਜਗਤ ਸਿੰਘ ਦੇ ਛੋਟੇ ਪੋਤੇ ਲਾਲ ਸਿੰਘ ਦਾ ਬੇਟਾ ਸਾਹਿਬ ਸਿੰਘ ਸੀ ਜਿਸ ਦੇ ਅੱਗੋਂ 4 ਬੇਟੇ ਸਨ: ਰਾਮ ਸਿੰਘ, ਬੀਰਬਲ ਸਿੰਘ, ਦਲ ਸਿੰਘ ਤੇ ਮਲ ਸਿੰਘ। ਇਨ੍ਹਾਂ ਦੀ ਅੱਗੋਂ ਔਲਾਦ ਵੀ ਹੈ। ਇਹ ਪਰਿਵਾਰ ਪਿੰਡ ਸਿੱਖਆੜਾ ਨੇੜੇ ਭੱਡੂ ਬਲੌਰ, ਜੰਮੂ ਵਿਚ ਰਹਿੰਦੇ ਰਹੇ ਹਨ।

(ਹੋਰ ਤਫ਼ਸੀਲ ਵਾਸਤੇ ਵੇਖੋ:

"ਭਾਈ ਮਨੀ ਸਿੰਘ" ਅਤੇ "ਭਾਈ ਜਗਤ ਸਿੰਘ ਦਾ ਕੁਰਸੀਨਾਮਾ")

ਭਾਈ ਚਿਤਰ ਸਿੰਘ

ਭਾਈ ਚਿਤਰ ਸਿੰਘ ਨੂੰ 24 ਜੂਨ 1734 ਦੇ ਦਿਨ ਲਾਹੌਰ ਵਿਚ ਸ਼ਹੀਦ ਕੀਤਾ ਗਿਆ ਸੀ।

ਭਾਈ ਚਿਤਰ ਸਿੰਘ ਭਾਈ ਮਨੀ ਸਿੰਘ ਦੇ ਬੇਟੇ, ਭਾਈ ਮਾਈ ਦਾਸ ਦੇ ਪੋਤੇ ਅਤੇ ਸ਼ਹੀਦ ਭਾਈ ਬੱਲੂ ਦੇ ਪੜਪੋਤੇ ਸਨ। ਆਪ ਭਾਈ ਮਨੀ ਸਿੰਘ ਦੇ ਦਸਾਂ ਪੁੱਤਰਾਂ ਵਿਚੋਂ ਸਭ ਤੋਂ ਵੱਡੇ ਸਨ ਆਪ ਪਰਮਾਰ-ਰਾਜਪੂਤ ਖ਼ਾਨਦਾਨ ਨਾਲ ਸਬੰਧ ਰੱਖਦੇ ਸਨ। ਆਪ ਦੇ ਸਾਰੇ ਹੀ ਵੱਡੇ-ਵਡੇਰੇ ਗੁਰੂ ਸਾਹਿਬ ਦੇ ਹਜ਼ੂਰੀ ਸਿੱਖਾਂ ਵਿਚੋਂ ਸਨ। ਆਪ ਦੇ ਪਰਿਵਾਰ ਵਿਚੋਂ ਦਰਜਨਾਂ ਜਣਿਆਂ ਨੇ ਪੰਥ ਵਾਸਤੇ ਜਾਨਾਂ ਵਾਰੀਆਂ ਸਨ। ਆਪ ਦੇ ਪੜਦਾਦਾ, ਪਿਤਾ, ਚਾਚੇ-ਤਾਏ, ਚਚੇਰੇ ਭਰਾ ਅਤੇ ਹੋਰ ਕਿੰਨੇ ਹੀ ਰਿਸ਼ਤੇਦਾਰ ਪੰਥ ਦੇ ਸ਼ਹੀਦਾਂ ਦੀ ਫ਼ਹਿਰਿਸ਼ਤ ਵਿਚ ਸ਼ਾਮਿਲ ਸਨ। ਹੋਰ ਤਾਂ ਹੋਰ ਆਪ ਦੇ ਦੋ ਬੇਟੇ ਉਦੋਂ (1734 ਤਕ) ਵੀ ਸ਼ਹੀਦ ਹੋ ਚੁੱਕੇ ਸਨ। ਆਪ ਦਾ ਵੱਡਾ ਬੇਟਾ ਕੇਸੋ ਸਿੰਘ 28 ਦਸੰਬਰ 1711 ਦੇ ਦਿਨ ਬਿਲਾਸਪੁਰ ਵਿਚ ਸ਼ਹੀਦ ਹੋਇਆ ਸੀ ਤੇ ਉਸ ਤੋਂ ਛੋਟਾ ਸੈਣਾ ਸਿੰਘ 28 ਜੂਨ 1713 ਦੇ ਦਿਨ ਸਢੌਰਾ ਵਿਚ ਸ਼ਹੀਦ ਹੋਇਆ ਸੀ। (ਆਪ ਦਾ ਚੌਥਾ, ਸਭ ਤੋਂ ਛੋਟਾ, ਬੇਟਾ ਹਾਠੂ ਸਿੰਘ ਵੀ, ਕਾਫ਼ੀ ਮਗਰੋਂ 27 ਮਾਰਚ 1758 ਦੇ ਦਿਨ, ਸਰਹਿੰਦ ਵਿਚ ਸ਼ਹੀਦ ਹੋਇਆ ਸੀ।)

ਅਪ੍ਰੈਲ 1734 ਵਿਚ ਜਦੋਂ ਭਾਈ ਮਨੀ ਸਿੰਘ ਨੂੰ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਤਾਂ ਆਪ ਨੂੰ ਵੀ ਆਪ ਦੇ ਪਿਤਾ ਨਾਲ ਹਿਰਾਸਤ ਵਿਚ ਲੈ ਲਿਆ ਗਿਆ ਅਤੇ ਲਾਹੌਰ ਲਿਜਾਇਆ ਗਿਆ। ਆਪ ਨੂੰ "ਇਸਲਾਮ ਜਾਂ ਮੌਤ" ਵਿਚੋਂ ਇਕ ਚੁਣਨ ਵਾਸਤੇ ਕਿਹਾ ਗਿਆ। ਆਪ ਨੇ ਜਾਨ ਨਾਲੋਂ ਧਰਮ ਨੂੰ ਤਰਜੀਹ ਦਿੱਤੀ ਅਤੇ ਸ਼ਹੀਦੀ ਮਨਜ਼ੂਰ ਕਰ ਲਈ। ਆਪ ਨੂੰ 24 ਜੂਨ 1734 ਦੇ ਦਿਨ ਲਾਹੌਰ ਵਿਚ ਨਖਾਸ ਚੌਕ ਵਿਚ ਸ਼ਹੀਦ ਕੀਤਾ ਗਿਆ। ਇਸ ਜਗ੍ਹਾ ਅੱਜ ਕੱਲ੍ਹ ਗੁਰਦੁਆਰਾ ਸ਼ਹੀਦ ਗੰਜ ਭਾਈ ਮਨੀ ਸਿੰਘ ਬਣਿਆ ਹੋਇਆ ਹੈ।

ਹੋਰ ਤਫ਼ਸੀਲ ਵਾਸਤੇ ਵੇਖੋ:

"ਭਾਈ ਮਨੀ ਸਿੰਘ, ਭਾਈ ਜਗਤ ਸਿੰਘ ਅਤੇ ਭਾਈ ਚਿਤਰ ਸਿੰਘ ਦਾ ਕੁਰਸੀਨਾਮਾ।"

ਭਾਈ ਗੁਰਬਖ਼ਸ਼ ਸਿੰਘ

ਭਾਈ ਗੁਰਬਖ਼ਸ਼ ਸਿੰਘ ਨੇ 24 ਜੂਨ 1734 ਦੇ ਦਿਨ ਲਾਹੌਰ ਵਿਚ ਸ਼ਹੀਦੀ ਜਾਮਾ ਪੀਤਾ ਸੀ।

ਭਾਈ ਗੁਰਬਖ਼ਸ਼ ਸਿੰਘ ਭਾਈ ਮਨੀ ਸਿੰਘ ਦੇ ਬੇਟੇ, ਭਾਈ ਮਾਈ ਦਾਸ ਦੇ ਪੋਤੇ ਅਤੇ ਸ਼ਹੀਦ ਭਾਈ ਬੱਲੂ ਦੇ ਪੜਪੋਤੇ ਸਨ। ਆਪ ਭਾਈ ਮਨੀ ਸਿੰਘ ਦੇ 10 ਬੇਟਿਆਂ ਵਿਚੋਂ ਸਤਵੇਂ ਥਾਂ 'ਤੇ ਸਨ।

ਆਪ ਨੂੰ ਅਪ੍ਰੈਲ 1734 ਵਿਚ ਆਪਣੇ ਪਿਤਾ ਨਾਲ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕਰ ਕੇ ਲਾਹੌਰ ਲਿਜਾਇਆ ਗਿਆ ਅਤੇ ਉੱਥੇ ਕੈਦ ਕਰ ਦਿੱਤਾ ਗਿਆ। ਬਾਕੀ ਸਾਥੀਆਂ ਵਾਂਗ ਆਪ ਨੂੰ ਵੀ ਮੁਸਲਮਾਨ ਬਣਨ ਦੀ ਸੂਰਤ ਵਿਚ ਜਾਨ-ਬਖ਼ਸ਼ੀ ਦੀ ਪੇਸ਼ਕਸ਼ ਕੀਤੀ ਗਈ। ਆਪ ਨੇ ਜਾਨ ਬਚਾਉਣ ਵਾਸਤੇ ਧਰਮ ਛੱਡਣਾ ਮਨਜ਼ੂਰ ਨਾ ਕੀਤਾ। ਆਪ ਨੂੰ ਜੇਲ੍ਹ ਵਿਚ ਬਹੁਤ ਤਸੀਹੇ ਦਿੱਤੇ ਗਏ ਪਰ ਆਪ ਨੇ ਸਭ ਕੁਝ ਖਿੜੇ ਮੱਥੇ ਕਬੂਲ ਕੀਤਾ। ਅਖ਼ੀਰ ਆਪ ਨੂੰ 24 ਜੂਨ 1734 ਵਾਲੇ ਦਿਨ ਲਾਹੌਰ ਦੇ ਨਖਾਸ ਚੌਕ ਵਿਚ ਲੋਕਾਂ ਦੇ ਭਾਰੀ ਇਕੱਠ ਦੇ ਸਾਹਮਣੇ ਸ਼ਹੀਦ ਕਰ ਦਿੱਤਾ ਗਿਆ।

ਜਿਥੇ ਆਪ ਨੂੰ ਸ਼ਹੀਦ ਕੀਤਾ ਗਿਆ ਉਥੇ ਸ਼ਹੀਦ ਗੰਜ ਭਾਈ ਮਨੀ ਸਿੰਘ ਨਾ

ਦਾ ਗੁਰਦੁਆਰਾ ਬਣਿਆ ਹੋਇਆ ਹੈ।

ਵਧੇਰੇ ਤਫ਼ਸੀਲ ਵਾਸਤੇ ਵੇਖੋ:

"ਭਾਈ ਮਨੀ ਸਿੰਘ" "ਭਾਈ ਜਗਤ ਸਿੰਘ" ਅਤੇ "ਭਾਈ ਮਨੀ ਸਿੰਘ ਦਾ ਕੁਰਸੀਨਾਮਾ।"

ਭਾਈ ਭੂਪਤ ਸਿੰਘ

ਭਾਈ ਭੂਪਤ ਸਿੰਘ ਨੇ 24 ਜੂਨ 1734 ਦੇ ਦਿਨ ਲਾਹੌਰ ਵਿਚ ਆਪਣੇ ਚਾਚੇ ਭਾਈ ਮਨੀ ਸਿੰਘ ਦੇ ਨਾਲ ਹੀ ਸ਼ਹੀਦੀ ਪਾਈ ਸੀ।

ਭਾਈ ਭੂਪਤ ਸਿੰਘ ਸ਼ਹੀਦ ਭਾਈ ਜੇਠਾ ਸਿੰਘ (ਸ਼ਹੀਦੀ ਆਲੋਵਾਲ 11 ਅਕਤੂਬਰ 1711) ਦੇ ਬੇਟੇ, ਭਾਈ ਮਾਈ ਦਾਸ ਦੇ ਪੋਤੇ ਅਤੇ ਸ਼ਹੀਦ ਭਾਈ ਬੱਲੂ (ਸ਼ਹੀਦੀ 13 ਅਪ੍ਰੈਲ 1634 ਅੰਮ੍ਰਿਤਸਰ) ਦੇ ਪੜਪੋਤੇ ਸਨ। ਆਪ ਪਰਮਾਰ-ਰਾਜਪੂਤ ਖ਼ਾਨਦਾਨ ਨਾਲ ਸਬੰਧ ਰੱਖਦੇ ਸਨ। ਭਾਈ ਜੇਠਾ ਦੇ ਤਿੰਨ ਪੁੱਤਰਾਂ (ਭਾਈ ਹਰੀ ਸਿੰਘ, ਚੈਨ ਸਿੰਘ ਤੇ ਭੂਪਤ ਸਿੰਘ) ਵਿਚੋਂ ਆਪ ਸਭ ਤੋਂ ਛੋਟੇ ਸਨ।

ਜਦੋਂ ਗੁਰੂ ਸਾਹਿਬ ਨੇ ਖਾਲਸਾ ਪ੍ਰਗਟ ਕੀਤਾ ਤਾਂ ਭਾਈ ਭੂਪਤ ਸਿੰਘ ਨੇ ਪਹਿਲੀਆਂ ਪਾਲਾਂ ਵਿਚ ਖੰਡੇ ਦੀ ਪਾਹੁਲ ਹਾਸਿਲ ਕੀਤੀ ਸੀ। ਇਸ ਤੋਂ ਕੁਝ ਚਿਰ ਬਾਅਦ ਹੀ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਭਾਈ ਮਨੀ ਸਿੰਘ ਨੂੰ ਗੁਰੂ ਦਾ ਚੱਕ (ਅੰਮ੍ਰਿਤਸਰ) ਦੀ ਸੇਵਾ-ਸੰਭਾਲ ਵਾਸਤੇ ਭੇਜਿਆ ਤਾਂ ਜਿਹੜੇ ਪੰਜ ਸਿੰਘ ਆਪ ਦੇ ਨਾਲ ਭੇਜੇ ਗਏ, ਭਾਈ ਭੂਪਤ ਸਿੰਘ ਉਨ੍ਹਾਂ ਵਿਚੋਂ ਇਕ ਸਨ।

ਕਹਾ 'ਸੁਧਾ ਸਰ ਨਗਰੀ ਜਾਵੋ। ਹਰਿਮੰਦਰ ਕੀ ਸੇਵ ਕਮਾਵੋ।'
ਪੰਚ ਸਿੱਖ ਗੈਲ ਕੀਏ ਤਿਆਰ। ਭੂਪਤ ਸਿੰਘ ਔ ਸਿੰਘ ਗੁਲਜ਼ਾਰ।
ਚੰਦਰਾ ਕੋਇਰ ਸਿੰਘ, ਸਿੰਘ ਦਾਨ। ਪੰਚਮ ਕੀਰਤ ਸਿੰਘ ਸੁਜਾਨ।

(ਸ਼ਹੀਦ ਬਿਲਾਸ, ਸਫ਼ਾ 70)

ਇਸ ਮਗਰੋਂ ਭਾਈ ਭੂਪਤ ਸਿੰਘ ਨੇ ਦਿਲ ਲਾ ਕੇ ਹਰਿਮੰਦਰ ਸਾਹਿਬ ਵਿਚ ਸੇਵਾ ਨਿਭਾਈ।

ਜਦੋਂ ਗੁਰੂ ਗੋਬਿੰਦ ਸਿੰਘ ਨੂੰ ਅਨੰਦਪੁਰ ਸਾਹਿਬ ਛੱਡਣਾ ਪਿਆ ਅਤੇ ਆਪ

ਤਲਵੰਡੀ ਸਾਬੋ ਚਲੇ ਗਏ ਤਾਂ ਮਾਰਚ 1706 ਦੇ ਅਖ਼ੀਰ ਵਿਚ ਭਾਈ ਭੂਪਤ ਸਿੰਘ ਗੁਰੂ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਤਲਵੰਡੀ ਸਾਬੋ ਗਏ। ਕੁਝ ਚਿਰ ਤਲਵੰਡੀ ਰਹਿਣ ਮਗਰੋਂ ਉਹ ਅੰਮ੍ਰਿਤਸਰ ਮੁੜ ਆਏ ਤੇ ਸੇਵਾ ਵਿਚ ਰੁਝ ਗਏ।

ਅਕਤੂਬਰ 1733 ਵਿਚ ਅੰਮ੍ਰਿਤਸਰ ਵਿਚ ਭਾਈ ਮਨੀ ਸਿੰਘ ਨੇ ਦੀਵਾਲੀ ਤੇ ਸਰਬਤ ਖ਼ਾਲਸਾ ਦਾ ਇਕੱਠ ਕਰਨ ਵਾਸਤੇ ਜ਼ਕਰੀਆ ਖ਼ਾਂ ਨੂੰ ਦਸ ਹਜ਼ਾਰ ਰੁਪਏ ਟੈਕਸ ਦੇਣਾ ਮੰਨਿਆ ਸੀ। ਪਰ ਸਰਕਾਰੀ ਦਹਿਸ਼ਤ ਕਾਰਨ ਥੋੜੇ ਹੀ ਸਿੱਖ ਉਥੇ ਪੁੱਜੇ ਤੇ ਚੜ੍ਹਾਵਾ ਬੜਾ ਘੱਟ ਹੋਇਆ। ਇਸ 'ਤੇ ਸਿੰਘਾਂ ਨੇ ਫ਼ੈਸਲਾ ਕੀਤਾ ਕਿ ਕੁਝ ਨੁਮਾਇੰਦੇ ਲਾਹੌਰ ਭੇਜ ਕੇ ਵਿਸਾਖੀ (ਮਾਰਚ 1734) ਦੇ ਇਕੱਠ 'ਤੇ ਹੋਣ ਵਾਲੇ ਚੜ੍ਹਾਵੇ ਵਿਚੋਂ ਰਕਮ ਤਾਰਨ ਦੀ ਮੋਹਲਤ ਲਈ ਜਾਵੇ। ਇਸ ਸਬੰਧ ਵਿਚ ਗੱਲਬਾਤ ਕਰਨ ਦੀ ਡਿਊਟੀ ਭਾਈ ਭੂਪਤ ਸਿੰਘ ਦੀ ਲਾਈ ਗਈ।

ਕਰ ਮਸਲਤ ਇਮ ਬਾਤ ਠਹਿਰਾਈ। ਸਿੰਘ ਭੂਪਤ ਕੋ ਭੇਜੋ ਭਾਈ।
ਗੈਲ ਸਿੰਘ ਗੁਲਜ਼ਾਰਾ ਜਾਵੈ। ਹਮਰੀ ਤਰਫ਼ੋਂ ਇਹੋ ਅਲਾਵੈ।
ਸੰਗਤ ਘਨੀ ਨਹੀਂ ਜੇ ਆਈ। ਚੜ੍ਹਤਲ ਹੋਈ ਬਹੁਤ ਸਵਾਈ।

(ਸ਼ਹੀਦ ਬਿਲਾਸ, ਸਫ਼ਾ 87)

ਪਰ ਮਾਰਚ 1734 ਵਿਚ ਵੀ ਸਰਕਾਰੀ ਦਹਿਸ਼ਤ ਕਾਰਨ ਬਹੁਤੇ ਸਿੱਖ ਅੰਮ੍ਰਿਤਸਰ ਨਾ ਆਏ ਤੇ ਚੜ੍ਹਾਵਾ ਇਸ ਵਾਰ ਵੀ ਬੜਾ ਘੱਟ ਹੋਇਆ। ਅਖ਼ੀਰ ਟੈਕਸ ਨਾ ਤਾਰਨ ਦਾ ਬਹਾਨਾ ਲਾ ਕੇ ਜ਼ਕਰੀਏ ਨੇ ਸਾਰੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਲਾਹੌਰ ਲੈ ਆਂਦਾ। ਇਥੇ ਸਿੰਘਾਂ ਨੂੰ ਜ਼ਕਰੀਆ ਖ਼ਾਂ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਇਸ ਮੌਕੇ 'ਤੇ ਭਾਈ ਮਨੀ ਸਿੰਘ ਨੇ ਸਾਫ਼ ਆਖਿਆ ਕਿ ਤੁਹਾਡੀ ਦਹਿਸ਼ਤ ਕਾਰਨ ਸਿੰਘ ਅੰਮ੍ਰਿਤਸਰ ਨਹੀਂ ਆਏ। ਇਸ ਗੱਲਬਾਤ ਦੌਰਾਨ ਭਾਈ ਭੂਪਤ ਸਿੰਘ ਨੇ ਵੀ ਗੁੱਸੇ ਦਾ ਇਜ਼ਹਾਰ ਕੀਤਾ।

ਭੂਪਤ ਸਿੰਘ ਕਰ ਆਂਖੇਂ ਗਹਿਰੀ। ਬੋਲਯੋ ਸਾਹਵੇਂ ਬੀਚ ਕਚਹਿਰੀ।
'ਸੁਣੋ ਖ਼ਾਨ! ਇਹ ਰਾਜ ਨ ਰਹਿਸੀ। ਕੋਟ ਪਾਪ ਕਾ ਇਕ ਦਿਨ ਢਹਿਸੀ।'
ਸੇਵਾ ਹਰੀ ਇਹੋ ਅਰਦਾਸ। ਦੁਸ਼ਟ ਰਾਜ ਕਾ ਹੋਵੈ ਨਾਸ॥ 200॥

(ਸ਼ਹੀਦ ਬਿਲਾਸ)

ਪਰ ਸਿੰਘਾਂ ਦੀਆਂ ਖਰੀਆਂ ਗੱਲਾਂ ਦਾ ਖ਼ਾਂ ਉਤੇ ਕੋਈ ਅਸਰ ਨਾ ਹੋਇਆ ਕਿਉਂਕਿ ਉਹ ਤਾਂ ਪਹਿਲੋਂ ਹੀ ਉਨ੍ਹਾਂ ਨੂੰ ਸ਼ਹੀਦ ਕਰਨ ਦਾ ਬਹਾਨਾ ਲਭ ਰਿਹਾ ਸੀ। ਅਖ਼ੀਰ ਖ਼ਾਂ ਨੇ ਸਿੱਖਾਂ ਨੂੰ ਜੇਲ੍ਹ ਭੇਜ ਦਿੱਤਾ ਜਿਥੇ ਉਨ੍ਹਾਂ ਨੂੰ ਤਸੀਹੇ ਦਿੱਤੇ ਗਏ। 24 ਜੂਨ 1734 ਦੇ ਦਿਨ ਉਨ੍ਹਾਂ ਨੂੰ ਕਾਜ਼ੀ ਨੇ ਫ਼ਤਵਾ ਸੁਣਾਇਆ ਕਿ ਜਾਂ ਤਾਂ ਮੁਸਲਮਾਨ ਹੋ ਜਾਓ ਜਾਂ ਮਰਨ ਵਾਸਤੇ ਤਿਆਰ ਹੋ ਜਾਓ। ਇਕ ਵੀ ਸਿੱਖ ਨੇ ਧਰਮ ਛੱਡਣਾ ਮਨਜ਼ੂਰ ਨਾ ਕੀਤਾ।

ਭਾਈ ਭੂਪਤ ਸਿੰਘ ਨੂੰ ਨਖ਼ਾਸ ਚੌਕ ਵਿਚ ਲਿਆ ਕੇ ਸ਼ਹੀਦ ਕੀਤਾ ਗਿਆ।

ਪਹਿਲਾਂ ਉਸ ਦੀਆਂ ਅੱਖਾਂ ਦਾਗੀਆਂ ਗਈਆਂ ਅਤੇ ਫਿਰ ਉਸ ਨੂੰ ਚਰਖੜੀ 'ਤੇ ਚੜ੍ਹਾ ਕੇ ਸ਼ਹੀਦ ਕਰ ਦਿੱਤਾ ਗਿਆ।

ਭੂਪਤ ਸਿੰਘ ਕੀ ਆਂਖ ਕਢਾਇ।
ਫੇਰ ਚਰਖੜੀ ਦੀਯੋ ਚਢਾਇ।

(ਸ਼ਹੀਦ ਬਿਲਾਸ, ਸਫ਼ਾ 92)

(ਹੋਰ ਤਫ਼ਸੀਲ ਵਾਸਤੇ ਵੇਖੋ:-
"ਭਾਈ ਮਨੀ ਸਿੰਘ" ਅਤੇ "ਭਾਈ ਜੇਠਾ ਸਿੰਘ ਦਾ ਕੁਰਸੀਨਾਮਾ।")

ਭਾਈ ਕੀਰਤ ਸਿੰਘ

ਭਾਈ ਕੀਰਤ ਸਿੰਘ ਨੇ ਭਾਈ ਮਨੀ ਸਿੰਘ ਦੇ ਨਾਲ 24 ਜੂਨ 1734 ਦੇ ਦਿਨ ਸ਼ਹੀਦੀ ਪਾਈ ਸੀ।

ਭਾਈ ਕੀਰਤ ਸਿੰਘ ਭਾਈ ਫ਼ਤਹਿ ਸਿੰਘ ਦੇ ਬੇਟੇ ਸਨ। ਆਪ ਦੇ ਪਿਛੋਕੜ ਬਾਰੇ ਹੋਰ ਵਧੇਰੇ ਪਤਾ ਨਹੀਂ ਲੱਗਦਾ ਹਾਂ ਤਾਰੀਖ਼ ਵਿਚ ਇਹ ਹਵਾਲਾ ਜ਼ਰੂਰ ਆਉਂਦਾ ਹੈ ਕਿ ਅਪ੍ਰੈਲ 1698 ਵਿਚ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਭਾਈ ਮਨੀ ਸਿੰਘ ਨੂੰ ਅੰਮ੍ਰਿਤਸਰ ਦੀ ਸੇਵਾ-ਸੰਭਾਲ ਵਾਸਤੇ ਭੇਜਿਆ ਸੀ ਤਾਂ ਜਿਹੜੇ ਪੰਜ ਸਿੰਘ ਉਨ੍ਹਾਂ ਦੇ ਨਾਲ ਭੇਜੇ ਸਨ ਭਾਈ ਕੀਰਤ ਸਿੰਘ ਉਨ੍ਹਾਂ ਵਿਚੋਂ ਇਕ ਸਨ:

ਪੰਚ ਸਿਖ ਗੈਲ ਕੀਏ ਤਿਆਰ।
ਭੂਪਤ ਸਿੰਘ ਔ ਸਿੰਘ ਗੁਲਜ਼ਾਰ।
ਚੰਦਰਾ ਕੋਇਰ ਸਿੰਘ, ਸਿੰਘ ਦਾਨ।
ਪੰਚਮ ਕੀਰਤ ਸਿੰਘ ਸੁਜਾਨ।

(ਸ਼ਹੀਦ ਬਿਲਾਸ, ਸਫ਼ਾ 70)

ਇਸ ਮਗਰੋਂ ਭਾਈ ਕੀਰਤ ਸਿੰਘ ਅੰਮ੍ਰਿਤਸਰ ਹੀ ਰਹੇ ਅਤੇ 'ਗੁਰੂ ਦਾ ਚੱਕ' ਦੀ ਸੇਵਾ-ਸੰਭਾਲ ਕਰਦੇ ਰਹੇ। ਅਪ੍ਰੈਲ 1734 ਵਿਚ ਜਦੋਂ ਸਿੱਖਾਂ ਤੋਂ ਦਸ ਹਜ਼ਾਰ ਰੁਪਏ ਟੈਕਸ ਦੀ ਅਦਾਇਗੀ ਨਾ ਕਰਨ ਦੇ ਬਹਾਨੇ ਨਾਲ ਭਾਈ ਮਨੀ ਸਿੰਘ ਨੂੰ ਗ੍ਰਿਫ਼ਤਾਰ

ਕੀਤਾ ਗਿਆ ਤਾਂ ਉਨ੍ਹਾਂ ਦੇ ਨਾਲ ਹੀ ਅੰਮ੍ਰਿਤਸਰ ਵਿਚ ਰਹਿ ਰਹੇ ਬਾਕੀ ਦੇ ਸਾਰੇ ਸਿੱਖ ਵੀ ਗ੍ਰਿਫ਼ਤਾਰ ਕਰ ਕੇ ਲਾਹੌਰ ਲਿਜਾਏ ਗਏ। ਇਨ੍ਹਾਂ ਵਿਚ ਭਾਈ ਕੀਰਤ ਸਿੰਘ ਵੀ ਸਨ। ਇਨ੍ਹਾਂ ਸਾਰਿਆਂ ਨੂੰ 24 ਜੂਨ 1734 ਦੇ ਦਿਨ ਨਖਾਸ ਚੌਕ ਲਾਹੌਰ ਵਿਚ ਸ਼ਹੀਦ ਕਰ ਦਿੱਤਾ ਗਿਆ।

ਮੁਹਕਮ ਸਿੰਘ ਤੇ ਚੈਨ ਸਿੰਘ ਕੀਰਤ ਸਿੰਘ ਬਲਵਾਨ।
ਆਲਮ ਸਿੰਘ, ਸਿੰਘ ਅਉਲੀਆ, ਸੰਗਤ ਸਿੰਘ, ਸਿੰਘ ਕਾਨ॥ 201॥
ਇਤ ਆਦਿਕ ਸਭ ਮੁਖੀ ਸਿੱਖ, ਗੈਲ ਮਨੀ ਸਿੰਘ ਜੋਇ।
ਕਸ਼ਟ ਦੀਯੋ ਬਹੁ ਖਾਨ ਨੇ, ਕਥਨ ਬੀਚ ਨਹਿ ਕੋਇ॥ 202॥

(ਸ਼ਹੀਦ ਬਿਲਾਸ, ਸਫ਼ਾ 92)

ਹੋਰ ਤਫ਼ਸੀਲ ਵਾਸਤੇ ਵੇਖੋ: *"ਭਾਈ ਮਨੀ ਸਿੰਘ ਦਾ ਕੁਰਸੀਨਾਮਾ।"*

ਭਾਈ ਉਦੈ ਸਿੰਘ ਰਾਠੌਰ

24 ਜੂਨ 1734 ਦੇ ਦਿਨ ਭਾਈ ਮਨੀ ਸਿੰਘ ਨਾਲ ਸ਼ਹੀਦ ਹੋਣ ਵਾਲਿਆਂ ਵਿਚ ਭਾਈ ਉਦੈ ਸਿੰਘ ਵੀ ਸ਼ਾਮਿਲ ਸਨ।

ਭਾਈ ਉਦੈ ਸਿੰਘ ਭਾਈ ਰਾਮਾ ਦੇ ਬੇਟੇ, ਭਾਈ ਸੁਖੀਆ ਮਾਂਡਨ (ਸ਼ਹੀਦ 16 ਦਸੰਬਰ 1734) ਦੇ ਪੋਤੇ ਅਤੇ ਭਾਈ ਮਾਂਡਨ ਦੇ ਪੜਪੋਤੇ ਸਨ। ਭਾਈ ਮਾਂਡਨ ਦੇ ਪਿਤਾ ਦਾ ਨਾਂ ਭਾਈ ਊਦਾ ਸੀ ਇਸ ਕਰ ਕੇ ਇਨ੍ਹਾਂ ਨੂੰ "ਊਦਾਨੇ' ਵੀ ਆਖਿਆ ਜਾਂਦਾ ਸੀ। ਆਪ ਰਾਠੌਰ-ਰਾਜਪੂਤ ਖ਼ਾਨਦਾਨ ਨਾਲ ਸਬੰਧ ਰੱਖਦੇ ਸਨ। ਭਾਈ ਰਾਮਾ ਦੇ ਚਾਰ ਪੁੱਤਰ ਸਨ: ਭਾਈ ਬਜਰ ਸਿੰਘ, ਜੀਤ (ਅਜੀਤ ਸਿੰਘ), ਨੇਤਾ ਸਿੰਘ ਤੇ ਉਦੈ ਸਿੰਘ। ਭਾਈ ਉਦੈ ਸਿੰਘ ਇਨ੍ਹਾਂ ਵਿਚੋਂ ਸਭ ਤੋਂ ਨਿਕੇ ਸਨ। ਇਸ ਪਰਿਵਾਰ ਵਿਚੋਂ ਬਹੁਤ ਜਣੇ ਗੁਰੂ ਸਾਹਿਬ ਦੇ ਹਜ਼ੂਰੀ ਸਿੱਖ ਸਨ। ਇਹ ਸਾਰਾ ਪਰਿਵਾਰ ਸ਼ਹੀਦਾਂ ਦਾ ਪਰਿਵਾਰ ਸੀ। ਭਾਈ ਉਦੈ ਸਿੰਘ ਦੇ ਦਾਦਾ (ਭਾਈ ਸੁਖੀਆ), ਤਿੰਨੇ ਵੱਡੇ ਭਰਾ, ਇਕ ਭਤੀਜੀ (ਬੀਬੀ ਭਿੱਖਾਂ), ਕਈ ਭਤੀਜੇ ਪਹਿਲੋਂ ਹੀ ਸ਼ਹੀਦ ਹੋ ਚੁੱਕੇ ਸਨ।

ਭਾਈ ਉਦੈ ਸਿੰਘ ਨੂੰ ਅਪ੍ਰੈਲ 1734 ਵਿਚ ਭਾਈ ਮਨੀ ਸਿੰਘ ਨਾਲ ਅੰਮ੍ਰਿਤਸਰ

ਤੋਂ ਗ੍ਰਿਫ਼ਤਾਰ ਕਰ ਕੇ ਲਾਹੌਰ ਲਿਜਾਇਆ ਗਿਆ ਸੀ। (ਗ੍ਰਿਫ਼ਤਾਰੀ ਦੀ ਤਫ਼ਸੀਲ ਵਾਸਤੇ ਵੇਖੋ: ਭਾਈ ਮਨੀ ਸਿੰਘ) ਲਾਹੌਰ ਵਿਚ ਉਨ੍ਹਾਂ ਨੂੰ **'ਇਸਲਾਮ ਜਾਂ ਮੌਤ'** ਵਿਚੋਂ ਇਕ ਦੀ ਚੋਣ ਵਾਸਤੇ ਪੇਸ਼ਕਸ਼ ਕੀਤੀ ਗਈ ਪਰ ਉਨ੍ਹਾਂ ਨੇ ਜਾਨ ਬਚਾਉਣ ਵਾਸਤੇ ਮੁਸਲਮਾਨ ਬਣਨਾ ਕਬੂਲ ਨਾ ਕੀਤਾ। ਅਖ਼ੀਰ ਉਨ੍ਹਾਂ ਨੂੰ ਨਖਾਸ ਚੌਕ ਲਾਹੌਰ ਵਿਚ ਲੋਕਾਂ ਦੇ ਇਕ ਹਜੂਮ ਦੇ ਸਾਹਮਣੇ 24 ਜੂਨ 1734 ਦੇ ਦਿਨ ਸ਼ਹੀਦ ਕਰ ਦਿੱਤਾ ਗਿਆ।

ਸ੍ਰੀ ਗੁਰਬਖ਼ਸ਼ ਸਿੰਘ ਇਕ ਜਾਨੀ। ਦੁਤੀਏ ਸੰਤ ਸਿੰਘ ਅਗਮ ਬਖਾਨੀ।
ਔ ਸਰਧਾ ਸਿੰਘ ਜਾਂ ਮੈ ਸੁ ਅਪਾਰਾ। ਉਦੈ ਸਿੰਘ ਹੈ ਜਾਸ ਮਝਾਰਾ।

(ਕੋਇਰ ਸਿੰਘ: ਗੁਰਬਿਲਾਸ ਪਾਤਸ਼ਾਹੀ 10, ਚੈਪਟਰ 21)

ਹੋਰ ਤਫ਼ਸੀਲ ਵਾਸਤੇ ਵੇਖੋ: ***"ਭਾਈ ਸੁਖੀਆ ਮਾਂਡਨ ਦਾ ਕੁਰਸੀਨਾਮਾ।"***

ਭਾਈ ਅਉਲੀਆ ਸਿੰਘ

ਭਾਈ ਮਨੀ ਸਿੰਘ ਦੇ ਨਾਲ ਸ਼ਹੀਦ ਕੀਤੇ ਜਾਣ ਵਾਲਿਆਂ ਵਿਚ ਇਕ ਭਾਈ ਅਉਲੀਆ ਸਿੰਘ ਵੀ ਸਨ।

ਭਾਈ ਅਉਲੀਆ ਸਿੰਘ ਨਾਂ ਦੇ ਦੋ ਸਿੱਖਾਂ ਦਾ ਜ਼ਿਕਰ ਤਾਰੀਖ਼ ਵਿਚ ਆਉਂਦਾ ਹੈ। ਇਨ੍ਹਾਂ ਵਿਚੋਂ ਇਕ ਭੂੰਦੜ ਪਿੰਡ ਦਾ ਰਹਿਣ ਵਾਲਾ ਸੀ ਜਿੱਥੇ ਗੁਰੂ ਗੋਬਿੰਦ ਸਿੰਘ ਸਾਹਿਬ ਦਸੰਬਰ 1705-ਜਨਵਰੀ 1706 ਵਿਚ ਤਲਵੰਡੀ ਸਾਬੋ ਜਾਂਦਿਆਂ ਜਾਂ ਉਥੇ ਰਹਿੰਦਿਆਂ ਗਏ ਸਨ। ਇਸ ਭਾਈ ਅਉਲੀਆ ਸਿੰਘ ਬਾਰੇ ਜ਼ਿਕਰ ਹੈ ਕਿ ਇਹ ਇਕ ਪਰਉਪਕਾਰੀ ਸਿੱਖ ਸੀ। ਗੁਰੂ ਸਾਹਿਬ ਨੇ ਇਸ ਦੇ ਘਰ ਖਾਣਾ ਖਾਧਾ ਸੀ ਅਤੇ ਆਪਣੇ ਹੱਥੀਂ ਇਸ ਦੇ ਹੱਥ ਵਿਚ ਕੜਾ ਪਾਇਆ ਸੀ। (ਉਂਞ ਇਸ ਦੇ ਨਾਂ ਨਾਲ ਇਕ ਝੂਠ ਦੀ ਮਨਘੜਤ ਕਹਾਣੀ ਵੀ ਜੋੜੀ ਹੋਈ ਹੈ।)

ਦੂਜਾ ਭਾਈ ਅਉਲੀਆ ਸਿੰਘ ਪਾਲਿਤ ਜ਼ੋਰਾਵਰ ਸਿੰਘ ਦਾ ਮਾਮਾ ਸੀ। ਪਾਲਿਤ ਜ਼ੋਰਾਵਰ ਸਿੰਘ 2 ਅਪ੍ਰੈਲ 1708 ਦੇ ਦਿਨ ਹੀ ਚਿਤੌੜ ਵਿਚ ਮਾਰਿਆ ਗਿਆ ਸੀ।

ਇਨ੍ਹਾਂ ਦੋਹਾਂ ਵਿਚੋਂ ਕੋਈ ਇਕ ਅਪ੍ਰੈਲ 1734 ਵਿਚ ਅੰਮ੍ਰਿਤਸਰ ਵਿਚ ਗਿਆ

ਹੋਵੇਗਾ ਜਾਂ ਉੱਥੇ ਰਹਿ ਰਿਹਾ ਹੋਵੇਗਾ। ਹੋ ਸਕਦਾ ਹੈ ਕਿ ਇਹ ਕੋਈ ਤੀਜਾ ਸਿੰਘ ਹੀ ਹੋਵੇ। ਪਰ ਅਜੇ ਤਕ ਕੁਰਸੀਨਾਮਿਆਂ ਵਿਚੋਂ ਇਸ ਦਾ ਕੁਰਸੀਨਾਮਾ ਨਹੀਂ ਮਿਲ ਸਕਿਆ। ਖ਼ੈਰ, ਅੰਮ੍ਰਿਤਸਰ 'ਚੋਂ ਭਾਈ ਮਨੀ ਸਿੰਘ ਦੇ ਨਾਲ ਉਥੇ ਹਾਜ਼ਿਰ ਬਾਕੀ ਸਾਰੇ ਸਿੱਖ ਵੀ ਗ੍ਰਿਫ਼ਤਾਰ ਕਰ ਲਏ ਗਏ। ਭਾਈ ਅਉਲੀਆ ਸਿੰਘ ਉਨ੍ਹਾਂ ਵਿਚੋਂ ਇਕ ਸੀ। ਉਸ ਨੂੰ ਵੀ ਬਾਕੀ ਸਿੰਘਾਂ ਦੇ ਨਾਲ ਨਖਾਸ ਚੌਕ ਵਿਚ ਸ਼ਹੀਦ ਕਰ ਦਿੱਤਾ ਗਿਆ।

ਮੁਹਕਮ ਸਿੰਘ ਤੇ ਚੈਨ ਸਿੰਘ, ਕੀਰਤ ਸਿੰਘ ਬਲਵਾਨ।
ਆਲਮ ਸਿੰਘ ਸਿੰਘ ਅਉਲੀਆ, ਸੰਗਤ ਸਿੰਘ ਸਿੰਘ ਕਾਨ॥ 201॥
ਇਤ ਆਦਿਕ ਸਭ ਮੁਖੀ ਸਿੱਖ, ਗੈਲ ਮਨੀ ਸਿੰਘ ਜੋਇ।
ਕਸ਼ਟ ਦੀਯੋ ਬਹੁ ਖਾਨ ਨੇ, ਕਥਨ ਬੀਚ ਨਹਿ ਕੋਇ॥ 202॥

(ਸ਼ਹੀਦ ਬਿਲਾਸ, ਸਫ਼ਾ 92)

ਭਾਈ ਮੋਹਕਮ ਸਿੰਘ ਓਹਰੀ

ਭਾਈ ਮੋਹਕਮ ਸਿੰਘ ਨੇ 24 ਜੂਨ 1734 ਦੇ ਦਿਨ ਲਾਹੌਰ ਵਿਚ ਸ਼ਹੀਦੀ ਪਾਈ ਸੀ।

ਭਾਈ ਮੋਹਕਮ ਸਿੰਘ ਚੂਹੜ ਸਿੰਘ ਓਹਰੀ ਦਾ ਪੁੱਤਰ ਸੀ। ਇਹ ਚੂਹੜ ਸਿੰਘ ਉਹੀ ਸੀ ਜਿਸ ਨੇ ਮਾਰਚ 1709 ਦੇ ਅਖ਼ੀਰ ਵਿਚ ਗੁਰੂ ਦਾ ਚੱਕ ਦੇ ਤੂਤਾਂ ਦੇ ਦਰਖ਼ਤ ਕੱਟ ਕੇ ਝਗੜਾ ਖੜਾ ਕਰ ਕੇ 6 ਅਤੇ 12 ਅਪ੍ਰੈਲ 1709 ਦੇ ਦਿਨ ਅੰਮ੍ਰਿਤਸਰ 'ਤੇ ਮੁਗ਼ਲ ਫ਼ੌਜਾਂ ਦਾ ਹਮਲਾ ਕਰਵਾਇਆ ਸੀ। ਚੂਹੜ ਮਲ ਦੇ ਦੋ ਪੁੱਤਰ ਸਨ: ਰਾਮੂ ਮਲ ਅਤੇ ਮੁਹਕਮ ਚੰਦ। ਮੁਹਕਮ ਚੰਦ ਨੇ ਖੰਡੇ ਦੀ ਪਾਹੁਲ ਹਾਸਿਲ ਕਰ ਲਈ ਸੀ ਅਤੇ ਉਹ ਭਾਈ ਮੁਹਕਮ ਸਿੰਘ ਬਣ ਗਿਆ ਸੀ।

ਭਾਈ ਮੁਹਕਮ ਸਿੰਘ ਦਾ ਭਾਈ ਮਨੀ ਸਿੰਘ ਨਾਲ ਬੜਾ ਪਿਆਰ ਸੀ। ਉਹ ਅੰਮ੍ਰਿਤਸਰ ਵਿਚ ਹੀ ਰਹਿੰਦਾ ਸੀ ਅਤੇ ਹਰਿਮੰਦਰ ਸਾਹਿਬ ਵਿਚ ਸੇਵਾ ਵੀ ਕਰਿਆ ਕਰਦਾ ਸੀ। ਅਪ੍ਰੈਲ 1734 ਵਿਚ ਜਦੋਂ ਭਾਈ ਮਨੀ ਸਿੰਘ ਨੂੰ ਟੈਕਸ ਨਾ ਦੇਣ ਦੇ ਬਹਾਨੇ 'ਤੇ ਗ੍ਰਿਫ਼ਤਾਰ ਕੀਤਾ ਗਿਆ ਤਾਂ ਨਗਰ ਦੇ ਬਾਕੀ ਸਾਰੇ ਸਿੱਖ ਵੀ ਗ੍ਰਿਫ਼ਤਾਰ ਕਰ ਲਏ ਗਏ ਅਤੇ ਲਾਹੌਰ ਪਹੁੰਚਾਏ ਗਏ।

ਭਾਈ ਮੋਹਕਮ ਸਿੰਘ ਨੂੰ ਲਾਹੌਰ ਦੇ ਕਾਜ਼ੀ ਨੇ ਮੁਸਲਮਾਨ ਬਣ ਕੇ ਜਾਨ ਬਚਾਉਣ ਦੀ ਪੇਸ਼ਕਸ਼ ਕੀਤੀ ਪਰ ਉਸ ਨੇ ਧਰਮ ਬਦਲ ਕੇ ਆਪਣੀ ਜਾਨ ਨੂੰ ਤਰਜੀਹ ਨਾ ਦਿੱਤੀ ਅਤੇ ਹੱਸ ਕੇ ਸ਼ਹੀਦੀ ਜਾਮ ਪੀ ਲਿਆ।

ਮੁਹਕਮ ਸਿੰਘ ਤੇ ਚੈਨ ਸਿੰਘ ਕੀਰਤ ਸਿੰਘ ਬਲਵਾਨ।
ਆਲਮ ਸਿੰਘ, ਸਿੰਘ ਅਉਲੀਆ ਸੰਗਤ ਸਿੰਘ ਸਿੰਘ ਕਾਨ॥ 201॥
ਇਤ ਆਦਿਕ ਸਭ ਮੁਖੀ ਸਿੱਖ, ਗੈਲ ਮਨੀ ਸਿੰਘ ਜੋਇ॥
ਕਸ਼ਟ ਦੀਯੋ ਬਹੁ ਖਾਨ ਨੇ, ਕਥਨ ਬੀਚ ਨਹਿ ਕੋਇ॥ 202॥

(ਸ਼ਹੀਦ ਬਿਲਾਸ, ਸਫਾ 92)

ਭਾਈ ਸ਼ਰਧਾ ਸਿੰਘ, ਭਾਈ ਗੁਰਮੁਖ ਸਿੰਘ, ਭਾਈ ਸੰਤ ਸਿੰਘ, ਭਾਈ ਕਾਨ੍ਹ ਸਿੰਘ, ਭਾਈ ਚੈਨ ਸਿੰਘ

ਭਾਈ ਮਨੀ ਸਿੰਘ ਨਾਲ 24 ਜੂਨ 1734 ਦੇ ਦਿਨ ਲਾਹੌਰ ਵਿਚ ਬਹੁਤ ਸਾਰੇ ਸਿੰਘ ਸ਼ਹੀਦ ਕੀਤੇ ਗਏ ਸਨ। ਇਨ੍ਹਾਂ ਵਿਚੋਂ ਕੁਝ ਦਾ ਪਿਛੋਕੜ ਪਤਾ ਲੱਗਦਾ ਹੈ ਪਰ ਬਹੁਤ ਸਾਰੇ ਅਜਿਹੇ ਹਨ ਜਿਨ੍ਹਾਂ ਦਾ ਸਿਰਫ ਨਾਂ ਹੀ ਮਿਲਦਾ ਹੈ ਅਤੇ ਕਈਆਂ ਦੇ ਤਾਂ ਨਾਂ ਵੀ ਨਹੀਂ ਮਿਲਦੇ।

ਸ਼ਹੀਦ ਬਿਲਾਸ (ਭਾਈ ਸੇਵਾ ਸਿੰਘ) ਅਤੇ **ਗੁਰ ਬਿਲਾਸ ਪਾਤਸ਼ਾਹੀ 10** (ਕੁਇਰ ਸਿੰਘ) ਵਿਚ ਪੰਜ ਨਾਂ ਅਜਿਹੇ ਹਨ ਜਿਨ੍ਹਾਂ ਦਾ ਪਿਛੋਕੜ ਨਹੀਂ ਲੱਭ ਸਕਿਆ। ਇਹ ਹਨ: ਭਾਈ ਸ਼ਰਧਾ ਸਿੰਘ, ਭਾਈ ਗੁਰਮੁਖ ਸਿੰਘ, ਭਾਈ ਸੰਤ ਸਿੰਘ, ਭਾਈ ਕਾਨ੍ਹ ਸਿੰਘ ਤੇ ਭਾਈ ਚੈਨ ਸਿੰਘ

ਭਾਈ ਚੈਨ ਸਿੰਘ ਤੇ ਕਾਨ੍ਹ ਸਿੰਘ ਦੇ ਨਾਂ ਸਿਰਫ *ਸ਼ਹੀਦ ਬਿਲਾਸ* ਵਿਚ ਮਿਲਦੇ ਹਨ। ਇਵੇਂ ਹੀ ਭਾਈ ਸ਼ਰਧਾ ਸਿੰਘ, ਭਾਈ ਗੁਰਮੁਖ ਸਿੰਘ ਤੇ ਭਾਈ ਸੰਤ ਸਿੰਘ ਦੇ ਨਾਂ ਸਿਰਫ *ਗੁਰਬਿਲਾਸ ਪਾਤਸ਼ਾਹੀ 10* ਵਿਚ ਹੀ ਮਿਲਦੇ ਹਨ।

ਸ੍ਰੀ ਗੁਰਬਖਸ਼ ਸਿੰਘ ਇਕ ਜਾਨੀ, ਦੁਤੀਏ ਸੰਤ ਸਿੰਘ ਅਗਮ ਬਖਾਨੀ।
ਐ ਸਰਧਾ ਸਿੰਘ ਜਾਂ ਮੈ ਸੁ ਅਪਾਰਾ। ਉਦੈ ਸਿੰਘ ਹੈ ਜਾਸ ਮਝਾਰਾ।

ਗੁਰਮੁਖ ਸਿੰਘ ਆਹੈ ਅਤਿ ਬੀਰਾ। ਰਣ ਸਿੰਘ ਏਕ ਅਗਮ ਬਡਬੀਰਾ।
ਸੰਗਤ ਸਿੰਘ ਹੈ ਨਾਮ ਜਾਂ ਕੋ। ਏ ਜੁਝੇ ਹੈ ਬੀਰ ਸੁ ਬਾਂਕੇ।
ਔਰ ਸਿੰਘ ਹੈ ਬਡੇ ਬਡੇਰੇ। ਪਰ ਨਿਖਾਸਤ ਬੀਚ ਜੁ ਹੇਰੇ।

(ਗੁਰ ਬਿਲਾਸ ਪਾਤਸ਼ਾਹੀ 10)

ਮੁਹਕਮ ਸਿੰਘ ਤੇ ਚੈਨ ਸਿੰਘ, ਕੀਰਤ ਸਿੰਘ ਬਲਵਾਨ।
ਆਲਮ ਸਿੰਘ, ਸਿੰਘ ਅਉਲੀਆ, ਸੰਗਤ ਸਿੰਘ, ਸਿੰਘ ਕਾਨ॥ 201॥
ਇਤ ਆਦਿਕ ਸਭ ਮੁਖੀ ਸਿੱਖ, ਗੈਲ ਮਨੀ ਸਿੰਘ ਜੋਇ॥
ਕਸ਼ਟ ਦੀਯੋ ਬਹੁ ਖਾਨ ਨੇ, ਕਥਨ ਬੀਚ ਨਹਿ ਕੋਇ॥ 202॥

(ਸ਼ਹੀਦ ਬਿਲਾਸ, ਸਫ਼ਾ 92)

ਭਾਈ ਹਕੀਕਤ ਸਿੰਘ, ਭਾਈ ਅਰਜਨ ਸਿੰਘ

ਭਾਈ ਹਕੀਕਤ ਸਿੰਘ (ਪਹਿਲੋਂ ਹਕੀਕਤ ਰਾਏ) ਅਤੇ ਭਾਈ ਅਰਜਨ ਸਿੰਘ ਨੂੰ 18 ਜਨਵਰੀ 1735 ਦੇ ਦਿਨ ਸ਼ਹੀਦ ਕੀਤਾ ਗਿਆ ਸੀ।

ਭਾਈ ਅਰਜਨ ਸਿੰਘ ਭਾਈ ਹਕੀਕਤ ਸਿੰਘ ਦੇ ਸਕੇ ਮਾਮਾ ਸਨ। ਭਾਈ ਹਕੀਕਤ ਸਿੰਘ ਭਾਈ ਬਾਘ ਮਲ ਦੇ ਪੁੱਤਰ ਤੇ ਭਾਈ ਨੰਦ ਲਾਲ ਪੁਰੀ ਦੇ ਪੋਤੇ ਸਨ। ਇਹ ਪਰਿਵਾਰ ਗੁਰੂ ਅਰਜਨ ਸਾਹਿਬ ਦੇ ਵੇਲੇ ਤੋਂ ਹੀ ਸਿੱਖੀ ਨਾਲ ਜੁੜਿਆ ਹੋਇਆ ਸੀ। ਇਕ ਸੋਮਾ ਤਾਂ ਇਸ ਪਰਿਵਾਰ ਦੇ ਗੁਰੂ ਨਾਨਕ ਸਾਹਿਬ ਦੇ ਵੇਲੇ ਸਿੱਖ ਪੰਥ ਵਿਚ ਸ਼ਾਮਿਲ ਹੋਣ ਦਾ ਜ਼ਿਕਰ ਵੀ ਕਰਦਾ ਹੈ।

ਮਾਰਚ 1660 ਦੇ ਆਖ਼ਰੀ ਹਫ਼ਤੇ ਗੁਰੂ ਹਰਿ ਰਾਇ ਸਾਹਿਬ ਜਦੋਂ ਸਿਆਲਕੋਟ ਗਏ ਸਨ ਤਾਂ ਆਪ ਕੁਝ ਦਿਨ ਭਾਈ ਨੰਦ ਲਾਲ ਪੁਰੀ ਦੇ ਘਰ ਠਹਿਰੇ ਸਨ। ਇਸ ਮੌਕੇ 'ਤੇ ਭਾਈ ਨੰਦ ਲਾਲ, ਉਸ ਦੇ ਬੇਟਿਆਂ (ਭਾਗ ਮੱਲ, ਬਾਘ ਮੱਲ) ਅਤੇ ਬੇਟੀ (ਭਾਗਵੰਤੀ) ਨੇ ਗੁਰੂ ਸਾਹਿਬ ਦੀ ਤਹਿ-ਦਿਲੋਂ ਸੇਵਾ ਕੀਤੀ ਸੀ। ਇਸ ਮਗਰੋਂ ਵੀ ਇਹ ਪਰਿਵਾਰ ਸਿੱਖ ਪੰਥ ਦੀ ਸੇਵਾ ਕਰਦਾ ਰਿਹਾ ਸੀ।

ਭਾਈ ਹਕੀਕਤ ਰਾਏ ਦੀ ਮਾਤਾ ਬੀਬੀ ਗੌਰਾਂ ਦਾ ਪੇਕਾ ਪਰਿਵਾਰ ਵੀ ਗੁਰੂ ਘਰ

ਦਾ ਸਾਦਿਕ ਸੀ। ਉਸ ਦੇ ਭਰਾ ਭਾਈ ਅਰਜਨ ਸਿੰਘ ਨੇ ਖੰਡੇ ਦੀ ਪਾਹੁਲ ਹਾਸਿਲ ਕੀਤੀ ਹੋਈ ਸੀ।

ਭਾਈ ਹਕੀਕਤ ਰਾਏ ਨੇ ਆਪਣਾ ਬਚਪਨ ਸਿਆਲਕੋਟ ਵਿਚ ਹੀ ਬਿਤਾਇਆ ਸੀ। ਬਚਪਨ ਵਿਚ ਹੀ ਉਸ ਦਾ ਵਿਆਹ ਬਟਾਲਾ ਦੇ ਭਾਈ ਕਿਸ਼ਨ ਚੰਦ ਉੱਪਲ ਦੀ ਬੇਟੀ ਬੀਬੀ ਦੁਰਗਾ ਦੇਵੀ (ਨੰਦ ਕੌਰ) ਨਾਲ ਹੋ ਗਿਆ। ਭਾਈ ਹਕੀਕਤ ਰਾਏ ਨੂੰ ਭਾਈ ਬੁਧ ਸਿੰਘ ਨੇ ਸਿੱਖੀ ਨਾਲ ਜੋੜਿਆ। ਹੁਣ ਉਹ ਆਪਣੇ ਆਪ ਨੂੰ ਭਾਈ ਹਕੀਕਤ ਸਿੰਘ ਆਖਣ ਲੱਗ ਪਿਆ।

ਇਕ ਵਾਰੀ ਭਾਈ ਹਕੀਕਤ ਸਿੰਘ ਨੂੰ ਕੁਝ ਮੁਸਲਮਾਨ ਮੁੰਡਿਆਂ ਨੇ ਮਜ਼ਾਕ ਕਰਦਿਆਂ ਹਿੰਦੂ ਦੇਵੀ ਦੇਵਤਿਆਂ ਉਤੇ ਕੁਝ ਫਿਕਰੇ ਕਸ ਦਿੱਤੇ। ਉਨ੍ਹਾਂ ਨੂੰ ਭਾਈ ਹਕੀਕਤ ਸਿੰਘ ਨੇ ਆਖਿਆ ਕਿ ਮੈਂ ਸਿੱਖ ਹੋਣ ਦੇ ਨਾਤੇ ਦੇਵੀ ਦੇਵਤਿਆਂ 'ਤੇ ਯਕੀਨ ਨਹੀਂ ਰੱਖਦਾ ਪਰ ਕਿਸੇ ਦੇ ਧਰਮ ਦਾ ਮਜ਼ਾਕ ਨਹੀਂ ਉਡਾਉਣਾ ਚਾਹੀਦਾ। ਭਲਕੇ ਨੂੰ ਜੇ ਕੋਈ ਹਜ਼ਰਤ ਮੁਹੰਮਦ ਸਾਹਿਬ ਦੀ ਬੇਟੀ ਫ਼ਾਤਿਮਾ ਬਾਰੇ ਕੋਈ ਗੱਲ ਆਖੇ ਤਾਂ ਤੁਹਾਨੂੰ ਵੀ ਤਾਂ ਬੁਰਾ ਲੱਗੇਗਾ। ਹਕੀਕਤ ਸਿੰਘ ਵਲੋਂ ਫ਼ਾਤਿਮਾ ਦਾ ਜ਼ਿਕਰ ਸੁਣ ਕੇ ਮੁੰਡਿਆਂ ਨੇ ਉਸ ਦੇ ਖ਼ਿਲਾਫ਼ ਝੂਠੀ ਸ਼ਿਕਾਇਤ ਕਰ ਦਿੱਤੀ ਕਿ ਉਸ ਨੇ ਫ਼ਾਤਿਮਾ ਬਾਰੇ ਬੁਰੇ ਲਫ਼ਜ਼ ਆਖੇ ਸਨ। ਇਸ 'ਤੇ ਉਸ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਲਿਜਾ ਕੇ ਜ਼ਕਰੀਆਂ ਖਾਂ (ਸੂਬੇਦਾਰ ਲਾਹੌਰ) ਅੱਗੇ ਪੇਸ਼ ਕੀਤਾ ਗਿਆ। ਜ਼ਕਰੀਆ ਖਾਂ ਨੇ ਉਸ ਨੂੰ **'ਮੌਤ ਜਾਂ ਇਸਲਾਮ'** ਵਿਚੋਂ ਇਕ ਚੁਣਨ ਵਾਸਤੇ ਪੇਸ਼ਕਸ਼ ਕੀਤੀ। ਪਰ ਹਕੀਕਤ ਸਿੰਘ ਨੇ ਜਾਨ ਬਚਾਉਣ ਵਾਸਤੇ ਸਿੰਘ ਧਰਮ ਛੱਡਣਾ ਕਬੂਲ ਨਾ ਕੀਤਾ। ਇਸ 'ਤੇ ਹਕੀਕਤ ਸਿੰਘ ਅਤੇ ਉਸ ਦੇ ਮਾਮੇ ਅਰਜਨ ਸਿੰਘ ਵਧਾਵਣ ਨੂੰ ਨਿਖਾਸ ਚੌਕ ਲਾਹੌਰ ਵਿਚ ਲਿਜਾ ਕੇ ਕਤਲ ਕਰ ਦਿੱਤਾ ਗਿਆ।

ਭਾਈ ਹਕੀਕਤ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਦਾ ਵੀ ਰਿਸ਼ਤੇਦਾਰ ਸੀ। ਉਸ ਦੀ ਸੱਕੀ ਭੂਆ ਭਾਗਵੰਤੀ ਬਾਬਾ ਬੰਦਾ ਸਿੰਘ ਦੀ ਸੱਸ ਸੀ। ਭਾਗਵੰਤੀ ਦਾ ਵਿਆਹ ਭਾਈ ਸ਼ਿਵ ਰਾਮ ਕਪੂਰ ਦੇ ਨਾਲ ਹੋਇਆ ਸੀ। ਭਾਗਵੰਤੀ ਦੇ ਘਰ ਦੋ ਬੱਚੇ ਹੋਏ ਸਨ: ਸਾਹਿਬ ਸਿੰਘ ਅਤੇ ਸਾਹਿਬ ਕੌਰ। ਇਸੇ ਸਾਹਿਬ ਕੌਰ ਦਾ ਵਿਆਹ ਬਾਬਾ ਬੰਦਾ ਸਿੰਘ ਨਾਲ 20 ਜੂਨ 1710 ਨੂੰ ਸਰਹਿੰਦ ਵਿਚ ਹੋਇਆ ਸੀ। ਜਿਸ ਤੋਂ ਅਜੈ ਸਿੰਘ ਅਤੇ ਰਣਜੀਤ ਸਿੰਘ ਦੋ ਬੇਟੇ ਪੈਦਾ ਹੋਏ ਸਨ।

ਭਾਈ ਹਕੀਕਤ ਸਿੰਘ ਸ਼ਹੀਦੀ ਵੇਲੇ ਇਕ ਬੇਟੇ ਦਾ ਬਾਪ ਸੀ।

ਕੁਝ ਖ਼ਾਸ ਪਰਿਵਾਰਾਂ ਦੇ ਸ਼ਹੀਦ

ਭਾਈ ਬੱਲੂ-ਭਾਈ ਮਨੀ ਸਿੰਘ ਪਰਿਵਾਰ:

ਭਾਈ ਨਾਨੂ (3-10-1621), ਬੱਲੂ (13-4-1634) ਨਠੀਆ (28-4-1635), ਮਾਧੋ (28-4-1635) ਸੁਹੇਲਾ (29-4-1635), ਦਿਆਲ ਦਾਸ (11-11-1675) ਹਠੀ ਚੰਦ (18-9-1688), ਸੋਹਨ ਚੰਦ (20-3-1691), ਲਹਿਣੂ (19-2-1696), ਕਲਿਆਣ ਸਿੰਘ (29-8-1700) ਭਗਵਾਨ ਸਿੰਘ (30-8-1700) ਨੰਦ ਸਿੰਘ (30-8-1700) ਬਾਘ ਸਿੰਘ (31-8-1700), ਸੁਖਾ ਸਿੰਘ (1-9-1700), ਆਲਮ ਸਿੰਘ (1-9-1700), ਮਥਰਾ ਸਿੰਘ (8-10-1700), ਗੋਕਲ ਸਿੰਘ (14-10-1700), ਉਦੈ ਸਿੰਘ (6-12-1705), ਦਾਨ ਸਿੰਘ (7-12-1705), ਅਨਕ ਸਿੰਘ (7-12-1705), ਅਜਬ ਸਿੰਘ (7-12-1705), ਅਜਾਇਬ ਸਿੰਘ (7-12-1705), ਬਚਿਤਰ ਸਿੰਘ (8-12-1705), ਰਾਇ ਸਿੰਘ (29-12-1705), ਸੀਤਲ ਸਿੰਘ (29-12-1705), ਮਹਾਂ ਸਿੰਘ (30-12-1705), ਮਾਨ ਸਿੰਘ (2-4-1708), ਸੰਗਰਾਮ ਸਿੰਘ (13-5-1710), ਮਹਿਬੂਬ ਸਿੰਘ (13-5-1710), ਫ਼ਤਹਿ ਸਿੰਘ (13-5-1710), ਸੁਖਾ ਸਿੰਘ (20-11-1710), ਜੇਠਾ ਸਿੰਘ (11-10-1711), ਰੂਪ ਸਿੰਘ (11-10-1711), ਕੇਸੋ ਸਿੰਘ (28-12-1711), ਬਾਘ ਸਿੰਘ (28-12-1711), ਸੈਣਾ ਸਿੰਘ (22-6-1713), ਅਲਬੇਲ ਸਿੰਘ (22-6-1713), ਮੋਹਰ ਸਿੰਘ (22-6-1713), ਭਗਵੰਤ ਸਿੰਘ (9-6-1716), ਬਾਜ ਸਿੰਘ (9-6-1716), ਕੋਇਰ ਸਿੰਘ (9-6-1716), ਸ਼ਾਮ ਸਿੰਘ (9-6-1716), ਨਾਹਰ ਸਿੰਘ (9-6-1716), ਸ਼ੇਰ ਸਿੰਘ (9-6-1716), ਅਲਬੇਲ ਸਿੰਘ (9-6-1716), ਰਾਮ ਸਿੰਘ (9-6-1716), ਮਨੀ ਸਿੰਘ (24-6-1734), ਚਿਤਰ ਸਿੰਘ (24-6-1734), ਗੁਰਬਖ਼ਸ਼ ਸਿੰਘ (24-6-1734), ਗੁਲਜ਼ਾਰ ਸਿੰਘ (24-6-1734), ਜਗਤ ਸਿੰਘ (24-6-1734), ਭੂਪਤ ਸਿੰਘ (24-6-1734)। ਇਸ ਤੋਂ ਇਲਾਵਾ ਭੱਟ ਵਹੀਆਂ ਵਿਚ ਭਾਈ ਦਾਸਾ (29-4-1635) ਅਤੇ ਲਾਲ ਸਿੰਘ (20-11-1710) ਦੀਆਂ ਸ਼ਹੀਦੀਆਂ ਵੀ ਇਸ ਪਰਿਵਾਰ ਨਾਲ ਜੁੜੀਆਂ ਹੋਈਆਂ ਹਨ। ਪਰ ਕੁਰਮੀ-ਨਾਮਿਆਂ ਵਿਚ ਇਨ੍ਹਾਂ ਦੇ ਨਾਂ ਨਹੀਂ ਲੱਭਦੇ। ਜੇ ਇਹ ਦੋਵੇਂ ਨਾਂ ਸ਼ਾਮਿਲ ਕਰ ਲਈਏ ਤਾਂ ਉਪਰਲੀ ਲਿਸਟ ਵਿਚ ਕੁਲ 53 ਸ਼ਹੀਦ ਇਸੇ ਪਰਿਵਾਰ ਦੇ ਬਣਦੇ ਹਨ।

ਰਾਠੌਰ ਪਰਿਵਾਰ :

ਭਾਈ ਧੂੜਾ (27-9-1621), ਸੁਖੀਆ (16-12-1634), ਫ਼ਤੇ ਚੰਦ (26-4-1635), ਜੱਗੂ (29-4-1635), ਊਦਾ (18-9-1688), ਈਸ਼ਰ ਸਿੰਘ (29-8-1700), ਦਿਆਲ ਸਿੰਘ (1-9-1700), ਸੂਰਤ ਸਿੰਘ (8-10-1700), ਦੇਵਾ ਸਿੰਘ (8-10-1700), ਮੋਹਰ ਸਿੰਘ (13-10-1700), ਹਿੰਮਤ ਸਿੰਘ (13-10-1700), ਜੀਤਾ ਸਿੰਘ (14-10-1700), ਨੇਤਾ ਸਿੰਘ (14-10-1700), ਸੇਵਾ ਸਿੰਘ (14-10-1700), ਕਾਹਨ ਸਿੰਘ (16-1-1704), ਬੀਬੀ ਭਿੱਖਾਂ, ਸਿੰਘਣੀ ਭਾਈ ਆਲਮ ਸਿੰਘ ਨਚਣਾ (6-12-1705), ਮਾਨ ਸਿੰਘ (17-3-1707), ਕਰਨ ਸਿੰਘ (6-4-1709), ਬਜਰ ਸਿੰਘ (13-5-1710), ਪ੍ਰਸੰਨ ਸਿੰਘ (11-10-1711), ਅਨੂਪ ਸਿੰਘ (11-10-1711), ਮੋਹਰ ਸਿੰਘ (11-10-1711), ਚੰਨਣ ਸਿੰਘ (11-10-1711), ਉਦੈ ਸਿੰਘ (24-6-1734), ਆਲਮ ਸਿੰਘ (24-6-1734)

ਇਸ ਰਾਠੌਰ ਪਰਿਵਾਰ ਵਿਚੋਂ ਵੀ ਘੱਟੋ-ਘਟ 25 ਜਣਿਆਂ ਨੇ ਸ਼ਹੀਦੀ ਜਾਮ ਪੀਤੇ ਸਨ। ਇਸ ਪਰਿਵਾਰ ਦੀ ਭਾਈ ਮਨੀ ਸਿੰਘ ਪਰਿਵਾਰ ਨਾਲ ਰਿਸ਼ਤੇਦਾਰੀ ਸੀ। ਭਾਈ ਸੁਖੀਆ ਭਾਈ ਮਨੀ ਸਿੰਘ ਦੇ ਸੱਕਾ ਫੁੱਫੜ ਅਤੇ ਭਾਈ ਬੱਲੂ ਦੇ ਜੁਆਈ ਸਨ।

ਚੌਹਾਨ ਪਰਿਵਾਰ :

ਭਾਈ ਕਿਸ਼ਨਾ (27-4-1635), ਸੰਗਤ ਰਾਇ (19-2-1696), ਹਨੂਮੰਤ ਰਾਇ (19-2-1696), ਆਲਮ ਸਿੰਘ ਨਚਣਾ (7-12-1705), ਬੀਰ ਸਿੰਘ (7-12-1705), ਅਮੋਲਕ ਸਿੰਘ (7-12-1705), ਮੋਹਰ ਸਿੰਘ (7-12-1705), ਹਾਠੂ ਸਿੰਘ (12-4-1709), ਸਹਿਜ ਸਿੰਘ (11-10-1711), ਡੋਗਰ ਸਿੰਘ (11-10-1711), ਹੀਰਾ ਸਿੰਘ (11-10-1711), ਦਿਆਲ ਸਿੰਘ (11-10-1711), ਬਾਘੜ ਸਿੰਘ (1740)। ਇਸ ਪਰਿਵਾਰ ਵਿਚੋਂ ਘੱਟੋ-ਘਟ 13 ਜਣੇ ਸ਼ਹੀਦ ਹੋਏ। ਰਾਠੌਰ ਪਰਿਵਾਰ ਦੀ ਬੀਬੀ ਭਿੱਖਾਂ ਪਾ ਕੇ ਇਹ 14 ਬਣ ਜਾਂਦੇ ਹਨ।

(ਵੇਖੋ: ਰਾਠੌਰ ਪਰਿਵਾਰ 'ਚ 6-12-1705 ਦੀ ਸ਼ਹੀਦੀ)।

ਭੱਟ ਪਰਿਵਾਰ :

ਭਾਈ ਮਥਰਾ (3-10-1621), ਕੀਰਤ (13-4-1634), ਕੇਸੋ ਸਿੰਘ (11-10-1711), ਹਰੀ ਸਿੰਘ (11-10-1711), ਦੇਸਾ ਸਿੰਘ (11-10-1711), ਨਰਬਦ ਸਿੰਘ (11-10-1711) ਤਾਰਾ ਸਿੰਘ (11-10-1711), ਸੇਵਾ ਸਿੰਘ (11-10-1711), ਦੇਵਾ ਸਿੰਘ (11-10-1711)। ਇਸ ਪਰਿਵਾਰ ਦੇ ਵੀ ਘੱਟੋ-ਘਟ 9 ਜਣੇ ਸ਼ਹੀਦ ਹੋਏ ਸਨ।

ਗੌਤਮ ਛਿਬਰ ਪਰਿਵਾਰ :

ਭਾਈ ਪਰਾਗ ਦਾਸ (3-10-1621), ਮਤੀ ਦਾਸ (11-11-1675), ਸਤੀ ਦਾਸ (11-11-1675), ਸਾਹਿਬ ਸਿੰਘ (8-10-1700), ਮੁਕੰਦ ਸਿੰਘ (7-12-1705), ਮੁਕੰਦ ਸਿੰਘ ਦੂਜਾ (7-12-1705), ਗਾਇ ਸਿੰਘ ਹਜ਼ੂਰੀ (9-6-1716), ਚੌਪਾ ਸਿੰਘ (3-1-1724), ਇਸ ਪਰਿਵਾਰ ਦੇ ਘੱਟੋ-ਘਟ 8 ਜਣੇ ਸ਼ਹੀਦ ਹੋਏ ਸਨ।

ਲੱਖੀ ਰਾਇ ਵਣਜਾਰਾ ਪਰਿਵਾਰ :

ਭਾਈ ਜਵਾਹਰ ਸਿੰਘ (30.8.1700), ਹੇਮ ਸਿੰਘ (16.1.1704), ਨਗਾਹੀਆ ਸਿੰਘ (6.4.1709), ਬਸੰਤ ਕੋਰ, ਉਰਫ ਬੀਬੀ ਜੀਤੋ, ਸਿੰਘਣੀ ਭਾਈ ਮਨੀ ਸਿਘ (1745)। ਇਸ ਪਰਿਵਾਰ ਦੇ ਚਾਰ ਜਣੇ ਸ਼ਹੀਦ ਹੋਇ ਸਨ।

ਛਬੀਲ ਸਿੰਘ ਪਰਿਵਾਰ :

ਭਾਈ ਕੇਸਰ ਸਿੰਘ (14-10-1700), ਜੇਠਾ ਸਿੰਘ (11-10-1711), ਧਰਮ ਸਿੰਘ (11-10-1711)। ਘੱਟੋ-ਘਟ 3 ਸ਼ਹੀਦ।

ਅੜੂ ਰਾਮ ਦਤ ਪਰਿਵਾਰ :

ਕਿਰਪਾ ਸਿੰਘ ਤੇ ਸਨਮੁਖ ਸਿੰਘ (7-12-1705) = 2 ਸ਼ਹੀਦ।

ਨਾਨੂੰ ਸਿੰਘ ਦਿਲਵਾਲੀ :

ਘਰਬਾਰਾ ਸਿੰਘ (31-8-1700), ਨਾਨੂੰ ਸਿੰਘ (7-12-1705)= 2 ਸ਼ਹੀਦ।

ਦੁਨੀ ਚੰਦ ਦੇ ਪੋਤੇ:

ਭਾਈ ਅਨੂਪ ਸਿੰਘ ਤੇ ਸਰੂਪ ਸਿੰਘ (8-12-1700) = 2 ਸ਼ਹੀਦ।

ਬਾਬਾ ਬੰਦਾ ਸਿੰਘ ਬਹਾਦਰ :

ਬਾਬਾ ਬੰਦਾ ਸਿੰਘ ਤੇ ਅਜੈ ਸਿੰਘ (9-6-1716) = 2 ਸ਼ਹੀਦ

ਮੱਖਣ ਸ਼ਾਹ ਲੁਬਾਣਾ :


ਕੁਸ਼ਾਲ ਸਿੰਘ (1-9-1700) = 1 ਸ਼ਹੀਦ

ਸਿੰਘਾ ਪੁਰੋਹਤ :

ਭਾਈ ਸਿੰਘਾ (13-4-1634)=1 ਸ਼ਹੀਦ

ਆਲੀ ਸਿੰਘ, ਮਾਲੀ ਸਿੰਘ (9-6-1716) = 2 ਸ਼ਹੀਦ

ਭਾਈ ਬੱਲੂ ਦਾ ਕੁਰਸੀਨਾਮਾ




(ਭੱਟ ਵਹੀ ਤਲਉਂਢਾ ਵਿਚ ਭਾਈ ਬੱਲੂ ਦੇ ਇਕ ਬੇਟੇ 'ਦਾਸਾ' ਦੇ 29 ਅਪਰੈਲ 1635 ਦੇ ਦਿਨ ਫਗਵਾੜਾ 'ਚ ਸ਼ਹੀਦ ਹੋਣ ਦਾ ਜ਼ਿਕਰ ਹੈ। ਉਂਞ ਭਾਈ ਬੱਲੂ ਦੇ ਕਿਸੇ ਕੁਰਸੀਨਾਮਾ ਵਿਚ ਉਸ ਦੇ ਕਿਸੇ ਪੁੱਤਰ ਦਾ ਨਾਂ ਦਾਸਾ ਨਹੀਂ ਮਿਲਦਾ)

ਭਾਈ ਬੱਲੂ ਦੀ ਇਕ ਬੇਟੀ ਮਲੂਕੀ ਸੀ ਜੋ ਭਾਈ ਸੁਖੀਆ (ਪੁੱਤਰ ਭਾਈ ਮਾਂਡਨ) ਨਾਲ ਵਿਆਹੀ ਹੋਈ ਸੀ।


ਵੇਖੋ: ਰਾਠੌਰ ਖ਼ਾਨਦਾਨ ਅਤੇ ਭਾਈ ਸੁਖੀਆ ਮਾਂਡਨ ਦਾ ਕੁਰਸੀਨਾਮਾ)

ਭਾਈ ਦਰੀਆ ਦਾ ਕੁਰਸੀਨਾਮਾ




(ਇਸ ਪਰਿਵਾਰ ਦੀਆਂ ਅੱਗੋਂ ਹੋਰ ਵੀ ਪੀੜ੍ਹੀਆਂ ਹਨ। ਇਨ੍ਹਾਂ ਵਿਚੋਂ ਕੁਝ ਘਰ ਪਿੰਡ ਠੀਕਰੀਵਾਲਾ, ਜ਼ਿਲ੍ਹਾ ਸੰਗਰੂਰ ਵਿਚ ਅਜੇ ਵੀ ਰਹਿ ਰਹੇ ਹਨ)

ਭਾਈ ਨਠੀਆ ਦਾ ਕੁਰਸੀਨਾਮਾ



ਇਕ ਸੋਮਾ ਭਾਈ ਨਠੀਆ ਦੇ ਬੇਟਿਆਂ ਵਿਚ ਇਕ ਲਾਲ ਸਿੰਘ ਦਾ ਨਾਂ ਵੀ ਲਿਖਦਾ ਹੈ ਜੋ 20-11-1710 ਨੂੰ ਸਰਹਿੰਦ ਵਿਚ ਸ਼ਹੀਦ ਹੋਇਆ ਕਿਹਾ ਗਿਆ ਹੈ।

ਭਾਈ ਮਾਈ ਦਾਸ ਦਾ ਕੁਰਸੀਨਾਮਾ



ਭਾਈ ਦਿਆਲ ਦਾਸ ਦਾ ਕੁਰਸੀਨਾਮਾ

- ਮੂਲਾ
  - ਬੱਲੂ (13-14-1634)
    - ਮਾਈਦਾਸ
      - ਦਿਆਲ ਦਾ[illegible] [illegible]-11-1675)
        - ਮਥਰਾ ਸਿੰਘ (8-10-1700)
          - ਰਾਮ ਸਿੰਘ
            - ਹੀਰਾ ਸਿੰਘ
              - ਦੇਵਾ ਸਿੰਘ
                - ਕਾਹੂ ਸਿੰਘ
                - ਭੀਮ ਸਿੰਘ
                - ਕਾਲਾ ਸਿੰਘ
                - ਸਬਲਾ ਸਿੰਘ
                - ਚੈਂਚਲ ਸਿੰਘ
              - ਭਾਗ ਸਿੰਘ
              - ਫਤੇ ਸਿੰਘ
        - ਲਆਣ ਸਿੰਘ (29-8-1700)
        - ਧਰਮ ਸਿੰਘ
          - ਬੁਧ ਸਿੰਘ
          - ਸੰਗਰਾਮ ਸਿੰਘ

(ਇਸ ਪਰਿਵਾਰ ਦੀਆਂ ਅੱਗੋਂ ਹੋਰ ਵੀ ਪੀੜ੍ਹੀਆਂ ਵੀ ਹਨ ਅਤੇ ਇਨ੍ਹਾਂ ਵਿਚੋਂ ਕਈ ਘਰ ਪਿੰਡ ਸਿੱਖਆੜਾ (ਜੰਮੂ) ਦੇ ਇਲਾਕੇ ਵਿਚ ਰਹਿ ਰਹੇ ਹਨ)

ਭਾਈ ਜੇਠਾ ਸਿੰਘ ਦਾ ਕੁਰਸੀਨਾਮਾ


ਰਾਓ
|
ਮੂਲਾ
|
ਘੱਲੂ (13-4-1634)
|
ਮਾਈ ਦਾਸ
|
ਜੇਠਾ ਸਿੰਘ (17-10-1711)

- ਹਰੀ ਸਿੰਘ
- ਚੈਨ ਸਿੰਘ
- ਭੂਪਤ ਸਿੰਘ (24-6-1734)

- ਛੱਜੂ ਸਿੰਘ
  - ਟਹਿਲ ਸਿੰਘ
    - ਦਿਆਲ ਸਿੰਘ
      - ਮੋਹਰ ਸਿੰਘ
        - ਹੀਰਾ ਸਿੰਘ
        - ਮੱਖਣ ਸਿੰਘ
      - ਮੋਹਕਮ ਸਿੰਘ
      - ਹਜ਼ਾਰਾ ਸਿੰਘ
    - ਰੂਪ ਸਿੰਘ
      - ਭਾਗ ਸਿੰਘ
      - ਨੰਦ ਸਿੰਘ
      - ਮਹਾਂ ਸਿੰਘ
  - ਚੈਨ ਸਿੰਘ
    - ਗਰੀਬ ਸਿੰਘ
- ਗੁਰਦੇਵ ਸਿੰਘ
- ਸੁੱਖਾ ਸਿੰਘ


(ਇਨ੍ਹਾਂ ਦੀਆਂ ਅਗੋਂ ਹੋਰ ਵੀ ਪੀੜ੍ਹੀਆਂ ਹਨ। ਇਨ੍ਹਾਂ ਵਿਚੋਂ ਕਈ ਪਰਿਵਾਰ ਅਜ ਵੀ ਪਿੰਡ ਸਿੱਖਆਤਾ, ਨੇੜੇ ਭੱਲੂ ਬਲੌਰ, ਜੰਮੂ ਵਿਚ ਰਹਿੰਦੇ ਹਨ।)

ਭਾਈ ਹਠੀ ਚੰਦ ਦਾ ਕੁਰਸੀਨਾਮਾ



(ਇਨ੍ਹਾਂ ਦੀਆਂ ਅੱਗੋਂ ਹੋਰ ਵੀ ਪੀੜ੍ਹੀਆਂ ਹਨ। ਇਨ੍ਹਾਂ 'ਚੋਂ ਕਈ ਘਰ ਪਿੰਡ ਦੁਨੇਰਾ, ਜ਼ਿਲ੍ਹਾ ਗੁਰਦਾਸਪੁਰ 'ਚ ਰਹਿ ਰਹੇ ਹਨ)


ਭਾਈ ਜਗਤ ਸਿੰਘ ਦਾ ਕੁਰਸੀਨਾਮਾ



(ਇਨ੍ਹਾਂ ਦੀਆਂ ਅੱਗੋਂ ਹੋਰ ਵੀ ਪੀੜ੍ਹੀਆਂ ਹਨ ਅਤੇ ਇਨ੍ਹਾਂ 'ਚੋਂ ਕਈ ਘਰ ਅਜੇ ਵੀ ਪਿੰਡ ਸਿੱਖਆੜਾ ਨੇੜੇ ਭੱਡੂ ਬਲੌਰ (ਜੰਮੂ) 'ਚ ਰਹਿ ਰਹੇ ਹਨ)

ਭਾਈ ਦਾਨ ਸਿੰਘ ਦਾ ਕੁਰਸੀਨਾਮਾ

- ਮੂਲਾ
  - ਘੱਲੂ (13-4-1634)
    - ਮਾਈ ਦਾਸ
      - ਦਾਨ ਸਿੰਘ (7-12-1705)
        - ਸੁਜਾਨ ਸਿੰਘ
          - ਹਿੰਮਤ ਸਿੰਘ
            - ਸੰਤੋਖ ਸਿੰਘ
            - ਰਤਨ ਸਿੰਘ
            - ਜੱਸਾ ਸਿੰਘ
              - ਬਘੇਲ ਸਿੰਘ
          - ਰਾਮ ਸਿੰਘ
            - ਪੂਰਨ ਸਿੰਘ
          - ਸਾਹਿਬ ਸਿੰਘ
            - ਅਮਰ ਸਿੰਘ
            - ਗੁਰਮੁਖ ਸਿੰਘ
            - ਝੰਡਾ ਸਿੰਘ
          - ਫਤੇ ਸਿੰਘ
        - ਸੰਗਤ ਸਿੰਘ
        - ਬਾਲ ਸਿੰਘ
        - ਤੇਗਾ ਸਿੰਘ



(ਇਸ ਤੋਂ ਮਗਰੋਂ ਵੀ ਕਈ ਪੀੜ੍ਹੀਆਂ ਹਨ। ਜਿਨ੍ਹਾਂ ਵਿਚੋਂ ਕਈ ਘਰ ਗੁਰਦਾਸਪੁਰ ਦੇ ਦੁਨੇਰਾ ਤੇ ਕਲੀਚਪੁਰ ਪਿੰਡਾਂ 'ਚ ਰਹਿੰਦੇ ਹਨ)

ਭਾਈ ਮਨੀ ਸਿੰਘ ਦਾ ਕੁਰਸੀਨਾਮਾ

ਰਾਓ

|

ਮੂਲਾ

|

ਬੱਲੂ (13-4-1634)

|

ਮਾਈਦਾਸ

|

ਮਨੀ ਸਿੰਘ (24-6-1734)

ਚਿਤਰ ਸਿੰਘ	ਬਚਿੱਤਰ ਸਿੰਘ	ਉਦੈ ਸਿੰਘ	ਅਨਕ ਸਿੰਘ	ਅਜਬ ਸਿੰਘ	ਅਜਾਇਬ ਸਿੰਘ	ਗੁਰਬਖ਼ਸ਼ ਸਿੰਘ	ਭਗਵਾਨ ਸਿੰਘ	ਬਲਰਾਮ ਸਿੰਘ	ਦੇਸਾ ਸਿੰਘ
(24.6.1734)	(8.12.1705)	(6.12.1705)	(7.12.1705)	(7.12.1705)	(7.12.1705)	(24.6.1734)	(30.8.1700)		
(ਵਖਰਾ ਕੁਰਸੀ ਨਾਮਾ)	(ਵਖਰਾ ਕੁਰਸੀ ਨਾਮਾ)	(ਵਖਰਾ ਕੁਰਸੀ ਨਾਮਾ)		(ਵਖਰਾ ਕੁਰਗੀ ਨਾਮਾ)			(ਵਖਰਾ ਕੁਰਸੀ ਨਾਮਾ)		

ਭਾਈ ਚਿਤਰ ਸਿੰਘ ਦਾ ਕੁਰਸੀਨਾਮਾ

ਬੱਲੂ (13-4-1634)

|

ਮਾਈ ਦਾਸ

|

ਮਨੀ ਸਿੰਘ (24-6-1734)


|

ਚਿਤਰ ਸਿੰਘ (24-6-1734)

ਕੇਸੋ ਸਿੰਘ	ਸੈਣਾ ਸਿੰਘ	ਗਰਜਾ ਸਿੰਘ	ਹਾਠੂ ਸਿੰਘ
(28-12-1711)	(22-6-1713)		(27-3-1758)


ਭਾਈ ਰੂਪ ਸਿੰਘ ਦਾ ਕੁਰਸੀਨਾਮਾ


- ਮੂਲਾ
  - ਬੱਲੂ
    - ਮਾਈ ਦਾਸ
      - ਰੂਪ ਸਿੰਘ (17-10-1711) ਆਲੋਵਾਲ, ਲਾਹੌਰ
        - ਦੇਸਾ ਸਿੰਘ
          - ਲਛਮਣ ਸਿੰਘ
          - ਸੁੱਖਾ ਸਿੰਘ
        - ਭਗਵਾਨ ਸਿੰਘ
          - ਗੁਰਬਖਸ਼ ਸਿੰਘ
            - ਬੀਰ ਸਿੰਘ
            - ਜੀਤ ਸਿੰਘ
              - ਰਣ ਸਿੰਘ
              - ਮੋਹਰ ਸਿੰਘ
            - ਜੈ ਸਿੰਘ
            - ਮਤਾਬ ਸਿੰਘ
            - ਜੋਧ ਸਿੰਘ
            - ਆਤੂ ਸਿੰਘ
          - ਸਾਧੂ ਸਿੰਘ
          - ਗੇਂਦਾ ਸਿੰਘ



(ਇਸ ਤੋਂ ਮਗਰੋਂ ਵੀ ਕਈ ਪੀੜ੍ਹੀਆਂ ਹਨ। ਇਨ੍ਹਾਂ ਵਿਚੋਂ ਕਈ ਘਰ ਗੁਰਦਾਸਪੁਰ ਦੇ ਪਿੰਡ ਕਲੀਚਪੁਰ ਵਿਚ ਰਹਿ ਰਹੇ ਹਨ)

ਭਾਈ ਰਾਇ ਸਿੰਘ ਤੇ ਭਾਈ ਮਹਾਂ ਸਿੰਘ (ਸ਼ਹੀਦ ਮੁਕਤਸਰ) ਦਾ ਕੁਰਸੀਨਾਮਾ





(ਇਸ ਤੋਂ ਅੱਗੋਂ ਵੀ ਪੀੜ੍ਹੀਆਂ ਹਨ ਅਤੇ ਵਿਚਕਾਰ ਵੀ ਹਰ ਇਕ ਦਾ ਵੱਡਾ ਪਰਿਵਾਰ ਹੈ)

(ਸੋਮਾ ਭੱਟ ਵਹੀ ਤਲਉਂਢਾ, ਪਰਗਨਾ ਜੀਂਦ)

(ਨੋਟ: ਰਾਇ ਸਿੰਘ ਦੇ ਇਕ ਸੋਮੇ ਵਿਚ 13 ਬੇਟੇ ਹਨ ਅਤੇ ਇਕ ਹੋਰ ਵਿਚ 18ਵਾਂ ਕਨਿਕ ਸਿੰਘ ਵੀ ਪੁੱਤਰ ਲਿਖਿਆ ਹੈ ਜੋ ਦਰਅਸਲ ਅਨਕ ਸਿੰਘ ਦਾ ਦੂਜਾ ਨਾਂ ਜਾਪਦਾ ਹੈ)

ਇਸ ਪਰਿਵਾਰ ਦੀਆਂ ਅੱਗੋਂ ਹੋਰ ਵੀ ਬਹੁਤ ਸਾਰੀਆਂ ਪੀੜ੍ਹੀਆਂ ਹਨ। ਇਨ੍ਹਾਂ ਦਾ ਪੁਰਾਣਾ ਵਤਨ ਖੈਰਪੁਰ ਸੱਦਾਤ, ਅਲੀਪੁਰ, ਭੈਣੀ ਸ਼ੇਰ ਸਿੰਘ ਸੀ ਤੇ ਹੁਣ ਕਈ ਘਰ ਪਿੰਡ ਕੌਲੀ (ਪਟਿਆਲਾ ਜ਼ਿਲ੍ਹਾ) ਵਿਚ ਵਸਦੇ ਹਨ। ਭਾਈ ਮਹਾਂ ਸਿੰਘ ਦੇ ਪੋਤੇ ਭਗਤ ਸਿੰਘ ਦੇ ਛੋਟੇ ਬੇਟੇ ਦਿਆਲ ਸਿੰਘ ਦੇ ਬੇਟੇ ਨਬਾਹੂ ਸਿੰਘ ਦੇ ਬੇਟੇ ਹਜ਼ੂਰ ਸਿੰਘ ਤੇ ਬੁਧ ਸਿੰਘ ਦੀ ਔਲਾਦ ਇਥੇ ਹੀ ਹੈ। ਕੌਲੀ ਦਾ ਸਾਬਕ ਸਰਪੰਚ ਨਾਨਕ ਸਿੰਘ ਇਸੇ ਬੁਧ ਸਿੰਘ ਦਾ ਬੇਟਾ ਸੀ ਯਾਨਿ ਉਹ ਭਾਈ ਬੱਲੂ ਤੋਂ ਦਸਵੀਂ ਪੁਸ਼ਤ, ਭਾਈ ਰਾਇ ਸਿੰਘ ਤੋਂ ਅੱਠਵੀਂ ਅਤੇ ਭਾਈ ਮਹਾਂ ਸਿੰਘ ਤੋਂ ਸਤਵੀਂ ਪੁਸ਼ਤ ਸੀ।

ਭਾਈ ਬਚਿਤਰ ਸਿੰਘ ਦਾ ਕੁਰਸੀਨਾਮਾ

- ਬੱਲੂ (13-4-1634)
  - ਮਾਈ ਦਾਸ
    - ਮਨੀ ਸਿੰਘ (24-6-1734)
      - ਬਚਿਤਰ ਸਿੰਘ (8-12-1705)
        - ਸੰਗਰਾਮ ਸਿੰਘ (13-5-1710)
          - ਸਰੂਪ ਸਿੰਘ
          - ਗਿਆਨ ਸਿੰਘ
            - ਧੜਕ ਸਿੰਘ
              - ਚਤਰ ਸਿੰਘ
              - ਮਾਂਗਾ ਸਿੰਘ
              - ਹਾੜਾ ਸਿੰਘ
            - ਫਤੇ ਸਿੰਘ
            - ਜੈਮਲ ਸਿੰਘ
              - ਨੱਥਾ ਸਿੰਘ
              - ਬੁਧ ਸਿੰਘ
                - ਬੰਤਾ ਸਿੰਘ
                - ਰਾਮ ਸਿੰਘ
                - ਲਾਲ ਸਿੰਘ
                - ਹਰਨਾਮ ਸਿੰਘ
                - ਕਰਤਾਰ ਸਿੰਘ
                - ਪਾਲਾ ਸਿੰਘ
                - ਸੁੱਚਾ ਸਿੰਘ
                - ਫ਼ੌਜਾ ਸਿੰਘ
              - ਵਧਾਵਾ ਸਿੰਘ
              - ਵਸਾਵਾ ਸਿੰਘ
              - ਦੂਲਾ ਸਿੰਘ
            - ਵਜ਼ੀਰ ਸਿੰਘ
          - ਸੁਜਾਨ ਸਿੰਘ
        - ਰਾਮ ਸਿੰਘ (9-6-1716)

(ਅਗੋਂ ਵੀ ਇਨ੍ਹਾਂ ਦੀ ਪੀੜ੍ਹੀ ਚਲ ਰਹੀ ਹੈ ਅਤੇ ਬੜੀ ਲੰਬੀ ਹੈ। ਇਨ੍ਹਾਂ ਵਿਚੋਂ ਕਈ ਪਰਿਵਾਰ ਸੂਹਰੋਂ (ਪਟਿਆਲਾ) ਵਿਚ ਅਜੇ ਵੀ ਰਹਿੰਦੇ ਹਨ)

ਸੋਮਾ: ਭੱਟ ਵਹੀ ਮੁਲਤਾਨੀ ਸਿੰਧੀ

ਭਾਈ ਅਜਬ ਸਿੰਘ ਦਾ ਕੁਰਸੀਨਾਮਾ

ਬੱਲੂ (13-4-1634)

ਮਾਈ ਦਾਸ

ਮਨੀ ਸਿੰਘ (24-6-1734)


ਅਜਬ ਸਿੰਘ (7-12-1705)


ਲਾਲ ਸਿੰਘ — ਡਾਲੂ ਸਿੰਘ — ਹਜ਼ਾਰਾ ਸਿੰਘ

ਹਜ਼ਾਰਾ ਸਿੰਘ: ਨਾਨੂ ਸਿੰਘ — ਜੀਤ ਸਿੰਘ — ਜੈ ਸਿੰਘ — ਜੇਠਾ ਸਿੰਘ — ਮੰਨਾ ਸਿੰਘ

(ਇਨ੍ਹਾਂ ਦੀਆਂ ਅੱਗੋਂ ਵੀ ਹੋਰ ਪੀੜ੍ਹੀਆਂ ਹਨ)

ਭਾਈ ਉਦੈ ਸਿੰਘ ਦਾ ਕੁਰਸੀਨਾਮਾ





(ਇਨ੍ਹਾਂ ਦੀਆਂ ਅੱਗੋਂ ਹੋਰ ਪੀੜ੍ਹੀਆਂ ਵੀ ਚਲ ਰਹੀਆਂ ਹਨ ਅਤੇ ਲਿਸਟ ਬੜੀ ਲੰਬੀ ਹੈ।)

(ਇਨ੍ਹਾਂ ਵਿਚ ਕਈ ਪਰਿਵਾਰ ਪਿੰਡ ਸੂਹਰੋਂ, ਜ਼ਿਲ੍ਹਾ ਪਟਿਆਲਾ, ਵਿਚ ਅਜੇ ਵੀ ਰਹਿ ਰਹੇ ਹਨ)

ਰਾਠੌਰ ਖ਼ਾਨਦਾਨ ਦਾ ਪਿਛੋਕੜ

"ਸੂਰਜ ਬੰਸ, ਗੋਤਮ ਗੋਤਰ ਜਜਰ ਬੇਦ, ਕਤਿਆਇਨ ਸੂਤਰ ਮਾਧਜਇਨੀ ਸ਼ਾਖਾ, ਪਰਵਰ ਤੀਨ, ਗੋਤਮ-ਅੰਗਰਿਸ ਅਪਾਸਜ, ਸੁਕਰ ਅਚਾਰਜ, ਗੁਰੂ ਗਨਪਤਿ, ਅਗਨ ਪੰਖਨੀ, ਨਾਗ ਨੇਚੀਆ ਰਠੇਛਵਰੀ ਦੇਵੀ"

ਭੱਟ ਵਹੀ ਭਾਦਸੋਂ ਦੇ ਸਫਾ 20 'ਤੇ ਰਾਠੌਰ ਖ਼ਾਨਦਾਨ ਦੇ ਮੁੱਢ ਵਿਚ ਇਹ ਲਫ਼ਜ਼ ਹਨ। ਇਸ ਮਗਰੋਂ ਲਿਖਿਆ ਹੈ ਗੋਤਮ ਗੋਤਰ ਦੇ ਰਾਜਾ ਰਾਠੀਆ/ਰਾਠੀ ਤੋਂ ਇਹ ਗੋਤਰ ਚਲਿਆ। ਰਾਜਾ ਰਾਠੀ ਦੇ ਇਕ ਵਾਰਿਸ ਨਾਇਨਪਾਲ ਨੇ 469 ਸੰਨ (526 ਸੰਮਤ) ਵਿਚ ਕਨੌਜ ਸ਼ਹਿਰ ਵਸਾ ਕੇ ਰਾਜਧਾਨੀ ਕਾਇਮ ਕੀਤੀ। ਮਗਰੋਂ ਜਦੋਂ ਸ਼ਹਾਬੁਦੀਨ ਗੋਰੀ ਨੇ ਹਮਲਾ ਕੀਤਾ ਤਾਂ ਕਨੌਜ ਦਾ ਰਾਜਾ ਡਰਦਾ ਮਾਰਾ ਨਗਰ ਛੱਡ ਗਿਆ ਅਤੇ ਗੁਜਰਾਤ ਦਾ ਸ਼ਹਿਰ ਬੜੌਦਾ ਆਬਾਦ ਕੀਤਾ। ਇਸ ਰਾਜੇ ਦੇ ਤਿੰਨ ਪੁੱਤਰ ਸਨ: ਆਸਥਾਨ, ਸੋਨਗ ਅਤੇ ਅਜ। ਆਸਥਾਨ ਦੇ ਅੱਗੋਂ 8 ਪੁੱਤਰ ਸਨ। ਇਨ੍ਹਾਂ ਵਿਚੋਂ ਦੂਹੜ ਸਭ ਤੋਂ ਤਕੜਾ ਸੀ। ਦੂਹੜ ਦੇ 7 ਪੁੱਤਰ ਸੀ ਜਿਨ੍ਹਾਂ ਵਿਚੋਂ ਰਾਇਪਾਲ ਸਭ ਤੋਂ ਵੱਡਾ ਸੀ। ਰਾਇਪਾਲਦੇ 13 ਪੁੱਤਰ ਸਨ ਜਿਨ੍ਹਾਂ ਵਿਚੋਂ ਸਭ ਤੋਂ ਵੱਡਾ ਕਰਨ ਸੀ। ਕਰਨ ਦੇ ਵਾਰਿਸ ਸਨ: ਜਲਹਨ, ਛਾਡਾ , ਟੀਡਾ, ਸਲਖਾ, ਬੀਰਮ ਦੇਵ ਤੇ ਚੂੰਡਾ। ਚੂੰਡਾ ਦੀ ਮੌਤ 1394 ਵਿਚ ਹੋਈ। ਉਸ ਮਗਰੋਂ ਰਿੜਮਲ (ਕੋਰਪਾਲ) ਗੱਦੀ 'ਤੇ ਬੈਠਿਆ। ਰਿੜਮਲ ਦੇ 24 ਪੁੱਤਰ ਸਨ। ਇਨ੍ਹਾਂ ਦੀਆਂ 24 ਮੂੰਹੀਆਂ ਕਾਇਮ ਹੋਈਆਂ। ਰਿੜਮਲ ਦਾ ਸਭ ਤੋਂ ਵੱਡਾ ਪੁੱਤਰ ਜੋਧਾ ਸੀ। ਉਸ ਨੇ ਜੋਧਪੁਰ ਨਗਰ ਦੀ ਨੀਂਹ ਰੱਖੀ। ਰਿੜਮਲ ਦਾ ਸਤਵਾਂ ਪੁੱਰ ਲਾਖਾ ਜੀ (ਲਾਖਨ) ਸੀ। ਲਾਖਾ ਜੀ ਦੇ ਅੱਗੋਂ 8 ਪੁੱਤਰ ਸੀ: ਭੀਖਾ, ਜਉਨਾ, ਮੋਹਨ, ਬਾਲਾ, ਆਲਾ, ਧਰਮ ਸੀ, ਨੈਨਾ ਅਤੇ ਜਟੂ।


ਇਨ੍ਹਾਂ ਵਿਚੋਂ ਸਿੱਖ ਪੰਥ ਦਾ ਸਬੰਧ ਜਉਨ ਨਾਲ ਹੈ ਜਿਸ ਤੋਂ ਲਾਖਾ ਜੀ ਦੀ ਮੁਢਾਲ ਲੜੀ ਚਲੀ। ਇਸ ਲੜੀ ਦੀਆਂ ਡਿਹਉਹ, ਬਰਸੰਘਣਾ ਵਗੈਰਾ 52 ਮੂੰਹੀਆਂ ਹਨ।

ਰਿੜਮੱਲ

|


ਲਾਖਾ ਜੀ

|



(ਸੋਮਾ: ਭੱਟ ਵਹੀ ਭਾਦਸੋਂ, ਸਫਾ 24)

ਭਾਈ ਰਣਮਲ (ਰਾਠੌਰ) ਦਾ ਕੁਰਸੀਨਾਮਾ




- ਰੂਪ ਸਿੰਘ
  - ਮੋਹਨ ਸਿੰਘ
    - ਨਵ੍ਹੀਆ ਸਿੰਘ
      - ਬਖਸ਼ੀਸ਼ ਸਿੰਘ
        - ਪ੍ਰੇਮ ਸਿੰਘ
        - ਸਦਾ ਸਿੰਘ
          - ਨਾਨੂ ਸਿੰਘ
          - ਧੰਨਾ ਸਿੰਘ
          - ਮਤਾਬ ਸਿੰਘ
            - ਬੇਲਾ ਸਿੰਘ
              - ਹੇਮ ਸਿੰਘ
                - ਚਰਨ ਸਿੰਘ
                - ਤੀਰਥ ਸਿੰਘ
                - ਕਪੂਰ ਸਿੰਘ
            - ਨੱਥਾ ਸਿੰਘ
        - ਖੜਗ ਸਿੰਘ
- ਕੀਰਤ ਸਿੰਘ
  - ਕਰਨ ਸਿੰਘ (6-4-1709)
- ਈਸ਼ਰ ਸਿੰਘ (29.8.1700)
- ਸੂਰਤ ਸਿੰਘ (8.10.1700)


(ਸੋਮਾ: ਭੱਟ ਵਹੀ ਮੋਹਰਾਂ ਵਾਲੀ)

- ਦਰਬਾਰਾ ਸਿੰਘ
  - ਲਹਿਣਾ ਸਿੰਘ
    - ਦੇਵਾ ਸਿੰਘ
      - ਸੁਦਾਗਰ ਸਿੰਘ
  - ਮੋਤੀ ਸਿੰਘ
    - ਸੋਭਾ ਸਿੰਘ
    - ਭਗਤ ਸਿੰਘ
    - ਜਗਤ ਸਿੰਘ
    - ਬੀਰ ਸਿੰਘ
  - ਜੋਤੀ ਸਿੰਘ
- ਰੂਪ ਸਿੰਘ
- ਹਜ਼ਾਰਾ ਸਿੰਘ
- ਮਿਠਾ ਸਿੰਘ

ਇਨ੍ਹਾਂ ਦੀਆਂ ਅੱਗੋਂ ਹੋਰ ਵੀ ਪੀੜ੍ਹੀਆਂ ਹਨ। ਇਨ੍ਹਾਂ 'ਚੋਂ ਕਈ ਘਰ ਪਿੰਡ ਬੋਲੜ ਕਲਾਂ, ਜ਼ਿਲ੍ਹਾ ਪਟਿਆਲਾ ਵਿਚ ਰਹਿ ਰਹੇ ਹਨ।

ਭਾਈ ਧਰਮਾ (ਰਾਠੌਰ) ਦਾ ਕੁਰਸੀਨਾਮਾ





(ਇਨ੍ਹਾਂ ਦੀ ਅੱਗੋਂ ਹੋਰ ਵੀ ਪੀੜ੍ਹੀਆਂ ਹਨ। ਇਨ੍ਹਾਂ ਵਿਚੋਂ ਕਈ ਪਰਿਵਾਰ ਪਿੰਡ ਲੁਹਾੜਾ ਜ਼ਿਲ੍ਹਾ ਕੁਰਖੇਤਰ, ਹਰਿਆਣਾ ਵਿਚ ਰਹਿ ਰਹੇ ਹਨ।)

ਭਾਈ ਸੁਖੀਆ ਮਾਂਡਨ (ਰਾਠੌਰ) ਦਾ ਕੁਰਸੀਨਾਮਾ

ਇਹ ਰਾਠੌਰ-ਚੌਹਾਨ ਰਾਜਪੂਤ ਸਨ, ਭਾਈ ਸੁਖੀਆ ਮਾਂਡਨ ਦੇ ਦਾਦੇ ਊਦਾ ਕਰ ਕੇ ਇਨ੍ਹਾਂ ਨੂੰ "ਊਦਾਨੇ" ਵੀ ਕਿਹਾ ਜਾਂਦਾ ਸੀ

- ਨਾਥੂ
  - ਊਦਾ
    - ਮਾਂਡਨ (27-9-1621) ਜ਼ਖ਼ਮੀ, ਪਤਨੀ ਮਲੂਕੀ (ਬੇਟੀ ਭਾਈ ਬੱਲੂ)
      - ਸੁਖੀਆ (16-12-1634) (ਭਾਈ ਮਨੀ ਸਿੰਘ ਦਾ ਫੁੱਫੜ)
        - ਤੇਰਾ
        - ਭਗਾ
        - ਰਾਮਾ
        - ਸਹਿਸਾ
        - ਮੱਖਣ
      - ਭੂਰਾ
      - ਰਵਿਦਾਸ
      - ਬਿਹਾਰੀ (27-9-1621 ਜ਼ਖ਼ਮੀ)
    - ਅਸਧੀਰ
    - ਆਲਾ
    - ਦੂਜਨ

ਦੇਵਾ ਸਿੰਘ
(8-10-1700)

ਬਜਰ ਸਿੰਘ
(13-5-1710)
ਗੁਰੂ ਗੋਬਿੰਦ ਸਿੰਘ
ਸਾਹਿਬ ਦਾ
ਉਸਤਾਦ ਸੀ

ਜੀਤਾ ਸਿੰਘ
14.10.1700
(ਵਖਰਾ ਕੁਰਸੀ ਨਾਮਾ)


ਨੇਤਾ ਸਿੰਘ
14.10.1700
(ਵਖਰਾ ਕੁਰਸੀ ਨਾਮਾ)


ਉਦੇ ਸਿੰਘ
(24.6.1634)

ਬੇਟੀ ਭਿੱਖਾਂ
(ਸਿੰਘਣੀ ਭਾਈ ਆਲਮ ਸਿੰਘ ਨੱਚਣਾ
6-12-1705 ਝੱਖੀਆਂ ਪਿੰਡ ਦੇ
ਭਾਈ ਜੀਵਨ ਸਿੰਘ ਨਾਲ ਸ਼ਹੀਦ ਹੋਈ)

ਭਾਈ ਜੀਤਾ/ਅਜੀਤ ਸਿੰਘ (ਰਾਠੌਰ) ਦਾ ਕੁਰਸੀਨਾਮਾ

ਭਾਈ ਸੁਖੀਆ ਮਾਂਡਨ ਦਾ ਪੋਤਾ ਭਾਈ ਜੀਤਾ/ਅਜੀਤ ਸਿੰਘ






(ਇਨ੍ਹਾਂ ਦੀਆਂ ਅੱਗੋਂ ਹੋਰ ਵੀ ਪੀੜ੍ਹੀਆਂ ਹਨ। ਇਨ੍ਹਾਂ ਵਿਚੋਂ ਕਈ ਘਰ ਅੱਜ ਕਲ੍ਹ ਪਟਿਆਲਾ ਸ਼ਹਿਰ ਵਿਚ ਵੀ ਰਹਿ ਰਹੇ ਹਨ)

ਭਾਈ ਨੇਤਾ ਸਿੰਘ (ਰਾਠੌਰ) ਦਾ ਕੁਰਸੀਨਾਮਾ

- ਮਾਂਡਨ
  - ਸੁਖੀਆ (16-12-1634)
    - ਰਾਮਾ
      - ਬਜਰ ਸਿੰਘ (13.5.1710)
      - ਜੀਤਾ ਸਿੰਘ (14.10.1700)
      - ਨੇਤਾ ਸਿੰਘ (14.10.1700)
        - ਆਲਮ ਸਿੰਘ (24.6.1734)
          - ਸੂਰਤ ਸਿੰਘ
          - ਸਾਧੂ ਸਿੰਘ
            - ਨੌਧ ਸਿੰਘ
            - ਗੁਲਾਬ ਸਿੰਘ
            - ਸੁੱਧਾ ਸਿੰਘ
            - ਬੁੱਢਾ ਸਿੰਘ
              - ਜਵਾਹਰ ਸਿੰਘ
              - ਗੁਰਦਿਤ ਸਿੰਘ
              - ਮਿਤ ਸਿੰਘ
        - ਕਾਹਨ ਸਿੰਘ (16.10.1704)
        - ਨਰੈਣ ਸਿੰਘ
          - ਧੂੰਮਾ ਸਿੰਘ
            - ਮੋਹਰ ਸਿੰਘ 13.10.1700
            - ਤੁਲਾ ਸਿੰਘ
            - ਮਾਲਾ ਸਿੰਘ
        - ਜੈਮਲ ਸਿੰਘ
      - ਉਦੈ ਸਿੰਘ (24.6.1734)

(ਇਕ ਸੋਮੇ ਮੁਤਾਬਿਕ ਨੇਤਾ ਸਿੰਘ ਦਾ ਇਕ ਬੇਟਾ ਕੇਹਰ ਸਿੰਘ ਵੀ ਸੀ ਜਿਹੜਾ ਦੋ ਬੇਟਿਆਂ, ਤਾਰੂ ਸਿੰਘ ਤੇ ਬਜਰ ਸਿੰਘ ਨਾਲ ਚਪੜ-ਚਿੜੀ ਵਿਚ 13 ਮਈ 1710 ਨੂੰ ਸ਼ਹੀਦ ਹੋਇਆ ਸੀ ਇਕ ਹੋਰ-ਸੋਮੇ ਮੁਤਾਬਿਕ ਤਾਰੂ ਸਿੰਘ ਤੇ ਬਜਰ ਸਿੰਘ ਕਾਹਨ ਸਿੰਘ ਦੇ ਬੇਟੇ ਸਨ)

(ਤੁਲਾ ਸਿੰਘ ਤੇ ਮਾਲਾ ਸਿੰਘ ਦੇ ਚਮਕੌਰ ਵਿਚ 7-12-1705 ਨੂੰ ਸ਼ਹੀਦ ਹੋਣ ਬਾਰੇ ਇਕ ਸੋਮਾ ਦਸਦਾ ਹੈ। ਹੋ ਸਕਦਾ ਹੈ ਕਿ ਤੇ ਹੋਰ ਸ਼ਹੀਦ ਹੋਏ ਹੋਣ)



(ਇਨ੍ਹਾਂ ਦੀਆਂ ਅੱਗੋਂ ਹੋਰ ਵੀ ਪੀੜ੍ਹੀਆਂ ਹਨ। ਇਹ ਗੁਰੂ ਨਾਨਕ ਸਾਹਿਬ ਦੇ ਨਗਰ ਕਰਤਾਰਪੁਰ ਵਿਚ ਰਹਿੰਦੇ ਰਹੇ ਸਨ ਤੇ 1947 ਵਿਚ ਪੂਰਬੀ ਪੰਜਾਬ ਆ ਗਏ ਸਨ।)

ਚੌਹਾਨ ਖ਼ਾਨਦਾਨ ਦਾ ਕੁਰਸੀਨਾਮਾ

(ਖ਼ਾਨਦਾਨ ਦੀ ਸ਼ੁਰੂਆਤ ਬਿਕਰਮੀ ਸੰਮਤ ਤੋਂ 425 ਸਾਲ ਪਹਿਲਾਂ ਦੀ ਹੈ)

ਸਧਨ ਵਾਂ (ਅਹਿਛੇਤਰਪੁਰ ਦਾ ਬਾਦਸ਼ਾਹ)

ਚਾਂਪ ਹਰਿ

ਕੋਰ ਸੀ

ਚਾਂਪਮਾਨ (ਪਤਨੀ ਕੀਤੇ)

ਚਾਹਮਾਨ/ਚੌਹਾਨ

ਨਰਸੀ

ਨਰਸੀ ਵਾਸਦੇਵ ਸਾਮੰਤਦੇਵ ਸਾਹਦੇਵ ਮਹੰਤ ਦੇਵ ਅਸਰਾਜ ਅਰਮੰਤ ਦੇਵ ਮਾਣਕ ਰਾਵ ਮਾਣਕ ਰਾਵ ਲਖਨ ਦੇਵ ਅਨਲ ਦੇਵ

ਸਵਛ ਦੇਵ ਅਜਰਾਜ ਜੈ ਰਾਜ ਵਿਜੈ ਰਾਜ ਵਿਗਰਹ ਰਾਜ ਚੰਦਰ ਰਾਜ ਦੁਰਲਭ ਰਾਜ।

ਗੁਣਕ ਸ਼ਸ਼ੀ (ਸ੍ਰੀ ਦੇਵ ਦੀ ਪਤਨੀ)

ਗੁਣਕ ਦੇਵ ਕੇਲਨ ਦੇਵ (ਜਨਮ ਭਾਦੋਂ ਵਦੀ 9 ਸਾਲ 413 ਬਿਕਰਮੀ) ਗੁਣਕ ਦੇਵ ਨੂੰ ਨਾਨੇ ਦੁਰਲਭ ਰਾਜ ਨੇ ਗੋਦ ਲਿਆ।

ਗੂਣਕ ਦੇਵ/ਗੂਗਾ (ਜਨਮ 356 ਸੰਨ, ਬਿਕਰਮੀ 413 ਭਾਦੋਂ ਵਦੀ ਨੌਵੀ)

ਚੰਦਨ ਦੇਵ   ਮੂੰਡ ਰਾਜ

ਰਾਜ ਵਧਜ   ਵਾਕ ਪਤ   ਹਰੀ ਦੇਵ (ਸੱਧਨ ਵਾਂ ਦੀ 25ਵੀਂ ਪੀੜ੍ਹੀ)

ਸ਼ਾਲੀ ਬਾਹਨ

ਅਜੈ ਪਾਲ (ਸੇਵੜੀ ਰਾਣੀ ਨਾਲ ਵਿਆਹ ਕੀਤਾ)

ਦੂਸਲ   ਬੀਸਲ ਦੇਵ   ਅਨਲ ਦੇਵ   ਵਿਗਰਹ ਰਾਜ   ਮਾਂਡਲ ਦੇਵ   ਦਾਂਤਕ ਜੀ

ਬਲਭਦਰ   ਸੋਮ ਜੀ   ਸਾਰੰਗ   ਗੰਗਵੇ   ਪੀਥਲ ਰਾਇ   ਲਾਹੌੜੀਆ   ਬੀਰ ਰਾਇ   ਦੂਲਟ ਰਾਇ

ਰਾਣ ਜੀ   ਅਲਹਨ ਸੀ

ਬੀਕਮ ਹਰਦੇਵਲ   ਅਰਣੌਂ ਰਾਜ

ਗੌਲ ਗੋਇਲ   ਜੈਸੀ   ਕੰਠਪਾਲ   ਪੀਥਲ ਦੇਵ   ਅਨੰਦ ਮੇਵ   ਅਮਰ ਗੰਗੇਵ

ਗਜ਼ਲ   ਸੁਮੇਸ਼ਵਰ ਅਨੰਦ (ਪਤਨੀ ਕਮਲਾਵਤੀ ਅਨੰਗਨੀ)

ਪ੍ਰਿਥਵੀਰਾਜ ਚੌਹਾਨ

(ਜਨਮ ਅਜਮੇਰ 'ਚ 1148 ਸੰਨ. ਬਿਕਰਮੀ ਸੰਮਤ 1205 ਦੀ ਜੇਠ ਸੁਦੀ 11)   ਅਜਮੇਰ ਵਿਚ 1155 ਵਿਚ ਪ੍ਰਿਥਵੀ ਰਾਜ ਚੌਹਾਨ ਨਾਨਾ ਅਨੰਗਪਾਲ ਨੇ ਗੋਦ ਲਿਆ

ਭਾਈ ਭਗਵਾਨ ਸਿੰਘ ਦਾ ਕੁਰਸੀਨਾਮਾ

ਭਾਈ ਬੱਲੂ (13-4-1634)

ਭਾਈ ਮਾਈ ਦਾਸ

ਭਾਈ ਮਨੀ ਸਿੰਘ (24-6-1734)

ਭਾਈ ਭਗਵਾਨ ਸਿੰਘ (30-8-1700)

ਖਾਨੂ ਸਿੰਘ — ਨਾਨੂ ਸਿੰਘ

ਗੁਰਦਾਸ ਸਿੰਘ — ਹਰੀ ਸਿੰਘ — ਕਰਮ ਸਿੰਘ — ਬਿਜੈ ਸਿੰਘ — ਹਰਿਦਾਸ ਸਿੰਘ

ਸੰਤ ਸਿੰਘ — ਮਿਸਰਾ ਸਿੰਘ — ਬਾਗ ਸਿੰਘ — ਸੂਬਾ ਸਿੰਘ — ਸ਼ਰਮ ਸਿੰਘ — ਆਇਆ ਸਿੰਘ — ਸੁਚੇਤ ਸਿੰਘ — ਰਾਮ ਸਿੰਘ — ਦੇਸਾ ਸਿੰਘ

ਤੇਗਾ ਸਿੰਘ — ਰੁਘਾ ਸਿੰਘ — ਦੈਆ ਸਿੰਘ — ਸ਼ਾਮ ਸਿੰਘ

(ਇਨ੍ਹਾਂ ਦੀਆਂ ਅੱਗੋਂ ਹੋਰ ਵੀ ਕਈ ਪੀੜ੍ਹੀਆਂ ਹਨ)

ਭਾਈ ਗਜਲ ਸਿੰਘ ਖ਼ਾਨਦਾਨ ਦਾ ਕੁਰਸੀਨਾਮਾ


- ਗੋਲ/ਗੋਇਲ
  - ਗਜਲ
    - ਹਰਿਦਾਸ
      - ਪਾਲਾ
      - ਸੂਰਜਾ
    - ਉਦੈ ਕਰਨ
      - ਖੇਮਾ
      - ਅੰਬੀਆ
        - ਕਉਲਾ
          - ਕਿਸ਼ਨਾ (27-4-1635)
          - ਪਦਮਾ
            - ਦੁਰਗਾ (ਵਖਰਾ ਕੁਰਸੀਨਾਮਾ)
            - ਜੱਗੂ (ਵੱਖਰਾ ਕੁਰਸੀਨਾਮਾ)
            - ਰਮਦਾਸ ਖਾਨੂ
            - ਲਾਲ
            - ਹੇਮਦਾਸ
            - ਚਤਰਾ
            - ਸੁਖਨਾ
      - ਰਾਜਾ
      - ਗੋਹਲਾ
    - ਨੱਥਾ


(ਭਾਈ ਦੁਰਗਾ, ਜੱਗੂ, ਅਰਦਾਸ, ਖਾਨੂ, ਲਾਲ, ਹੇਮਦਾਸ, ਚਤਰਾ, ਸੁਖਨਾ ਚੌਹਾਨ ਖ਼ਾਨਦਾਨ ਦੇ ਮੋਢੀ ਸਧਨ ਵਾਂ ਤੋਂ 60ਵੀਂ ਪੀੜ੍ਹੀ ਅਤੇ ਚੌਹਾਨ ਤੋਂ 56ਵੀਂ ਪੀੜ੍ਹੀ ਬਣਦੇ ਹਨ। ਪਿਛਲੇ ਸਫ਼ੇ ਤਾਤੇ ਕੁਰਸੀਨਾਮੇ ਵਿਚ 42 ਤੋਂ ਵੱਧ ਪੀੜ੍ਹੀਆਂ ਦੇ ਨਾਂ ਦਿੱਤੇ ਹੋਏ ਹਨ।)

(ਸੋਮਾ: ਭੱਟ ਵਹੀ ਭਾਦਸੋਂ, ਸਫ਼ਾ 146)

ਭਾਈ ਦੁਰਗਾ ਚੌਹਾਨ ਦਾ ਕੁਰਸੀਨਾਮਾ

(ਭਾਈ ਉਦੈ ਕਰਨ ਨੇ ਸਿਆਲਕੋਟ ਨੇੜੇ ਪਿੰਡ ਦਬੁਰਜੀ ਬੰਨ੍ਹਿਆ ਸੀ ਜੋ ਮਗਰੋਂ ਦਬੁਰਜੀ ਉਦੈ ਕਰਨ ਵਾਲੀ ਵਜੋਂ ਜਾਣਿਆ ਜਾਣ ਲੱਗ ਪਿਆ। ਅਠਾਰਵੀਂ ਸਦੀ ਵਿਚ ਇਹ ਪਿੰਡ ਦੁਰਾਨੀ ਨੇ ਤਬਾਹ ਕਰ ਦਿੱਤਾ ਸੀ। ਮਗਰੋਂ ਇਕ ਕਿਲੋਮੀਟਰ ਦੂਰ ਨਵੀਂ ਦਬੁਰਜੀ ਵਸਾਈ ਗਈ)





(ਉਪਰ ਜ਼ਿਕਰ ਕੀਤੇ ਪਰਿਵਾਰਾਂ 'ਚੋਂ ਸਿਰਫ ਕੁਝ ਨਾਂ ਹੀ ਦਿੱਤੇ ਹਨ। ਉਪਰਲੇ ਅਤੇ ਹੇਠਲੇ ਨਾਂਵਾਂ ਵਿਚੋਂ ਕਈਆਂ ਦੀਆਂ ਅੱਗੋਂ ਹੋਰ ਵੀ ਪੀੜ੍ਹੀਆਂ ਹਨ। ਇਨ੍ਹਾਂ ਵਿਚੋਂ ਕਈ ਘਰ ਪਿੰਡ ਸਲੇਮਪੁਰ, ਪਟਿਆਲਾ, ਵਿਚ ਰਹਿ ਰਹੇ ਹਨ।)

ਭਾਈ ਅੜੂ ਰਾਮ ਤੇ ਕਿਰਪਾ ਰਾਮ ਦੱਤ ਦਾ ਕੁਰਸੀਨਾਮਾ

(ਮੁੰਝਾਲ-ਦੱਤ ਬ੍ਰਾਹਮਣ)

ਠਾਕਰ ਦਾਸ


ਨਰੈਣ ਦਾਸ
(ਗੁਰੂ ਨਾਨਕ ਸਾਹਿਬ ਜਦੋਂ ਮੱਟਨ, ਕਸ਼ਮੀਰ ਗਏ ਤਾਂ ਇਸ ਨੂੰ ਮੰਜੀ ਬਖ਼ਸ਼ੀ ਸੀ)

ਅੜੂ ਰਾਮ (ਖੰਡੇ ਦੀ ਪਾਹੁਲ ਮਗਰੋਂ ਗੁਰਮੁਖ ਸਿੰਘ)
(ਭਾਈ ਅੜੂ ਰਾਮ ਭਾਈ ਰਾਮਦਾਸ ਗੌਤਮ ਦਾ
ਜੁਆਈ ਅਤੇ ਭਾਈ ਪੈਰਾ ਤੇ ਪਰਾਗਾ ਦਾ ਜੀਜਾ ਸੀ)
ਅਲੂ ਰਾਮ

ਕਿਰਪਾ ਰਾਮ ਸਿੰਘ (7-12-1705)
ਸ਼ਿਵ ਦਾਸ
ਚੇਲਾ ਰਾਮ
ਸਨਮੁਖ ਦਾਸ (ਸਿੰਘ) (7-12-1705)


ਧਰਮ ਸਿੰਘ
ਈਸ਼ਰ ਸਿੰਘ


ਭਾਈ ਲੱਖੀ ਰਾਏ ਵਣਜਾਰਾ ਦਾ ਕੁਰਸੀਨਾਮਾ ਯਾਦਵ (ਬੜ੍ਹਤੀਆ ਕਨਾਇਤ ਰਾਜਪੂਤ)



(ਭਾਈ ਨਗਾਹੀਆ ਸਿੰਘ ਦੇ ਸਤ ਪੁਤਰ ਸਨ। ਇਨ੍ਹਾਂ ਵਿਚੋਂ ਦੋ ਭਾਈ ਅਘੜ ਸਿੰਘ ਤੇ ਬਰਾਜ ਸਿੰਘ ਜੂਝਦੇ ਰਹੇ ਅਤੇ ਸ਼ਹੀਦ ਹੋਏ)
ਇਨ੍ਹਾਂ ਦੀਆਂ ਅੱਗੋਂ ਹੋਰ ਵੀ ਪੀੜ੍ਹੀਆਂ ਹਨ ਅਤੇ ਕਈ ਘਰ ਅਜੇ ਵੀ ਦਿੱਲੀ ਵਿਚ ਰਹਿ ਰਹੇ ਹਨ।

ਭਾਈ ਮਖਣ ਸ਼ਾਹ ਲੁਬਾਣਾ ਦਾ ਕੁਰਸੀਨਾਮਾ





(ਨੋਟ : ਇਕ ਸੋਮੇ ਵਿਚ ਭਾਈ ਮੱਖਣ ਸ਼ਾਹ ਦੇ ਪੁੱਤਰ ਜਵੰਦ ਸਿੰਘ ਦਾ ਚਮਕੌਰ ਵਿਚ ਸ਼ਹੀਦ ਹੋਣ ਦਾ ਜ਼ਿਕਰ ਮਿਲਦਾ ਹੈ ਪਰ ਕੁਰਸੀਨਾਮਿਆਂ ਵਿਚ ਜਵੰਦ ਸਿੰਘ ਦਾ ਨਾਂ ਕਿਤੇ ਨਜ਼ਰ ਨਹੀਂ ਆਉਂਦਾ)


(ਪਹੇਵਾ ਵਿਚ ਪੰਡਤ ਸ਼ਰਧਾ ਰਾਮ ਦੇ ਪੁੱਤਰ ਪੰਡਿਤ ਪੂਰਨ ਨੰਦ ਅਤੇ ਪੋਤੇ ਕੋਲ ਪਈ ਵਹੀ ਦੇ ਸਫ਼ਾ 339 'ਤੇ ਅਜੇ ਹੋਰ ਵੀ ਕਈ ਪੀੜ੍ਹੀਆਂ ਦਰਜ ਹਨ)

ਇਹ ਪਰਿਵਾਰ ਪਹਿਲਾਂ ਮੋਟਾ ਟਾਂਡਾ (ਟਾਂਡਾ ਲੁਬਾਣਾ) ਜ਼ਿਲਾ ਮੁਜ਼ਫਰਾਬਾਦ (ਕਸ਼ਮੀਰ) ਵਿਚ ਰਹਿੰਦਾ ਰਿਹਾ ਸੀ। ਇਹ ਪਿੰਡ ਮੁਜ਼ਫਰਾਬਾਦ ਤੋਂ 28-29 ਕਿਲੋਮੀਟਰ ਦੂਰ ਹੈ।


ਭੱਟਾਂ ਦਾ ਕੁਰਸੀਨਾਮਾ


ਇਹ ਖ਼ਾਨਦਾਨ ਭਾਈ ਭਗੀਰਥ, ਕੋਸ਼ਿਸ਼-ਗੌੜ ਬ੍ਰਾਹਮਣ ਤੋਂ ਚਲਦਾ ਹੈ।

- ਭਗੀਰਥ
  - ਅੰਬੀਆ
    - ਲੂਨਸੀ
      - ਭੀਕਾ
        - ਬਨਵਾਰੀ
          - ਹਰਜੀ
            - ਪੂਤਾ
              - ਨਰਸੀ
              - ਲੂਨਸੀ
              - ਸੈਨਾ
              - ਬਾਂਕੜ
              - ਸੁਰਤਾ
            - ਨਾਨਕ
          - ਚਾਂਦ
          - ਬਲੀਆ
        - ਧਰਮਾ
        - ਈਸ਼ਰ
      - ਬੀਕਾ
      - ਨਾਨੂ
      - ਝਰਮਲ
      - ਦੇਸੂ
    - ਦੀਪਕ
    - ਉਦੀਆ
    - ਕੇਸ਼ਵ
  - ਕੇਲਨ
  - ਬੀਠਲ


ਰਈਆ ਦਰੀਆ ਚੂਹੜ
ਭੀਖਾ ਸੇਖਾ ਤੇਖਾ ਗੋਖਾ ਚੋਖਾ ਟੋਡਾ
(ਵਖਰਾ ਕੁਰਸੀਨਾਮਾ)
ਟੋਡਾ ਸਲ੍ਹ ਭਲ੍ਹ ਟਲ੍ਹ ਮੋਖਰਾ ਪਿੰਗਲਾ
ਦਾਸ ਨਲ, ਗੰਗ ਬਲ੍ਹ ਹਰਿਬੰਸ ਸੇਵਕ ਬਲੀਆ ਕਲੂਆ
ਦੂਦਾ ਜੈਂਦੀ
ਕੇਵਲ ਲਖਮਣ ਆਸਾ
ਬੀਰਬਲ
ਹਾਫਾ ਜਾਲਾ ਜੀਤਾ
ਨੰਦਾ ਓਮਾ
ਜਸਮਤ
ਮਨੀਆ

ਭੀਖਾ ਭੱਟ ਦਾ ਕੁਰਸੀਨਾਮਾ


ਨਰਸੀ
ਰਈਆ
ਭੀਖਾ
ਕਲ੍ਹ
ਮਥਰਾ
(3-10-1621)
ਜਾਲਮ
ਕੀਰਤ
(13-4-1634)
ਮਲੀਆ
ਦਲੀਆ
ਬੋਹਥ
ਬੇਦਸੀ
ਕੰਥਾ
ਗੋਪੀ
ਕੇਸੋ ਸਿੰਘ
(11-10-1711)
ਹਰੀ ਸਿੰਘ
(11-10-1711)
ਦੇਸਾ ਸਿੰਘ
(11-10-1711)
ਨਰਬੁਦ ਸਿੰਘ
11-10-1711
ਸ਼ਿਵਲਾਲ ਸਿੰਘ
ਤਾਰਾ ਸਿੰਘ
ਸੇਵਾ ਸਿੰਘ
ਦੇਵਾ ਸਿੰਘ
(ਤਿੰਨੇ 11-10-1711)
ਭੀਮ ਸਿੰਘ
ਅਮਰ ਸਿੰਘ
ਗਉਰ




(ਇਨ੍ਹਾਂ ਭੱਟਾਂ ਦੀਆਂ ਅੱਗੋਂ ਵੀ ਪੀੜ੍ਹੀਆਂ ਚਲਦੀਆਂ ਹਨ ਅਤੇ ਇਹ ਵੱਖ-ਵੱਖ ਥਾਵਾਂ 'ਤੇ ਰਹਿੰਦੇ ਹਨ)

ਭਾਈ ਜੱਗੂ ਚੌਹਾਨ ਦਾ ਕੁਰਸੀਨਾਮਾ

- ਉਦੈ ਕਰਨ
  - ਅੰਬੀਆ
    - ਕਊਲਾ
      - ਪਦਮਾ
        - ਜੱਗੂ
          - ਸਹਿਜ ਸਿੰਘ (11-10-1711)
          - ਡੋਗਰ ਸਿੰਘ (11-10-1711)
          - ਸੰਗਤ ਰਾਇ (19-2-1696)
          - ਹਨਵੰਤ ਰਾਇ (19-2-1696)
          - ਮੁਨਸ਼ਾ ਸਿੰਘ
          - ਹਾਠੂ ਸਿੰਘ (12-4-1709)
          - ਹੀਰਾ ਸਿੰਘ (11-10-1711)
          - ਦਿਆਲ ਸਿੰਘ (11-10-1711)

ਭਾਈ ਗੌਤਮ (ਛਿਬਰ ਬ੍ਰਾਹਮਣ) ਦਾ ਕੁਰਸੀਨਾਮਾ



ਭਾਈ ਰਾਇ ਸਿੰਘ ਹਜ਼ੂਰੀ ਦਾ ਕੁਰਸੀਨਾਮਾ

- ਗੌਤਮ "ਰਮਦਾਸ"
  - ਪੈਰਾ
  - ਸੁਰਸਤੀ ਬੀਬੀ
  - ਪ੍ਰਾਗਦਾਸ
    - ਦਵਾਰਕਾ ਦਾਸ (ਲੱਖੀ ਦਾਸ)
      - ਕਬੂਲਾ
        - ਸੰਤੀ ਦਾਸ
          - ਮੁਕੰਦ ਸਿੰਘ (3-12-1705)
          - ਰਾਇ ਸਿੰਘ ਹਜ਼ੂਰੀ (9-6-1716)
            - ਹਰਿਜਸ ਸਿੰਘ
            - ਧਰਮਜਸ ਸਿੰਘ
              - ਰਾਮ ਕਿਸ਼ਨ
              - ਰਾਧਾ ਕਿਸ਼ਨ
            - ਜੈ ਭਾਨ ਸਿੰਘ
              - ਰਾਜੂ
              - ਰਾਮ ਦਿਆਲ
              - ਹਰਿਦਿਆਲ
              - ਉਤਮ ਚੰਦ
              - ਮੰਗਲ ਸੈਨ
            - ਮਿਸਰਾ ਸਿੰਘ
        - ਜੰਤੀ ਦਾਸ
      - ਹੀਰਾ ਮਲ/ਹੀਰਾ ਨੰਦ
        - ਸਤੀ ਦਾਸ (11.11.1675)
        - ਮਤੀ ਦਾਸ (11.11.1675)
        - ਜਤੀ ਦਾਸ

ਦੇਵੀ ਸਹਾਇ ਜਵਾਲਾ ਸਹਾਇ ਮੇਹਰਾ ਮਖਣ ਸਿੰਘ ਸੁਲਖਣ ਸਿੰਘ

ਫੇਰੂ ਸ਼ਿਵ ਦਾਸ ਦੇਵੀ ਦਿਆਲ ਅਤਰਾ ਅਮੀਰ ਚੰਦ ਤੱਲੂ ਚਤਰੂ ਅੰਮ੍ਰਿਤ ਸੁਦਾਗਰ ਸ਼ਾਮ ਦਾਸ

ਮੇਘ ਰਾਜ ਹੇਮ ਰਾਜ ਤਾਰਾ ਚੰਦ

ਪਰਮਾ ਨੰਦ ਬਾਲ ਮੁਕੰਦ

(ਪ੍ਰਧਾਨ ਹਿੰਦੂ ਮਹਾਂ ਸਭਾ)

ਮਹਾਂ ਬੀਰ ਚੂਨੀ ਲਾਲ ਗੋਪਾਲ ਦਾਸ ਕੁੰਦਨ ਲਾਲ

(ਇਹ ਪਰਿਵਾਰ ਨਵੀਂ ਦਿੱਲੀ ਵਿਚ ਰਹਿੰਦਾ ਹੈ)

ਪਰਮਜੀਤ ਸਿੰਘ ਅਮਰਜੀਤ ਸਿੰਘ ਭਾਰਤ ਦੀਪ ਸਿੰਘ ਅਸ਼ੋਕ ਸਿੰਘ

ਇਸ ਪਰਿਵਾਰ ਦੀਆਂ ਅਗੋਂ ਹੋਰ ਪੀੜ੍ਹੀਆਂ ਹਨ। ਇਨ੍ਹਾਂ ਵਿਚੋਂ ਕਈ ਮਧੂਬਨ, ਜ਼ਿਲ੍ਹਾ ਕਰਨਾਲ ਵਿਚ ਰਹਿ ਰਹੇ ਹਨ।

ਸ਼ਹੀਦ ਭਾਈ ਰਾਇ ਸਿੰਘ ਹਜ਼ੂਰੀ ਦੇ ਪੁੱਤਰ ਸਿੱਖ ਸਨ ਪਰ ਪੋਤੇ ਹਿੰਦੂ ਬਣ ਗਏ ਸਨ। ਇਸ ਮਗਰੋਂ ਵੀ ਸਾਰੀਆਂ ਪੁਸ਼ਤਾਂ ਹਿੰਦੂ ਹੀ ਰਹੀਆਂ। ਸਿਰਫ਼ ਭਾਈ ਰਾਇ ਸਿੰਘ ਤੋਂ ਸਤਵੀਂ ਪੀੜ੍ਹੀ ਵਿਚ ਭਾਈ ਕੁੰਦਨ ਲਾਲ ਦੇ ਬੱਚੇ ਸਿੰਘ ਸਜੇ ਸਨ।

ਭਾਈ ਨੰਦ ਲਾਲ ਦਾ ਕੁਰਸੀਨਾਮਾ

- ਦੀਵਾਨ ਛੱਜੂ ਰਾਮ (ਆਂਗਰਿਸ ਖਤਰੀ)
  - ਨੰਦ ਲਾਲ
    - ਲਖਪਤ ਰਾਇ
    - ਲੀਲਾ ਰਾਮ
      - ਨੌਧ ਰਾਮ
        - ਪਰਸ ਰਾਮ
          - ਕਰਮ ਚੰਦ
            - ਲਾਲ ਚੰਦ
              - ਵੀਰ ਭਾਨ
                - ਅਮਰ ਸਿੰਘ
            - ਮੋਹਨ ਲਾਲ
              - ਰਾਮ ਨਾਰਾਇਣ
                - ਚੰਦਰ ਭਾਨ
          - ਨੇਮ ਰਾਜ
            - ਭੂਪਤ ਰਾਇ
              - ਮੁਰਲੀਧਰ
              - ਭਗਵਾਨ ਦਾਸ
              - ਸ਼ਾਮ ਦਾਸ

(ਖੰਡੇ ਦੀ ਪਾਹੁਲ ਲੈ ਕੇ ਖ਼ਾਨਦਾਨ 'ਚ ਪਹਿਲਾ ਸਿੰਘ ਸਜਿਆ। ਭਾਈ ਨੰਦ ਲਾਲ ਤੋਂ ਅਠਵੀਂ ਪੁਸ਼ਤ)

ਭਾਈ ਸਿੰਘਾ ਪਰੋਹਤ ਦਾ ਕੁਰਸੀਨਾਮਾ

ਭਾਈ ਸਿੰਘਾ (13-4-1634)

|

ਭਾਈ ਜਾਤੀ ਮਲਕ

|

ਭਾਈ ਦਯਾ ਰਾਮ (ਸਿੰਘ) ਪੁਰੋਹਤ

ਭਾਈ ਛਬੀਲ ਸਿੰਘ ਦਾ ਕੁਰਸੀਨਾਮਾ

ਭਾਈ ਲੱਧਾ

ਚੰਦਾ

ਛਬੀਲ ਸਿੰਘ

ਕੇਸਰ ਸਿੰਘ (14-10-1700) | ਜੇਠਾ ਸਿੰਘ (11-10-1711) | ਧਰਮ ਸਿੰਘ (11-10-1711)


ਭਗਤ ਸਿੰਘ

ਭਾਈ ਜ਼ੋਰਾਵਰ ਸਿੰਘ ਪਾਲਿਤ ਦਾ ਕੁਰਸੀਨਾਮਾ

ਇਸ ਪਰਿਵਾਰ ਦਾ ਪਿਛੋਕੜ ਲੋਟਾ-ਤਰਖਾਣ ਖ਼ਾਨਦਾਨ ਦਾ ਹੈ

ਨੱਥੂ/ਨਥੀਆ

ਖ਼ੁਸ਼ੀਆ | ਵੀਰ ਸਿੰਘ | ਜ਼ੋਰਾਵਰ ਸਿੰਘ (2-4-1708)





(ਇਨ੍ਹਾਂ ਦੇ ਅੱਗੋਂ ਹੋਰ ਵੀ ਪਰਿਵਾਰ ਹਨ। ਇਹ ਪਰਿਵਾਰ ਜ਼ੋਰਾਵਰ ਸਿੰਘ ਪਾਲਿਤ ਦੇ ਡੇਰਿਆਂ, ਖਿ ਜ਼ਰਾਬਾਦ, ਬੱਸੀ ਪਠਾਣਾਂ, ਉਗਾਣਾ ਅਤੇ ਕੋਟਲਾ ਨਿਹੰਗ ਦਾ ਇੰਤਜ਼ਾਮ ਕਰ ਰਹੇ ਹਨ)

ਨਾਇਕ ਆਲਿਮ ਸਿੰਘ ਜਮੀਅਤਦਾਰ ਦਾ ਕੁਰਸੀਨਾਮਾ

(ਰਾਠੌਰ-ਰਾਜਪੂਤ ਪਰਿਵਾਰ, ਵਾਸੀ ਲਾਡਵਾ, ਜ਼ਿਲ੍ਹਾ ਕੁਰਖੇਤਰ)

ਭਾਈ ਆਲਿਮ ਸਿੰਘ ਨੂੰ ਅਪ੍ਰੈਲ 1698 ਵਿਚ ਪਟਨਾ ਸਾਹਿਬ ਦੀ ਸੇਵਾ-ਸੰਭਾਲ ਵਾਸਤੇ ਅਨੰਦਪੁਰ ਸਾਹਿਬ ਤੋਂ ਭੇਜਿਆ ਗਿਆ ਸੀ। ਆਪ ਦੇ ਨਾਲ ਭੇਜੇ ਗਏ ਪੰਜ ਸਿੰਘ ਇਹ ਸਨ: 1. ਭਾਈ ਲਾਲ ਸਿੰਘ ਰਮੁਦਾਸ (ਬੇਟਾ ਨਾਇਕ ਕੋਕਲਾ ਦਾ), ਪੂਰਬੀਆ ਸਿੰਘ, 2. ਭਾਈ ਸੋਭਾ ਸਿੰਘ (ਬੇਟਾ ਪ੍ਰਾਣ ਨਾਥ ਦਾ), 3. ਭਾਈ ਮਲੂਕ ਸਿੰਘ (ਬੇਟਾ ਭਾਈ ਚੇਤਨ ਦਾਸ ਦਾ), 4. ਭਾਈ ਭਗਵਾਨ ਸਿੰਘ (ਬੇਟਾ ਭਾਈ ਮੁਰਲੀ ਧਰ ਦਾ), 5. ਭਾਈ ਜੇਠਾ ਸਿੰਘ (ਬੇਟਾ ਭਾਈ ਮੇਹਰ ਸਿੰਘ ਦਾ), ਦੱਖਣੀ ਸਿੰਘ। (ਸੋਮਾ : **ਭੱਟ ਵਹੀ ਪੂਰਬੀ ਦੱਖਣੀ**)






(ਇਨ੍ਹਾਂ ਦੀਆਂ ਅੱਗੋਂ ਹੋਰ ਵੀ ਕਈ-ਕਈ ਪੀੜ੍ਹੀਆਂ ਹਨ। ਇਹ ਪਰਿਵਾਰ ਲਾਡਵਾ ਤੋਂ ਪਿੰਡ ਬੁਰਜ ਸਿੱਖਾਂ, ਤਹਿਸੀਲ ਫਾਲੀਆ, ਜ਼ਿਲ੍ਹਾ ਗੁਜਰਾਤ ਵਿਚ ਚਲੇ ਗਏ ਸਨ ਅਤੇ 1947 ਵਿਚ ਫਿਰ ਪੂਰਬੀ ਪੰਜਾਬ ਆ ਗਏ ਸਨ। ਹੁਣ ਇਹ ਵੱਖ-ਵੱਖ ਥਾਵਾਂ 'ਤੇ ਰਹਿ ਰਹੇ ਹਨ)।

ਭਾਈ ਨਾਨੂੰ ਸਿੰਘ ਦਿਲਵਾਲੀ ਦਾ ਕੁਰਸੀਨਾਮਾ

(ਛੀਂਬਾ ਦਰਜ਼ੀ ਖ਼ਾਨਦਾਨ, ਦਿਲਵਾਲੀ ਗੋਟ, ਦਿੱਲੀ ਵਾਲੇ)



ਭਾਈ ਧਰਮ ਸਿੰਘ (ਪਿਆਰਾ)

ਸੰਤ ਰਾਮ (ਪਤਨੀ ਮਾਤਾ ਜੱਸੀ, ਜਵੰਦਾ-ਜਾਟ। ਵਾਸੀ ਜਟਵਾੜਾ ਪਿੰਡ (ਹੁਣ ਮੇਰਠ ਦਾ ਹਿੱਸਾ)।

|

ਧਰਮ ਸਿੰਘ (ਮੌਤ ਨੰਦੇੜ)

|

ਬਾਜ਼ ਸਿੰਘ (ਨੰਦੇੜ ਅਤੇ ਮਗਰੋਂ ਬਰੇਲੀ, ਮੁਹੱਲਾ ਬਿਹਾਰੀਪੁਰ) ਡਾਕੂ ਖੇਮ ਕਰਨ ਮਾਰਿਆ ਸੀ।
ਸੋ ਵਾੜੀ ਜਗੀਰ ਮਿਲੀ ਇਸ ਦਾ ਤਕੜਾ
ਤਬੇਲਾ ਸੀ ਘੋੜਿਆਂ ਦਾ।

|

ਅਜਬ ਸਿੰਘ

|

ਚਤਰ ਸਿੰਘ

(ਇਸੇ ਬੰਸ ਵਿਚੋਂ ਨੱਧ ਸਿੰਘ ਕਲਸੀਆ ਰਿਆਸਤ ਵਿਚ ਰਿਸਾਲਦਾਰ ਸੀ)
ਅਜੇ ਵੀ ਹਰਦੂਆ ਗੰਜ (ਨੇੜੇ ਬਰੇਲੀ) ਇਸ ਦੀ ਕੁਲ ਵਸਦੀ ਹੈ।

ਭਾਈ ਤਾਰਾ ਸਿੰਘ ਡੱਲ-ਵਾਂ ਦਾ ਕੁਰਸੀਨਾਮਾ

ਇਹ ਪਰਿਵਾਰ ਬੁਟਰ-ਜੱਟ ਖ਼ਾਨਦਾਨ ਵਿਚੋਂ ਸੀ ਅਤੇ ਪਿੰਡ ਵਾਂ ਦੀ ਪੱਤੀ ਹੇਮੇ ਕੀ ਵਿਚ ਰਹਿੰਦਾ ਸੀ। ਪਿੰਡ ਡੱਲ ਅਤੇ ਵਾਂ ਇਕ ਦੂਜੇ ਦੇ ਨਾਲ ਜੁੜੇ ਹੋਣ ਕਰ ਕੇ ਡੱਲ-ਵਾਂ ਇਕੱਠਾ ਹੀ ਜਾਣਿਆ ਜਾਂਦਾ ਹੈ)

- ਚੌਧਰੀ ਅਟਲ ਰਾਇ
  - ਬਾਰਾ ਸਿੰਘ (ਬੇਟੀ ਬਿਸੋ)
  - ਤਾਰਾ ਸਿੰਘ
    - ਮੱਜਾ ਸਿੰਘ
      - ਦਿਆਲ ਸਿੰਘ
        - ਦੇਵਾ ਸਿੰਘ
          - ਜਵਾਲਾ ਸਿੰਘ
            - ਸੰਤ ਸਿੰਘ
      - ਸੁਜਾਨ ਸਿੰਘ
        - ਮਤਾਬ ਸਿੰਘ
          - ਵਧਾਵਾ ਸਿੰਘ
          - ਲਹਿਣਾ ਸਿੰਘ
        - ਗੁਲਾਬ ਸਿੰਘ


(ਇਸ ਪਰਿਵਾਰ ਦੀਆਂ ਅੱਗੋਂ ਵੀ ਹੋਰ ਪੀੜ੍ਹੀਆਂ ਹਨ)

(ਸੋਮਾ: ਪੰਡਾ ਵਹੀ ਪ੍ਰੋਹਤ ਮੰਨੂ ਲਾਲ, ਰਾਮ ਦਿੱਤਾ ਮਲ ਅਤੇ ਉਸ ਦੇ ਪੁੱਤਰ ਹਰਦੁਆਰ)

ਭਾਈ ਮਹਿਤਾਬ ਸਿੰਘ ਮੀਰਾਂ ਕੋਟ

ਭਾਈ ਮਹਿਤਾਬ ਸਿੰਘ ਮੀਰਾਂ ਕੋਟ ਨੂੰ 2 ਜੁਲਾਈ 1745 ਦੇ ਦਿਨ ਸ਼ਹੀਦ ਕੀਤਾ ਗਿਆ ਸੀ। ਆਪ ਨੇ ਸੁੱਖਾ ਸਿੰਘ ਦੇ ਨਾਲ, ਬੀਕਾਨੇਰ ਤੋਂ ਅੰਮ੍ਰਿਤਸਰ ਆ ਕੇ 11 ਅਗਸਤ 1740 ਦੇ ਦਿਨ ਦਰਬਾਰ ਸਾਹਿਬ ਦੀ ਬੇਹੁਰਮਤੀ ਕਰਨ ਵਾਲੇ ਮੱਸਾ ਰੰਘੜ ਦਾ ਸਿਰ ਵੱਢਿਆ ਸੀ ਅਤੇ ਬੀਕਾਨੇਰ ਲਿਜਾ ਕੇ ਸੰਗਤਾਂ ਅੱਗੇ ਪੇਸ਼ ਕੀਤਾ ਸੀ। ਮਗਰੋਂ ਉਹ ਗ੍ਰਿਫਤਾਰ ਕਰ ਲਏ ਗਏ ਸਨ।


ਭਾਈ ਮਹਿਤਾਬ ਸਿੰਘ ਭੰਗੂ ਦਾ ਕੁਰਸੀਨਾਮਾ



(ਸੋਮਾ: ਪਾਂਡਾ ਵਹੀ ਪ੍ਰੋਹਤ ਪੁਸ਼ਕਰ ਰਾਜ, ਬਿਸ਼ਨ ਦਤ, ਹਰਦੁਆਰ)

ਬਾਬਾ ਦੀਪ ਸਿੰਘ ਦਾ ਕੁਰਸੀਨਾਮਾ

(ਸ਼ਹੀਦੀ 11 ਨਵੰਬਰ 1757)



(ਸੋਮਾ: ਪਾਂਡਾ ਵਹੀ - ਕਿਰਪਾ ਰਾਮ ਪ੍ਰਭਾਕਰ, ਹਰਦੁਆਰ)

ਭਾਈ ਨਿਹੰਗ ਖ਼ਾਨ ਦਾ ਕੁਰਸੀਨਾਮਾ

ਸ਼ਾਹ ਸੁਲੇਮਾਨ ਖਾਂ

|

ਸੁਲਤਾਨ ਖਾਂ

|

ਸ਼ਮਸ ਖਾਂ

|

ਨੌਰੰਗ ਖਾਂ

|

ਨਿਹੰਗ ਖਾਂ

- ਆਲਮ ਖਾਂ (ਭਾਈ ਰਾਏ ਕਲ੍ਹਾ ਦਾ ਜੁਆਈ ਬਣਿਆ)
- ਮੁਮਤਾਜ (ਵੇਖੋ: ਭਾਈ ਬਚਿੱਤਰ ਸਿੰਘ)

ਇਹ ਪਰਿਵਾਰ ਕੋਟਲਾ ਨਿਹੰਗ (ਗੁਰਦੁਆਰਾ ਭੱਠਾ ਸਾਹਿਬ ਕੋਲ), ਨੇੜੇ ਰੋਪੜ ਵਿਚ ਰਹਿੰਦਾ ਸੀ। ਛੇਵੇਂ ਤੋਂ ਦਸਵੇਂ ਗੁਰੂ ਤਕ ਪੰਜ ਗੁਰੂ ਇਨ੍ਹਾਂ ਦੇ ਘਰ ਕਈ ਵਾਰ ਠਹਿਰੇ ਸਨ। 1947 ਤੋਂ ਮਗਰੋਂ ਇਨ੍ਹਾਂ ਦੇ ਵਾਰਿਸ ਪਾਕਿਸਤਾਨ ਚਲੇ ਗਏ।



ਡਾਕਟਰ ਹਰਜਿੰਦਰ ਸਿੰਘ 'ਦਿਲਗੀਰ' ਨੂੰ ਕਈ ਵਿਦਵਾਨਾਂ ਨੇ 'ਇਕ ਸ਼ਖ਼ਸੀਅਤ ਨਹੀਂ ਬਲਕਿ ਇਕ ਸੰਸਥਾ' ਕਿਹਾ ਹੈ। ਡਾ. ਦਿਲਗੀਰ ਸਿੱਖ ਇਤਿਹਾਸ ਅਤੇ ਫ਼ਿਲਾਸਫ਼ੀ ਦੇ ਗਿਣੇ ਚੁਣੇ ਚੋਟੀ-ਚੰਦ ਲੇਖਕਾਂ ਵਿਚ ਖ਼ਾਸ ਥਾਂ ਰਖਦਾ ਹੈ। ਉਸ ਦੀਆਂ ਹੁਣ ਤੱਕ ਤਿੰਨ ਦਰਜਨ ਤੋਂ ਵਧ ਕਿਤਾਬਾਂ ਛੱਪ ਚੁਕੀਆਂ ਹਨ। ਉਸ ਨੇ ਹਮੇਸ਼ਾਂ ਹੀ ਸਿੱਖ ਇਤਿਹਾਸ, ਫ਼ਿਲਾਸਫ਼ੀ ਅਤੇ ਸਭਿਆਚਾਰ ਦੇ ਅਣਛੋਹੇ ਵਿਸ਼ਿਆਂ 'ਤੇ ਹੀ ਲਿਖਿਆ ਹੈ। 'ਅਕਾਲ ਤਖ਼ਤ ਸਾਹਿਬ', 'ਸ਼੍ਰੋਮਣੀ ਅਕਾਲੀ ਦਲ', 'ਸਿੱਖ ਕਲਚਰ', 'ਅਨੰਦਪੁਰ ਸਾਹਿਬ', ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ', ਬਾਰੇ ਉਸ ਨੇ ਸਭ ਤੋਂ ਪਹਿਲਾਂ ਲਿਖਿਆ ਤੇ ਅੱਜ ਤੱਕ ਇਨ੍ਹਾਂ ਵਿਸ਼ਿਆਂ ਬਾਰੇ ਡਾ. ਦਿਲਗੀਰ ਤੋਂ ਅਗਲੇਰੀ ਤੇ ਬੇਹਤਰ ਕੋਈ ਪੁਸਤਕ ਨਹੀਂ ਆ ਸਕੀ।

The Sikh Reference Book ਜੋ ਕਿ ਸਿੱਖ ਇਨਸਾਈਕਲੋਪੀਡੀਆ ਤੋਂ ਵੀ ਵਧ 'ਮਹਾਨ ਕੋਸ਼' ਹੈ ਉਸ ਦੀ ਇਕ ਅਹਿਮ ਪ੍ਰਾਪਤੀ ਹੈ। ਅਨੰਦਪੁਰ ਸਾਹਿਬ ਵਿਚ ਚਲ ਰਿਹਾ 'ਲਾਈਟ ਐਂਡ ਸਾਊਂਡ' ਵੀ ਉਸੇ ਦੀ ਕਲਮ ਦੀ ਕਰਾਮਾਤ ਹੈ। ਸਿੱਖਾਂ ਬਾਰੇ ਸੰਖੇਪ ਪਰ ਭਰਵੀਂ ਜਾਣਕਾਰੀ ਦੇਣ ਵਾਲੀ ਪੁਸਤਕ 'ਸਿੱਖ ਕੌਣ ਹਨ' (ਪੰਜਾਬੀ, ਅੰਗ੍ਰੇਜ਼ੀ, ਫ਼ਰੈਂਚ, ਹਿੰਦੀ, ਉਰਦੂ) ਵੀ ਉਸੇ ਨੇ ਲਿਖੀ ਹੈ।

ਡਾ. ਦਿਲਗੀਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਐਮ.ਏ. ਨੂੰ ਪੜ੍ਹਾਉਂਦਾ ਰਿਹਾ ਹੈ। ਉਹ 'ਪੰਜਾਬ ਟਾਈਮਜ਼' (ਇੰਗਲੈਂਡ) ਦਾ ਐਡੀਟਰ ਵੀ ਰਿਹਾ ਹੈ। 1996-99 ਵਿਚ ਉਹ ਸਿੱਖ ਇਤਿਹਾਸ ਰੀਸਰਚ ਬੋਰਡ ਦੇ ਡਾਇਰੈਕਟਰ ਵਜੋਂ ਵੀ ਸੇਵਾ ਕਰਦਾ ਰਿਹਾ ਹੈ। ਉਸ ਨੇ ਅਮਰੀਕਾ, ਕੈਨੇਡਾ, ਇੰਗਲੈਂਡ, ਨਾਰਵੇ, ਡੈਨਮਾਰਕ, ਸਵੀਡਨ, ਜਰਮਨ, ਹਾਲੈਂਡ, ਬੈਲਜੀਅਮ, ਪਾਕਿਸਤਾਨ, ਥਾਈਲੈਂਡ, ਸਿੰਘਾਪੁਰ, ਹਾਂਗਕਾਂਗ, ਫ਼ਰਾਂਸ ਅਤੇ ਕਈ ਹੋਰ ਦੇਸ਼ਾਂ ਦੀ ਯਾਤਰਾ ਕਰਕੇ ਉਥੇ ਆਪਣੇ ਵਿਚਾਰ ਵੀ ਰੱਖੇ ਹਨ। ਉਸ ਦੀ ਕਲਮ ਨੇ ਸੈਂਕੜੇ ਲੇਖ ਵੀ ਲਿਖੇ ਹਨ।

ਇਹ 'ਗੁਰੂ ਦੇ ਸ਼ੇਰ' ਪੁਸਤਕ ਡਾ. ਦਿਲਗੀਰ ਦੀ ਵਡਮੁੱਲੀ ਦੇਣ ਹੈ। ਇਸ ਵਿਚ 200 ਤੋਂ ਵਧ ਸ਼ਹੀਦਾਂ ਦੀਆਂ ਜੀਵਨੀਆਂ ਅਤੇ ਕੁਰਸੀਨਾਮੇ ਹਨ। ਇਹ ਪੁਸਤਕ ਡਾ. ਦਿਲਗੀਰ ਦੀ ਪੰਥ ਦੇ ਮਹਾਨ ਸ਼ੇਰਾਂ, ਯੋਧਿਆਂ, ਸ਼ਹੀਦਾਂ, ਮੁਰੀਦਾਂ, ਹਠੀਆਂ, ਤਪੀਆਂ ਨੂੰ ਸ਼ਰਧਾਂਜਲੀ ਹੈ।

-ਪ੍ਰਕਾਸ਼ਕ

ISBN: 81-7601-437-0